ਖਾਲਸੇ ਦੀ ਉਤਪਤੀ

(ਜਿਲਦ ਪਹਿਲੀ)

ਲੇਖਕ
ਇੰਦੂਭੂਸ਼ਨ ਬੈਨਰਜੀ

ਅਨੁਵਾਦਕ
ਪ੍ਰੀਤਪਾਲ ਸਿੰਘ



ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

This book is a translation of English version *Evolution of the Khalsa*

KHALSE DI UTPATI *(Punjabi)*

by

INDU BHUSHAN BANNERJEE

ISBN 81-7380-591-1

2008
ਕਾਪੀਆਂ : 1100
ਮੁੱਲ : 200.00

ਲੇਜ਼ਰ ਟਾਈਪ ਸੈਟਿੰਗ
ਐਸ.ਐਮ. ਕੰਪਿਊਟਰ ਪ੍ਰਿੰਟਿੰਗ, 607-ਏ, ਗਲੀ ਨੰ: 6, ਗੁਰਬਖ਼ਸ਼ ਕਲੋਨੀ, ਪਟਿਆਲਾ

ਡਾ. ਐਸ. ਐਸ. ਖਹਿਰਾ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਅਤੇ ਅਲਟ੍ਰੈਕਸ ਪ੍ਰਿੰਟ ਇੰਡਸਟਰੀ, ਵਿਖੇ ਛਪੀ।

ਵਿਸ਼ੈ-ਸੂਚੀ

+8

ਦੋ ਸ਼ਬਦ

(ਪਹਿਲਾ ਸੰਸਕਰਣ)

ਪੰਜਾਬੀ ਯੂਨੀਵਰਸਿਟੀ ਵੱਲੋਂ ਪੰਜਾਬੀ ਦੀ ਰਾਜ-ਭਾਸ਼ਾ ਪੰਜਾਬੀ ਦੇ ਵਿਕਾਸ ਵਾਸਤੇ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ। ਜਿਥੇ ਯੂਨੀਵਰਸਿਟੀ ਨੇ ਵਿਗਿਆਨ ਅਤੇ ਤਕਨੀਕੀ ਵਿਸ਼ਿਆਂ ਉਪਰ ਮੌਲਿਕ ਪਾਠ-ਪੁਸਤਕਾਂ ਲਿਖਵਾਈਆਂ ਹਨ ਉਥੇ ਇਤਿਹਾਸ ਅਤੇ ਸਮਾਜ ਵਿਗਿਆਨ ਦੀਆਂ ਮੌਲਿਕ ਅਤੇ ਪ੍ਰਮਾਣਿਕ ਪੁਸਤਕਾਂ ਦਾ ਅਨੁਵਾਦ ਵੀ ਕਰਾਇਆ ਜਾ ਰਿਹਾ ਹੈ।

ਪ੍ਰੋ. ਇੰਦੂਭੂਸ਼ਨ ਬੈਨਰਜੀ ਦੀ ਪ੍ਰਸਿੱਧ ਪੁਸਤਕ "Evolution of the Khalsa" ਦਾ ਅਨੁਵਾਦ ਵੀ ਇਸੇ ਯੋਜਨਾ ਅਧੀਨ ਕਰਵਾਇਆ ਗਿਆ ਹੈ। ਆਸ ਹੈ ਕਿ ਇਹ ਪੁਸਤਕ ਆਪਣੇ ਮਨੋਰਥ ਵਿਚ ਸਫ਼ਲ ਹੋਵੇਗੀ ਅਤੇ ਪ੍ਰਮਾਣਿਕ ਪੁਸਤਕਾਂ ਦੀ ਘਾਟ ਨੂੰ ਪੂਰਾ ਕਰਨ ਵਿਚ ਆਪਣਾ ਯੋਗ ਹਿੱਸਾ ਪਾਵੇਗੀ। ਪ੍ਰੋ. ਬੈਨਰਜੀ ਪੰਦਰ੍ਹਾਂ ਵਰ੍ਹੇ ਪੋਸਟ-ਗ੍ਰੈਜੂਏਟ ਕਲਾਸਾਂ ਨੂੰ ਸਿੱਖ ਇਤਿਹਾਸ ਪੜ੍ਹਾਉਂਦੇ ਰਹੇ ਸਨ। ਇਹ ਪੁਸਤਕ ਉਨ੍ਹਾਂ ਦੀ ਦੀਰਘ ਅਤੇ ਕਰੜੀ ਮਿਹਨਤ ਤੇ ਖੋਜ ਦਾ ਫਲ ਹੈ। ਇਸ ਪੁਸਤਕ ਨੂੰ ਦੋ ਜਿਲਦਾਂ ਵਿਚ ਵੰਡਿਆ ਹੋਇਆ ਹੈ। ਹਥਲੀ ਜਿਲਦ ਪਹਿਲੀ ਵਿਚ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਲੈ ਕੇ 1604 ਈ. ਤਕ ਦੇ ਸਮੇਂ ਨੂੰ ਵਿਚਾਰਿਆ ਗਿਆ ਹੈ। ਇਹ ਸਮਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਿਤ ਹੋਣ ਅਤੇ ਸਿੱਖ ਧਰਮ ਦੇ ਮੁੱਢਲੇ ਵਿਕਾਸ ਦਾ ਸਮਾਂ ਸੀ। ਪ੍ਰੋ. ਬੈਨਰਜੀ ਨੇ ਸਾਰੀ ਪ੍ਰਾਪਤ ਹੋ ਸਕਣ ਵਾਲੀ ਸਮੱਗਰੀ ਦੀ ਛਾਣ-ਬੀਣ ਕਰ ਕੇ ਪ੍ਰਮਾਣਿਕ ਤੱਥਾਂ ਅਤੇ ਸਿੱਖ ਧਰਮ ਦੇ ਸਿੱਧਾਂਤਾਂ ਨੂੰ ਬੜੇ ਸਰਲ ਰੂਪ ਵਿਚ ਪੇਸ਼ ਕੀਤਾ ਹੈ। ਇਤਿਹਾਸ ਨੂੰ ਮਿਥਿਹਾਸ ਨਾਲੋਂ ਨਿਖੇੜ ਕੇ ਸਿੱਖ ਇਤਿਹਾਸ ਦੀ ਰੂਪ-ਰੇਖਾ ਨਵੇਂ ਸਿਰਿਉਂ ਉਘੇੜਣ ਦਾ ਯਤਨ ਕੀਤਾ ਹੈ।

ਇਸ ਪੁਸਤਕ ਨੇ ਕਈ ਇਤਿਹਾਸਕ ਭੁਲੇਖੇ, ਜਿਵੇਂ ਕਿ ਕਈ ਪ੍ਰਸਿੱਧ ਇਤਿਹਾਸਕਾਰਾਂ ਨੇ ਪੰਜਵੇਂ ਤੇ ਨੌਵੇਂ ਗੁਰੂ ਸਾਹਿਬਾਂ ਦੀਆਂ ਅਦੁੱਤੀ ਸ਼ਹੀਦੀਆਂ ਬਾਰੇ ਪਾਏ ਸਨ, ਹੱਲ ਕਰ ਦਿੱਤੇ ਹਨ। ਇਹ ਪੁਸਤਕ *ਖਾਲਸੇ ਦੀ ਉਤਪਤੀ* ਅਤੇ ਇਸ ਦੇ ਲਕਸ਼ ਨੂੰ ਸਮਝਣ ਲਈ ਖ਼ਾਸ ਸਹਾਇਤਾ ਦੇਂਦੀ ਹੈ। ਜਿਥੇ ਇਹ ਪੁਸਤਕ ਵਿਦਿਆਰਥੀਆਂ ਲਈ ਲਾਭਦਾਇਕ ਹੋਵੇਗੀ ਉਥੇ ਆਮ ਪਾਠਕ ਨੂੰ ਵੀ ਜਾਣਕਾਰੀ ਦੇਵੇਗੀ।

ਪੰਜਾਬੀ ਯੂਨੀਵਰਸਿਟੀ,
ਪਟਿਆਲਾ

ਇੰਦਰਜੀਤ ਕੌਰ
ਵਾਈਸ-ਚਾਂਸਲਰ

ਪਹਿਲੇ ਅੰਗ੍ਰੇਜ਼ੀ ਸੰਸਕਰਣ ਦੀ ਭੂਮਿਕਾ

ਜਿਵੇਂ ਕਿ ਪੁਸਤਕ ਦੇ ਨਾਂ ਤੋਂ ਪਤਾ ਲਗਦਾ ਹੈ, ਇਸ ਵਿਚ ਮੈਂ ਗੁਰੂ ਗੋਬਿੰਦ ਸਿੰਘ ਦੇ ਸੁਧਾਰ ਕਰਨ ਅਤੇ ਖਾਲਸੇ ਨੂੰ ਹੋਂਦ ਵਿਚ ਲਿਆਉਣ ਤਕ ਦੇ ਸਿੱਖ ਮਤ ਦੇ ਵਿਕਾਸ ਨੂੰ ਉਲੀਕਿਆ ਹੈ। ਸੌਖ ਲਈ ਮੈਂ ਪੁਸਤਕ ਨੂੰ ਦੋ ਸੈਂਚੀਆਂ ਵਿਚ ਵੰਡ ਲਿਆ ਹੈ, ਹੱਥਲੀ ਸੈਂਚੀ 1604 ਈ. ਦੇ ਸਮੇਂ ਤਕ ਹੈ ਜਦੋਂ ਗ੍ਰੰਥ ਸਾਹਿਬ ਦਾ ਸੰਕਲਨ ਹੋਇਆ ਅਤੇ ਸਿੱਖ ਮਤ ਦਾ ਸ਼ਾਂਤਮਈ ਵਿਕਾਸ ਅਮਲੀ ਤੌਰ ਤੇ ਸਮਾਪਤ ਹੋ ਗਿਆ। ਮੈਂ ਪੰਦਰ੍ਹਾਂ ਵਰ੍ਹੇ ਤੋਂ ਵੱਧ ਪੋਸਟ-ਗ੍ਰੈਜੂਏਟ ਜਮਾਤਾਂ ਨੂੰ ਸਿੱਖ ਇਤਿਹਾਸ ਪੜ੍ਹਾਉਂਦਾ ਰਿਹਾ ਹਾਂ ਅਤੇ ਇਹ ਪੁਸਤਕ ਮੇਰੇ ਸਾਹਮਣੇ ਲਗਾਤਾਰ ਆਈਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਯਤਨਾਂ ਦਾ ਸਿੱਟਾ ਹੈ। ਮੈਂ ਕਿਥੋਂ ਕੁ ਤਕ ਸਫ਼ਲ ਹੋਇਆ ਹਾਂ, ਇਸ ਬਾਰੇ ਮੇਰਾ ਕੁਝ ਕਹਿਣਾ ਨਹੀਂ ਬਣਦਾ, ਪਰ ਮੈਂ ਆਪਣੀ ਮਿਹਨਤ ਦਾ ਚੋਖਾ ਫਲ ਮਿਲ ਗਿਆ ਸਮਝਾਂਗਾ ਜੇ ਮੇਰੀ ਪੁਸਤਕ, ਕੁਝ ਹੱਦ ਤਕ, ਹੋਰ ਵਾਦ-ਵਿਵਾਦ ਅਤੇ ਸਪੱਸ਼ਟੀਕਰਨ ਲਈ ਰਾਹ ਬਣਾ ਸਕੇ।

ਮਾਤਰਿਕ ਚਿੰਨ੍ਹ ਲਾਉਣ ਦੀ ਪੰਡਿਤਦਰਸ਼ੀ ਜ਼ਿਦ ਵਿਚ ਮੈਂ ਕਦੇ ਵਿਸ਼ਵਾਸ ਨਹੀਂ ਕੀਤਾ ਅਤੇ ਜਿਥੇ ਮੈਂ ਸੌਖ ਨਾਲ ਇਨ੍ਹਾਂ ਨੂੰ ਛੱਡ ਸਕਦਾ ਸੀ, ਛੱਡ ਦਿੱਤਾ ਹੈ। ਲਿਪੀ-ਅੰਤਰਣ ਵਿਚ, ਮੈਂ ਗੁਰਮੁਖੀ ਸ਼ਬਦ-ਜੋੜ ਅਤੇ ਉਚਾਰਣ ਵਰਤੇ ਹਨ। ਇਸੇ ਕਰਕੇ ਪਾਠ ਵਿਚ ਵੇਦਾਂ (Veda) ਦੀ ਥਾਂ ਵੇਦ (Ved) ਅਤੇ ਯੋਗੀ ਦੀ ਥਾਂ ਜੋਗੀ ਆਦਿ ਆਇਆ ਹੈ।

ਮੈਂ ਕਈਆਂ ਦਾ ਧੰਨਵਾਦੀ ਹਾਂ ਅਤੇ ਉਨ੍ਹਾਂ ਵਿਚੋਂ ਕੁਝ ਦਾ ਜ਼ਿਕਰ ਫੁੱਟ-ਨੋਟਾਂ ਵਿਚ ਕੀਤਾ ਗਿਆ ਹੈ। ਪਰ ਜੇ ਮੈਂ ਆਪਣੇ ਗੁਰਮੁਖੀ ਦੇ ਅਧਿਆਪਕ ਭਾਈ ਅਜਮੇਰ ਸਿੰਘ ਤੋਂ ਮਿਲੀ ਸਹਾਇਤਾ ਲਈ ਉਨ੍ਹਾਂ ਦਾ ਧੰਨਵਾਦ ਨਾ ਕਰਾਂ ਤਾਂ ਮੈਂ ਫਰਜ਼ ਤੋਂ ਕੁਤਾਹੀ ਕਰ ਰਿਹਾ ਹੋਵਾਂਗਾ। ਨਾਲ ਹੀ ਮੈਂ ਇਹ ਵੀ ਬਿਲਕੁਲ ਸਪੱਸ਼ਟ ਕਰ ਦੇਣਾ ਚਾਹਾਂਗਾ ਕਿ ਇਸ ਪੁਸਤਕ ਵਿਚ ਦਰਸਾਏ ਵਿਚਾਰਾਂ ਲਈ ਭਾਈ ਸਾਹਿਬ ਕਿਸੇ ਤਰ੍ਹਾਂ ਵੀ ਜ਼ਿੰਮੇਵਾਰ ਨਹੀਂ ਹਨ। ਮੈਂ ਆਪਣੇ ਮਿੱਤਰ ਅਤੇ ਸਾਥੀ ਸ੍ਰੀ ਸ਼ੈਲੇਂਦਨਾਥ ਮਿੱਤਰ ਦਾ ਦਿਲੋਂ ਆਭਾਰੀ ਹਾਂ ਜਿਨ੍ਹਾਂ ਨੇ ਪਰੂਫ ਪੜ੍ਹਨ ਦੀ ਕਿਰਪਾ ਕੀਤੀ ਹੈ ਭਾਵੇਂ, ਇਹ ਕਹਿਣ ਦੀ ਲੋੜ ਨਹੀਂ, ਕਿਸੇ ਕਿਸਮ ਦੀਆਂ ਗ਼ਲਤੀਆਂ ਦੀ ਸਾਰੀ ਜ਼ਿੰਮੇਵਾਰੀ ਮੇਰੀ ਆਪਣੀ ਹੈ। ਅਨੁਕ੍ਰਮਣਿਕਾ ਲਈ ਮੈਂ ਆਪਣੇ ਸ਼ਾਗਿਰਦ ਅਤੇ ਮਿੱਤਰ, ਸ੍ਰੀ ਅਨਾਦੀਚਰਨ ਬੈਨਰਜੀ ਦਾ ਰਿਣੀ ਹਾਂ। ਮੈਂ ਕਲਕੱਤਾ, ਯੂਨੀਵਰਸਿਟੀ ਪ੍ਰੈਸ ਦੇ ਸੁਪਰਡੈਂਟ ਸ੍ਰੀ. ਏ. ਸੀ. ਘਟਕ ਤੇ ਉਨ੍ਹਾਂ ਦੇ ਸਟਾਫ਼ ਦਾ ਵੀ ਹਰ ਸਮੇਂ ਮਿਲੀ ਸਹਾਇਤਾ ਲਈ ਧੰਨਵਾਦੀ ਹਾਂ।

ਸਰ ਅਸੁਤੋਜ ਮੁਕਰਜੀ, ਜਿਨ੍ਹਾਂ ਦੇ ਕਹਿਣ ਤੇ ਮੈਂ ਸਿੱਖ ਇਤਿਹਾਸ ਦੀ ਖੋਜ ਸ਼ੁਰੂ

ਕੀਤੀ, ਦੀ ਸਤਿਕਾਰ ਭਰੀ ਯਾਦ ਨੂੰ ਇਹ ਪੁਸਤਕ ਸਮਰਪਿਤ ਕਰਦਿਆਂ ਮੈਨੂੰ ਬੇਅੰਤ ਖੁਸ਼ੀ ਹੋ ਰਹੀ ਹੈ। ਉਨ੍ਹਾਂ ਪ੍ਰਤਿ ਮੇਰਾ ਰਿਣ ਸ਼ਬਦਾਂ ਦੁਆਰਾ ਨਹੀਂ ਪ੍ਰਗਟਾਇਆ ਜਾ ਸਕਦਾ।

ਸੈਨੇਟ ਹਾਊਸ
ਕਲਕੱਤਾ

ਇੰਦੂਭੂਸ਼ਨ ਬੈਨਰਜੀ

ਲੇਖਕ ਬਾਰੇ

ਸੁਰਗਵਾਸੀ ਪ੍ਰੋ. ਇੰਦੂਭੂਸ਼ਨ ਬੈਨਰਜੀ ਢਾਕਾ ਜ਼ਿਲ੍ਹੇ ਦੇ ਵਿਕਰਮਪੁਰ ਪਰਗਨਾ (ਹੁਣ ਪੂਰਬੀ ਪਾਕਿਸਤਾਨ ਵਿਚ) ਦੇ ਇਕ ਉੱਚੇ ਅਤੇ ਪੜ੍ਹੇ ਲਿਖੇ ਪੰਡਿਤ ਘਰਾਣੇ ਵਿਚੋਂ ਸਨ। ਉਨ੍ਹਾਂ ਦਾ ਜਨਮ ਦਸੰਬਰ 1893 ਈ. ਵਿਚ ਮੈਕਲੀਗੰਜ ਵਿਖੇ ਹੋਇਆ ਜਿਹੜਾ ਕਿ ਉਦੋਂ ਕਛ ਬਿਹਾਰ ਦੀ ਰਿਆਸਤ ਵਿਚ ਸੀ ਅਤੇ ਹੁਣ ਪੱਛਮੀ ਬੰਗਾਲ ਦਾ ਜ਼ਿਲ੍ਹਾ ਹੈ। ਉਥੇ ਉਨ੍ਹਾਂ ਦੇ ਸੁਰਗਵਾਸੀ ਪਿਤਾ ਭਗਬਤੀ ਚਰਨ ਬੈਨਰਜੀ ਸਕੂਲਾਂ ਦੇ ਡਿਪਟੀ-ਇੰਸਪੈਕਟਰ ਸਨ। ਉਨ੍ਹਾਂ ਨੇ ਢਾਕੇ ਦੇ ਕਿਸ਼ੋਰੀ ਲਾਲ ਜੁਬਲੀ ਹਾਈ ਸਕੂਲ ਵਿਚੋਂ ਕਲਕੱਤਾ ਯੂਨੀਵਰਸਿਟੀ ਦੀ ਦਸਵੀਂ ਦੀ ਪਰੀਖਿਆ 1910 ਈ. ਵਿਚ ਪਾਸ ਕੀਤੀ। ਇਸ ਪਿੱਛੋਂ ਛੇ ਸਾਲ ਉਹ ਢਾਕਾ ਕਾਲਿਜ ਵਿਚ ਪੜ੍ਹਦੇ ਰਹੇ। ਇਹ ਕਾਲਿਜ ਉਸ ਸਮੇਂ ਪੂਰਬੀ ਬੰਗਾਲ ਵਿਚ ਇਕ ਉੱਚ ਕੋਟੀ ਦੀ ਵਿਦਿਅਕ ਸੰਸਥਾ ਸੀ, ਅਤੇ ਕਲਕੱਤਾ ਯੂਨੀਵਰਸਿਟੀ ਨਾਲ ਸਬੰਧਿਤ ਸੀ। 1914 ਈ. ਵਿਚ ਉਨ੍ਹਾਂ ਇਤਿਹਾਸ ਦੀ ਆਨਰਜ਼ ਨਾਲ ਦੂਸਰੇ ਦਰਜੇ ਵਿਚ ਬੀ. ਏ. ਪਾਸ ਕੀਤੀ ਅਤੇ 1916 ਈ. ਵਿਚ ਇਤਿਹਾਸ ਵਿਚ ਐਮ. ਏ ਪ੍ਰਥਮ ਦਰਜੇ ਵਿਚ ਪਾਸ ਕੀਤੀ। 1921 ਈ. ਵਿਚ ਉਨ੍ਹਾਂ ਆਪਣੀ ਸਿੱਖ ਇਤਿਹਾਸ ਦੀ ਖੋਜ ਦੇ ਆਧਾਰ ਤੇ ਪ੍ਰੇਮ ਚੰਦ ਰਾਏ ਚੰਦ ਵਜ਼ੀਫਾ ਪ੍ਰਾਪਤ ਕੀਤਾ ਜੋ ਕਿ ਕਲਕੱਤਾ ਯੂਨੀਵਰਸਿਟੀ ਵੱਲੋਂ ਪ੍ਰਦਾਨ ਕੀਤੇ ਜਾਂਦੇ ਮਰਾਤਬਿਆਂ ਵਿਚੋਂ ਇਕ ਸੀ। ਉਨ੍ਹਾਂ ਨੂੰ ਕਲਕੱਤਾ ਯੂਨੀਵਰਸਿਟੀ ਨੇ 1939 ਈ. ਵਿਚ ਪੀ-ਐਚ. ਡੀ. ਦੀ ਡਿਗਰੀ ਪ੍ਰਦਾਨ ਕੀਤੀ।

ਉਹ ਕਲਕੱਤਾ ਯੂਨੀਵਰਸਿਟੀ ਦੇ ਨਵ-ਸਥਾਪਿਤ ਪੋਸਟ-ਗ੍ਰੈਜੂਏਟ ਇਤਿਹਾਸ ਵਿਭਾਗ ਵਿਚ ਇਕ ਲੈਕਚਰਰ ਨਿਯੁਕਤ ਹੋਏ ਅਤੇ ਫਿਰ ਰੀਡਰ ਅਤੇ ਵਿਭਾਗ ਦੇ ਅਧਿਅਕਸ਼ ਦੀ ਉਪਾਧੀ ਤਕ ਪਹੁੰਚੇ। 1948 ਈ. ਵਿਚ ਉਹ ਮੱਧਕਾਲ ਅਤੇ ਵਰਤਮਾਨ ਭਾਰਤੀ ਇਤਿਹਾਸ ਦੇ ਅਸੁਤੋਸ਼ ਪ੍ਰੋਫ਼ੈਸਰ ਨਿਯੁਕਤ ਕੀਤੇ ਗਏ। ਇਸ ਉੱਚ ਪਦ ਤੋਂ ਉਹ 1955 ਈ. ਵਿਚ ਰਿਟਾਇਰ ਹੋਏ। ਪੋਸਟ-ਗ੍ਰੈਜੂਏਟ ਕਲਾਸਾਂ ਵਿਚ ਉਨ੍ਹਾਂ ਦੇ ਪੜ੍ਹਾਈ ਦੇ ਵਿਸ਼ੇ ਸਿੱਖ ਇਤਿਹਾਸ ਜਿਸ ਦੇ ਉਹ ਵਿਸ਼ੇਸ਼ਗ ਸਨ, ਤੋਂ ਛੁੱਟ ਵਰਤਮਾਨ ਬੰਗਾਲ ਅਤੇ ਪ੍ਰਾਚੀਨ ਮਿਸਰੀ ਇਤਿਹਾਸ ਵੀ ਸ਼ਾਮਿਲ ਸਨ। ਉਹ ਅਤਿ ਧਾਰਮਕ ਸੁਭਾਅ ਵਾਲੇ ਸਨ ਅਤੇ ਜੀਵਨ ਪ੍ਰਤਿ ਉਹ ਦਾਰਸ਼ਨਿਕ ਦ੍ਰਿਸ਼ਟੀਕੋਣ ਦੇ ਮਾਲਕ ਸਨ। ਇਹ ਗੱਲ ਉਨ੍ਹਾਂ ਦੀ ਧਾਰਮਕ ਇਤਿਹਾਸ ਪ੍ਰਤਿ ਰੁਚੀ ਅਤੇ ਬੋਧ ਨੂੰ ਦਰਸਾਉਂਦੀ ਹੈ। ਸਿੱਖਾਂ ਦੇ ਧਾਰਮਕ ਇਤਿਹਾਸ ਦੀ ਪ੍ਰਤਿਪਾਦਨਾ ਉਨ੍ਹਾਂ ਦੀਆਂ ਕਿਰਤਾਂ ਵਿਚ ਸਥਾਈ ਰੂਪ ਗ੍ਰਹਿਣ ਕਰ ਗਈ ਹੈ ਅਤੇ ਪ੍ਰਾਚੀਨ ਮਿਸਰ ਦੇ ਧਰਮ ਸਬੰਧੀ ਕੀਤੀ ਵਿਆਖਿਆ ਨੂੰ ਉਨ੍ਹਾਂ ਦੇ ਸ਼ਿਸ਼ ਕਦੇ ਵੀ ਨਹੀਂ ਭੁੱਲਣਗੇ।

ਪ੍ਰੋ. ਬੈਨਰਜੀ ਨੇ ਜੋ ਕੁਝ ਲਿਖਿਆ ਹੈ ਕਿ ਉਸ ਨਾਲੋਂ ਉਨ੍ਹਾਂ ਦਾ ਚਿੰਤਨ ਕਿਤੇ ਵਧੇਰੇ ਸੀ। ਉਹ ਛਾਤ੍-ਸੰਸਾਰ ਨੂੰ ਕਾਹਲੀ ਕਾਹਲੀ ਇਕੱਠੇ ਕੀਤੇ ਤੱਥ ਅਤੇ ਅਣ-ਸੁਲਝੇ ਸਿੱਟੇ ਪੇਸ਼ ਕਰਨ ਦੇ ਹੱਕ ਵਿਚ ਨਹੀਂ ਸਨ। ਉਨ੍ਹਾਂ ਦੀਆਂ ਮੁੱਖ ਕਿਰਤਾਂ *ਖ਼ਾਲਸੇ ਦੀ ਉੱਤਪਤੀ* (ਦੋ ਸੈਂਚੀਆਂ) ਅਤੇ ਬੰਗਾਲ ਵਿਚ ਅੰਗ੍ਰੇਜ਼ੀ ਰਾਜ ਦੇ ਪ੍ਰਾਰੰਭਿਕ ਕਾਲ ਬਾਰੇ *The Supreme Court in Conflict* ਨਾਂ ਦਾ ਨਿਬੰਧ ਹਨ। ਉਹ *Bengal Past & Present* ਅਤੇ *Calcutta Review* ਵਿਚ ਵੀ ਕੁਝ ਰੌਚਕ ਲੇਖ ਛਪਵਾਂਦੇ ਰਹੇ। ਅਨਾਮਲੈਈ ਨਗਰ ਵਿਚ ਭਾਰਤੀ ਇਤਿਹਾਸ ਕਾਂਗਰਸ ਦੀ ਬੈਠਕ (session) ਸਮੇਂ ਆਧੁਨਿਕ ਅਨੁਭਾਗ (modern section) ਦੀ ਪ੍ਰਧਾਨਗੀ ਕਰਦਿਆਂ ਦਿੱਤਾ ਉਨ੍ਹਾਂ ਦਾ ਭਾਸ਼ਨ ਕਾਰਵਾਈ ਸੈਂਚੀ ਵਿਚ ਪ੍ਰਕਾਸ਼ਿਤ ਕੀਤਾ ਗਿਆ ਸੀ। ਜੇਕਰ ਉਹ ਯੂਨੀਵਰਸਿਟੀ ਤੋਂ ਰਿਟਾਇਰ ਹੋਣ ਤੋਂ ਬਾਅਦ ਕੁਝ ਸਾਲਾਂ ਲਈ ਹੋਰ ਜੀਉਂਦੇ ਰਹਿੰਦੇ ਤਾਂ ਜ਼ਰੂਰ ਹੀ ਉਹ ਕੋਈ ਹੋਰ ਸਦੀਵੀ ਮਹੱਤਾ ਵਾਲੀ ਦੇਣ ਦੇ ਜਾਂਦੇ ਪਰ ਉਨ੍ਹਾਂ ਦਾ ਅੰਤ, ਅਚਾਨਕ ਹੀ, ਨਵੰਬਰ 13, 1956 ਈ. ਨੂੰ ਆ ਪਹੁੰਚਾ।

ਵਿਅਕਤੀ ਦੇ ਰੂਪ ਵਿਚ ਪ੍ਰੋ. ਬੈਨਰਜੀ ਆਪਣੇ ਮਿੱਤਰਾਂ ਅਤੇ ਵਿਦਿਆਰਥੀਆਂ ਦੇ ਮਨਾਂ ਵਿਚ ਨਿੱਘੀ ਸੁਹਿਰਦਤਾ, ਡੂੰਘੀ ਪਰ ਦਿਖਾਵੇ ਰਹਿਤ ਹਮਦਰਦੀ, ਤੀਬਰ ਪਰ ਮੂਕਨੈਤਿਕ ਪ੍ਰਭਾਵ ਦੀ ਯਾਦ ਉਕਰ ਗਏ ਹਨ। ਉਹ ਲੋਪ ਹੋ ਚੁੱਕੀ ਸਿਦਕੀ ਵਿਦਵਾਨਾਂ ਦੀ ਉਹ ਪੀਹੜੀ ਵਿਚੋਂ ਸਨ, ਜਿਨ੍ਹਾਂ ਨੇ ਵਰਤਮਾਨ ਭਾਰਤ ਦੇ ਮਹਾਨ ਵਿਦਿਆ-ਵਿਗਿਆਨੀ ਅਸੁਤੋਸ਼ ਮੁਕਰਜੀ ਦੇ ਸੱਦੇ ਤੇ, ਵਿਦਿਆ ਦੀ ਉੱਨਤੀ ਅਤੇ ਪਸਾਰ ਆਪਣਾ ਜੀਵਨ ਲਕਸ਼ ਬਣਾ ਲਿਆ ਹੋਇਆ ਸੀ।

ਅਨਿਲ ਚੰਦਰ ਬੈਨਰਜੀ

ਭੂਮਿਕਾ

ਸਿੱਖ ਧਰਮ ਦਾ ਇਤਿਹਾਸ ਅਨੇਕ ਰੌਚਕ ਤੇ ਅਦੁਤੀ ਘਟਨਾਵਾਂ ਪੇਸ਼ ਕਰਦਾ ਹੈ। ਮੂਲ ਵਿਚ ਸਿੱਖ ਮਤ ਭਾਰਤ ਵਿਚ ਪੰਦਰ੍ਹਵੀਂ ਸੋਲ੍ਹਵੀਂ ਸਦੀ ਵਿਚ ਪੈਦਾ ਹੋਏ-ਲੋਕਪ੍ਰਿਯ ਧਰਮਾਂ ਦੇ ਵੱਡੇ ਪਰਿਵਾਰ ਵਿਚੋਂ ਹੀ ਸੀ। ਇਨ੍ਹਾਂ ਸਾਰੇ ਮਤਾਂ ਦੇ ਪਿਆਰ, ਸੱਚ ਅਤੇ ਸ਼ਾਂਤੀ ਦੇ ਸਾਂਝੇ ਸੰਦੇਸ਼ ਨੂੰ ਪ੍ਰਚਾਰਿਆ ਅਤੇ 'ਸਰਬ ਰੋਗ ਕਾ ਅਉਖਦੁ ਨਾਮ' ਦੀ ਮਹਾਨਤਾ ਨੂੰ ਉਸੇ ਬਲ ਅਤੇ ਨਿਸਚੇ ਨਾਲ ਦ੍ਰਿੜ੍ਹਾਇਆ। ਰਾਮਾਨੰਦ, ਕਬੀਰ, ਚੈਤੰਨਯ ਅਤੇ ਨਾਨਕ ਸਾਰੇ ਹੀ ਮੂਲ ਸਿੱਧਾਂਤਾਂ ਉੱਤੇ ਸਹਿਮਤ ਸਨ ਭਾਵੇਂ ਇਹ ਸੰਦੇਹ ਨਹੀਂ ਕਿ ਇਨ੍ਹਾਂ ਦੇ ਅੰਗਾਂ ਸਬੰਧੀ ਉਨ੍ਹਾਂ ਵਿਚ ਮਤ੍ਰਭੇਦ ਸੀ। ਪਰ ਜਿੱਥੇ ਹੋਰ ਮੱਤ, ਲੱਗਭੱਗ ਪਰੰਪਰਾਗਤ ਲੀਹਾਂ ਤੇ ਵਿਕਸਿਤ ਹੋਏ ਅਤੇ ਥੋੜ੍ਹੇ ਕੁ ਸਮੇਂ ਦੀਆਂ ਸਫ਼ਲ ਕ੍ਰਿਆਵਾਂ ਮਗਰੋਂ, ਸੀਮਤ, ਮਰਯਾਦਾਬੱਧ ਜਾਂ ਵੱਧ ਤੋਂ ਵੱਧ ਰਹੱਸਵਾਦੀ ਸੰਪ੍ਰਦਾਵਾਂ ਦੇ ਰੂਪ ਵਿਚ ਮੱਧਮ ਪੈ ਗਏ, ਉਥੇ ਸਿੱਖ ਮਤ ਨੇ ਸਹਸਾ ਹੀ ਪਲਟਾ ਖਾਧਾ ਅਤੇ ਫਲਸਰੂਪ ਸੰਤ-ਕੌਮ ਨੂੰ ਜਨਮ ਦਿੱਤਾ। ਸਾਧਾਰਨ ਇਕੇਸ਼੍ਵਰੀ-ਮਤ ਜਿਸ ਦਾ ਗੁਰੂ ਨਾਨਕ ਦੇ ਸ਼ਬਦਾਂ ਵਿਚ ਪਹਿਲਾਂ ਉਚਾਰਨ ਹੋਇਆ ਅਤੇ ਜਿਸ ਦੀ ਉਤਪਤੀ ਸਮਾਜਕ ਕਲਿਆਣ ਅਤੇ ਧਾਰਮਕ ਸੁਧਾਰ ਦੇ ਦਿਖਾਵੇ-ਰਹਿਤ ਯਤਨਾਂ ਵਿਚੋਂ ਹੋਈ ਸੀ, ਸਮਾਂ ਬੀਤਣ ਨਾਲ ਆਪਣੇ ਆਸ਼ਿਆਂ ਵਿਚ ਰਾਜਨੀਤਕ ਅਤੇ ਸਾਧਨਾਂ ਵਿਚ ਸੈਨਿਕ ਹੋ ਨਿਬੜਿਆ। ਇਸ ਨੇ ਕ੍ਰਮਵਾਰ ਸੈਨਿਕ-ਧਰਮਤੰਤਰ, ਰਾਜਸੰਘ ਅਤੇ ਰਾਜਤੰਤਰ ਨੂੰ ਜਨਮ ਦਿੱਤਾ ਅਤੇ ਇਸ ਦੇ ਅਨੁਯਾਈ ਅੱਜ ਵੀ, ਭਾਰਤ ਦੀਆਂ ਅਲਪ ਸੰਖਿਅਕ ਜਾਤੀਆਂ ਵਿਚੋਂ ਸਭ ਤੋਂ ਵੱਧ ਅਨੁਸ਼ਾਸਨ ਦੇ ਧਾਰਨੀ ਹਨ। ਹੋਰ ਜਿਵੇਂ ਕਿ ਕਾਰਪੈਂਟਰ ਸੰਕੇਤ ਕਰਦਾ ਹੈ, "ਸ਼ੁਧ ਆਚਾਰਮਈ ਅਹਿੰਸਾਵਾਦ ਜੋ ਭੇਖੀ ਰਹੁ ਰੀਤਾਂ ਦੀ ਗੁਣਸੰਪੰਨਤਾ ਨੂੰ ਅਸਵੀਕਾਰ ਕਰਦਾ ਹੈ ਅਤੇ ਜੋ ਆਪਣੇ ਉਪਾਸ਼ਕਾਂ ਦਾ ਜੀਵਨ ਪਰਮਾਤਮਾ ਨਾਲ ਨਿਰੰਤਰ ਲੀਨ ਸਮਝਦਾ ਹੈ, ਤੋਂ ਸ਼ੁਰੂ ਹੋ ਕੇ ਇਸ ਨੇ ਪੂਜ-ਅਸਥਾਨ ਅਤੇ ਪੂਜਾ-ਪਾਠ ਦੇ ਢੰਗ ਬਣਾ ਲਏ ਅਤੇ ਧਾਰਮਕ ਮਰਯਾਦਾ ਦੀ ਪਾਲਨਾ ਦੀ ਰਹੁ ਰੀਤ ਨਿਯਤ ਕਰ ਲਈ। ਹਰ ਪ੍ਰਕਾਰ ਦੀ ਹਿੰਸਾ ਨੂੰ ਤਜਦੇ ਹੋਏ ਅਤੇ ਭੁੱਲਾਂ ਦੀ ਪੂਰਨ ਬਖਸ਼ਸ਼ ਦੀ ਮਿਹਰ ਨੂੰ ਮਾਣਦੇ ਹੋਏ, ਇਸ ਨੇ ਆਪਣੀ ਸੁਰੱਖਿਆ ਸੈਨਿਕ ਸੰਗਠਨ ਨਾਲ ਕੀਤੀ, ਸਿੱਖਾਂ ਨੂੰ ਸੈਨਿਕ ਅਤੇ ਅਨੁਯਾਈਆਂ ਨੂੰ ਸੰਤ-ਸਿਪਾਹੀ ਬਣਾਇਆ। ਇਸ ਨੇ ਧਰਮ ਨੂੰ ਵਿਸ਼ਾਲ ਅਰਥਾਂ ਵਿਚ ਲਿਆ, ਜਾਤ ਪਾਤ ਅਤੇ ਨਸਲੀ ਬੰਧਨਾਂ ਨੂੰ ਤੋੜ ਦਿੱਤਾ ਅਤੇ ਫਿਰ 'ਅੰਮ੍ਰਿਤ' ਦੀ ਰਸਮ ਨਾਲ ਹਰੇਕ ਨੂੰ ਕਿਰਪਾਨ ਧਾਰੀ ਹੋਣਾ ਨਿਸ਼ਚਿਤ ਕਰ ਦਿੱਤਾ। ਅਜੇਹਾ ਕਰਨ ਨਾਲ ਇਸ ਅਰਧ-ਰਾਜਨੀਤਕ ਧਾਰਮਕ ਭਾਈਚਾਰੇ ਦੁਆਲੇ ਅਤਿ ਪੱਕੀ ਕਾਰ ਖਿੱਚੀ ਗਈ।"[1]

---

1. Estlin Carpenter. *Theism in Mediaeval India*. p. 488.

ਸੋ, ਸਾਧਾਰਨ ਰੂਪ ਵਿਚ ਅਸੀਂ ਸਿੱਖ ਮਤ ਦੇ ਵਿਕਾਸ ਦੀ ਦੂਹਰੀ ਉੱਨਤੀ ਦਾ ਪਤਾ ਲਗਾ ਸਕਦੇ ਹਾਂ। ਇਕ ਪਾਸੇ ਤਾਂ ਸਿੱਖ ਮਤ ਲਈ ਆਪਣਾ ਮੂਲ-ਆਦਰਸ਼ਾਂ ਦੀ ਉਦਾਰਤਾ ਅਤੇ ਪ੍ਰਾਰੰਭਿਕ ਰੂਪ ਦੀ ਸਰਲਤਾ ਨੂੰ ਕਾਇਮ ਰੱਖਣਾ ਅਤਿ ਕਠਿਨ ਪ੍ਰਤੀਤ ਹੋਇਆ, ਦੂਜੇ ਪਾਸੇ ਇਸ ਮਤ ਦਾ ਸਮੁੱਚਾ ਸੁਭਾਵ ਹੀ ਬਦਲ ਗਿਆ ਅਰਥਾਤ ਇਕ ਸ਼ਾਂਤਮਈ ਸੰਪਰਦਾਇ ਤੋਂ ਸਹਿਜੇ ਸਹਿਜੇ ਸੈਨਿਕ ਵਿਵਸਥਾ ਵਿਚ ਪਰਿਵਰਤਿਤ ਹੋ ਗਿਆ ਅਤੇ ਇਸ ਦੇ ਲੋਕ-ਪ੍ਰਿਯ ਸੁਭਾਵ ਨੂੰ ਇਕੋ ਸਮੇਂ ਕਾਇਮ ਰੱਖ ਸਕਣਾ ਲਗਭਗ ਅਸੰਭਵ ਹੈ। ਇਸ ਲਈ ਇਹ ਵੇਖਣਾ ਕਠਿਨ ਨਹੀਂ ਕਿ ਜਿਉਂ ਹੀ ਸਿੱਖ ਮਤ ਪ੍ਰਗਤੀ ਦੇ ਰਾਹ ਤੇ ਪਿਆ ਤਾਂ ਇਹ ਵਾਤਾਵਰਣ ਦੇ ਪ੍ਰਭਾਵ ਤੋਂ ਬਚ ਨਾ ਸਕਿਆ। ਫਲਸਰੂਪ ਇਸ ਨੇ ਵਧੇਰੇ ਸੀਮਿਤ ਅਤੇ ਸੰਪਰਦਾਇਕ ਸੁਭਾਵ ਵਾਲੇ ਆਦਰਸ਼ਾਂ ਅਤੇ ਉਨ੍ਹਾਂ ਦੀ ਅਨੁਰੂਪ ਮਰਯਾਦਾ ਨੂੰ ਜਨਮ ਦਿੱਤਾ। ਜਿਵੇਂ ਵੇਮੈਨ ਬਰੀ ਕਹਿੰਦਾ ਹੈ, "ਸਮੂਹਕ ਆਤਮਕ ਪ੍ਰਗਤੀ ਲਈ ਕੋਈ ਸਹਿਲ ਜਾਂ ਸਿੱਧਾ ਰਾਹ ਨਹੀਂ ਹੈ ...... ਕਿਸੇ ਜਾਤੀ, ਸ਼੍ਰੇਣੀ ਜਾਂ ਸੰਗਤ ਦਾ ਸੁਧਾਰ ਵੀ ਸਮੂਹਕ ਸੁਝਾਵਾਂ ਉੱਤੇ ਆਧਾਰਿਤ ਆਤਮਿਕ ਚਤੁਰਤਾ ਨਾਲ ਨਹੀਂ ਹੋ ਸਕਦਾ। ਕੁਝ ਸਮੇਂ ਲਈ ਲੋਕ ਝੂਮ ਉਠਣਗੇ ਅਤੇ ਕੁਝ ਇਕ ਅਨੁਕੂਲ ਸਥਿਤੀਆਂ ਵਿਚ ਇਹ ਆਰੰਭਿਕ ਸੰਵੇਗ ਜਾਰੀ ਰਹੇਗਾ, ਪਰੰਤੂ ਅਧਿਕ ਮਨੁੱਖੀ ਰੂਹਾਂ ਸਿਲ੍ਹਾ ਦੇ ਟਿੱਡਿਆਂ ਵਾਂਗ ਹਵਾ ਥੰਮਣ ਨਾਲ ਧਰਤੀ ਵੱਲ ਉਤਰ ਆਉਂਦੀਆਂ ਹਨ।"[2] ਆਦਰਸ਼ਵਾਦੀ ਸਿਧਾਂਤ ਜਦ 'ਜੀਵਨ' ਦੇ ਵਿਰੋਧਾਭਾਸ ਅਨੁਸਾਰ ਚਲਦੇ ਹਨ ਤਾਂ ਅਵੱਸ਼ ਹੀ ਹੱਦਬੰਦੀਆਂ ਵਿਚ ਜਕੜੇ ਜਾਂਦੇ ਹਨ। ਇਸ ਗੱਲ ਨੂੰ ਹਰੇਕ ਅਜੇਹੇ ਧਰਮ ਦੇ ਇਤਿਹਾਸ ਵਿਚੋਂ ਮਿਸਾਲਾਂ ਦੇ ਕੇ ਸਿੱਧ ਕੀਤਾ ਜਾ ਸਕਦਾ ਹੈ, ਜਿਹੜਾ ਧਰਮ ਬੌਧਿਕ ਅਤੇ ਅਨੰਨਵਰਗ ਤੋਂ ਇਲਾਵਾ ਵੀ ਆਪਣੇ ਅਨੁਯਾਈ ਰੱਖਣ ਦਾ ਦਾਅਵਾ ਕਰਦਾ ਹੋਵੇ। ਮਹਾਤਮਾ ਬੁੱਧ ਨੂੰ ਵੀ ਜਨਤਕ ਸੂਝ ਦਾ ਗਿਆਨ ਰੱਖਣਾ ਪਿਆ ਸੀ ਅਤੇ ਉਸ ਨੇ ਲੋਕੀਯ (Lokiya) ਅਥਵਾ ਵਿਵਹਾਰਕ ਦ੍ਰਿਸ਼ਟੀਕੋਣ ਬਣਾਇਆ ਜਿਸ ਦਾ ਅਟੱਲ ਸਿੱਟਾ ਇਹ ਨਿਕਲਿਆ ਕਿ "ਜਿਨ੍ਹਾਂ ਨੇਮਾਂ, ਨਿਯਮਾਂ, ਰਹੁ ਰੀਤਾਂ ਅਤੇ ਮਰਯਾਦਾ ਵੱਲੋਂ ਉਸ ਨੇ ਸਿੱਧਾਂਤਕ ਤੌਰ ਤੇ ਮੁਖ ਮੋੜਿਆ, ਸਾਮਾਨ ਰੂਪ ਅਨੁਸਾਰ ਇਕ ਇਕ ਕਰਕੇ ਮੁੜ ਪ੍ਰਵਿਰਤ ਹੁੰਦੀਆਂ ਗਈਆਂ ਜਦ ਤਕ ਕਿ ਇਹ ਸਮੁੱਚੀ ਨਿਯਮਾਵਲੀ 'ਪਤਿਮੋਖ' ਨਾ ਬਣ ਗਈ।"[3] ਸੋ ਇਹ ਸਮਝਣਾ ਔਖਾ ਨਹੀਂ ਕਿ ਕਿਵੇਂ ਸਿੱਖ ਮਤ ਨੇ ਆਪਣੀਆਂ ਰਹੁ ਰੀਤਾਂ ਤਿਆਰ ਕਰ ਲਈਆਂ ਭਾਵੇਂ ਇਸ ਦਾ ਜਨਮ ਹਰ ਪ੍ਰਕਾਰ ਦੀ ਰੂੜੀਵਾਦ ਦੇ ਵਿਰੁੱਧ ਸਖਤ ਪ੍ਰਤਿਕਰਮ ਵਜੋਂ ਹੋਇਆ ਹੈ।

ਪਰੰਤੂ ਦੂਜੀ ਘਟਨਾ, ਅਰਥਾਤ ਸਿੱਖ ਮਤ ਦਾ ਸੈਨਿਕ ਧਰਮਤੰਤਰ ਵਿਚ ਪਰਿਵਰਤਨ, ਵਧੇਰੇ ਜਟਿਲ ਸਮੱਸਿਆ ਪੇਸ਼ ਕਰਦੀ ਹੈ। ਇਸ ਨੂੰ ਸਮਝਣਾ ਇਸ ਤੋਂ ਵੀ ਵੱਧ ਔਖਾ ਹੈ। ਸਿੱਖ ਮਤ ਦੇ ਵਿਕਾਸ ਦੇ ਇਤਿਹਾਸ ਦੀ ਖੋਜ ਕਰਦਿਆਂ ਅਸੀਂ ਇਸ ਦੇ ਵਿਕਾਸ ਦੇ ਦੋ ਨਿਖੜਵੇਂ ਪੜਾ ਦੇਖ ਸਕਦੇ ਹਾਂ। ਗੁਰੂ ਨਾਨਕ ਦੇ ਸਮੇਂ ਤੋਂ ਲੈ ਕੇ 1604 ਈ. ਤਕ ਜਦ ਕਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਹੋ ਗਈ ਸੀ, ਇਹ ਮਤ

2. Wayman Bury. *Pan-Islam*. p. 197.

3. Barua, *Prolegomena to a History of Buddhist Philosophy*. p. 28.

ਸ਼ਾਂਤਮਈ ਲੀਹਾਂ ਤੇ ਚਲਦਾ ਰਿਹਾ। ਹੌਲੇ ਹੌਲੇ ਸਿੱਖ ਮਤ ਨੇ ਹਿੰਦੂ ਧਰਮ ਨਾਲੋਂ ਨਾਤਾ ਤੋੜ ਲਿਆ, ਆਪਣੇ ਆਦਰਸ਼ ਅਤੇ ਸੰਸਥਾਵਾਂ ਬਣਾ ਲਈਆਂ ਅਤੇ ਸਿੱਖ ਪੰਥ[4] ਲਗਭਗ ਨਿਸ਼ਚਿਤ ਅਰਥ ਗ੍ਰਹਿਣ ਕਰ ਗਿਆ ਸੀ। ਸਿੱਖ ਮਤ ਦਾ ਇਸਲਾਮ ਨਾਲ ਜਾਂ ਸਥਾਪਤ ਰਾਜ ਨਾਲ ਕੋਈ ਵਿਰੋਧ ਨਹੀਂ ਸੀ। ਪਰੰਤੂ ਦੂਜੇ ਦੌਰ ਦੇ ਸ਼ੁਰੂ ਤੋਂ ਹੀ ਜਿਹੜਾ 1605 ਤੋਂ 1699 ਈ. ਤਕ ਦਾ ਕਿਹਾ ਜਾ ਸਕਦਾ ਹੈ, ਜਦ ਕਿ ਖਾਲਸਾ ਸਾਜਿਆ ਗਿਆ, ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਤੇ ਉਨ੍ਹਾਂ ਦੇ ਪੁੱਤਰ ਅਤੇ ਉੱਤਰਾਧਿਕਾਰੀ ਗੁਰੂ ਹਰਿਗੋਬਿੰਦ ਥੱਲੇ ਅਸੀਂ ਅਚਾਨਕ ਸੈਨਿਕਵਾਦ ਵਿਚ ਪਰਿਵਰਤਨ ਹੁੰਦਾ ਦੇਖਦੇ ਹਾਂ। ਗੁਰੂ ਹਰਿਗੋਬਿੰਦ ਦੀਆਂ ਕੁਝ ਸਾਧਾਰਨ ਜਿੱਤਾਂ ਮਗਰੋਂ ਇਸ ਨੂੰ ਧੱਕਾ ਲਗਦਾ ਹੈ ਅਤੇ ਫਿਰ ਗੁਰੂ ਗੋਬਿੰਦ ਸਿੰਘ ਸਮੇਂ ਵਿਜਈ ਹੋ ਨਿਤਰਦਾ ਹੈ। ਇਹ ਗੱਲ ਧਿਆਨ ਯੋਗ ਹੈ ਕਿ ਦਸਵੇਂ ਗੁਰਾਂ ਦੇ ਪੱਕੇ ਸੈਨਿਕ ਪ੍ਰਬੰਧ ਤੋਂ ਪਹਿਲਾਂ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਹੁੰਦੀ ਹੈ। ਸੋ ਇਉਂ ਪ੍ਰਤੀਤ ਹੁੰਦਾ ਹੈ ਕਿ ਜਦ ਤਕ ਹਕੂਮਤ ਨੇ ਕੋਈ ਦਖ਼ਲ ਨਾ ਦਿੱਤਾ ਓਦੋਂ ਹੀ ਸਿੱਖ ਮਤ ਆਪਣੇ ਸ਼ਾਂਤਮਈ ਸੁਭਾਵ ਨੂੰ ਕਾਇਮ ਰੱਖ ਸਕਿਆ ਅਤੇ ਕੇਵਲ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਪ੍ਰਤਿਕਰਮਾਂ ਵਜੋਂ ਹੀ ਗੁਰੂ ਹਰਿਗੋਬਿੰਦ ਨੇ ਹਥਿਆਰਬੰਦ ਮੁਕਾਬਲੇ ਦੀ ਨੀਤੀ ਨੂੰ ਅਪਣਾਇਆ ਸੀ। ਗੁਰੂ ਹਰਿਗੋਬਿੰਦ ਦੇ ਉੱਤਰਾਧਿਕਾਰੀ ਸਮੇਂ ਇਹ ਨਵੀਂ ਨੀਤੀ ਮੱਠੀ ਪੈ ਗਈ ਸੀ ਅਤੇ ਸਿੱਖ ਮੱਤ ਆਪਣੇ ਪਹਿਲੇ ਰਾਹਾਂ ਉੱਤੇ ਪੈ ਰਿਹਾ ਸੀ ਜਦ ਕਿ ਗੁਰੂ ਤੇਗ਼ ਬਹਾਦੁਰ ਜੀ ਦੀ ਸ਼ਹੀਦੀ ਨਾਲ ਉਸ ਦੇ ਉੱਤਰਾਧਿਕਾਰੀ ਨੇ ਅਧਿਕ ਅਨੁ-ਸ਼ਾਸਿਤ ਸੈਨਿਕਵਾਦ ਲਿਆਂਦਾ। ਦੂਜੇ ਸ਼ਬਦਾਂ ਵਿਚ ਸਿੱਖ ਮਤ ਦੇ ਪਰਿਵਰਤਨ ਦੀ ਵਿਆਖਿਆ ਮੂਲ ਰੂਪ ਵਿਚ ਮੁਸਲਮਾਨਾਂ ਦੇ ਅਤਿਆਚਾਰ ਦੇ ਆਧਾਰ ਤੇ ਕੀਤੀ ਜਾ ਸਕਦੀ ਹੈ।

ਪਰ ਸਿੱਖ ਮਤ ਦੇ ਦੋ ਮਹਾਨ ਆਗੂਆਂ ਦੀ ਸ਼ਹਾਦਤ ਦੇ ਮਹੱਤਵ ਨੂੰ ਛੁਟਿਆਣਾ ਅਵੱਸ਼ ਹੀ ਇਕ ਵੱਡੀ ਭੁੱਲ ਹੋਵੇਗੀ। ਇਸ ਸਬੰਧੀ ਅਜੇਹਾ ਸਾਧਾਰਨ ਕਥਨ ਕਦੇ ਵੀ ਪੂਰਨ ਨਹੀਂ ਮੰਨਿਆ ਜਾ ਸਕਦਾ। ਅਜੇਹਾ ਕਥਨ ਮੁਸਲਮਾਨੀ ਅਤਿਆਚਾਰ ਵਿਰੁੱਧ ਸਿੱਖ ਮਤ ਦੇ ਪ੍ਰਤਿਕਰਮ ਦਾ ਕਾਰਨ ਪ੍ਰਗਟ ਕਰਨੋਂ ਅਸਮਰੱਥ ਹੈ ਅਤੇ ਸਾਨੂੰ ਜ਼ਰੂਰ ਹੀ ਇਸ ਵਿਸ਼ੇ ਨੂੰ ਵਿਸ਼ਾਲ ਦ੍ਰਿਸ਼ਟੀ ਤੋਂ ਦੇਖਣਾ ਹੋਵੇਗਾ।

ਸਾਰੇ ਹੀ ਪੂਰਬਲੇ ਲੇਖਕਾਂ ਨੇ, ਜਿਨ੍ਹਾਂ ਇਸ ਵਿਸ਼ੇ ਨੂੰ ਕੁਝ ਗਹੁ ਨਾਲ ਵਿਚਾਰਿਆ ਹੈ, ਕੁਝ ਅਜੇਹੀਆਂ ਵਿਸ਼ੇਸ਼ਤਾਵਾਂ ਤੇ ਜੋਰ ਦਿੱਤਾ ਹੈ ਜੋ ਸਿੱਖ ਮਤ ਨੂੰ ਹੋਰਨਾਂ ਸੁਧਾਰਵਾਦੀ ਮਤਾਂ ਤੋਂ ਨਿਖੇੜਦੀਆਂ ਹਨ। ਕਨਿੰਘਮ ਲਿਖਦਾ ਹੈ, "ਸੋਲ੍ਹਵੀਂ ਸਦੀ ਦੇ ਆਰੰਭ ਵਿਚ ਹਿੰਦੂ ਲੋਕਾਂ ਦਾ ਮਨ ਰੂੜੀ-ਬੱਧ ਨਹੀਂ ਰਿਹਾ ਸੀ ਅਤੇ ਨਾ ਹੀ ਪ੍ਰਤਿਗਾਮੀ ਸੀ। ਇਸ ਨੂੰ ਮੁਸਲਮਾਨੀ ਰੰਗਣ ਚੜ੍ਹ ਚੁੱਕੀ ਸੀ ਅਤੇ ਨਵੀਂ ਤਬਦੀਲੀ ਬੜੀ ਤੇਜੀ ਨਾਲ ਗ੍ਰਹਿਣ ਕਰ ਰਿਹਾ ਸੀ। ਰਾਮਾਨੰਦ ਅਤੇ ਗੋਰਖ ਨੇ ਧਾਰਮਕ ਸਮਾਨਤਾ ਦਾ ਪ੍ਰਚਾਰ ਕੀਤਾ, ਚੈਤੰਨਯ ਨੇ ਵੀ ਉਸ ਨਿਸ਼ਚੇ ਨੂੰ ਦੁਹਰਾਇਆ ਜਿਸ ਵਿਚ ਜਾਤ ਪਾਤ ਦਾ ਵਖੇਵਾਂ ਨਹੀਂ ਸੀ। ਕਬੀਰ ਨੇ ਮੂਰਤੀ ਪੂਜਾ ਦਾ ਖੰਡਨ ਕੀਤਾ ਅਤੇ ਆਪਣੇ ਉਪਦੇਸ਼ ਲਈ ਲੋਕਾਂ ਦੀ ਮਾਤ ਭਾਸ਼ਾ ਦਾ ਪ੍ਰਯੋਗ ਕੀਤਾ। ਵੱਲਭ ਨੇ ਇਹ ਸਿੱਖਿਆ ਦਿੱਤੀ ਕਿ ਸੱਚੀ

4. ਪੰਥ ਭਾਵ ਪਥ, ਰਾਹ, ਮਾਰਗ, ਭਾਵ ਧਾਰਮਕ ਸੰਪਰਾਇ।

ਭਗਤੀ ਅਤੇ ਦੁਨਿਆਵੀ ਕਾਰੋਬਾਰ ਇਕ ਸਾਥ ਨਿਭ ਸਕਦੇ ਹਨ। ਪਰ ਇਹ ਸਾਰੇ ਮਹਾਂਪੁਰਖ ਇਸ ਸੰਸਾਰ ਦੀ ਨਾਸ਼ਮਾਨਤਾ ਤੋਂ ਐਨੇ ਪ੍ਰਭਾਵਿਤ ਹੋਏ ਜਾਪਦੇ ਹਨ ਕਿ ਉਨ੍ਹਾਂ ਨੇ ਮਨੁੱਖ ਦੀ ਸਮਾਜਕ ਦਸ਼ਾ ਦੇ ਸੁਧਾਰ ਨੂੰ ਵਿਚਾਰ ਗੋਚਰ ਲਿਆਉਣ ਦੀ ਲੋੜ ਹੀ ਪ੍ਰਤੀਤ ਨਹੀਂ ਕੀਤੀ ....ਉਨ੍ਹਾਂ ਨੇ ਜਨਤਾ ਅੰਦਰ ਰਾਸ਼ਟ੍ਰੀਯਤਾ ਦੇ ਭਾਵ ਭਰਨ ਦੀ ਬਜਾਏ ਵਿਮਤਾਂ ਦੇ ਰੂਪਾਂ ਨੂੰ ਹੀ ਪੱਕਿਆਂ ਕੀਤਾ। ਉਨ੍ਹਾਂ ਦੇ ਮਤ ਅਜੇ ਤੀਕ ਉਹੋ ਜਿਹੇ ਹੀ ਹਨ ਜੇਹੋ ਜੇਹੇ ਕਿ ਉਹ ਛੱਡ ਕੇ ਗਏ ਸਨ। ਸੁਧਾਰ ਦੇ ਸੱਚੇ ਸਿੱਧਾਂਤਾਂ ਦਾ ਅਨੁਭਵ ਅਤੇ ਉਹ ਵਿਸ਼ਾਲ ਨੀਹਾਂ ਰੱਖਣ ਦਾ ਸੁਭਾਗ ਗੁਰੂ ਨਾਨਕ ਜੀ ਨੂੰ ਹੀ ਪ੍ਰਾਪਤ ਸੀ, ਜਿਨ੍ਹਾਂ ਨੇ ਆਪਣੇ ਉੱਤਰਾਧਿਕਾਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਦੇਸ਼ ਵਾਸੀਆਂ ਦੇ ਦਿਲਾਂ ਵਿਚ ਨਵੀਂ ਰਾਸ਼ਟ੍ਰੀਯਤਾ ਦੀ ਰੂਹ ਫੂਕਣ ਦੇ ਯੋਗ ਬਣਾਇਆ।"[5] ਇਹ ਪੈਰ੍ਹਾ ਪਰਵਰਤੀ ਲੇਖਕਾਂ[6] ਨੇ ਬਹੁਤ ਵੇਰੀ ਹਵਾਲੇ ਵਜੋਂ ਦਿੱਤਾ ਹੈ। ਸਾਡੀ ਰਾਇ ਵਿਚ ਇਨ੍ਹਾਂ ਲੇਖਕਾਂ ਨੇ ਇਸ ਦੇ ਵਿਸ਼ੇ ਨੂੰ ਅਵੇਸਲੇ ਹੀ ਪ੍ਰਵਾਨ ਕਰ ਲਿਆ ਹੈ, ਇਸ ਲਈ ਇਸ ਨੂੰ ਗਹੁ ਨਾਲ ਪਰਖਣਾ ਜ਼ਰੂਰੀ ਹੈ। ਕਨਿੰਘਮ ਦਾ ਪਹਿਲਾ ਇਤਰਾਜ਼ ਇਹ ਪ੍ਰਤੀਤ ਹੁੰਦਾ ਹੈ ਕਿ ਹੋਰਨਾਂ ਸੁਧਾਰਕਾਂ ਦਾ ਸਮਾਜਕ ਕਲਿਆਣ ਦਾ ਕੋਈ ਪ੍ਰੋਗਰਾਮ ਨਹੀਂ ਸੀ। ਪਰ ਉਹ ਆਪ ਹੀ ਅੱਗੇ ਜਾ ਕੇ ਗੁਰੂ ਨਾਨਕ ਜੀ ਸਬੰਧੀ ਕਹਿੰਦਾ ਹੈ, "ਨਾ ਤਾਂ ਇਹ ਸੰਭਵ ਹੈ ਅਤੇ ਨਾ ਹੀ ਇਹ ਕਿਆਸ ਕਰ ਲੈਣਾ ਜ਼ਰੂਰੀ ਹੈ ਕਿ ਸਮਾਜਕ ਕਲਿਆਣ ਜਾਂ ਰਾਜਸੀ ਉੱਨਤੀ ਸਬੰਧੀ ਗੁਰੂ ਜੀ ਕੋਈ ਸਪੱਸ਼ਟ ਤੇ ਸੂਝਮਈ ਦ੍ਰਿਸ਼ਟੀਕੋਣ ਰਖਦੇ ਸਨ। ਉਨ੍ਹਾਂ ਨੇ ਲੋਕਾਂ ਦੀ ਪ੍ਰਗਤੀ ਨੂੰ ਸਮੇਂ ਦੇ ਚੱਲਣ ਉੱਤੇ ਛੱਡ ਦਿੱਤਾ ਸੀ।"[7] ਇਹ ਸਮਾਜਕ ਪ੍ਰੋਗਰਾਮ ਦੀ ਅਣਹੋਂਦ ਕੋਈ ਵੱਡਾ ਅੰਤਰ ਪੈਦਾ ਕਰਨ ਵਾਲੀ ਨਹੀਂ ਆਖੀ ਜਾ ਸਕਦੀ। ਸੱਚ ਤਾਂ ਇਹ ਹੈ ਕਿ ਇਹ ਦਾਅਵੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਅਜੋਕੇ ਸਮਾਜ- ਸੁਧਾਰਕ ਅਖਵਾਉਣ ਵਾਲਿਆਂ ਇਨ੍ਹਾਂ ਪ੍ਰਚਾਰਕਾਂ ਦੇ ਢੰਗ ਉੱਕਾ ਹੀ ਵੱਖਰੇ ਸਨ। ਉਨ੍ਹਾਂ ਦਾ ਵਾਸਤਾ ਵਧੇਰੇ ਮੂਲ ਸਿੱਧਾਂਤ ਨਾਲ ਸੀ ਅਤੇ ਉਨ੍ਹਾਂ ਨੂੰ ਇਹ ਗਿਆਨ ਸੀ ਕਿ ਜੇਕਰ ਇਹ ਇਕ ਵਾਰੀ ਪ੍ਰਵਾਨ ਹੋ ਗਏ ਤਾਂ ਸਮਾਜ ਨੂੰ ਇਨ੍ਹਾਂ ਅਨੁਸਾਰ ਢਲਣਾ ਪਵੇਗਾ।

ਦੂਜੀ ਗੱਲ ਇਹ ਹੈ ਕਿ ਕਨਿੰਘਮ ਦੇ ਇਸ ਕਥਨ ਕਿ ਦੂਜੇ ਸੁਧਾਰਕ ਸੰਸਾਰ ਦੀ ਨਾਸ਼ਮਾਨਤਾ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਸਨ, ਨੇ ਪਰਵਰਤੀ ਲੇਖਕਾਂ ਦੇ ਹੱਥਾਂ ਵਿਚ ਆ ਕੇ ਇਹ ਨਿਸ਼ਚਾ ਬਣਾ ਦਿੱਤਾ ਕਿ ਸਿੱਖ ਮਤ ਦਾ ਇਹ ਹੋਰ ਨਿਖੇੜੂ ਚਿੰਨ੍ਹ ਇਸ ਦਾ ਸੰਸਾਰੀ ਜੀਵਨ ਨਾਲ ਸਮਾਧਾਨ ਸੀ।[8] "ਵਾਸਤਵ ਵਿਚ ਇਕ ਆਧੁਨਿਕ ਲੇਖਕ ਨੇ ਤਾਂ ਇਥੋਂ ਤਕ ਕਿਹਾ ਹੈ ਕਿ ਉਹ ਸੰਸਾਰ ਦੀ ਨਾਸ਼ਮਾਨਤਾ ਤੋਂ ਇੰਨੇ ਅਧਿਕ ਪ੍ਰਭਾਵਿਤ ਸਨ ਕਿ ਉਨ੍ਹਾਂ ਪੂਰਨ ਤਿਆਗ ਦੀ ਹਮਾਇਤ ਕੀਤੀ।"[9] ਪਰ ਅਜੇਹੀ ਸਥਿਤੀ ਦੀ ਪ੍ਰੋੜਤਾ

---

5. Cunningham. *History of the Sikhs*. (Garrett's Edition). p. 38.
6. Narang. *Transformation of Sikhism*. p. 8: Teja Singh. *Growth of Responsibility in Sikhism*. (Third Edition), p. iii.
7. ਕਨਿੰਘਮ, ਉਪਰੋਕਤ ਰਚਨਾ, ਪੰਨਾ 46.
8. ਨਾਰੰਗ, ਉਪਰੋਕਤ ਰਚਨਾ, ਪੰਨਾ 13.
9. Kartar Singh. *Life of Guru Gobind Singh*. p. 5.

ਲਈ ਕੋਈ ਗਵਾਹੀ ਨਹੀਂ ਹੈ। ਇਉਂ ਪ੍ਰਤੀਤ ਹੁੰਦਾ ਹੈ ਕਿ ਸਾਰੇ ਵਿਸ਼ੇ ਨੂੰ ਹੀ ਗ਼ਲਤ ਸਮਝਿਆ ਗਿਆ ਹੈ। ਇਹ ਸੱਚ ਹੈ ਕਿ ਕਬੀਰ ਸ਼ਲੋਕ ਜਾਂ ਚੈਤੰਨਯ ਦੇ ਅਨੁਯਾਈਆਂ ਦੀਆਂ ਲਿਖਤਾਂ ਇਹ ਪ੍ਰਭਾਵ ਦੇਂਦੀਆਂ ਹਨ ਕਿ ਉਨ੍ਹਾਂ ਦਾ ਸੰਦੇਸ਼ ਪਰਲੋਕ ਵਾਲਾ ਹੈ। ਪਰ ਬਹੁਤ ਕਰਕੇ ਬਹੁਤ ਸਾਰੇ ਅਜੇਹੇ ਵਿਚਾਰ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਵਿਚ ਵੀ ਲੱਭੇ ਜਾ ਸਕਦੇ ਹਨ। ਇਨ੍ਹਾਂ ਨੂੰ ਆਪਣੇ ਵਾਸਤਵ ਰੂਪ ਵਿਚ ਵੀ ਰਹਿਣ ਦੇਣਾ ਚਾਹੀਦਾ ਹੈ ਅਤੇ ਵਿਸ਼ੇ ਨੂੰ ਅਸਪੱਸ਼ਟ ਹੋਣ ਤੋਂ ਬਚਾਉਣਾ ਚਾਹੀਦਾ ਹੈ। ਚੈਤੰਨਯ ਮਤ ਸੰਸਾਰੀ ਜੀਵਨ ਨਾਲੋਂ ਅਸੰਗਤ ਨਹੀਂ ਸੀ। ਇਸ ਨੂੰ ਨਿਰਸੰਦੇਹ ਇਹ ਘਟਨਾ ਸੱਚ ਸਾਬਤ ਕਰ ਦਿੰਦੀ ਹੈ ਕਿ ਨਿਤਯਾਨੰਦ, ਜੋ ਬਾਲਪਣ ਤੋਂ ਹੀ ਸੰਨਿਆਸੀ ਸੀ ਅਤੇ ਜੋ ਚੈਤੰਨਯ ਦੇ ਸੰਦੇਸ਼ ਨੂੰ ਪ੍ਰਚਾਰਨ ਵਾਲਾ ਮੁੱਖ ਵਿਅਕਤੀ ਸੀ, ਨੇ ਪਿਛਲੇਰੀ ਉਮਰ ਵਿਚ ਜਾ ਕੇ ਵਿਆਹ ਕਰਵਾ ਲਿਆ ਅਤੇ ਗ੍ਰਹਿਸਥੀਆਂ ਵਾਂਗ ਵਿਚਰਨ ਲੱਗਾ।[10] ਇਨ੍ਹਾਂ ਮਤਾਂ ਦੇ ਅਨੁਯਾਈਆਂ ਦੀ ਬਹੁ-ਗਿਣਤੀ ਦਾ ਜਨ-ਸਾਧਾਰਨ ਹੋਣਾ ਇਹ ਦੱਸਦਾ ਹੈ ਕਿ ਪਰਵਰਤੀ ਲੇਖਕਾਂ ਦੀ ਸਥਿਤੀ ਪੂਰੀ ਤਰ੍ਹਾਂ ਕਮਜ਼ੋਰ ਹੈ। ਤਿਆਗ ਤੋਂ ਨਾ ਹੋੜਨਾ, ਤਿਆਗ ਨੂੰ ਪ੍ਰਚਾਰਨ ਨਾਲੋਂ ਵੱਖਰੀ ਗੱਲ ਹੈ ਅਤੇ ਅਸਲੀ ਗੱਲ ਇਹ ਜਾਪਦੀ ਹੈ ਕਿ ਇਸ ਅੰਤਰ ਨੂੰ ਸਾਹਮਣੇ ਨਹੀਂ ਰੱਖਿਆ ਗਿਆ। ਇਸ ਪੱਖ ਤੋਂ ਸਿੱਖ ਮਤ ਅਤੇ ਹੋਰ ਮੱਤਾਂ ਵਿਚਕਾਰ ਇਹ ਅੰਤਰ ਉਦੋਂ ਉਠਦਾ ਹੈ ਜਦ ਗੁਰੂ ਨਾਨਕ ਦੇ ਉੱਤਰਾਧਿਕਾਰੀਆਂ ਸਮੇਂ ਤਿਆਗ ਦਾ ਮਾਰਗ ਹੀ ਬੰਦ ਕਰ ਦਿੱਤਾ ਗਿਆ ਅਤੇ ਸਿੱਖ ਮਤ ਲਾਜ਼ਮੀ ਤੌਰ ਤੇ ਗ੍ਰਹਿਸਥੀਆ ਦਾ ਮਤ ਬਣ ਗਿਆ। ਸੰਭਵ ਹੈ ਕਿ ਗੁਰੂ ਨਾਨਕ ਜੀ ਨੇ ਆਪ ਹੀ ਇਸ ਲਈ ਰਾਹ ਬਣਾ ਦਿੱਤਾ ਹੋਵੇ ਜਦ ਕਿ ਉਨ੍ਹਾਂ ਆਪਣੇ ਵੱਡੇ ਪੁੱਤਰ ਸ੍ਰੀ ਚੰਦ ਨੂੰ, ਉਸ ਦੇ ਪਰਲੋਕ ਵਿਚ ਵਿਸ਼ਵਾਸ ਵਾਲੇ ਸੁਭਾਅ ਕਰਕੇ, ਆਪਣਾ ਉੱਤਰਾਧਿਕਾਰੀ ਨਾਮਜ਼ਦ ਕਰਨੋਂ ਇਨਕਾਰ ਕਰ ਦਿੱਤਾ।

ਸਿੱਖ ਮਤ ਦੀ ਇਕ ਹੋਰ ਵਿਸ਼ੇਸ਼ਤਾ ਇਸ ਦਾ ਅਸੰਪ੍ਰਦਾਇਕ ਸੁਭਾਵ ਵੀ ਮੰਨਿਆ ਜਾਂਦਾ ਹੈ।[11] ਕਨਿੰਘਮ ਲਿਖਦਾ ਹੈ ਕਿ ਰਾਮਾਨੰਦ ਅਤੇ ਕਬੀਰ ਦੇ ਪਰਿਗਤ ਦੇਵਭਾਵ ਅਤੇ ਪਰਮਾਤਮਾ ਦੇ ਅਵਤਾਰੀ ਰੂਪ ਦੀ ਬਜਾਇ ਗੁਰੂ ਨਾਨਕ ਜੀ ਨੇ ਇਕ ਓਂਕਾਰ ਅਕਾਲ ਮੂਰਤ ਅਤੇ ਆਦਿ ਜੁਗਾਦਿ ਸਰੂਪ ਨੂੰ ਹੀ ਪਰਮਾਤਮਾ ਮੰਨਿਆ ਹੈ।[12] ਇਹ ਨਿਰਸੰਦੇਹ ਸੱਚ ਹੈ ਕਿ ਗੁਰੂ ਨਾਨਕ ਜੀ ਦੀ ਸਿੱਖਿਆ ਦਾ ਇਹ ਮਹਾਨ ਗੁਣ ਹੈ ਕਿ ਉਹ ਧਰਮ ਦਾ ਮਿਥਿਹਾਸ ਅਤੇ ਇਤਿਹਾਸ ਤੋਂ ਛੁਟਕਾਰਾ ਚਾਹੁੰਦੇ ਹਨ। ਪਰ ਕਬੀਰ ਬਾਰੇ ਵੀ ਇਹੋ ਕੁਝ ਕਿਹਾ ਜਾ ਸਕਦਾ ਹੈ ਅਤੇ ਉਸ ਦੇ ਪਰਮਾਤਮਾ ਨੂੰ ਅਵਤਾਰ ਕਹਿਣਾ ਉਸ ਨਾਲ ਬੇਇਨਸਾਫ਼ੀ ਹੋਵੇਗੀ। ਇਹ ਵਿਚਾਰ ਮੂਲ ਰੂਪ ਵਿਚ ਇਸ ਗੱਲ ਵਿਚੋਂ ਉਘੜਦਾ ਹੈ ਕਿ ਕਬੀਰ ਆਪਣੇ ਪਰਮਾਤਮਾ ਨੂੰ ਰਾਮ ਦੇ ਨਾਂ ਨਾਲ ਯਾਦ ਕਰਦਾ ਸੀ। ਪਰ ਇਹ ਆਪਣੇ ਆਪ ਵਿਚ ਕੁਝ ਵੀ ਸਿੱਧ ਨਹੀਂ ਕਰਦਾ ਕਿਉਂਕਿ ਸਿੱਖ ਗੁਰੂਆਂ ਨੇ ਵੀ ਅਕਾਲ ਪੁਰਖ ਲਈ ਇਸ 'ਸ਼ਬਦ' ਦੀ ਆਮ ਵਰਤੋਂ ਕੀਤੀ ਹੈ।

---

10. D.C. Sen, *Chaitanya and His Companions*. p. 46.
11. ਨਾਰੰਗ, *ਉਪਰੋਕਤ ਰਚਨਾ*, ਪੰਨਾ 13.
12. ਕਨਿੰਘਮ, *ਉਪਰੋਕਤ ਰਚਨਾ*, ਪੰਨਾ 42.

ਸਾਨੂੰ ਇਹ ਆਸ਼ਾ ਹੈ ਕਿ ਕਬੀਰ ਦੇ ਸ਼ਲੋਕਾਂ ਨੂੰ ਗਹੁ ਨਾਲ ਵਾਚਣ ਵਾਲਾ ਅਵੱਸ਼ ਹੀ ਪਛਾਣ ਲਵੇਗਾ ਕਿ ਕਬੀਰ ਦਾ 'ਰਾਮ' ਸਿੱਖ ਗੁਰੂਆਂ ਦੇ 'ਰਾਮ' ਨਾਲੋਂ ਬਹੁਤਾ ਵੱਖਰਾ ਨਹੀਂ ਹੈ। ਉਸ ਦੇ ਅਨੁਯਾਈ ਬੇਸ਼ਕ ਉਸ ਦੇ ਆਦਰਸ਼ਾਂ ਤੋਂ ਡਿੱਗ ਪਏ ਸਨ ਅਤੇ ਹਿੰਦੂ ਧਰਮ ਦੇ ਅਵਤਾਰਾਂ ਨੂੰ ਹੀ ਪੂਜਣ ਲੱਗ ਪਏ ਸਨ ਪਰ ਇਸ ਤੋਂ ਕਦੇ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕਬੀਰ ਆਪ ਅਦਵੈਤਵਾਦ ਦਾ ਸੱਚਾ ਅਨੁਸਾਰੀ ਸੀ। ਦੂਜੇ ਮਤਾਂ ਵਿਚੋਂ ਬਹੁਤ ਸਾਰੇ ਮਤ ਮਿਥਿਹਾਸ ਅਤੇ ਪਰੰਪਰਾ ਤੋਂ ਪੱਲਾ ਨਾ ਛੁਡਾ ਸਕੇ ਜਾਂ ਫਿਰ ਛੇਤੀ ਹੀ ਇਨ੍ਹਾਂ ਵਿਚ ਸਮੋ ਗਏ। ਸੋ ਸਿੱਖ ਮਤ ਆਪਣੇ ਪੂਜਾ ਦੇ ਢੰਗਾਂ ਦੀ ਸਰਲਤਾ, ਅਧਿਆਤਮਕ ਸੁਭਾਅ ਅਤੇ ਵਿਸ਼ੇਸ਼ ਤੌਰ ਤੇ ਮਿਥਿਹਾਸ ਸਬੰਧੀ ਸੰਜਮੀ ਹੋਣ ਕਰਕੇ ਹੋਰਨਾਂ ਸੰਪ੍ਰਦਾਇਕ ਮਤਾਂ ਵਿਚੋਂ ਨਿਖੜਵਾਂ ਦਿਸ ਆਉਂਦਾ ਹੈ।[13] ਪਰੰਪਰਿਕ ਬੰਧੇਜ ਦੇ ਪੱਖ ਤੋਂ ਇਸ ਤੁਲਨਾਤਮਕ ਸੁਤੰਤਰਤਾ ਨੇ ਨਿਰਸੰਦੇਹ ਇਸ ਖੰਡਨ ਨੂੰ ਵਧੇਰੇ ਗਤੀਸ਼ੀਲ ਅਤੇ ਸਥਿਤੀ ਅਨੁਸਾਰ ਬਦਲ ਜਾਣ ਦੀ ਵਧੇਰੇ ਖੁਲ੍ਹ ਦੇ ਦਿੱਤੀ।

ਪਰੰਤੂ ਇਹ ਭੇਦ ਜੋ ਅਸੀਂ ਹੁਣ ਲੱਭੇ ਹਨ ਕਨਿੰਘਮ ਦੇ ਇਸ ਕਥਨ ਨੂੰ ਪ੍ਰਮਾਣਿਤ ਨਹੀਂ ਕਰਦੇ ਕਿ ਹੋਰਨਾਂ ਸੁਧਾਰਕਾਂ ਨੇ ਸੰਪ੍ਰਦਾਇਕ ਵਖੇਵਿਆਂ ਨੂੰ ਪਕਿਆਂ ਕੀਤਾ ਹੈ ਜਦ ਕਿ ਕੇਵਲ ਗੁਰੂ ਨਾਨਕ ਜੀ ਨੇ ਇਕ ਕੌਮ ਦੀ ਨੀਂਹ ਰਖੀ ਹੈ। ਇਹ ਵਿਚਾਰ ਕੁਝ ਉਲਝਿਆ ਹੋਇਆ ਹੈ ਅਤੇ ਇਸ ਨੂੰ ਪੂਰੀ ਤਰ੍ਹਾਂ ਸਪੱਸ਼ਟ ਕਰ ਲੈਣਾ ਜ਼ਰੂਰੀ ਹੈ। ਇਹ ਕਹਿਣ ਦੀ ਲੋੜ ਨਹੀਂ ਕਿ ਆਉਣ ਵਾਲੀ ਸਿੱਖ ਕੌਮ ਨਾਨਕ ਜੀ ਦੀਆਂ ਰੱਖੀਆਂ ਨੀਹਾਂ ਤੇ ਉਸਰੀ। ਸੋ ਇਹ ਸਪੱਸ਼ਟ ਹੈ ਕਿ ਗੁਰੂ ਨਾਨਕ ਨੇ ਇਕ ਕੌਮ ਦਾ ਬੀਜ ਬੀਜਿਆ ਪਰੰਤੂ ਕਨਿੰਘਮ ਦੇ ਦਾਅਵੇ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਗੁਰੂ ਨਾਨਕ ਦੀ ਪੱਧਤੀ ਵਿਚ ਕੁਝ ਅਜੇਹੀ ਮੌਲਿਕ ਵਿਲੱਖਣਤਾ ਸੀ ਜੋ ਕਿ ਇਕ ਕੌਮ ਦਾ ਆਧਾਰ ਬਣ ਸਕਦੀ ਸੀ ਅਤੇ ਜਿਸ ਦੀ ਦੂਜੀਆਂ ਸੁਧਾਰਕ ਲਹਿਰਾਂ ਵਿਚ ਉੱਕਾ ਹੀ ਅਣਹੋਂਦ ਸੀ। ਐਪਰ ਅਜੇਹੀ ਸਥਿਤੀ ਮੰਨੀ ਨਹੀਂ ਜਾ ਸਕਦੀ।

ਕੁਝ ਪਿੱਛੋਂ ਹੋਏ ਲੇਖਕ ਇਸ ਤੋਂ ਵੀ ਅੱਗੇ ਵਧੇ ਹਨ, ਉਨ੍ਹਾਂ ਸਾਨੂੰ ਵਿਸ਼ਵਾਸ ਦਿਵਾਇਆ ਹੈ ਕਿ ਆਉਣ ਵਾਲੀ ਪਰਿਪੂਰਨ ਸਿੱਖ ਕੌਮ ਨੂੰ ਗੁਰੂ ਨਾਨਕ ਜੀ ਨੇ ਪਹਿਲੋਂ ਹੀ ਚਿਤਵਿਆ ਹੋਇਆ ਸੀ। ਪਰਵਰਤੀ ਗੁਰੂਆਂ ਨੇ ਕੇਵਲ ਇਸ ਨੂੰ ਵਿਵਹਾਰਕ ਰੂਪ ਦਿੱਤਾ ਹੈ। ਇਸ ਦੀ ਪੁਸ਼ਟੀ ਲਈ ਇਨ੍ਹਾਂ ਲੇਖਕਾਂ ਕੋਲ ਇਕ ਹੀ ਪ੍ਰਮਾਣ ਹੈ ਕਿ ਗੁਰੂ ਨਾਨਕ ਜੀ ਆਪਣੇ ਉਨ੍ਹਾਂ ਸ਼ਬਦਾਂ ਵਿਚ ਰਾਜਨੀਤਕ ਵਿਚਾਰ ਰਖਦੇ ਹਨ ਜਿਨ੍ਹਾਂ ਵਿਚ ਉਹ ਸੈਦਪੁਰ ਨੂੰ ਪਰਾਜਿਤ ਕਰਨ ਸਮੇਂ ਬਾਬਰ ਦੇ ਸੈਨਿਕਾਂ ਦੇ ਜ਼ੁਲਮਾਂ ਅਤੇ ਸਮੇਂ ਦੇ ਮੁਸਲਮਾਨ ਹਾਕਮਾਂ ਦੇ ਢਾਹੇ ਅਤਿਆਚਾਰਾਂ ਉੱਤੇ ਸ਼ੋਕ ਪ੍ਰਗਟ ਕਰਦੇ ਹਨ। ਇਹ ਦ੍ਰਿਸ਼ ਦੇਖ ਕੇ ਗੁਰੂ ਨਾਨਕ ਜੀ ਦਾ ਦਿਲ ਦ੍ਰਵ ਗਿਆ ਸੀ। ਪਰੰਤੂ ਉਹ ਮਜ਼ਬੂਰ ਸਨ ਕਿਉਂਕਿ ਉਨ੍ਹਾਂ ਪਿੱਛੇ ਕੋਈ ਕੌਮ ਨਹੀਂ ਸੀ। "ਗੁਰੂ ਨਾਨਕ ਨੇ ਅਤੇ ਉਸ ਦੇ ਪਰਵਰਤੀਆਂ ਨੇ ਇਸ ਦਾ ਨਿਰਮਾਣ ਕਰਨਾ ਸੀ। ਪਰੰਤੂ ਉਹ ਬੇਬਸ ਗੁੱਸੇ ਅਤੇ ਨਿਰਾਰਥਕ ਵਿਰਲਾਪ ਨਾਲ ਸੰਤੁਸ਼ਟ ਨਹੀਂ ਹੋਏ ਸਨ। ਇਹ ਕਰਮਸ਼ੀਲ ਵਿਅਕਤੀ ਹੋਣ ਦੇ ਨਾਤੇ ਹਾਲਤ ਨੇ

13. Barth. *The Religions of India*. p. 243.

ਜਿੰਨੀ ਕੁ ਆਗਿਆ ਦਿੱਤੀ ਉੱਨਾ ਕੁ ਕਾਰਜ ਆਰੰਭਿਆ"।[14] ਪਰ ਇਹ ਸਾਰੀਆਂ ਨਿਰੋਲ ਮਨੌਤਾਂ ਹਨ ਜਿਨ੍ਹਾਂ ਨੂੰ ਖੰਡਨ ਕਰਨ ਦੀ ਲੋੜ ਨਹੀਂ। ਸਾਫ਼ ਗੱਲ ਇਹ ਹੈ ਕਿ ਗੁਰੂ ਨਾਨਕ ਵਰਗੇ ਸੁਭਾਵ ਅਤੇ ਆਚਰਨ ਵਾਲਾ ਵਿਅਕਤੀ ਅਜੇਹੇ ਜ਼ੁਲਮ ਦੇ ਪ੍ਰਭਾਵ ਤੋਂ ਨਿਰਲੇਪ ਨਹੀਂ ਰਹਿ ਸਕਦਾ ਸੀ ਅਤੇ ਉਨ੍ਹਾਂ ਨੇ ਆਪਣੇ ਭਾਵਾਂ ਨੂੰ ਆਪਣੇ ਸੁਭਾਵਿਕ ਢੰਗ ਵਿੱਚ ਅਭਿਵਿਅਕਤ ਕਰ ਦਿੱਤਾ। ਇਨ੍ਹਾਂ ਪ੍ਰਮਾਣਾਂ ਤੋਂ ਪ੍ਰਤੱਖ ਹੈ ਕਿ ਸਿੱਖ ਮਤ ਦੇ ਪਹਿਲੇ ਪੜਾਵਾਂ ਦਾ ਅਧਿਐਨ ਉਨ੍ਹਾਂ ਦੀ ਸਹੀ ਇਤਿਹਾਸਕ ਪਰੰਪਰਾ ਅਤੇ ਯਥਾਰਥਕਤਾ ਅਨੁਸਾਰ ਕਰਨਾ ਕਿੰਨਾ ਕਠਿਨ ਹੈ ਅਤੇ ਕਿਵੇਂ ਪਿੱਛੋਂ ਹੋਈਆਂ ਸਿੱਖ ਮਤ ਦੀਆਂ ਰਾਜਨੀਤਕ ਅਤੇ ਸੈਨਿਕ ਜਿੱਤਾਂ ਨੇ ਵਿਦਿਆਰਥੀਆਂ ਦੀ ਮੁਸ਼ਕਲ ਵਿਚ ਹੋਰ ਕਿੰਨਾ ਵਾਧਾ ਕੀਤਾ ਹੈ। ਬਰੋਨ ਦੇ ਇੰਡੀਆ ਟ੍ਰੈਕਟਸ (India Tracts) ਦੀ ਰਚਨਾ ਤੋਂ ਲੈ ਕੇ ਬਹੁਤ ਸਾਰੇ ਲੇਖਕ ਹੋਏ ਹਨ ਜਿਨ੍ਹਾਂ ਸਿੱਖ ਇਤਿਹਾਸ ਨੂੰ ਕਿਵੇਂ ਨਾ ਕਿਵੇਂ ਵਡਿਆਉਣਾ ਚਾਹਿਆ ਪਰ ਇਸ ਤੋਂ ਮੁੱਕਰਿਆ ਨਹੀਂ ਜਾ ਸਕਦਾ ਕਿ ਸਿੱਖ ਮਤ ਦੇ ਪਹਿਲੇ ਪੜਾਵਾਂ ਬਾਰੇ ਬਹੁਤੀਆਂ ਲਿਖਤਾਂ ਪਿੱਛੋਂ ਪ੍ਰਾਪਤ ਕੀਤੇ ਗੌਰਵ ਤੋਂ ਪ੍ਰਭਾਵਿਤ ਸਨ।

ਕੁਝ ਵੀ ਹੋਵੇ, ਸਿੱਖ ਮਤ ਸੁਭਾਵ ਦੀ ਲਚਕ ਨਾਲ ਆਰੰਭ ਹੋਇਆ ਅਤੇ ਇਹ ਵੀ ਸੰਭਵ ਹੈ ਕਿ "ਨਾਨਕ ਜੀ ਨੇ ਆਪਣੇ ਸ਼ਿਸ਼ਾਂ ਨੂੰ ਰੋਜ਼ਾਨਾ ਜੀਵਨ ਦੇ ਤਿਆਗ ਤੋਂ ਵਰਜਿਆ ਹੋਵੇ ਪਰ ਉਨ੍ਹਾਂ ਇਸ ਨੂੰ ਮਰਯਾਦਿਕ ਬੰਧੇਜ ਦਾ ਵਿਸ਼ਾ ਨਹੀਂ ਬਣਾਇਆ।" ਪਰ ਇਹ ਪੱਖ ਕਿਸੇ ਹਾਲਤ ਵਿਚ ਵੀ ਪੂਰਨ ਭਾਂਤ ਅਦੁਤੀ ਨਹੀਂ ਹਨ ਅਤੇ ਆਪਣੇ ਆਪ ਵਿਚ ਬਹੁਤਾ ਅਰਥ ਨਹੀਂ ਰਖਦੇ। ਫਿਰ ਵੀ ਗੁਰੂ ਨਾਨਕ ਨੇ ਆਪਣੀ ਮਿਰਤੂ ਤੋਂ ਕੁਝ ਚਿਰ ਪਹਿਲਾਂ ਆਪਣਾ ਉੱਤਰਾਧਿਕਾਰੀ ਨਾਮਜ਼ਦ ਕਰ ਦਿੱਤਾ ਅਤੇ ਉਨ੍ਹਾਂ ਦਾ ਇਹ ਕਾਰਜ ਨਿਰਸੰਦੇਹ ਬਹੁਤ ਦੂਰੇਡੇ ਸਿੱਟੇ ਕੱਢਣ ਵਾਲਾ ਸੀ। ਇਸ ਯਾਦਗਾਰੀ ਘਟਨਾ ਦੀ ਮਹੱਤਾ ਨੂੰ ਇਸ ਦੀ ਯੋਗ ਥਾਂ ਤੇ ਪੂਰਨ ਭਾਂਤ ਵਿਆਖਿਆ ਗਿਆ ਹੈ ਅਤੇ ਵਿਸ਼ੇ ਨੂੰ ਅੱਗੋਂ ਹੀ ਦੱਸੇ ਬਿਨਾਂ ਇਹ ਕਹਿਣਾ ਕਾਫ਼ੀ ਹੋਵੇਗਾ ਕਿ ਇਸ ਨੇ ਸਿੱਖ ਮਤ ਨੂੰ ਇਕ ਨਿਸ਼ਚਿਤ ਅਗਵਾਈ ਪ੍ਰਦਾਨ ਕੀਤੀ ਜੋ ਕਿ ਇਸ ਦੇ ਵਿਕਾਸ ਦੇ ਇਤਿਹਾਸ ਵਿਚ ਸਰਵੋਤਮ ਮਹੱਤਾ ਰਖਦੀ ਹੈ। ਸਿੱਖ ਮਤ ਵਿਚ ਗੁਰਿਆਈ ਆਪਣੇ ਨਿਵੇਕਲੇ ਅਰਥ ਗ੍ਰਹਿਣ ਕਰ ਗਈ ਅਤੇ ਗੁਰੂ ਜੀ ਦਾ ਸ੍ਰੇਸ਼ਟ ਵਿਅਕਤਿਤ੍ਵ ਇਕ ਚੂਲ ਬਣ ਗਿਆ ਜਿਸ ਦੁਆਲੇ ਸਿੱਖ ਪੰਥ ਹੌਲੇ ਹੌਲੇ ਉਸਰਨ ਲੱਗਾ। ਗੁਰੂ ਨਾਨਕ ਦੇ ਉੱਤਰਾਧਿਕਾਰੀਆਂ ਨੇ ਸਿੱਖਾਂ ਅਤੇ ਸ੍ਰੀ ਚੰਦ ਦੇ ਅਨੁਯਾਈ 'ਉਦਾਸੀਆਂ' ਵਿਚਕਾਰ ਵਿਥ ਪੈਦਾ ਕਰ ਦਿੱਤੀ ਅਤੇ ਸਿੱਖ ਮਤ ਅਸਲੀ ਤੌਰ ਤੇ ਗ੍ਰਿਹਸਥੀਆਂ ਦਾ ਧਰਮ ਬਣ ਗਿਆ। ਇਸ ਨੇ

---

14. ਤੇਜਾ ਸਿੰਘ, ਉਪਰੋਕਤ ਰਚਨਾ, ਪੰਨਾ 4, ਦੇਖੋ ਕਰਤਾਰ ਸਿੰਘ ਦੀ ਉਪਰੋਕਤ ਰਚਨਾ, ਪੰਨਾ 6, ਫ਼ੁੱਟ ਨੋਟ। ਤੇਜਾ ਸਿੰਘ ਦਾ ਵਿਚਾਰ ਹੈ ਕਿ ਗੁਰੂ ਨਾਨਕ ਨੇ ਸੋਚ ਸਮਝ ਕੇ ਕੌਮ ਉਸਾਰੀ ਦਾ ਕੰਮ ਕੀਤਾ ਹੈ। ਅਤੇ ਉਨ੍ਹਾਂ ਦੇ ਉੱਤਰਾਧਿਕਾਰੀਆਂ ਹੇਠ "ਸਾਰੀ ਕੌਮ ਨਿਰਮਾਣ ਅਵੱਸਥਾ ਵਿਚ ਸੀ ਅਤੇ ਸਾਰੀ ਸਿੱਖਿਆ ਤੇ ਕਰਮ ਇਸ ਦੇ ਆਚਰਣ ਨਿਰਮਾਣ ਲਈ ਘੜੇ ਗਏ ਸਨ (ਪੰਨਾ 2)"। ਉਹ ਇਹ ਦੱਸਦੇ ਹਨ ਕਿ ਕਿਵੇਂ ਹਰੇਕ ਗੁਰੂ ਨੇ ਇਕ ਜ਼ਰੂਰੀ ਪ੍ਰਵਿਰਤੀ ਪ੍ਰਦਾਨ ਕੀਤੀ, ਜਦ ਕਿ ਅੰਤ ਗੁਰੂ ਗੋਬਿੰਦ ਸਿੰਘ ਹੇਠ ਇਕ ਪਰਿਪੂਰਨ ਕੌਮ ਹੋਂਦ ਵਿਚ ਆ ਗਈ। ਪਰ ਇਸ ਵਿਸ਼ੇ ਬਾਰੇ ਅਜੇਹਾ ਦ੍ਰਿਸ਼ਟੀਕੋਣ ਅਰਥਾਤ ਸਿੱਖ ਮਤ ਦਾ ਚੇਤੰਨ ਅਤੇ ਸੋਚਿਆ ਸਮਝਿਆ ਵਿਕਾਸ ਪਰਿਕਲਪਿਤ ਕਰਨਾ ਅਤਿਸਾਧਾਰਨੀਕਰਨ ਦੇ ਦੋਸ਼ ਤੋਂ ਰਹਿਤ ਨਹੀਂ ਅਤੇ ਇਸ ਨੂੰ ਕਦੇ ਵੀ ਇਤਿਹਾਸਕ ਨਹੀਂ ਮੰਨਿਆ ਜਾ ਸਕਦਾ।

ਧਾਰਮਕ ਸਬੰਧਾਂ ਤੋਂ ਇਲਾਵਾ, ਜੋ ਇਸ ਨੂੰ ਇਕ ਮੁਠ ਕਰੀ ਰਖਦੇ ਸਨ, ਇਸ ਵਿਚ ਕੁਝ ਕੁ ਸਮਾਜਕ ਲੱਛਣ ਵੀ ਭਰ ਦਿੱਤੇ ਅਤੇ ਗੁਰੂ ਵਿਚ ਵੀ ਸੰਸਾਰੀ ਲੱਛਣ ਸਮੋ ਦਿੱਤੇ ਗਏ, ਭਾਵੇਂ ਇਹ ਲੱਛਣ ਨਿਰਸੰਦੇਹ ਅਬਲ ਅਤੇ ਪਰੋਖੇ ਰੂਪ ਵਿਚ ਸਨ। ਇਸ ਤੋਂ ਉਪਰੰਤ ਗੁਰੂ ਨਾਨਕ ਦੇ ਉੱਤਰਾਧਿਕਾਰੀਆਂ ਦੀ ਸਿਆਣੀ ਅਗਵਾਈ ਹੇਠ ਸਿੱਖ ਮਤ ਨੇ ਸੰਗਠਨ ਦਾ ਉਹ ਅਦੁਤੀ ਸੁਭਾਵ ਵਿਕਸਿਤ ਕਰ ਲਿਆ ਕਿ ਇਸ ਦੇ ਵਿਵਹਾਰਕ ਸਿੱਟਿਆਂ ਨੂੰ ਐਨ ਨਿਸ਼ਚਿਤ ਕਰ ਦਿੱਤਾ। ਗੁਰੂ ਗ੍ਰੰਥ ਸਾਹਿਬ ਦੀ ਬੀੜ ਸੰਪੂਰਨ ਹੋਣ ਨਾਲ ਮਿਥਿਹਾਸ ਅਤੇ ਮਰਯਾਦਾ ਤੋਂ ਨਾਤਾ ਪੱਕੀ ਤਰ੍ਹਾਂ ਟੁੱਟ ਗਿਆ ਅਤੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਤਕ ਸਿੱਖ ਮਤ ਮੁੱਢ ਵਿਚ 'ਸੰਗਤਾਂ' ਅਤੇ 'ਮਸੰਦਾਂ' ਦੁਆਰਾ ਇਕ ਵਿਸ਼ਾਲ ਅਤੇ ਕੇਂਦ੍ਰੀਕ੍ਰਿਤ ਸੰਗਠਨ ਬਣ ਗਿਆ ਸੀ। ਇਸ ਸੰਗਠਨ ਦੀ ਸ਼ਕਤੀ, ਸਿੱਖ ਮਤ ਦੇ ਧਾਰਮਕ ਆਦੇਸ਼ਾਂ ਦੀ ਅਤਿ-ਤੀਬਰਤਾ ਦੇ ਨਾਲ ਨਾਲ ਮੁਸਲਮਾਨ ਅਤਿਆਚਾਰ ਵਿਰੁੱਧ ਪ੍ਰਤਿਕਰਮ ਦਾ ਸਾਨੂੰ ਅੰਦਾਜ਼ਾ ਦੇਂਦੀ ਹੈ।

ਇਹ ਪ੍ਰਤਿਕਰਮ ਅਚਾਨਕ ਸੈਨਿਕਵਾਦ ਵਿਚ ਪਰਿਵਰਤ ਹੋ ਗਿਆ ਪਰੰਤੂ ਇਹ ਸੈਨਿਕਵਾਦ ਰੱਖਿਆਕਾਰੀ ਸਰੂਪ ਵਾਲਾ ਸੀ। "ਗੁਰੂ ਅਰਜਨ ਦੇਵ ਜੀ ਨੇ ਇਹ ਸਾਫ਼ ਦੇਖ ਲਿਆ ਸੀ ਕਿ ਬਿਨਾਂ ਹਥਿਆਰਾਂ ਦੀ ਸਹਾਇਤਾ ਦੇ ਆਪਣੇ ਅਨੁਯਾਈਆਂ ਦੀ ਰੱਖਿਆ ਅਸੰਭਵ ਹੈ ਅਤੇ ਉਸ ਦਾ ਆਪਣੇ ਪੁੱਤਰ ਅਤੇ ਉੱਤਰਾਧਿਕਾਰੀ ਹਰਿਗੋਬਿੰਦ ਨੂੰ ਇਹ ਅੰਤਲਾ ਆਦੇਸ਼ ਸੀ ਕਿ ਉਹ ਗੱਦੀ ਤੇ ਹਥਿਆਰਬੰਦ ਹੋ ਕੇ ਬੈਠੇ ਅਤੇ ਵੱਧ ਤੋਂ ਵੱਧ ਭਾਰੀ ਫੌਜ ਇਕੱਠੀ ਕਰੇ।" ਅਕਬਰ ਦੇ ਸਹਿਨਸ਼ੀਲਤਾ ਵਾਲੇ ਦਿਨ ਬੀਤ ਚੁੱਕੇ ਸਨ ਅਤੇ ਨਵੀਂ ਹਕੂਮਤ ਦੇ ਸ਼ੁਰੂ ਵਿਚ ਹੀ ਸਿੱਖਾਂ ਨੂੰ ਜੋ ਤਲਖ ਤਜਰਬਾ ਹੋਇਆ, ਉਸ ਨੇ ਇਹ ਨਿਸ਼ਚਾ ਕਰਾ ਦਿੱਤਾ ਕਿ ਅੱਗੋਂ ਸਮਾਂ ਔਖਾ ਆਉਣ ਵਾਲਾ ਹੈ। ਭਵਿੱਖ ਵਿਚ ਵਾਪਰਨ ਵਾਲੀਆਂ ਅਚਿੰਤ ਘਟਨਾਵਾਂ ਦੀ ਸਾਵਧਾਨੀ ਵਜੋਂ ਗੁਰੂ ਹਰਿਗੋਬਿੰਦ ਨੇ ਸ਼ਸਤਰਾਂ ਨੂੰ ਧਾਰਿਆ, ਨਾ ਕਿ ਬਦਲਾ ਲੈਣ ਦੀ ਭਾਵਨਾ ਕਰਕੇ। ਉਸ ਦੇ ਜੀਵਨ ਤੋਂ ਸਪੱਸ਼ਟ ਹੈ ਕਿ ਜਿਥੋਂ ਤਕ ਸੰਭਵ ਹੋ ਸਕਦਾ ਸੀ ਉਸ ਨੇ ਰਾਜ ਨਾਲ ਟੱਕਰ ਨਾ ਲਈ ਅਤੇ ਕੁਝ ਸਮੇਂ ਲਈ ਉਸ ਦੇ ਬਾਦਸ਼ਾਹ ਜਹਾਂਗੀਰ ਨਾਲ ਮੈਤ੍ਰੀ ਸਬੰਧ ਸਨ ਅਤੇ ਉਸ ਨੇ ਮੁਗ਼ਲ ਹਕੂਮਤ ਦੀ ਪੰਜਾਬ ਵਿਚ ਸਹਾਇਤਾ ਵੀ ਕੀਤੀ। ਉਸ ਦੀਆਂ ਮੁਗ਼ਲਾਂ ਵਿਰੁੱਧ ਤਿੰਨੋਂ ਲੜਾਈਆਂ ਸੁਰੱਖਿਅਕ ਸਰੂਪ ਵਾਲੀਆਂ ਸਨ, ਅਤੇ ਇਨ੍ਹਾਂ ਵਿਚੋਂ ਕੋਈ ਵੀ ਲੜਾਈ ਆਪਣੀ ਸਹੇੜੀ ਨਹੀਂ, ਸਵਾਏ ਦੂਜੀ ਲੜਾਈ ਦੇ, ਜਿਸ ਬਾਰੇ ਸਾਡੇ ਕੋਲ ਬੜੀ ਸੰਦੇਹਪੂਰਨ ਵਾਰਤਾ ਹੈ ਕਿ ਬਾਦਸ਼ਾਹ ਦੇ ਲਾਹੌਰ ਵਾਲੇ ਅਸਤਬਲ ਵਿਚੋਂ ਜਬਰੀ ਦੋ ਘੋੜਿਆਂ ਨੂੰ ਛੁਡਾ ਲਿਆਂਦਾ ਸੀ। ਜਦ ਉਸ ਦੇਖਿਆ ਕਿ ਹਾਲਾਤ ਹੱਕ ਵਿਚ ਨਹੀਂ ਹਨ ਤਾਂ ਉਹ ਪਹਾੜਾਂ ਵੱਲ ਪਰਤ ਗਿਆ ਅਤੇ ਮਿਰਤੂ ਤੱਕ ਉਥੇ ਹੀ ਰਹਿੰਦਾ ਰਿਹਾ।

ਇਹ ਪਤਾ ਲਾਉਣਾ ਔਖਾ ਨਹੀਂ ਹੈ ਕਿ ਇਨ੍ਹਾਂ ਹਾਲਤਾਂ ਵਿਚ ਜਦ ਕਿ ਮੁਗ਼ਲ ਸਾਮਰਾਜ ਗੌਰਵ ਦੀ ਸਿਖਰ ਉੱਤੇ ਪੁੱਜ ਚੁੱਕਾ ਸੀ, ਵਧੇਰੇ ਪ੍ਰਬਲ ਕਾਰਜ ਦੇ ਚੱਲਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਗੁਰੂ ਹਰਿਗੋਬਿੰਦ ਦੇ ਉੱਤਰਾਧਿਕਾਰੀ ਇਹੋ ਨੀਤੀ ਜਾਰੀ ਰੱਖਣ ਲਈ ਚੇਤੰਨ ਸਨ ਅਤੇ ਸਰਕਾਰ ਨਾਲ ਲੜਨੋ ਸੰਕੋਚ ਕਰਦੇ ਰਹੇ। ਪਰ ਇਹ ਉਨ੍ਹਾਂ ਦੀ ਅਪਾਰ ਪ੍ਰਸ਼ੰਸਾ ਵਿਚ ਕਹਿਣਾ ਜ਼ਰੂਰੀ ਹੈ ਕਿ ਉਨ੍ਹਾਂ ਸੁਰੱਖਿਆ ਨੂੰ

ਕਰਤੱਵ ਅਤੇ ਨਿਆਇ ਤੇ ਕਦੇ ਭਾਰੂ ਨਹੀਂ ਹੋਣ ਦਿੱਤਾ ਸੀ। ਗੁਰੂ ਹਰਿ ਰਾਇ, ਜੋ ਗੁਰੂ ਹਰਿਗੋਬਿੰਦ ਮਗਰੋਂ ਗੱਦੀ ਤੇ ਬੈਠੇ, ਪਹਾੜਾਂ ਵਿਚ ਹੀ ਰਹਿੰਦੇ ਰਹੇ, ਪਰ ਸਾਵਧਾਨੀ ਵਜੋਂ ਉਨ੍ਹਾਂ ਨੇ 2,000 ਸੈਨਿਕ ਰੱਖੇ ਹੋਏ ਸਨ ਅਤੇ ਉਨ੍ਹਾਂ ਦਾ ਦਰਬਾਰ ਅਰਧ-ਸੁਤੰਤਰ ਸੈਨਿਕ ਸਰਦਾਰ ਦੀ ਸਜਧਜ ਅਤੇ ਜਲੌਂ ਰਖਦਾ ਸੀ। ਉਨ੍ਹਾਂ ਕੇਵਲ ਆਪਣੇ ਅਨੁਯਾਈਆਂ ਦੇ ਸ਼ਾਂਤਮਈ ਸੰਗਠਨ ਵੱਲ ਹੀ ਧਿਆਨ ਦਿੱਤਾ। ਪਰੰਤੂ ਇਕ ਵਾਰ ਵੀ ਉਨ੍ਹਾਂ ਮਿੱਤਰਤਾ ਅਤੇ ਮਿਲਾਪ ਦੀ ਮੰਗ ਤੇ ਆਪਣੀ ਸ਼ਾਂਤਮਈ ਨੀਤੀ ਨੂੰ ਤਿਆਗ ਦੇਣ ਲਈ ਸੰਕੋਚ ਨਹੀਂ ਕੀਤਾ। ਉਨ੍ਹਾਂ ਦਾਰਾ ਸ਼ਕੋਹ ਦੀ ਸਹਾਇਤਾ ਕੀਤੀ ਜਦ ਉਹ ਔਰੰਗਜ਼ੇਬ ਦੇ ਹੱਥੋਂ ਹਾਰ ਖਾ ਕੇ ਪੰਜਾਬ ਵਿਚ ਭੱਜ ਆਇਆ ਸੀ। ਛੇਤੀ ਹੀ ਮਗਰੋਂ ਅਤਿਆਚਾਰ ਅਤੇ ਜ਼ੁਲਮ ਦਾ ਦੌਰ ਸ਼ੁਰੂ ਹੋ ਗਿਆ। ਬਾਲ ਗੁਰੂ ਹਰਿ ਕ੍ਰਿਸ਼ਨ ਦੀ ਮੌਤ ਮਗਰੋਂ ਗੁਰੂ ਤੇਗ਼ ਬਹਾਦਰ ਗੁਰ-ਗੱਦੀ ਦੇ ਉਚਿਤ ਮਾਲਕ ਬਣੇ ਤਾਂ ਉਹ ਹੋਰ ਅਗਾਂਹ ਪਹਾੜਾਂ ਵਿਚ ਨਿਕਲ ਗਏ ਅਤੇ ਕੋਹਲੂਰ ਦੀ ਪਹਾੜੀ ਰਿਆਸਤ ਵਿਚ ਮਾਖੋਵਾਲ ਦੇ ਸਥਾਨ ਤੇ ਜਾ ਵਸੇ। ਪਰੰਤੂ ਅਸੰਤੁਸ਼ਟ ਰਾਮ ਰਾਇ ਦੇ ਸਪੱਸ਼ਟ ਵੈਰ ਕਾਰਨ, ਜੋ ਆਪਣੇ ਪਿਤਾ ਦੇ ਉਸ ਦੇ ਛੋਟੇ ਭਰਾ ਹਰਿ ਕ੍ਰਿਸ਼ਨ ਨੂੰ ਗੁਰ-ਗੱਦੀ ਬਖ਼ਸ਼ਣ ਸਮੇਂ ਤੋਂ ਹੀ ਅਸਲੀ ਗੁਰੂਆਂ ਵਿਰੁੱਧ ਸਾਜਿਸ਼ਾਂ ਕਰਨੋਂ ਨਹੀਂ ਹਟਿਆ ਸੀ, ਅਤੇ ਹੋਰਨਾਂ ਖੱਤ੍ਰੀ-ਸੋਢੀਆਂ ਤੇ, ਵਿਸ਼ੇਸ਼ ਕਰਕੇ ਧੀਰਮਲ ਜੋ ਗੁਰੂ ਹਰਿ ਰਾਇ ਜੀ ਦਾ ਵੱਡਾ ਭਰਾ ਸੀ, ਗੁਰੂ ਤੇਗ਼ ਬਹਾਦੁਰ ਨੇ ਆਪਣੀ ਸਥਿਤੀ ਮਾਖੋਵਾਲ ਵਿਚ ਵੀ ਅਸੁਰੱਖਿਅਤ ਸਮਝੀ ਅਤੇ ਕੁਝ ਸਮੇਂ ਲਈ ਸਫ਼ਰ ਤੇ ਨਿਕਲ ਪਏ। ਮੁੜ ਪੰਜਾਬ ਪਰਤਣ ਸਮੇਂ ਉਨ੍ਹਾਂ ਦੇਖਿਆ ਕਿ ਕਿਵੇਂ ਸ਼ਹਿਨਸ਼ਾਹ ਧਰਮ-ਬਦਲੀ ਲਈ, ਸ਼ਾਂਤਮਈ ਹਿੰਦੂ ਜਨਤਾ ਵਿਚ ਤਬਾਹੀ ਮਚਾ ਰਿਹਾ ਹੈ, ਤਾਂ ਉਨ੍ਹਾਂ ਲਈ ਨਿਰਲੇਪ ਰਹਿਣਾ ਅਸੰਭਵ ਹੋ ਗਿਆ। ਉਨ੍ਹਾਂ ਦੇ ਉੱਚ-ਧਾਰਮਕ ਆਦਰਸ਼ਾਂ ਨੇ ਉਨ੍ਹਾਂ ਨੂੰ ਸਾਰੀਆਂ ਸਾਵਧਾਨੀਆਂ ਤਿਆਗਣ ਲਈ ਮਜਬੂਰ ਕਰ ਦਿੱਤਾ ਅਤੇ ਸ਼ਹਿਨਸ਼ਾਹ ਵਿਰੁੱਧ ਕਸ਼ਮੀਰੀ ਬ੍ਰਾਹਮਣਾਂ ਦੀ ਖੁਲ੍ਹਮ-ਖੁਲ੍ਹਾ ਹਮਾਇਤ ਕੀਤੀ। ਇਸੇ ਕਾਰਨ ਹੀ ਉਹ ਦਿੱਲੀ ਲਿਜਾਏ ਗਏ ਅਤੇ ਲੋਕਾਂ ਸਾਹਮਣੇ ਸ਼ਹੀਦ ਕਰ ਦਿੱਤੇ ਗਏ।

ਇਸ ਦਾ ਪ੍ਰਤਿਕਰਮ ਅਤਿ ਤੀਖਣ ਹੋਇਆ। ਸਿੱਖ ਸਮਝ ਗਏ ਸਨ ਕਿ ਸ਼ਹਿਨਸ਼ਾਹ ਦੀ ਧਾਰਮਕ ਅਤਿਆਚਾਰ ਦੀ ਪ੍ਰਤੱਖ ਨੀਤੀ ਉਨ੍ਹਾਂ ਦਾ ਬੀ-ਨਾਸ ਕਰਨ ਤੇ ਤੁਲੀ ਹੋਈ ਹੈ ਅਤੇ ਗੁਰੂ ਹਰਿਗੋਬਿੰਦ ਦੇ ਸਮੇਂ ਦਾ ਸੀਮਿਤ ਸੈਨਿਕਵਾਦ ਹੁਣ ਅਪੂਰਨ ਸੀ। ਹੋਰਨਾਂ ਦਿਸ਼ਾਵਾਂ ਵਿਚ ਵੀ ਸਥਿਤੀ ਬਦਲ ਚੁੱਕੀ ਸੀ। ਸ਼ਹਿਨਸ਼ਾਹ ਨੇ ਰਾਜਪੂਤਾਂ ਨੂੰ ਵਿਰੁੱਧ ਕਰ ਲਿਆ ਸੀ ਅਤੇ ਮਰਹੱਟਿਆਂ ਨਾਲ ਉਸ ਦਾ ਦੀਰਘ ਅਤੇ ਸਰਗਰਮ ਯੁੱਧ ਉਸ ਦੇ ਸਾਧਨਾਂ ਨੂੰ ਉਖੇੜਨ ਲੱਗ ਪਿਆ ਸੀ। ਮੁਗ਼ਲਾਂ ਦੇ ਇਨ੍ਹਾਂ ਰੁਝੇਵਿਆਂ ਵਿਚ ਪਹਿਲੋਂ ਹੀ ਖਚਿਤ ਹੋਣ ਕਰਕੇ ਪ੍ਰਬਲ ਨੀਤੀ ਦੀ ਸਫ਼ਲਤਾ ਦੀ ਵਧੇਰੇ ਸੰਭਾਵਨਾ ਸੀ ਅਤੇ ਸਿੱਖ ਮਤ ਦਾ ਇਹ ਸੁਭਾਗ ਸੀ ਕਿ ਇਸ ਸੰਕਟ ਸਮੇਂ ਉਸ ਨੂੰ ਇਕ ਅਜੇਹੇ ਸਾਹਸੀ ਅਤੇ ਦੂਰਦਰਸ਼ੀ ਜਹਾਨ ਆਗੂ ਦੀ ਅਗਵਾਈ ਪ੍ਰਾਪਤ ਸੀ ਜੋ ਕਿ ਇਸ ਨੂੰ ਬਦਲ ਚੁੱਕੇ ਵਾਤਾਵਰਨ ਦੇ ਸੁਭਾਵ ਅਨੁਕੂਲ ਢਾਲ ਸਕਦਾ ਸੀ। ਸੋ ਖਾਲਸਾ ਜਾਂ ਸਿੱਖ ਸੈਨਿਕ ਧਰਮਤੰਤਰ ਦਾ ਜਨਮ ਹੋਇਆ।

ਉਪਰੋਕਤ ਵਿਸ਼ਲੇਸ਼ਣ ਸਾਨੂੰ 'ਖਾਲਸੇ' ਦੀ ਉੱਤਪਤੀ ਦੇ ਮੁੱਖ ਪੜਾਵਾਂ ਦੀ ਮੋਟੀ

ਜੇਹੀ ਰੂਪ ਰੇਖਾ ਦਰਸਾਉਂਦਾ ਹੈ ਅਤੇ ਇਸ ਵਿਕਾਸ ਦੀਆਂ ਸਹਾਈ, ਅੰਤ੍ਰੀਵ ਅਤੇ ਬਾਹਰੀ ਸ਼ਕਤੀਆਂ ਬਾਰੇ ਥੋੜ੍ਹਾ ਜੇਹਾ ਸੰਕਲਪ ਬਣਾਉਂਦਾ ਹੈ। ਇਹ ਵੀ ਇਕ ਮਹੱਤਵਪੂਰਨ ਵਿਚਾਰ ਰਹਿ ਗਿਆ ਹੈ। ਇਹ, ਲੱਗਭੱਗ ਇਤਿਹਾਸ ਦਾ ਪ੍ਰਮਾਣਿਤ ਤੱਥ ਹੈ ਕਿ ਧਾਰਮਕ ਪੱਧਤੀ ਜਦ ਇਕ ਕੌਮ ਤੋਂ ਦੂਜੀ ਕੌਮ ਵਿਚ ਜਾਂ ਇਕ ਦੇਸ਼ ਤੋਂ ਦੂਜੇ ਦੇਸ਼ ਵਿਚ ਜਾਂਦੀ ਹੈ ਤਾਂ ਇਸ ਵਿਚ ਪਰਿਵਰਤਨ ਹੁੰਦਾ ਰਹਿੰਦਾ ਹੈ। ਇਸ ਗੱਲ ਤੋਂ ਇਨਕਾਰ ਕਰਨਾ ਅਸੰਭਵ ਹੈ ਕਿ ਇਹ ਪਰਿਵਰਤਨ ਮੂਲ ਰੂਪ ਵਿਚ ਨਸਲ ਅਤੇ ਵਾਤਾਵਰਣ ਦੇ ਕਾਰਨਾਂ ਦਾ ਫਲ ਹੁੰਦਾ ਹੈ। ਬਰਟਰੈਂਡ ਰੱਸਲ ਜਾਪਾਨ ਵਿਚ ਬੁੱਧ ਮਤ ਬਾਰੇ ਕਹਿੰਦਾ ਹੈ, "ਬਹੁਤੇ ਪੱਖਾਂ ਤੋਂ ਅਸੀਂ ਇਹ ਦੇਖ ਸਕਦੇ ਹਾਂ ਕਿ ਜੋ ਕੁਝ ਟਿਊਟਾਨਿਕ ਕੌਮਾਂ (Teutonic Nations) ਨੇ ਈਸਾਈ ਮਤ ਨਾਲ ਕੀਤਾ ਉਹ ਕੁਝ ਹੀ ਜਾਪਾਨੀਆਂ ਨੇ ਬੁੱਧ ਮਤ ਨਾਲ ਕੀਤਾ। ਬੁੱਧ ਮਤ ਅਤੇ ਇਸਾਈ ਮਤ ਬੁਨਿਆਦੀ ਤੌਰ ਤੇ ਸੁਭਾਵ ਵਜੋਂ ਬਹੁਤ ਹੱਦ ਤਕ ਸਮਰੂਪ ਹਨ। ਇਨ੍ਹਾਂ ਦੋਹਾਂ ਮੱਤਾਂ ਦਾ ਆਸ਼ਾ ਸੰਸਾਰ ਦੇ ਤਿਆਗ ਦੁਆਰਾ ਪਵਿੱਤ੍ਰਤਾ ਦੀ ਪ੍ਰਾਪਤੀ ਹੈ। ਇਹ ਦੋਨੋਂ ਮਤ ਰਾਜਨੀਤੀ, ਸਰਕਾਰ ਅਤੇ ਧਨ ਵੱਲੋਂ ਬੇਮੁਖ ਹਨ ਅਤੇ ਇਨ੍ਹਾਂ ਦੀ ਥਾਂ ਉਹ ਅਗਲੇ ਜੀਵਨ ਨੂੰ ਦਿੰਦੇ ਹਨ ਜੋ ਕਿ ਅਸਲੀ ਮਹੱਤਾ ਵਾਲਾ ਹੈ। ਇਹ ਦੋਵੇਂ ਹੀ ਸ਼ਾਂਤੀ, ਨਿਮਰਤਾ ਅਤੇ ਅਪ੍ਰਤਿਰੋਧ ਦੀ ਸਿੱਖਿਆ ਦੇਂਦੇ ਹਨ। ਪਰ ਬਰਾਬਰ ਲੋਕਾਂ ਦੀਆਂ ਲੜਾਕੂ ਪ੍ਰਵਿਰਤੀਆਂ ਦੇ ਅਨੁਕੂਲ ਹੋਣ ਲਈ ਇਨ੍ਹਾਂ ਵਿਚ ਢੇਰ ਸਾਰਾ ਪਰਿਵਰਤਨ ਆਇਆ। ਜਾਪਾਨ ਵਿਚ ਅਨਗਿਣਤ ਮਤ ਪੈਦਾ ਹੋ ਗਏ, ਜਿਨ੍ਹਾਂ ਦਾ ਉਪਦੇਸ਼ ਮਹਾਯਾਨ ਸੰਪ੍ਰਦਾਇ ਨਾਲੋਂ ਕਈ ਪੱਖਾਂ ਤੋਂ ਭਿੰਨ ਸੀ। ਬੁੱਧ ਮਤ ਰਾਸ਼ਟਰੀ ਅਤੇ ਸੈਨਿਕ ਸੁਭਾਅ ਦਾ ਬਣ ਗਿਆ, ਅਤੇ ਵੱਡੇ ਵੱਡੇ ਮੱਠਾਂ ਦੇ ਮਹੰਤ (abbots) ਪ੍ਰਭਾਵਸ਼ਾਲੀ ਸਾਮੰਤੀ ਸਰਦਾਰ ਬਣ ਗਏ, ਜਿਨ੍ਹਾਂ ਦੀ ਫ਼ੌਜ ਉਨ੍ਹਾਂ ਦੇ ਭਿਕਸ਼ੂ (monks) ਹੁੰਦੇ ਸਨ ਜੋ ਰਤਾ ਜਿੰਨੀ ਉਕਸਾਹਟ ਤੇ ਵੀ ਲੜ ਮਰਨ ਲਈ ਤਤਪਰ ਰਹਿੰਦੇ ਸਨ। ਜਾਪਾਨ ਦੇ ਇਤਿਹਾਸ ਵਿਚ ਮੱਠਾਂ ਦੇ ਕਬਜ਼ੇ ਅਤੇ ਭਿਕਸ਼ੂਆਂ ਦੀਆਂ ਲੜਾਈਆਂ ਨਿਰੰਤਰ ਘਟਨਾਵਾਂ ਹਨ"।[15] ਰਹੀਸ ਡੇਵਿਡ ਲਿਖਦਾ ਹੈ ਕਿ ਮਹਾਯਾਨ ਬੁੱਧ ਮਤ ਦੇ ਨਿਰਮਾਨ ਵਿਚ ਸੀਥੀਅਨਾਂ (Seythians) ਅਤੇ ਕੁਸ਼ਾਨ ਤਾਰਤਰਾਂ (Kushan Tartars) ਦੇ ਰਾਸ਼ਟਰੀ ਆਚਰਨ ਦਾ ਕੋਈ ਘੱਟ ਹੱਥ ਨਹੀਂ ਸੀ।[16]

ਫਾਰਸ ਵਿਚ ਇਸਲਾਮ ਮਤ ਦਾ ਇਤਿਹਾਸ ਇਸ ਘਟਨਾ ਦਾ ਇਕ ਹੋਰ ਮਹੱਤਵ-ਪੂਰਨ ਦ੍ਰਿਸ਼ਟਾਂਤ ਪੇਸ਼ ਕਰਦਾ ਹੈ। ਜਿਵੇਂ ਸਰ ਵਿਲੀਅਮ ਮੂਰ ਲਿਖਦਾ ਹੈ, "ਫ਼ਾਰਸ ਦੇ ਪ੍ਰਭਾਵ ਨਾਲ ਅਰਬ ਲੋਕਾਂ ਦੇ ਜੀਵਨ ਦਾ ਖਰਵਾਪਨ ਮੁਲਾਇਮ ਹੋ ਗਿਆ ਅਤੇ ਇਸ ਦੇ ਨਾਲ ਹੀ ਸੰਸਕ੍ਰਿਤੀ, ਸਹਿਨਸ਼ੀਲਤਾ ਤੇ ਵਿਗਿਆਨਿਕ ਖੋਜਾਂ ਦਾ ਯੁੱਗ ਸ਼ੁਰੂ ਹੁੰਦਾ ਹੈ..... ਦਰਬਾਰੀ ਵਿਵਹਾਰ ਅਤੇ ਨੈਤਿਕ ਚਰਿੱਤਰਤਾ ਦੇ ਢੰਗਾਂ ਵਿਚ ਨਿਤ ਵੱਧ ਰਹੀ ਸਿਥਲਤਾ ਦਾ ਮੂਲ ਵੀ ਇਹੋ ਕਿਹਾ ਜਾ ਸਕਦਾ ਹੈ। ਇਹ ਕਾਰਨ ਉਨ੍ਹਾਂ ਦੈਵੀ ਵਿਚਾਰਾਂ ਦਾ ਸੀ ਜੋ ਰੱਬੀ ਇਮਾਮਤ (Imamat) ਦੇ ਜਾਂ 'ਅਲੀ' (Ali) ਦੇ ਘਰਾਣੇ ਦੇ ਕਿਸੇ ਮੈਂਬਰ ਦੀ ਆਤਮਿਕ ਅਗਵਾਈ ਵਿਚੋਂ ਪੈਦਾ ਹੋਏ ਸਨ, ਅਤੇ ਸੁਤੰਤਰ ਵਿਚਾਰ

15. Bertrand Russell. *The Problem of China*. pp. 91. 92.
16. Rhys Davids. *Buddhist India*. p. 320.

ਸ਼ਕਤੀ ਦੇ ਤੀਬਰ ਵਿਕਾਸ ਦਾ ਵੀ ਇਹੋ ਮੂਲ ਸੀ"।[17] ਇਸ ਦੇ ਪ੍ਰਤਿਕਰਮ ਦਾ ਖੇਤਰ ਵਿਸ਼ਾਲ ਸੀ ਅਤੇ ਅਨੇਕਾਂ ਢੰਗਾਂ ਦੁਆਰਾ ਇਹ ਰੂਪਮਾਨ ਹੋਇਆ। ਪਰ ਧਾਰਮਕ ਖੇਤਰ ਵਿਚ ਇਸ ਦੀ ਕ੍ਰਿਆ ਸ਼ਾਇਦ ਸਭ ਤੋਂ ਵੱਧ ਉਘੜਵੀਂ ਸੀ। ਮੁਤਜ਼ੀਲਾ ਧਾਰਮਕ ਨਾਸਤਿਕ ਮਤ ਜਿਸ ਦਾ ਸਿਧਾਂਤ 'ਸੁਤੰਤਰ ਇੱਛਾ' ਸੀ ਅਤੇ ਜਿਸ ਨੇ 'ਕੁਰਾਨ ਦੇ ਰੱਬੀ' ਹੋਂਦ ਦੇ ਸਨਾਤਨੀ ਵਿਚਾਰ ਦਾ ਖੰਡਨ ਕੀਤਾ ਸੀ ਜਾਂ ਸੂਫ਼ੀਆਂ ਦੀਆਂ ਆਦਰਸ਼ ਸਰਵੇ ਸ਼ਵਰੀ ਰਹੱਸਵਾਦ ਵਰਗੀਆਂ ਲਹਿਰਾਂ ਉੱਤੇ ਫਾਰਸੀ ਪ੍ਰਭਾਵ ਕਿੰਨਾ ਕੁ ਸੀ ਅਤੇ ਕਿਹੋ ਜਿਹਾ ਸੀ, ਇਸ ਬਾਰੇ ਰਾਵਾਂ ਵਿਚ ਸਹਿਮਤੀ ਨਹੀਂ ਹੈ। ਪਰੰਤੂ ਇਹ ਸ਼ੱਕ ਵਾਲੀ ਗੱਲ ਨਹੀਂ ਕਿ ਇਸ ਦੇ ਨਾਲ ਨਾਲ ਕਿੰਨੇ ਹੀ ਮੁਹੰਮਦੀ ਨਾਸਤਿਕ ਮਤ ਉਗਮ ਪਏ, ਜਿਨ੍ਹਾਂ ਪੂਰਵ-ਮੁਸਲਮਾਨੀ ਅਤੇ ਗ਼ੈਰ-ਮੁਸਲਮਾਨੀ ਵਿਚਾਰਾਂ ਨੂੰ ਨਵੇਂ ਰੂਪਾਂ ਵਿਚ ਪੁਨਰ ਸਜੀਵ ਅਤੇ ਸਾਕਾਰ ਕੀਤਾ। ਕੱਟੜ-ਸ਼ੀਆਂ (Ultra Shilite) ਦੀਆਂ ਬਹੁਤ ਸਾਰੀਆਂ ਸੰਪਰਦਾਵਾਂ "ਪਹਿਲੇ ਜਰੂਰੀ ਸਿੱਧਾਂਤ ਸਗੁਣਵਾਦ, ਅਵਤਾਰਵਾਦ, ਪੁਨਰ ਅਵਤਾਰਵਾਦ, ਆਵਾਗਮਨ ਅਤੇ ਪੁਨਰ ਜਨਮ ਉੱਤੇ ਜ਼ੋਰ ਦਿੰਦੀਆਂ ਹਨ। ਇਹੋ ਸਿੱਧਾਂਤ ਹੀ ਫਾਰਸੀ ਵਿਚ ਸਥਾਨਮਾਰੀ ਦਿਖਾਈ ਦਿੰਦੇ ਹਨ ਅਤੇ ਜੋ ਯੋਗ ਉਤੇਜਨਾ ਦੁਆਰਾ ਮਹਾਮਾਰੀ ਵਿਚ ਬਦਲਣ ਲਈ ਤਿਆਰ ਸਨ। ਸਾਡੇ ਆਪਣੇ ਸਮੇਂ ਵਿਚ ਇਹ ਮੁੜ ਬਾਬੀ ਲਹਿਰ ਵਿਚ ਪ੍ਰਗਟ ਹੋਏ ਹਨ ਅਤੇ ਵਿਸ਼ੇਸ਼ ਕਰਕੇ ਇਸ ਦੇ ਆਰੰਭਿਕ ਰੂਪਾਂ ਦੀ ਇਹ ਚੂਲ ਸਨ"।[18] ਕੀ ਇਨ੍ਹਾਂ ਸਾਰਿਆਂ ਜਾਂ ਕੁਝ ਇਕ ਵਿਚ ਅਸੀਂ, 'ਆਰੀਆ ਲੋਕਾਂ ਦੀ ਉਨ੍ਹਾਂ ਉੱਤੇ ਜਬਰੀ ਠੋਸੇ ਸੈਮਿਟਿਕ ਧਰਮ ਵਿਰੁੱਧ ਪ੍ਰਤਿਕਰਮ' ਲੱਭ ਸਕਦੇ ਹਾਂ? ਇਹ ਕਹਿਣਾ ਬੜਾ ਮੁਸ਼ਕਲ ਹੈ ਅਤੇ ਇਸ ਦਾ ਨਿਰਨਾ ਵਿਸ਼ੇਸ਼ੱਗ ਉੱਤੇ ਹੀ ਛੱਡ ਦੇਣਾ ਚਾਹੀਦਾ ਹੈ।

ਇਹ 'ਨਸਲ ਅਤੇ ਧਰਮ' ਦਾ ਪ੍ਰਸ਼ਨ ਭਾਵੇਂ ਕਾਫ਼ੀ ਦੇਰ ਮਗਰੋਂ ਮਨੋਵਿਗਿਆਨ ਅਤੇ ਸਮਾਜਕ-ਮਾਨਵਵਾਦ ਦੇ ਅਧਿਐਨ ਵਿਚ ਕੁਝ ਧਿਆਨ ਖਿੱਚਦਾ ਰਿਹਾ ਹੈ ਅਤੇ ਇਸ ਦੇ ਅੰਤਰਗਤ ਕੰਮ ਕਰ ਰਹੀ ਪ੍ਰਕ੍ਰਿਆ ਸਬੰਧੀ ਵਿਗਿਆਨਕ ਅਤੇ ਪਰਿਸ਼ੁਧ ਨਿਰਣੇ ਲਈ ਯਤਨ ਕੀਤੇ ਗਏ। ਮੈਕਡੂਗਲ ਦਾ ਕਥਨ ਹੈ, "ਵਾਸਤਵ ਵਿਚ ਅਸੀਂ ਹਰੇਕ ਵਿਸ਼ੇਸ਼ ਪ੍ਰਕਾਰ ਦੀ ਸਭਿਅਤਾ ਨੂੰ ਇਕ ਜਾਤੀਵਰਗ ਮੰਨ ਸਕਦੇ ਹਾਂ, ਜੋ ਵਧੇਰੇ ਕਰਕੇ ਚੋਣ ਅਨੁਸਾਰ ਵਿਕਸਦੀ ਹੈ। ਇਹ ਚੋਣ ਅਭਿਕਰਨ ਲੋਕਾਂ ਦੇ ਜਮਾਂਦਰੂ ਮਾਨਸਕ ਬਣਤਰ ਹੁੰਦੇ ਹਨ ਜੋ ਪਸ਼ੂ ਜਾਤੀਆਂ ਵਿਚ ਭੌਤਿਕ ਵਾਤਾਵਰਣ ਵਾਲਾ ਹੀ ਕਾਰਜ ਸਿੱਧ ਕਰਦੇ ਹਨ ਅਤੇ ਉਨ੍ਹਾਂ ਦੇ ਸਮਰੂਪ ਹੀ ਹੁੰਦੇ ਹਨ।" ਅਗੋਂ ਇਹ ਸੁਝਾਅ ਦੇਂਦਾ ਹੈ ਕਿ "ਇਨ੍ਹਾਂ ਸਿੱਧਾਂਤਾਂ ਦੀ ਵਿਆਖਿਆ ਵੱਖ ਵੱਖ ਜਾਤੀ ਦੇ ਲੋਕਾਂ ਵਿਚ ਧਾਰਮਕ ਪ੍ਰਣਾਲੀਆਂ ਦੇ ਪ੍ਰਚੱਲਿਤ ਹੋਣ ਅਤੇ ਉਨ੍ਹਾਂ ਦੇ ਸੁਧਾਰ ਤੋਂ ਵਧੇਰੇ ਸਪੱਸ਼ਟ ਹੋ ਸਕਦੀ ਹੈ।" ਇਸ ਸੁਧਾਰ ਦੇ ਉਦਾਹਰਣ ਵਜੋਂ ਉਹ ਪੱਛਮੀ ਯੂਰਪ ਵਿਚ ਇਸਾਈ ਮਤ ਦਾ ਦੋ ਵੱਡਿਆਂ ਭਾਗਾਂ ਵਿਚ ਵੰਡੇ ਜਾਣਾ ਦੱਸਦਾ ਹੈ। ਸਾਨੂੰ ਇਹ ਦੱਸਿਆ ਜਾਂਦਾ ਹੈ ਕਿ ਮਾਨਵਸ਼ਾਸਤ੍ਰੀਆਂ ਦੇ ਯੂਰਪ ਦੀਆਂ ਜਾਤੀਆਂ ਸਬੰਧੀ ਮਤਭੇਦ ਅਤੇ ਅਨਿਸਚਿਤਤਾਵਾਂ ਹੋਣ ਦੇ ਬਾਵਜੂਦ

17. Sir William Muir. *The Caliphate. Rise, Decline and Fall*. p. 434.
18. Edward G. Browne. *Literary History of Persia*. pp. 308.311.

ਵੀ ਉੱਤਰੀ ਵੰਡ-ਵਰਗ ਦੀ ਉਤਪਤੀ ਵਾਲੀਆਂ ਜਾਤੀਆਂ ਪਛਾਣੀਆਂ ਜਾ ਸਕਦੀਆਂ ਹਨ। ਸਰੀਰਕ ਤੌਰ ਤੇ ਉਨ੍ਹਾਂ ਦਾ ਰੰਗ ਗੋਰਾ, ਵਾਲ ਸੁੰਦਰ ਅਤੇ ਅੱਖਾਂ ਰੂਪਮਾਨ ਹਨ ਅਤੇ ਮਾਨਸਿਕ ਤੌਰ ਤੇ ਉਨ੍ਹਾਂ ਵਿਚ ਆਚਰਨਿਕ ਸੁਤੰਤਰਤਾ, ਵਿਅਕਤੀਗਤ ਉੱਦਮ ਅਤੇ ਸੰਕਲਪ ਦੀ ਦ੍ਰਿੜ੍ਹਤਾ ਵਧੇਰੇ ਹੈ। ਇਨ੍ਹਾਂ ਨੂੰ ਹੋਮੋਯੂਰਪੀਅਸ ਜਾਂ ਨਾਰਡਿਕ (Homo Europoeus or the Nordic) ਨਸਲ ਕਹਿੰਦੇ ਹਨ। ਬਾਕੀ ਯੂਰਪ ਦੀ ਸਾਰੀ ਵਸੋਂ, ਧੁਰ ਉੱਤਰ ਅਤੇ ਪੂਰਬ ਦੇ ਕੁਝ ਇਕ ਇਲਾਕਿਆਂ ਨੂੰ ਛੱਡ ਕੇ, ਦੋ ਵਿਕਾਸ ਦੀਆਂ ਦੋ ਮੁੱਖ ਕੁਲਾਂ ਹਨ। ਇਕ ਹੋਮੋ ਅਲਪੀਨਸ (Homo Alpinus) ਹੈ ਜੋ ਵਧੇਰੇ ਕਰਕੇ ਕੇਂਦਰੀ ਪ੍ਰਦੇਸ਼ਾਂ ਵਿਚ ਰਹਿੰਦੇ ਹਨ ਅਤੇ ਦੂਜੇ ਜੋ ਦੱਖਣ ਵਿਚ ਰਹਿੰਦੇ ਹਨ ਹੋਮੋ ਮੈਡੀਟੇਰੇਨੀਅਸ (Homo Mediterraneus) ਕਹਾਉਂਦੇ ਹਨ। ਇਨ੍ਹਾਂ ਦੋਹਾਂ ਨਸਲਾਂ ਦਾ ਰੰਗ ਕਾਲਾ ਅਤੇ ਨਾਰਡਿਕ ਨਸਲ ਦੇ ਲੋਕਾਂ ਨਾਲੋਂ ਇਨ੍ਹਾਂ ਵਿਚ ਸੁਤੰਤਰਤਾ ਅਤੇ ਉੱਦਮ ਘੱਟ ਹੈ, ਤੇ ਅਧਿਕਾਰ ਉੱਤੇ ਬਹੁਤਾ ਭਰੋਸਾ ਰੱਖਣ ਦੀ ਰੁਚੀ ਹੈ। ਹੁਣ ਅਸੀਂ ਦੇਖ ਸਕਦੇ ਹਾਂ ਕਿ ਇਸਾਈ ਮਤ ਦੇ ਪਰੋਟੈਸਟੈਂਟ ਭੇਦ ਵਾਲੇ ਲੋਕੀਂ ਉਨ੍ਹਾਂ ਪ੍ਰਦੇਸ਼ਾਂ ਵਿਚ ਹੀ ਹਨ ਜਿਨ੍ਹਾਂ ਵਿਚ ਗੋਰੀ ਨਸਲ ਵਾਲੇ ਲੋਕਾਂ ਦੀ ਬਹੁਲਤਾ ਹੈ। ਦੂਜੇ ਪ੍ਰਦੇਸ਼ਾਂ ਵਿਚ ਰੋਮਨ ਕੈਥੋਲਿਕ (Roman Catholic) ਜਾਂ ਸਨਾਤਨ ਯੂਨਾਨੀ ਚਰਚਾਂ ਦਾ ਨਿਰਵਿਰੋਧ ਰਾਜ ਹੈ। ਉੱਤਰੀ ਅਤੇ ਦੱਖਣੀ ਜਰਮਨੀ ਦੇ ਪ੍ਰਦੇਸ਼ ਇਸ ਵਿਸ਼ੇ ਨੂੰ ਹੋਰ ਸਪੱਸ਼ਟ ਕਰਦੇ ਹਨ। ਮੋਟਲੇ ਦਾ ਨੀਦਰਲੈਂਡ ਸਬੰਧੀ ਵਿਵਰਣ ਦੱਸਦਾ ਹੈ ਕਿ ਕਿਵੇਂ ਪਰੋਟੈਸਟੈਂਟ ਹਾਲੈਂਡ ਅਤੇ ਰੋਮਨ ਕੈਥੋਲਿਕ ਬੈਲਜੀਅਮ ਨੂੰ ਵਖਰਿਆਉਣ ਵਾਲੀ ਰੇਖਾ, ਨਸਲੀ ਵੰਡ ਵਾਲੀ ਰੇਖਾ ਨਾਲ ਮਿਲਦੀ ਹੈ। ਮੈਕਡੂਗਲ ਨਿਰਣਾ ਕਰਦਾ ਹੈ, "ਇਸ ਸੰਜੋਗ ਨੂੰ ਦੈਵੀਕ੍ਰਿਤ ਸਮਝਣਾ ਨਿਗਾਰਥਕ ਹੋਵੇਗਾ। ਸਪੱਸ਼ਟ ਹੈ ਕਿ ਇਸ ਦਾ ਕਾਰਨ ਧਾਰਮਕ ਰੂਪਾਂ ਅਤੇ ਇਸਾਈ ਪੱਧਤੀਆਂ ਦਾ ਲੋਕਾਂ ਦੀਆਂ ਜਮਾਂਦਰੂ ਪ੍ਰਵਿਰਤੀਆਂ ਨਾਲ ਸਮੀਕਰਨ ਹੋਣਾ ਹੈ। ਉੱਤਰੀ ਲੋਕਾਂ ਨੇ ਇਸ ਪੱਧਤੀ ਨੂੰ ਆਪਣੇ ਸੁਤੰਤਰ ਸੁਭਾਅ ਦੇ ਅਨੁਕੂਲ ਢਾਲ ਲਿਆ ਹੈ, ਜਿਹੜਾ ਕਿ ਉਨ੍ਹਾਂ ਦਾ ਮੁੱਖ ਨਸਲੀ ਖਾਸਾ ਹੈ ਅਤੇ ਦੂਜੀ ਨਸਲ ਦੇ ਤੱਤਾਂ ਦੀ ਪ੍ਰਬਲਤਾ ਵਾਲੇ ਲੋਕਾਂ ਨੇ ਇਸ ਨੂੰ ਧਾਰਮਕ ਅਧਿਕਾਰਿਤਾ ਵਿਚ ਵਿਕਸਿਤ ਕਰ ਲਿਆ ਹੈ।"[19]

ਪਰੰਤੂ 'ਅਤਿ ਜਟਿਲ ਵਿਸ਼ਿਆਂ ਦਾ ਅਤਿ ਸਾਧਾਰਨੀਕਰਨ' ਉੱਕਾ ਹੀ ਸਵੀਕਾਰ ਨਹੀਂ ਕੀਤਾ ਜਾ ਸਕਦਾ। ਹਾਨਕਿਨਜ਼ ਦਾ ਕਥਨ ਹੈ, "ਇਹ ਰੋਚਕ ਸੰਕਲਪ ਕਲਪਿਤ ਸੰਭਾਵਨਾ ਤੋਂ ਵੱਧ ਨਹੀਂ ਹੋ ਸਕਦਾ, ਭਾਵੇਂ ਇਸ ਨੂੰ ਅਨੇਕਾਂ ਲੇਖਕਾਂ ਨੇ ਦ੍ਰਿੜ੍ਹਾਇਆ ਹੈ"। ਪਹਿਲੀ ਗੱਲ ਤਾਂ ਇਹ ਕਿ "ਯੂਰਪ ਦੇ ਜਾਤੀ ਇਤਿਹਾਸ ਦਾ ਅੰਤਮ ਸੁਲਝਾ ਅਜੇ ਤਕ ਅਸੰਭਵ ਹੈ ਪਰ ਜਿਥੋਂ ਤਕ ਪ੍ਰਮਾਣਿਕ ਵੇਰਵਾ ਮਿਲਦਾ ਹੈ ਇਹ ਸਿੱਧ ਕਰਦਾ ਹੈ ਕਿ ਅਜੇਹੇ ਸਾਰੇ ਸਾਧਾਰਨ ਨਿਰਣੇ ਮਿਥੇ ਹੀ ਹੋ ਸਕਦੇ ਹਨ। ਦੂਜਾ ਇਹ ਕਿ ਜੋ 'ਲੋਕਾਂ

19. William Mc Dougall. *The Group Mind*. pp. 113-115.
ਇਸ ਨਸਲ ਅਤੇ ਧਰਮ ਵਿਚਕਾਰ ਨੇੜੇ ਦੀ ਸਮਾਨਤਾ ਵਾਲਾ ਸਿੱਧਾਂਤ ਪਿਛਲੀ ਸਦੀ ਦੇ ਅੱਠਵੇਂ ਦਹਾਕੇ ਜਿੰਨਾ ਪੁਰਾਣਾ ਹੈ ਜਦ ਕਿ ਕਾਰਲ ਪੈਨਕਾ ਨੇ ਇਸ ਨੂੰ ਆਪਣੀਆਂ ਆਰੀਆਂ ਦੇ ਮੂਲ ਸਬੰਧੀ ਕ੍ਰਿਤਾਂ ਵਿਚ ਸਤਰਬੱਧ ਕੀਤਾ। ਉਦੋਂ ਇਹ ਆਰੀਅਨੁਵਾਦ ਦੇ ਸਬੰਧ ਵਿਚ ਪੇਸ਼ ਕੀਤਾ ਜਾਂਦਾ ਸੀ, ਇਸ ਤੋਂ ਮਗਰੋਂ ਵੀ ਵਿਸ਼ੇਸ਼ ਕਰਕੇ ਨਾਰਡਿਕ ਨੇ ਸਦਾ ਇਸ ਨੂੰ ਸਵੀਕਾਰ ਕੀਤਾ ਹੈ।
(See Hankins. *The Racial Basis of Civilisation*. p. 56.57.)

ਦੀਆਂ ਜਮਾਂਦਰੂ ਪ੍ਰਵਿਰਤੀਆਂ' ਅਖਵਾਉਂਦੀਆਂ ਹਨ, ਇਕ ਅਤਿ ਜਟਿਲ ਵਿਸ਼ਾ ਹਨ। ਭਾਵੇਂ ਸਾਂਸਕ੍ਰਿਤਿਕ ਵਿਕਾਸ ਵਿਚ ਜਾਤੀ ਉਪਕਰਨਾਂ ਦਾ ਹਿਸਾ ਅਵੱਸ਼ ਹੀ ਮੰਨਣਾ ਹੋਵੇਗਾ, ਪਰ ਇਸ ਵਿਸ਼ੇ ਦੇ ਵਿਗਿਆਨਕ ਵਿਦਿਆਰਥੀ ਨੂੰ ਮੰਨਣਾ ਪੈਂਦਾ ਹੈ ਕਿ ਕਿਸੇ ਵਿਚਾਰ ਅਧੀਨ ਸੰਸਕ੍ਰਿਤੀ ਦੇ ਵਿਕਾਸ ਵਿਚ ਨਸਲੀ ਲੱਛਣ ਅਤੇ ਸਮਾਜਕ ਯੋਗ ਦਾ ਅਨੁਪਾਤੀ ਮਹੱਤਵ ਨਿਖੇੜ ਸਕਣਾ ਅਸੰਭਵ ਹੈ ਕਿਉਂਕਿ ਅਜੇਹੀ ਜਾਂਚ ਪੜਤਾਲ ਲਈ ਉਸ ਕੋਲ ਕੋਈ ਤਕਨੀਕ ਨਹੀਂ ਹੈ।"[20]

ਇਸ ਤਕਨੀਕੀ ਵਾਦ-ਵਿਵਾਦ ਵਿਚ ਨਾ ਪੈਂਦੇ ਹੋਏ, ਜਿਹੜਾ ਕਿ ਸਾਡੇ ਵਿਸ਼ੇ ਦੀ ਪਕੜ ਵਿਚ ਨਹੀਂ ਆਉਂਦਾ, ਜੇ ਅਸੀਂ ਨਾਰਡਿਕ ਅਖਵਾਂਦੇ ਅਤੇ ਜਾਤੀ-ਸਮਾਨਤਾ ਦੇ ਸਿੱਧਾਂਤ ਵਾਲਿਆਂ ਦਾ ਮੱਧ ਮਾਰਗ ਅਪਨਾਈਏ ਤਾਂ ਅਸੀਂ ਮੋਟੇ ਰੂਪ ਵਿਚ ਕਹਿ ਸਕਦੇ ਹਾਂ ਕਿ ਲੋਕਾਂ ਦੀਆਂ ਜਮਾਂਦਰੂ ਵਿਸ਼ੇਸ਼ਤਾਈਆਂ ਕਿਸੇ ਧਾਰਮਕ ਲੱਛਣ ਅਤੇ ਸਮਾਜਕ ਯੋਗ ਦਾ ਅਨੁਪਾਤੀ ਮਹੱਤਵ ਨਿਖੇੜ ਸਕਣਾ ਪੱਧਤੀ ਨੂੰ ਸੁਧਾਰਨ ਵਿਚ ਅਤਿ ਮਹੱਤਵਪੂਰਨ ਕਾਰਨ ਹੋ ਸਕਦੀਆਂ ਹਨ। ਅਸੀਂ ਪਹਿਲਾਂ ਹੀ ਦੇਖ ਚੁੱਕੇ ਹਾਂ ਕਿ ਕਿਵੇਂ ਬੁੱਧ ਮਤ, ਇਸਾਈ ਮਤ ਅਤੇ ਇਸਲਾਮ ਦੇ ਕੁਝ ਪੜਾਵਾਂ ਨੇ ਇਸ ਵਿਵਾਦ-ਤਥ ਦੀ ਪੂਰਨ ਭਾਂਤ ਵਿਆਖਿਆ ਕੀਤੀ ਹੈ। ਸ਼ਾਇਦ ਵੈਸ਼ਣਵ ਧਰਮ ਦਾ ਇਤਿਹਾਸ ਇਸ ਦਾ ਇਕ ਹੋਰ ਉਦਾਹਰਣ ਹੈ ਭਾਵੇਂ ਇਸ ਦਾ ਸਰੂਪ ਵਧੇਰੇ ਸੀਮਿਤ ਹੈ। ਰਾਜਗੋਪਾਲ ਚਾਰੀਅਰ ਨੇ ਟਿੱਪਣੀ ਕੀਤੀ ਹੈ, "ਉੱਤਰੀ ਭਾਰਤ ਵਿਚ ਵੈਸ਼ਣਵ ਧਰਮ ਨੇ ਸਮਾਜ ਦੇ ਹੇਠਲੇ ਵਰਗ ਨੂੰ ਪਹਿਲੋਂ ਪ੍ਰਭਾਵਿਤ ਕੀਤਾ, ਪਿਛੋਂ ਜਾ ਕੇ ਉਪਰਲੇ ਵਰਗ ਵਿਚ ਧਰਮ-ਪਰਿਵਰਤਨ ਕਰਨਾ ਸ਼ੁਰੂ ਕੀਤਾ। ਬੰਗਾਲ ਵਿਚ ਸ਼ਾਕਤ ਮਤ ਬ੍ਰਾਹਮਣਾਂ ਅੰਦਰ ਘਰ ਕਰ ਚੁੱਕਾ ਸੀ.... ਬਨਾਰਸ ਅਤੇ ਦੱਖਣੀ ਭਾਰਤ ਵਿਚ ਭਗਤੀ-ਮਾਰਗ ਵਿਚ ਅਰੁੱਚੀ ਰੱਖਣ ਵਾਲੇ ਬ੍ਰਾਹਮਣ ਹੌਲੇ ਹੌਲੇ ਵਿਸ਼ੁੱਧ ਅਦਵੈਤਵਾਦੀ ਬਣ ਗਏ ਸਨ। ਸੋ ਨੀਵੀਆਂ ਜਾਤੀਆਂ ਦੇ ਲੋਕਾਂ ਹੀ ਵੈਸ਼ਣਵ ਧਰਮ ਨੂੰ ਅਪਣਾਇਆ ਸੀ। ਇਨ੍ਹਾਂ ਲੋਕਾਂ ਦੀਆਂ ਆਦਤਾਂ ਅਤੇ ਰਹੁ ਰੀਤਾਂ ਨੇ ਨਵ-ਅਪਣਾਏ ਧਰਮ ਉੱਤੇ ਅਵੱਸ਼ ਹੀ ਪ੍ਰਭਾਵ ਪਾਉਣਾ ਸੀ ਅਤੇ ਇਸ ਦੇ ਅਜੇਹੇ ਪੜਾ ਪੇਸ਼ ਕਰਨੇ ਸਨ ਜੋ ਦੱਖਣ ਵਿਚ ਇਸੇ ਮਤ ਦੇ ਪੂਰਵਲੇ ਅਨੁਯਾਈਆਂ ਨਾਲੋਂ ਅਲੋਕਾਰ ਸਨ ਅਤੇ ਜਿਨ੍ਹਾਂ ਦਾ ਬਿਆਨ ਕਰਨਾ ਅਸੰਭਵ ਸੀ।"[21] ਇਸ ਵਿਚ ਸੰਦੇਹ ਨਹੀਂ ਕਿ ਸਾਰੀਆਂ ਹਾਲਤਾਂ ਵਿਚ ਉੱਤਰੀ ਭਾਰਤ ਵਿਚ ਵੈਸ਼ਣਵ ਧਰਮ, ਧਰਮ ਪਰਿਵਰਤਨ ਦੇ ਪੱਖ ਤੋਂ ਹੇਠਲੇ ਵਰਗ ਤੋਂ ਉੱਪਰਲੇ ਵਰਗ ਵੱਲ

---

20. ਹਾਨਕਿਨਜ਼, *ਉਹੀ*, ਪੰਨਾ 236 (233-34 ਪੰਨਾ ਵੀ ਦੇਖੋ):
ਹਾਨਕਿਨਜ ਕਹਿੰਦਾ ਹੈ, "ਇਨ੍ਹਾਂ ਆਰੋਪਾਂ ਦੀ ਇਕ ਪੀੜ੍ਹੀ ਪਹਿਲੋਂ ਸਵਿਸਥਾਰ ਚਰਚਾ ਕੀਤੀ ਗਈ ਅਤੇ ਮਿਹਨਤੀ ਮਾਨਵਸ਼ਾਸਤਰੀਆਂ ਅਤੇ ਸਮਾਜਕ-ਸੰਖਿਆ ਸ਼ਾਸਤਰੀਆਂ ਨੇ ਇਨ੍ਹਾਂ ਦਾ ਧਿਆਨ ਪੂਰਬਕ ਵਿਸ਼ਲੇਸ਼ਣ ਕਰ ਕੇ ਰੱਦ ਕਰ ਦਿੱਤਾ।" ਇਹ ਵਾਸਤਵ ਵਿਚ ਅਨੁਵੰਸ਼ਿਕਤਾ ਵਿਰੁੱਧ ਵਾਤਾਵਰਣ, ਅਤੇ ਵੀਜ਼ਮੈਨਵਾਦ ਵਿਰੁੱਧ ਲਾਮਾਰਕਵਾਦ ਦਾ ਪ੍ਰਸ਼ਨ ਹੈ ਜੋ ਸਮਾਜ-ਮਾਨਵਵਿਗਿਆਨ ਵਿਕਾਸਵਾਦੀਆਂ ਦੇ ਖੇਤਰ ਵਿਚ ਪਰਵਰਿਤ ਹੋਇਆ ਹੈ। ਪਰ ਸਾਡੇ ਮੰਤਵ ਲਈ ਜੇਕਰ ਦੋਨੋਂ ਤੱਤ ਜ਼ਰੂਰੀ ਹੋਣ ਤਾਂ ਕੋਈ ਫ਼ਰਕ ਨਹੀਂ ਪਾਉਂਦੇ, ਭਾਵੇਂ ਇਹ ਹੋ ਸਕਦਾ ਹੈ ਕਿ "ਕੁਝ ਚੀਜ਼ਾਂ ਲਈ ਵਾਤਾਵਰਣ ਵਧੇਰੇ ਮਹੱਤਾ ਵਾਲਾ ਹੋਵੇਗਾ ਅਤੇ ਕੁਝ ਹੋਰਨਾਂ ਚੀਜਾਂ ਲਈ ਅਨੁਵੰਸ਼ਿਕਤਾ ਮਹੱਤਾ ਵਾਲੀ ਹੋਵੇਗੀ।"
21. T. Rajagopala Chariar. *Vaishnavite Reformers of India*. p. 143.

ਨੂੰ ਚੱਲਿਆ ਪਰ ਇਸ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਇਹ ਵਧੇਰੇ ਲੋਕ-ਪ੍ਰਿਯ ਸੀ ਅਤੇ ਇਸ ਦਾ ਵਿਸਤਾਰ ਵਿਸ਼ਾਲ ਸੀ। ਇਸੇ ਲਈ ਇਹ ਉਨ੍ਹਾਂ ਪ੍ਰਤਿਕਰਮਾਂ ਤੋਂ ਵਧੇਰੇ ਪ੍ਰਭਾਵਿਤ ਹੋਣ ਯੋਗ ਸੀ, ਜੋ ਦੱਖਣ ਵਿਚ ਲਗਭਗ ਅਲੋਪ ਹੀ ਸਨ।

ਅਜੇਹੇ ਉਦਾਹਰਣ ਹੋਰ ਦਿੱਤੇ ਜਾ ਸਕਦੇ ਹਨ, ਪਰ ਸਾਡੇ ਖ਼ਿਆਲ ਅਨੁਸਾਰ ਇਹ ਸਪੱਸ਼ਟ ਕਰਨ ਲਈ ਕਾਫ਼ੀ ਕੁਝ ਕਿਹਾ ਜਾ ਚੁੱਕਾ ਹੈ ਕਿ ਇਸ ਵਿਸ਼ੇ ਦੇ ਨਜਿੱਠਣ ਲਈ ਸਾਡੀ ਇਕ ਅਜੇਹੀ ਦ੍ਰਿਸ਼ਟੀ ਹੈ ਜਿਸ ਨੂੰ ਉੱਕਾ ਹੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਹ ਵੀ ਨੋਟ ਕਰਨਾ ਚਾਹੀਦਾ ਹੈ ਕਿ ਜਿਸ ਨੂੰ ਅਸੀਂ ਜਾਤੀ ਸੰਸਕ੍ਰਿਤ ਜਟਿਲਤਾ ਦਾ ਨਾਂ ਦਿੱਤਾ ਹੈ, ਦੇ ਉਪਰੰਤ ਉਥੋਂ ਦੇ ਜਲਵਾਯੂ ਅਤੇ ਧਰਤੀ ਲੋਕ-ਧਰਮ ਦੇ ਸਰੂਪ ਉੱਤੇ ਅਧਿਕ ਪ੍ਰਭਾਵ ਪਾਉਂਦੇ ਹਨ। ਵੇਮੈਨ ਬਰੀ, ਮਿਸਰ ਅਤੇ ਅਰਬ ਵਿਚ ਇਸਾਈ ਮਤ ਦੇ ਇਤਿਹਾਸ ਵਿਚੋਂ ਇਸ ਘਟਨਾ ਦੀਆਂ ਅਨੇਕ ਰੌਚਕ ਉਦਾਹਰਣਾਂ ਪੇਸ਼ ਕਰਦਾ ਹੈ। "ਚਟਾਨਾਂ ਨਾਲ ਘਿਰੇ ਮਾਰੂਥਲਾਂ ਅਤੇ ਨੀਲ ਦੀ ਹਰੀ ਭਰੀ ਵਾਦੀ ਨੇ ਮਿਸਰ ਵਿਚ ਇਸਾਈ ਮਤ ਵਿਚ ਦਰਵੇਸ਼ੀ ਵੈਰਾਗ ਤੇ ਵਿਸ਼ੇ ਭੋਗ ਸੁਖ ਕਾਰਨ ਜੋ ਪ੍ਰਤੱਖ ਅੰਤਰ ਲਿਆਂਦਾ, ਉਸ ਨੂੰ ਇਸ ਵਿਸ਼ੇ ਦੇ ਹਰੇਕ ਲੇਖਕ ਨੇ ਵਰਣਨ ਕੀਤਾ ਹੈ। ਅਰਬੀ ਇਸਾਈ ਮਤ ਸਿਥਲ ਪੈ ਗਿਆ ਅਤੇ ਜੀਮਨ (yamen) ਦੀ ਉਪਜਾਊ ਧਰਤੀ ਅਤੇ ਮਿਹਨਤੀ ਲੋਕਾਂ ਵਿਚ ਅਲੋਪ ਹੋਣ ਤੋਂ ਪਹਿਲਾਂ ਹੀ ਜੌਫ (Jauf) ਅਤੇ ਨਿਜਰਾਨ (Nijran) ਦੇ ਸੁੱਕੇ ਪਹਾੜੀ ਰਖੜਾਂ ਵਿਚ ਦਮ ਤੋੜ ਦਿੱਤਾ।"[22] ਇਹ ਵੀ ਦੱਸਿਆ ਜਾਂਦਾ ਹੈ ਕਿ ਮੁਸਲਮਾਨੀ ਮਤ ਦੇ ਜ਼ੁਹਦ ਅਤੇ ਵਿਸ਼ੇ ਭੋਗ ਦੇ ਲੱਛਣਾਂ ਦਾ ਇਸ ਤਥ ਤੋਂ ਨਿਕਾਸ ਹੋਇਆ ਕਿ ਇਹ ਮਾਰੂਥਲਾਂ ਅਤੇ ਨਖਲਸਤਾਨਾਂ ਦਾ ਧਰਮ ਸੀ।[23] ਅਸੀਂ ਕਹਿ ਸਕਦੇ ਹਾਂ ਕਿ ਵੈਸ਼ਣਵ ਧਰਮ ਦੇ ਭਾਰਤ ਦੇ ਵੱਖ ਵੱਖ ਪ੍ਰਾਂਤਾਂ ਵਿਚ ਵੱਖ ਵੱਖ ਰੂਪ ਕੁਝ ਹੱਦ ਤਕ ਭੂਗੋਲਕ ਕਾਰਨਾਂ ਕਰਕੇ ਸਨ ਪਰ ਇੱਥੇ ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਇਨ੍ਹਾਂ ਕਾਰਨਾਂ ਨੂੰ ਇਕ ਦੂਜੇ ਤੋਂ ਨਿਖੇੜਨਾ ਅਸੰਭਵ ਹੈ ਭਾਵੇਂ ਮੁੱਖ ਤੱਥ ਆਪਣੇ ਆਪ ਵਿਚ ਵਿਵਾਦ-ਰਹਿਤ ਹਨ।

ਮੁੜ ਸਿੱਖ ਮਤ ਵੱਲ ਆਇਆਂ ਅਸੀਂ ਦੇਖਦੇ ਹਾਂ ਕਿ ਉੱਤਰੀ ਭਾਰਤ ਵਿਚ ਵੈਸ਼ਣਵ ਧਰਮ ਵਾਂਗ ਸਿੱਖ ਮਤ ਦੇ ਪਹਿਲੇ ਸਿੱਖ ਨੀਵੀਆਂ ਜਾਤੀਆਂ ਵਿਚ ਹੀ ਬਣੇ ਸਨ। ਸਰ ਜੌਰਜ ਕੈਂਪਬੈੱਲ ਟਿੱਪਣੀ ਕਰਦਾ ਹੈ, "ਇਹ ਬੜੀ ਅਨੋਖੀ ਗੱਲ ਹੈ ਕਿ ਖਤਰੀਆਂ ਦਾ ਸਿੱਖ ਮਤ ਨਾਲ ਸਦਾ ਨੇੜੇ ਦਾ ਸਬੰਧ ਰਿਹਾ ਹੈ ਅਤੇ ਹੁਣ ਵੀ ਹੈ ਪਰ ਇਨ੍ਹਾਂ ਵਿਚੋਂ ਕੇਵਲ ਨੌਂ ਪ੍ਰਤਿਸ਼ਤ ਇਸ ਦੇ ਅਨੁਯਾਈ ਹਨ ਕਿਉਂਕਿ ਖੱਤਰੀ ਜਦ ਸਿੱਖ ਹੈ ਤਾਂ ਸਾਧਾਰਨ ਰੂਪ ਵਿਚ ਉਹ ਗੁਰੂ ਗੋਬਿੰਦ ਸਿੰਘ ਦਾ ਭਗਤ ਹੋਣ ਨਾਲੋਂ ਗੁਰੂ ਨਾਨਕ ਦਾ ਸਿੱਖ ਹੁੰਦਾ ਹੈ।"[24] ਸੱਚ ਤਾਂ ਇਹ ਹੈ ਕਿ ਸਿੱਖ ਮਤ ਲੋਕਤੰਤਰੀ ਵਿਚਾਰਧਾਰਾ ਨੂੰ ਜਾਤੀ ਅਭਿਮਾਨ ਨੂੰ ਹੀ ਵਡਮੁੱਲਾ ਸਮਝਣ ਵਾਲੀਆਂ ਉੱਚ

---

22. ਵੇਮੈਨ ਬਰੀ, *ਉਪਰੋਕਤ ਰਚਨਾ*, ਪੰਨਾ 195.
23. ਉਹੀ।
24. *Glossary of Punjab Tribes and Castes*. Vol. II. p.507.

ਸ਼੍ਰੇਣੀਆਂ ਵਿਚ ਹਰਮਨ ਪਿਆਰਾ ਨਾ ਕਰ ਸਕਿਆ ਅਤੇ ਸਿੱਖ ਮਤ ਨੂੰ ਆਪਣ ਅਨੁਯਾਈਆਂ ਦੀ ਸੰਖਿਆ ਵਧਾਉਣ ਲਈ ਕੇਵਲ ਜੱਟਾਂ ਉੱਤੇ ਹੀ ਨਿਰਭਰ ਹੋਣਾ ਪਿਆ। ਦੱਸਦੇ ਹਨ ਕਿ ਗੁਰੂ ਅਰਜਨ ਦੇਵ ਜੀ ਨੇ ਲਗਪਗ, ਮਾਝੇ ਦੇ ਸਾਰੇ ਜੱਟ ਕਿਸਾਨਾਂ ਨੂੰ ਸਿੱਖ ਬਣਾਇਆ ਸੀ। ਇਸ ਵਿਚ ਰਤਾ ਸ਼ੱਕ ਨਹੀਂ ਹੋ ਸਕਦਾ ਹੈ ਕਿ ਗੁਰੂ ਹਰਿਗੋਬਿੰਦ ਦੇ ਸਮੇਂ ਤਕ ਸਿੱਖ ਭਾਈਚਾਰੇ ਵਿਚ ਬਹੁਤਾ ਭਾਗ ਜੱਟਾਂ ਦਾ ਸੀ। ਉੱਤਰੀ ਭਾਰਤ ਦੇ ਵੈਸ਼ਣਵ ਧਰਮ ਵਾਂਗ ਸਿੱਖ ਮਤ ਵੀ ਇਹੋ ਜਿਹੀ ਪ੍ਰਤਿਕ੍ਰਿਆ ਤੋਂ ਬਚ ਨਹੀਂ ਸਕਦਾ ਸੀ ਅਤੇ ਜੱਟਾਂ ਦੇ ਆਚਰਨ ਨੇ ਇਸ ਪੱਧਤੀ ਵਿਚ ਅਛੋਪਲੇ ਹੀ ਪਰਿਵਰਤਨ ਲੈ ਆਂਦਾ। ਅਜੇਹਾ ਹੋਣਾ ਲਾਜ਼ਮੀ ਸੀ। ਇਹ ਪ੍ਰਤੀਤ ਹੁੰਦਾ ਹੈ ਕਿ ਜੱਟਾਂ ਦੇ ਸੁਭਾਅ ਦੇ ਪ੍ਰਭਾਵਸ਼ਾਲੀ ਗੁਣਾਂ ਅਤੇ ਖ਼ਾਲਸੇ ਨਾਲ ਬਾਅਦ ਵਿਚ ਜੁੜੀਆਂ ਘਟਨਾਵਾਂ ਵਿਚਕਾਰ ਅਨੁਰੂਪਤਾ ਅਤਿ ਨੇੜੇ ਦੀ ਹੈ ਅਤੇ ਸਿੱਖ ਮਤ ਦਾ ਪਰਿਵਰਤਨ 'ਧਾਰਮਕ ਪੱਧਤੀ ਦੇ ਰੂਪਾਂ ਅਤੇ ਲੋਕਾਂ ਦੀਆਂ ਜਮਾਂਦਰੂ ਪ੍ਰਵਿਰਤੀਆਂ ਦਾ ਸਮੀਕਰਣ' ਦਾ ਅਦੁਤੀ ਪ੍ਰਮਾਣ ਪੇਸ਼ ਕਰਦਾ ਹੈ। ਇਸ ਦੇ ਨਾਲ ਹੀ ਇਹ ਯਾਦ ਰਖਣਾ ਵੀ ਮਹੱਤਵਪੂਰਨ ਹੈ ਕਿ ਅਸੀਂ ਅਤਿ ਜਟਿਲ ਵਿਸ਼ੇ ਦਾ ਵਿਵਹਾਰ ਕਰ ਰਹੇ ਹਾਂ ਅਤੇ ਸਾਨੂੰ ਅਤਿ ਸਾਧਾਰਨੀਕਰਨ ਵੱਲ ਲੈ ਜਾਣ ਵਾਲੀ ਰੁਚੀ ਪ੍ਰਤਿ ਚੇਤੰਨ ਹੋਣਾ ਚਾਹੀਦਾ ਹੈ ਕਿ ਕਿਤੇ ਅਸੀਂ ਵੀ "ਇਤਿਹਾਸ ਦੇ ਸਾਧਾਰਨੀਕਰਨ ਦੇ ਕਪਟ" ਦੇ ਅਪਰਾਧੀ ਨਾ ਬਣ ਜਾਈਏ।

ਅਧਿਆਇ ਪਹਿਲਾ

ਗੁਰੂ ਨਾਨਕ ਜੀ ਦਾ ਸਮਾਂ

ਗੁਰੂ ਨਾਨਕ ਜੀ ਦਾ ਜਨਮ ਲਾਹੌਰ ਜ਼ਿਲ੍ਹੇ ਵਿਚ ਤਲਵੰਡੀ ਵਿਖੇ 1469 ਈ. ਵਿਚ ਹੋਇਆ। ਉਸ ਸਮੇਂ ਦਿੱਲੀ ਦੇ ਤਖ਼ਤ ਤੇ ਬਹਿਲੋਲ ਲੋਧੀ ਦਾ ਰਾਜ ਸੀ। ਉਨ੍ਹਾਂ 1526 ਈ. ਵਿਚ ਪਾਨੀਪਤ ਦੇ ਰਣਖੇਤਰ ਵਿਚ ਲੋਧੀ ਵੰਸ਼ ਨੂੰ ਬਾਬਰ ਹੱਥੋਂ ਢਹਿ ਢੇਰੀ ਹੁੰਦਾ ਦੇਖਿਆ ਸੀ ਅਤੇ ਮੁਗਲਈ ਪ੍ਰਭੁਤਾ ਦੇ ਥੋੜ੍ਹ-ਚਿਰੇ-ਪਤਨ ਦੇ ਅਵਸਰ ਸਮੇਂ 1538 ਈ. ਵਿਚ ਉਹ ਜੋਤੀ ਜੋਤ ਸਮਾ ਗਏ, ਜਿਸ ਪਿੱਛੋਂ ਇਹ ਆਖ਼ਰਕਾਰ ਪੱਕੀਆਂ ਲੀਹਾਂ ਉੱਤੇ ਪੁਨਰ ਸਥਾਪਿਤ ਹੋਇਆ। ਸੋ ਗੁਰੂ ਨਾਨਕ ਜੀ ਉਸ ਸੰਕ੍ਰਾਤੀ ਕਾਲ ਵਿਚ ਜੀਵੇ ਅਤੇ ਕਾਰਜ ਕੀਤਾ ਜਦ ਕਿ ਉੱਤਰ-ਭਾਰਤ ਮੁੜ ਨਵੇਂ ਸਮੰਜਨ ਵੱਲ ਵੱਧ ਰਿਹਾ ਸੀ ਅਤੇ ਦਿੱਲੀ ਦੀ ਪੁਰਾਣੀ ਸਲਤਨਤ ਕੁਝ ਵਧੇਰੇ ਹੀ ਪ੍ਰਬੁੱਧ ਸੁਭਾਅ ਵਾਲੇ ਨਵੀਨ ਸਾਮਰਾਜ ਨੂੰ ਥਾਂ ਦੇ ਰਹੀ ਸੀ। ਅਵੱਸ਼ ਹੀ ਇਹ ਹਫ਼ੜਾ-ਦਫ਼ੜੀ ਦਾ ਸਮਾਂ ਸੀ। ਕੇਂਦਰੀ ਸੱਤਾ ਨਿਰਬਲ ਸੀ ਅਤੇ ਅਪਕੇਂਦਰੀ ਪ੍ਰਵਿਰਤੀਆਂ ਵੱਧ ਘੱਟ ਪ੍ਰਬਲ ਸਨ। ਨਿਰਸੰਦੇਹ, ਲੋਧੀਆਂ ਨੇ ਇਸ ਸਥਿਤੀ ਨੂੰ ਕਾਫ਼ੀ ਹੱਦ ਤਕ ਸੁਧਾਰਿਆ ਸੀ ਅਤੇ ਸੱਯਦਾਂ ਦੇ ਸਮੇਂ ਦੀ ਅਰਾਜਕਤਾ ਬੀਤੇ ਸਮੇਂ ਦੀ ਗੱਲ ਬਣ ਗਈ ਸੀ। ਪਰ ਸੁਲਤਾਨ ਦੀ ਸੱਤਾ ਦਾ ਆਧਾਰ ਅਜੇ ਵੀ ਡਾਵਾਂ ਡੋਲ ਸੀ। ਕਿਉਂਕਿ ਅਫ਼ਗਾਨ ਅਮੀਰ "ਸ਼ਹਿਜ਼ਾਦੇ ਨੂੰ ਆਪਣਾ ਮੁਖੀਆ ਸਮਝਣ ਦੇ ਆਦੀ ਸਨ, ਮਾਲਕ ਨਹੀਂ; ਰਾਸ਼ਟਰੀ ਸੱਤਾ ਦਾ ਪ੍ਰਤਿਨਿਧ, ਜਿਸ ਨੂੰ ਸੱਤਾਧਾਰੀ ਬਣਾਇਆ ਗਿਆ ਹੈ ਅਤੇ ਇਹ ਸੱਤਾ ਇਨ੍ਹਾਂ ਦੀ ਆਪਣੀ ਸਹਾਇਤਾ ਨਾਲ ਉਸ ਵਿਚ ਬਰਕਰਾਰ ਰਹਿੰਦੀ ਹੈ।"[1] ਸੁਲਤਾਨ ਦੀ ਸੱਤਾ ਦਾ ਅਸੰਤੋਸ਼-ਜਨਕ ਸੁਭਾਅ ਉਸ ਵੇਲੇ ਸਪੱਸ਼ਟ ਹੋ ਗਿਆ ਸੀ ਜਦ ਇਬਰਾਹੀਮ ਲੋਧੀ ਨੇ ਆਪਣੇ ਪਰਮਾਧਿਕਾਰਾਂ ਦਾ ਦਾਅਵਾ ਅਧਿਕ ਕੱਟੜਤਾ ਨਾਲ ਨਿਰਧਾਰਿਤ ਕਰਨ ਦਾ ਉਪਰਾਲਾ ਕੀਤਾ ਅਤੇ ਉਸ ਨੂੰ ਖੁਲ੍ਹਮ-ਖੁਲ੍ਹੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਜਿਵੇਂ ਕਿ ਅਰਸਕਿਨ ਸੰਕੇਤ ਕਰਦਾ ਹੈ ਕਿ ਲੋਧੀਆਂ ਦਾ ਰਾਜ ਭਾਵੇਂ ਵਿਸਤਰਿਤ ਸੀ ਪਰ ਉਸ ਵਿਚ ਸੰਗਤੀ ਦਾ ਕੋਈ ਨਿੱਗਰ ਸਿੱਧਾਂਤ ਨਹੀਂ ਸੀ। "ਇਹ ਰਾਜਤੰਤਰ ਲਗਭਗ ਸੁਤੰਤਰ ਰਿਆਸਤਾਂ, ਜਗੀਰਾਂ ਅਤੇ ਪ੍ਰਦੇਸ਼ਾਂ ਦਾ ਸਮੂਹ ਸੀ, ਹਰ ਇਕ ਉੱਤੇ ਕਿਸੇ ਜੱਦੀ ਸਰਦਾਰ, ਜ਼ਿਮੀਦਾਰ ਜਾਂ ਦਿੱਲੀ ਦੇ ਪ੍ਰਤਿਨਿਧ ਦਾ ਰਾਜ ਹੁੰਦਾ ਸੀ। ਜਨਤਾ ਕਿਸੇ ਦੁਰੇਡੇ ਅਤੇ ਅਣਜਾਣੇ ਅਧਿਰਾਜ ਨਾਲੋਂ ਆਪਣੇ ਤਤਕਾਲੀ ਗਵਰਨਰਾਂ ਦਾ ਆਦਰ ਵਧੇਰੇ ਕਰਦੀ ਸੀ, ਜਿਨ੍ਹਾਂ ਦਾ ਰਿਆਸਤ ਵਿਚ ਪੂਰਨ ਅਧਿਕਾਰ ਹੁੰਦਾ ਸੀ ਅਤੇ ਜਿਨ੍ਹਾਂ ਦੇ ਹੱਥਾਂ ਵਿਚ ਆਖ਼ਰ ਉਨ੍ਹਾਂ ਦਾ ਸੁਖ ਦੁਖ ਹੁੰਦਾ ਸੀ।"[2]

---

1. Erskine, *History of India Under Babar and Hamayun*. Vol. I, p. 411.
2. ਅਰਸਕਿਨ, ਉਪਰੋਕਤ ਰਚਨਾ, ਪੰਨਾ 406.

ਹਾਲਾਤ ਦੀ ਅਜੇਹੀ ਅਸੰਤੋਸ਼ਜਨਕ ਅਵੱਸਥਾ ਦਾ ਮੂਲ ਕਾਰਨ ਤੈਮੂਰ ਦੇ ਹਮਲਿਆਂ ਦੇ ਭੈ-ਭੀਤ ਕਰ ਦੇਣ ਵਾਲੇ ਅਤਿਆਚਾਰ ਸਨ। ਫਿਰੋਜ਼ ਤੁਗਲਕ ਦੀ ਮੌਤ ਤੋਂ ਲੈ ਕੇ ਦਿੱਲੀ ਸਲਤਨਤ ਹੌਲੇ ਹੌਲੇ ਤਾਕਤ ਅਤੇ ਗੌਰਵ ਵਜੋਂ ਢਹਿੰਦੀ ਜਾ ਰਹੀ ਸੀ। ਇਕ ਇਕ ਕਰਕੇ ਰਿਆਸਤਾਂ ਅੱਡ ਹੁੰਦੀਆਂ ਜਾ ਰਹੀਆਂ ਸਨ ਅਤੇ ਰਾਜਧਾਨੀ ਵਿਚ ਪਿਛਲੇਰੇ ਤੁਗਲਕਾਂ ਨੇ ਜੋ ਸਾਰੇ ਦੇ ਸਾਰੇ ਨਿਰਬਲ, ਨਲਾਇਕ ਅਤੇ ਨਾ-ਤਜਰਬਾਕਾਰ ਸਨ, ਆਪਣੇ ਆਪ ਨੂੰ ਬੇਈਮਾਨ ਸਰਦਾਰਾਂ ਅਤੇ ਵਿਰੋਧੀ ਧੜੇਬੰਦੀਆਂ ਦੀਆਂ ਸਾਜ਼ਿਸ਼ਾਂ ਸਾਹਮਣੇ ਬੇਬਸ ਪ੍ਰਤੀਤ ਕੀਤਾ। ਸਰਕਾਰ ਦੀ ਨਿਰਬਲਤਾ ਅਤੇ ਹਿੰਦੁਸਤਾਨ ਦੀ ਧਨਵੰਤਾ ਤੈਮੂਰ ਦੀ ਲੋਭ ਤ੍ਰਿਸ਼ਨਾ ਭੜਕਾਉਣ ਲਈ ਕਾਫ਼ੀ ਸੀ ਜਿਹੜਾ ਕਿ ਅਬੁਝ ਲਾਲਸਾ ਵਾਲਾ ਬੰਦਾ ਸੀ ਅਤੇ ਉਸ ਨੂੰ ਆਪਣੀ ਅਜ਼ਮਾਈ ਹੋਈ ਤਾਕਤ ਤੇ ਪੂਰਾ ਭਰੋਸਾ ਸੀ। ਜੇਕਰ ਅਸੀਂ ਇਹ ਭੁਲਾ ਦਈਏ ਕਿ ਉਸ ਦੀ ਮੁਹਿੰਮ ਦਾ ਮੂਲ ਮਨੋਰਥ ਜਿੱਤ ਪ੍ਰਾਪਤ ਕਰਨਾ ਜਾਂ ਲੁੱਟ ਮਾਰ ਕਰਨਾ ਨਹੀਂ ਸੀ ਤਾਂ ਹਮਲੇ ਸਮੇਂ ਢਾਹੇ ਤਸ਼ੱਦਦ ਦਾ ਪੂਰਨ ਭਾਂਤ ਅਨੁਭਵ ਨਹੀਂ ਕਰ ਸਕਦੇ।[3] ਕਾਫਰਾਂ ਦਾ ਨਾਸ਼, ਉਨ੍ਹਾਂ ਦੇ ਬੁੱਤਾਂ ਅਤੇ ਮੰਦਰਾਂ ਦੀ ਤਬਾਹੀ ਤੈਮੂਰ ਦਾ ਮੁੱਖ ਨਿਸ਼ਾਨਾ ਸੀ, ਅਤੇ ਉਸ ਦੀ ਇਹ ਕੱਟੜ ਨੀਤੀ ਨਿਰਦੈਤਾ ਨਾਲ ਲਾਗੂ ਕੀਤੀ ਗਈ ਜਿਸ ਕਰਕੇ ਕਈ ਲੇਖਕਾਂ ਨੂੰ ਉਸ ਨੇ ਮਾਨਵਰੂਪੀ ਦਾਨਵ ਦੇ ਰੂਪ ਵਿਚ ਚਿਤਰਨ ਲਈ ਪ੍ਰੇਰਿਆ ਹੈ।[4]

ਤੈਮੂਰ ਦੀ ਵਾਪਸੀ ਮਗਰੋਂ "ਉੱਤਰੀ ਭਾਰਤ ਵਿਚ ਸਰਕਾਰ ਦਾ ਢਾਂਚਾ ਵਿਗੜ ਚੁੱਕਾ ਸੀ।" ਇਸ ਅਰਾਜਕਤਾ ਦੇ ਵਰਤਾਰੇ ਸਮੇਂ ਪੰਜਾਬ ਨੂੰ ਜਿੰਨਾ ਨੁਕਸਾਨ ਹੋਇਆ ਉਸ ਦਾ ਅਨੁਮਾਨ ਇਸ ਘਟਨਾ ਤੋਂ ਲਾਇਆ ਜਾ ਸਕਦਾ ਹੈ ਕਿ ਜਦ ਦੂਜਾ ਸੱਯਦ ਬਾਦਸ਼ਾਹ ਮੁਬਾਰਕ ਸ਼ਾਹ 1421 ਈ. ਵਿਚ ਲਾਹੌਰ ਅੰਦਰ ਦਾਖਲ ਹੋਇਆ ਤਾਂ ਉਸ ਨੇ ਸ਼ਹਿਰ ਨੂੰ ਤਬਾਹ ਹੋਇਆ ਪਾਇਆ "ਜਿੱਥੇ ਬਦਸ਼ਗਨੀ ਦੇ ਪ੍ਰਤੀਕ ਉਲੂਆਂ ਦੇ ਵਸੇਵੇ ਤੋਂ ਬਿਨਾਂ ਕੋਈ ਵੀ ਜਾਨਦਾਰ ਚੀਜ਼ ਦਾ ਨਾਂ ਨਿਸ਼ਾਨ ਨਹੀਂ ਸੀ।"[5] ਇਹ ਸੱਯਦ ਬਾਦਸ਼ਾਹ ਕੁਝ ਯੋਗਤਾ ਵਾਲਾ ਆਦਮੀ ਪ੍ਰਤੀਤ ਹੁੰਦਾ ਸੀ ਪਰ ਹਾਲਾਤ ਉਸ ਦੇ ਉਲਟ ਸਨ ਅਤੇ ਉਹ ਗੜਬੜੀ ਦੀ ਕਾਂਗ ਨੂੰ ਰੋਕਣ ਵਿਚ ਪੂਰਨ ਭਾਂਤ ਅਸਮਰੱਥ ਰਿਹਾ। ਮੇਵਾਹੀਆਂ ਤੋਂ ਇਲਾਵਾ ਜਿਨ੍ਹਾਂ ਦਾ ਦਿੱਲੀ ਅਤੇ ਆਗਰੇ ਦੇ ਵਿਚਕਾਰਲੇ ਇਲਾਕੇ ਉੱਤੇ ਅਧਿਕਾਰ ਸੀ, ਕਟੀਹਰ ਅਤੇ ਦੁਆਬੇ ਦੇ ਹਿੰਦੂ-ਜ਼ਿਮੀਦਾਰਾਂ ਅਤੇ ਸਰਹਿੰਦ ਦੇ ਤੁਰਕ ਬੱਚਿਆਂ ਨੇ ਵਿਰੋਧਤਾ ਜਾਰੀ ਰੱਖੀ। ਵਿਰੋਧੀ ਗਵਰਨਰਾਂ ਦੀਆਂ ਨਿਰੰਤਰ ਸਾਜ਼ਿਸ਼ਾਂ, ਜਸਰਥ ਖੋਖਰ ਦੀਆਂ ਚਾਲਾਂ ਅਤੇ ਮੁਹਿੰਮਾਂ ਅਤੇ ਕਾਬਲ ਦੇ ਸ਼ੇਖ ਅਲੀ ਦੇ ਧਾਵਿਆਂ ਨੇ ਪੰਜਾਬ ਦੀ ਸਥਿਤੀ ਨੂੰ ਅਤਿ ਨਿਰਾਸ਼ਾਜਨਕ ਬਣਾ ਦਿੱਤਾ ਸੀ। ਇਹ ਜਸਰਥ ਖੋਖਰ ਜਿਸ ਨੂੰ ਯਹੀਆ ਬਿਨ-ਅਹਿਮਦ ਨੇ 'ਨਿਲੱਜ ਗਵਾਰ[6]

---

3. Ishwari Prasad. *Mediaeval India*. p. 291.
4. ਡਾ. ਸਾਚੌਂ ਇਸ ਨੂੰ ਦਾਨਵ ਕਹਿੰਦਾ ਹੈ ਅਤੇ ਪ੍ਰੋ. ਦੌਸਨ ਇਸ ਨਾਲ ਸਹਿਮਤ ਹੈ। *Elliott, History of India as told by its own Historians*. Vol. IV. p. 560.
5. ਈਲੀਅਟ, ਤਾਰੀਖ਼-ਏ-ਮੁਬਾਰਕ ਸ਼ਾਹੀ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 56। ਇਹ ਨਿਰਸੰਦੇਹ ਅਤਿ ਕਥਨੀ ਹੈ ਪਰ ਫਿਰ ਵੀ ਕੁਝ ਸਚਾਈ ਦਾ ਅੰਦਾਜਾ ਸੁਝਾਉਂਦੀ ਹੈ।
6. ਉਹੀ, ਪੰਨਾ 54।

ਕਿਹਾ ਹੈ', ਦਾ ਮੁੱਖ ਕੇਂਦਰ ਤਿਖਰ ਦੀਆਂ ਪਹਾੜੀਆਂ ਸਨ। ਜਿਉਂ ਹੀ ਖਿਜ਼ਰ ਖ਼ਾਂ ਦੀ ਮੌਤ ਦੀ ਖਬਰ ਪੰਜਾਬ ਪਹੁੰਚੀ, ਉਸ ਨੇ ਬਿਆਸ ਅਤੇ ਸਤਲੁਜ ਨੂੰ ਪਾਰ ਕਰ ਕੇ ਲੁਧਿਆਣੇ ਸ਼ਹਿਰ ਤੋਂ ਲੈ ਕੇ ਰੋਪੜ ਤਕ ਦੇ ਇਲਾਕੇ ਵਿਚ ਲੁੱਟਮਾਰ ਕੀਤੀ ਅਤੇ ਉਹ ਜਲੰਧਰ ਵੱਲ ਨੂੰ ਵਧਿਆ। "ਜਿੱਤ ਦੇ ਨਸ਼ੇ ਵਿਚ ਮਤਾ ਆਪਣੀ ਫ਼ੌਜੀ ਤਾਕਤ ਵਿਚ ਗਲਤਾਨ ਉਹ ਦਿੱਲੀ ਦੇ ਸੁਪਨੇ ਲੈਣ ਲੱਗਾ।" ਉਸ ਦੇ ਮਨਸੂਬੇ ਅੰਤ ਵਿਚ ਨਿਸਫ਼ਲ ਹੋ ਗਏ ਪਰ ਉਸ ਦੀਆਂ ਸਾਜ਼ਿਸ਼ਾਂ ਅਤੇ ਮੁਹਿੰਮਾਂ ਨੇ ਪੰਜਾਬ ਨੂੰ ਨਿਰੰਤਰ ਲੜਾਈਆਂ ਦਾ ਰਣਖੇਤਰ ਬਣਾ ਦਿੱਤਾ। ਵਾਰ ਵਾਰ ਉਹ ਆਪਣੇ ਪਹਾੜੀ ਮੋਰਚੇ ਵਿਚੋਂ ਉਤਰਦਾ, ਕਦੀ ਜਲੰਧਰ ਤੇ ਹਮਲਾ ਕਰ ਦਿੰਦਾ, ਕਦੀ ਲਾਹੌਰ ਨੂੰ ਘੇਰ ਲੈਂਦਾ, ਵਾਰ ਵਾਰ ਖੁਲ੍ਹੇ ਇਲਾਕੇ ਨੂੰ ਉਜਾੜਦਾ ਅਤੇ ਸ਼ਾਂਤਮਈ ਵਸਨੀਕਾਂ ਨੂੰ ਕੈਦੀ ਬਣਾ ਕੇ ਲੈ ਜਾਂਦਾ। ਬਹਿਲੋਲ ਲੋਧੀ ਦੇ ਤਖ਼ਤ ਤੇ ਬੈਠਣ ਤਕ ਉਹ ਇਸੇ ਤਰ੍ਹਾਂ ਕਰਦਾ ਰਿਹਾ।

ਦੂਜੇ ਪਾਸੇ ਸ਼ੇਖ ਅਲੀ ਨੇ ਜੋ ਸਰ 'ਅਤਮਸ਼'[7] ਦੇ ਸ਼ਹਿਜ਼ਾਦੇ ਦਾ ਲੈਫਟੀਨੈਂਟ ਸੀ, ਇਸ ਸੂਬੇ ਉੱਤੇ ਧਾਵਾ ਬੋਲ ਦਿੱਤਾ ਅਤੇ ਕੁਝ ਸਮੇਂ ਲਈ ਉਸ ਦੇ ਇਹ ਧਾਵੇ ਵਾਰਸ਼ਿਕ ਘਟਨਾ ਬਣ ਗਏ ਸਨ। ਸਥਾਨੀ ਹਾਕਮ ਇੰਨੇ ਕਮਜ਼ੋਰ ਸਨ ਕਿ ਲਾਹੌਰ ਦੇ ਗਵਰਨਰ ਮਲਕ ਸਿਕਦਰ ਨੂੰ ਦੂਰ ਰੱਖਣ ਲਈ ਵਾਰਸ਼ਿਕ ਦੋ ਹਜ਼ਾਰ ਰੁਪਏ ਦਿਆ ਕਰਦੇ ਸਨ। ਸਰਹਿੰਦ ਦੇ 'ਤੁਰਕਬਚਾ' ਆਗੂ ਪੁਲਾਦ ਦੇ ਨਿਰੰਤਰ ਕੀਤੇ ਵਿਦਰੋਹਾਂ ਨੇ ਧਾੜਵੀ ਸ਼ੇਖ ਅਲੀ ਦੇ ਹੱਥ ਮਜ਼ਬੂਤ ਕੀਤੇ ਜਿਸ ਨੂੰ ਉਸ ਨੇ ਕਈ ਵਾਰ ਆਪਣੀ ਸਹਾਇਤਾ ਲਈ ਬੁਲਾਇਆ ਸੀ। ਜਾਪਦਾ ਹੈ ਕਿ ਉਸ ਨੂੰ ਇਸ ਲੁੱਟਮਾਰ ਅਤੇ ਉਜਾੜ ਦੀ ਖੇਡ ਵਿਚ ਬਹੁਤ ਹੀ ਘੱਟ ਪ੍ਰਭਾਵਸ਼ਾਲੀ ਵਿਰੋਧਾਂ ਦਾ ਸਾਹਮਣਾ ਕਰਨਾ ਪਿਆ। ਉਸ ਦੇ ਢੰਗ ਇੰਨੇ ਨਿਰਦੇਈ ਸਨ ਕਿ ਇਸ ਦੌਰ ਦੇ ਮੁਸਲਮਾਨ ਇਤਿਹਾਸਕਾਰ ਵੀ ਉਸ ਨੂੰ ਕਾਫ਼ਰ ਕਹਿਣ ਲਈ ਮਜਬੂਰ ਹੋ ਗਏ ਸਨ। ਤੁਲੰਬਾ ਦੇ ਸਥਾਨ ਤੇ "ਉਸ ਨੇ ਆਪਣੇ ਨਹਿਸ਼ ਫ਼ੌਜੀਆਂ ਨੂੰ ਕਿਲ੍ਹੇ ਉੱਤੇ ਕਬਜ਼ਾ ਕਰਨ ਦੀ ਆਗਿਆ ਦੇ ਦਿੱਤੀ ਅਤੇ ਅਗਲੇ ਦਿਨ ਉਥੋਂ ਦੇ ਸਾਰੇ ਮੁਸਲਮਾਨ, ਨਾਪਾਕ ਅਤੇ ਵਹਿਸ਼ੀ ਕਾਫ਼ਰਾਂ ਦੇ ਕੈਦੀ ਬਣ ਗਏ। ਭਾਵੇਂ ਉਥੋਂ ਦੇ ਬਹੁਤ ਸਾਰੇ ਭਲੇ ਪੁਰਸ਼, ਇਮਾਮ, ਸੱਯਦ ਅਤੇ ਕਾਜ਼ੀ ਸਨ, ਪਰ ਇਸਲਾਮ ਦਾ ਆਦਰ, ਰੱਬ ਦਾ ਖੌਫ਼ ਇਨ੍ਹਾਂ ਨਹਿਸ਼ ਚਵਲਾਂ ਨੂੰ ਹੋੜ ਨਾ ਸਕਿਆ ਜਿਹੜੇ ਸੁਹਿਦਰਤਾ ਅਤੇ ਧਰਮ ਦੋਹਾਂ ਵੱਲੋਂ ਕਰੇ ਸਨ। ਔਰਤਾਂ, ਨੌਜਵਾਨਾਂ ਅਤੇ ਨਿਆਣਿਆਂ ਨੂੰ ਵੀ ਘਸੀਟ ਘਸੀਟ ਉਸ ਕੋਲ ਲਿਜਾਇਆ ਗਿਆ।"[8] ਇਕ ਹੋਰ ਮੌਕੇ ਤੇ ਲਾਹੌਰ ਵਿਚ "ਇਸ ਨਹਿਸ਼ ਸ਼ੇਖ ਅਲੀ ਨੇ ਸ਼ਹਿਰ ਦੇ ਸਾਰੇ ਮੁਸਲਮਾਨ, ਮਰਦ, ਔਰਤਾਂ, ਕੈਦੀ ਬਣਾ ਲਏ ਸਨ। ਇਸ ਨਿਲੱਜ ਮਰਦੂਦ ਕੋਲ ਮਸਜਦਾਂ ਨੂੰ ਬਰਬਾਦ ਕਰਨ, ਮੁਸਲਮਾਨਾਂ ਨੂੰ ਕੈਦੀ ਬਣਾਉਣ ਤੋਂ ਬਿਨਾਂ ਹੋਰ ਕੋਈ ਚੰਗੀ ਕਾਰ ਨਹੀਂ ਸੀ।"[9] ਜੇਕਰ

7. ਈਲੀਅਟ, ਉਪਰੋਕਤ ਰਚਨਾ, ਪੰਨਾ 59। ਫਰਿਸ਼ਤਾ ਕਹਿੰਦਾ ਹੈ ਕਿ ਉਹ ਕਾਬਲ ਦੇ ਗਵਰਨਰ ਸ਼ਾਹਰੁਖ ਮਿਰਜ਼ਾ ਦਾ ਮੁਲਾਜ਼ਮ ਮੁਗ਼ਲ ਸਰਦਾਰ ਸੀ। Briggs. *History of the Rise of the Mehomedan Power in India.* Vol. 1 (R. Cambray, 1908). p. 517.
8. ਈਲੀਅਟ, ਤਾਰੀਖ-ਏ-ਮੁਬਾਰਕ ਸ਼ਾਹੀ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 73.
9. ਉਹੀ, ਪੰਨਾ, 26.

ਮੁਸਲਮਾਨਾਂ ਦੀ ਇਹ ਗਤ ਹੋਈ ਤਾਂ ਹਿੰਦੂਆਂ ਦਾ ਕੀ ਹਾਲ ਹੋਇਆ ਹੋਵੇਗਾ, ਇਹ ਸਹਿਜੇ ਹੀ ਕਿਆਸ ਕੀਤਾ ਜਾ ਸਕਦਾ ਹੈ। ਫਰਿਸ਼ਤਾ ਕਹਿੰਦਾ ਹੈ ਕਿ ਇਕ ਮੌਕੇ ਤੇ ਸ਼ੇਖ ਅਲੀ ਨੇ, ਸ਼ਾਹੀ ਫ਼ੌਜਾਂ ਨੂੰ ਸਰਹਿੰਦ ਦਾ ਘੇਰਾ ਉਠਾਣ ਤੇ ਮਜਬੂਰ ਕਰ ਦੇਣ ਦੇ ਇਵਜ਼ ਵਜੋਂ ਤੁਰਕਬਚਾ' ਆਗੂ ਪੁਲਾਦ ਤੋਂ ਦੋ ਲੱਖ ਟਕੇ ਲੈਣ ਉਪਰੰਤ, ਮੁੜ ਸਤਲੁਜ ਪਾਰ ਕੀਤਾ ਅਤੇ ਪੁਲਾਦ ਦੁਆਰਾ ਦਿੱਤੇ ਧਨ ਨਾਲੋਂ ਇਕ ਸੌ ਗੁਣਾ ਵੱਧ ਲੁੱਟਮਾਰ ਕੀਤੀ। ਉਸ ਨੇ ਲਾਹੌਰ ਅਤੇ ਦੀਪਾਲਪੁਰ ਵਿਚ ਆਪਣੀ ਲੁੱਟਮਾਰ ਜਾਰੀ ਰੱਖੀ "ਇਥੋਂ ਤੱਕ ਕਿ ਬਹੁਤ ਸਾਰੇ ਕੈਦੀ ਬਣਾ ਕੇ ਨਾਲ ਲੈ ਜਾਣ ਤੋਂ ਛੁੱਟ 40,000 ਹਿੰਦੂਆਂ ਦੇ ਕਤਲਿਆਮ ਦਾ ਅਨੁਮਾਨ ਲਾਇਆ ਗਿਆ ਹੈ।" ਜੇਕਰ ਅਤਿਕਥਨੀ ਦੇ ਅੰਸ਼ ਨੂੰ ਮੰਨ ਵੀ ਲਿਆ ਜਾਏ ਤਾਂ ਵੀ ਇਸ ਦੁਰਗਤੀ ਦੀ ਅਵੱਸਥਾ ਨੂੰ ਮਹਿਸੂਸ ਕਰਨਾ ਔਖਾ ਨਹੀਂ ਜਿਸ ਵਿਚ ਅਖੌਤੀ ਸੱਯਦ ਰਾਜ ਦੇ ਦੌਰਾਨ ਪੰਜਾਬ ਵਾਸੀਆਂ ਨੇ ਆਪਣੇ ਆਪ ਨੂੰ ਪ੍ਰਤੀਤ ਕੀਤਾ।

ਮੁਬਾਰਕ ਸ਼ਾਹ ਦੇ ਕਤਲ ਨਾਲ ਦਿੱਲੀ ਦੀ ਰਹਿੰਦੀ ਖ਼ੂੰਹਦੀ ਤਾਕਤ ਵੀ ਲੋਪ ਹੋ ਗਈ ਅਤੇ ਉਸ ਦੇ ਉੱਤਰਾਧਿਕਾਰੀ ਅਧੀਨ "ਰਾਜ ਦੇ ਮਾਮਲਿਆਂ ਵਿਚ ਪ੍ਰਤਿਦਿਨ ਉਥਲ ਪੁਥਲ ਹੁੰਦੀ ਗਈ ਅਤੇ ਹਾਲਾਤ ਇੱਥੇ ਤੱਕ ਪਹੁੰਚ ਗਏ ਕਿ ਦਿੱਲੀ ਤੋਂ 20 ਕੋਹਾਂ ਦੀ ਵਿੱਥ 'ਤੇ ਹੀ ਅਜੇਹੇ ਅਮੀਰ ਪੈਦਾ ਹੋ ਗਏ ਸਨ ਜਿਨ੍ਹਾਂ ਤਾਬੇਦਾਰੀ ਮੰਨਣੋਂ ਨਾਂਹ ਕਰ ਦਿੱਤੀ ਅਤੇ ਸੁਤੰਤਰ ਹੋਣ ਦੇ ਦਾਅਵੇ ਕੀਤੇ।" ਸੁਲਤਾਨ ਨੇ, 1441 ਈ. ਵਿਚ ਦੀਪਾਲਪੁਰ ਅਤੇ ਲਾਹੌਰ ਦੇ ਇਲਾਕੇ ਬਹਿਲੋਲ ਲੋਧੀ ਨੂੰ ਬਖ਼ਸ਼ ਦਿੱਤੇ, ਅਤੇ ਉਸ ਨੂੰ ਜਸਰਥ ਖੋਖਰ ਵਿਰੁੱਧ ਲੜਨ ਲਈ ਭੇਜਿਆ, "ਜਿਸ ਨੇ ਉਸ ਨਾਲ ਸੁਲਾਹ ਕਰ ਲਈ ਅਤੇ ਦਿੱਲੀ ਦੇ ਤਖ਼ਤ ਦੀ ਆਸ ਨਾਲ ਉਸ ਨੂੰ ਫੁਲਾਹੁਣੀ ਦਿੱਤੀ।" ਬਹਿਲੋਲ ਲੋਧੀ ਸੱਚ ਮੁੱਚ ਹੀ ਹੁਣ ਦਿੱਲੀ ਤੋਂ ਆਜ਼ਾਦ ਹੋ ਗਿਆ ਅਤੇ ਸਾਰਿਆਂ ਪਾਸਿਆਂ ਤੋਂ ਅਫ਼ਗਾਨਾਂ ਨੂੰ ਇਕੱਠਾ ਹੋਣ ਦਾ ਸੱਦਾ ਦੇ ਕੇ ਉਸ ਨੇ ਇਕ ਬਲਵਾਨ ਦਲ ਸੰਗਠਿਤ ਕੀਤਾ। ਉਸ ਦਾ ਪਹਿਲਾ ਯਤਨ ਨਿਸਫਲ ਗਿਆ ਪਰ ਅਲਾਉਦੀਨ ਦੇ ਤਖ਼ਤ ਤੇ ਬੈਠਣ ਨਾਲ ਸੱਯਦਾਂ ਦੀ ਤਾਕਤ ਹੋਰ ਨਿਰਬਲ ਹੋ ਗਈ ਅਤੇ ਆਖ਼ਰ 1451 ਈ. ਵਿਚ ਬਹਿਲੋਲ ਲੋਧੀ ਨੇ ਦਿੱਲੀ ਤੇ ਕਬਜ਼ਾ ਕਰ ਲਿਆ ਅਤੇ ਆਪਣੇ ਆਪ ਨੂੰ ਸੁਲਤਾਨ ਘੋਸ਼ਿਤ ਕਰ ਦਿੱਤਾ।

ਸਥਿਤੀ ਛੇਤੀ ਹੀ ਸੁਧਰ ਗਈ। ਬਹਿਲੋਲ ਖ਼ਾਂ ਜੌਨਪੁਰ ਦੀ ਪੂਰਬੀ ਰਿਆਸਤ ਨੂੰ ਅਧੀਨ ਕਰਨ ਵਿਚ ਸਫ਼ਲ ਹੋ ਗਿਆ, ਜਿਹੜੀ ਸੱਯਦਾਂ ਦੀ ਵੱਖੀ ਵਿਚ ਸਦਾ ਇਕ ਕੰਡੇ ਵਾਂਗ ਰਹੀ ਸੀ। "ਉਸ ਸਬੰਧੀ ਕਿਹਾ ਜਾਂਦਾ ਹੈ ਕਿ ਪਹਾੜ ਦੀ ਤਲਹਟੀ ਤੋਂ ਲੈ ਕੇ ਬਨਾਰਸ ਤਕ ਅਤੇ ਦੱਖਣ ਵਿਚ ਬੁੰਦੇਲਖੰਡ ਦੀਆਂ ਹੱਦਾਂ ਤਕ ਉਸ ਫਿਰ ਨਿਯੰਤਰਣ ਪ੍ਰਾਪਤ ਕਰ ਲਿਆ ਸੀ।"[10] ਪਰ ਜਿਵੇਂ ਕਿ ਅਸੀਂ ਪਹਿਲਾਂ ਕਹਿ ਚੁੱਕੇ ਹਾਂ ਕਿ ਲੋਧੀ ਗੜਬੜੀ ਦੀ ਇਸ ਕਾਂਗ ਨੂੰ ਕੇਵਲ ਠੱਲ੍ਹ ਹੀ ਸਕੇ ਸਨ, ਕੋਈ ਮੋੜਾ ਨਹੀਂ ਦੇ ਸਕੇ। ਬਹਿਲੋਲ ਲੋਧੀ ਅਤੇ ਉਸ ਦੇ ਉੱਤਰਾਧਿਕਾਰੀਆਂ ਸਮੇਂ, ਲੋਧੀ, ਫਰਮੂਲੀ ਅਤੇ ਲਹਾਨਾ ਕਬੀਲਿਆਂ ਦੇ ਅਫਗਾਨ ਕੁਦਰਤੀ ਤੌਰ ਤੇ ਵੱਡੀਆਂ ਵੱਡੀਆਂ ਜਾਗੀਰਾਂ ਅਤੇ ਪ੍ਰਮੁੱਖ ਨਿਆਸ ਔਹਦਿਆਂ ਦੇ ਮਾਲਕ ਰਹੇ "ਜਿਹੜੇ ਆਪਣੀ ਜਾਤੀ ਦੀ

10. Vincent Smith. *Oxford History of India*. p. 253.

ਸੁਭਾਵਿਕ ਸੋਚਣੀ ਅਨੁਸਾਰ, ਇਨ੍ਹਾਂ ਨੂੰ ਆਪਣਾ ਹੱਕ ਅਤੇ ਆਪਣੀ ਬਹਾਦਰੀ ਜਾਂ ਤਲਵਾਰ ਨਾਲ ਖਰੀਦੀ ਮਿਰਾਸ ਸਮਝਦੇ ਸਨ ਨਾ ਕਿ ਸੁਲਤਾਨ ਦੀ ਉਦਾਰਤਾ ਵਜੋਂ ਮਿਲੀ ਹੋਈ ਬਖ਼ਸ਼ਸ਼"। ਬਹਿਲੋਲ ਖ਼ਾਂ ਲੋਧੀ ਇਤਨਾ ਚਤੁਰ ਆਦਮੀ ਸੀ ਕਿ ਉਹ ਅਜੇਹੀ ਨੀਤੀ ਨੂੰ ਅਪਣਾਉਣ ਲਈ ਕਾਫ਼ੀ ਜੁਗਤੀ ਅਤੇ ਬੁੱਧੀਮਾਨ ਸੀ ਜਿਸ ਨਾਲ ਅਫ਼ਗਾਨਾਂ ਨੂੰ ਦੋਸਤ ਬਣਾਈ ਰੱਖਿਆ ਅਤੇ ਬਹੁਤ ਹੱਦ ਤਕ ਉਨ੍ਹਾਂ ਨੂੰ ਆਪਣੇ ਨਾਲ ਗੰਢੀ ਰੱਖਿਆ। ਕਿਹਾ ਜਾਂਦਾ ਹੈ ਕਿ ਉਸ ਨੇ ਸਭਨਾਂ ਸਰਦਾਰਾਂ ਅਤੇ ਸੈਨਿਕਾਂ ਨਾਲ ਭਰਾਤਰੀ ਵਿਵਹਾਰ ਰੱਖਿਆ ਹੋਇਆ ਸੀ। "ਆਪਣੇ ਭਾਈਚਾਰਕ ਸਮਾਗਮਾਂ ਵਿਚ ਉਹ ਕਦੇ ਵੀ ਤਖ਼ਤ ਤੇ ਨਹੀਂ ਬੈਠਦਾ ਸੀ ਅਤੇ ਨਾ ਹੀ ਆਪਣੇ ਸਰਦਾਰਾਂ ਨੂੰ ਖੜਿਆਂ ਰਖਦਾ ਸੀ ਅਤੇ ਆਮ ਦਰਸ਼ਨਾਂ ਸਮੇਂ ਵੀ ਉਹ ਤਖ਼ਤ ਤੇ ਕਦੇ ਨਹੀਂ ਸੀ ਬੈਠਦਾ ਸਗੋਂ ਦਰੀ ਉੱਤੇ ਹੀ ਬੈਠਦਾ ਸੀ।"[11] ਅਫ਼ਗਾਨ ਅਮੀਰਾਂ ਦੇ ਸੰਦੇਹ ਅਤੇ ਈਰਖਾ ਨਵਿਰਤੀ ਦੀ ਇਹ ਕਾਰਗਰ ਨੀਤੀ ਅਤਿ ਸਫ਼ਲ ਰਹੀ। ਇਹ ਧਿਆਨ ਯੋਗ ਹੈ ਕਿ ਨਿਯੰਤਰਕਾਰੀ ਸੱਤਾ ਪ੍ਰਤਿ ਅਫ਼ਗਾਨਾਂ ਦੀ ਪਰੰਪਰਿਕ ਅਧੀਨਤਾ ਅਤੇ ਕਈ ਵਰ੍ਹਿਆਂ ਤੋਂ ਜੌਨਪੁਰ ਦੇ ਰਾਜੇ ਨਾਲ ਬਹਿਲੋਲ ਖ਼ਾਨ ਦੇ ਰੁਝੇਵਿਆਂ ਦੇ ਬਾਵਜੂਦ ਵੀ ਅਫ਼ਗਾਨ ਸਰਦਾਰਾਂ ਨੇ ਇਧਰ ਉਧਰ ਇੱਕਾ-ਦੁੱਕਾ ਛੋਟੀਆਂ-ਛੋਟੀਆਂ ਗੜਬੜਾਂ ਤੋਂ ਸਿਵਾ ਹੋਰ ਕੋਈ ਵੱਡੀ ਭੀੜ ਵਿਚ ਉਸ ਨੂੰ ਨਹੀਂ ਪਾਇਆ ਸੀ।

ਸਿਕੰਦਰ ਲੋਧੀ, ਜੋ ਬਹਿਲੋਲ ਲੋਧੀ ਦਾ ਪੁੱਤਰ ਅਤੇ ਉੱਤਰਾਧਿਕਾਰੀ ਸੀ, ਨੇ ਆਰੰਭ ਸੋਹਣਾ ਕੀਤਾ ਅਤੇ ਉਸ ਨੇ ਪੂਰਬ ਵਿਚ ਸ਼ਰਕੀਆ ਦੀ ਆਖ਼ਰੀ ਮਲਕੀਅਤ ਬਿਹਾਰ ਅਤੇ ਪੱਛਮ ਵਿਚ ਧੌਲਪੁਰ, ਚੰਦੇਰੀ ਅਤੇ ਗਵਾਲੀਅਰ ਨੂੰ ਮਿਲਾ ਕੇ ਆਪਣੀ ਸਲਤਨਤ ਨੂੰ ਵਿਸ਼ਾਲ ਕੀਤਾ। ਪਰ ਉਹ ਅਫ਼ਗਾਨ ਸਰਦਾਰਾਂ ਅਤੇ ਗਵਰਨਰਾਂ ਨੂੰ ਆਪਣੇ ਪਿਤਾ ਜਿੰਨੀ ਸਫ਼ਲਤਾ ਨਾਲ ਕਾਬੂ ਨਾ ਕਰ ਸਕਿਆ। ਅਫ਼ਗਾਨ ਅਮੀਰ ਉਨ੍ਹਾਂ ਬੰਧਨਾਂ ਹੇਠ ਬੇਚੈਨ ਹੋ ਗਏ ਅਤੇ ਰੋਹ ਵਿਚ ਆ ਗਏ, ਜਿਹੜੇ ਕਿ ਇਕ ਚੰਗੀ ਸਰਕਾਰ ਦੇ ਹਿੱਤਾਂ ਲਈ ਉਨ੍ਹਾਂ ਉੱਤੇ ਲਾਏ ਗਏ ਸਨ। ਸਿਕੰਦਰ ਅਤਿ ਮੁਸ਼ਕਲ ਨਾਲ ਇਨ੍ਹਾਂ ਦੇ ਫਸਾਦੀ ਅਤੇ ਧੜੇਬੰਦੀ ਸੁਭਾਅ ਨੂੰ ਰੋਕਣ ਵਿਚ ਸਫ਼ਲ ਹੋਇਆ। ਇਹ ਕਈ ਅਫ਼ਗਾਨ ਸਰਦਾਰਾਂ ਦੁਆਰਾ ਕੀਤੇ ਗਏ ਵਿਦਰੋਹ ਦੇ ਯਤਨਾਂ ਤੋਂ ਸਪੱਸ਼ਟ ਭਾਂਤ ਪ੍ਰਗਟ ਹੋ ਜਾਂਦਾ ਹੈ, ਜਿਹੜੇ ਸੁਲਤਾਨ ਦੇ ਭਰਾ ਸ਼ਹਿਜ਼ਾਦਾ ਫਤਿਹ ਖ਼ਾਂ ਨੂੰ ਤਖ਼ਤ ਤੇ ਬੈਠਾਉਣਾ ਚਾਹੁੰਦੇ ਸਨ ਜਦੋਂ ਕਿ ਸਿਕੰਦਰ ਨੇ ਉਨ੍ਹਾਂ ਵਿਚ ਜ਼ਿਆਦਾ ਦਖ਼ਲ ਦੇਣ ਦਾ ਯਤਨ ਕੀਤਾ। ਇਹ ਯਤਨ ਨਿਸਫਲ ਹੋ ਗਏ ਪਰ ਵਿਦਰੋਹ ਕਰਨ ਦੀ ਰੁਚੀ ਏਨੀ ਵਿਆਪਕ ਸੀ ਕਿ ਸੁਲਤਾਨ ਨੂੰ ਆਪਣੇ ਮੁਸਲਮਾਨ ਜਾਗੀਰਦਾਰਾਂ ਦੀ ਸਥਾਈ ਵਫ਼ਾਦਾਰੀ ਪ੍ਰਾਪਤ ਕਰ ਸਕਣੀ ਵੀ ਅਸੰਭਵ ਪ੍ਰਤੀਤ ਹੋਈ, ਹਿੰਦੂ ਸਰਦਾਰਾਂ ਦਾ ਤਾਂ ਕਹਿਣਾ ਹੀ ਕੀ। ਸਿਕੰਦਰ ਦੇ ਅਖ਼ੀਰਲੇ ਦਿਨ ਰਾਜਪੂਤਾਂ ਦੀਆਂ ਬਗ਼ਾਵਤਾਂ ਅਤੇ ਉਸ ਦੇ ਆਪਣੇ ਗਵਰਨਰਾਂ ਵੱਲੋਂ ਸੁਤੰਤਰਤਾ ਲਈ ਕੀਤੇ ਯਤਨਾਂ ਨੂੰ ਦਬਾਉਣ ਵਿਚ ਬੀਤੇ।

ਸੋ ਲੋਧੀ ਰਾਜ ਦੀਆਂ ਡਾਵਾਂਡੋਲ ਨੀਹਾਂ ਇਸ ਤਰ੍ਹਾਂ ਪ੍ਰਤੱਖ ਪ੍ਰਗਟ ਹਨ। ਪਰੰਤੂ ਅਸੀਂ ਅਜੇ ਤਕ ਵੀ ਇਸ ਨੂੰ ਪੂਰਨ ਭਾਂਤ ਨਹੀਂ ਵੇਖਿਆ ਹੈ। ਸਿਕੰਦਰ ਲੋਧੀ ਆਪਣੇ

11. ਤਾਰੀਖ਼-ਏ-ਦਾਊਦੀ, ਈਲੀਅਟ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 436-437.

ਤੀਖਣ ਧਾਰਮਕ ਅਤਿਆਚਾਰਾਂ ਕਰਕੇ ਹਿੰਦੂਆਂ ਦੀ ਹਮਦਰਦੀ ਤੋਂ ਪੂਰੀ ਤਰ੍ਹਾਂ ਵੰਚਿਤ ਹੋ ਬੈਠਾ ਸੀ, ਜੋ ਉਸ ਦੀ ਪਰਜਾ ਦੀ ਬਹੁ-ਸੰਖਿਆ ਸਨ। ਸਿਕੰਦਰ ਦੇ ਨਿਆਂ ਪ੍ਰਤਿ ਹਿਤ ਨੂੰ ਮੁਸਲਮਾਨ ਇਤਿਹਾਸਕਾਰਾਂ ਨੇ ਗੁਣਅਤੀਤ ਸਿਫਤਾਂ ਨਾਲ ਭਰਿਆ ਹੈ। "ਸਿਕੰਦਰ ਕਦੇ ਵੀ ਜਨਤਾ ਦੀਆਂ ਸ਼ਿਕਾਇਤਾਂ ਸੁਣਨ ਲਈ ਕੁਝ ਸਮਾਂ ਦੇਣੋਂ ਨਹੀਂ ਸੀ ਭੁਲਿਆ। ਆਪਣੇ ਖਾਣੇ ਅਤੇ ਆਰਾਮ ਦੇ ਨਿਯਤ ਸਮੇਂ ਦੇ ਮਗਰੋਂ ਵੀ ਉਹ ਸਾਰਾ ਸਾਰਾ ਦਿਨ ਮੁਆਮਲੇ ਨਜਿੱਠਣ ਲਈ ਬੈਠਾ ਰਹਿਣ ਵਾਲਾ ਸਮਝਿਆ ਜਾਂਦਾ ਸੀ।"[12] ਤਾਰੀਖ਼-ਏ-ਦਾਊਦੀ ਦਾ ਲੇਖਕ ਉਸ ਨੂੰ ਅਤਿ ਉੱਚੇ ਆਚਰਨ ਵਾਲਾ ਦੱਸਦਾ ਹੈ। "ਸੁਲਤਾਨ ਸਿਕੰਦਰ ਸਭ ਤੋਂ ਪ੍ਰਸਿੱਧ ਰਾਜਾ ਸੀ, ਉਹ ਬੜਾ ਦਿਆਲੂ ਸੁਭਾਅ ਵਾਲਾ ਸੀ, ਉਹ ਆਪਣੀ ਖੁਲ੍ਹ-ਦਿਲੀ, ਸ਼ਾਨ ਅਤੇ ਨਰਮ ਦਿਲੀ ਲਈ ਜਾਣਿਆ ਜਾਂਦਾ ਸੀ। ਉਸ ਦੇ ਦਿਲ ਵਿਚ ਠਾਠ-ਬਾਠ ਅਤੇ ਰਸਮਾਂ ਲਈ ਕੋਈ ਲਗਾਉ ਨਹੀਂ ਸੀ ਅਤੇ ਨਾ ਹੀ ਉਹ ਜਲੂਸਾਂ ਅਤੇ ਸ਼ਾਨਦਾਰ ਪਹਿਰਾਵੇ ਦੀ ਪਰਵਾਹ ਕਰਦਾ ਸੀ। ਕਿਸੇ ਲੁੱਚੇ ਲਫੰਗੇ ਅਤੇ ਭੈੜੇ ਆਚਰਨ ਵਾਲੇ ਵਿਅਕਤੀ ਦੀ ਉਸ ਤਕ ਪਹੁੰਚ ਨਹੀਂ ਸੀ। ਉਹ ਮਨੋਂ ਸੁੱਚਾ ਸੀ ਅਤੇ ਦੇਖਣ ਨੂੰ ਸੁੰਦਰ। ਤ੍ਰਿਸ਼ਨਾਵਾਂ ਨੂੰ ਉਹ ਆਪਣੇ ਤੇ ਭਾਰੂ ਨਹੀਂ ਸੀ ਹੋਣ ਦਿੰਦਾ। ਉਹ ਖੁਦਾ ਦਾ ਖ਼ੌਫ਼ ਖਾਣ ਵਾਲਾ ਅਤੇ ਪਰਜਾ ਤੇ ਕਰਮ ਕਰਨ ਵਾਲਾ ਸੀ। ਉਹ ਨਿਆਇਸ਼ੀਲ ਅਤੇ ਜਿਗਰੇ ਵਾਲਾ ਸੀ। ਉਸ ਦੀ ਨਿਆਇਸ਼ੀਲ ਦ੍ਰਿਸ਼ਟੀ ਵਿਚ ਨਿਰਬਲ ਅਤੇ ਸਬਲ ਬਰਾਬਰ ਸਨ ਅਤੇ ਉਹ ਗਵਾਹੀਆਂ ਨੂੰ ਅਨੁਮਾਨਣ ਵਿਚ ਲੱਗਾ ਰਹਿੰਦਾ, ਮੁਕੱਦਮਿਆਂ ਦੇ ਫੈਸਲੇ ਦੇਣ, ਰਾਜ ਦੇ ਮੁਆਮਲੇ ਨਜਿਠਣ ਅਤੇ ਆਪਣੀ ਪਰਜਾ ਨੂੰ ਸੁਖੀ ਰੱਖਣ ਵਿਚ ਰੁੱਝਿਆ ਰਹਿੰਦਾ ਸੀ। ਦੁਖੀਆਂ ਦੀ ਉਹ ਨਿੱਜੀ ਤੌਰ ਤੇ ਸਹਾਇਤਾ ਕਰਦਾ ਸੀ।"[13] ਪਰ ਸਿਕੰਦਰ ਦੀ ਖੁਲ੍ਹ-ਦਿਲੀ ਅਤੇ ਨਿਆਇ-ਬੁਧ ਦੀਆਂ ਕਈ ਗੰਭੀਰ ਸੀਮਾਵਾਂ ਹਨ। ਇਹ ਉਸ ਦੀ ਪਰਜਾ ਦੇ ਇਕ ਭਾਗ, ਉਸ ਦੇ ਸਹਿ-ਧਰਮੀਆਂ ਉੱਤੇ ਲਾਗੂ ਨਹੀਂ ਸਨ ਹੁੰਦੀਆਂ। ਉਸ ਦੇ ਅਧੀਨ "ਰਾਜ ਨੇ ਇਕ ਵਾਰ ਫਿਰ ਧਰਮਤੰਤਰਤਾ ਦਾ ਸੁਭਾਅ ਗ੍ਰਹਿਣ ਕਰ ਲਿਆ ਅਤੇ ਇਸਲਾਮ ਨੂੰ ਹਿੰਦੂਆਂ ਉੱਤੇ ਸਰਕਾਰੀ ਤੌਰ ਤੇ ਠੋਸਿਆ ਗਿਆ।" ਜੋ ਕੁਝ ਮੁਸਲਮਾਨ ਇਤਿਹਾਸਕਾਰਾਂ ਦੇ ਸਿਕੰਦਰ ਦੇ ਨਿਆਇ ਬਾਰੇ ਲਿਖਿਆ ਹੈ ਉਸ ਦੇ ਬਾਵਜੂਦ ਵੀ ਸਾਨੂੰ ਗੁਰੂ ਨਾਨਕ ਜੀ ਦੇ ਰੋਸ ਤੋਂ ਅਚੰਭਿਤ ਨਹੀਂ ਹੋਣਾ ਚਾਹੀਦਾ ਕਿ ਉਸ ਦੇ ਕਾਲ ਵਿਚ "ਧਰਮ ਪੰਖ ਕਰਿ ਉਡਰਿਆ।"[14] ਇਕ ਥਾਂ ਗੁਰੂ ਜੀ ਸਿੱਧੇ ਤੌਰ ਤੇ ਰਿਸ਼ਵਤਖੋਰੀ ਦੇ ਰਿਵਾਜ ਵੱਲ ਇਸ਼ਾਰਾ ਕਰਦੇ ਹਨ ਜਿਸ ਨੇ ਅਨੁਸ਼ਾਸਨ ਨੂੰ ਕਲੰਕਿਤ ਕੀਤਾ ਹੋਇਆ ਸੀ। ਸਾਨੂੰ ਦੱਸਿਆ ਗਿਆ ਹੈ :

> ਦਰਸਨਿ ਦੇਖਿਐ ਦਇਆ ਨ ਹੋਇ॥
> ਲਏ ਦਿਤੇ ਵਿਣੁ ਰਹੈ ਨ ਕੋਇ॥
> ਰਾਜਾ ਨਿਆਉ ਕਰੇ ਹਥਿ ਹੋਇ॥[15]

---

12. ਬਰਿਗਜ਼, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 585-86a
13. ਈਲੀਅਟ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 445.
14. Macauliffe. *The Sikh Religion.* Vol. I, p. 170.
15. ਉਹੀ, ਪੰਨਾ 5.

ਭਾਈ ਗੁਰਦਾਸ ਨੇ ਵੀ ਰਿਸ਼ਵਤਖੋਰੀ ਦੇ ਲਗਭਗ ਸਰਵ-ਵਿਆਪਕ ਭੈੜ ਬਾਰੇ ਕਿਹਾ ਹੈ ਜਿਸ ਤੋਂ ਕੋਈ ਵੀ ਕਾਜ਼ੀ ਨਹੀਂ ਸੀ ਬਚਿਆ ਹੋਇਆ।[16] ਇਨ੍ਹਾਂ ਵਿਚਾਰਾਂ ਤੋਂ ਉਪਰੰਤ ਸਿਕੰਦਰ ਲੋਧੀ ਦੀ ਕੱਟੜ ਹਠ-ਧਰਮੀ, ਉਸ ਦੀ ਨਿਆਇ ਭਾਵਨਾ ਦਾ ਕਰੂਰ ਉਪਹਾਸ ਬਣਾ ਦਿੰਦੀ ਹੈ।

ਉਸ ਦੀ ਗੱਦੀ ਤੇ ਬੈਠਣ ਤੋਂ ਪਹਿਲਾਂ ਸ਼ਹਿਜ਼ਾਦਾ ਨਿਜ਼ਾਮ ਖ਼ਾਂ, ਜਿਵੇਂ ਕਿ ਉਸ ਨੂੰ ਉਸ ਸਮੇਂ ਪੁਕਾਰਿਆ ਜਾਂਦਾ ਸੀ, ਆਪਣੀ ਅੰਧ ਅਸਹਿਣਸ਼ੀਲਤਾ ਦੇ ਪੱਕੇ ਪ੍ਰਮਾਣ ਦੇ ਚੁੱਕਾ ਸੀ। ਤਾਰੀਖ-ਏ-ਦਾਊਦੀ ਦਾ ਲੇਖਕ ਦੱਸਦਾ ਹੈ ਕਿ ਇਕ ਮੌਕੇ ਤੇ "ਜਦ ਕਿ ਅੰਤਾਂ ਦੀ ਗਿਣਤੀ ਵਿਚ ਹਿੰਦੂਆਂ ਦੀ ਭੀੜ ਕੁਰਖੇਤਰ ਵਿਚ ਜੁੜੀ ਹੋਈ ਸੀ ਤਾਂ ਉਹ ਉਨ੍ਹਾਂ ਸਾਰਿਆਂ ਨੂੰ ਮੌਤ ਦੇ ਘਾਟ ਉਤਾਰਨ ਲਈ ਥਾਨੇਸਰ ਜਾਣਾ ਚਾਹੁੰਦਾ ਸੀ।" ਮੀਆਂ ਅਬਦੁਲਾ, ਜੋ ਮਲਿਕ-ਏ-ਉਲਮਾ ਸੀ, ਦੇ ਸ਼ਹਿਜ਼ਾਦੇ ਨੂੰ ਯਕੀਨ ਦਵਾਉਣ ਤੇ ਵੀ ਕਿ ਪ੍ਰਾਚੀਨ ਮੰਦਰਾਂ ਦੇ ਬੁੱਤਾਂ ਨੂੰ ਤੋੜਨਾ ਬਹੁਤ ਹੀ ਅਯੋਗ ਹੈ ਅਤੇ ਤਲਾ ਵਿਚ ਅਸ਼ਨਾਨ ਕਰਨ ਦੀ ਸਾਧਾਰਨ ਰਸਮ ਦੀ ਮਨਾਹੀ ਨਹੀਂ ਕਰਨੀ ਚਾਹੀਦੀ ਕਿਉਂਕਿ ਇਹ ਅਤਿ ਪੁਰਾਣਾ ਰਿਵਾਜ ਹੈ ਅਤੇ ਪੂਰਬਲੇ ਮੁਸਲਮਾਨ ਅਧਿਰਾਠਾਂ ਨੇ ਵੀ ਇਸ ਨੂੰ ਕਦੇ ਭੰਗ ਨਹੀਂ ਸੀ ਕੀਤਾ, ਬਹੁਤ ਹੀ ਮੁਸ਼ਕਲ ਨਾਲ ਸ਼ਹਿਜ਼ਾਦੇ ਨੂੰ ਇਸ ਇਛਿਤ ਯੋਜਨਾ ਤੋਂ ਹੋੜਿਆ ਜਾ ਸਕਿਆ। ਉਸ ਨੇ ਆਪਣੀ ਖੰਜਰ ਤੇ ਹੱਥ ਰਖ ਕੇ ਕਿਹਾ, "ਤੂੰ ਕਾਫਰਾਂ ਦੀ ਤਰਫਦਾਰੀ ਕਰਦਾ ਹੈ, ਪਹਿਲਾਂ ਮੈਂ ਤੇਰਾ ਹੀ ਖ਼ਾਤਮਾ ਕਰਦਾ ਹਾਂ, ਤੇ ਫਿਰ ਕੁਰਖੇਤਰ ਵਿਚ ਕਾਫਰਾਂ ਦਾ ਕਤਲਿਆਮ ਕਰਾਂਗਾ।" ਬਿਨਾਂ ਘਬਰਾਏ ਮੀਆਂ ਨੇ ਕਿਹਾ ਕਿ ਮੈਂ ਪੈਗੰਬਰ ਦੇ ਪੈਗ਼ਾਮ ਅਨੁਸਾਰ ਉੱਤਰ ਦਿੱਤਾ ਹੈ ਤੇ ਜੇ ਸ਼ਹਿਜ਼ਾਦੇ ਦੇ ਦਿਲ ਵਿਚ ਇਨ੍ਹਾਂ ਲਈ ਅਕੀਦਤ ਨਹੀਂ ਤਾਂ ਇਸ ਤਰ੍ਹਾਂ ਦੇ ਸਵਾਲ ਕਰਨੇ ਨਿਰਰਥਕ ਹਨ। ਆਖ਼ਰ ਸ਼ਹਿਜ਼ਾਦੇ ਦਾ ਗੁੱਸਾ ਠੰਡਾ ਹੋਇਆ ਅਤੇ ਇਸ ਯੋਜਨਾ ਨੂੰ ਤਰਕ ਕਰ ਦਿੱਤਾ ਗਿਆ।[17] ਇਥੋਂ ਆਸਾਨੀ ਨਾਲ ਦੇਖਿਆ ਜਾ ਸਕਦਾ ਹੈ ਕਿ ਜਿਥੇ ਰਾਜ ਦੀ ਵਾਗ ਡੋਰ ਅਜੇਹੇ ਸ਼ਹਿਜ਼ਾਦੇ ਦੇ ਹੱਥਾਂ ਵਿਚ ਸੀ ਉਥੇ ਹਿੰਦੂ ਕੀ ਆਸ ਰਖ ਸਕਦੇ ਸਨ। ਇਸ ਦੀ ਸਿੱਧੀ ਲਈ ਬਹੁਤ ਸਾਰੇ ਦ੍ਰਿਸ਼ਟਾਂਤ ਮਿਲਦੇ ਹਨ ਕਿ ਆਪਣੇ ਸਮੁੱਚੇ ਰਾਜ ਕਾਲ ਵਿਚ ਸਿਕੰਦਰ ਲੋਧੀ ਦਾ ਸਭ ਤੋਂ ਪ੍ਰਿਯ ਲਖਸ਼ ਹਿੰਦੂ ਮਤ ਦਾ ਬੀ ਨਾਸ ਕਰਨਾ ਸੀ।

ਫਰਿਸ਼ਤਾ ਲਿਖਦਾ ਹੈ ਕਿ "ਸਿਕੰਦਰ ਇਸਲਾਮ ਨਾਲ ਪੱਕੀ ਤਰ੍ਹਾਂ ਬੱਝਾ ਹੋਇਆ ਸੀ ਅਤੇ ਸਾਰੇ ਹਿੰਦੂ-ਮੰਦਰਾਂ ਨੂੰ ਢਾਉਣ ਤੇ ਤੁਲਿਆ ਹੋਇਆ ਸੀ।"[18] ਅਤੇ ਅਸੀਂ ਤਾਰੀਖ਼-ਏ-ਦਾਊਦੀ ਵਿਚ ਪੜ੍ਹਦੇ ਹਾਂ ਉਹ ਇੰਨਾ ਉਤਸ਼ਾਹੀ ਮੁਸਲਮਾਨ ਸੀ ਕਿ ਉਸ ਕਾਫਰਾਂ ਦੇ ਅਨੇਕਾਂ ਪੂਜ ਸਥਾਨਾਂ ਦਾ ਨਾਂ ਥੇਹ ਹੀ ਮਿਟਾ ਦਿੱਤਾ ਸੀ..... ਇਸ ਤਰ੍ਹਾਂ ਹਰ ਸ਼ਹਿਰ ਉਸ ਦੀ ਇੱਛਾ ਅਨੁਸਾਰ ਇਸਲਾਮ ਦੇ ਰਿਵਾਜਾਂ ਨੂੰ ਸਾਕਾਰ ਕਰਦਾ

---

16. ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 30.
17. ਤਾਰੀਖ਼-ਏ-ਦਾਊਦੀ, ਈਲੀਅਟ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 439-440; ਬਰਿਗਜ਼, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 587 ਵੀ ਵੇਖੋ।
18. ਬਰਿਗਜ਼, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 586.

ਸੀ।[19] 1504 ਈ ਵਿਚ ਸਿਕੰਦਰ ਨੇ ਮੁੰਦਰਿਲ ਨੂੰ ਜਿੱਤ ਲਿਆ। ਹਿੰਦੂ-ਮੰਦਰਾਂ ਨੂੰ ਤੁਰੰਤ ਢਾਹ ਦਿੱਤਾ ਗਿਆ ਅਤੇ ਉਨ੍ਹਾਂ ਦੀ ਥਾਂ ਤੇ ਮਸਜਦਾਂ ਉਸਾਰੀਆਂ ਗਈਆਂ।[20] 1506 ਈ. ਵਿਚ ਉਸ ਨੇ ਹਨੂਮੰਤਗੜ੍ਹ ਉੱਤੇ ਵਿਜੈ ਪਾਈ, ਰਾਜਪੂਤ ਰੱਖਿਆ ਸੈਨਾ ਨੂੰ ਤਲਵਾਰ ਦੇ ਘਾਟ ਉਤਾਰ ਦਿੱਤਾ ਗਿਆ ਅਤੇ ਹਿੰਦੂ ਮੰਦਰਾਂ ਨਾਲ ਮੁੰਦਰਿਲ ਵਰਗੀ ਹੀ ਹੋਈ।[21] ਉਸੇ ਸਾਲ ਸਿਕੰਦਰ ਨੇ ਨੂਰਵਰ ਤੇ ਚੜ੍ਹਾਈ ਕੀਤੀ ਜੋ ਕਿ ਮਾਲਵੇ ਦੇ ਜ਼ਿਲ੍ਹੇ ਵਿਚ ਇਕ ਮਜ਼ਬੂਤ ਕਿਲ੍ਹਾ ਸੀ ਅਤੇ ਹਿੰਦੂਆਂ ਦੇ ਕਬਜ਼ੇ ਵਿਚ ਸੀ। ਰੱਖਿਆ ਸੈਨਾ ਨੂੰ ਹਰਾਉਣ ਪਿੱਛੋਂ ਸੁਲਤਾਨ ਉਥੇ ਮੰਦਰਾਂ ਨੂੰ ਢਾਉਣ ਅਤੇ ਮਸਜਦਾਂ ਉਸਾਰਨ ਲਈ 6 ਮਹੀਨੇ ਠਹਿਰਿਆ। ਉਥੇ ਉਸ ਨੇ ਇਕ ਕਾਲਜ ਦੀ ਸਥਾਪਨਾ ਕੀਤੀ ਜਿਸ ਵਿਚ ਬਹੁਤ ਸਾਰੇ ਧਾਰਮਕ ਵਿਦਵਾਨ ਰਖੇ।[22] ਪਰ ਸੁਲਤਾਨ ਦੀ ਹੱਠਧਰਮੀ ਨੇ ਸਭ ਤੋਂ ਵੱਡੀ ਤਬਾਹੀ ਹਿੰਦੂਆਂ ਦੇ ਪ੍ਰਾਚੀਨ ਸ਼ਹਿਰ ਮਥੁਰਾ ਵਿਚ ਲਿਆਂਦੀ। ਮਥੁਰਾ ਦੇ ਸਾਰੇ ਪ੍ਰਸਿੱਧ ਮੰਦਰਾਂ ਨੂੰ ਢਾਹ ਦਿੱਤਾ ਗਿਆ ਅਤੇ ਹਿੰਦੂਆਂ ਦੇ ਪੂਜ ਸਥਾਨਾਂ ਨੂੰ ਕਾਰਵਾਂ ਸਰਾਵਾਂ ਅਤੇ ਕਾਲਜਾਂ ਵਿਚ ਬਦਲ ਦਿੱਤਾ ਗਿਆ। ਦਰਿਆ ਨੂੰ ਜਾਣ ਵਾਲੀਆਂ ਅਸ਼ਨਾਨ ਪੌੜੀਆਂ ਦੇ ਸਾਹਮਣੇ ਮਸਜਦਾਂ ਅਤੇ ਬਾਜ਼ਾਰ ਬਣਾਏ ਗਏ। ਸੁਲਤਾਨ ਨੇ ਹੁਕਮ ਦਿੱਤਾ ਕਿ ਕਿਸੇ ਹਿੰਦੂ ਨੂੰ ਇਥੇ ਅਸ਼ਨਾਨ ਕਰਨ ਦੀ ਇਜਾਜ਼ਤ ਨਾ ਦਿੱਤੀ ਜਾਵੇ। "ਉਨ੍ਹਾਂ ਦੇ ਬੁੱਤ ਵੱਟਿਆਂ ਵਜੋਂ ਵਰਤਣ ਲਈ ਕਸਾਈਆਂ ਨੂੰ ਮਾਸ ਤੋਲਣ ਲਈ ਦਿੱਤੇ ਗਏ ਅਤੇ ਮਥੁਰਾ ਵਿਚ ਸਾਰੇ ਹਿੰਦੂਆਂ ਨੂੰ ਸਿਰ ਦਾਹੜੀ ਮੁਨਾਉਣ ਦੀ ਅਤੇ ਧਾਰਮਕ ਕ੍ਰਿਆ ਕਰਮ ਕਰਨ ਦੀ ਸਖ਼ਤ ਮਨਾਹੀ ਕਰ ਦਿੱਤੀ ਗਈ.... ਜੇ ਕੋਈ ਹਿੰਦੂ ਸਿਰ ਦਾਹੜੀ ਮੁਨਾਉਣਾ ਚਾਹੁੰਦਾ ਸੀ ਤਾਂ ਉਸ ਨੂੰ ਨਾਈ ਨਹੀਂ ਸੀ ਮਿਲਦਾ।"[23]

ਪਰ ਇਹ ਅਤਿਆਚਾਰ ਵੀ ਬ੍ਰਾਹਮਣ ਬੁਧਨ ਦੀ ਫਾਂਸੀ ਦੇ ਮੁਕਾਬਲੇ ਵਿਚ ਹੌਲੇ ਅਤੇ ਨਰਮ ਲਗਦੇ ਹਨ। ਬ੍ਰਾਹਮਣ ਦਾ ਇਕੋ ਇਕ ਅਪਰਾਧ ਇਹ ਸੀ ਕਿ ਉਸ ਨੇ ਕੁਝ ਮੁਸਲਮਾਨਾਂ ਦੀ ਹਾਜ਼ਰੀ ਵਿਚ ਇਹ ਕਿਹਾ ਸੀ—"ਮੁਸਲਮਾਨ ਅਤੇ ਹਿੰਦੂਆਂ ਦੇ ਧਰਮ ਤੇ ਜੇ ਸਿਦਕ ਨਾਲ ਚਲਿਆ ਜਾਏ ਤਾਂ ਪਰਮਾਤਮਾ ਨੂੰ ਇਕੋ ਜਿਹੇ ਸਵੀਕਾਰ ਹਨ।" ਦੋ ਸਥਾਨੀ ਕਾਜ਼ੀਆਂ ਨੇ ਫਤਵਾ ਲਾ ਦਿੱਤਾ ਜੋ ਮੁਆਮਲੇ ਦੀ ਗੰਭੀਰਤਾ ਦੇ ਅਨੁਕੂਲ ਨਹੀਂ ਸੀ ਅਤੇ ਆਖ਼ਰ ਮੁਆਮਲਾ ਸੁਲਤਾਨ ਕੋਲ ਭੇਜਿਆ ਗਿਆ। ਉਸ ਨੇ ਸਾਰੇ ਸਿਆਣੇ ਵਿਦਵਾਨਾਂ ਨੂੰ ਬੁਲਵਾਇਆ, ਬ੍ਰਾਹਮਣ ਅਤੇ ਦੋਨੋਂ ਕਾਜ਼ੀ ਵੀ ਬੁਲਾਏ ਗਏ ਅਤੇ ਕੁਝ ਵਾਦ ਵਿਵਾਦ ਮਗਰੋਂ ਉਲਮਾਂ ਨੇ ਇਹ ਫ਼ੈਸਲਾ ਦਿੱਤਾ ਕਿ ਬ੍ਰਾਹਮਣ ਜਾਂ ਇਸਲਾਮ ਕਬੂਲ ਕਰੇ ਜਾਂ ਫ਼ਾਸੀ ਚੜ੍ਹੇ। ਉਸ ਨੇ ਇਸਲਾਮ ਕਬੂਲ ਕਰਨ ਤੋਂ ਇਨਕਾਰ

19. ਈਲੀਅਟ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 477.
20. ਬਰਿਗਜ਼, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 578.
21. ਬਰਿਗਜ਼, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 581.
22. ਉਹੀ, ਪੰਨਾ 581.
23. ਤਾਰੀਖ਼-ਏ-ਦਾਊਦੀ, ਈਲੀਅਟ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 447; ਦੇਖੋ ਬਰਿਗਜ਼, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 586.

ਕਰ ਦਿੱਤਾ ਅਤੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ।[24] ਜੇਕਰ ਇਹ ਨਿਆਂ ਹੈ ਤਾਂ ਗੁਰੂ ਜੀ ਠੀਕ ਹੀ ਕਹਿੰਦੇ ਹਨ ਕਿ "ਧਰਮ ਪੰਖ ਕਰਿ ਉਡਰਿਆ"। ਇਸ ਘਟਨਾ ਪਿੱਛੋਂ ਲਖਨਊ ਦੇ ਗਵਰਨਰ ਅਹਿਮਦ ਖ਼ਾਂ ਦੇ ਕੇਸ ਦਾ ਹਵਾਲਾ ਦੇਣ ਦੀ ਲੋੜ ਨਹੀਂ। ਕਿਹਾ ਜਾਂਦਾ ਹੈ ਕਿ ਇਹ ਹਿੰਦੂ ਸਿੱਧਾਂਤਾਂ ਦਾ ਅਨੁਯਾਈ ਬਣ ਚੁੱਕਾ ਸੀ ਅਤੇ ਸੁਲਤਾਨ ਨੂੰ ਇਸ ਦਾ ਪਤਾ ਲੱਗਣ ਦੀ ਦੇਰ ਸੀ ਕਿ ਅਹਿਮਦ ਖ਼ਾਨ ਨੂੰ ਗਵਰਨਗੀ ਤੋਂ ਤੁਰੰਤ ਹਟਾ ਦੇਣ ਅਤੇ ਕੈਦੀ ਬਣਾ ਕੇ ਦਰਬਾਰ ਵਿਚ ਪੇਸ਼ ਕਰਨ ਦਾ ਹੁਕਮ ਕਰ ਦਿੱਤਾ ਗਿਆ।[25]

ਇਸ ਲਈ ਲੋਧੀ ਰਾਜਿਆਂ ਦੁਆਰਾ ਅਮਨ ਦੀ ਪੁਨਰ ਸਥਾਪਨਾ ਹਿੰਦੂਆਂ ਲਈ ਕੋਈ ਸੰਤੋਸ਼ ਦਾ ਕਾਰਨ ਨਾ ਬਣੀ। 'ਅਮਨ ਅਤੇ ਸੁਰੱਖਿਆ' ਨਾਲੋਂ, ਜਿਸ ਨੂੰ ਉਹ ਕੁਝ ਹੱਦ ਤਕ ਮਾਣਦੇ ਸਨ, ਕਿਤੇ ਜ਼ਿਆਦਾ ਉਨ੍ਹਾਂ ਤੇ ਕਠੋਰ ਧਾਰਮਕ ਅਤਿਆਚਾਰ ਢਾਹੇ ਜਾ ਰਹੇ ਸਨ। ਪਰੰਤੂ ਜਿਵੇਂ ਕਿ ਅਸੀਂ ਦੇਖਿਆ ਹੈ, ਲੋਧੀਆਂ ਦੀ ਪ੍ਰਭੂਤਾ, ਕਮਜ਼ੋਰ ਨੀਹਾਂ ਉੱਤੇ ਖੜ੍ਹੀ ਸੀ ਅਤੇ ਇਬਰਾਹੀਮ ਦੇ ਰਾਜਗੱਦੀ ਉੱਤੇ ਬੈਠਦਿਆਂ ਹੀ ਇਹ ਸਥਿਤੀ ਹੋਰ ਵੀ ਨਿਘਰ ਗਈ। ਇਬਰਾਹੀਮ ਵਿਚ ਉਹ ਜੁਗਤ ਨਹੀਂ ਸੀ ਜਿਸ ਨੇ ਉਸ ਦੇ ਪਿਤਾ ਅਤੇ ਦਾਦੇ ਨੂੰ, ਲਾਲਚੀ ਅਤੇ ਧੜੇ ਬਾਜ਼ ਅਫ਼ਗਾਨ ਅਮੀਰਾਂ ਨੂੰ ਥੋੜ੍ਹਾ ਬਹੁਤ ਦਬਾਈ ਰਖਣ ਯੋਗ ਬਣਾਇਆ ਸੀ। ਪਹਿਲੇ ਦੋ ਲੋਧੀ ਰਾਜ ਸੱਤਾ ਦੇ ਦਾਅਵੇ ਨੂੰ ਸੀਮਿਤ ਕਰਨ ਦੀ ਬਹੁਤੀ ਪਰਵਾਹ ਨਾ ਕਰਦੇ ਹੋਏ ਇਸ ਦੀ ਵਾਸਤਵਿਕਤਾ ਨੂੰ ਮਾਨਣ ਨਾਲ ਹੀ ਸੰਤੁਸ਼ਟ ਸਨ। ਪਰ ਇਬਰਾਹੀਮ ਵੱਖਰੀ ਮਿੱਟੀ ਦਾ ਬਣਿਆ ਹੋਇਆ ਸੀ। "ਆਪਣੇ ਪਿਤਾ ਅਤੇ ਦਾਦੇ ਦੇ ਰਿਵਾਜ ਤੋਂ ਉਲਟ, ਉਹ ਮੁੱਢ ਤੋਂ ਹੀ ਆਪਣੇ ਅਫ਼ਸਰਾਂ ਵਿਚਕਾਰ ਕੋਈ ਭੇਦ-ਭਾਵ ਨਹੀਂ ਰਖਦਾ ਸੀ ਭਾਵੇਂ ਉਹ ਉਸ ਦੇ ਆਪਣੇ ਕਬੀਲੇ ਦੇ ਹੋਣ ਜਾਂ ਕਿਸੇ ਹੋਰ ਦੇ ਅਤੇ ਖੁਲ੍ਹਮ-ਖੁਲ੍ਹਾ ਕਹਿੰਦਾ ਸੀ ਕਿ ਬਾਦਸ਼ਾਹ ਦਾ ਕੋਈ ਰਿਸ਼ਤੇਦਾਰ ਜਾਂ ਕੁਟੰਬ ਨਹੀਂ ਹੋਣਾ ਚਾਹੀਦਾ, ਪਰੰਤੂ ਇਨ੍ਹਾਂ ਸਭਨਾਂ ਨੂੰ ਰਾਜ ਦੀ ਪਰਜਾ ਅਤੇ ਸੇਵਕ ਸਮਝਣਾ ਚਾਹੀਦਾ ਹੈ, ਅਤੇ ਅਫ਼ਗਾਨ ਸਰਕਾਰ, ਜਿਨ੍ਹਾਂ ਨੂੰ ਰਾਜੇ ਦੇ ਸਾਹਮਣੇ ਬੈਠਣ ਦੀ ਹੁਣ ਤਕ ਆਗਿਆ ਸੀ, ਦਰਬਾਰ ਵਿਚ ਹਥ ਬੰਨ੍ਹ ਕੇ ਖੜੇ ਹੋਣ ਲਈ ਮਜ਼ਬੂਰ ਹੋ ਗਏ।[26] ਇਸ ਦਾ ਸਿੱਟਾ ਛੇਤੀ ਹੀ ਇਬਰਾਹੀਮ ਦੇ ਭਰਾ ਜਲਾਲ ਖ਼ਾਨ ਨੂੰ ਜੌਨਪੁਰ ਦਾ ਸੁਤੰਤਰ ਅਧਿਕਾਰੀ ਬਣਾਉਣ ਹਿਤ ਅਫ਼ਗਾਨ ਅਮੀਰਾਂ ਦੇ ਇਕ ਧੜੇ ਵੱਲੋਂ ਕੀਤੀ

---

24. ਤਾਰੀਖ਼-ਏ-ਦਾਊਦੀ, ਈਲੀਅਟ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 461–65; ਬਰਿਗਜ਼, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 576–77। ਤਾਰੀਖ਼-ਏ-ਦਾਊਦੀ ਅਨੁਸਾਰ ਬ੍ਰਾਹਮਣ ਦਾ ਨਾਂ ਲੋਧਨ ਸੀ ਜੋ ਪਿੰਡ ਕਨੇਰ ਦਾ ਰਹਿਣ ਵਾਲਾ ਸੀ। ਕਾਜ਼ੀ ਪਿਆਰਾ ਅਤੇ ਸ਼ੇਖ ਬਦਰ ਨੇ ਫਤਵਾ ਲਾਇਆ ਸੀ, ਜੋ ਲਖਨਾਉਤੀ ਵਿਚ ਰਹਿੰਦੇ ਸਨ ਅਤੇ ਜ਼ਿਲ੍ਹੇ ਦੇ ਗਵਰਨਰ ਆਜਮ ਹਮਾਯੂ ਨੇ ਉਨ੍ਹਾਂ ਨੂੰ ਸੁਲਤਾਨ ਦੇ ਦਰਬਾਰ ਵਿਚ ਭੇਜਿਆ ਸੀ। ਫਰਿਸ਼ਤਾ ਬ੍ਰਾਹਮਣ ਦਾ ਨਾਂ ਬੁਧਨ ਕਹਿੰਦਾ ਹੈ ਅਤੇ ਉਸ ਨੂੰ ਲਖਨਊ ਲਾਗੇ ਕਤੈਨ ਦਾ ਵਸਨੀਕ ਦੱਸਦਾ ਹੈ। ਈਸ਼ਵਰੀ ਪ੍ਰਸਾਦ ਦੀ ਰਚਨਾ *Mediaeval India* ਪੰਨਾ 482 ਵੀ ਵੇਖੋ।
25. ਬਰਿਗਜ਼, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 582। ਇਸ ਸੁਝਾਓ ਵਿਚ ਕੁਝ ਸੱਚਾਈ ਹੋ ਸਕਦੀ ਹੈ ਕਿ ਬ੍ਰਾਹਮਣ ਕਬੀਰ ਸੰਪਰਦਾਇ ਵਿਚੋਂ ਸੀ ਅਤੇ ਇਸ ਹਾਲਤ ਵਿਚ ਸਿਕੰਦਰ ਦੀ ਕਬੀਰ ਨਾਲ ਹੋਈ ਭੇਟ ਦਾ ਆਧਾਰ ਇਹ ਘਟਨਾ ਬਣ ਸਕਦੀ ਹੈ ਜਿਸ ਵਿਚ ਕਾਲ ਦੋਸ਼ ਦੀ ਉਕਾਈ ਰਹਿ ਗਈ ਹੈ। ਲਖਨਊ ਦੇ ਗਵਰਨਰ ਵਾਲੀ ਘਟਨਾ ਵੀ ਸ਼ਾਇਦ ਇਸੇ ਪ੍ਰਭਾਵ ਤੋਂ ਕਹੀ ਜਾ ਸਕਦੀ ਹੈ
26. ਬਰਿਗਜ਼, ਉਪਰੋਕਤ ਰਚਨਾ, ਪੰਨਾ 590.।

ਸਾਜ਼ਿਸ਼ ਦੇ ਰੂਪ ਵਿਚ ਉਜਾਗਰ ਹੋਇਆ। ਸਾਜ਼ਿਸ਼ ਕੁਚਲ ਦਿੱਤੀ ਗਈ ਪਰ ਅਫ਼ਗਾਨ ਅਮੀਰ ਸਦਾ ਲਈ ਗ਼ੈਰ ਹੋ ਗਏ ਅਤੇ ਇਬਰਾਹੀਮ ਦੇ ਰਾਜ ਦੇ ਬਾਕੀ ਦੇ ਦਿਨ ਲਗਭਗ ਰਾਜ ਦੇ ਵੱਖ ਵੱਖ ਭਾਗਾਂ ਵਿਚ ਉਪਰੋਥਲੀ ਹੋਈਆਂ ਬਗ਼ਾਵਤਾਂ ਨੂੰ ਦਬਾਉਣ ਵਿਚ ਹੀ ਬੀਤੇ। ਇੰਞ ਛੇਤੀ ਹੀ ਸੁਲਤਾਨ ਨੇ ਆਪਣੇ ਆਪ ਨੂੰ ਲਗਭਗ ਸਰਵਲੌਕਿਕ ਬੇਇਤਬਾਰੀ ਦਾ ਨਿਸ਼ਾਨਾ ਬਣਾ ਲਿਆ ਅਤੇ ਇਸ ਸਿਖਰ ਤੇ ਉਦੋਂ ਪੁੱਜਾ ਜਦ ਲਾਹੌਰ ਦੇ ਗਵਰਨਰ ਦੌਲਤ ਖ਼ਾਂ ਲੋਧੀ ਨੇ ਬਾਬਰ ਨੂੰ ਹਿੰਦੁਸਤਾਨ ਉੱਤੇ ਚੜ੍ਹਾਈ ਕਰਨ ਅਤੇ ਦਿੱਲੀ ਦਾ ਤਖ਼ਤ ਸਾਂਭਣ ਲਈ ਸੱਦਾ ਭੇਜਿਆ।

ਇਸ ਤੋਂ ਪਹਿਲਾਂ ਵੀ ਬਾਬਰ ਪੰਜਾਬ ਵਿਚ ਕਈ ਮੁਹਿੰਮਾਂ ਤੇ ਆ ਚੁੱਕਾ ਸੀ। ਬਾਬਰ ਆਪਣੀ ਸ੍ਵੈ-ਜੀਵਨੀ ਵਿਚ ਕਹਿੰਦਾ ਹੈ ਕਿ ਜਦ ਦਾ ਉਹ ਕਾਬਲ ਆਇਆ ਸੀ, ਉਸ ਦੀ ਹਿੰਦੁਸਤਾਨ ਉੱਤੇ ਚੜ੍ਹਾਈ ਕਰਨ ਦੀ ਇੱਛਾ ਸੀ ਪਰ ਅਨੇਕਾਂ ਕਾਰਨਾਂ ਨੇ ਉਸ ਨੂੰ ਹੁਣ ਤਕ ਆਪਣੀ ਯੋਜਨਾ ਸਿਰੇ ਚੜ੍ਹਾਉਣ ਤੋਂ ਵਰਜੀਂ ਰੱਖਿਆ[27] ਪਰ 1519 ਈ. ਵਿਚ ਉਸ ਨੇ ਹਿੰਦੁਸਤਾਨ ਦੇ ਸਰਹੱਦੀ ਇਲਾਕੇ ਭੇਰਾ (Bhera) ਤਕ ਅਚਨਚੇਤ ਵਧਣ ਲਈ ਆਪਣੇ ਆਪ ਨੂੰ ਕਾਫ਼ੀ ਹੱਦ ਤਕ ਸੁਤੰਤਰ ਮਹਿਸੂਸ ਕੀਤਾ। ਇਹ ਇਲਾਕਾ ਉਸ ਸਮੇਂ ਦੌਲਤ ਖ਼ਾ ਲੋਧੀ ਦੇ ਪੁੱਤਰ, ਅਲੀ ਖ਼ਾਂ ਦੇ ਅਧੀਨ ਸੀ। ਬਾਬਰ ਦਾ ਯਤਨ ਜਿਥੋਂ ਤਕ ਹੋ ਸਕਦਾ ਸੀ ਇਸ ਇਲਾਕੇ ਉੱਤੇ ਸ਼ਾਂਤਮਈ ਸਾਧਨਾ ਦੁਆਰਾ ਕਬਜ਼ਾ ਕਰਨ ਦਾ ਪ੍ਰਤੀਤ ਹੁੰਦਾ ਹੈ ਅਤੇ ਇਸੇ ਅਨੁਸਾਰ ਉਸ ਨੇ ਆਪਣੀਆਂ ਫ਼ੌਜਾਂ ਨੂੰ ਹੁਕਮ ਦਿੱਤਾ : "ਇਨ੍ਹਾਂ ਲੋਕਾਂ ਦੇ ਇਜੜਾਂ ਜਾਂ ਵੱਗਾਂ ਨੂੰ ਨੁਕਸਾਨ ਨਾ ਪਹੁੰਚਾਓ, ਕਪਾਹ ਛਿਟੀਆਂ ਅਤੇ ਟੁੱਟੀਆਂ ਹੋਈਆਂ ਸੂਈਆਂ ਨੂੰ ਵੀ ਨਾ ਛੇੜੋ।"[28] ਸੁਲਾਹ ਦੀ ਕੀਮਤ 4,00,000 ਸ਼ੀਹਰਫੀਆਂ ਮੰਨਿਆ ਗਿਆ ਅਤੇ ਇਸ ਰਕਮ ਦੀ ਉਗਰਾਹੀ ਲਈ ਮਾਲ ਅਫ਼ਸਰ ਨਿਯੁਕਤ ਕਰ ਦਿੱਤੇ ਗਏ। ਜਦ ਬਾਬਰ ਨੂੰ ਇਹ ਖ਼ਬਰ ਪਹੁੰਚਾਈ ਗਈ ਕਿ "ਉਸ ਦੀਆਂ ਫ਼ੌਜਾਂ ਮੂਰਖਪੁਣਾ ਕਰ ਰਹੀਆਂ ਹਨ ਅਤੇ ਡੇਰੇ ਦੇ ਲੋਕਾਂ ਨੂੰ ਲੁੱਟ ਰਹੀਆਂ ਹਨ ਤਾਂ ਬੰਦੇ ਭੇਜੇ ਗਏ ਜਿਨ੍ਹਾਂ ਨੇ ਉਨ੍ਹਾਂ ਵਿਚੋਂ ਕੁਝ ਇਕ ਧੱਕੇਬਾਜ਼ਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਬਹੁਤਿਆਂ ਦੇ ਨੱਕ ਕੱਟ ਦਿੱਤੇ ਅਤੇ ਇਸ ਤਰ੍ਹਾਂ ਸਾਰੇ ਕੈਂਪ ਵਿਚ ਉਨ੍ਹਾਂ ਨੂੰ ਘੁਮਾਇਆ ਗਿਆ।"[29] ਇਸ ਮੌਕੇ ਤੇ ਬਾਬਰ ਨੇ ਆਪਣਾ ਇਕ ਦੂਤ ਅਫ਼ਗਾਨ ਦਰਬਾਰ ਵਿਚ ਇਹ ਸੰਦੇਸ਼ ਦੇ ਕੇ ਭੇਜਿਆ ਕਿ "ਪੁਰਾਤਨ ਸਮੇਂ ਤੋਂ ਤੁਰਕਾਂ ਦੇ ਪ੍ਰਾਧੀਨ ਰਹਿਣ ਵਾਲੇ ਪ੍ਰਦੇਸ਼ ਉਸ ਨੂੰ ਦੇ ਦਿੱਤੇ ਜਾਣ।" ਪਰ ਦੂਤ ਨੂੰ ਦੌਲਤ ਖ਼ਾਨ ਨੇ ਲਾਹੌਰ ਵਿਚ ਹੀ ਠਹਿਰਾ ਲਿਆ ਅਤੇ ਉਹ ਨਿਸਫ਼ਲ ਪਰਤ ਆਇਆ। ਨਾ ਹੀ ਬਾਬਰ ਹਿੰਦੁਸਤਾਨ ਵਿਚ ਬਹੁਤਾ ਸਮਾਂ ਠਹਿਰਿਆ। ਕਾਹਰ ਸਰਕਾਰ ਨੂੰ ਹਰਾਉਣ ਮਗਰੋਂ ਭੇਰਾ ਅਤੇ ਇਸ ਦੇ ਨਾਲ ਲਗਦੇ ਜ਼ਿਲ੍ਹਿਆਂ ਨੂੰ ਕਬਜ਼ੇ ਵਿਚ ਰੱਖਣ ਲਈ ਕੁਝ ਇਕ ਪ੍ਰਬੰਧ ਕੀਤੇ ਫਿਰ ਉੱਨੀ ਪੈਰੀਂ ਕਾਬਲ ਪਰਤ ਗਿਆ।

---

27. *Memoirs of Babur*, Beveridge's Translation, sec. II. p. 377.
28. *ਉਹੀ*, ਪੰਨਾ 380.
29. *ਉਹੀ*, ਪੰਨਾ 383 । 400,000 ਸ਼ਹਰੁਖੀਆ ਲਗਭਗ 20,000 ਸਟਰਲਿੰਗ ਦੇ ਬਰਾਬਰ ਹਨ। ਦੇਖੋ ਈਲੀਅਟ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 233, ਫੁੱਟ ਨੋਟ 2.

ਪਰ ਉਹ ਛੇਤੀ ਹੀ ਵਾਪਸ ਮੁੜ ਆਇਆ। ਉਸ ਦੀ ਦੂਜੀ ਮੁਹਿੰਮ ਕੋਈ ਮਹੱਤਾ ਵਾਲੀ ਨਹੀਂ ਜਾਪਦੀ ਅਤੇ ਇਸ ਵਾਰ ਉਸ ਦੇ ਰੁਝੇਵੇਂ ਲਗਭਗ ਸਰਹੱਦੀ ਇਲਾਕੇ ਤਕ ਹੀ ਸੀਮਿਤ ਰਹੇ। ਆਪਣੀ ਤੀਜੀ ਮੁਹਿੰਮ ਸਮੇਂ ਬਾਬਰ ਪੰਜਾਬ ਦੇ ਧੁਰ ਅੰਦਰ ਤਕ ਆ ਪੁੱਜਾ ਅਤੇ ਉਸ ਦਾ ਨਿਸ਼ਾਨਾ ਲਾਹੌਰ ਪ੍ਰਤੀਤ ਹੁੰਦਾ ਸੀ। ਉਸ ਨੇ ਭੇਰਾ ਵਿਚ ਆਪਣੀ ਸਥਿਤੀ ਤਕੜੀ ਕਰਨ ਲਈ ਫ਼ੌਜੀ ਤਾਕਤ ਦਾ ਵਿਖਾਵਾ ਕੀਤਾ ਅਤੇ ਫਿਰ ਸਿਆਲਕੋਟ ਤਕ ਜਾ ਪਹੁੰਚਿਆ। ਲੋਕਾਂ ਨੇ ਬਿਨਾਂ ਵਿਰੋਧ ਈਨ ਮੰਨ ਲਈ ਪਰ ਸੈਦਪੁਰ ਦੇ ਵਾਸੀਆਂ ਨੇ ਅਜੇਹਾ ਨਾ ਕੀਤਾ।[30] ਪਰ ਰੱਖਿਆ ਦੇ ਯਤਨ ਨਿਸਫ਼ਲ ਸਿੱਧ ਹੋਏ ਅਤੇ ਰੱਖਿਆ ਸੈਨਾ ਨੂੰ ਤਲਵਾਰ ਦੇ ਘਾਟ ਉਤਾਰ ਦਿੱਤਾ ਗਿਆ। ਜਾਪਦਾ ਹੈ ਕਿ ਬਹੁਤ ਸਾਰੇ ਵਸਨੀਕਾਂ ਨੂੰ ਕੈਦੀ ਬਣਾ ਕੇ ਲੈ ਜਾਇਆ ਗਿਆ। ਸਿੱਖ ਜਨਮਸਾਖੀਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਗੁਰੂ ਨਾਨਕ ਜੀ ਦੇ ਕੁਝ ਸ਼ਬਦਾਂ ਨੇ ਇਸ ਘਟਨਾ ਤੇ ਇਕ ਪਾਸਿਓਂ ਅਤਿ ਰੌਚਕ ਰੋਸ਼ਨੀ ਪਾਈ ਹੈ। ਬਾਬਰ ਦੇ ਸੈਦਪੁਰ ਉੱਤੇ ਕਬਜ਼ਾ ਕਰਨ ਸਮੇਂ ਗੁਰੂ ਨਾਨਕ ਜੀ ਅਤੇ ਉਨ੍ਹਾਂ ਦਾ ਸੇਵਕ ਮਰਦਾਨਾ, ਇਸ ਘਟਨਾ-ਸਥਲ ਦੇ ਨੇੜੇ ਤੇੜੇ ਪ੍ਰਤੀਤ ਹੁੰਦੇ ਹਨ, ਅਤੇ ਗੁਰੂ ਜੀ ਦੇ ਸ਼ਬਦਾਂ ਦੁਆਰਾ ਇਸ ਘਟਨਾ ਸਬੰਧੀ ਸਾਨੂੰ ਕੁਝ ਹੋਰ ਵੇਰਵਾ ਮਿਲਦਾ ਹੈ ਇਹ ਮਹੱਤਵਪੂਰਨ ਤੱਥ ਹੈ ਕਿ ਬਾਬਰ ਦਾ ਮੂਲ ਮੰਤਵ ਸ਼ਾਸਨ ਕਰਨ ਦਾ ਸੀ ਨਾ ਕਿ ਕੇਵਲ ਲੁੱਟਮਾਰ ਕਰਨ ਦਾ। ਉਸ ਨੇ ਆਪਣੀਆਂ ਭਾਰਤ ਦੀਆਂ ਮੁਹਿੰਮਾਂ ਵਿਚ ਹਰ ਸੰਭਵ ਸੰਕੋਚ ਤੋਂ ਕੰਮ ਲਿਆ। ਅਸੀਂ ਪਹਿਲੋਂ ਹੀ ਦੇਖ ਚੁੱਕੇ ਹਾਂ ਕਿ ਉਸ ਨੇ ਭੇਰਾ ਦੇ ਲੋਕਾਂ ਨਾਲ ਅਯੋਗ ਮਨਮਾਨੀ ਕਰਨ ਉੱਤੇ ਆਪਣੇ ਸੈਨਿਕਾਂ ਨੂੰ ਕਿਵੇਂ ਸਜ਼ਾਵਾਂ ਦਿੱਤੀਆਂ ਸਨ। ਇਸ ਤੋਂ ਅੱਗੇ ਕਿਹਾ ਗਿਆ ਹੈ ਕਿ ਚੌਥੇ ਹਮਲੇ ਦੇ ਦੌਰਾਨ, ਜਦ ਦੌਲਤ ਖ਼ਾਂ ਲੋਧੀ ਨੇ ਮੁਲਵਾਤ ਦੇ ਸਥਾਨ ਤੇ ਈਨ ਮੰਨ ਲਈ, ਕਿਲ੍ਹੇ ਦੇ ਦਰਵਾਜ਼ੇ ਖੋਲ੍ਹ ਦਿੱਤੇ ਗਏ ਅਤੇ ਸੈਨਿਕ ਹੁਕਮ ਤੋਂ ਬਿਨਾਂ ਅੰਦਰ ਜਾ ਘੁਸੇ ਤਾਂ ਅਤਿਆਚਾਰ ਨੂੰ ਰੋਕਣ ਲਈ ਬਾਬਰ ਨੇ ਤਾਕਤ ਦੀ ਵੀ ਵਰਤੋਂ ਕੀਤੀ। ਵਕਤੀ ਜੋਸ਼ ਵਿਚ ਉਸ ਤੋਂ ਤੀਰ ਨਾਲ ਇਕ ਫ਼ੌਜੀ ਅਫ਼ਸਰ ਮਾਰਿਆ ਗਿਆ ਜਿਹੜਾ ਕਿ ਉਸ ਦੇ ਪੁੱਤਰ ਹਮਾਯੂੰ ਦੇ ਕਰਮਚਾਰੀਆਂ ਵਿਚੋਂ ਸੀ। ਭਾਵੇਂ ਉਸ ਨੇ ਇਸ ਘਟਨਾ ਤੇ ਦੁਖ ਪ੍ਰਗਟ ਕੀਤਾ ਪਰ ਇਹ ਗੱਲ ਸੰਦੇਹ ਰਹਿਤ ਹੈ ਕਿ ਉਸ ਦੀ ਉਥੇ ਹਾਜ਼ਰੀ ਨੇ ਹੀ ਦੌਲਤ ਖ਼ਾਂ ਦੇ ਪਰਿਵਾਰ ਦੀ ਇੱਜ਼ਤ ਨੂੰ ਬਚਾਇਆ। ਆਪਣੀ ਤੀਜੀ ਮੁਹਿੰਮ ਵਿਚ ਬਾਬਰ ਲਾਹੌਰ ਤਕ ਪਹੁੰਚਣਾ ਅਤਿ ਸਹਿਲ ਸਮਝਦਾ ਪ੍ਰਤੀਤ ਹੁੰਦਾ ਹੈ ਪਰ ਸੈਦਪੁਰ ਦੇ ਲੋਕਾਂ ਦੇ ਅਚਨਚੇਤੀ ਵਿਰੋਧ ਨੇ ਉਸ ਨੂੰ ਡਾਵਾਂਡੋਲ ਕਰ ਦਿੱਤਾ ਹੋਵੇਗਾ। ਇਸ ਮਾਮਲੇ ਵਿਚ ਉਥੋਂ ਦੇ ਲੋਕਾਂ ਉੱਤੇ ਰਤਾ ਤਰਸ ਨਾ ਕੀਤਾ ਗਿਆ। ਗੁਰੂ ਨਾਨਕ ਜੀ ਕਹਿੰਦੇ ਹਨ ਕਿ "ਮੁਗ਼ਲ ਯਮਰੂਪ ਹੋ ਕੇ ਸਾਡੇ ਉੱਤੇ ਚੜ੍ਹ ਆਇਆ ਹੈ।" ਜਾਪਦਾ ਹੈ ਕਿ ਲੋਕਾਂ ਦਾ ਕਤਲਿਆਮ ਕੀਤਾ ਗਿਆ ਅਤੇ ਘਰਾਂ, ਹਵੇਲੀਆਂ ਅਤੇ ਮਹੱਲਾਂ ਨੂੰ ਸਾੜ ਦਿੱਤਾ ਗਿਆ। ਔਰਤਾਂ ਤਕ ਨੂੰ ਵੀ ਨਹੀਂ ਛੱਡਿਆ ਗਿਆ। ਗੁਰੂ ਜੀ ਕਹਿੰਦੇ ਹਨ :

---

30. ਗੁਜਰਾਂਵਾਲਾ ਜਿਲ੍ਹੇ ਵਿਚ ਐਮਨਾਬਾਦ ਦਾ ਵਰਤਮਾਨ ਸ਼ਹਿਰ। ਦੇਖੋ ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 43.
31. ਬਰਿਗਜ਼, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 42.

ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ॥
ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ॥

(ਰਾਗ ਆਸਾ ਮਹਲਾ ੧, ਪੰਨਾ ੪੧੭)

ਅਤੇ ਫਿਰ

ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ॥
ਇਕਨ੍ਹਾ ਪੇਰਣ ਸਿਰ ਖੁਰ ਪਾਟੇ ਇਕਨ੍ਹਾ ਵਾਸੁ ਮਸਾਣੀ॥

(ਆਸਾ ਮਹਲਾ ੧, ਪੰਨਾ ੪੧੮)

ਇਸ ਸੰਘਰਸ਼ ਦੇ ਅਦੁਤੀ ਸੁਭਾਅ ਨੇ ਵੀ ਗੁਰੂ ਜੀ ਨੂੰ ਦੁਖੀ ਕੀਤਾ ਪ੍ਰਤੀਤ ਹੁੰਦਾ ਹੈ। ਇਕ ਪਾਸੇ ਹੰਢੇ ਹੋਏ ਵਿਅਕਤੀ ਦੀ ਅਗਵਾਈ ਹੇਠ ਸ਼ਿਕਾਇਤ ਅਤੇ ਸੰਗਠਿਤ ਫ਼ੌਜ ਲੜ ਰਹੀ ਸੀ ਅਤੇ ਦੂਜੇ ਪਾਸੇ ਬਿਨ ਤਿਆਰੀਉਂ ਰੱਖਿਆ ਸੈਨਾ ਸੀ ਜਿਸ ਵਿਚ ਬਹੁ-ਸੰਖਿਆ ਸ਼ਾਂਤੀਪੂਰਨ ਸ਼ਹਿਰ ਦੇ ਅਸੈਨਿਕ ਵਿਅਕਤੀਆਂ ਦੀ ਸੀ। ਗੁਰੂ ਜੀ ਨੂੰ ਗਿਲਾ ਹੈ:

ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥
ਕਰਤਾ ਤੂੰ ਸਭਨਾ ਕਾ ਸੋਈ॥
ਜੇ ਸਕਤਾ ਸਕਤੇ ਕਉ ਮਾਰੇ
ਤਾ ਮਨਿ ਰੋਸੁ ਨ ਹੋਈ॥ ਰਹਾਉ॥
ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥

(ਆਸਾ ਮਹਲਾ ੧, ਪੰਨਾ ੩੬੦)

ਗੁਰੂ ਜੀ ਨੇ ਸਪੱਸ਼ਟ ਭਾਂਤ ਇਹ ਵੀ ਵੇਖਿਆ ਸੀ ਕਿ ਬਾਬਰ ਦੇ ਹਮਲੇ ਵਿਰੁੱਧ ਆਪਣੀ ਪਰਜਾ ਦੀ ਸੁਰੱਖਿਆ ਲਈ ਯੋਗ ਢੰਗਾਂ ਦਾ ਉਪਯੋਗ ਕਰਨ ਤੋਂ ਅਣਗਹਿਲੀ ਕਾਰਨ ਦਿੱਲੀ ਦਾ ਲੋਧੀ ਸੁਲਤਾਨ ਆਪਣੀ ਅੰਤਿਮ ਅਧੋਗਤੀ ਲਈ ਰਾਹ ਤਿਆਰ ਕਰ ਰਿਹਾ ਸੀ।

ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ॥[32]

(ਆਸਾ ਮਹਲਾ ੧, ਪੰਨਾ ੩੬੦)

ਛੇਤੀ ਹੀ ਹਾਲਾਤ ਨੇ ਅਜੇਹਾ ਪਲਟਾ ਖਾਧਾ ਕਿ ਗੁਰੂ ਜੀ ਦੀ 'ਭਵਿਸ਼ਬਾਣੀ' ਇੰਨ-ਬਿੰਨੁ ਅੱਖਰ ਅੱਖਰ ਸੱਚ ਉਤਰੀ।

ਇਸ ਸਮੇਂ ਤਕ ਇਬਰਾਹੀਮ ਨੇ ਆਪਣੇ ਆਪ ਨੂੰ ਸਰਦਾਰਾਂ ਅਤੇ ਸੈਨਿਕਾਂ ਦੀ ਬਹੁ-ਸੰਖਿਆ ਲਈ ਘ੍ਰਿਣਾ ਦਾ ਪਾਤਰ ਬਣਾ ਲਿਆ ਸੀ। ਦੌਲਤ ਖ਼ਾਂ ਲੋਧੀ ਨੂੰ ਦਿੱਲੀ ਬੁਲਾਇਆ ਗਿਆ। ਪਰ ਉਸ ਨੂੰ ਕਿਸੇ ਸਾਜਿਸ਼ ਦਾ ਸ਼ੱਕ ਹੋਇਆ ਅਤੇ ਆਪਣੀ ਥਾਂ ਉਸ ਨੇ ਆਪਣੇ ਪੁੱਤਰ ਦਿਲਾਵਰ ਖ਼ਾਂ ਨੂੰ ਭੇਜ ਦਿੱਤਾ। ਇਸ ਨੇ ਇਬਰਾਹੀਮ ਨੂੰ ਰੋਹ ਚੜ੍ਹਾ ਦਿੱਤਾ। ਦਿਲਾਵਰ ਖ਼ਾਂ ਨਾਲ ਭੈੜਾ ਸਲੂਕ ਕੀਤਾ ਗਿਆ ਅਤੇ ਉਸ ਨੂੰ 'ਅਵੱਗਿਆਕਾਰੀ ਸੈਨਾਪਤੀਆਂ ਦੀ ਘ੍ਰਿਣਿਤ ਝਾਕੀ ਦਿਖਾਈ ਗਈ।'[33] ਦਿਲਾਵਰ ਲਾਹੌਰ ਨੂੰ ਨੱਠ

---

32. ਸੈਦਪੁਰ ਦੀ ਘਟਨਾ ਉੱਤੇ ਗੁਰੂ ਜੀ ਦੀ ਟਿੱਪਣੀ ਲਈ ਦੇਖੋ 'ਆਸਾ ਰਾਗੁ' ਵਿਚ ਦੋ ਸ਼ਲੋਕ; ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 115-119.

33. ਇਨ੍ਹਾਂ ਵਿਚੋਂ ਕਈਆਂ ਨੂੰ ਇਕ ਕਮਰੇ ਵਿਚ ਲਟਕਾਇਆ ਹੋਇਆ ਸੀ ਅਤੇ ਦਿਲਾਵਰ ਖ਼ਾਂ ਨੂੰ ਉਨ੍ਹਾਂ ਦੇ ਪਿੰਜਰ ਦਿਖਾਏ ਗਏ। ਈਲੀਅਟ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 23.

ਆਇਆ ਅਤੇ ਸਾਰੀ ਗੱਲ ਆਪਣੇ ਪਿਤਾ ਨੂੰ ਆ ਸੁਣਾਈ। ਦੌਲਤ ਖ਼ਾਂ ਨੂੰ ਹੁਣ ਵਿਸ਼ਵਾਸ ਹੋ ਗਿਆ ਕਿ ਅੱਗੋਂ ਤੋਂ ਇਬਰਾਹੀਮ ਤੇ ਕੋਈ ਭਰੋਸਾ ਨਹੀਂ ਕੀਤਾ ਜਾ ਸਕਦਾ ਅਤੇ ਦਿਲਾਵਰ ਖ਼ਾਂ ਨੂੰ ਬਾਬਰ ਕੋਲ ਭੇਜਿਆ। ਇਬਰਾਹੀਮ ਦਾ ਚਾਚਾ ਆਲਮ ਖ਼ਾਂ ਲੋਧੀ ਵੀ ਬਾਬਰ ਨੂੰ ਦਿੱਤੇ ਸੱਦੇ ਵਿਚ ਆ ਰਲਿਆ, ਤੇ ਬਾਬਰ ਨੇ ਚੌਥੀ ਵਾਰ ਹਿੰਦੁਸਤਾਨ ਉੱਤੇ ਚੜ੍ਹਾਈ ਕੀਤੀ। ਉਹ ਬਿਨਾਂ ਕਿਸੇ ਰੋਕ ਟੋਕ ਦੇ ਲਾਹੌਰ ਤੋਂ 10 ਮੀਲ ਦੀ ਵਿੱਥ ਤੱਕ ਆ ਪੁੱਜਾ ਜਦ ਕਿ ਉਸ ਨੂੰ ਬਹਿਰ ਖ਼ਾਂ ਲੋਧੀ ਨਾਲ ਟੱਕਰ ਲੈਣੀ ਪਈ। ਇਸ ਨੂੰ ਇਬਰਾਹੀਮ ਨੇ ਦੌਲਤ ਖ਼ਾਂ ਲੋਧੀ ਵਿਰੁੱਧ ਭੇਜਿਆ ਸੀ। ਦੌਲਤ ਖ਼ਾਂ ਬਹਿਰ ਖਾਂ ਦੇ ਆਉਣ ਤੇ ਭੱਜ ਗਿਆ ਸੀ ਅਤੇ ਇਸ ਨੂੰ ਹੁਣ ਬਾਬਰ ਨਾਲ ਸਿੱਧੀ ਟੱਕਰ ਲੈਣੀ ਪਈ। ਬਹਿਰ ਖ਼ਾਂ ਨੂੰ ਭਾਂਜ ਦਿੱਤੀ ਗਈ ਅਤੇ "ਬਾਬਰ ਦੀਆਂ ਫ਼ੌਜਾਂ ਭਗੌੜੇ ਸਿਪਾਹੀਆਂ ਦਾ ਪਿੱਛਾ ਕਰਦੀਆਂ ਹੋਈਆਂ ਲਾਹੌਰ ਵਿਚ ਆ ਵੜੀਆਂ। ਸ਼ਹਿਰ ਵਿਚ ਲੁੱਟਮਾਰ ਮਚਾਈ ਗਈ ਅਤੇ ਕਈ ਬਾਜ਼ਾਰ ਸਾੜ ਸੁੱਟੇ।" ਇਸ ਪਿੱਛੋਂ ਦੀਪਾਲਪੁਰ ਉੱਤੇ "ਹਮਲਾ ਕੀਤਾ ਗਿਆ, ਉਸ ਨੂੰ ਲੁੱਟਿਆ ਗਿਆ ਅਤੇ ਉੱਥੇ ਦੇ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ।" ਪਰ ਬਾਬਰ ਨੂੰ ਸਰਹਿੰਦ ਉੱਤੇ ਚੜ੍ਹਾਈ ਕਰਨ ਦੀ ਵਿਉਂਤ ਨੂੰ ਦੌਲਤ ਖ਼ਾਂ ਲੋਧੀ ਦੀ ਬਗ਼ਾਵਤ ਕਾਰਨ ਤਰਕ ਕਰਨਾ ਪਿਆ। ਉਹ ਅਸੰਤੁਸ਼ਟ ਸੀ ਕਿਉਂਕਿ ਬਾਬਰ ਨੇ ਉਸ ਦਾ ਪੁਰਾਣਾ ਪ੍ਰਦੇਸ਼ ਲਾਹੌਰ ਉਸ ਨੂੰ ਵਾਪਸ ਨਹੀਂ ਕੀਤਾ ਸੀ। ਉਸ ਨੇ ਆਪਣੀਆਂ ਯੋਜਨਾਵਾਂ ਨੂੰ ਬੜੀ ਚਤੁਰਤਾ ਨਾਲ ਛੁਪਾਈ ਰੱਖਿਆ ਪਰ ਉਸ ਦੇ ਪੁੱਤਰ ਦਿਲਾਵਰ ਖ਼ਾਂ ਨੇ ਉਸ ਨਾਲ ਦਗਾ ਕੀਤਾ ਅਤੇ ਬਾਬਰ ਨੇ ਉਸ ਨੂੰ ਕੈਦ ਵਿਚ ਪਾ ਦਿੱਤਾ। ਪਰ ਉਸ ਨੂੰ ਛੇਤੀ ਹੀ ਰਿਹਾਅ ਕਰ ਦਿੱਤਾ ਗਿਆ ਅਤੇ ਸੁਲਤਾਨਪੁਰ ਦਾ ਪ੍ਰਬੰਧ ਉਸ ਨੂੰ ਸੌਂਪ ਦਿੱਤਾ ਗਿਆ। ਪਰੰਤੂ ਉਹ ਪਹਾੜਾਂ ਵੱਲ ਭੱਜ ਗਿਆ ਅਤੇ ਉਥੇ ਮੌਕੇ ਦੀ ਉਡੀਕ ਵਿਚ ਰਹਿਣ ਲਗਾ। ਇਸ ਨੇ ਬਾਬਰ ਦੀ ਸਥਿਤੀ ਨੂੰ ਕਠਿਨ ਬਣਾ ਦਿੱਤਾ ਅਤੇ ਉਸ ਨੂੰ ਚਿਤਵੇ ਹੋਏ ਹਮਲੇ ਤੋਂ ਪਿੱਛਾਂਹ ਹਟਣ ਤੇ ਮਜ਼ਬੂਰ ਕਰ ਦਿੱਤਾ। ਉਸ ਨੇ ਪੰਜਾਬ ਦੇ ਸ਼ਾਸਨ ਲਈ ਪ੍ਰਬੰਧ ਕੀਤਾ ਅਤੇ ਕਾਬਲ ਨੂੰ ਪਰਤ ਗਿਆ।

ਬਾਬਰ ਦੀ ਵਾਪਸੀ ਪਿੱਛੋਂ ਦੌਲਤ ਖ਼ਾਂ ਤੁਰੰਤ ਹੀ ਪਹਾੜਾਂ ਵਿਚੋਂ ਨਿਕਲ ਆਇਆ, ਆਪਣੇ ਪੁੱਤਰ ਦਿਲਾਵਰ ਖ਼ਾਂ ਨੂੰ ਪਕੜ ਲਿਆ, ਸੁਲਤਾਨਪੁਰ ਤੇ ਕਬਜ਼ਾ ਕਰ ਲਿਆ ਅਤੇ ਇਕ ਭਾਰੀ ਫ਼ੌਜ ਇਕੱਠੀ ਕਰ ਕੇ ਆਲਮ ਖ਼ਾਂ ਨੂੰ ਦਿਪਾਲਪੁਰ ਹਾਰ ਦਿੱਤੀ। ਇਸ ਪਿੱਛੋਂ, ਪੰਜਾਬ ਨੂੰ ਦੁਬਾਰਾ ਜਿੱਤਣ ਲਈ ਭੇਜੀ ਇਬਰਾਹੀਮ ਦੀ ਕੁਝ ਫ਼ੌਜ ਨੂੰ ਆਪਣੇ ਵੱਲ ਗੰਢ ਲਿਆ ਅਤੇ ਰਹਿੰਦੀ ਫ਼ੌਜ ਨੂੰ ਤਿਤਰ ਬਿਤਰ ਕਰ ਦਿੱਤਾ। ਇਸ ਤੇ ਆਲਮ ਖ਼ਾਂ ਸਿੱਧਾ ਕਾਬਲ ਪਹੁੰਚਿਆ ਅਤੇ ਬਾਬਰ ਨੂੰ ਹਿੰਦੁਸਤਾਨ ਉੱਤੇ ਆਪਣਾ ਪੰਜਵਾਂ ਤੇ ਆਖਰੀ ਹਮਲਾ ਕਰਨ ਲਈ ਸਹਿਜੇ ਹੀ ਪ੍ਰੇਰ ਲਿਆ। ਇਸ ਤੋਂ ਪਹਿਲਾਂ ਕਿ ਇਹ ਗੱਲ ਸਿਰੇ ਚੜ੍ਹਦੀ ਦੌਲਤ ਖ਼ਾਂ ਦੀ ਮੌਤ ਹੋ ਗਈ ਅਤੇ ਬਾਬਰ ਨੂੰ ਪਾਨੀਪਤ ਦੇ ਰਣਖੇਤਰ ਤਕ ਪਹੁੰਚਣ ਵਿਚ ਕੋਈ ਰੁਕਾਵਟ ਪੇਸ਼ ਨਾ ਆਈ, ਜਿਥੇ ਕਿ ਆਖ਼ਰੀ ਲੜਾਈ ਲੜੀ ਗਈ। ਇਬਰਾਹੀਮ ਹਾਰ ਗਿਆ ਅਤੇ ਕਤਲ ਕਰ ਦਿੱਤਾ ਗਿਆ। ਬਾਬਰ ਵਿਜਈ ਹੋ ਕੇ ਦਿੱਲੀ ਅੰਦਰ ਦਾਖ਼ਲ ਹੋਇਆ ਅਤੇ ਹਿੰਦੁਸਤਾਨ ਦਾ ਸਮਰਾਟ ਘੋਸ਼ਿਤ ਕੀਤਾ ਗਿਆ। ਪਰ ਮੁਗ਼ਲਾਂ ਦੀ ਜਿੱਤ ਅਜੇ ਇਕ ਵਾਰ ਹੋਰ ਗ੍ਰਹਿਣੀ ਜਾਣੀ ਸੀ ਅਤੇ ਉੱਤਰੀ ਭਾਰਤ ਨੂੰ

ਸਥਿਰ ਅਤੇ ਨਿਪੁੰਨ ਪ੍ਰਸ਼ਾਸਨ ਦਾ ਸੁੱਖ-ਆਨੰਦ ਪ੍ਰਾਪਤ ਕਰਨ ਲਈ ਅਜੇ ਦੋ ਦਹਾਕੇ ਹੋਰ ਉਡੀਕਣਾ ਪੈਣਾ ਸੀ।

ਮੋਟੇ ਰੂਪ ਵਿਚ ਗੁਰੂ ਨਾਨਕ ਜੀ ਦੇ ਕਾਲ ਦੀ ਅਜੇਹੀ ਰਾਜਨੀਤਕ ਅਵੱਸਥਾ ਸੀ। ਉਹ ਕਹਿੰਦੇ ਹਨ ਕਿ "ਕਲਿ ਕਾਤੀ ਰਾਜੇ ਕਾਸਾਈ"[34] ਅਤੇ ਉਨ੍ਹਾਂ ਦਾ ਇਹ ਕਥਨ ਉੱਕਾ ਹੀ ਅਤਿਕਥਨੀ ਪ੍ਰਤੀਤ ਨਹੀਂ ਹੁੰਦਾ। ਗੁਰੂ ਜੀ ਨਿਰੰਤਰ ਲੜਾਈ ਭਿੜਾਈ ਦੇ ਸਮੇਂ ਵਿਚ ਵਿਚਰੇ ਅਤੇ ਜਿਵੇਂ ਕਿ ਅਸੀਂ ਦੇਖਿਆ ਹੈ ਕਿ ਜਿਹੜੀ ਲੋਧੀਆਂ ਨੇ ਥੋੜ੍ਹੀ ਬਹੁਤੀ ਸ਼ਾਂਤੀ ਅਤੇ ਸੁਰੱਖਿਆ ਲਿਆਂਦੀ ਉਸ ਉੱਤੇ ਸਿਕੰਦਰ ਦੇ ਅਤਿ ਨਿਰਦਈ ਧਾਰਮਕ ਅਤਿਆਚਾਰ ਭਾਰੂ ਹੋ ਗਏ ਸਨ। ਜੇਕਰ ਇਸ ਸਥਿਤੀ ਦਾ ਹੋਰ ਗਹੁ ਨਾਲ ਵਿਵੇਚਨ ਕੀਤਾ ਜਾਏ ਤਾਂ ਇਸ ਦਾ ਵਿਵਰਣ ਘਿਣਾਉਣਾ ਹੋਵੇਗਾ। ਕਿਸੇ ਸਿੱਧਾਂਤ, ਪਰਿਵਾਰ ਜਾਂ ਕਿਸੇ ਵਿਅਕਤੀ ਪ੍ਰਤਿ ਸਿਦਕ ਦੀ ਅਤਿਅੰਤ ਘਾਟ ਸੀ ਅਤੇ ਹਰ ਕੋਈ ਆਪਣੀ ਹੀ ਨਿੱਜੀ ਵਡਿਆਈ ਲਈ ਕੰਮ ਕਰ ਰਿਹਾ ਪ੍ਰਤੀਤ ਹੁੰਦਾ ਹੈ। ਨਿਲੱਜ ਅਵਸਰਵਾਦ ਅਤੇ ਨਿਰਸੰਕੋਚ ਲਾਲਚ ਵਿਆਪਕ ਨਿਯਮ ਬਣ ਗਏ ਪ੍ਰਤੀਤ ਹੁੰਦੇ ਹਨ ਅਤੇ ਉਪਰਾਲੇ ਮਨੋ-ਪ੍ਰਤਿੱਗਿਆਵਾਂ ਕੇਵਲ ਇਸ ਲਈ ਕੀਤੀਆਂ ਜਾਂਦੀਆਂ ਸਨ ਕਿ ਉਨ੍ਹਾਂ ਨੂੰ ਅਵਸਰ ਮਿਲਦੇ ਹੀ ਤੋੜ ਦਿੱਤਾ ਜਾ ਸਕੇ।[35] ਇਹ ਗੱਲ ਅਜੇਹੇ ਸਦਾਚਾਰਕ ਪਤਨ ਦੀ ਸਾਖੀ ਭਰਦੀ ਹੈ ਜੋ ਰਾਜਨੀਤਕ ਗੜਬੜ ਦੇ ਨਾਲ ਨਾਲ ਚਲ ਰਿਹਾ ਸੀ ਅਤੇ ਜਿਸ ਨੇ ਮੁਲਕ ਨੂੰ ਗ੍ਰਸਿਆ ਹੋਇਆ ਸੀ। ਗੁਰੂ ਨਾਨਕ ਜੀ ਦੀ ਆਪਣੇ ਸਮਕਾਲੀਆਂ ਨੂੰ ਤਾੜਨਾ ਪੂਰਨ ਅਤੇ ਗੁਣ ਅਤੀਤ ਹੈ। ਗੁਰੂ ਜੀ ਕਹਿੰਦੇ ਹਨ :

ਮਾਣਸ ਮੂਰਤਿ ਨਾਨਕੁ ਨਾਮੁ॥
ਕਰਣੀ ਕੁਤਾ ਦਰਿ ਫੁਰਮਾਨੁ॥[36]

(ਆਸਾ ਮਹਲਾ ੧, ਪੰਨਾ ੩੫੦)

ਜਦ ਅਸੀਂ ਧਾਰਮਕ ਅਤੇ ਸਮਾਜਕ ਜੀਵਨ ਨੂੰ ਧਿਆਨ ਨਾਲ ਵਿਚਾਰਨ ਦਾ ਯਤਨ ਕਰਦੇ ਹਾਂ ਤਾਂ ਇਹ ਸਦਾਚਾਰਕ ਗਿਰਾਵਟ, ਜਿਸ ਵਿਚ ਲੋਕੀ ਗ੍ਰਸੇ ਹੋਏ ਸਨ, ਹੋਰ ਵੀ ਸਪੱਸ਼ਟ ਭਾਂਤ ਉਘੜ ਆਉਂਦੀ ਹੈ। ਕਿਹਾ ਜਾਂਦਾ ਹੈ ਕਿ "ਉਹ ਨਿਯਮ ਜੋ ਮਾਨਵ ਸਮਾਜ ਆਪਣੀ ਰੱਖਿਆ ਅਤੇ ਅਵਿਨਾਸ਼ਤਾ ਲਈ ਘੜਦਾ ਹੈ ਛੇਤੀ ਹੀ ਬੰਧਨ ਬਣ ਜਾਂਦੇ ਹਨ ਜੋ ਇਸ ਦਾ ਵਿਕਾਸ ਰੋਕਦੇ ਅਤੇ ਇਸ ਦੇ ਪਤਨ ਨੂੰ ਦ੍ਰਿੜ੍ਹ ਕਰਦੇ ਹਨ," ਸ਼ਾਇਦ ਇਹ ਨਿਯਮ ਧਾਰਮਕ ਖੇਤਰ ਵਿਚ ਸਭ ਤੋਂ ਵੱਧ ਸੱਚਾ ਹੈ। ਮਰਯਾਦਾ ਅਤੇ ਅਨੁਪਾਲਨਾਵਾਂ ਸਦਾ ਹੀ ਕਿਸੇ ਮੰਤਵ ਦੀਆਂ ਸਾਧਕ ਹਨ ਅਤੇ ਲਗਭਗ ਸਾਰੀਆਂ ਹੀ ਸਥਿਤੀਆਂ ਵਿਚ ਇਨ੍ਹਾਂ ਨੂੰ ਇਸੇ ਆਸ਼ੇ ਨਾਲ ਹੀ ਲਾਗੂ ਕੀਤਾ ਜਾਂਦਾ ਰਿਹਾ ਕਿ ਉੱਚ ਆਤਮਿਕ ਸੱਤਾ ਨੂੰ ਗ੍ਰਹਿਣ ਕਰਨ ਲਈ ਮਨੁੱਖੀ ਮਨ ਦੇ ਅਨੁਕੂਲ ਰਚਨਾ ਕੀਤੀ ਜਾ ਸਕੇ। ਪਰ, ਜਿਵੇਂ ਕਿ ਸਦਾ ਹੋਇਆ ਹੈ, ਇਨ੍ਹਾਂ ਦੇ ਪਿਛਲੇ ਮੰਤਵ ਹੌਲੇ ਹੌਲੇ ਭੁਲ ਜਾਂਦੇ ਹਨ ਅਤੇ ਇਹ ਆਪਣੇ ਆਪ ਵਿਚ ਹੀ ਮੰਤਵ ਹੋ ਨਿਬੜਦੀਆਂ ਹਨ। ਮਨ ਨਿਸ਼ਚਿਤ

---

34. ਮੈਕਾਲਿਫ਼, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 170.
35. ਇਸ ਦੀ ਵਿਸ਼ੇਸ਼ ਉਦਾਹਰਣ ਬਹਿਲੋਲ ਖ਼ਾਂ ਲੋਧੀ ਦੇ ਸ਼ਰਕੀ ਅਧਿਰਾਜ ਨਾਲ ਵਿਵਹਾਰ ਵਿਚ ਮਿਲਦੀ ਹੈ।
36. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 75-76.

ਰੂਪ ਵਿਚ ਇਕ ਤਰ੍ਹਾਂ ਦੇ ਘੇਰੇ ਦੀਆਂ ਹੱਦਾਂ ਵਿਚ ਬੱਝ ਕੇ ਰਹਿ ਜਾਂਦਾ ਹੈ ਅਤੇ 'ਸੁਤੰਤਰ ਵਿਚਾਰ ਸ਼ਕਤੀ' ਖ਼ਤਮ ਹੋ ਜਾਂਦੀ ਹੈ। ਹਿੰਦੂ ਮਤ ਦੇ ਇਤਿਹਾਸ ਵਿਚ ਅਜੇਹਾ ਵਾਰ ਵਾਰ ਵਾਪਰਿਆ ਪਰ ਚੰਗੇ ਭਾਗਾਂ ਨੂੰ ਹਰ ਸੰਕਟ ਸਮੇਂ ਅਜੇਹੇ ਮਨੁੱਖ ਪੈਦਾ ਕਰਨ ਦੀ ਇੰਨੀ ਕੁ ਸ਼ਕਤੀ ਰਹਿੰਦੀ ਰਹੀ ਹੈ ਜਿਹੜੇ ਧਾਰਮਕ ਮਾਮਲਿਆਂ ਵਿਚ ਚੀਜ਼ਾਂ ਦੇ ਸਾਪੇਖ ਗੁਣਾਂ ਉੱਤੇ ਜ਼ੋਰ ਦੇ ਕੇ ਇਸ ਸਥਿਤੀ ਨੂੰ ਮੁੜ ਰਾਸ ਕਰ ਲੈਂਦੇ ਰਹੇ ਹਨ। ਇਹ ਨਿਰਸੰਦੇਹ ਸੱਚ ਹੈ ਕਿ ਗੁਰੂ ਨਾਨਕ ਜੀ ਦੇ ਸਮੇਂ ਅਜੇਹਾ ਸੰਕਟ ਆਇਆ ਹੋਇਆ ਸੀ। ਗੁਰੂ ਜੀ ਦੀ ਬਾਣੀ ਦਾ ਕਦੇ ਕਦਾਈਂ ਪਾਠ ਕਰਨ ਵਾਲਾ ਵਿਅਕਤੀ ਵੀ ਇਹ ਦੇਖ ਸਕਦਾ ਹੈ ਕਿ ਉਨ੍ਹਾਂ ਦੇ ਯੁਗ ਵਿਚ 'ਸਰੀਰ' ਨੇ 'ਆਤਮਾ' ਦੀ ਥਾਂ ਪੂਰਨ ਭਾਂਤ ਮੱਲ ਲਈ ਹੋਈ ਸੀ।

ਦੂਜੇ ਪਾਸੇ ਇਸਲਾਮ ਦੇ ਆਗਮਨ ਨੇ ਹਿੰਦੂ ਸਮਾਜ ਨੂੰ ਨੀਹਾਂ ਤਕ ਝੰਜੋੜ ਦਿੱਤਾ ਸੀ। ਇਹ ਸਭ ਜਾਣਦੇ ਹਨ ਕਿ ਕਿਵੇਂ ਮੁਸਲਮਾਨ ਵਿਜੈਈ ਮਨੁੱਖਾਂ ਦੀਆਂ ਖੋਪਰੀਆਂ ਦੇ ਮੀਨਾਰ ਚਿਣਾਂਦੇ ਰਹੇ ਜਿਵੇਂ ਹੀ ਉਹ ਆਪਣੇ ਵਿਜੈਈ ਚੜ੍ਹਤਲ ਵਿਚ ਇਕ ਥਾਂ ਤੋਂ ਦੂਜੀ ਥਾਂ ਜਾਂਦੇ ਰਹੇ, ਅਤੇ ਕਿਵੇਂ ਨਵੇਂ ਸ਼ਹਿਰਾਂ ਦੀ ਜਿੱਤ ਤੇ ਮੰਦਰਾਂ ਨੂੰ ਮਸੀਤਾਂ ਵਿਚ ਬਦਲ ਦਿੱਤਾ ਗਿਆ ਅਤੇ ਉੱਥੋਂ ਦੇ ਹਿੰਦੂ ਵਸਨੀਕਾਂ ਨੂੰ ਕਈਆਂ ਹਾਲਤਾਂ ਵਿਚ ਬਿਨਾਂ ਭਿੰਨ ਭੇਦ ਤਲਵਾਰ ਦੇ ਘਾਟ ਉਤਾਰ ਦਿੱਤਾ ਗਿਆ। "ਦੀਨ ਹੇਤ ਯੁੱਧ" ਕੁਰਾਨ ਦਾ ਫਰਮਾਨ ਹੈ। ਇਹ ਕਿਹਾ ਗਿਆ ਹੈ ਕਿ, "ਇਸਲਾਮੀ ਧਰਮ ਦਰਸ਼ਨ ਇਕ ਸੱਚੇ ਸ਼ਰਧਾਲੂ ਨੂੰ ਆਦੇਸ਼ ਦਿੰਦਾ ਹੈ ਕਿ ਉਸ ਦਾ ਉੱਚਤਮ ਕਰਤੱਵ ਕਾਫਰ ਮੁਲਕਾਂ ਵਿਰੁੱਧ ਯੁੱਧ ਕਰ ਕੇ ਖੁਦਾ ਦੇ ਰਾਹ ਤੇ ਚਲਣਾ ਹੈ ਜਦ ਤਕ ਉਹ ਇਸਲਾਮੀ ਮੰਡਲ ਦਾ ਇਕ ਹਿੱਸਾ ਨਹੀਂ ਬਣ ਜਾਂਦੇ ਅਤੇ ਉਨ੍ਹਾਂ ਦੀ ਵਸੋਂ ਮੋਮਨਾਂ ਵਿਚ ਨਹੀਂ ਬਦਲ ਜਾਂਦੀ।"[37] ਇਸ ਸਬੰਧੀ ਕੁਰਾਨ ਦੀ ਮੂਲ ਸਿੱਖਿਆ ਕੀ ਸੀ ਇਸ ਦਾ ਨਿਰਨਾ ਕਰਨਾ ਸਾਡਾ ਕੰਮ ਨਹੀਂ ਹੈ।[38] ਸ਼ਰਧਾਲੂਆਂ ਨੂੰ ਕਾਫ਼ਰਾਂ ਵਿਰੁੱਧ ਲੜਨ ਲਈ ਆਮ ਕਿਹਾ ਜਾਂਦਾ ਹੈ ਪਰੰਤੂ ਅਸੀਂ ਕੁਰਾਨ ਸ਼ਰੀਫ਼ ਵਿਚ ਪੜ੍ਹਦੇ ਹਾਂ ਕਿ ਕਾਫ਼ਰਾਂ ਉੱਤੇ ਉਦੋਂ ਤਕ ਹਮਲਾ ਨਹੀਂ ਕਰਨਾ ਜਦ ਤਕ ਕਿ ਉਹ ਆਪ ਹਮਲਾ ਨਾ ਕਰਨ[39]। ਤਾਕਤ ਦੁਆਰਾ ਧਰਮ-ਬਦਲੀ ਦੇ ਬਾਰੇ ਇਹ ਗੱਲ ਨੋਟ ਕਰਨੀ ਚਾਹੀਦੀ ਹੈ ਕਿ ਭਾਵੇਂ ਕੁਰਾਨ ਦੇ ਕੁਝ ਪੈਰ੍ਹੇ ਇਸ ਦੀ ਪੁਸ਼ਟੀ ਕਰਦੇ ਪ੍ਰਤੀਤ ਹੁੰਦੇ ਹਨ ਪਰ ਫਿਰ ਵੀ "ਧਰਮ ਵਿਚ ਕੋਈ ਮਜਬੂਰੀ ਨਹੀਂ ਹੋਣੀ ਚਾਹੀਦੀ" ਵੀ

---

37. Sarkar, *History of Aurangzeb*. Vol. III. p. 249.
38. "ਦੀਨ ਹੇਤ ਯੁਧ ਕਰੋ ਅਤੇ ਯਾਦ ਰਖੋ ਕਿ ਖੁਦਾ ਉਹੀ ਹੈ, ਜੋ ਸਭ ਕੁਝ ਸੁਣਦਾ ਹੈ ਅਤੇ ਜਾਣਦਾ ਹੈ।" ਕੁਰਾਨ (ਰੋਡਵੈਲ ਦੇ ਅਨੁਵਾਦ), II, 245.
"ਜਿਹੜੇ ਲੋਕ ਕੁਰਾਨ ਆਦਿ ਨੂੰ ਖੁਦਾ ਦੇ ਰੂਪ ਵਿਚ ਨਹੀਂ ਮੰਨਦੇ ਜਾਂ ਕਿਆਮਤ ਦੇ ਰੋਜ਼ ਤੋਂ ਨਮੁਕਰ ਹਨ ਅਤੇ ਜਿਹੜੇ ਖੁਦਾ ਅਤੇ ਉਸ ਦੇ ਪੈਗੰਬਰਾਂ ਦੀਆਂ ਵਰਜਿਤ ਵਸਤਾਂ ਤੋਂ ਨਹੀਂ ਹਟਦੇ, ਜਿਹੜੇ ਸਚਾਈ ਦੇ ਨਿਸ਼ਚੇ ਨੂੰ ਨਹੀਂ ਮੰਨਦੇ, ਉਨ੍ਹਾਂ ਸਾਰਿਆਂ ਨਾਲ ਉਦੋਂ ਤਕ ਯੁੱਧ ਕਰਨਾ ਹੈ ਜਦ ਤਕ ਉਹ ਆਪਣੇ ਹੱਥੋਂ ਸ਼ਰਧਾਂਜਲੀ ਭੇਟ ਨਹੀਂ ਕਰਦੇ, ਅਤੇ ਉਹ ਦੀਨੀ ਨਹੀਂ ਬਣ ਜਾਂਦੇ।" ਕੁਰਾਨ, IX, 29.
"ਜਦ ਪਵਿੱਤਰ ਮਹੀਨੇ ਲੰਘ ਜਾਣ ਤਾਂ ਜਿਹੜੇ ਦੂਜੇ ਦੇਵੀ ਦੇਵਤਿਆਂ ਨੂੰ ਮੰਨਦੇ ਹਨ ਉਨ੍ਹਾਂ ਨੂੰ ਜਿੱਥੇ ਵੀ ਮਿਲਣ ਮਾਰ ਦਿਓ, ਉਨ੍ਹਾਂ ਨੂੰ ਘੇਰੇ ਵਿਚ ਪਾਓ, ਹਰ ਪ੍ਰਕਾਰ ਦੇ ਦਾਅ ਪੇਚਾਂ ਨਾਲ ਉਨ੍ਹਾਂ ਦੀ ਤਾਕ ਵਿਚ ਰਹੋ।" ਕੁਰਾਨ, IX, 5.
39. "ਉਨ੍ਹਾਂ ਨਾਲ ਜਿਹੜੇ ਤੁਹਾਡੇ ਨਾਲ ਯੁੱਧ ਕਰਦੇ ਹਨ, ਧਰਮ ਦੇ ਹਿਤ ਯੁੱਧ ਕਰੋ, ਪਰ ਉਨ੍ਹਾਂ ਤੇ ਪਹਿਲੋਂ ਹਮਲਾ ਕਰਨ ਦਾ ਅਨਿਆਇ ਨਾ ਕਰੋ, ਖ਼ੁਦਾ ਨੂੰ ਅਜਿਹਾ ਅਨਿਆਂ ਪਸੰਦ ਨਹੀਂ।" ਕੁਰਾਨ, II, 186.

ਕੁਰਾਨ ਦਾ ਹੀ ਫਰਮਾਨ ਹੈ।[40] ਅਸੀਂ ਜਾਣਦੇ ਹਾਂ ਕਿ "ਅਰਬ ਵਿਜੈਈਆਂ ਨੇ ਵਿਸ਼ੇਸ਼ ਕਰਕੇ ਸਿੰਧ ਵਿਚ, ਗ਼ੈਰ-ਮੁਸਲਮਾਨ ਲੋਕਾਂ ਦੇ ਪਵਿੱਤਰ ਤੀਰਥ ਸਥਾਨਾਂ ਅਤੇ ਉਨ੍ਹਾਂ ਦੇ ਧਾਰਮਕ ਰੀਤੀ ਰਿਵਾਜਾਂ ਨੂੰ ਅਮਲੀ ਤੌਰ ਤੇ ਨਾ ਛੇੜਨ ਵਾਲੀ ਸਿਆਣੀ ਅਤੇ ਉਪਯੋਗੀ ਨੀਤੀ ਨੂੰ ਅਪਣਾਇਆ ਸੀ।"[41] ਪਰੰਤੂ ਮੱਧ ਏਸ਼ੀਆ ਦੇ ਤੁਰਕੀ ਧਾੜਵੀਆਂ ਦੇ ਪ੍ਰਵੇਸ਼ ਨਾਲ ਅਧਿਕ ਕੱਟੜਤਾ ਅਤੇ ਬੁੱਤਾਂ ਨੂੰ ਤੋੜਨ ਵਾਲੀਆਂ ਪ੍ਰਵਿਰਤੀਆਂ ਪ੍ਰਬਲ ਹੋ ਗਈਆਂ ਅਤੇ ਮੰਦਰਾਂ ਦੀ ਤਬਾਹੀ ਅਤੇ ਹਿੰਦੂਆਂ ਦਾ ਕਤਲ ਹਰ ਹਮਲੇ ਨੂੰ ਪਵਿੱਤਰਤਾ ਬਖ਼ਸ਼ਣ ਲੱਗੇ। ਹਮਲਾਵਰਾਂ ਦੇ ਮੁਲਕ ਵਿਚ ਪੈਰ ਜਮਾ ਲੈਣ ਅਤੇ ਆਪਣਾ ਸ਼ਾਸਨ ਸਥਾਪਿਤ ਕਰ ਲੈਣ ਤੇ ਵੀ ਇਹ ਅਸਹਿਣਸ਼ੀਲਤਾ ਦਾ ਸੁਭਾਅ ਉਂਜ ਦਾ ਉਂਜ ਹੀ ਰਿਹਾ ਅਤੇ ਹਿੰਦੂਆਂ ਲਈ ਪ੍ਰਬੋਧਨ (Enlightenment) ਦੇ ਦਿਨ ਨੂੰ ਛੇਤੀ ਲਿਆਉਣ ਲਈ ਉਨ੍ਹਾਂ ਦਾ ਹਰ ਤਰ੍ਹਾਂ ਦਾ ਅਪਮਾਨ ਕੀਤਾ ਗਿਆ। ਜਜ਼ੀਆ ਅਤੇ ਯਾਤਰਾ-ਕਰ, ਪਹਿਰਾਵੇ ਅਤੇ ਵਿਵਹਾਰ ਦੀ ਸਰਵਜਨਿਕ ਗਿਰਾਵਟ, ਧਾਰਮਕ ਉਤਸਵਾਂ ਅਤੇ ਜਲੂਸਾਂ ਦੀ ਬੰਦਸ਼, ਹਿੰਦੂ ਧਰਮ ਅਤੇ ਸਮਾਜ ਦੇ ਆਗੂਆਂ ਨਾਲ ਬਕਾਇਦਾ ਜਬਰ, ਇਨ੍ਹਾਂ ਤੋਂ ਇਲਾਵਾ ਹਿੰਦੂਆਂ ਤੋਂ ਬਣੇ ਨਵ-ਮੁਸਲਮਾਨਾਂ ਨੂੰ ਰੁਪਏ ਪੈਸੇ ਅਤੇ ਰੁਜ਼ਗਾਰ ਦੇ ਰੂਪ ਵਿਚ ਪ੍ਰਤਿਫਲ ਕੁਝ ਇਕ ਸਾਧਨ ਸਨ ਜਿਨ੍ਹਾਂ ਦੀ ਸਰਕਾਰ ਨੇ ਹਿੰਦੂ ਲੋਕਾਂ ਦਾ ਬੀ ਨਾਸ ਕਰਨ ਲਈ ਵਰਤੋਂ ਕੀਤੀ।[42] ਇਹ ਸਪੱਸ਼ਟ ਹੈ ਕਿ ਅਜੇਹੇ ਰਾਜ ਵਿਚ ਹਿੰਦੂਆਂ ਦੇ ਜੀਵਨ ਨੂੰ ਅਤਿ ਗੰਭੀਰ ਰੂਪ ਵਿਚ ਲੈਣਾ ਕਾਰਨ ਸਹਿਤ ਸੀ। ਵਿਸ਼ੇਸ਼ ਰੂਪ ਵਿਚ ਪੰਜਾਬ ਇਸ ਪੱਖੋਂ ਹੋਰ ਵੀ ਅਭਾਗਾ ਸੀ। ਜੇਕਰ ਕਿਤੇ ਮੁਸਲਮਾਨੀ ਰਾਜ ਪੱਕੇ ਪੈਰੀਂ ਸਥਾਪਿਤ ਹੋਇਆ ਸੀ ਤਾਂ ਉਹ ਪੰਜਾਬ ਵਿਚ ਸੀ ਜਿਥੇ ਧਰਮ ਬਦਲੀ ਦੀ ਲਹਿਰ ਆਪਣੀ ਪ੍ਰਬਲ ਸ਼ਕਤੀ ਨਾਲ ਫੈਲੀ ਸੀ। ਇਹ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ 'ਸਰਵਜਨਿਕ ਸਮਾਨਤਾ' ਜਿਸ ਦਾ ਇਸਲਾਮ ਪ੍ਰਚਾਰ ਕਰਦਾ ਸੀ, ਹਿੰਦੂ ਮਤ ਵਿਚ ਵਿਸ਼ੇਸ਼ ਕਰਕੇ ਨਿਮਨ ਜਾਤੀਆਂ ਵਿਚ ਅਤਿ ਅਸਰਦਾਇਕ ਸੀ, ਜਿਨ੍ਹਾਂ ਲਈ ਧਰਮ-ਬਦਲੀ ਉਨ੍ਹਾਂ ਦੇ ਸਾਰੇ ਦੁਖਾਂ ਦੀ ਇਕੋ ਇਕ ਦਵਾ ਪ੍ਰਤੀਤ ਹੁੰਦੀ ਸੀ।

ਅਜੇਹੇ ਸੰਕਟ ਦੇ ਸਮੇਂ ਆਮ ਕਰਕੇ ਦੋ ਵੱਖ ਵੱਖ ਪਾਰਟੀਆਂ ਉਗਮਦੀਆਂ ਹਨ ਜੋ ਇਕੋ ਹੀ ਮੰਤਵ—ਸੁਰੱਖਿਆ ਲਈ ਕੰਮ ਕਰਦੀਆਂ ਹਨ। ਪਰ ਉਨ੍ਹਾਂ ਦੇ ਢੰਗ ਉੱਕਾ ਹੀ ਅੱਡ ਅੱਡ ਹੁੰਦੇ ਹਨ। ਸਨਾਤਨੀ ਲੋਕ ਹੋਰ ਸਨਾਤਨੀ ਹੋ ਜਾਂਦੇ ਹਨ, ਸਮਾਜਕ ਜੀਵਨ ਦੇ ਹਰੇਕ ਵੇਰਵੇ ਵਿਚ ਹੋਰ ਕੱਟੜ ਹੋ ਜਾਂਦੇ ਹਨ ਅਤੇ ਆਪਣੇ ਆਪ ਨੂੰ ਅਤੇ ਸਮਾਜ ਨੂੰ ਬਚਾਉਣ ਲਈ ਇਸ ਨੂੰ ਸੁਚੇਤ ਰੂਪ ਵਿਚ ਅਨੰਨ ਬਣਾਉਂਦੇ ਹਨ ਅਤੇ ਹਰ ਛੋਟੀ ਮੋਟੀ ਭੁੱਲ ਨੂੰ ਖਿਮਾ ਦੇ ਅਯੋਗ ਠਹਿਰਾਉਂਦੇ ਹੋਏ ਨਾਸਤਕ ਦੱਸਦੇ ਹਨ। ਅਸਹਿਣਸ਼ੀਲ, ਕੱਟੜ ਅਤੇ ਅਵੱਸ਼ ਹੀ ਸੁਭਾਅ ਵਜੋਂ ਅਵਿਵੇਕਸ਼ੀਲ, ਧਰਮ ਵਿਚੋਂ ਬੇਦਖ਼ਲੀ ਹੀ ਅਜੇਹੀ ਸ਼੍ਰੇਣੀ ਕੋਲ ਹਥਿਆਰ ਰਹਿ ਜਾਂਦਾ ਹੈ। ਜਿਸ ਸਮਾਜ ਦੀ ਸੁਰੱਖਿਆ ਉਨ੍ਹਾਂ ਦਾ ਉੱਦੇਸ਼ ਹੁੰਦਾ ਹੈ, ਉਸ ਵਿਚ ਸੁਧਾਰ ਅਤੇ ਵਿਕਾਸ ਲਈ ਲੋੜੀਂਦੇ ਤੱਤਾਂ ਦੀ

---

40. ਕੁਰਾਨ, II, 257.
41. ਸਰਕਾਰ, *ਉਪਰੋਕਤ ਰਚਨਾ*, ਸੈਂਚੀ ਤੀਜੀ, ਪੰਨਾ 253.
42. ਸਰਕਾਰ, *ਉਪਰੋਕਤ ਰਚਨਾ*, ਸੈਂਚੀ ਤੀਜੀ, ਪੰਨਾ 254.

ਘਾਟ ਕਾਰਨ ਅਧਿਕ ਨਿਹਚਲਤਾ ਅਤੇ ਅਸਫ਼ਲਤਾ ਆ ਜਾਂਦੀ ਹੈ। ਦੂਜੀ ਪਾਰਟੀ ਸੁਧਾਰਵਾਦੀਆਂ ਦੀ ਹੈ ਜੋ ਸਮੇਂ ਦੀ ਆਤਮਾ ਦੀ ਲੋੜ ਅਨੁਸਾਰ ਚਲਦੇ ਹਨ ਅਤੇ ਉਹ ਸਾਰੀਆਂ ਬੁਸੀਆਂ ਹੋਈਆਂ ਸੰਸਥਾਵਾਂ ਜੋ ਨਵੇਂ ਵਿਚਾਰਾਂ ਦੀ ਭਰਮਾਰ ਨੂੰ ਸਹਿਨ ਨਹੀਂ ਕਰਦੀਆਂ, ਤਿਆਗ ਦਿੰਦੇ ਹਨ। ਜਿਨ੍ਹਾਂ ਸਮਿਆਂ ਦੀ ਅਸੀਂ ਗੱਲ ਕਰ ਰਹੇ ਹਾਂ ਇਹ ਮਗਰਲੀ ਪਾਰਟੀ ਪੰਜਾਬ ਵਿਚ ਅਜੇ ਪੈਦਾ ਨਹੀਂ ਹੋਈ ਸੀ। ਇਹ ਨਿਰਸੰਦੇਹ ਸੱਚ ਹੈ ਕਿ ਗੁਰੂ ਨਾਨਕ ਜੀ ਇਕੱਲੇ ਨਹੀਂ ਸਨ ਸਗੋਂ ਉਹ ਇਕ ਪਰਿਵਾਰ—ਧਾਰਮਕ ਪ੍ਰਚਾਰਕਾਂ ਦੇ ਵੱਡੇ ਪਰਿਵਾਰ ਦੇ ਮੈਂਬਰ ਸਨ ਜੋ ਪੰਦਰਵੀਂ ਸੋਲ੍ਹਵੀਂ ਸਦੀ ਈਸਵੀਂ ਵਿਚ ਦੇਸ਼ ਵਿਚ ਪੈਦਾ ਹੋਇਆ ਸੀ। ਉਸ ਸਮੇਂ ਭਾਰਤ ਇਕ ਅਜੇਹੀ ਧਾਰਮਕ ਜਾਗ੍ਰਤੀ ਦਾ ਅਖਾੜਾ ਬਣ ਗਿਆ ਸੀ, ਜਿਹੜੀ ਆਪਣੀਆਂ ਵਿਧੀਆਂ ਵਿਚ ਲੋਕਪ੍ਰਿਯ ਅਤੇ ਲੱਛਣਾਂ ਵਿਚ ਸਰਲ ਸੀ। ਪਰ ਪੰਜਾਬ ਵਿਚ ਗੁਰੂ ਨਾਨਕ ਜੀ ਦੇ ਪੂਰਵਗਾਮੀਆਂ ਬਾਰੇ ਅਸੀਂ ਨਿਸ਼ਚਿਤ ਤੌਰ ਤੇ ਕੁਝ ਨਹੀਂ ਜਾਣਦੇ ਹਾਂ, ਭਾਵੇਂ ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਕਬੀਰ ਦੀ ਸਿੱਖਿਆ ਦੀ ਗੂੰਜ ਪੰਜ ਦਰਿਆਵਾਂ ਦੇ ਦੇਸ਼ ਵੀ ਆ ਪਹੁੰਚੀ ਸੀ ਅਤੇ ਗੁਰੂ ਨਾਨਕ ਜੀ ਆਪਣੇ ਬਹੁਤੇ ਵਿਚਾਰਾਂ ਲਈ ਉਸ ਮਹਾਨ ਉਪਦੇਸ਼ਕ ਦੇ ਰਿਣੀ ਹਨ। ਇਹ ਕਿਆਸ ਕਰਨਾ ਸ਼ਾਇਦ ਅਨੁਚਿਤ ਨਹੀਂ ਹੋਵੇਗਾ ਕਿ ਗੁਰੂ ਨਾਨਕ ਜੀ ਦੇ ਆਗਮਨ ਸਮੇਂ ਕੱਟੜ ਅਤੇ ਰੂੜ੍ਹੀਵਾਦੀ ਧੜੇ ਦਾ ਬੋਲਬਾਲਾ ਸੀ ਅਤੇ ਸਮਾਜ ਉਨ੍ਹਾਂ ਸਾਰੀਆਂ ਬੁਰਾਈਆਂ ਨਾਲ ਪਰੁੱਚਿਆ ਹੋਇਆ ਸੀ ਜੋ ਆਮ ਕਰਕੇ ਅਜੇਹੇ ਧੜੇ ਦੀਆਂ ਕਾਰਵਾਈਆਂ ਨਾਲ ਜੁੜੀਆਂ ਹੁੰਦੀਆਂ ਸਨ। ਉਨ੍ਹਾਂ ਦੀ ਇੱਕੋ ਇੱਕ ਚਿੰਤਾ ਸਮਾਜਕ ਪ੍ਰਬੰਧ ਦੀ ਰੱਖਿਆ ਕਰਨਾ ਸੀ ਪਰ ਉਹ ਉੱਕਾ ਹੀ ਭੁਲਾ ਦਿੰਦੇ ਸਨ ਕਿ ਇਹ ਪ੍ਰਬੰਧ ਮਨੁੱਖ ਲਈ ਹੈ ਨਾ ਕਿ ਮਨੁੱਖ ਉਸ ਪ੍ਰਬੰਧ ਲਈ। ਉਨ੍ਹਾਂ ਨੇ ਜਾਤਪਾਤ ਦੇ ਬੰਧਨਾਂ ਨੂੰ ਪਰਿਪੱਕ ਕੀਤਾ ਅਤੇ ਇਸ ਦੀ ਆੜ ਲਈ।

ਪਰੰਤੂ ਇਨ੍ਹਾਂ ਤੰਗ ਘੇਰਿਆਂ ਵਿਚ ਵੀ ਜੋ ਕੁਝ ਉਨ੍ਹਾਂ ਆਪਣੇ ਲਈ ਨਿਸ਼ਚਿਤ ਕੀਤਾ ਸੀ, ਉਨ੍ਹਾਂ ਵਿਚ ਨਾ ਹੀ ਉਹ ਦ੍ਰਿੜ੍ਹ ਅਤੇ ਨਾ ਹੀ ਸਿਦਕੀ ਸਨ। ਸਮੇਂ ਦੇ ਹਾਲਾਤ ਨੇ, ਇਸ ਤੱਥ ਨੇ ਕਿ ਮੁਸਲਮਾਨ ਸ਼ਾਸਕ ਜਾਤੀ ਹਨ, ਅਜੇਹੀ ਨਿਖੇੜ ਨੀਤੀ ਨੂੰ ਅਵਿਵਹਾਰਕ ਬਣਾ ਦਿੱਤਾ ਅਤੇ ਪ੍ਰਤੀਤ ਹੁੰਦਾ ਹੈ ਕਿ ਲੋਕਾਂ ਦੀ ਬਹੁ-ਸੰਖਿਆ ਨੇ ਸੁਵਿਧਾ ਵਾਲੇ ਮਤ ਨੂੰ ਹੀ ਅਪਣਾਇਆ। ਗੁਰੂ ਨਾਨਕ ਜੀ ਕੋਲ ਅਜੇਹੇ ਦੰਭੀਆਂ ਲਈ ਰਤਾ ਦਇਆ ਨਹੀਂ ਸੀ। ਗੁਰੂ ਜੀ ਕਹਿੰਦੇ ਹਨ :

"ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ॥
ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ॥
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥"

ਅਤੇ— "ਮਾਣਸ ਖਾਣੇ ਕਰਹਿ ਨਿਵਾਜ॥
ਛੁਰੀ ਵਗਾਇਨਿ ਤਿਨ ਗਲਿ ਤਾਗ॥
ਤਿਨ ਘਰਿ ਬ੍ਰਹਮਣ ਪੂਰਹਿ ਨਾਦ॥
ਉਨ੍ਹਾ ਭਿ ਆਵਹਿ ਓਈ ਸਾਦ॥
ਕੂੜੀ ਰਾਸਿ ਕੂੜਾ ਵਾਪਾਰੁ॥

ਕੂੜ ਬੋਲਿ ਕਰਹਿ ਆਹਾਰੁ॥"
"ਮਥੈ ਟਿਕਾ ਤੇੜਿ ਧੋਤੀ ਕਖਾਈ॥
ਹਥਿ ਛੁਰੀ ਜਗਤ ਕਾਸਾਈ॥
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥
ਮਲੇਛ ਧਾਨੁ ਲੇ ਪੂਜਹਿ ਪੁਰਾਣੁ॥
ਅਭਾਖਿਆ ਕਾ ਕੁਠਾ ਬਕਰਾ ਖਾਣਾ॥
ਚਉਕੇ ਉਪਰਿ ਕਿਸੈ ਨ ਜਾਣਾ॥
ਦੇ ਕੇ ਚਉਕਾ ਕਢੀ ਕਾਰ॥
ਉਪਰਿ ਆਇ ਬੈਠੇ ਕੂੜਿਆਰ॥
ਮਤੁ ਭਿਟੈ ਵੇ ਮਤੁ ਭਿਟੈ॥
ਇਹੁ ਅੰਨੁ ਅਸਾਡਾ ਫਿਟੈ॥
ਤਨਿ ਫਿਟੈ ਫੇੜ ਕਰੇਨਿ॥
ਮਨਿ ਜੂਠੈ ਚੁਲੀ ਭਰੇਨਿ॥"[43]

(ਆਸਾ ਦੀ ਵਾਰ, ਸਲੋਕ ਮਹਲਾ ੧, ਪੰਨਾ ੪੭੧)

ਇਹ ਸ੍ਰੇਸ਼ਟ ਸ਼ਬਦ ਸਾਨੂੰ ਇਕਦਮ ਮੁਆਮਲੇ ਦੀ ਤਹਿ ਤਕ ਲੈ ਜਾਂਦਾ ਹੈ। ਕੱਟੜ ਸਨਾਤਨਵਾਦ ਦੰਭ ਅਤੇ ਲੱਛਮੀ-ਪੂਜਾ ਵੱਲ ਲੈ ਜਾ ਰਿਹਾ ਹੈ। ਗੁਰੂ ਜੀ ਕਹਿੰਦੇ ਹਨ :

ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ॥[44]

(ਆਸਾ ਦੀ ਵਾਰ, ਸਲੋਕ ਮਹਲਾ ੧, ਪੰਨਾ ੪੬੮)

ਜਿਵੇਂ ਕਿ ਭਾਈ ਗੁਰਦਾਸ ਕਹਿੰਦੇ ਹਨ :

ਕਲਿਜੁਗਿ ਬੋਧੁ ਅਉਤਾਰੁ ਹੈ ਬੋਧ ਅਬੋਧੁ ਨ ਦ੍ਰਿਸਟੀ ਆਵੈ।
ਕੋਇ ਨ ਕਿਸੈ ਵਰਜਈ ਸੋਈ ਕਰੇ ਜੋਈ ਮਨਿ ਭਾਵੈ।
ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ ਕ੍ਰੋਧੁ ਬਹੁ ਵਾਦਿ ਵਧਾਵੈ।[45]

(ਭਾਈ ਗੁਰਦਾਸ, ਵਾਰ ੧ ਪਉੜੀ ੧੮)

ਇਹ ਕਰਾਮਾਤ ਅਤੇ ਜੰਤ੍ਰ ਮੰਤ੍ਰਾਂ ਵਿਚ ਵਿਸ਼ਵਾਸ ਲਗਭਗ ਸਰਵ-ਵਿਆਪਕ ਸੀ ਅਤੇ ਇਹ ਰਾਜਸੀ ਮੁਆਮਲਿਆਂ ਵਿਚ ਵੀ ਆਪਣਾ ਹਿੱਸਾ ਪਾਉਂਦਾ ਸੀ। ਗੁਰੂ ਜੀ ਸਾਨੂੰ ਦੱਸਦੇ ਹਨ ਕਿ ਜਦ ਬਾਬਰ ਨੇ ਹਮਲਾ ਕੀਤਾ ਤਾਂ :

ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ॥

ਪਰ ਹੋਇਆ ਕੀ :

ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ॥
ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ॥[46]

(ਆਸਾ ਮਹਲਾ ੧, ਪੰਨਾ ੪੧੭)

---

43. ਤੇਜਾ ਸਿੰਘ, ਆਸਾ ਦੀ ਵਾਰ, ਪੰਨਾ 102-104.
44. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 232.
45. ਭਾਈ ਗੁਰਦਾਸ, ਵਾਰ ਪਹਿਲੀ।
46. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 115.

ਇਨ੍ਹਾਂ ਜਾਦੂ ਟੂਣਿਆਂ ਵਿਚ ਵਿਸ਼ਵਾਸ ਦਾ ਹੋਰ ਵਧੇਰੇ ਸਪੱਸ਼ਟ ਪ੍ਰਮਾਣ ਉਦੋਂ ਮਿਲਦਾ ਹੈ ਜਦ ਇਨ੍ਹਾਂ ਦੀ ਵਰਤੋਂ ਮਹੱਤਵਪੂਰਨ ਰਾਜਨੀਤਕ ਵਿਵਹਾਰਾਂ ਵਿਚ ਕੀਤੀ ਗਈ ਅਤੇ ਇਬਰਾਹੀਮ ਦੇ ਛੋਟੇ ਭਰਾ ਜਲਾਲ ਖ਼ਾਂ ਦੇ ਬਗ਼ਾਵਤ ਕਰਨ ਦੇ ਯਤਨ ਦੇ ਸਬੰਧ ਵਿਚ ਇਨ੍ਹਾਂ ਨੂੰ ਵਰਤਿਆ ਗਿਆ। ਕਿਹਾ ਜਾਂਦਾ ਹੈ ਕਿ ਜਦ ਇਬਰਾਹੀਮ ਨੂੰ ਆਪਣੇ ਭਰਾ ਦੀ ਬਗ਼ਾਵਤ ਦਾ ਪਤਾ ਲੱਗਾ ਤਾਂ ਉਸ ਨੂੰ ਨਿੱਜੀ-ਭੇਟ ਲਈ ਤੁਰੰਤ ਬੁਲਾਵਾ ਭੇਜ ਦਿੱਤਾ। ਜਲਾਲ ਖ਼ਾਂ ਨੇ ਆਉਣ ਤੋਂ ਨਾਹ ਕਰ ਦਿੱਤੀ ਕਿਉਂਕਿ ਉਸ ਨੂੰ ਕਿਸੇ ਕਪਟ ਦਾ ਸ਼ੱਕ ਸੀ। ਇਸ ਉੱਤੇ ਆਗਰਾ ਦਰਬਾਰ ਦੇ ਤਿੰਨ ਪ੍ਰਸਿੱਧ ਅਮੀਰਾਂ ਦਾ ਵਫਦ ਸ਼ਹਿਜ਼ਾਦੇ ਨੂੰ ਲਿਆਉਣ ਲਈ ਭੇਜਿਆ ਗਿਆ ਅਤੇ ਦੱਸਿਆ ਗਿਆ ਕਿ ਇਨ੍ਹਾਂ ਨੇ "ਹੋਰਨਾਂ ਸਾਧਨਾਂ ਦੇ ਨਾਲ ਜਾਦੂ ਟੂਣਿਆਂ ਦੀ ਵੀ ਵਰਤੋਂ ਕੀਤੀ ਜਿਨ੍ਹਾਂ ਦੀ ਪ੍ਰਭਾਵਿਕਤਾ ਵਿਚ ਵਿਸ਼ਵਾਸ ਆਮ ਪ੍ਰਚੱਲਿਤ ਸੀ।"[47] ਇਹ ਨਿਰਸੰਦੇਹ ਸੱਚ ਹੈ ਕਿ ਜਾਦੂ ਟੂਣਿਆਂ ਅਤੇ ਮੰਤਰਾਂ ਵਿਚ ਵਿਸ਼ਵਾਸ ਹਰ ਯੁਗ ਦੇ ਇਕ ਅਨੁਭਾਗ ਵਿਚ ਦੇਖਿਆ ਜਾ ਸਕਦਾ ਹੈ ਪਰ ਇਹ ਬੁਰਾਈ ਗੁਰੂ ਨਾਨਕ ਜੀ ਅਤੇ ਉਨ੍ਹਾਂ ਦੇ ਉੱਤਰਾਧਿਕਾਰੀਆਂ ਸਮੇਂ ਅਧਿਕ ਵਿਆਪਕ ਹੀ ਨਹੀਂ ਸੀ ਸਗੋਂ ਤ੍ਰਾਹ ਦੇਣ ਵਾਲੀ ਸੱਚਾਈ ਸੀ ਜਿਸ ਦਾ ਪ੍ਰਮਾਣ ਸਿੱਖ ਲਿਖਤਾਂ ਵਿਚ ਅਨੇਕਾਂ ਉਦਾਹਰਣਾਂ ਦੁਆਰਾ ਮਿਲਦਾ ਹੈ ਕਿ ਕਿਵੇਂ ਗੁਰੂਆਂ ਨੇ ਦ੍ਰਿੜ੍ਹਤਾ ਨਾਲ ਇਸ ਦਾ ਵਿਰੋਧ ਕੀਤਾ। ਲੋਕ ਜੀਵਨ ਦੇ ਹਰ ਪੱਖ ਵਿਚ ਕੁਰਾਹੇ ਪਏ ਹੋਏ ਸਨ। ਗੁਰੂ ਨਾਨਕ ਜੀ ਕਹਿੰਦੇ ਹਨ:

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥
ਅੰਧੀ ਰਯਤਿ ਗਿਆਨ ਵਿਹੂਣੀ ਭਾਇ ਭਰੇ ਮੁਰਦਾਰੁ॥
ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ॥
ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ॥
ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ॥
ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ॥
ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ॥
ਸਭੁ ਕੋ ਪੂਰਾ ਆਪੇ ਹੋਵੈ ਘਟਿ ਨਾ ਕੋਈ ਆਖੈ॥[48]

(ਆਸਾ ਦੀ ਵਾਰ, ਮਹਲਾ ੧, ਪੰਨਾ ੪੬੮)

ਇਹ ਬੇਸ਼ਕ ਪ੍ਰਤਿਕਰਮ ਦੀ ਬੋਲੀ ਹੈ ਅਤੇ ਹੋ ਸਕਦਾ ਹੈ ਕਿ ਇਸ ਵਿਚ ਕੋਈ ਅਤਿਕਥਨੀ ਹੋਵੇ ਅਤੇ ਇਹੋ ਕੁਝ ਹੀ ਭਾਈ ਗੁਰਦਾਸ ਦੀ ਉਕਤੀ ਬਾਰੇ ਕਿਹਾ ਜਾ ਸਕਦਾ ਹੈ, ਜੋ ਗੁਰੂ ਜੀ ਦੇ ਆਗਮਨ ਲਈ ਪ੍ਰਭਾਵਮਈ ਵਾਤਾਵਰਣ ਪੈਦਾ ਕਰਨ ਵਜੋਂ ਪਿਛੋਕੜ ਨੂੰ ਅੰਧਕਾਰਮਈ ਚਿੱਤਰਦਾ ਹੈ। ਪਰੰਤੂ ਜੇਕਰ ਅਸੀਂ ਇਨ੍ਹਾਂ ਸੰਭਵ ਅਤਿ ਕਥਨਾਂ ਵਿਚ ਲੋੜੀਂਦੀ ਮਾਤਰਾ ਘਟਾ ਵੀ ਲਈਏ ਤਾਂ ਤੱਥ ਉਹੀ ਰਹਿੰਦਾ ਹੈ ਕਿ ਗੁਰੂ ਨਾਨਕ ਜੀ ਦਾ ਯੁਗ ਅਗਿਆਨਤਾ ਅਤੇ ਲੜਾਈਆਂ ਦਾ ਯੁੱਗ ਸੀ। ਭਾਈ ਗੁਰਦਾਸ ਕਹਿੰਦੇ ਹਨ:

47. ਅਰਸਕਿਨ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 408.
48. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 232-233.

ਭਈ ਗਿਲਾਨਿ ਜਗਤਿ੍ ਵਿਚਿ ਚਾਰਿ ਵਰਨਿ ਆਸ੍ਰਮ ਉਪਾਏ।
ਦਸਿ ਨਾਮਿ ਸੰਨਿਆਸੀਆ ਜੋਗੀ ਬਾਰਹ ਪੰਥਿ ਚਲਾਏ।
ਜੰਗਮ ਅਤੇ ਸਰੇਵੜੇ ਦਗੇ ਦਿਗੰਬਰਿ ਵਾਦਿ ਕਰਾਏ।
ਬ੍ਰਹਮਣਿ ਬਹੁ ਤਰਕਾਰਿ ਕਰਿ ਸਾਸਤ੍ਰਿ ਵੇਦ ਪੁਰਾਣਿ ਲੜਾਏ।
ਖਟਿ ਦਰਸਨ ਬਹੁ ਵੈਰਿ ਕਰਿ ਨਾਲਿ ਛਤੀਸਿ ਪਖੰਡ ਰਲਾਏ।
ਤੰਤ ਮੰਤ ਰਾਸਾਇਣਾ ਕਰਾਮਾਤਿ ਕਾਲਖਿ ਲਪਟਾਏ।
ਇਕਸਿ ਤੇ ਬਹੁ ਰੂਪਿ ਕਰਿ ਰੂਪ ਕਰੂਪੀ ਘਣੇ ਦਿਖਾਏ।
ਕਲਿਜੁਗਿ ਅੰਦਰਿ ਭਰਮਿ ਭੁਲਾਏ।[49]

(ਭਾਈ ਗੁਰਦਾਸ, ਵਾਰ ਪਹਿਲੀ, ਪਉੜੀ ੧੯)

ਮੁਸਲਮਾਨ ਮੰਦਰਾਂ ਨੂੰ ਢਾਣ ਅਤੇ ਮਸਜਦਾਂ ਉਸਾਰਨ ਵਿਚ ਰੁਝੇ ਹੋਏ ਸਨ। ਉਹ ਰੋਜ਼ੇ ਰਖਦੇ, ਈਦ ਅਤੇ ਨਿਮਾਜ਼ਾਂ ਗੁਜ਼ਾਰਦੇ ਸਨ। ਪਰ ਇਹ ਸ਼ਰਧਾ ਤੋਂ ਕੋਰੀ ਮਰਯਾਦਾ ਮੁਕਤੀ ਦਵਾਉਣ ਦੀ ਥਾਂ ਕੈਦ ਬਣ ਗਈ ਸੀ। ਪੀਰ, ਪੈਗ਼ੰਬਰ ਅਤੇ ਔਲੀਏ ਸਭ ਆਪਣੇ ਆਪਣੇ ਰਾਹ ਚਲਦੇ ਸਨ ਜਿਹੜੇ ਸਾਰੇ 'ਹਉਮੈ ਅਤੇ ਹੰਕਾਰ' ਤੇ ਜਾ ਕੇ ਖ਼ਤਮ ਹੁੰਦੇ ਸਨ। ਗਊ ਗ਼ਰੀਬ ਦੀ ਹੱਤਿਆ ਹੁੰਦੀ ਸੀ। ਲੋਕੀ ਕਾਫ਼ਰ, ਮਲਹਦ, ਇਰਮਾਨੀ, ਰੂਮੀ ਆਦਿ ਵਰਗਾਂ ਵਿਚ ਵੰਡੇ ਹੋਏ ਸਨ। ਨਿਰੰਤਰ ਲੜਾਈ ਝਗੜਾ ਰਹਿੰਦਾ ਸੀ। ਸੰਸਾਰ ਵਿਚ ਪਾਪ ਦਾ ਵਰਤਾਰਾ ਸੀ।[50]

ਚਾਰਿ ਵਰਨ ਚਾਰਿ ਮਜਹਬਾਂ ਜਗਿ ਵਿਚਿ ਹਿੰਦੂ ਮੁਸਲਮਾਣੇ।
ਗੰਗ ਬਨਾਰਸਿ ਹਿੰਦੂਆਂ ਮੱਕਾ ਕਾਬਾ ਮੁਸਲਮਾਣੇ।
ਰਾਮ ਰਹੀਮ ਕਹਾਇੰਦੇ ਇਕੁ ਨਾਮੁ ਦੁਇ ਰਾਹ ਭੁਲਾਣੇ।
ਬੇਦ ਕਤੇਬ ਭੁਲਾਇਕੈ ਮੋਹੇ ਲਾਲਚ ਦੁਨੀ ਸੈਤਾਣੇ।
ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮਣ ਮਉਲਾਣੇ।[51]

(ਭਾਈ ਗੁਰਦਾਸ, ਵਾਰ ਪਹਿਲੀ, ਪਉੜੀ ੨੧)

ਇਸ ਵਿਸ਼ੇ ਨੂੰ ਹੋਰ ਵਿਸਤਾਰ ਦੇਣ ਲਈ ਗੁਰੂ ਗ੍ਰੰਥ ਸਾਹਿਬ ਵਿਚ ਕਾਫ਼ੀ ਸਾਮੱਗਰੀ ਹੈ ਪਰ ਗੁਰੂ ਨਾਨਕ ਜੀ ਦੇ ਆਗਮਨ ਸਮੇਂ ਕਿਸੇ ਧਰਮ ਦੀ ਅਣਹੋਂਦ ਦੱਸਣ ਲਈ ਪਹਿਲੋਂ ਹੀ ਕਾਫ਼ੀ ਕੁਝ ਕਿਹਾ ਜਾ ਚੁੱਕਾ ਹੈ। ਹਿੰਦੂ ਮਤ ਅਤੇ ਇਸਲਾਮੀਅਤ ਦੀ ਆਤਮਾ ਅਧਿਕਤਰ ਮਰਯਾਦਾ ਅਤੇ ਬਾਹਰੀ ਭੇਖਾਂ ਹੇਠ ਦਬੀ ਹੋਈ ਸੀ। ਹਰ ਪਾਸੇ ਜ਼ੁਲਮ ਦਾ ਵਰਤਾਰਾ ਸੀ, ਤਕੜੇ ਦਾ ਜ਼ੁਲਮ, ਭੇਖਾਂ ਦਾ ਜ਼ੁਲਮ ਅਤੇ ਨਾਵਾਂ[52] ਦਾ ਜ਼ੁਲਮ। ਈਸ਼ਵਰੀ ਏਕਤਾ ਅਣਗਿਣਤ, ਅਵਤਾਰਾਂ, ਦੇਵੀ ਦੇਵਤਿਆਂ, ਪੀਰਾਂ ਵਿਚ ਗੁਆਚ ਗਈ ਸੀ। ਦਰਗਾਹਾਂ, ਯਾਤਰਾਵਾਂ ਅਤੇ ਥੋਥੀਆਂ ਧਾਰਮਕ ਰਹੁ ਰੀਤਾਂ ਨੇ ਮਨ

---

49. ਭਾਈ ਗੁਰਦਾਸ, ਵਾਰ ਪਹਿਲੀ, ਪਉੜੀ, 19.
50. ਉਪਰੋਕਤ ਵਾਰ, ਪਉੜੀ 20.
51. ਉਪਰੋਕਤ ਵਾਰ, ਪਉੜੀ 21.
52. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 80.

ਦੀ ਸੱਚੀ ਉਪਾਸ਼ਨਾ ਦੀ ਥਾਂ ਮਲ ਲਈ ਸੀ। ਅੰਧ-ਵਿਸ਼ਵਾਸ ਅਤੇ ਭਰਮਾਂ ਵਹਿਮਾਂ ਨੇ 'ਸੱਚ' ਨੂੰ ਉਖਾੜ ਦਿੱਤਾ ਸੀ। ਹਿੰਦੂ ਅਤੇ ਮੁਸਲਮਾਨ ਲੜਦੇ ਸਨ, ਬ੍ਰਾਹਮਣ ਅਤੇ ਮੁਲਾਂ ਖਹਿਬੜਦੇ ਸਨ, ਸਮਾਜਕ ਅਤੇ ਰਾਜਨੀਤਕ ਅਸਮਾਨਤਾ ਸਰਵ-ਵਿਆਪਕ ਸੀ ਅਤੇ ਹਰ ਪਾਸੇ ਲੜਾਈ ਫ਼ਸਾਦ ਸਨ। ਜੀਵਨ ਦੇ ਸਾਰੇ ਪੱਖ, ਸਮਾਜਕ, ਧਾਰਮਕ ਅਤੇ ਰਾਜਨੀਤਕ ਇਕੋ ਦ੍ਰਿਸ਼ ਰੂਪਮਾਨ ਕਰਦੇ ਸਨ, ਅਤੇ ਗੁਰੂ ਨਾਨਕ ਜੀ ਠੀਕ ਹੀ ਬਿਹਬਲ ਹੋ ਬੋਲ ਉਠੇ :

ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥

ਅਧਿਆਇ ਦੂਜਾ

ਗੁਰੂ ਨਾਨਕ ਜੀ ਦਾ ਜੀਵਨ

ਇਹ ਸਰਵਲੌਕਿਕ ਅਨੁਭਵ ਹੈ ਕਿ ਧਾਰਮਕ ਪ੍ਰਚਾਰਕਾਂ ਦੀਆਂ ਜੀਵਨ-ਕਥਾਵਾਂ ਹੌਲੇ ਹੌਲੇ ਮਿਥਿਹਾਸਿਕ ਅਤੇ ਕਾਲਪਨਿਕ ਕਥਾਵਾਂ ਨਾਲ ਇੰਨੀਆਂ ਓਤਪੋਤ ਹੋ ਜਾਂਦੀਆਂ ਹਨ ਕਿ ਅਸਲੀ ਘਟਨਾਵਾਂ ਹੀ ਅਸਪੱਸ਼ਟ ਹੋ ਜਾਂਦੀਆਂ ਹਨ ਅਤੇ ਉਨ੍ਹਾਂ ਦੀ ਰੂਪ-ਰੇਖਾ ਲੱਭ ਸਕਣਾ ਲਗਭਗ ਅਸੰਭਵ ਹੋ ਜਾਂਦਾ ਹੈ। ਉਨ੍ਹਾਂ ਦੀ ਦੇਵਤਿਆਂ ਵਾਂਗ ਪੂਜਾ ਅਤੇ ਸੰਪਰਦਾਇਕ ਉਤਸਾਹ, ਥੋੜ੍ਹੇ ਸਮੇਂ ਵਿਚ ਹੀ ਅਜੇਹਾ ਪਰਿਵਰਤਨ ਲਿਆਉਂਦੇ ਹਨ ਕਿ ਉਨ੍ਹਾਂ ਦੇ ਮਨੁੱਖੀ ਤੱਤ ਵਧੇਰੇ ਪਿਛੋਕੜ ਵਿਚ ਚਲੇ ਜਾਂਦੇ ਹਨ। ਉਨ੍ਹਾਂ ਦਾ ਜੋ ਜੀਵਨ ਚਿੱਤਰ ਉਘੜਦਾ ਹੈ ਉਹ ਕਿਸੇ ਦੀ ਵੀ ਸੰਤੁਸ਼ਟਤਾ ਨਹੀਂ ਕਰ ਸਕਦਾ, ਜਿਹੜਾ ਉਨ੍ਹਾਂ ਦੇ ਸ਼ਰਧਾਲੂਆਂ ਦੇ ਘੇਰੇ ਤੋਂ ਬਾਹਰ ਦਾ ਹੈ। ਇਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਬਹੁਤ ਸਾਰੇ ਪ੍ਰਭਾਵਸ਼ਾਲੀ ਵਿਅਕਤੀਆਂ, ਜਿਹੜੇ ਭਾਰਤ ਦੇ ਇਤਿਹਾਸ ਵਿਚ ਆਪਣੀ ਅਮਿਟ ਛਾਪ ਛੱਡ ਗਏ ਹਨ ਦੇ ਇਤਿਹਾਸ ਬਾਰੇ ਜਾਂ ਜੀਵਨ ਬਾਰੇ ਸਾਨੂੰ ਬਹੁਤ ਹੀ ਅਲਪ ਜਾਣਕਾਰੀ ਹੁੰਦੀ ਹੈ। ਸ਼ਾਇਦ ਉਨ੍ਹਾਂ ਦੇ ਜੀਵਨ ਸਬੰਧੀ ਮਹਾਨਤਾ ਵਾਲੀ ਗੱਲ ਇਹ ਹੁੰਦੀ ਹੈ ਕਿ ਉਹ ਉਨ੍ਹਾਂ ਦੇ ਜੀਵਨ ਆਦਰਸ਼ ਹਨ ਅਤੇ ਉਨ੍ਹਾਂ ਪ੍ਰਤਿ ਉਨ੍ਹਾਂ ਦੀ ਵਿਸ਼ੇਸ਼ ਪਹੁੰਚ ਹੈ ਜੋ ਉਨ੍ਹਾਂ ਦੀਆਂ ਲਿਖਤਾਂ ਵਿਚ ਜਾਂ ਉਨ੍ਹਾਂ ਦੇ ਅਨੁਯਾਈਆਂ ਦੀਆਂ ਲਿਖਤਾਂ ਵਿਚ ਸਜੀਵ ਰਹਿੰਦੀ ਹੈ। ਪਰ ਜੇ ਸਾਡੇ ਕੋਲ ਉਨ੍ਹਾਂ ਦੇ ਜੀਵਨ ਸਬੰਧੀ ਕੋਈ ਨਿਸ਼ਚਿਤ ਆਧਾਰ ਹੋਣ ਤਾਂ ਅਸੀਂ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਸੰਦੇਸ਼ ਨੂੰ ਪੂਰਨ ਭਾਂਤ ਸਮਝ ਸਕਦੇ ਹਾਂ। ਪਰੰਤੂ ਇਥੇ ਸਾਰੀਆਂ ਸਥਿਤੀਆਂ ਵਿਚ ਜੇ ਸਾਮੱਗ੍ਰੀ ਪ੍ਰਮਾਣਿਕ ਹੈ ਤਾਂ ਉਹ ਭਰੋਸੇਯੋਗ ਨਹੀਂ ਹੁੰਦੀ ਅਤੇ ਇਨ੍ਹਾਂ ਉੱਤੇ ਆਧਾਰਿਤ ਕੋਈ ਵੀ ਆਲੋਚਨਾਤਮਕ ਮੁੱਲਾਂਕਣ ਸੰਭਵ ਨਹੀਂ ਹੋ ਸਕਦਾ।

ਗੁਰੂ ਨਾਨਕ ਜੀ ਦੀ ਜੀਵਨੀ ਦੀ ਪੁਨਰ ਉਸਾਰੀ ਲਈ ਜਿਹੜੀ ਵੀ ਸਾਡੇ ਕੋਲ ਸਾਮੱਗਰੀ ਹੈ, ਸਾਨੂੰ ਆਸ਼ਾ ਹੈ ਕਿ ਉਸ ਦੀ ਸਰਸਰੀ ਜੇਹੀ ਆਲੋਚਨਾ ਵੀ, ਇਸ ਵਿਸ਼ੇ ਨੂੰ ਪੂਰੀ ਤਰ੍ਹਾਂ ਸਪੱਸ਼ਟ ਕਰ ਦੇਵੇਗੀ। ਇਨ੍ਹਾਂ ਵਿਚੋਂ ਸਭ ਤੋਂ ਪ੍ਰਾਚੀਨ ਸੇਵਾਦਾਸ ਦੀ ਜਨਮਸਾਖੀ ਹੋ ਸਕਦੀ ਹੈ ਜੋ ਮੈਕਾਲਿਫ ਅਨੁਸਾਰ 1588 ਵਿਚ ਸੰਪੂਰਨ ਹੋਈ।[1] ਪੁਰਾਤਨ ਜਨਮਸਾਖੀ ਜੋ ਇੰਡੀਆ ਔਫਿਸ ਲਾਇਬਰੇਰੀ ਵਿਚੋਂ ਡਾ. ਟਰੰਪ ਦੇ ਹੱਥ ਲੱਗੀ, ਸੇਵਾਦਾਸ ਵਾਲੀ ਜਨਮਸਾਖੀ ਦੀ ਹੀ ਨਕਲ ਜਾਪਦੀ ਹੈ। ਇਸ ਦੀਆਂ "ਸਾਰੀਆਂ ਅੰਦਰਲੀਆਂ ਅਤੇ ਬਾਹਰਲੀਆਂ ਗਵਾਹੀਆਂ ਅਨੁਸਾਰ" ਡਾ. ਟਰੰਪ ਨੇ ਇਸ ਨੂੰ ਗੁਰੂ ਅਰਜਨ ਦੇਵ ਜੀ ਦੇ ਪਿਛਲੇਰੇ ਸਮੇਂ ਜਾਂ ਗੁਰੂ ਹਰਿਗੋਬਿੰਦ ਜੀ ਦੀ ਗੁਰਿਆਈ ਦੇ ਮੁੱਢਲੇ ਸਮੇਂ ਦੀ ਨਿਸ਼ਚਿਤ ਕੀਤਾ ਹੈ। ਟਰੰਪ ਨੇ ਇਹ ਵੀ ਕਿਹਾ ਹੈ ਕਿ "ਇਸ ਜਨਮਸਾਖੀ

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ lxxvvi.

ਦੇ ਲੱਭ ਪੈਣ ਨਾਲ ਅਸੀਂ ਗੁਰੂ ਨਾਨਕ ਸਬੰਧੀ ਪੁਰਾਤਨ ਧਾਰਨਾ ਦੀ ਪਿਛਲੇਰੀ ਧਾਰਨਾ ਨਾਲੋਂ ਨਿਖੇੜ ਕਰਨ ਦੇ ਯੋਗ ਹੋ ਗਏ ਹਾਂ ਅਤੇ ਉਨ੍ਹਾਂ ਦੇ ਜੀਵਨ ਦੀਆਂ ਵਾਸਤਵਿਕ ਘਟਨਾਵਾਂ ਨੂੰ ਕੁਝ ਹੱਦ ਤਕ ਸੰਭਵਤਾ ਯੁਕਤ ਨਿਰਧਾਰਿਤ ਕਰ ਸਕਦੇ ਹਾਂ।[2] ਮੈਕਾਲਿਫ ਨੇ ਵੀ ਗੁਰੂ ਨਾਨਕ ਜੀਵਨ ਬਿਰਤਾਂਤ ਨੂੰ ਸੇਵਾਦਾਸ ਦੀ ਜਨਮਸਾਖੀ ਉੱਤੇ ਆਧਾਰਿਤ ਕੀਤਾ ਹੈ। ਇਸ ਪੁਰਾਤਨ ਜਨਮਸਾਖੀ ਤੋਂ ਇਲਾਵਾ ਸਾਡੇ ਕੋਲ ਭਾਈ ਗੁਰਦਾਸ ਦੀ ਪਹਿਲੀ ਵਾਰ ਹੈ ਜਿਸ ਵਿਚ ਗੁਰੂ ਨਾਨਕ ਜੀ ਦੇ ਰੁਝੇਵਿਆਂ ਦਾ ਅਤਿ ਅਲਪ ਵਰਣਨ ਹੈ। ਇਹ ਨਿਸਚੇਪੂਰਬਕ ਨਹੀਂ ਕਿਹਾ ਜਾ ਸਕਦਾ ਕਿ ਭਾਈ ਗੁਰਦਾਸ ਨੇ ਇਹ ਵਾਰਾਂ ਕਦੋਂ ਰਚੀਆਂ। ਉਹ ਗੁਰੂ ਅਰਜਨ ਦੇਵ ਜੀ ਦੇ ਸਮੇਂ ਦਾ ਵਿਦਵਾਨ ਲਿਖਾਰੀ ਸੀ ਅਤੇ ਉਨ੍ਹਾਂ ਦੇ ਲਿਖਾਉਣ ਤੇ ਹੀ ਉਸ ਨੇ ਗ੍ਰੰਥ ਸਾਹਿਬ ਨੂੰ ਲਿਪੀ ਬੱਧ ਕੀਤਾ ਸੀ। ਇਹ ਕਾਰਜ ਦੀ ਸੰਪੂਰਨਤਾ 1604 ਵਿਚ ਹੋਈ ਦੱਸੀ ਜਾਂਦੀ ਹੈ। ਹੁਣ ਸਿੱਖਾਂ ਦੀਆਂ ਇਤਿਹਾਸਕ ਲਿਖਤਾਂ ਵਿਚ ਇਹ ਉੱਲੇਖ ਆਉਂਦਾ ਹੈ ਕਿ ਜਦ ਗੁਰੂ ਜੀ "ਗ੍ਰੰਥ ਸਾਹਿਬ" ਵਿਚ ਇਕੱਤ੍ਰਿਤ ਕਰਨ ਲਈ ਬਾਣੀ ਚੁਣ ਰਹੇ ਸਨ ਤਾਂ ਉਨ੍ਹਾਂ ਨੇ ਭਾਈ ਗੁਰਦਾਸ ਦੀ ਬਾਣੀ ਦੀ ਅਤਿ ਪ੍ਰਸ਼ੰਸਾ ਕੀਤੀ ਅਤੇ 'ਗ੍ਰੰਥ ਸਾਹਿਬ' ਵਿਚ ਦਰਜ ਕਰਨਾ ਚਾਹਿਆ। ਪਰ ਭਾਈ ਗੁਰਦਾਸ ਨੇ ਇਸ ਨੂੰ ਇਸ ਸਨਮਾਨ ਯੋਗ ਨਾ ਸਮਝਿਆ। ਉਸ ਦੀ ਨਿਰਮਾਨਤਾ ਅਤੇ ਯੋਗਤਾ ਦੀ ਪ੍ਰਸੰਸਾ ਕਰਦੇ ਹੋਏ ਗੁਰੂ ਜੀ ਨੇ ਕਿਹਾ ਕਿ ਜਿਹੜਾ ਵੀ ਇਸ ਦੀ ਬਾਣੀ ਦਾ ਪਾਠ ਕਰੇਗਾ ਉਸ ਨੂੰ ਪਾਵਨ ਗੁਰੂਆਂ ਦੀ ਸਿੱਖਿਆ ਵਿਚ ਵਿਸ਼ਵਾਸ, ਆਤਮਿਕ ਲਾਹਾ ਅਤੇ ਗਿਆਨ ਪ੍ਰਾਪਤ ਹੋਵੇਗਾ।[3] ਇਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਘੱਟੋ ਘੱਟ ਭਾਈ ਗੁਰਦਾਸ ਦੀ ਬਾਣੀ ਦੇ ਕੁਝ ਭਾਗ 1604 ਈ. ਵਿਚ ਮੌਜੂਦ ਸਨ, ਭਾਵੇਂ ਅੰਤ੍ਰੀਵ ਗਵਾਹੀਆਂ ਇਹ ਨਿਸ਼ਚਿਤ ਤੌਰ ਤੇ ਸਾਬਤ ਕਰ ਦਿੰਦੀਆਂ ਹਨ ਕਿ ਕੁਝ ਵਾਰਾਂ ਦਾ ਰਚਨਕਾਲ ਗੁਰੂ ਹਰਿਗੋਬਿੰਦ ਜੀ ਦਾ ਸਮਾਂ ਹੈ। ਮੈਕਾਲਿਫ ਦਾ ਇਹ ਵਿਚਾਰ ਠੀਕ ਹੋ ਸਕਦਾ ਹੈ ਕਿ ਭਾਈ ਗੁਰਦਾਸ ਨੇ ਗੁਰੂ ਨਾਨਕ ਜੀ ਦਾ ਬਿਰਤਾਂਤ ਉਨ੍ਹਾਂ ਦੀ ਮੌਤ ਤੋਂ 60 ਕੁ ਸਾਲ ਬਾਅਦ ਲਿਖਿਆ।[4]

ਇਹ ਦੋਨੋਂ ਹੀ ਗੁਰੂ ਨਾਨਕ ਜੀ ਦੇ ਜੀਵਨ ਸਬੰਧੀ ਭਰੋਸੇਯੋਗ ਲਿਖਤਾਂ ਹਨ। ਜੇਕਰ ਅਸੀਂ ਗੁਰੂ ਨਾਨਕ ਜੀ ਦੀ ਬਾਣੀ ਵਿਚੋਂ ਉਨ੍ਹਾਂ ਦੇ ਜੀਵਨ ਵਿਚ ਵਾਪਰੀਆਂ ਸੰਭਵ ਘਟਨਾਵਾਂ ਨੂੰ ਛੱਡ ਦੇਈਏ ਤਾਂ ਸਾਡੇ ਕੋਲ ਸਿੱਖ ਮਤ ਦੇ ਮੋਢੀ ਬਾਰੇ ਕੋਈ ਸਮਕਾਲੀ ਉਲੇਖ ਨਹੀਂ ਹੈ। ਜੋ ਦੋ ਪੁਰਾਤਨ ਲਿਖਤਾਂ ਹਨ ਉਨ੍ਹਾਂ ਵਿਚੋਂ ਇਕ ਗੁਰੂ ਜੀ ਦੀ ਮ੍ਰਿਤੂ ਤੋਂ 50 ਸਾਲ ਮਗਰੋਂ ਅਤੇ ਦੂਜੀ 60 ਸਾਲ ਮਗਰੋਂ ਰਚੀ ਗਈ ਹੈ। ਇਸ ਵਿਚ ਸ਼ੱਕ ਨਹੀਂ ਕਿ ਜਦ ਸੇਵਾਦਾਸ ਜਾਂ ਭਾਈ ਗੁਰਦਾਸ ਨੇ ਰਚਨਾ ਕੀਤੀ ਤਾਂ ਗੁਰੂ ਨਾਨਕ ਜੀ ਦੇ ਕੁਝ ਸਮਕਾਲੀ ਅਜੇ ਜੀਉਂਦੇ ਸਨ ਅਤੇ ਉਨ੍ਹਾਂ ਵਿਚੋਂ ਇਕ ਨੇ ਤਾਂ ਘੱਟੋਂ ਘੱਟ ਮਾਨਸਕ ਸ਼ਕਤੀ ਦੀ ਓਜ ਨੂੰ ਸਾਂਭਿਆ ਹੋਇਆ ਸੀ। ਮੈਕਾਲਿਫ ਨੂੰ ਖੇਦ ਹੈ ਕਿ ਭਾਈ ਗੁਰਦਾਸ ਨੇ ਗੁਰੂ ਨਾਨਕ ਜੀ ਦੀ ਪੂਰੀ ਜੀਵਨੀ ਕਿਉਂ ਨਹੀਂ ਲਿਖੀ ਜਦ ਕਿ ਉਹ ਇਸ

---

2. ਟਰੰਪ, ਆਦਿ ਗ੍ਰੰਥ, ਭੂਮਿਕਾ, ਪੰਨਾ ii.
3. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ 63-64.
4. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ lxxiii.

ਸਬੰਧੀ ਸਾਰੇ ਵੇਰਵੇ ਸਹਿਲ ਹੀ ਪ੍ਰਾਪਤ ਕਰ ਸਕਦਾ ਸੀ।[5] ਘੱਟੋ ਘੱਟ ਸਾਨੂੰ ਇਹ ਆਸ ਸੀ ਕਿ ਭਾਈ ਬੁੱਢਾ ਜੋ ਗੁਰੂ ਨਾਨਕ ਜੀ ਦਾ ਸਭਨਾਂ ਤੋਂ ਵੱਧ ਸਨਮਾਨਿਤ ਸੇਵਕ ਸੀ, ਅਜੇ ਜੀਉਂਦਾ ਸੀ, ਅਤੇ ਉਹ ਅਤਿ ਕਥਨਾਂ ਤੇ ਸੰਦੇਹ ਭਰਪੂਰ ਵੇਰਵਿਆਂ ਨੂੰ ਪ੍ਰਸਤੁਤ ਕਰਨ ਵਿਰੁੱਧ ਸ਼ਕਤੀਸ਼ਾਲੀ ਰੋਕ ਪਾ ਸਕਦਾ ਸੀ। ਪਰ ਮੰਦੇ ਭਾਗਾਂ ਨੂੰ ਇਨ੍ਹਾਂ ਪੁਰਾਤਨ ਉਲੇਖਾਂ ਵਿਚ ਵੀ ਕਲਪਿਤ ਕਹਾਣੀਆਂ ਦੀ ਬਣਤਰ ਪਹਿਲੋਂ ਹੀ ਕਾਫ਼ੀ ਮਾਤਰਾ ਵਿਚ ਆ ਚੁੱਕੀ ਸੀ। ਭਾਈ ਗੁਰਦਾਸ ਦਾ ਵਰਣਨ, ਜੋ ਭਾਵੇਂ ਅਪੂਰਨ ਹੈ, ਪਰ ਸਰੀਰਕ ਛੋਹਾਂ ਤੋਂ ਪੂਰਨ ਭਾਂਤ ਵਿਮੁਕਤ ਨਹੀਂ ਹੈ। ਗੁਰੂ ਨਾਨਕ ਜੀ ਦੀ ਬਗਦਾਦ ਯਾਤਰਾ ਸਬੰਧੀ ਇਕ ਪ੍ਰਸਿੱਧ ਘਟਨਾ ਮਿਲਦੀ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ:

> ਫਿਰਿ ਬਾਬਾ ਗਇਆ ਬਗਦਾਦਿ ਨੋ ਬਾਹਰਿ ਜਾਇ ਕੀਆ ਅਸਥਾਨਾ।
> ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।
> ਦਿਤੀ ਬਾਂਗਿ ਨਿਵਾਜਿ ਕਰਿ ਸੁੰਨਿ ਸਮਾਨਿ ਹੋਆ ਜਹਾਨਾ।
> ਸੁੰਨ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ।
> ਪੁਛਿਆ ਫਿਰਿਕੈ ਦਸਤੁਗੀਰ ਕਉਣ ਫਕੀਰੁ ਕਿਸ ਕਾ ਘਰਿਆਨਾ।
> ਨਾਨਕ ਕਲਿ ਵਿੱਚਿ ਆਇਆ ਰਬੁ ਫਕੀਰੁ ਇਕੋ ਪਹਿਚਾਨਾ।

ਅਤੇ,

> ਪੁਛੇ ਪੀਰ ਤਕਰਾਰ ਕਰਿ ਏਹੁ ਫਕੀਰੁ ਵਡਾ ਅਤਾਈ।
> ਏਥੇ ਵਿਚਿ ਬਗਦਾਦ ਦੇ ਵਡੀ ਕਰਾਮਾਤਿ ਦਿਖਲਾਈ।
> ਪਾਤਾਲਾ ਆਕਾਸ ਲਖ ਓੜਕਿ ਭਾਲੀ ਖਬਰੁ ਸੁਣਾਈ।
> ਫੇਰਿ ਦੁਰਾਇਨ ਦਸਤਗੀਰ ਅਸੀ ਭਿ ਵੇਖਾ ਜੋ ਤੁਹਿ ਪਾਈ।
> ਨਾਲਿ ਲੀਤਾ ਬੇਟਾ ਪੀਰ ਦਾ ਅਖੀ ਮੀਟਿ ਗਇਆ ਹਵਾਈ।
> ਲਖ ਆਕਾਸ ਪਤਾਲ ਲਖ ਅਖਿ ਫੁਰਕ ਵਿਚਿ ਸਭਿ ਦਿਖਲਾਈ।
> ਭਰਿ ਕਚਕੌਲ ਪ੍ਰਸਾਦਿ ਦਾ ਧੁਰੋ ਪਤਾਲੋ ਲਈ ਕੜਾਹੀ।[6]
>
> (ਭਾਈ ਗੁਰਦਾਸ, ਵਾਰ ਪਹਿਲੀ, ਪਉੜੀ ੩੫, ੩੬)

ਭਾਈ ਗੁਰਦਾਸ ਜੀ ਦੇ ਵਰਣਨ ਵਿਚ ਅਜੇਹੀਆਂ ਉਦਾਹਰਣਾਂ ਦੀ ਘਾਟ ਨਹੀਂ ਹੈ। ਵਾਸਤਵ ਵਿਚ ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ "ਸਾਧਾਰਨ ਘਟਨਾਵਾਂ ਵਿਚ ਸਿਮਰਤੀ ਅਤੇ ਕਲਪਨਾ ਦੁਆਰਾ ਵੈਭਵਸ਼ਾਲੀ ਕਥਾਵਾਂ ਦਾ ਰਲਾ ਪਾਉਣ ਦੀ ਪ੍ਰਕ੍ਰਿਆ" ਪਹਿਲੋਂ ਹੀ ਸ਼ੁਰੂ ਹੋ ਚੁੱਕੀ ਸੀ। ਕਨਿੰਘਮ ਦਾ ਕਥਨ ਹੈ, "ਮਨੁੱਖੀ ਕਮਜ਼ੋਰੀਆਂ ਤੇ ਵਿਲਾਪ ਕਰਨ ਵਾਲਾ ਅਤੇ ਪ੍ਰਾਣੀਮਾਤ੍ਰ ਨੂੰ ਪਿਆਰ ਕਰਨ ਵਾਲਾ ਸਿੱਧਾ ਸਾਦਾ ਗੁਰੂ ਨਾਨਕ ਭਾਈ ਗੁਰਦਾਸ ਅਤੇ ਸਿੱਖ ਜਨਤਾ ਦੀਆਂ ਨਜ਼ਰਾਂ ਵਿਚ ਪਹਿਲੀ ਰੱਬੀ ਜੋਤ

---

5. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ lxxiii.
6. ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 35, 36.
   ਕੜਾਹ ਪ੍ਰਸ਼ਾਦ ਸਿੱਖਾਂ ਦਾ ਪਵਿੱਤਰ ਪ੍ਰਸ਼ਾਦ ਹੈ। ਇਸ ਦੀ ਰਸਦ ਲਈ ਵੇਖੋ ਮੈਕਾਲਿਫ, ਸੈਂਚੀ ਪੰਚਵੀਂ, ਪੰਨਾ 114। ਪ੍ਰਸ਼ਾਦ ਲਈ ਅਸਲ ਸ਼ਬਦ ਕਚਕੌਲ ਹੈ ਜਿਸ ਦਾ ਸ਼ਬਦਾਰਥ ਹੈ ਗਰੀ ਦਾ ਅੱਧਾ ਖੋਪਾ ਜੋ ਸ਼ਰਧਾਲੂ ਲੋਕ ਭਿਖਯਾ ਮੰਗਣ ਲਈ ਵਰਤਦੇ ਹਨ।

ਅਤੇ ਦੈਵੀ ਸ਼ਕਤੀ ਦਾ ਰੂਪ ਧਾਰਨ ਕਰ ਲੈਂਦਾ ਹੈ ਅਤੇ ਸੰਸਾਰ ਦੇ ਉਧਾਰ ਲਈ ਰੱਬ ਦਾ ਘੋਸ਼ਿਤ ਵਿਚੋਲਾ ਬਣਦਾ ਹੈ।"[7]

ਦੂਜੀ ਕ੍ਰਿਤ ਅਰਥਾਤ ਸੇਵਾਦਾਸ ਦੀ ਜਨਮਸਾਖੀ, ਗੁਰੂ ਨਾਨਕ ਜੀ ਬਾਰੇ ਹੁਣ ਤਕ ਮਿਲਦੀਆਂ ਲਿਖਤਾਂ ਵਿਚੋਂ ਭਰੋਸੇਯੋਗ ਹੁੰਦੀ ਹੋਈ ਵੀ ਉਨ੍ਹਾਂ ਦੇ ਜੀਵਨ ਨੂੰ ਇਤਿਹਾਸਕ ਲੀਹਾਂ ਉੱਤੇ ਵਾਚਣ ਲਈ ਸਾਡੀ ਘੱਟੋ ਘੱਟ ਲੋੜੀਂਦੀ ਮੰਗ ਨੂੰ ਵੀ ਪੂਰਾ ਨਹੀਂ ਕਰਦੀ। ਇਸ ਵਿਚ ਬਹੁਤ ਸਾਰੀਆਂ ਕਥਾਵਾਂ ਦੇ ਰਲੇ ਦੇ ਹੁੰਦਿਆਂ ਵੀ, ਜੋ ਕਿ ਆਲੋਚਨਾਮਕ ਵਿਸ਼ਲੇਸ਼ਣ ਵਿਚ ਸੰਮਿਲਿਤ ਨਹੀਂ ਕੀਤਾ ਜਾ ਸਕਦਾ, ਇਹ ਕ੍ਰਿਤ ਇਕ ਹੋਰ ਪੱਖੋਂ ਵੀ ਦੋਸ਼ਪੂਰਤ ਹੈ। ਜਿਵੇਂ ਮੈਕਾਲਿਫ ਕਹਿੰਦਾ ਹੈ, "ਇਸ ਅਤੇ ਹੋਰ ਸਾਰੀਆਂ ਪ੍ਰਚਲਿਤ ਜਨਮਸਾਖੀਆਂ ਵਿਚ ਅਨੇਕਾਂ ਵੇਰਵਿਆਂ ਦੀ ਰਚਨਾ ਗੁਰੂ ਨਾਨਕ ਜੀ ਦੇ ਸਲੋਕਾਂ ਅਤੇ ਕਥਨਾਂ ਲਈ ਢੁੱਕਵਾਂ ਵਾਤਾਵਰਨ ਉਤਪੰਨ ਕਰਨ ਲਈ ਹੀ ਪ੍ਰਤੀਤ ਹੁੰਦੀ ਹੈ। ਉਨ੍ਹਾਂ ਦੇ ਅਨੁਯਾਈਆਂ ਅਤੇ ਪ੍ਰਸ਼ੰਸਕਾਂ ਨੇ ਉਨ੍ਹਾਂ ਦੀ ਬਾਣੀ ਵਿਚ ਸੁਹਜ ਸ਼ਬਦ ਚਿੱਤਰਾਂ ਨੂੰ ਅਨੁਭਵ ਕੀਤਾ ਅਤੇ ਇਨ੍ਹਾਂ ਦੇ ਰਚੇ ਜਾਣ ਵਾਲੀਆਂ ਸਥਿਤੀਆਂ ਨੂੰ ਵਿਚਾਰਿਆ। ਇਉਂ ਉਨ੍ਹਾਂ ਦੀ ਜੀਵਨੀ ਦੀ ਰੂਪਰੇਖਾ ਇਸ ਤਰ੍ਹਾਂ ਵਿਉਂਤੀ ਗਈ ਜਿਸ ਵਿਚ ਇਨ੍ਹਾਂ ਨੂੰ ਜਨਤਾ ਸਾਹਮਣੇ ਪੇਸ਼ ਕੀਤਾ ਜਾ ਸਕਦਾ ਸੀ।"[8] ਸਾਨੂੰ ਆਸ ਹੈ ਕਿ ਇਕ ਦ੍ਰਿਸ਼ਟਾਂਤ ਮੈਕਾਲਿਫ ਦੇ ਇਸ ਵਿਚਾਰ ਨੂੰ ਪੂਰੀ ਤਰ੍ਹਾਂ ਸਪੱਸ਼ਟ ਕਰ ਦੇਵੇਗਾ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਜੀ ਦੀ ਦਰਜ ਬਾਣੀ ਵਿਚ ਸਾਨੂੰ ਗੁਰਮੁਖੀ ਵਰਨਾਂ ਉੱਤੇ ਲਿਖੀ ਇਕ ਪਟੀ ਮਿਲਦੀ ਹੈ। ਹੁਣ ਜਨਮਸਾਖੀਆਂ ਅਨੁਸਾਰ ਇਹ ਪਟੀ ਉਸ ਸਮੇਂ ਉਚਾਰੀ ਗਈ ਜਦ ਕਿ ਗੁਰੂ ਨਾਨਕ ਜੀ ਦੀ ਉਮਰ ਸੱਤ ਵਰ੍ਹਿਆਂ ਦੀ ਸੀ। ਜਦ ਗੁਰੂ ਨਾਨਕ ਜੀ ਦੇ ਪਿਤਾ ਉਨ੍ਹਾਂ ਨੂੰ ਪਹਿਲੀ ਵਾਰ ਪਿੰਡ ਦੀ ਪਾਠਸ਼ਾਲਾ ਵਿਚ ਲੈ ਕੇ ਗਏ ਤਾਂ ਪੰਡਿਤ ਨੇ ਸਲੇਟ ਉੱਤੇ ਵਰਣਮਾਲਾ ਦੇ ਪੈਂਤੀ ਅੱਖਰ ਲਿਖ ਦਿੱਤੇ ਤੇ ਗੁਰੂ ਨਾਨਕ ਨੂੰ ਇਨ੍ਹਾਂ ਨੂੰ ਪੜ੍ਹਨ ਦਾ ਆਦੇਸ਼ ਦਿੱਤਾ। ਇਸ ਤੇ ਗੁਰੂ ਨਾਨਕ ਨੇ ਉਕਤ ਪਟੀ ਉਚਾਰੀ। ਪੰਡਿਤ ਅਚੰਭਿਤ ਰਹਿ ਗਿਆ ਅਤੇ ਉਸ ਨੇ ਗੁਰੂ ਨਾਨਕ ਨੂੰ ਪ੍ਰਣਾਮ ਕੀਤਾ "ਕਿਉਂਜੋ ਇਹ ਪੂਰਾ ਹੈ।"[9] ਇਸ ਉਦਾਹਰਣ ਵਿਚ ਸ਼ੱਕ ਨਹੀਂ ਹੋ ਸਕਦਾ ਕਿ ਪਟੀ ਹੀ ਪਿੰਡ ਦੀ ਪਾਠਸ਼ਾਲਾ ਵਿਚ ਵਾਪਰੀ ਘਟਨਾ ਦਾ ਮੂਲ ਹੈ। ਦੂਜੇ ਸ਼ਬਦਾਂ ਵਿਚ, ਇਹ ਕਹਾਣੀ ਵਿਚਾਰ ਅਧੀਨ ਪਟੀ ਲਈ ਢੁੱਕਵਾਂ ਵਾਤਾਵਰਣ ਬੰਨ੍ਹਣ ਹਿਤ ਘੜੀ ਗਈ ਹੈ। ਟਰੰਪ ਦੇ ਕਥਨ ਅਨੁਸਾਰ, ਇਸ ਵਿਚ ਸੰਦੇਹ ਨਹੀਂ ਕਿ ਕਹਾਣੀ ਸ਼ਲੋਕਾਂ ਦੀ ਵਿਆਖਿਆ ਲਈ ਹੀ ਘੜੀ ਗਈ ਹੈ, ਜਿਵੇਂ ਕਿ ਇਸ ਪ੍ਰਕਾਰ ਦੀਆਂ ਹੋਰ ਘਟਨਾਵਾਂ ਤੋਂ ਪ੍ਰਤੱਖ ਹੋ ਜਾਂਦਾ ਹੈ।[10] ਸੋ ਸਥਿਤੀ ਲਗਭਗ ਨਿਰਾਸ਼ਾਜਨਕ ਰਹਿੰਦੀ ਹੈ। ਜੇਕਰ ਅਸੀਂ ਇਨ੍ਹਾਂ ਵੇਰਵਿਆਂ ਅਤੇ ਮਿਥਿਹਾਸ ਅਤੇ ਪਰਾਸਰੀਰਕ ਰੰਗਣ ਵਾਲੀਆਂ ਘਟਨਾਵਾਂ ਨੂੰ ਛੱਡ ਦੇਈਏ, ਅਤੇ ਇਨ੍ਹਾਂ ਨੂੰ ਸਾਨੂੰ ਅਵੱਸ਼ ਛੱਡਣਾ ਹੋਵੇਗਾ, ਤਾਂ ਸਾਡੇ ਕੋਲ ਕੇਵਲ

7. ਕਨਿੰਘਮ, ਉਪਰੋਕਤ ਰਚਨਾ, ਪੰਨਾ 54.
8. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ lxxxvi.
9. ਟਰੰਪ, ਉਪਰੋਕਤ ਰਚਨਾ, ਭੂਮਿਕਾ, ਪੰਨਾ viii.
10. ਉਹੀ, ਪੰਨਾ iii.

ਨਿਰਾ ਢਾਂਚਾ ਜੇਹਾ ਹੀ ਰਹਿ ਜਾਵੇਗਾ, ਜੋ ਲੋੜੀਂਦੀ ਸਾਮੱਗ੍ਰੀ ਵੀ ਪੂਰੀ ਨਹੀਂ ਕਰਦਾ।

ਪਿਛਲੇਰੀਆਂ ਜਨਮਸਾਖੀਆਂ ਸਾਡੇ ਮੰਤਵ ਲਈ ਵਿਹਾਰਕ ਪੱਖੋਂ ਨਿਰਾਰਥਕ ਹਨ। ਇਨ੍ਹਾਂ ਦਾ ਮੁੱਖ ਮਹੱਤਵ ਇਸ ਗੱਲ ਵਿਚ ਹੈ ਕਿ ਇਨ੍ਹਾਂ ਦੁਆਰਾ ਅਸੀਂ ਵੈਭਵਪੂਰਨ ਮਿਥਿਹਾਸ ਦੀ ਪ੍ਰਕਿਆ ਦਾ ਅਗਾਮੀ ਵਿਕਾਸ ਉਲੀਕ ਸਕਦੇ ਹਾਂ ਕਿ ਪਹਿਲੋਂ ਹੀ ਭਾਈ ਗੁਰਦਾਸ ਦੇ ਸਮੇਂ ਕਾਫ਼ੀ ਜ਼ੋਰ ਫੜ ਚੁੱਕਾ ਸੀ। ਭਾਈ ਮਨੀ ਸਿੰਘ ਦੀ 'ਗਿਆਨ ਰਤਨਾਵਲੀ', ਜੋ ਭਾਈ ਗੁਰਦਾਸ ਦੀ ਪਹਿਲੀ ਵਾਰ ਦਾ ਹੀ ਵਿਸਤਾਰ ਹੈ, ਨੂੰ ਛੱਡ ਦੇਈਏ ਤਾਂ ਸਾਡੇ ਕੋਲ 'ਨਾਨਕ ਪ੍ਰਕਾਸ਼' ਰਹਿ ਜਾਂਦਾ ਹੈ ਜਿਸ ਦੀ ਰਚਨਾ ਗੁਰੂ ਨਾਨਕ ਦੀ ਮ੍ਰਿਤੂ ਤੋਂ ਕੋਈ ਤਿੰਨ ਸਦੀਆਂ ਪਿੱਛੋਂ 1823 ਈ. ਵਿਚ ਹੋਈ। ਇਸ ਸਮੇਂ ਤਕ ਕਲਪਨਾ ਆਪਣਾ ਪੂਰਨ ਅਧਿਕਾਰ ਜਮਾ ਚੁੱਕੀ ਸੀ। ਪ੍ਰਚੱਲਿਤ ਰਵਾਇਤ ਅਨੁਸਾਰ ਕਿ ਗੁਰੂ ਨਾਨਕ ਨੇ ਆਪਣੀਆਂ ਉਦਾਸੀਆਂ ਵਿਚ ਲੰਕਾ ਦੀ ਵੀ ਯਾਤਰਾ ਕੀਤੀ, ਭਾਈ ਸੰਤੋਖ ਸਿੰਘ ਗੁਰੂ ਜੀ ਦੀ ਹਨੂਮਾਨ ਅਤੇ ਬਭੀਖਣ ਨਾਲ ਭੇਟ ਦਾ ਵਰਣਨ ਬੜੇ ਠਰੰਮੇ ਨਾਲ ਕਰਦੇ ਹਨ।[11] ਅੱਗੋਂ ਗੁਰੂ ਜੀ ਦੀ ਪ੍ਰਹਿਲਾਦ, ਧਰੁਵ ਅਤੇ ਹੋਰ ਅਨੇਕਾਂ ਪੁਰਾਣੇ ਭਗਤਾਂ ਨਾਲ ਭੇਟ ਕਰਾਈ ਗਈ ਹੈ ਅਤੇ ਕਿਤੇ ਕਿਤੇ ਵਰਣਨ ਨੂੰ ਵਾਸਤਵਿਕ ਰੰਗਣ ਦੇਣ ਲਈ ਲੰਬੀਆਂ ਗੋਸ਼ਟਾਂ ਵੀ ਜੋੜ ਦਿੱਤੀਆਂ ਹਨ।[12] ਅਸਲ ਗੱਲ ਤਾਂ ਇਹ ਹੈ ਕਿ ਇਕ ਵਾਰੀ ਖੁੱਲ੍ਹੀ ਛੱਡੀ ਜਾ ਚੁੱਕੀ ਕਲਪਨਾ ਤਦ ਤਕ ਸਾਹ ਨਹੀਂ ਲੈਂਦੀ ਜਦ ਤਕ ਕਿ ਗੁਰੂ ਨਾਨਕ ਜੀ ਦੇ ਵਿਅਕਤਿਤ੍ਵ ਨੂੰ ਪੂਰਨ ਭਾਂਤ ਪਰਿਵਰਤਿਤ ਨਹੀਂ ਕਰ ਲੈਂਦੀ ਅਤੇ ਉਨ੍ਹਾਂ ਨੂੰ ਪੁਰਾਤਨ ਸਮੇਂ ਦੇ ਪੁਰਾਣਿਕ ਪਾਤਰਾਂ ਦੀ ਕਤਾਰ ਵਿਚ ਖੜਾ ਨਹੀਂ ਕਰ ਦਿੰਦੀ।

ਪਿਛਲੇਰੀਆਂ ਜਨਮਸਾਖੀਆਂ ਦੀ ਬਹੁ ਗਿਣਤੀ ਭਾਈ ਸੰਤੋਖ ਸਿੰਘ ਦੀ ਰਚਨਾ ਉੱਤੇ ਆਧਾਰਿਤ ਪ੍ਰਤੀਤ ਹੁੰਦੀ ਹੈ, ਜਿਸ ਵਿੱਚ ਗੁਰੂ ਅੰਗਦ ਸਾਹਿਬ ਦੀ ਛਤਰ-ਛਾਇਆ ਹੇਠ ਇਕ ਜਨਮਸਾਖੀਆਂ ਦੇ ਸੰਪਾਦਨ ਦੀ ਵਾਰਤਾ ਵੱਲ ਸਾਡਾ ਪਹਿਲੀ ਵੇਰ ਧਿਆਨ ਦਿਵਾਇਆ ਗਿਆ ਹੈ।"[13] 'ਨਾਨਕ ਪ੍ਰਕਾਸ਼' ਵਿਚ ਅਸੀਂ ਪੜ੍ਹਦੇ ਹਾਂ ਕਿ 'ਬਾਲਾ ਸੰਧੂ' ਨਾਮੀ ਇਕ ਗੁਰਮੁਖ ਹੁੰਦਾ ਸੀ ਜੋ ਸਿੱਧਾ ਗੁਰੂ ਨਾਨਕ ਜੀ ਦਾ ਚੇਲਾ ਸੀ। ਇਕ ਦਿਨ ਉਸ ਨੇ ਅੰਤਰਾਤਮੇ ਵਿਚਾਰ ਕੀਤਾ ਕਿ ਉਹ ਕੌਣ ਹੈ ਜਿਸ ਨੂੰ ਗੁਰੂ ਜੀ ਨੇ ਆਪਣੇ ਮਿਸ਼ਨ ਨੂੰ ਜਾਰੀ ਰਖਣ ਲਈ ਨਿਯੁਕਤ ਕੀਤਾ ਹੈ। ਪੁੱਛ ਪੜਤਾਲ ਕਰਨ ਤੋਂ ਪਤਾ ਲਗਾ ਕਿ ਇਹ ਗੁਰੂ ਅੰਗਦ ਸਾਹਿਬ ਹਨ ਜਿਨ੍ਹਾਂ ਦਾ ਡੇਰਾ ਖਡੂਰ ਵਿਚ ਹੈ। ਇਸ ਤੇ ਬਾਲਾ ਗੁਰੂ ਨਾਨਕ ਦੇ ਉੱਤਰਾਧਿਕਾਰੀ ਦੇ ਦਰਸ਼ਨਾਂ ਹਿਤ ਆਇਆ। ਕਿਹਾ ਜਾਂਦਾ ਹੈ ਕਿ ਗੁਰੂ ਅੰਗਦ ਜੀ ਨੇ ਪੁੱਛਿਆ ਕਿ ਉਹ ਕਿਸ ਦਾ ਚੇਲਾ ਹੈ ਅਤੇ ਉਸ ਦੇ ਧਾਰਮਕ

11. *ਨਾਨਕ ਪ੍ਰਕਾਸ਼,* ਭਾਗ ਦੂਜਾ, xviii.
12. *ਨਾਨਕ ਪ੍ਰਕਾਸ਼,* ਭਾਗ ਦੂਜਾ, lxxvi, lxxii.
13. *ਨਾਨਕ ਪ੍ਰਕਾਸ਼,* ਭਾਗ ਦੂਜਾ, ii. ਐਪਰ ਸਾਨੂੰ ਇਹ ਵੀ ਦੱਸਿਆ ਗਿਆ ਹੈ ਕਿ "ਪ੍ਰਿਥੀ ਦੇ ਪੁੱਤਰ ਮੇਹਰਬਾਨ ਨੇ ਵੀ ਇਕ ਜਨਮਸਾਖੀ ਗੁਰੂ ਨਾਨਕ ਜੀ ਦੀ ਲਿਖੀ ਜਿਸ ਵਿਚ ਉਸ ਨੇ ਆਪਣੇ ਪਿਤਾ ਦੀ ਪ੍ਰਸੰਸਾ ਕੀਤੀ ਹੈ। ਇਸ ਵਿਚ ਭਾਈ ਬਾਲੇ ਦਾ ਪਹਿਲਾ ਜ਼ਿਕਰ ਆਉਂਦਾ ਹੈ।" (*Glossary of the Punjab Tribes and Castes.* Vol. III. p. 104) ਪਰੰਤੂ ਇਨ੍ਹਾਂ ਵੇਰਵਿਆਂ ਦੀ ਪੁਸ਼ਟੀ ਦੀ ਅਣਹੋਂਦ ਕਾਰਨ ਅਸੀਂ ਇਸ ਵਿਸ਼ੇ ਤੇ ਟਿੱਪਣੀ ਕਰਨ ਤੋਂ ਸੰਕੋਚ ਕਰਦੇ ਹਾਂ।

ਵਿਸ਼ਵਾਸ ਕੀ ਹਨ। ਬਾਲੇ ਨੇ ਦੱਸਿਆ ਕਿ ਉਹ ਗੁਰੂ ਨਾਨਕ ਦਾ ਚੇਲਾ ਹੈ ਅਤੇ ਬਚਪਨ ਤੋਂ ਹੀ ਉਨ੍ਹਾਂ ਦਾ ਸੰਗੀ ਰਿਹਾ ਹੈ। ਇਹ ਸੁਣ ਕੇ ਗੁਰੂ ਅੰਗਦ ਜੀ ਅਤਿ-ਪ੍ਰਸੰਨ ਹੋਏ ਤੇ ਬਾਲੇ ਨੂੰ ਕਿਹਾ ਕਿ ਗੁਰੂ ਜੀ ਬਾਰੇ ਉਹ ਜੋ ਕੁਝ ਜਾਣਦਾ ਹੈ ਉਨ੍ਹਾਂ ਨੂੰ ਦੱਸੇ। ਬਾਲੇ ਨੇ ਆਪਣੀ ਵਾਰਤਾ ਗੁਰੂ ਨਾਨਕ ਜੀ ਦੇ ਜਨਮ ਦੇ ਹਾਲਾਤ ਤੋਂ ਆਰੰਭ ਕੀਤੀ ਅਤੇ ਅਚੇਤ ਹੀ ਉਸ ਗੁਰੂ ਅੰਗਦ ਜੀ ਨੂੰ ਦੱਸ ਦਿੱਤਾ ਕਿ ਗੁਰੂ ਜੀ ਨੇ ਜਨਮ ਸਮੇਂ ਜਨਮਪੱਤਰੀ ਜਾਂ ਕੁੰਡਲੀ ਬ੍ਰਾਹਮਣ ਤੋਂ ਬਣਵਾਈ ਗਈ ਸੀ ਅਤੇ ਇਹ ਅਵੱਸ਼ ਉਸ ਦੇ ਪਿਤਾ ਕਾਲੂ ਕੋਲ ਹੋਵੇਗੀ। ਭਾਵੇਂ ਕਾਲੂ ਹੁਣ ਮਰ ਚੁੱਕਾ ਸੀ ਫਿਰ ਵੀ ਇਹ ਅਸੰਭਵ ਨਹੀਂ ਕਿ 'ਕੁੰਡਲੀ' ਉਸ ਦੇ ਛੋਟੇ ਭਰਾ ਲਾਲੂ ਕੋਲ ਅਜੇ ਹੋਵੇ। ਜਨਮਪੱਤਰੀ ਲਿਆਉਣ ਲਈ ਬਾਲੇ ਨੇ ਆਪਣੇ ਆਪ ਨੂੰ ਪੇਸ਼ ਕੀਤਾ ਅਤੇ ਪੂਨੂੰ ਨਾਮੀ ਸਿੱਖ ਨੂੰ ਨਾਲ ਲੈ ਕੇ ਉਹ ਤਲਵੰਡੀ ਗਿਆ। ਜਾਪਦਾ ਸੀ ਕਿ ਜਿਵੇਂ ਲਾਲੂ ਨੂੰ ਜਨਮਕੁੰਡਲੀ ਬਾਰੇ ਕੋਈ ਗਿਆਨ ਨਾ ਹੋਵੇ ਪਰ ਉਹ ਘਰ ਵਿਚ ਇਸ ਦੀ ਭਾਲ ਕਰਨ ਲਈ ਸਹਿਮਤ ਹੋ ਗਿਆ। ਰਵਾਇਤ ਹੈ ਕਿ ਪੰਜ ਦਿਨਾਂ ਦੀ ਗਹੁ ਪੂਰਨ ਅਤੇ ਅਥੱਕ ਭਾਲ ਮਗਰੋਂ, ਜਨਮਕੁੰਡਲੀ ਆਖਰ ਮਿਲ ਹੀ ਗਈ। ਜਦ ਕੁੰਡਲੀ ਗੁਰੂ ਅੰਗਦ ਜੀ ਕੋਲ ਲਿਆਂਦੀ ਗਈ ਤਾਂ ਉਹ ਅਤਿਅੰਤ ਪ੍ਰਸੰਨ ਹੋਏ। ਉਨ੍ਹਾਂ ਨੇ ਸਤਿਕਾਰ ਵਜੋਂ ਇਸ ਨੂੰ ਸਿਰ ਉੱਤੇ ਰੱਖਿਆ ਅਤੇ ਭਾਈ ਬਾਲੇ ਦੀ ਦਿਲੋਂ ਪ੍ਰਸੰਸਾ ਕੀਤੀ ਕਿ ਇਸ ਤਰ੍ਹਾਂ ਉਸ ਨੇ ਉਨ੍ਹਾਂ ਦਾ ਆਪਣੇ ਮਾਲਕ ਨਾਲ ਮੇਲ ਕਰਾ ਦਿੱਤਾ ਹੈ। ਐਪਰ ਕੁੰਡਲੀ ਦੇਖਣ ਤੇ ਗੁਰੂ ਅੰਗਦ ਜੀ ਨੂੰ ਪਤਾ ਲੱਗਾ ਕਿ ਇਹ ਸੰਸਕ੍ਰਿਤ ਵਿਚ ਹੈ[14] ਅਤੇ ਹਾਜ਼ਰ ਸੰਗਤ ਵਿਚੋਂ ਕੋਈ ਵੀ ਇਸ ਲਿਪੀ ਤੋਂ ਵਾਕਫ ਨਹੀਂ ਸੀ। ਗੁਰੂ ਜੀ ਨੇ ਪੁੱਛਿਆ ਕਿ ਕੀ ਕੋਈ ਅਜੇਹਾ ਪੁਰਸ਼ ਮਿਲ ਸਕਦਾ ਹੈ ਜਿਹੜਾ ਇਸ ਨੂੰ ਗੁਰਮੁਖੀ ਵਿਚ ਲਿਪੀਅੰਤਰ ਕਰ ਦੇਵੇ।[15] ਇਸ ਤੇ ਇਕ ਜੱਟ ਮਹਿਮਾ ਖੈਰਾ ਨੇ ਦੱਸਿਆ ਕਿ ਇਸ ਕੰਮ ਲਈ ਸੁਲਤਾਨਪੁਰ ਦੇ ਪੈੜਾ ਮੋਖਾ ਖੈਰਾ ਨੂੰ ਸੱਦਣਾ ਚਾਹੀਦਾ ਹੈ। ਮਹਿਮਾ ਖੈਰਾ ਨੂੰ ਹੀ ਸੁਲਤਾਨਪੁਰ ਭੇਜਿਆ ਗਿਆ ਅਤੇ ਉਹ ਛੇਤੀ ਹੀ ਪੈੜੇ ਮੋਖੇ ਨੂੰ ਲੈ ਕੇ ਪਰਤ ਆਇਆ। ਮੋਖੇ ਦੇ ਆ ਜਾਣ ਤੇ ਗੁਰੂ ਅੰਗਦ ਜੀ ਨੇ ਜਨਮਪੱਤਰੀ ਨੂੰ ਗੁਰਮੁਖੀ ਅੱਖਰਾਂ ਵਿਚ ਲਿਖਣ ਲਈ ਕਿਹਾ। ਭਾਈ ਸੰਤੋਖ ਸਿੰਘ ਇਥੇ ਵਧੇਰੇ ਮਹੱਤਵਪੂਰਨ ਸਿੱਖਾਂ, ਭਾਈ ਬੁੱਢਾ, ਭਾਈ ਜੀਵਾ ਅਤੇ ਭਾਈ ਅਮਰਦਾਸ ਆਦਿ ਦੇ ਨਾਵਾਂ ਦੀ ਸੂਚੀ ਦੇਂਦੇ ਹਨ, ਜਿਹੜੇ ਉਥੇ ਵਾਰਤਾ ਸੁਣਨ ਲਈ ਹਾਜ਼ਰ ਸਨ। ਫਿਰ ਦੱਸਿਆ ਗਿਆ ਹੈ ਕਿ ਬਾਲੇ ਨੇ ਵਾਰਤਾ ਸੁਣਾਈ, ਪੈੜੇ ਨੇ ਲਿਖੀ ਅਤੇ ਗੁਰੂ ਅੰਗਦ ਜੀ ਨੇ ਸ੍ਰਿਸ਼ਟੀ ਦੇ ਕਲਿਆਣ ਲਈ ਲਿਖਵਾਈ।[16]

ਟਰੰਪ ਨੇ ਸਭ ਤੋਂ ਪਹਿਲਾਂ ਇਸ ਵਾਰਤਾ ਵਿਚਲੀਆਂ ਅਸੰਗਤੀਆਂ[17] ਵੱਲ

---

14. ਸੰਸਕ੍ਰਿਤ ਅੱਖਰ ਅਰਥਾਤ ਦੇਵਨਾਗਰੀ ਲਿਪੀ।
15. ਇਸ ਘਟਨਾ ਤੇ ਇਤਬਾਰ ਕਰ ਕੇ ਟਰੰਪ ਗੁਰੂ ਅੰਗਦ ਜੀ ਨੂੰ ਅਨਪੜ੍ਹ ਦੱਸਦਾ ਹੈ, ਨਾ ਉਹ ਆਪ ਪੜ੍ਹ ਸਕਦੇ ਸਨ ਨਾ ਲਿਖ ਸਕਦੇ ਸਨ (ਆਦਿ ਗ੍ਰੰਥ, ਭੂਮਿਕਾ, ਪੰਨਾ 28)। ਪਰ ਅਜੇਹੀ ਗੱਲ ਇਹ ਸਿੱਧ ਨਹੀਂ ਕਰਦੀ। ਗੁਰੂ ਅੰਗਦ ਜੀ ਬਾਰੇ ਜੋ ਕੁਝ ਵੀ ਕਿਹਾ ਜਾ ਸਕਦਾ ਹੈ ਉਹ ਇਹ ਹੈ ਕਿ ਉਹ ਕੁੰਡਲੀ ਵਾਲੀ ਲਿਪੀ ਤੋਂ ਅਗਿਆਤ ਸਨ।
16. ਨਾਨਕ ਪ੍ਰਕਾਸ਼, ਭਾਗ ਪਹਿਲਾ, ii 79.
17. ਟਰੰਪ, ਉਪਰੋਕਤ ਰਚਨਾ, ਪੰਨਾ v.

ਧਿਆਨ ਦਿਵਾਇਆ ਹੈ। ਮੈਕਾਲਿਫ ਨੇ ਗੁਰੂ ਅੰਗਦ ਜੀ ਦੇ ਸਮੇਂ ਜਨਮਸਾਖੀ ਦੇ ਸੰਪਾਦਨ ਹੋਣ ਦੀ ਮਨੌਤ ਨੂੰ ਪੂਰੀ ਤਰ੍ਹਾਂ ਝੁਠਲਾ ਦਿੱਤਾ ਹੈ। ਜਿਵੇਂ ਕਿ ਮੈਕਾਲਿਫ ਕਹਿੰਦਾ ਹੈ ਕਿ ਪ੍ਰਚੱਲਿਤ ਜਨਮਸਾਖੀਆਂ, 'ਜੋ ਨਿਰਸੰਦੇਹ ਕਿਸੇ ਇਕ ਮੌਲਿਕ ਰਚਨਾ ਵਿਚ ਤਬਦੀਲੀਆਂ ਕਰਕੇ ਲਿਖੀਆਂ ਗਈਆਂ ਹਨ', ਪੰਜਾਬੀ ਦੀਆਂ ਪ੍ਰਚੱਲਿਤ ਉਪ-ਭਾਸ਼ਾਵਾਂ ਵਿਚ ਲਿਖੀਆਂ ਗਈਆਂ ਹਨ ਜਦ ਕਿ ਬਾਲੇ ਵਾਲੀ ਜਨਮਸਾਖੀ, ਜੇ ਕਦੇ ਇਸ ਦੀ ਹੋਂਦ ਸੀ, ਤਾਂ ਜ਼ਰੂਰ ਹੀ ਗੁਰੂ ਅੰਗਦ ਜੀ ਦੇ ਸਮੇਂ ਦੀ ਪ੍ਰਾਚੀਨ ਭਾਸ਼ਾ ਵਿਚ ਲਿਖੀ ਹੋਈ ਹੋਵੇਗੀ। ਇਸ ਤੋਂ ਅਤਿਰਿਕਤ ਭਾਈ ਬਾਲੇ ਦੇ ਸਬੰਧ ਵਿਚ ਇਹ ਗੱਲ ਧਿਆਨ ਯੋਗ ਹੈ ਕਿ ਗੁਰੂ ਅੰਗਦ ਜੀ ਜੋ ਗੁਰੂ ਨਾਨਕ ਜੀ ਨੂੰ ਭਲੀ ਭਾਂਤ ਜਾਣਦੇ ਸਨ, ਬਾਲੇ ਸਬੰਧੀ ਏਨੀ ਘੱਟ ਵਾਕਫੀ ਰਖਦੇ ਸਨ ਕਿ ਉਨ੍ਹਾਂ ਨੂੰ ਇਹ ਪੁਛਦੇ ਦਰਸਾਇਆ ਗਿਆ ਹੈ ਕਿ 'ਉਹ ਕਿਸ ਦਾ ਚੇਲਾ ਹੈ'। ਜੇ ਬਾਲਾ ਗੁਰੂ ਨਾਨਕ ਜੀ ਦਾ ਸੱਚੀ ਹੀ ਗੂੜ੍ਹਾ ਸੰਗੀ ਸੀ, ਜਿਵੇਂ ਕਿ ਉਸ ਨੂੰ ਦਰਸਾਇਆ ਗਿਆ ਹੈ, ਤਾਂ ਗੁਰੂ ਅੰਗਦ ਜੀ ਵੀ ਉਸ ਨੂੰ ਨਿਸਚੇ ਹੀ ਚੰਗੀ ਤਰ੍ਹਾਂ ਜਾਣਦੇ ਹੋਣਗੇ। ਅੰਤ ਵਿਚ ਇਹ ਗੱਲ ਵੀ ਧਿਆਨ ਯੋਗ ਹੈ ਕਿ ਭਾਈ ਗੁਰਦਾਸ ਆਪਣੇ ਸਮੇਂ ਤਕ ਦੇ ਪ੍ਰਸਿੱਧ ਸਿੱਖਾਂ ਦੀ ਜੋ ਸੂਚੀ ਗਿਆਰ੍ਹਵੀਂ ਵਾਰ ਵਿਚ ਦਿੰਦਾ ਹੈ ਅਤੇ ਭਾਈ ਮਨੀ ਸਿੰਘ ਦੀ ਗਿਆਨ ਰਤਨਾਵਲੀ ਵਿਚ ਦਿੱਤੀ ਸੰਪੂਰਨ ਸੂਚੀ ਵਿਚ ਬਾਲੇ ਦਾ ਕੋਈ ਜ਼ਿਕਰ ਨਹੀਂ ਆਉਂਦਾ। ਇਸ ਲਈ ਇਹ ਅਤਿ ਸੰਦੇਹਜਨਕ ਹੈ ਕਿ ਕੀ ਗੁਰੂ ਅੰਗਦ ਦੇ ਸਮੇਂ ਕੋਈ ਜਨਮਸਾਖੀ ਸੰਪਾਦਿਤ ਵੀ ਕੀਤੀ ਗਈ ਹੈ? ਇਉਂ ਪ੍ਰਤੀਤ ਹੁੰਦਾ ਹੈ ਜਨਮਸਾਖੀ ਦੇ ਕਰਤਾ ਨੇ, ਜਿਸ ਉੱਤੇ ਸਾਰੀਆਂ ਪਿਛਲੀਆਂ ਜਨਮਸਾਖੀਆਂ ਆਧਾਰਿਤ ਹਨ, ਇਹ ਕਾਲਪਣਿਕ ਕਥਾਵਾਂ ਆਪਣੇ ਵਰਣਨ ਨੂੰ ਭਰੋਸੇ ਯੋਗ ਬਣਾਉਣ ਲਈ ਘੜੀਆਂ ਹਨ।[18] ਅਸਲ ਵਿਚ ਭਾਈ ਸੰਤੋਖ ਸਿੰਘ ਦੁਆਰਾ ਸੰਪਾਦਿਤ ਵਰਣਨ ਦਾ ਧਿਆਨ ਪੂਰਵਕ ਅਧਿਐਨ ਕਰੀਏ ਤਾਂ ਇਹ ਸ਼ੱਕ ਨਹੀਂ ਰਹਿੰਦਾ ਕਿ ਜਨਮਪੱਤਰੀ ਹੀ ਵਾਸਤਵ ਵਿਚ ਇਸ ਮਸਲੇ ਦਾ ਬਲਵਾਨ ਵਿਸ਼ਾ ਹੈ ਅਤੇ ਜਨਮਸਾਖੀ ਦੀ ਵਾਰਤਾ ਇਸ ਉੱਤੇ ਉਸਾਰੀ ਗਈ ਹੈ। ਸਾਨੂੰ ਇਉਂ ਜਾਪਦਾ ਹੈ ਕਿ ਜਨਮਪੱਤਰੀ ਦਾ ਲਿਆਉਣਾ ਅਤੇ ਇਸ ਦਾ ਲਿਪੀਅੰਤਰ ਜਾਂ ਅਨੁਵਾਦ ਇਤਿਹਾਸਕ ਤੱਥ ਹਨ ਜਿਹੜੇ ਕਿ ਪਿੱਛੋਂ ਹੋਏ ਕਿਸੇ ਲੇਖਕ ਦੇ ਹੱਥ ਲੱਗ ਗਏ ਅਤੇ ਜਿਸ ਨੇ ਜਨਮਪੱਤਰੀ ਤੋਂ ਜਨਮਸਾਖੀ ਦਾ ਵਿਸਤਾਰ ਕਰ ਦਿੱਤਾ। ਇਸ ਤਰ੍ਹਾਂ ਉਸ ਨੇ ਇਸ ਕਾਲਪਣਿਕ ਕਥਾ ਨੂੰ ਪ੍ਰਚਲਿਤ ਕਰ ਦਿੱਤਾ ਕਿ ਗੁਰੂ ਨਾਨਕ ਜੀ ਦੀ ਜਨਮਸਾਖੀ ਗੁਰੂ ਅੰਗਦ ਜੀ ਦੀ ਛਤਰ ਛਾਇਆ ਹੇਠ ਲਿਖੀ ਗਈ ਹੈ।

ਹੋਰ ਪਿੱਛੋਂ ਲਿਖੀਆਂ ਗਈਆਂ ਜਨਮਸਾਖੀਆਂ ਨੂੰ, ਜੋ ਸਾਰੀਆਂ ਬਾਲੇ ਵਾਲੀ ਕ੍ਰਿਤ ਉੱਤੇ ਆਧਾਰਿਤ ਹੋਣ ਦਾ ਦਾਅਵਾ ਕਰਦੀਆਂ ਹਨ, ਵਿਚਾਰਨ ਦੀ ਲੋੜ ਨਹੀਂ। ਪਰੰਤੂ ਗੁਰੂ ਨਾਨਕ ਜੀ ਸਬੰਧੀ ਸੂਚਨਾ ਦੇ ਸਰੋਤਾਂ ਦੀ ਮੋਟੀ ਜਿਹੀ ਰੂਪ ਰੇਖਾ "ਦਬਿਸਤਾਨ" ਨੂੰ ਵਿਚਾਰਨ ਬਿਨਾਂ ਪੂਰੀ ਨਹੀਂ ਹੋ ਸਕੇਗੀ। ਇਸ ਰਚਨਾ ਦਾ ਕਰਤਾ, ਜੋ ਮੋਹਸਿਨ ਫਾਨੀ ਦੇ ਉਪਨਾਮ ਹੇਠ ਲਿਖਦਾ ਹੈ, ਪੰਜਵੇਂ, ਛੇਵੇਂ ਅਤੇ ਸੱਤਵੇਂ ਗੁਰੂਆਂ ਦਾ ਸਮਕਾਲੀ ਪ੍ਰਤੀਤ ਹੁੰਦਾ ਹੈ, ਅਤੇ ਗੁਰੂ ਹਰਿਗੋਬਿੰਦ ਜੀ ਦਾ ਨਿੱਜੀ ਮਿੱਤਰ ਵੀ

18. ਮੈਕਾਲਿਫ, ਉਪਰੋਕਤ ਰਚਨਾ, ਭੂਮਿਕਾ, ਪੰਨਾ lxxviii, lxxix

ਜਿਨ੍ਹਾਂ ਨਾਲ ਉਸ ਨੇ ਕਦੇ ਕਦਾਈ ਪੱਤਰ ਵਿਹਾਰ ਵੀ ਕੀਤਾ।[19] ਇਸ ਲੇਖਕ ਦੀ ਗਵਾਹੀ ਵਿਸ਼ੇਸ਼ ਮਹੱਤਵ ਵਾਲੀ ਸਮਝੀ ਜਾਣੀ ਚਾਹੀਦੀ ਹੈ, ਖ਼ਾਸ ਕਰਕੇ ਇਸ ਲਈ ਕਿ ਉਹ ਬੇਲਾਗ ਗਵਾਹ ਸੀ। ਸਿੱਖ ਜਨਮਸਾਖੀਆਂ ਦੇ ਕਰਾਮਾਤੀ ਅਤੇ ਹਾਸੋਹੀਣੀਆਂ ਮਨੌਤਾਂ ਦੇ ਤਾਣੇ ਬਾਣੇ ਵਿਚਕਾਰ ਇਹ ਕ੍ਰਿਤ ਨਵ ਸੋਚ ਉਪਜਾਊ, ਸੁਆਗਤੀ ਅਤੇ ਸੰਤੋਖ ਪ੍ਰਦਾਨ ਕਰਦੀ ਹੈ। ਪਰ ਇਹ ਅਵੱਸ਼ ਕਹਿਣਾ ਪੈਂਦਾ ਹੈ ਕਿ ਗੁਰੂ ਨਾਨਕ ਜੀ ਦਾ ਜੋ ਵਰਣਨ ਮੋਹਸਿਨ ਫਾਨੀ ਨੇ ਦਿੱਤਾ ਹੈ ਸਮੁੱਚੇ ਤੌਰ ਤੇ ਨਿਰਾਸ਼ਾਜਨਕ ਹੈ। ਭਾਵੇਂ ਕਈ ਗੱਲੋਂ ਤੇ ਜਨਮਸਾਖੀਆਂ ਨੂੰ ਬੇਲਾਗ ਪ੍ਰਮਾਣਿਕਤਾ ਮਿਲਦੀ ਹੈ ਅਤੇ ਕੁਝ ਥਾਂਵਾਂ ਤੇ ਇਕ ਦੂਜੇ ਵੇਰਵੇ ਜੋੜ ਦਿੱਤੇ ਗਏ ਹਨ ਪਰ ਇਸ ਦਾ ਬਹੁਤ ਭਾਗ ਸਿੱਖ ਮਤ ਦੇ ਮੋਢੀ ਬਾਰੇ ਕਾਲਪਨਿਕ ਕਥਾਵਾਂ ਨਾਲ ਸੰਬੰਧਿਤ ਹੈ ਜੋ ਮੋਹਸਿਨ ਫਾਨੀ ਨੇ ਆਪਣੇ ਸਮੇਂ ਦੇ ਸਿੱਖਾਂ ਤੋਂ ਸੁਣੀਆਂ ਸਨ। ਵਾਸਤਵ ਵਿਚ ਜੋ ਕੁਝ ਅਸਾਂ ਭਾਈ ਗੁਰਦਾਸ ਦੀ ਬਾਣੀ ਬਾਰੇ ਕਿਹਾ ਹੈ, ਦਬਿਸਤਾਨ ਇਸ ਨੂੰ ਵਿਵਾਦ ਰਹਿਤ ਰੂਪ ਵਿਚ ਦ੍ਰਿੜ੍ਹਾਉਂਦੀ ਹੈ ਅਰਥਾਤ ਪੰਜਵੇਂ ਗੁਰੂ ਜੀ ਦੇ ਸਮੇਂ ਤਕ ਗੁਰੂਆਂ ਦੇ ਦੇਵ ਪੂਜਨ ਦਾ ਰਿਵਾਜ ਪਹਿਲੋਂ ਹੀ ਅਸਚਰਜਤਾ ਦੀ ਹੱਦ ਤਕ ਜ਼ੋਰ ਫੜ ਚੁੱਕਾ ਸੀ। ਇਕ ਥਾਂ ਤੇ ਮੋਹਸਿਨ ਫਾਨੀ ਦੱਸਦਾ ਹੈ ਕਿ ਸਿੱਖਾਂ ਦੇ ਮਤ ਅਨੁਸਾਰ "ਬਾਬਾ ਨਾਨਕ ਬ੍ਰਹਮ ਹੈ ਅਤੇ ਇਹ ਸ੍ਰਿਸ਼ਟੀ ਉਸ ਦੀ ਰਚਨਾ ਹੈ।" ਉਸ ਨੇ ਇਹ ਵੀ ਲਿਖਿਆ ਹੈ ਕਿ ਨਾਨਕ ਆਪਣੇ ਆਪ ਨੂੰ ਨਿਰਾਕਾਰ" ਪਰਮਾਤਮਾ ਦਾ ਨਿਕਟ ਸੇਵਕ ਸਮਝਦਾ ਹੈ। ਪਰ ਸਾਨੂੰ ਦੱਸਿਆ ਗਿਆ ਹੈ 'ਕਿ ਸਿੱਖ ਕਹਿੰਦੇ ਹਨ ਕਿ ਨਾਨਕ ਵੀ ਉਸੇ ਤਰ੍ਹਾਂ ਨਿਰਾਕਾਰ ਸੀ ਪਰ ਉਹ ਆਪਣੀ ਵਿਅਕਤਿਤ੍ਵ ਦੀ ਸ਼ਕਤੀ ਦੁਆਰਾ ਹੀ ਦਿਖਾਈ ਦੇਂਦਾ ਸੀ।"[20] ਐਪਰ ਅਨੇਕਾਂ ਕਥਾਵਾਂ ਜੋ ਮੋਹਸਿਨ ਫਾਨੀ ਨੇ ਆਪਣੀ ਰਚਨਾ ਵਿਚ ਸੰਕਲਿਤ ਕੀਤੀਆਂ ਹਨ, ਗੁਰੂ ਨਾਨਕ ਅਤੇ ਪਰਮਾਤਮਾ ਵਿਚ ਹਕੀਕੀ ਅਭੇਦਤਾ ਪ੍ਰਗਟ ਕਰਨ ਨਾਲੋਂ ਉਸ ਦੇ ਮਿਸ਼ਨ ਦੇ ਦੈਵੀ ਸੁਭਾਅ ਨੂੰ ਨਿਰਧਾਰਿਤ ਕਰਨ ਦਾ ਯਤਨ ਕਰਦੀਆਂ ਹਨ। ਦੱਸਿਆ ਜਾਂਦਾ ਹੈ ਕਿ ਵਿਦਵਾਨ ਸਿੱਖਾਂ ਨੇ ਮੋਹਸਿਨ ਫਾਨੀ ਨੂੰ ਇਕ ਵਾਰਤਾ ਸੁਣਾਈ ਜਿਸ ਦਾ ਤਾਤਪਰਜ ਇਹ ਪ੍ਰਤੀਤ ਹੁੰਦਾ ਹੈ ਕਿ ਗੁਰੂ ਨਾਨਕ ਨੇ 'ਮੁਕਤੀ ਕਾਰਜ' ਸਤਿਯੁਗ ਤੋਂ ਸ਼ੁਰੂ ਕਰ ਦਿੱਤਾ ਸੀ। ਉਸ ਯੁਗ ਵਿਚ ਜਦ ਉਨ੍ਹਾਂ ਜਨਮ ਲਿਆ ਤਾਂ ਬਹੁਤ ਸਾਰੇ ਸਿੱਖ ਉਨ੍ਹਾਂ ਦੁਆਲੇ ਇਕੱਠੇ ਹੋ ਗਏ ਪਰ ਉਨ੍ਹਾਂ ਵਿਚੋਂ ਬਹੁਤ ਥੋੜ੍ਹੇ ਹੀ ਲੋੜੀਂਦੀ ਪਰੀਖਿਆ ਪਾਸ ਕਰ ਸਕੇ ਅਤੇ ਬਾਕੀਆਂ ਨੂੰ ਅਗਲੇ ਯੁਗ ਤਾਈਂ ਉਡੀਕਣ ਲਈ ਕਿਹਾ ਗਿਆ ਅਰਥਾਤ ਤ੍ਰੇਤਾ ਯੁਗ ਤਕ ਜਦ ਤਕ ਕਿ ਉਨ੍ਹਾਂ ਨੂੰ ਗੁਰੂ ਜੀ ਦੇ ਦੁਬਾਰਾ ਦਰਸ਼ਨ ਹੋਣਗੇ। ਇਸ ਵਾਰ ਵੀ ਬਹੁਤ ਥੋੜ੍ਹੇ ਪਾਸ ਹੋਏ ਅਤੇ ਦੁਆਪਰ ਯੁਗ ਵਿਚ ਵੀ ਇਹੋ ਕੁਝ ਵਾਪਰਿਆ ਜਦ ਕਿ ਅੰਤ ਵਿਚ ਗੁਰੂ ਨਾਨਕ ਨੇ 'ਮੁਕਤੀ ਕਾਰਜ' ਨੂੰ ਜਾਰੀ ਰੱਖਣ ਲਈ ਵਰਤਮਾਨ ਕਾਲ ਵਿਚ ਜਨਮ ਲਿਆ।[21] ਇਹ ਵੀ ਦੱਸਿਆ ਗਿਆ ਹੈ ਕਿ "ਜਦ ਗੁਰੂ ਨਾਨਕ ਦੇਵ ਜੀ ਸਤਿਯੁਗ ਵਿਚ ਸੁਰਗਵਾਸ ਹੋਏ ਤਾਂ ਉਨ੍ਹਾਂ ਦੀ ਰੂਹ ਅਗੇ ਦੋ ਰਾਹ ਖੁਲ੍ਹ ਗਏ ਸਨ। ਇਕ ਸਵਰਗ

19. ਦਬਿਸਤਾਨ, ਟਰਾਇਰ ਅਤੇ ਸ਼ੀਆ ਦੁਆਰਾ ਅਨੁਵਾਦਿਤ, ਸੈਂਚੀ ਦੂਜੀ, ਪੰਨਾ 281.
20. ਦਬਿਸਤਾਨ, ਸੈਂਚੀ ਦੂਜੀ, ਪੰਨਾ 253.
21. ਉਹੀ, ਪੰਨਾ 268, 269.

ਨੂੰ ਅਤੇ ਦੂਜਾ ਨਰਕ ਨੂੰ ਜਾਂਦਾ ਸੀ। ਗੁਰੂ ਨਾਨਕ ਜੀ ਨੇ ਦੂਸਰਾ ਰਾਹ ਚੁਣਿਆ ਅਤੇ ਹੇਠਾਂ ਉੱਤਰ ਕੇ ਉਨ੍ਹਾਂ ਨੇ ਸਾਰੇ ਨਰਕ ਵਾਸੀਆਂ ਨੂੰ ਬਾਹਰ ਲੈ ਆਂਦਾ। ਪਰਮਾਤਮਾ ਨੇ ਉਸ ਨੂੰ ਕਿਹਾ, "ਇਹ ਕੁਕਰਮੀ ਸਵਰਗ ਵਿਚ ਨਹੀਂ ਜਾ ਸਕਦੇ, ਤੂੰ ਇਨ੍ਹਾਂ ਦੀ ਮੁਕਤੀ ਲਈ ਮਾਤਲੋਕ ਵਿਚ ਪਰਤ ਜਾ"। ਇਸ ਕਾਰਨ ਗੁਰੂ ਨਾਨਕ ਜੀ ਇਸ ਸੰਸਾਰ ਵਿਚ ਜਨਮੇ ਅਤੇ ਉਨ੍ਹਾਂ ਦੇ ਅਨੁਯਾਈ ਪਹਿਲੇ ਨਰਕ ਵਾਸੀ ਹਨ। ਗੁਰੂ ਜੀ ਉਦੋਂ ਤਕ ਅਵਤਾਰ ਧਾਰਨ ਕਰਦੇ ਰਹਿਣਗੇ ਜਦ ਤਕ ਕਿ ਉਸ ਜਨ ਸਮੂਹ ਨੂੰ ਮੁਕਤੀ ਪ੍ਰਾਪਤ ਨਹੀਂ ਕਰਾ ਲੈਂਦੇ।[22] ਅਗੇ ਦੱਸਿਆ ਗਿਆ ਹੈ ਕਿ "ਗੁਰੂ ਨਾਨਕ ਜੀ ਉਨ੍ਹਾਂ ਦੇ ਅਨੁਯਾਈਆਂ ਦੇ ਮਤ ਅਨੁਸਾਰ ਪੁਰਾਤਨ ਸਮਿਆਂ ਵਿਚ ਜਨਕ ਨਾਮ ਦੇ ਰਾਜਾ ਸਨ ਅਤੇ ਇਕ ਰਾਜੇ ਤਥਾ ਸੰਤ ਦੀ ਗੌਰਵਤਾ ਦਾ ਸੰਯੁਕਤ ਰੂਪ ਸਨ।"[23] ਮੁਕਤੀ ਦਾਤਾ ਦੇ ਰੂਪ ਵਿਚ ਗੁਰੂ ਨਾਨਕ ਦੇ ਅਨਾਦਿ ਚਰਿੱਤਰ ਨੂੰ ਅਲੌਕਿਕ ਸ਼ਕਤੀਆਂ ਪ੍ਰਦਾਨ ਕਰਨ ਵਾਲੀਆਂ ਇਹ ਅਤੇ ਅਜੇਹੀਆਂ ਹੋਰ ਕਥਾਵਾਂ ਸਿੱਖ ਮਤ ਦੇ ਮੋਢੀ ਬਾਰੇ ਮੋਹਸਿਨ ਫਾਨੀ ਦੀ ਲਿਖਤ ਦਾ ਵੱਡਾ ਭਾਗ ਬਣਦੀਆਂ ਹਨ ਤਾਂ ਵੀ ਜੋ ਕੁਝ ਥੋੜ੍ਹੀ ਬਹੁਤੀ ਸਾਮੱਗਰੀ ਹੈ ਉਹ ਪ੍ਰਕਾਸ਼ ਪਾਉਣ ਵਾਲੀ ਹੈ ਅਤੇ ਸਥਿਤੀ ਅਨੁਸਾਰ ਸਾਨੂੰ ਇਸ ਨੂੰ ਹੀ ਅਨਮੋਲ ਸਮਝਣਾ ਚਾਹੀਦਾ ਹੈ।

ਇਸ ਤਰ੍ਹਾਂ ਸਾਡੀ ਸਥਿਤੀ ਅਤਿਅੰਤ ਨਿਰਾਸ਼ਾ ਵਾਲੀ ਹੈ ਅਤੇ ਇਹ ਸਹਿਜੇ ਹੀ ਦੇਖਿਆ ਜਾ ਸਕਦਾ ਹੈ ਕਿ ਭਾਵੇਂ ਗੁਰੂ ਨਾਨਕ ਜੀ ਦੀਆਂ ਜੀਵਨੀਆਂ ਦੇ ਬੜੇ ਰੌਚਕ ਅਧਿਐਨ ਹੋ ਸਕਦੇ ਹਨ ਪਰ ਸਾਡੇ ਕੋਲ ਅਲੋਚਨਾਤਮਕ ਲੀਹਾਂ ਤੇ ਉਨ੍ਹਾਂ ਦੀ ਸੰਤੋਸ਼ਜਨਕ ਜੀਵਨੀ ਲਈ ਕੋਈ ਸਮੱਗਰੀ ਨਹੀਂ ਮਿਲਦੀ। ਵਾਸਤਵ ਵਿਚ ਜਦ ਸਿੱਖ ਕਥਾਵਾਂ ਵਿਚ ਰਲੀਆਂ ਹੋਈਆਂ ਪੁਰਾਣਿਕ ਕਥਾਵਾਂ ਤੋਂ ਛੁਟਕਾਰਾ ਪਾਉਣ ਦਾ ਯਤਨ ਕਰੀਦਾ ਹੈ, ਅਤੇ ਬਾਕੀ ਰਹਿੰਦੇ ਤੱਥਾਂ ਨੂੰ ਕਿਸੇ ਇਤਿਹਾਸਕ ਕ੍ਰਮ ਵਿਚ ਰੱਖੀ ਦਾ ਹੈ ਤਾਂ ਹਰ ਕਦਮ ਤੇ ਕਠਿਨਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਗੁਰੂ ਨਾਨਕ ਜੀ ਦੇ ਜਨਮ ਅਤੇ ਮ੍ਰਿਤੂ ਦੀਆਂ ਦੋ ਤਾਰੀਖਾਂ ਹੀ ਅਜੇਹੀਆਂ ਹਨ ਜਿਨ੍ਹਾਂ ਬਾਰੇ ਅਸੀਂ ਥੋੜ੍ਹਾ ਬਹੁਤ ਨਿਸ਼ਚਿਤ ਰੂਪ ਵਿਚ ਜਾਣਦੇ ਹਾਂ। ਇਨ੍ਹਾਂ ਦੋਹਾਂ ਤਾਰੀਖਾਂ ਦੇ ਵਿਚਕਾਰਲੇ 70 ਵਰ੍ਹਿਆਂ ਦੇ ਸਮੇਂ ਵਿਚ, ਇਕੇ-ਦੁੱਕੇ ਬੇਲਾਗ ਪ੍ਰਸੰਗਾਂ ਦੇ ਧੁੰਦਲੇ ਅਤੇ ਸੰਕੇਤਕ ਜੇਹੇ ਪ੍ਰਕਾਸ਼ ਦੀ ਸਹਾਇਤਾ ਨਾਲ ਹੀ ਹਨੇਰੇ ਵਿਚ ਹੱਥ ਮਾਰਨੇ ਪੈਂਦੇ ਹਨ। ਗੁਰੂ ਨਾਨਕ ਜੀ ਦੇ ਆਪਣੇ ਸ਼ਬਦ ਸਾਡੀ ਕੋਈ ਸਹਾਇਤਾ ਨਹੀਂ ਕਰਦੇ। ਕਾਰਨ ਇਹ ਕਿ ਜਿਥੋਂ ਤਕ ਇਨ੍ਹਾਂ ਦਾ ਸਬੰਧ ਹੈ, ਕਬੀਰ ਸਾਰੇ ਜੋ ਕੁਝ ਕਾਰਪੈਂਟਰ ਕਹਿੰਦਾ ਹੈ, ਉਸ ਨੂੰ ਅਸੀਂ ਇਥ ਚੰਗੀ ਤਰ੍ਹਾਂ ਢੁਕਾ ਸਕਦੇ ਹਾਂ। "ਕਬੀਰ ਦੇ ਬਹੁਤ ਸਾਰੇ ਸਲੋਕਾਂ ਦੀ ਵੰਡ ਛੰਦਾਂ ਦੇ ਆਧਾਰ ਤੇ ਕੀਤੀ ਜਾ ਸਕਦੀ ਹੈ ਪਰ ਉਨ੍ਹਾਂ ਨੂੰ ਇਤਿਹਾਸਕ ਕ੍ਰਮ ਵਿਚ ਨਹੀਂ ਰੱਖਿਆ ਜਾ ਸਕਦਾ। ਉਸ ਦੇ ਆਤਮਿਕ ਇਤਿਹਾਸ ਦੇ ਚਿੰਨ੍ਹ ਗੁਆਚ ਗਏ ਹਨ ਅਤੇ ਉਸ ਦੇ ਅਨੁਭਵ ਦੇ ਪੜਾ, ਉਸ ਦੇ ਚਰਿੱਤਰ ਨੂੰ ਪ੍ਰਕਾਸ਼ਿਤ ਕਰਦੇ ਹੋਏ ਅਤੇ ਮਨੋਭਾਵਾਂ ਨੂੰ ਨਿਰੂਪਤ ਕਰਦੇ ਹੋਏ, ਉਸ ਦੀ ਬਾਣੀ ਵਿਚ ਖਿਲਰੇ ਪੁਲਰੇ ਹਨ ਅਤੇ ਉਨ੍ਹਾਂ ਦੇ ਵਿਕਾਸ

22. *ਉਹੀ, ਪੰਨਾ* 269.
23. *ਉਹੀ, ਪੰਨਾ* 268.

ਨੂੰ ਅਸਪੱਸ਼ਟ ਬਣਾਉਂਦੇ ਹਨ"[24] ਇਨ੍ਹਾਂ ਨਿਸ਼ਚਿਤ ਤੱਥਾਂ ਦੀ ਅਲਪ ਸੰਖਿਆ ਤੋਂ ਉਪਜੀ ਇਤਿਹਾਸਕ ਕ੍ਰਮ ਦੀ ਕਠਿਨਾਈ ਨੂੰ ਕੁਝ ਹੱਦ ਤਕ ਘਟਾਇਆ ਜਾ ਸਕਦਾ ਸੀ ਜੇ ਅਸੀਂ ਘਟਨਾਵਾਂ ਦੇ ਸਾਮਾਨਯ ਕ੍ਰਮ ਬਾਰੇ ਨਿਸ਼ਚਿਤ ਹੁੰਦੇ। ਪਰੰਤੂ ਮੰਦੇ ਭਾਗਾਂ ਨੂੰ ਇਥੇ ਪ੍ਰਮਾਣਿਤ ਲੇਖਕ ਸਦਾ ਸਹਿਮਤ ਨਹੀਂ ਹੁੰਦੇ ਅਤੇ ਕਈ ਵਾਰ ਉਨ੍ਹਾਂ ਨੂੰ ਅਜੇਹੇ ਸੰਕੇਤਾਂ ਨਾਲ ਸਹਿਮਤ ਕਰਵਾਉਣਾ ਕਠਨ ਹੋ ਜਾਂਦਾ ਹੈ ਜਿਹੜੇ ਅਸੀਂ ਅਪਰੋਖ ਰੂਪ ਵਿਚ ਭਰੋਸੇ ਯੋਗ ਲਿਖਤਾਂ ਵਿਚ ਲੈਂਦੇ ਹਾਂ। ਇਸ ਲਈ ਅਸੀਂ ਅਗਲੇ ਵਰਣਨ ਦੀ ਭੂਮਿਕਾ ਵਜੋਂ ਇਹ ਕਹਿਣਾ ਚਾਹੁੰਦੇ ਹਾਂ ਕਿ ਇਸ ਵਿਚ ਇਕ ਚੌੜੇਰੀ ਰੂਪ ਰੇਖਾ ਦੇਣ ਦਾ ਹੀ ਯਤਨ ਕੀਤਾ ਗਿਆ ਹੈ ਅਤੇ ਬਹੁਤ ਵਾਰੀ ਵਿਸਤਾਰ ਨੂੰ ਪ੍ਰਮਾਣਿਕਤਾ ਖ਼ਾਤਰ ਨਿਝੱਕ ਹੋ ਕੁਰਬਾਨ ਕਰ ਦਿੱਤਾ ਗਿਆ ਹੈ।

ਗੁਰੂ ਨਾਨਕ ਜੀ ਦੇ ਜੀਵਨ ਦਾ ਮੁੱਢਲਾ ਹਿੱਸਾ ਪੂਰੀ ਤਰ੍ਹਾਂ ਨਿਸ਼ਚਿਤ ਹੈ ਅਤੇ ਇਸ ਸਮੇਂ ਵਿਚ ਘਟਨਾਵਾਂ ਦਾ ਮੁੱਖ ਝੁਕਾ ਲਭਣਾ ਤੁਲਨਾਤਮਕ ਤੌਰ ਤੇ ਸੌਖਾ ਹੈ। ਤਲਵੰਡੀ[25] ਵਿਚ 1469 ਈ. ਵਿਚ ਉਨ੍ਹਾਂ ਦੇ ਜਨਮ ਤੋਂ ਲੈ ਕੇ ਦੌਲਤ ਖ਼ਾ ਲੋਧੀ ਦੀ ਨੌਕਰੀ ਤਿਆਗਣ ਤਕ ਉਨ੍ਹਾਂ ਦੇ ਤੀਬਰ ਅੰਤ੍ਰੀਵ ਸੰਘਰਸ਼ ਨੂੰ ਲਭ ਸਕਦੇ ਹਾਂ। ਫ਼ਕੀਰਾਂ ਦੀ ਅਟੁਟ ਸੰਗਤ ਨੇ ਇਸ ਸੰਘਰਸ਼ ਨੂੰ ਸਜੀਵ ਰੱਖਿਆ ਅਤੇ ਅੰਤ ਸੁਲਤਾਨਪੁਰ ਵਿਚ ਜਦ ਉਨ੍ਹਾਂ ਪਹਿਲੀ ਵਾਰ ਮਹੱਤਵਪੂਰਨ ਬੋਲ "ਨਾ ਕੋ ਹਿੰਦੂ ਨਾ ਮੁਸਲਮਾਨ" ਉਚਾਰੇ ਤਾਂ ਬ੍ਰਹਮ ਗਿਆਨ ਦੀ ਪ੍ਰਾਪਤੀ ਨਾਲ ਇਹ ਸਿਖਰ ਤੇ ਪੁੱਜ ਗਿਆ ਸੀ, ਇਸ ਨਾਲ ਹੀ ਉਨ੍ਹਾਂ ਨੇ ਨਿਸ਼ਚਿਤ ਤੌਰ ਤੇ ਲੋਕਾਈ ਦਾ ਗੁਰੂ ਹੋਣ ਦਾ ਕਰਮ ਆਪਣੇ ਜ਼ਿੰਮੇ ਲਿਆ। ਜਨਮਸਾਖੀਆਂ ਸਾਡੇ ਉੱਤੇ ਇਹ ਪ੍ਰਭਾਵ ਛੱਡਦੀਆਂ ਹਨ ਕਿ ਬਾਲਪਨ ਤੋਂ ਹੀ ਗੁਰੂ ਜੀ ਪਰਾਲੌਕਿਕ ਸੁਭਾਅ ਦੇ ਚਿੰਨ੍ਹ ਪ੍ਰਗਟ ਕਰਦੇ ਸਨ ਅਤੇ ਛੇਤੀ ਹੀ ਉਹ ਆਪਣੇ ਵਧੇਰੇ ਸੰਸਾਰੀ ਸੁਭਾਅ ਵਾਲੇ ਮਾਪਿਆਂ ਲਈ ਉਲਝਣ ਅਤੇ ਨਿਰਾਸ਼ਾ ਸਿੱਧ ਹੋਏ। ਉਨ੍ਹਾਂ ਉਸ ਦਾ ਵਿਆਹ ਕਰ ਦਿੱਤਾ ਅਤੇ ਉਸ ਨੂੰ ਸੰਸਾਰੀ ਜੀਵਨ ਦੀ ਕਠੋਰ ਵਾਸਤਵਿਕਤਾ ਸਮਝਾਉਣ ਲਈ ਅਨੇਕਾਂ ਉਪਾ ਕੀਤੇ ਪਰ ਸਭ ਨਿਸਫ਼ਲ ਰਹੇ। ਤਲਵੰਡੀ ਦੇ ਦੁਆਲੇ ਘਣੇ ਜੰਗਲਾਂ ਵਿਚ ਤਿਆਗੀ ਅਤੇ ਸੰਨਿਆਸੀ ਰਹਿੰਦੇ ਸਨ। ਉਹ ਆਪਣੀ ਨਿਰਵਿਘਨ ਭਗਤੀ ਤੇ ਕੱਟੜ ਮੁਸਲਮਾਨ ਹਾਕਮਾਂ ਦੇ

24. ਇਸਟਲਿਨ ਕਾਰਪੈਂਟਰ, ਉਪਰੋਕਤ ਰਚਨਾ, ਪੰਨਾ 461.

25. ਹੁਣ ਦਾ ਨਨਕਾਣਾ, ਜੋ ਕਿ ਰਾਵੀ ਦਰਿਆ ਕੰਢੇ ਇਕ ਪਿੰਡ ਸੀ, ਲਾਹੌਰ ਤੋਂ 35 ਮੀਲ ਦੱਖਣ-ਪੱਛਮ ਵਿਚ ਸਥਿਤ ਸੀ। ਇਹ ਲਾਹੌਰ ਜਿਲ੍ਹੇ ਦੀ ਉਪ-ਤਾਸੀਲ ਸਾਰਾਕਪੁਰ ਵਿਚ ਹੈ। *Irvine, Later Mughals.* Vol. I, p. 73. ਪਿੱਛੇ ਜੇਹੇ ਇਸ ਥਾਂ ਨੂੰ ਇਕ ਸਿੱਖ ਜੱਥੇ ਦੇ ਜ਼ਾਲਮਾਨਾ ਕਤਲ ਕਾਰਨ ਲੋਕ ਪ੍ਰਸਿੱਧੀ ਹੋ ਗਈ ਸੀ, ਜਿਸ ਦਾ ਕਾਰਨ ਮਹੰਤ ਨਾਰਾਇਣ ਦਾਸ ਅਤੇ ਉਸ ਦੇ ਆਦਮੀਆਂ ਦੀ ਕਰਤੂਤ ਸੀ। (ਇਸ ਦੁਖਾਂਤ ਦੇ ਵੇਰਵੇ ਲਈ ਪੜ੍ਹੋ *Gurdwara Reform Movement and the Sikh Awakening*. Lahore. 1922. pp. 220–239). ਇਹ ਸਿੱਖਾਂ ਦੇ ਪ੍ਰਸਿੱਧ ਤੀਰਥ ਸਥਾਨਾਂ ਵਿਚੋਂ ਇਕ ਹੈ। "ਗੁਰੂ ਨਾਨਕ ਦੇ ਜਨਮ-ਸਥਾਨ, ਬਾਬਾ ਕਾਲੂ ਦਾ ਘਰ ਜਿਸ ਵਿਚ ਗੁਰੂ ਜੀ ਦਾ ਜਨਮ ਹੋਇਆ ਸੀ, ਦੇ ਉਪਰੰਤ ਉਸ ਨਗਰ ਵਿਚ ਹੋਰ ਅਨੇਕਾਂ ਅਸਥਾਨ ਹਨ ਜੋ ਗੁਰੂ ਨਾਨਕ ਦੇ ਬਾਲਪਨ ਦੀਆਂ ਵੱਖ-ਵੱਖ ਘਟਨਾਵਾਂ ਨਾਲ ਜੁੜੇ ਹੋਏ ਸਨ।" ਉਥੇ ਗੁਰੂ ਹਰਿਗੋਬਿੰਦ ਜੀ ਦਾ ਵੀ ਉਹ ਪਵਿੱਤਰ ਸਥਾਨ ਹੈ ਜਿਥੇ ਉਹ ਆਏ ਸਨ ਅਤੇ ਆਪਣਾ ਘੋੜਾ ਜਿਸ ਬ੍ਰਿਛ ਨਾਲ ਬੰਨ੍ਹਿਆ ਸੀ ਉਹ ਅਜੇ ਵੀ ਸੁਰੱਖਿਅਤ ਹੈ। (ਉਹੀ ਰਚਨਾ, ਪੰਨਾ 212–213) *Glossary of Punjab Tribes and Castes*. Vol. I, 676. f. n. 2 ਵੀ ਦੇਖੋ।

ਅਤਿਆਚਾਰ ਤੋਂ ਬਚਣ ਲਈ ਵਸੋਂ ਤੋਂ ਅਤਿ ਦੂਰ ਇਕਾਂਤ ਵਿਚ ਵਿਚਰਦੇ ਸਨ। ਗੁਰੂ ਨਾਨਕ ਆਪਣਾ ਬਹੁਤਾ ਸਮਾਂ ਇਨ੍ਹਾਂ ਦੀ ਸੰਗਤ ਵਿਚ ਗੁਜ਼ਾਰਨਾ ਪਸੰਦ ਕਰਦਾ ਸੀ, ਅਤੇ ਕੁਝ ਵੀ ਲਾਹੇਵੰਦ ਕਾਰ ਕਰਨ ਤੋਂ ਸੰਕੋਚ ਕਰਦਾ ਸੀ। ਸੰਭਵ ਹੈ ਕਿ ਰਾਇ ਬੁਲਾਰ, ਜੋ ਪਿੰਡ ਦਾ ਮਾਲਕ ਅਤੇ ਗੁਰੂ ਜੀ ਦੇ ਸਭ ਤੋਂ ਪਹਿਲੇ ਸ਼ਰਧਾਲੂਆਂ ਵਿਚੋਂ ਸੀ, ਦੇ ਦਖ਼ਲ ਦੇਣ ਨਾਲ ਕਾਲੂ ਦੁਖਦਾਈ ਹੱਦਾਂ ਤਕ ਪਹੁੰਚਣ ਤੋਂ ਵਰਜਿਆ ਗਿਆ ਹੋਵੇ। ਆਖਰ ਗੁਰੂ ਨਾਨਕ ਦੇ ਬਹਿਨੋਈ ਜੈਰਾਮ ਦਾ ਸੱਦਾ ਆਇਆ, ਜੋ ਕਿ ਸੁਲਤਾਨ ਪੁਰ ਵਿਚ ਸੁਲਤਾਨਪੁਰ ਵਿਚ ਦੌਲਤ ਖ਼ਾਨ ਦੇ ਮੋਦੀਖਾਨੇ ਦਾ ਇਕ ਅਫ਼ਸਰ ਸੀ, ਅਤੇ ਉਸ ਨੇ ਆਪਣੇ ਅਸਰ ਰਸੂਖ ਨਾਲ ਗੁਰੂ ਨਾਨਕ ਨੂੰ ਮੋਦੀ ਲਵਾ ਦਿੱਤਾ। ਉਥੇ ਉਸ ਨੇ ਆਪਣੇ ਮਾਲਕ ਦੀ ਤਸੱਲੀ ਅਨੁਸਾਰ ਕੁਝ ਸਮੇਂ ਲਈ ਕੰਮ ਕੀਤਾ। ਪਰ ਕਿਹਾ ਜਾਂਦਾ ਹੈ ਕਿ ਉਹ ਇਕ ਦਿਨ ਸਵੇਰੇ ਦਰਿਆ ਵਿਚ ਅਲੋਪ ਹੋ ਗਏ ਅਤੇ ਤਿੰਨ ਦਿਨਾਂ ਮਗਰੋਂ ਚਾਣਚਕ ਉਨ੍ਹਾਂ ਦੇ ਦੁਬਾਰਾ ਪ੍ਰਗਟ ਹੋਣ ਤੇ ਉਨ੍ਹਾਂ ਨੇ ਨੌਕਰੀ ਤਿਆਗ ਦਿੱਤੀ, ਜੋ ਕੁਝ ਕੋਲ ਸੀ ਸਭ ਗ਼ਰੀਬਾਂ ਵਿਚ ਵੰਡ ਦਿੱਤਾ, ਫ਼ਕੀਰਾਂ ਵਾਲਾ ਬਾਣਾ ਪਾ ਲਿਆ ਅਤੇ ਸਾਥ ਵਜੋਂ ਮਰਦਾਨੇ ਨੂੰ ਨਾਲ ਲੈ ਕੇ ਦੇਸ਼ ਰਟਨ ਲਈ ਨਿਕਲ ਗਏ।

ਗੁਰੂ ਨਾਨਕ ਜੀ ਦੇ ਜੀਵਨ ਦੀ ਸਭ ਤੋਂ ਪਹਿਲੀ ਮਹੱਤਵਪੂਰਨ ਘਟਨਾ ਉਨ੍ਹਾਂ ਦਾ ਸੱਤ ਸਾਲ ਦੀ ਆਯੂ ਵਿਚ ਪਿੰਡ ਦੀ ਪਾਠਸ਼ਾਲਾ ਵਿਚ ਪ੍ਰਵੇਸ਼ ਕਰਨਾ ਪ੍ਰਤੀਤ ਹੁੰਦੀ ਹੈ। ਇਹ ਵਾਰਤਾ ਅਸੀਂ ਪਹਿਲੋਂ ਵਾਚ ਚੁੱਕੇ ਹਾਂ ਕਿ ਕਿਵੇਂ ਜਨਮਸਾਖੀਆਂ ਅਨੁਸਾਰ ਗੁਰੂ ਨਾਨਕ ਜੀ ਨੇ ਪਾਂਧੇ ਨੂੰ ਸਲੇਟ ਉੱਤੇ ਲਿਖੇ ਵਰਣਨ ਦੇ ਆਧਾਰ ਤੇ ਪਟੀ ਰਚ ਕੇ ਅਚੰਭਿਤ ਕਰ ਦਿੱਤਾ। ਇਸ ਪ੍ਰਕਾਰ ਦੀ ਇਹ ਹੋਰ ਕਥਾ ਹੈ ਕਿ ਜਦ ਗੁਰੂ ਨਾਨਕ ਜੀ ਦੀ ਪਹਿਲੀ ਵਾਰ ਮੌਲਵੀ ਨਾਲ ਭੇਟ ਹੋਈ ਤਾਂ ਫਾਰਸੀ ਅੱਖਰਾਂ ਦੇ ਆਧਾਰ ਤੇ ਉਨ੍ਹਾਂ ਇਕ ਸੀਹਰਫੀ ਲਿਖੀ।[26] ਸੰਖੇਪ ਵਿਚ ਜਨਮਸਾਖੀਆਂ ਇਹ ਦਰਸਾਉਣਾ ਚਾਹੁੰਦੀਆਂ ਹਨ ਕਿ ਗੁਰੂ ਨਾਨਕ ਜੀ ਨੇ ਆਪਣੇ ਅਧਿਆਪਕਾਂ ਤੋਂ ਕੁਝ ਨਹੀਂ ਸਿਖਣਾ ਸੀ। ਜਿਵੇਂ ਮੈਕਾਲਿਫ ਕਹਿੰਦਾ ਹੈ, "ਮਹਾਨ ਧਰਮਾਂ ਦੇ ਮੋਢੀਆਂ ਦੀ ਵਿਦਿਅਕ ਅਗਿਆਨਤਾ ਉਨ੍ਹਾਂ ਦੇ ਅਨੁਯਾਈਆਂ ਦੀ ਸ਼ੇਖੀ ਦਾ ਵਿਸ਼ਾ ਬਣਦੀ ਹੈ। ਨਿਰਸੰਦੇਹ ਮੰਤਵ ਇਹ ਹੁੰਦਾ ਹੈ ਕਿ ਧਾਰਮਕ ਉਪਦੇਸ਼ਕਾਂ ਦੀਆਂ ਪ੍ਰਾਪਤੀਆਂ ਅਤੇ ਵਚਨਾਂ ਨੂੰ ਕੇਵਲ ਦੈਵੀ ਪ੍ਰੇਰਨਾ ਨਾਲ ਜੋੜਿਆ ਜਾ ਸਕੇ।[27] ਪਰੰਤੂ ਗੁਰੂ ਨਾਨਕ ਜੀ ਦੀ ਆਪਣੀ ਬਾਣੀ ਵਿਚ ਸੰਤੋਸ਼ਜਨਕ ਪ੍ਰਮਾਣ ਹਨ ਕਿ ਉਹ ਫ਼ਾਰਸੀ ਦੇ ਚੰਗੇ ਵਿਦਵਾਨ ਸਨ ਉਨ੍ਹਾਂ ਦੇ ਬਹਿਨੋਈ ਜੈ ਰਾਮ ਨੇ ਉਨ੍ਹਾਂ ਦਾ ਦੌਲਤ ਖ਼ਾਂ ਲੋਧੀ ਨਾਲ ਪਰਿਚੈ ਇਕ ਪੜ੍ਹੇ ਲਿਖੇ ਮਨੁੱਖ ਦੇ ਰੂਪ ਵਿਚ ਕਰਾਇਆ ਸੀ।[28] ਸੋ ਇਸ ਸੋਚ ਦਾ ਕੋਈ ਕਾਰਨ ਨਹੀਂ ਕਿ ਗੁਰੂ ਨਾਨਕ ਜੀ ਅਸਲੀ ਤੌਰ ਤੇ ਇਕ ਅਨਪੜ੍ਹ ਆਦਮੀ ਸਨ ਜਿਵੇਂ ਕਿ ਜਨਮਸਾਖੀਆਂ ਵਿਚ ਸੁਝਾਇਆ ਗਿਆ ਹੈ।

---

26. *ਨਾਨਕ ਪ੍ਰਕਾਸ਼*, ਭਾਗ ਪਹਿਲਾ, viii. ਮੈਕਾਲਿਫ, *ਉਪਰੋਕਤ ਰਚਨਾ*, ਸੈਂਚੀ ਪਹਿਲੀ, ਪੰਨਾ 11–15. *"ਇਹ ਰਚਨਾ ਗ੍ਰੰਥ ਸਾਹਿਬ ਵਿਚ ਨਹੀਂ ਹੈ। ਕਈ ਸਿੱਖ ਇਸ ਨੂੰ ਗੁਰੂ ਨਾਨਕ ਸਾਹਿਬ ਦੀ ਬਾਣੀ ਮੰਨਣ ਤੋਂ ਇਨਕਾਰ ਕਰਦੇ ਹਨ।"* ਇਸ ਵਿਚ ਸ਼ੱਕ ਨਹੀਂ ਹੋ ਸਕਦਾ ਕਿ ਪਿੰਡ ਦੇ ਮਦਰਸੇ ਦੀ ਇਹ ਘਟਨਾ ਕਵਿਤਾ ਦੇ ਰੂਪ ਵਿਚ ਪ੍ਰਗਟ ਹੋਈ। ਫਿਰ ਕਵਿਤਾ ਤੇ ਕਹਾਣੀ ਦੇ ਰੂਪ ਵਿਚ।
27. ਮੈਕਾਲਿਫ, *ਉਪਰੋਕਤ ਰਚਨਾ*, ਸੈਂਚੀ ਪਹਿਲੀ, ਪੰਨਾ 10.
28. *ਉਹੀ*, ਪੰਨਾ 33.

ਗੁਰੂ ਨਾਨਕ ਜੀ ਦੇ ਜੀਵਨ ਦੀ ਅਗਲੀ ਮਹੱਤਵਪੂਰਨ ਘਟਨਾ ਜਨੇਊ ਸੰਸਕਾਰ ਸੀ ਜਦ ਕਿ ਉਨ੍ਹਾਂ ਦੀ ਆਯੂ ਨੌਂ ਵਰ੍ਹਿਆਂ ਦੀ ਸੀ। 'ਆਸਾ ਦੀ ਵਾਰ' ਵਿਚ ਆਉਂਦੇ ਸ਼ਲੋਕਾਂ ਦੇ ਆਧਾਰ ਤੇ ਜਨਮਸਾਖੀਆਂ ਵਿਚ ਇਸ ਘਟਨਾ ਸਬੰਧੀ ਲੰਮੀ ਵਾਰਤਾ ਘੜੀ ਗਈ।[29] ਜਿਵੇਂ ਕਿ ਅਸੀਂ ਹੋਰ ਥਾਵਾਂ ਤੇ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ, ਇਸ ਵਿਚ ਸ਼ੱਕ ਨਹੀਂ ਕੀਤਾ ਜਾ ਸਕਦਾ ਕਿ ਇਸ ਦਾ ਵੇਰਵਾ ਪਿੱਛੋਂ ਘੜਿਆ ਗਿਆ ਹੈ। 'ਆਸਾ ਦੀ ਵਾਰ' ਦਾ ਸ਼ਲੋਕ ਜਿਸ ਦਾ ਜ਼ਿਕਰ ਉਪਰ ਕੀਤਾ ਗਿਆ ਹੈ, ਇਸ ਦਾ ਸੁਝਾਅ ਦਿੰਦਾ ਹੈ। ਪੰਜ ਸਾਲ[30] ਮਗਰੋਂ ਗੁਰੂ ਨਾਨਕ ਜੀ ਦਾ ਬਾਬਾ ਮੂਲਾ ਦੀ ਧੀ ਸੁਲਖਨੀ ਨਾਲ ਵਿਆਹ ਹੋ ਗਿਆ ਜੋ ਕਿ ਗੁਰਦਾਸਪੁਰ ਜ਼ਿਲ੍ਹੇ ਵਿਚ ਬਟਾਲੇ ਦਾ ਰਹਿਣ ਵਾਲਾ ਸੀ। ਸਮਾਂ ਪਾ ਕੇ ਗੁਰੂ ਨਾਨਕ ਜੀ ਦੇ ਦੋ ਪੁੱਤਰ ਅਤੇ ਸੰਭਵ ਹੈ ਕਿ ਧੀਆਂ ਵੀ ਸਨ।[31] ਪਰ ਉਸ ਦਾ ਪਰਲੌਕਿਕ ਸੁਭਾਅ ਪਹਿਲੇ ਵਰਗਾ ਹੀ ਰਿਹਾ। ਉਹ ਫ਼ਕੀਰਾਂ ਦੀ ਸੰਗਤ ਕਰਦਾ ਅਤੇ ਹੋਰ ਕਿਸੇ ਨਾਲ ਗੱਲ ਨਾ ਕਰਦਾ। ਵਾਸਤਵ ਵਿਚ ਉਹ ਸੰਸਾਰੀ ਧੰਧਿਆਂ ਲਈ ਨਿਕਾਰਾ ਬਣਦਾ ਜਾ ਰਿਹਾ ਸੀ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਜੇਕਰ ਉਸ ਨੂੰ ਪੂਰਨ ਭਾਂਤ ਗ਼ਲਤ ਸਮਝਿਆ ਗਿਆ, ਉਸ ਦੇ ਕਾਰਜਾਂ ਨੂੰ ਸ਼ੁਦਾ ਅਤੇ ਉਸ ਦੇ ਆਤਮਿਕ ਉਨਮਾਦ ਨੂੰ ਰੋਗ ਸਮਝਿਆ ਗਿਆ। ਉਸ ਦੇ ਪਿਤਾ ਨੇ ਪਹਿਲਾਂ ਉਸ ਨੂੰ ਇਕ ਵਾਗੀ ਦੇ ਰੂਪ ਵਿਚ ਪਰਖਿਆ ਫਿਰ ਕਿਰਸਾਣ ਦੇ ਰੂਪ ਵਿਚ ਅਤੇ ਅਖ਼ੀਰ ਵਿਚ ਉਸ ਨੂੰ 'ਸੌਦਾਗਰ' ਬਣਾਉਣ ਦਾ ਯਤਨ ਕੀਤਾ ਪਰ ਕੋਈ ਸਫ਼ਲਤਾ ਨਾ ਹੋਈ। ਜਨਮਸਾਖੀਆਂ ਇਨ੍ਹਾਂ ਘਟਨਾਵਾਂ ਨੂੰ ਵੇਰਵੇ ਸਹਿਤ ਵਰਣਿਤ ਕਰਦੀਆਂ ਹਨ ਪਰ ਸਾਡੇ ਲਈ ਇੰਨਾ ਜਾਣਨਾ ਹੀ ਕਾਫ਼ੀ ਹੈ ਕਿ ਇਨ੍ਹਾਂ ਵਿਹਾਰਾਂ ਵਿਚ ਗੁਰੂ ਨਾਨਕ ਜੀ ਨੇ ਸੰਸਾਰੀ ਸਫ਼ਲਤਾ ਦੀ ਕੋਈ ਆਸ਼ਾ ਨਾ ਪ੍ਰਗਟਾਈ। ਆਖ਼ਰ ਉਸ ਦਾ ਪਿਤਾ ਅਤਿ ਉਪਰਾਮ ਹੋ ਗਿਆ ਅਤੇ ਉਸ ਨੇ ਜੈ ਰਾਮ ਦੀ ਸਲਾਹ ਮੰਨ ਲਈ ਕਿ ਗੁਰੂ ਜੀ ਨੂੰ ਸੁਲਤਾਨਪੁਰ ਭੇਜ ਦਿੱਤਾ ਜਾਏ ਅਤੇ ਉਥੇ ਸਰਕਾਰੀ ਨੌਕਰੀ ਕਰੇ।

ਹੁਣ ਅਸੀਂ ਗੁਰੂ ਨਾਨਕ ਜੀ ਦੇ ਜੀਵਨ ਵਿਚਲੇ ਮਹਾਨ ਮੋੜ ਤੇ ਪੁੱਜਦੇ ਹਾਂ। ਜੈ ਰਾਮ ਦੀ ਸਿਫ਼ਾਰਸ਼ ਨਾਲ ਦੌਲਤ ਖ਼ਾਂ ਲੋਧੀ ਨੇ ਗੁਰੂ ਨਾਨਕ ਨੂੰ ਮੋਦੀ ਰੱਖ ਲਿਆ।[32] ਇਹ ਦੱਸਿਆ ਗਿਆ ਹੈ ਕਿ ਗੁਰੂ ਨਾਨਕ ਜੀ ਨੇ ਇਸ ਵਾਰ ਆਪਣੇ ਮਾਲਕ ਦੀ ਪੂਰਨ ਤਸੱਲੀ ਲਈ ਆਪਣਾ ਕਰਤੱਵ ਨਿਭਾਇਆ। ਸੁਲਤਾਨਪੁਰ ਵਿਚ ਗੁਰੂ ਨਾਨਕ ਜੀ ਦਾ ਜੀਵਨ ਪੁਰਾਤਨ ਜਨਮਸਾਖੀ ਵਿਚ ਇਉਂ ਵਰਣਿਤ ਹੈ : "ਖ਼ਾਨ ਬਹੁਤੁ ਖੁਸ਼ੀ ਹੋਆ। ਅਰ ਜੋ ਕਿਛੁ ਅਲੂਫਾ ਗੁਰੂ ਨਾਨਕ ਜੋਗੁ ਮਿਲੇ, ਸੋ ਖਾਵੇ, ਹੋਰੁ ਪਰਮੇਸਰ ਕੇ ਅਰਥਿ ਦੇਵੇ। ਅਤੇ ਨਿਤਾਪ੍ਰਤਿ ਰਾਤਿ ਕਉ ਕੀਰਤਨੁ ਹੋਵੇ। ਪਿੱਛੋਂ ਮਰਦਾਨਾ ਡੂਮ ਆਇਆ। ਤਲਵੰਡੀਓਂ ਆਇ ਬਾਬੇ ਨਾਲ ਟਿਕਿਆ। ਅਰੁ ਜੋ ਹੁਰੁ ਪਿੱਛੋਂ ਆਵਨਿ, ਤਿਨਾ ਜੋਗੁ ਖਾਨ ਤਾਈਂ ਮਿਲਾਇ ਕਰ ਅਲੂਫਾ ਕਰਾਇ ਦੇਵੇ, ਸਭਿ ਰੋਟੀਆਂ ਖਾਵਨਿ। ਗੁਰੂ ਨਾਨਕ

29. ਨਾਨਕ ਪ੍ਰਕਾਸ਼, ਭਾਗ ਦੂਜਾ, ਪੰਨਾ ix.
30. ਭਾਈ ਮਨੀ ਸਿੰਘ, *ਦੀ ਗਿਆਨ ਰਤਨਾਵਲੀ* (ਗੁਲਾਬ ਸਿੰਘ ਐਂਡ ਸੰਨਜ਼), ਪੰਨਾ 103.
31. ਟਰੰਪ, ਉਪਰੋਕਤ ਰਚਨਾ, ਪੰਨਾ ix..
32. ਇਉਂ ਪ੍ਰਤੀਤ ਹੁੰਦਾ ਹੈ ਕਿ ਗੁਰੂ ਨਾਨਕ ਆਪਣੇ ਬਹਿਨੋਈ ਜੈ ਰਾਮ ਦਾ ਸਹਾਇਕ ਸੀ ਜੋ ਦੌਲਤ ਖ਼ਾਂ ਦੇ ਮੋਦੀਖਾਨੇ ਦਾ ਇੰਚਾਰਜ ਸੀ।

ਕੇ ਪ੍ਰਸਾਦਿ ਸਭਿ ਖੁਸ਼ੀ ਹੋਏ। ਅਰੁ ਜਾਂ ਬਾਬੇ ਦੀ ਰਸੋਈ ਹੋਵੇ, ਤਾਂ ਸਭ ਆਇ ਬਹਿਨਿ ਅਤੇ ਰਾਤਿ ਨੂੰ ਨਿਤਾਪ੍ਰਤਿ ਕਿਰਤਨੁ ਹੋਵੇ। ਅਰੁ ਜਿਥੇ ਪਹਰੁ ਰਾਤਿ ਰਹੇ ਤਿਥੈ ਬਾਬਾ ਦਰੀਆਇ ਜਾਵੇ ਇਸਨਾਨੁ ਕਰਣਿ। ਅਰੁ ਜਾਂ ਪ੍ਰਭਾਤਿ ਹੋਵੇ ਤਾਂ ਕਪੜੇ ਲਾਇਕੈ ਤਿਲਕੁ ਚੜਾਈ ਕਰਿ ਦਰਬਾਰਿ ਦਫ਼ਤਰ ਮਨਾ ਘਿੰਨੀ ਲਿਖਣ ਬਹੈ।"[33] ਪਰੰਤੂ ਗੁਰੂ ਜੀ ਦਾ ਇਸ ਕਿੱਤੇ ਵਿਚ ਬਹੁਤੇ ਦੇਰ ਟਿਕੇ ਰਹਿਣਾ ਉਨ੍ਹਾਂ ਦੀ ਕਿਸਮਤ ਵਿਚ ਨਹੀਂ ਸੀ। ਸਾਨੂੰ ਦੱਸਿਆ ਗਿਆ ਹੈ ਕਿ ਇਕ ਦਿਨ ਦਰਿਆ ਤੇ ਇਸ਼ਨਾਨ ਲਈ ਗਏ, ਉਨ੍ਹਾਂ ਵਸਤਰ ਉਤਾਰੇ ਅਤੇ ਅਲੋਪ ਹੋ ਗਏ। ਅਥੱਕ ਖੋਜ ਭਾਲ ਕਰਾਈ ਗਈ ਪਰ ਨਿਸਫਲ ਗਈ ਅਤੇ ਗੁਰੂ ਜੀ ਨੂੰ ਡੁੱਬ ਗਏ ਸਮਝ ਲਿਆ ਗਿਆ। ਤਿੰਨ ਦਿਨਾਂ ਮਗਰੋਂ ਉਹ ਅਲੌਕਿਕ ਢੰਗ ਨਾਲ ਦੁਬਾਰਾ ਰੂਪਮਾਨ ਹੋਏ। ਨਾਨਕ ਆਪਣੇ ਡੇਰੇ ਗਿਆ ਸਭ ਕੁਝ ਵੰਡ ਵੰਡਾ ਦਿੱਤਾ ਅਤੇ ਸ਼ਹਿਰੋਂ ਬਾਹਰ ਉਜਾੜ ਵਿਚ ਜਾ ਟਿਕਿਆ। ਉਥੇ ਉਨ੍ਹਾਂ ਪੂਰਾ ਇਕ ਦਿਨ ਮੌਨ ਧਾਰੀ ਰੱਖਿਆ। ਅਗਲੇ ਦਿਨ ਉਨ੍ਹਾਂ ਨੇ ਨੇਤਰ ਖੋਲ੍ਹੇ ਤਾਂ ਉਨ੍ਹਾਂ ਨੇ ਇਕ ਵਾਕ ਉਚਾਰਿਆ "ਨਾ ਕੋਈ ਹਿੰਦੂ ਨਾ ਮੁਸਲਮਾਨ"[34] ਇਤਿਹਾਸਕ ਪੱਖੋਂ ਗੁਰੂ ਨਾਨਕ ਜੀ ਦੇ ਇਹ ਸਭ ਤੋਂ ਪਹਿਲੇ ਮਹੱਤਵਪੂਰਨ ਬੋਲ ਸਨ ਅਤੇ ਇਸ ਦੇ ਨਾਲ ਹੀ ਉਨ੍ਹਾਂ ਦਾ ਇਕ ਧਾਰਮਕ ਉਪਦੇਸ਼ਕ ਅਤੇ ਸੁਧਾਰਕ ਦਾ ਜੀਵਨ ਸ਼ੁਰੂ ਹੁੰਦਾ ਹੈ।

ਜਨਮਸਾਖੀਆਂ ਵਿਚ, ਜਿਵੇਂ ਕਿ ਆਮ ਹੋਇਆ ਹੈ, ਇਸ ਘਟਨਾ ਨੂੰ ਕਾਲਪਨਿਕ ਅਤੇ ਮਿਥਿਹਾਸਕ ਕਥਾਵਾਂ ਨਾਲ ਇੰਨਾ ਲੱਦਿਆ ਹੋਇਆ ਹੈ ਕਿ ਇਨ੍ਹਾਂ ਹੇਠਾਂ ਅਸਲੀ ਤੱਥ ਪੂਰੀ ਤਰ੍ਹਾਂ ਦਬੇ ਗਏ ਹਨ ਜਿਨ੍ਹਾਂ ਨੂੰ ਲਭ ਸਕਣਾ ਅਸੰਭਵ ਹੈ। ਗੁਰੂ ਨਾਨਕ ਜੀ ਦੇ ਦਰਿਆ ਵਿਚ ਅਲੋਪ ਹੋਣ ਸਬੰਧੀ ਸਾਨੂੰ ਇਹ ਨਿਸ਼ਚੇ ਪੂਰਬਕ ਦੱਸਿਆ ਗਿਆ ਹੈ ਕਿ "ਪਰਮੇਸ਼ਵਰ ਦੀ ਆਗਿਆ ਨਾਲ ਗੁਰੂ ਨਾਨਕ ਨੂੰ ਸੇਵਕ ਉਸ ਦੀ ਦਰਗਾਹ ਲੈ ਗਏ"। ਉਥੇ ਉਨ੍ਹਾਂ ਦੀ ਪਾਰਬ੍ਰਹਮ ਪਰਮੇਸ਼ਵਰ ਨਾਲ ਭੇਂਟ ਹੋਈ ਅਤੇ ਗੁਰੂ ਜੀ ਨੂੰ ਆਪਣੇ 'ਨਾਮ' ਦੀ ਵਡਿਆਈ ਨੂੰ ਪ੍ਰਚਾਰਨ ਦਾ ਕੰਮ ਸੌਂਪਿਆ, ਤਦ ਗੁਰੂ ਜੀ ਨੂੰ ਹੁਕਮ ਹੋਇਆ, "ਨਾਨਕ ਜਿਸੁ ਉਪਰਿ ਤੇਰੀ ਨਦਰਿ, ਤਿਸੁ ਉਪਰਿ ਮੇਰੀ ਨਦਰਿ। ਜਿਸੁ ਉਪਰਿ ਤੇਰਾ ਕਰਮੁ, ਤਿਸ ਉਪਰਿ ਮੇਰਾ ਕਰਮੁ। ਮੇਰਾ ਨਾਉ ਪਾਰਬ੍ਰਹਮ ਪਰਮੇਸ਼ਵਰੁ, ਅਰ ਤੇਰਾ ਨਾਉਂ ਗੁਰੂ ਪਰਮੇਸਰੁ।"[35] ਤਦ ਪਰਮੇਸ਼ਵਰ ਦੀ ਆਗਿਆ ਨਾਲ ਗੁਰੂ ਨਾਨਕ ਜੀ ਨੂੰ ਤੀਸਰੇ ਦਿਨ ਉਸੇ ਘਾਟ ਉੱਤੇ ਪਹੁੰਚਾ ਦਿੱਤਾ ਗਿਆ ਜਿੱਥੇ ਕਿ ਉਹ ਅਲੋਪ ਹੋਏ ਸਨ ਅਤੇ ਗੁਰੂ ਜੀ ਦਰਿਆ ਵਿਚੋਂ ਨਿਕਲ ਆਏ। ਇਹ ਸਪੱਸ਼ਟ ਹੈ ਕਿ ਇਸ ਕਹਾਣੀ ਦੇ ਪਾਉਣ ਦਾ ਕਾਰਨ ਗੁਰੂ ਜੀ ਦੇ ਮਿਸ਼ਨ ਲਈ ਦੈਵੀ ਸ੍ਵੀਕ੍ਰਿਤੀ ਦੀ ਸਥਾਪਨਾ ਕਰਨਾ ਸੀ ਅਤੇ ਅਜੇਹਾ ਕਰਨ ਦੇ ਯਤਨ ਵਿਚ ਜਨਮਸਾਖੀ ਦੇ ਕਰਤਾ ਨੇ ਗੁਰੂ ਜੀ ਅਤੇ ਪਰਮਾਤਮਾ ਵਿਚ ਇਕਰੂਪਤਾ ਦੱਸਣੋਂ ਵੀ ਸੰਕੋਚ ਨਹੀਂ ਕੀਤਾ ਜੋ ਉਨ੍ਹਾਂ ਦੀ ਆਪਣੀ ਸਿੱਖਿਆ ਦੇ ਐਨ ਉਲਟ ਹੈ। ਇਸ ਕਹਾਣੀ ਦਾ ਇਤਿਹਾਸ ਦੇ ਵਿਦਿਆਰਥੀ ਲਈ ਵੱਧ ਤੋਂ ਵੱਧ ਇਹ ਭਾਵ ਹੋ ਸਕਦਾ ਹੈ ਕਿ ਇਸ ਸਮੇਂ ਗੁਰੂ ਨਾਨਕ ਜੀ ਦੇ ਮਨ ਵਿਚ ਇਕ ਪ੍ਰਬਲ

33. ਟਰੰਪ, ਉਪਰੋਕਤ ਰਚਨਾ, ਪੰਨਾ xi.
34. ਉਹੀ, ਪੰਨਾ xii.
35. ਟਰੰਪ, ਉਪਰੋਕਤ ਰਚਨਾ, ਪੰਨਾ xi. xii.

ਪ੍ਰੇਰਨਾ ਸੀ, ਤੁਸੀਂ ਇਸ ਨੂੰ ਭਾਵੇਂ ਦੈਵੀ ਪ੍ਰੇਰਨਾ ਕਹਿ ਲਵੋ, ਉਸ 'ਸੱਚ' ਨੂੰ ਪ੍ਰਗਟਾਉਣ ਦਾ ਅਨੁਭਵ ਉਨ੍ਹਾਂ ਨੂੰ ਅੰਤਰਾਤਮੇ ਹੋ ਚੁੱਕਾ ਸੀ।

ਅੱਗੋਂ ਇਹ ਜਾਪਦਾ ਹੈ ਕਿ ਅਲੌਕਿਕ ਅਲੋਪ ਮਗਰੋਂ ਵਾਪਸ ਆਉਣ ਪਿੱਛੋਂ ਗੁਰੂ ਜੀ ਆਪਣੇ ਡੇਰੇ ਗਏ, ਉਨ੍ਹਾਂ ਕੇਵਲ ਆਪਣੀ ਹੀ ਨਹੀਂ ਸਗੋਂ ਆਪਣੇ ਮਾਲਕ ਦੌਲਤ ਖ਼ਾਂ ਲੋਧੀ ਦੀ ਸੰਪੱਤੀ ਵੀ ਲੁਟਾ ਦਿੱਤੀ। ਪਿਛਲੇਰੀਆਂ ਜਨਮਸਾਖੀਆਂ ਨੇ ਇਸ ਘਟਨਾ ਦਾ ਵੱਡਾ ਵਾਧਾਨ ਕੀਤਾ ਅਤੇ ਸਾਨੂੰ ਦੱਸਿਆ ਗਿਆ ਹੈ ਕਿ ਗੁਰੂ ਜੀ ਦੀ ਰਾਜ-ਸੰਪੱਤੀ ਫ਼ਕੀਰਾਂ ਵਿਚ ਵੰਡਣ ਦੀ ਆਦਤ ਦੀ ਸ਼ਿਕਾਇਤ ਖ਼ਾਨ ਦੇ ਕੰਨਾਂ ਤਕ ਪਹੁੰਚੀ ਅਤੇ ਉਸ ਨੇ ਹਿਸਾਬ ਕਿਤਾਬ ਦੀ ਪੜਤਾਲ ਦਾ ਹੁਕਮ ਦਿੱਤਾ। ਪਰ ਪੜਤਾਲ ਕਰਨ ਤੋਂ ਇਹ ਪਤਾ ਲੱਗਾ ਕਿ ਗੁਰੂ ਜੀ ਦਾ ਹਿਸਾਬ ਨਾ ਕੇਵਲ ਠੀਕ ਹੀ ਹੈ ਸਗੋਂ ਉਨ੍ਹਾਂ ਦੇ ਪੈਸੇ ਸਰਕਾਰ ਵੱਲ ਨਿਕਲਦੇ ਹਨ।[36] ਜਨਮਸਾਖੀਆਂ ਇਸ ਤੋਂ ਮੁੱਕਰਦੀਆਂ ਨਹੀਂ ਕਿ ਗੁਰੂ ਨਾਨਕ ਜੀ ਨੇ ਸੱਚੀ ਹੀ ਖ਼ਾਨ ਦੀ ਸੰਪੱਤੀ ਫ਼ਕੀਰਾਂ ਵਿਚ ਵੰਡੀ ਸੀ, ਪਰ ਪਰੋਖੇ ਢੰਗ ਨਾਲ ਇਹ ਸੁਝਾਅ ਦੇਂਦੀਆਂ ਹਨ ਕਿ ਅਜੇਹਾ ਕਰਨ ਤੇ ਵੀ ਗੁਰੂ ਜੀ ਨੇ ਕਰਾਮਾਤ ਦੁਆਰਾ ਹਿਸਾਬ ਵਿਚ ਵਾਧਾ ਦਿਖਾਇਆ। ਪਰੰਤੂ ਇਹ ਲਗਭਗ ਨਿਸ਼ਚਿਤ ਜਾਪਦਾ ਹੈ ਕਿ ਇਸ ਵਿਸ਼ੇ ਦੀ ਅਸਲੀਅਤ ਦਬਿਸਤਾਨ ਵਿਚਲੇ ਹੇਠਲੇ ਕਥਨ ਵਿਚ ਦਿੱਤੀ ਗਈ ਹੈ, "ਇਕ ਦਰਵੇਸ਼ ਨਾਨਕ ਕੋਲ ਆਇਆ ਅਤੇ ਉਸ ਦਾ ਮਨ ਇਸ ਪ੍ਰਕਾਰ ਜਿੱਤ ਲਿਆ ਕਿ ਮੋਦੀਖਾਨੇ ਅੰਦਰ ਵੜ ਕੇ ਨਾਨਕ ਨੇ ਆਪਣੀ ਅਤੇ ਦੌਲਤ ਖ਼ਾਂ ਦੀ ਸੰਪੱਤੀ ਭਾਵ ਜੋ ਕੁਝ ਵਸਤ ਵੀ ਉਸ ਅੰਦਰ ਲੱਭੀ ਲੁਟਾ ਦਿੱਤੀ ਅਤੇ ਆਪਣੀ ਪਤਨੀ ਅਤੇ ਬੱਚਿਆਂ ਨੂੰ ਤਿਆਗ ਦਿੱਤਾ। ਇਹ ਸੁਣ ਕੇ ਦੌਲਤ ਖ਼ਾਂ ਅਚੰਭਿਤ ਰਹਿ ਗਿਆ, ਪਰ ਨਾਨਕ ਵਿਚ ਦਰਵੇਸ਼ਾਂ ਵਾਲੇ ਚਿੰਨ੍ਹ ਦੇਖ ਕੇ ਉਸ ਨੇ ਉਹ ਨੂੰ ਕੁਝ ਨਾ ਕਿਹਾ।"[37] ਇਸ ਕਥਨ ਵਿਚ ਕੋਈ ਅਸੰਭਵਤਾ ਨਹੀਂ ਕਿ ਗੁਰੂ ਜੀ ਨੇ ਹਾਰਦਿਕ ਪੂਰਨਤਾ ਵਿਚ ਦੌਲਤ ਖ਼ਾਂ ਲੋਧੀ ਦੀ ਸੰਪੱਤੀ ਵੰਡ ਦਿੱਤੀ ਹੋਵੇ। ਦੂਜੇ ਪਾਸੇ ਜਨਮਸਾਖੀਆਂ ਇਸ ਤੇ ਸਹਿਮਤ ਹਨ ਕਿ ਖ਼ਾਨ ਗੁਰੂ ਦੇ ਵਿਹਾਰ ਅਤੇ ਆਚਰਣ ਬਾਰੇ ਬਹੁਤ ਉੱਚੇ ਵਿਚਾਰ ਰਖਦਾ ਸੀ। ਭਾਈ ਗੁਰਦਾਸ ਅਸਲ ਵਿਚ ਇਥੇ ਦੌਲਤ ਖ਼ਾਂ ਨੂੰ ਗੁਰੂ ਨਾਨਕ ਜੀ ਦਾ ਸਿੱਖ ਮੰਨਦੇ ਹਨ।[38] ਸਥਿਤੀ ਅਨੁਸਾਰ ਇਹ ਮੰਨਣਾ ਔਖਾ ਨਹੀਂ ਕਿ ਦੌਲਤ ਖ਼ਾਂ ਨੇ ਇੱਛਾ ਪੂਰਬਕ ਹੀ ਗੁਰੂ ਜੀ ਦੇ ਵਿਰੁੱਧ ਕੋਈ ਕਦਮ ਚੁੱਕਣੋਂ ਸੰਕੋਚ ਕੀਤਾ।[39]

---

36. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 42,43; ਭਾਈ ਮਨੀ ਸਿੰਘ, ਉਪਰੋਕਤ ਰਚਨਾ, ਪੰਨਾ 107; ਨਾਨਕ ਪ੍ਰਕਾਸ਼, ਭਾਗ 1, xxix.
37. ਦਬਿਸਤਾਨ, ਸੈਂਚੀ ਦੂਜੀ, ਪੰਨਾ 247, 248.
38. ਭਾਈ ਗੁਰਦਾਸ, ਵਾਰ 11, ਪਉੜੀ 13.
39. ਪਰ ਮੈਲਕਮ ਦਾ ਕਹਿਣਾ ਹੈ ਕਿ ਦੌਲਤ ਖ਼ਾਂ ਨੇ ਜੈ ਰਾਮ ਨੂੰ ਕੈਦ ਵਿਚ ਪਾ ਦਿੱਤਾ। ਗੁਰੂ ਨਾਨਕ ਨੇ ਸਾਰੇ ਹਿਸਾਬ ਦੇ ਨੁਕਸਾਨ ਦਾ ਪੂਰਨ ਨਿਰੀਖਣ ਕਰਨ ਦੀ ਤਜਵੀਜ਼ ਪੇਸ਼ ਕੀਤੀ। "ਖ਼ਾਨ ਨੇ ਉਸ ਦੀ ਤਜਵੀਜ਼ ਮੰਨ ਲਈ, ਜੈ ਰਾਮ ਦੇ ਹਿਸਾਬ ਦਾ ਲੇਖਾ ਕੀਤਾ ਗਿਆ ਅਤੇ ਸਾਰੇ ਇਸ ਗੱਲ ਤੇ ਹੈਰਾਨ ਰਹਿ ਗਏ ਕਿ ਉਸਦੇ ਹਿਸਾਬ ਵਿਚ ਵਾਧਾ ਨਿਕਲਿਆ। ਇਸ ਤੇ ਨਾ ਕੇਵਲ ਉਸ ਨੂੰ ਰਿਹਾ ਕੀਤਾ ਗਿਆ ਸਗੋਂ ਮੁੜ ਨੌਕਰੀ ਤੇ ਲਾ ਦਿੱਤਾ ਗਿਆ ਅਤੇ ਮਾਲਕ ਦੀ ਕ੍ਰਿਪਾਦ੍ਰਿਸ਼ਟੀ ਦਾ ਪਾਤਰ ਬਣ ਗਿਆ।"
Sketch of the Sikhs. p. 15.

ਮੋਹਸਿਨ ਫਾਨੀ ਦਾ ਕਥਨ ਇਕ ਹੋਰ ਰੋਚਕ ਪ੍ਰਸ਼ਨ ਪ੍ਰਸਤੁਤ ਕਰਦਾ ਹੈ। ਉਸ ਦਾ ਇਹ ਕਹਿਣਾ ਹੈ ਕਿ ਗੁਰੂ ਜੀ ਦੇ ਤਿਆਗ ਦਾ ਮੂਲ ਕਾਰਨ ਉਨ੍ਹਾਂ ਉੱਤੇ ਕਿਸੇ ਦਰਵੇਸ਼ ਦਾ ਪ੍ਰਭਾਵ ਸੀ, ਸੁਭਾਵਿਕ ਹੀ ਹਰ ਇਕ ਅੰਦਰ ਉਸ ਦਰਵੇਸ਼ ਨੂੰ ਜਾਨਣ ਅਤੇ ਗੁਰੂ ਜੀ ਦੇ ਮਨ ਉੱਤੇ ਉਸ ਦੇ ਕਾਬੂ ਪ੍ਰਤਿ ਜਿਗਿਆਸਾ ਉਤਪੰਨ ਕਰ ਦਿੰਦਾ ਹੈ। ਅਸੀਂ ਪਹਿਲਾਂ ਦੇਖ ਚੁੱਕੇ ਹਾਂ ਕਿ ਗੁਰੂ ਨਾਨਕ ਜੀ ਆਪਣਾ ਬਹੁਤ ਸਮਾਂ ਫ਼ਕੀਰਾਂ ਅਤੇ ਜੋਗੀਆਂ ਦੀ ਸੰਗਤ ਵਿਚ ਗੁਜ਼ਾਰਦੇ ਸਨ ਅਤੇ ਇਹ ਸਹਿਲ ਹੀ ਮੰਨਿਆ ਜਾ ਸਕਦਾ ਹੈ ਕਿ ਉਨ੍ਹਾਂ ਨੇ ਇਨ੍ਹਾਂ ਤੋਂ ਬਹੁਤ ਕੁਝ ਸਿੱਖਿਆ। ਪਰ ਸਿੱਖ ਲਿਖਤਾਂ ਵਿਚ ਸਾਨੂੰ ਕੋਈ ਸੰਕੇਤ ਨਹੀਂ ਮਿਲਦਾ ਕਿ ਗੁਰੂ ਨਾਨਕ ਜੀ ਕਿਸੇ ਖ਼ਾਸ ਇਕ ਵਿਅਕਤੀ ਦੇ ਵਿਸ਼ੇਸ਼ ਰੂਪ ਵਿਚ ਰਿਣੀ ਸਨ। ਉਨ੍ਹਾਂ ਲੋਕਾਂ ਲਈ ਜੋ ਗੁਰੂ ਨਾਨਕ ਜੀ ਨੂੰ ਹੀ ਪਰਮਾਤਮਾ ਮੰਨਦੇ ਹਨ ਕਿਸੇ ਹੋਰ ਸੰਸਾਰੀ ਉਚਤਾ ਦੇ ਧਾਰਨੀ ਦਾ ਕਿਆਸ ਕਰਨਾ ਹੀ ਫਜ਼ੂਲ ਹੈ। ਇਹ ਨਿਰਸੰਦੇਹ ਸੱਚ ਹੈ ਕਿ ਗੁਰੂ ਨਾਨਕ ਜੀ ਆਪਣੀ ਬਾਣੀ ਵਿਚ ਆਪਣੇ 'ਗੁਰੂ' ਦਾ ਆਮ ਜ਼ਿਕਰ ਕਰਦੇ ਹਨ ਪਰ ਇਨ੍ਹਾਂ ਉਦਾਹਰਨਾਂ ਵਿਚ ਇਸ 'ਸ਼ਬਦ' ਨੂੰ ਆਮ ਕਰਕੇ 'ਪਰਮਾਤਮਾ' ਦੇ ਅਰਥਾਂ ਵਿਚ ਲਿਆ ਜਾਂਦਾ ਹੈ ਅਤੇ ਮੈਕਾਲਿਫ ਸੱਚ ਕਹਿੰਦਾ ਹੈ ਕਿ 'ਨਾਨਕ ਦਾ ਗੁਰੂ ਪਰਮਾਤਮਾ ਹੈ"[40] ਪਰੰਤੂ ਬਗਦਾਦ ਵਿਚ ਹੋਈ ਨਵੀਂ ਖੋਜ ਦਬਿਸਤਾਨ ਦੇ ਕਥਨ ਦੀ ਪੁਸ਼ਟੀ ਜਾਪਦੀ ਹੈ। ਇਕ ਸਿੱਖ ਕਮਾਂਡਰ ਜੋ ਪਹਿਲੇ ਸੰਸਾਰ ਯੁੱਧ ਵਿਚ ਮੈਸੋਪੋਟੋਮੀਆ ਗਿਆ ਸੀ, ਜਨਵਰੀ 1918 ਈ. ਵਿਚ ਲਾਹੌਰ ਦੇ ਲਾਇਲ ਗਜ਼ਟ (Loyal Gazette) ਵਿਚ ਲਿਖਦਾ ਹੈ ਕਿ 'ਉਸ ਨੇ ਗੁਰੂ ਨਾਨਕ ਜੀ ਦੀ ਬਗ਼ਦਾਦ ਫੇਰੀ ਵਾਲਾ ਯਾਦਗਾਰੀ ਅਸਥਾਨ ਦੇਖਿਆ। ਸ਼ਹਿਰੋਂ ਬਾਹਰ, ਦੱਖਣ ਪੱਛਮ ਵਾਲੇ ਪਾਸੇ, ਕਬਰਸਤਾਨ ਕੋਲ ਇਕ ਖੁੱਲ੍ਹਾ ਕਮਰਾ ਹੈ ਜਿਸ ਦੇ ਚੌਗਿਰਦੇ ਕੰਧ ਹੈ। ਕਮਰੇ ਦੀ ਇਕ ਗੁਠੇ ਥੜਾ ਹੈ, ਦੱਸਿਆ ਜਾਂਦਾ ਹੈ ਕਿ ਇਸ ਉਪਰ ਬੈਠ ਕੇ ਗੁਰੂ ਨਾਨਕ ਜੀ ਨੇ ਸ਼ਾਹ ਬਹਿਲੋਲ ਨਾਲ ਗੋਸ਼ਟ ਕੀਤਾ ਸੀ, ਜਿਸ ਦਾ ਆਸਨ ਉਨ੍ਹਾਂ ਦੀ ਸਾਹਮਣੀ ਗੁੱਠ ਵਾਲਾ ਥੜਾ ਸੀ। ਉਥੋਂ ਦਾ ਪੀਰ ਸੱਯਦ ਯੂਸਫ਼ ਜੋ ਇਥੋਂ ਦਾ ਪ੍ਰਬੰਧ ਕਰਦਾ ਹੈ ਆਪਣੇ ਆਪ ਨੂੰ ਇਸ ਗੱਦੀ ਦਾ ਦਸਵਾਂ ਵਾਰਿਸ ਦੱਸਦਾ ਹੈ।"[41] ਪਰ ਸਾਡੇ ਹੱਥਲੇ ਮੰਤਵ ਲਈ ਮਹੱਤਵਪੂਰਨ ਵਸਤੂ ਥੜੇ ਦੇ ਪਿਛਲੀ ਕੰਧ ਉੱਤੇ ਤੁਰਕੀ ਭਾਸ਼ਾ ਵਿਚ ਖੁਦਿਆ ਕੁਤਬਾ ਹੈ। ਇਸ ਲਿਖਤ ਦਾ ਅਨੁਵਾਦ ਇਹ ਹੈ, "ਗੁਰੂ ਮੁਰਾਦ ਮਰ ਗਿਆ। ਬਾਬਾ ਨਾਨਕ ਫਕੀਰ ਨੇ ਇਸ ਭਵਨ ਦੇ ਨਿਰਮਾਣ ਵਿਚ ਸਹਾਇਤਾ ਕੀਤੀ ਜੋ ਕਿ ਇਕ ਸੱਚੇ ਅਨੁਯਾਈ ਲਈ ਪ੍ਰਸਾਦ ਦਾ ਕਾਰਜ ਹੈ। 927 ਹਿਜਰੀ।"[42] ਇਸ ਤੋਂ ਗੁਰੂ ਨਾਨਕ ਜੀ ਮੁਰਾਦ ਦੇ ਅਨੁਯਾਈ ਪ੍ਰਤੀਤ ਹੁੰਦੇ ਹਨ ਅਤੇ ਇਹ ਅਸੰਭਵ ਨਹੀਂ ਕਿ ਇਹ ਵਿਅਕਤੀ ਉਹੀ ਹੈ ਜਿਸ ਵੱਲ ਮੋਹਸਿਨ ਫਾਨੀ ਨੇ ਸੰਕੇਤ ਕੀਤਾ ਸੀ।

ਭਾਵ ਕੁਝ ਵੀ ਹੋਵੇ, ਜਿਵੇਂ ਕਿ ਅਸੀਂ ਉਪਰ ਵਿਚਾਰ ਚੁੱਕੇ ਹਾਂ, ਗੁਰੂ ਨਾਨਕ ਜੀ

---

40. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 54, ਫੁ. ਨੋ.।
41. *Gurdwara Reform Movement and the Sikh Awakening*. pp. 1, 2. fn.
42. ਇਸ ਲਿਖਤ ਦੇ ਅਨੁਵਾਦ ਲਈ ਮੈਂ ਆਪਣੇ ਸਹਿਯੋਗੀ ਸੁਰਗਵਾਸੀ, ਮੁਲਾਨਾ ਆਗਾ ਮੁਹੰਮਦ ਕਾਜ਼ਿਮ ਸ਼ਿਰਾਜ਼ੀ ਦਾ ਰਿਣੀ ਹਾਂ।

ਆਪਣੇ ਜੀਵਨ ਦੇ ਪਰਮ ਸ਼੍ਰੇਸ਼ਠ ਸੰਘਰਸ਼ ਦੀ ਸਿਖਰ ਛੋਹ ਚੁੱਕੇ ਸਨ। ਉਨ੍ਹਾਂ ਦੇ ਇਨ੍ਹਾਂ ਬੋਲਾਂ ਕਿ "ਨਾ ਕੋਈ ਹਿੰਦੂ ਨਾ ਮੁਸਲਮਾਨ" ਨੇ ਉਨ੍ਹਾਂ ਨੂੰ ਸੁਲਤਾਨਪੁਰ ਵਿਚ ਇਕਦਮ ਪ੍ਰਸਿੱਧ ਕਰ ਦਿੱਤਾ। ਕਈਆਂ ਨੇ, ਨਿਰਸੰਦੇਹ, ਉਨ੍ਹਾਂ ਨੂੰ ਉਪਹਾਸ ਦੀ ਦ੍ਰਿਸ਼ਟੀ ਨਾਲ ਦੇਖਿਆ ਅਤੇ ਉਨ੍ਹਾਂ ਦੇ ਇਨ੍ਹਾਂ ਬੋਲਾਂ ਨੂੰ ਪਾਗਲਪਨ ਦੱਸਿਆ। ਪਰੰਤੂ ਗੁਰੂ ਜੀ ਨੂੰ ਬਹੁਤੀ ਦੇਰ ਇਉਂ ਖੁਲ੍ਹਾ ਨਾ ਵਿਚਰਨ ਦਿੱਤਾ ਗਿਆ। ਉਨ੍ਹਾਂ ਦੇ ਇਹ ਬੋਲ ਨਾ ਕੇਵਲ ਅਸਚਰਜਤਾ-ਜਨਕ ਸਨ ਸਗੋਂ ਉਤੇਜਨਾਜਨਕ ਵੀ ਸਨ ਅਤੇ ਜਨਮਸਾਖੀਆਂ ਵਿਚ ਵਰਣਿਤ ਹੈ ਕਿ ਆਖ਼ਰ ਗੁਰੂ ਨਾਨਕ ਜੀ ਨੂੰ ਦਰਬਾਰ ਵਿਚ ਪੇਸ਼ ਕਰਾਉਣ ਲਈ ਦੌਲਤ ਖ਼ਾਂ ਲੋਧੀ ਨੂੰ ਕਾਜ਼ੀ ਨੇ ਪ੍ਰੇਰ ਲਿਆ। ਉਨ੍ਹਾਂ ਦੇ ਬੋਲਾਂ ਦੇ ਅਰਥ ਪੁੱਛਣ ਉੱਤੇ ਗੁਰੂ ਨਾਨਕ ਜੀ ਨੇ ਦੱਸਿਆ ਕਿ ਹਿੰਦੂ ਅਤੇ ਮੁਸਲਮਾਨ ਦੋਨੋਂ ਹੀ ਆਪਣੇ ਧਰਮ ਦੀ ਸਿੱਖਿਆ ਨੂੰ ਭੁੱਲ ਗਏ ਹਨ। ਦੱਸਿਆ ਜਾਂਦਾ ਹੈ ਕਿ ਉਨ੍ਹਾਂ ਦੇ ਬਚਨਾਂ ਵਿਚ ਇਤਨਾ ਦ੍ਰਿੜ ਵਿਸ਼ਵਾਸ ਸੀ ਕਿ ਸਾਰੇ ਚਕ੍ਰਿਤ ਰਹਿ ਗਏ। ਜਦ ਲੌਢੇ ਵੇਲੇ ਦੀ ਨਮਾਜ਼ ਸਮੇਂ ਗੁਰੂ ਜੀ ਨੇ ਕਾਜ਼ੀ ਤੇ ਖਾਨ ਦੀ ਨਮਾਜ਼ ਦਾ ਪਰਮਾਤਮਾ ਵੱਲੋਂ ਨਾ ਕਬੂਲ ਹੋਣ ਬਾਰੇ ਦੱਸਿਆ ਤਾਂ ਇਹ ਹੈਰਾਨੀ ਸਤਿਕਾਰ ਵਿਚ ਬਦਲ ਗਈ, ਕਿਉਂਕਿ ਉਹ ਕੇਵਲ ਬਾਹਰੀ ਰੂਪ ਵਿਚ ਨਮਾਜ਼ ਪੜ੍ਹ ਰਹੇ ਸਨ ਪਰ ਅੰਤਰਆਤਮੇ ਉਨ੍ਹਾਂ ਵਿਚੋਂ ਇਕ ਨਵ-ਜਨਮੀ ਵਛੇਰੀ ਬਾਰੇ ਸੋਚ ਰਿਹਾ ਸੀ ਜਿਸ ਨੂੰ ਉਹ ਘਰ ਖੁਲ੍ਹੀ ਛੱਡ ਆਇਆ ਸੀ ਅਤੇ ਜਿਸ ਦਾ ਇਹਾਤੇ ਵਿਚਲੀ ਖੂਹੀ ਵਿਚ ਡਿਗ ਪੈਣ ਦਾ ਡਰ ਸੀ, ਦੂਜਾ ਕਾਬਲ ਵਿਚ ਘੋੜੇ ਖਰੀਦ ਰਿਹਾ ਸੀ। ਇਸ ਤੇ ਸੱਯਦ, ਸ਼ੇਖਜ਼ਾਦੇ, ਕਾਜ਼ੀ, ਮੁਫਤੀ, ਖ਼ਾਨ, ਸਰਦਾਰ ਅਤੇ ਨੇਤਾ ਸਭ ਅਚੰਭਿਤ ਰਹਿ ਗਏ। ਜਦ ਗੁਰੂ ਜੀ ਨੇ ਮੁਕਤੀ ਪ੍ਰਾਪਤ ਕਰਨ ਸਬੰਧੀ ਸ਼ਬਦ ਉਚਾਰਿਆ ਤਾਂ ਸਭਨਾਂ ਨੂੰ ਇਹ ਨਿਸ਼ਚਾ ਹੋ ਗਿਆ ਕਿ "ਨਾਨਕ ਵਿਚਿ ਖੁਦਾਇ ਬੋਲਦਾ ਹੈ।" ਕਿਹਾ ਜਾਂਦਾ ਹੈ ਕਿ 'ਨਵਾਬ' ਨੇ ਸਨੇਹਯੁਕਤ ਪ੍ਰਸੰਸਾ ਦੇ ਪ੍ਰਵਾਹ ਵਿਚ ਰਾਜ ਅਤੇ ਅਧਿਕਾਰ ਨੂੰ ਉਨ੍ਹਾਂ ਦੇ ਸਮਰਪਣ ਕਰ ਦਿੱਤਾ, ਪਰ ਗੁਰੂ ਜੀ ਦੁਨਿਆਵੀ ਸੰਪੱਤੀ ਨੂੰ ਤੁੱਛ ਸਮਝਦੇ ਸਨ। ਕੁਛ ਚਿਰ ਫ਼ਕੀਰਾਂ ਨਾਲ ਰਹਿ ਕੇ ਉਹ ਸਾਥੀ ਵਜੋਂ ਮਰਦਾਨੇ ਨੂੰ ਨਾਲ ਲੈ ਕੇ 'ਉਦਾਸੀ'[43] ਦੇ ਵੇਸ ਵਿਚ ਦੇਸ਼ ਰਟਨ ਲਈ ਨਿਕਲ ਤੁਰੇ। ਇਹ ਪ੍ਰਤੱਖ ਹੈ ਕਿ ਉਪਰੋਕਤ ਕਹਾਣੀ ਦਾ ਅਧਿਕਾਂਸ਼ ਇਤਿਹਾਸ ਦਾ ਆਲੋਚਕ ਵਿਦਿਆਰਥੀ ਸਵੀਕਾਰ ਨਹੀਂ ਕਰਦਾ ਅਤੇ ਇਸ ਵਿਚ ਵੀ ਸ਼ੱਕ ਨਹੀਂ ਕਿ ਇਸ ਦੇ ਬਹੁਤੇ ਭਾਗ ਗੁਰੂ ਨਾਨਕ ਜੀ ਦੀ ਬਾਣੀ ਵਿਚ ਆਏ ਸਲੋਕਾਂ ਉੱਤੇ ਆਧਾਰਿਤ ਹਨ। ਪਰੰਤੂ ਇਹ ਸਚਾਈ ਹੈ ਕਿ ਇਸ ਸਮੇਂ ਗੁਰੂ ਜੀ ਨੇ ਸੁਲਤਾਨਪੁਰ ਵਿਚ ਭਾਰੀ ਹਲਚਲ ਪੈਦਾ ਕਰ ਦਿੱਤੀ ਸੀ।[44]

ਗੁਰੂ ਨਾਨਕ ਜੀ ਦਾ ਸਾਡਾ ਹੁਣ ਤਕ ਦਾ ਬਿਰਤਾਂਤ, ਨਿਰਸੰਦੇਹ ਅਲਪ ਅਤੇ ਅਪੂਰਨ ਹੈ ਪਰ ਫਿਰ ਵੀ ਅਸੀਂ ਘਟਨਾਵਾਂ ਦਾ ਸਾਧਾਰਨ ਕ੍ਰਮ ਅਤੇ ਝੁਕਾ, ਲਗਭਗ, ਸਹੀ ਲੱਭ ਸਕਣ ਦੇ ਯੋਗ ਹੋ ਗਏ ਹਾਂ। ਪਰ ਇਸ ਤੋਂ ਅੱਗੋਂ ਅਜੇਹਾ ਕਰਨਾ ਵੀ ਔਖਾ

43. ਇਸ ਦੇ ਸ਼ਾਬਦਿਕ ਅਰਥ ਸੰਸਾਰ ਤੋਂ ਤਿਆਗ ਕਰਨ ਵਾਲੇ ਮਨੁੱਖ ਦੇ ਹਨ। ਇਸ ਸਮੇਂ ਗੁਰੂ ਜੀ ਦੇ ਪਹਿਰਾਵ ਲਈ ਦੇਖੋ ਮੈਕਾਲਿਫ, *ਉਪਰੋਕਤ ਰਚਨਾ*, ਸੈਂਚੀ ਪਹਿਲੀ, ਪੰਨਾ 58.

44. ਵੇਰਵੇ ਲਈ ਦੇਖੋ *ਮੈਕਾਲਿਫ ਦੀ ਉਪਰੋਕਤ ਰਚਨਾ*, ਸੈਂਚੀ ਪਹਿਲੀ, ਪੰਨਾ 34 ਤੋਂ 43; *ਨਾਨਕ ਪ੍ਰਕਾਸ਼, ਭਾਗ ਪਹਿਲਾ*, xxviii. xxxi.

ਹੋ ਜਾਂਦਾ ਹੈ। ਟਰੰਪ ਲਿਖਦਾ ਹੈ, "ਗੁਰੂ ਨਾਨਕ ਜੀ ਦੀਆਂ ਉਦਾਸੀਆਂ ਦੇ ਆਰੰਭ ਹੋਣ ਨਾਲ, ਸਾਰੇ ਸਾਂਝੇ ਅੰਸ਼ ਖ਼ਤਮ ਹੋ ਜਾਂਦੇ ਹਨ ਅਤੇ ਪੁਰਾਤਨ ਅਤੇ ਨਵੀਂ ਪਰੰਪਰਾ ਇਕ ਦੂਜੀ ਨਾਲੋਂ ਇਸ ਭਾਂਤ ਨਿਖੜ ਜਾਂਦੀ ਹੈ ਕਿ ਇਨ੍ਹਾਂ ਦਾ ਸਮਾਧਾਨ ਕਰਨਾ ਔਖਾ ਹੋ ਜਾਂਦਾ ਹੈ। ਇਸ ਤੋਂ ਕਾਫ਼ੀ ਹੱਦ ਤਕ ਸਿੱਧ ਹੋ ਜਾਂਦਾ ਹੈ ਕਿ ਜਾਂ ਤਾਂ ਇਨ੍ਹਾਂ ਬਾਰੇ ਬਹੁਤ ਘੱਟ ਜਾਣਕਾਰੀ ਸੀ ਜਾਂ ਫਿਰ ਇਨ੍ਹਾਂ ਬਾਰੇ ਬਹੁਤ ਘੱਟ ਕਿਹਾ ਜਾ ਸਕਦਾ ਸੀ, ਜਿਵੇਂ ਕਿ ਪੁਰਾਤਨ ਜਨਮਸਾਖੀ ਇਸ ਦੀ ਸਾਖੀ ਭਰਦੀ ਹੈ।"[45] ਇਹ ਸੱਚ ਹੈ ਕਿ ਟਰੰਪ ਨੇ ਇਸ ਵਿਸ਼ੇ ਸਬੰਧੀ ਅਨੁਚਿਤ ਅਤੇ ਆਸ਼ਾਹੀਣ ਦ੍ਰਿਸ਼ਟੀ ਨੂੰ ਅਪਣਾਇਆ ਹੈ। ਉਸ ਦਾ ਇਹ ਵਿਚਾਰ ਕਿ "ਗੁਰੂ ਜੀ ਦੀ ਦੱਖਣੀ ਭਾਰਤ ਅਤੇ ਲੰਕਾ ਦੀ ਫੇਰੀ ਇਤਨੀ ਕਰਾਮਾਤਾਂ ਨਾਲ ਭਰੀ ਹੋਈ ਹੈ ਕਿ ਕਾਲਪਨਿਕ ਜਾਪਦੀ ਹੈ" ਅਤੇ ਉਸ ਦਾ ਉਨ੍ਹਾਂ ਦੀ ਮੱਕੇ ਦੀ ਅਖੌਤੀ ਯਾਤਰਾ ਨੂੰ 'ਆਦਿ ਤੋਂ ਅੰਤ ਤਕ ਮਨਘੜਤ'[46] ਦੱਸਣਾ, ਨਵੀਆਂ ਖੋਜਾਂ ਨੇ ਬਿਲਕੁਲ ਰੱਦ ਕਰ ਦਿੱਤਾ ਹੈ। ਪਰੰਤੂ ਫਿਰ ਵੀ ਇਹ ਅਸਲੀਅਤ ਹੈ ਕਿ ਕਿਸੇ ਪ੍ਰਾਚੀਨ ਜਨਮਸਾਖੀ ਦੇ ਆਧਾਰ ਉੱਤੇ ਵੀ ਗੁਰੂ ਨਾਨਕ ਜੀ ਦੇ ਸੁਲਤਾਨਪੁਰ ਛੱਡਣ ਮਗਰੋਂ ਦੀਆਂ ਮੁੱਖ ਜੀਵਨ ਘਟਨਾਵਾਂ ਨੂੰ ਕਿਸੇ ਯੋਗ ਕ੍ਰਮ ਵਿਚ ਬੰਨ੍ਹ ਕੇ ਕੋਈ ਰੂਪ ਰੇਖਾ ਦੇ ਸਕਣਾ ਸੰਭਵ ਨਹੀਂ ਹੈ। ਬਗ਼ਦਾਦ ਵਿਚੋਂ ਮਿਲੇ ਕੁਤਬੇ (ਸ਼ਿਲਾ ਲੇਖ) ਨੇ ਨਿਰਸੰਦੇਹ ਸਾਨੂੰ ਇਕ ਨਿਸ਼ਚਿਤ ਤਾਰੀਖ ਦਿੱਤੀ ਹੈ ਪਰ ਇਹ ਵਿਸ਼ੇ ਨੂੰ ਹੋਰ ਜਟਿਲ ਬਣਾ ਦਿੰਦੀ ਹੈ। ਇਸ ਨੂੰ ਮੰਨ ਲੈਣ ਨਾਲ ਪੁਰਾਤਨ ਜਨਮਸਾਖੀ ਵਿਚਲੀ ਕ੍ਰਮ ਵਿਵਸਥਾ ਨੂੰ ਸਹੀ ਨਹੀਂ ਮੰਨਿਆ ਜਾ ਸਕਦਾ ਭਾਵੇਂ ਸਾਡੇ ਕੋਲ ਨਵੀਂ ਵਿਵਸਥਾ ਦੇ ਵਧਾਣ ਲਈ ਲੋੜੀਂਦੀ ਸਾਮੱਗਰੀ ਦੀ ਉੱਕਾ ਹੀ ਘਾਟ ਹੈ। ਇਉਂ ਪ੍ਰਤੀਤ ਹੁੰਦਾ ਹੈ ਕਿ ਗੁਰੂ ਜੀ ਪੰਜਾਬ ਅਤੇ ਇਸ ਦੇ ਲਾਗਲੇ ਇਲਾਕਿਆਂ ਵਿਚ ਵਿਚਰਨ ਪਿੱਛੋਂ ਪੂਰਬ ਵੱਲ ਤੁਰ ਗਏ। ਉਹ ਕਾਮਰੂਪ ਦੇਸ ਨੂੰ ਗਏ, ਪੁਰੀ ਦੀ ਯਾਤਰਾ ਕੀਤੀ ਅਤੇ ਅਨੇਕਾਂ ਅਲੌਕਿਕ ਘਟਨਾਵਾਂ ਪਿੱਛੋਂ ਆਪਣੇ ਜਨਮ ਸਥਾਨ ਤਲਵੰਡੀ ਨੂੰ ਪਰਤ ਆਏ। ਇਸ ਸਮੇਂ ਤਕ ਦੌਲਤ ਖ਼ਾਂ ਲੋਧੀ ਦੀ ਨੌਕਰੀ ਛੱਡੀ ਨੂੰ 12 ਸਾਲ ਹੋ ਗਏ ਸਨ। ਦੱਸਿਆ ਗਿਆ ਹੈ ਕਿ ਗੁਰੂ ਜੀ ਪਿੰਡ ਤੋਂ 3 ਮੀਲ ਦੂਰ ਜੰਗਲ ਵਿਚ ਆ ਟਿਕੇ ਜਿਥੇ ਉਹ ਆਪਣੇ ਮਾਤਾ ਪਿਤਾ ਅਤੇ ਸੰਬੰਧੀਆਂ ਨੂੰ ਮਿਲੇ ਅਤੇ ਫਿਰ ਮਰਦਾਨੇ ਨੂੰ ਨਾਲ ਲੈ ਕੇ ਭ੍ਰਮਣ ਸ਼ੁਰੂ ਕੀਤਾ। ਇਉਂ ਲਗਦਾ ਹੈ ਕਿ ਗੁਰੂ ਨਾਨਕ ਨੇ ਸਾਰੇ ਪੰਜਾਬ ਦਾ ਲੰਮਾ ਚੌੜਾ ਦੌਰਾ ਆਰੰਭ ਕੀਤਾ। ਉੱਤਰ ਵਿਚ ਸਿਆਲਕੋਟ ਤੋਂ ਲੈ ਕੇ ਦੱਖਣ ਵਿਚ ਮਿਠਨਕੋਟ ਤਕ ਉਨ੍ਹਾਂ ਹਰੇਕ ਮਹੱਤਵਪੂਰਨ ਸਥਾਨ ਦੀ ਯਾਤਰਾ ਕੀਤੀ ਅਤੇ ਸਿੱਖਾਂ ਦਾ ਦਾਅਵਾ ਹੈ ਕਿ ਉਹ ਬਹੁਤ ਸਾਰੇ ਸਿੱਖ ਬਣਾਉਣ ਵਿਚ ਸਫ਼ਲ ਹੋਏ। ਇਸ ਯਾਤਰਾ ਦੇ ਦੌਰਾਨ ਉਹ ਸੈਦਪੁਰ (ਐਮਨਾਬਾਦ) ਸ਼ਹਿਰ ਦੇ ਆਸ ਪਾਸ ਆ ਨਿਕਲੇ ਜਦ ਕਿ ਬਾਬਰ ਦੀਆਂ ਫ਼ੌਜਾਂ ਨੇ ਇਸ ਉੱਤੇ ਕਬਜ਼ਾ ਕਰ ਲਿਆ ਹੋਇਆ ਸੀ ਅਤੇ ਲੁੱਟ ਮਾਰ ਮਚਾਈ ਹੋਈ ਸੀ। ਅਸੀਂ ਜਾਣਦੇ ਹਾਂ ਕਿ ਇਹ ਘਟਨਾ ਬਾਬਰ ਦੀ ਹਿੰਦੁਸਤਾਨ ਦੀ ਤੀਸਰੀ ਲੜਾਈ ਸਮੇਂ ਵਾਪਰੀ ਸੀ, ਇਸ ਨੂੰ 1524 ਵਿਚ ਹੋਈ ਕਹਿਣਾ ਚਾਹੀਦਾ ਹੈ। ਹੁਣ ਮੁਸ਼ਕਲ ਇਹ ਹੈ ਕਿ ਉਲਿਖਤ ਬਗ਼ਦਾਦ

45. ਟਰੰਪ, ਉਪਰੋਕਤ ਰਚਨਾ, ਪੰਨਾ v.
46. ਟਰੰਪ, ਉਪਰੋਕਤ ਰਚਨਾ, ਪੰਨਾ v. vi.

ਵਾਲਾ ਕੁਤਬਾ 927 ਹਿਜ਼ਰੀ ਦਾ ਹੈ, ਜਿਸ ਦਾ ਈਸਵੀ ਸੰਮਤ 1520–21[47] ਬਣਦਾ ਹੈ। ਸੋ, ਗੁਰੂ ਨਾਨਕ ਜੀ ਜ਼ਰੂਰ ਹੀ 1520-21 ਵਿੱਚ ਜਾਂ ਇਸ ਤੋਂ ਕੁਝ ਚਿਰ ਪਹਿਲਾਂ ਬਗਦਾਦ ਗਏ ਹੋਣਗੇ। ਗੁਰੂ ਜੀ ਦੀਆਂ ਦੋ ਵੱਖਰੀਆਂ ਬਗ਼ਦਾਦ ਫੇਰੀਆਂ ਮੰਨਣ ਨਾਲ ਵੀ ਸਾਡੀ ਇਹ ਮੁਸ਼ਕਲ ਹੱਲ ਨਹੀਂ ਹੁੰਦੀ। ਕੁਝ ਵੀ ਹੋਵੇ ਜਨਮਸਾਖੀਆਂ ਵਿਚਲੀ ਕ੍ਰਮ-ਵਿਵਸਥਾ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ।

ਗੁਰੂ ਜੀ ਦੇ 'ਉਦਾਸੀ' ਬਣਨ ਅਤੇ ਭ੍ਰਮਣ ਸ਼ੁਰੂ ਕਰਨ ਸਮੇਂ ਉਨ੍ਹਾਂ ਦੀ ਕੀ ਆਯੂ ਸੀ, ਇਸ ਬਾਰੇ ਕੋਈ ਸੰਕੇਤ ਨਹੀਂ ਮਿਲਦਾ। 'ਗਿਆਨ ਰਤਨਾਵਲੀ' ਵਿਚ ਲਿਖਿਆ ਹੈ ਕਿ ਜਦ ਗੁਰੂ ਜੀ ਇਸ ਭ੍ਰਮਣ ਬਾਰੇ ਸੋਚ ਰਹੇ ਸਨ ਤਾਂ ਉਨ੍ਹਾਂ ਦੀ ਆਯੂ ਵੀਹ ਸਾਲ ਦੀ ਸੀ ਅਤੇ ਉਹ ਮਰਦਾਨੇ ਨੂੰ ਉਨ੍ਹਾਂ ਦਾ ਸਾਥ ਕਰਨ ਬਾਰੇ ਪੁੱਛ ਵੀ ਚੁੱਕੇ ਸਨ।[48] ਇਹ ਵੀ ਦੱਸਿਆ ਜਾਂਦਾ ਹੈ ਕਿ ਸੁਲਤਾਨਪੁਰ ਛੱਡਣ ਸਮੇਂ ਗੁਰੂ ਜੀ ਨੇ ਮਰਦਾਨੇ ਨੂੰ ਉਹੀ ਤਜਵੀਜ਼ ਯਾਦ ਕਰਾਈ ਅਤੇ ਉਸ ਨੂੰ ਦੱਸਿਆ ਕਿ ਜਿਉਂ ਹੀ ਮਰਦਾਨਾ ਉਨ੍ਹਾਂ ਨਾਲ ਚਲਣ ਲਈ ਵਿਹਲਾ ਹੋ ਜਾਵੇਗਾ ਤਾਂ ਭ੍ਰਮਣ ਲਈ ਚਲ ਪੈਣਗੇ।[49] ਜੇ ਇਨ੍ਹਾਂ ਕਥਨਾਂ ਵਿਚ ਕੁਝ ਸੱਚਾਈ ਹੈ ਤਾਂ ਇਹ ਪ੍ਰਤੀਤ ਹੁੰਦਾ ਹੈ ਕਿ ਗੁਰੂ ਜੀ ਦਾ 'ਉਦਾਸੀ' ਧਾਰਨ ਦਾ ਸਮਾਂ ਵੱਧ ਤੋਂ ਵੱਧ 25 ਸਾਲ ਦੀ ਆਯੂ ਤੋਂ ਬਾਅਦ ਦਾ ਨਹੀਂ ਹੋ ਸਕਦਾ। ਇਹ ਸਪੱਸ਼ਟ ਹੈ ਕਿ ਗੁਰੂ ਜੀ ਮਰਦਾਨੇ ਨਾਲ ਕੀਤੀ ਪਹਿਲੀ ਤਜਵੀਜ਼ ਮਗਰੋਂ ਬਹੁਤੀ ਦੇਰ ਤਲਵੰਡੀ ਨਹੀਂ ਰਹੇ ਅਤੇ ਸੁਲਤਾਨਪੁਰ ਵੀ ਉਹ ਬਹੁਤੀ ਦੇਰ ਨਹੀਂ ਟਿਕੇ ਸਨ। ਗੁਰੂ ਜੀ ਦਾ ਜਨਮ 1469 ਵਿਚ ਹੋਇਆ ਕਰਕੇ, ਇਸ ਨਾਲ ਅਸੀਂ 1495 ਦੇ ਨੇੜੇ ਪਹੁੰਚ ਜਾਂਦੇ ਹਾਂ। ਜਨਮਸਾਖੀਆਂ ਵਿਚ ਉਲੇਖ ਹੈ ਕਿ ਸੁਲਤਾਨਪੁਰ ਛੱਡਣ ਤੋਂ 12 ਸਾਲ ਪਿੱਛੋਂ ਗੁਰੂ ਜੀ ਮੁੜ ਤਲਵੰਡੀ ਆਏ ਸਨ। ਸੰਨਿਆਸੀਆਂ ਵਿਚ ਆਪਣੇ ਜਨਮ-ਅਸਥਾਨ ਤੇ 12 ਵਰ੍ਹਿਆਂ ਪਰਤ ਆਉਣ ਦੇ ਰਿਵਾਜ ਨੂੰ ਧਿਆਨ ਵਿਚ ਰਖੀਏ ਤਾਂ ਇਸ ਕਥਨ ਨੂੰ ਸੱਚ ਮੰਨਿਆ ਜਾ ਸਕਦਾ ਹੈ ਅਤੇ ਫਲਸਰੂਪ ਗੁਰੂ ਜੀ ਦੇ ਭ੍ਰਮਣ ਦਾ ਪਹਿਲਾ ਦੌਰ 1507 ਈ. ਦੇ ਲਗਭਗ ਖ਼ਤਮ ਹੋਇਆ ਪ੍ਰਤੀਤ ਹੁੰਦਾ ਹੈ।

ਜਨਮਸਾਖੀਆਂ ਨੇ ਗੁਰੂ ਜੀ ਦੀ ਇਸ ਪਹਿਲੀ ਯਾਤਰਾ ਨੂੰ 'ਉਦਾਸੀ ਪੂਰਬ ਕੀ' ਕਿਹਾ ਹੈ। ਬਹੁਤ ਸਾਰੀਆਂ ਚਮਤਕਾਰੀ ਘਟਨਾਵਾਂ ਦਾ ਸ਼ਰਧਾਪੂਰਵਕ ਵਰਣਨ ਕੀਤਾ ਗਿਆ ਹੈ, ਪਰ ਜੇ ਅਸੀਂ ਅਦਭੁਤ ਅਤੇ 'ਗੁਰੂ ਨਾਨਕ ਜੀ ਦੇ ਸ਼ਬਦਾਂ ਦੇ ਵਾਤਾਵਰਣ' ਖ਼ਾਤਰ ਪਾਏ ਗਏ ਵੇਰਵਿਆਂ ਨੂੰ ਛਡ ਦੇਈਏ ਤਾਂ ਸਾਡੇ ਕੋਲ ਉਨ੍ਹਾਂ ਸਥਾਨਾਂ ਦੀ ਨਾਮਸੂਚੀ ਤੋਂ ਸਵਾਏ ਕੁਝ ਨਹੀਂ ਰਹਿੰਦਾ ਜਿਨ੍ਹਾਂ ਦੀ ਗੁਰੂ ਜੀ ਨੇ ਕ੍ਰਮਵਾਰ ਯਾਤਰਾ ਕੀਤੀ ਸੀ। ਪੁਰਾਤਨ ਜਨਮਸਾਖੀ ਅਨੁਸਾਰ, "ਗੁਰੂ ਜੀ ਮਰਦਾਨੇ ਨੂੰ ਨਾਲ ਲੈ ਕੇ ਰਮਦੇ ਰਹੇ, ਕਿਸੇ ਨਗਰ ਵਿਚ ਨਾ ਵੜੇ, ਕਿਸੇ ਜੰਗਲ ਵਿਚ ਜਾਂ ਕਿਸੇ ਦਰਿਆ ਤੇ ਨਾ ਠਹਿਰੇ।" ਇਉਂ ਪ੍ਰਤੀਤ ਹੁੰਦਾ ਹੈ ਕਿ ਗੁਰੂ ਜੀ ਕਰੜੀ ਤਪੱਸਿਆ ਕਰ ਰਹੇ ਸਨ, ਵਿਸ਼ੇਸ਼ ਕਰਕੇ ਆਹਾਰ

47. 927 ਹਿਜਰੀ 12 ਦਸੰਬਰ, 1520 ਈ. ਤੋਂ ਆਰੰਭ ਹੁੰਦਾ ਹੈ ਅਤੇ 30 ਨਵੰਬਰ, 1521 ਈ. ਨੂੰ ਖ਼ਤਮ ਹੁੰਦਾ ਹੈ।

48. ਭਾਈ ਮਨੀ ਸਿੰਘ, ਉਪਰੋਕਤ ਰਚਨਾ, ਪੰਨਾ 104.

49. ਉਹੀ, ਪੰਨਾ 106.

ਸਬੰਧੀ। ਮਰਦਾਨੇ ਨੂੰ ਅਜੇਹੇ ਪੁਰਸ਼ ਦਾ ਸਾਥ ਪਾਲਣਾ ਮੁਸ਼ਕਲ ਪ੍ਰਤੀਤ ਹੋਇਆ ਜਿਸ ਨੂੰ ਉੱਕਾ ਹੀ ਆਹਾਰ ਦੀ ਲੋੜ ਨਹੀਂ ਸੀ।[50] ਮਹਸਿਨ ਫਾਨੀ ਲਿਖਦਾ ਹੈ, "ਪਹਿਲੋਂ ਉਹ ਥੋੜ੍ਹਾ ਬਹੁਤ ਆਹਾਰ ਕਰਦਾ ਸੀ, ਇਸ ਮਗਰੋਂ ਉਹ ਥੋੜ੍ਹੇ ਜੇਹੇ ਗੋਕੇ ਦੁੱਧ ਤੇ ਹੀ ਰਹਿਣ ਲੱਗਾ, ਫਿਰ ਥੋੜ੍ਹੀ ਜੇਹੀ ਚਿਕਨਾਈ, ਇਸ ਤੋਂ ਪਿੱਛੋਂ ਸਵਾਏ ਪਾਣੀ ਤੋਂ ਕੁਝ ਆਹਾਰ ਨਹੀਂ ਕਰਦਾ ਸੀ ਅਤੇ ਆਖ਼ਰ ਉਹ ਕੇਵਲ ਪੌਣਹਾਰੀ ਹੋ ਗਿਆ।"[51] ਭਾਈ ਗੁਰਦਾਸ ਵੀ ਗੁਰੂ ਨਾਨਕ ਜੀ ਦੀ ਅਜੇਹੀ ਤਪੱਸਿਆ ਦੀ ਸਾਖੀ ਭਰਦਾ ਹੈ,[52] ਅਤੇ ਮਰਦਾਨੇ ਦੀਆਂ ਜਨਮਸਾਖੀਆਂ ਵਿਚ ਵਰਣਿਤ ਕਠਿਨਾਈਆਂ ਜ਼ਰੂਰ ਹੀ ਬਹੁਤ ਸਖ਼ਤ ਹੋਣਗੀਆਂ ਕਿਉਂਕਿ ਗੁਰੂ ਜੀ ਆਰੰਭ ਵਿਚ ਜਾਣ ਬੁਝ ਕੇ ਹੀ ਮਨੁੱਖੀ ਵਸੋਂ ਤੋਂ ਦੂਰ ਰਹਿੰਦੇ ਰਹੇ। ਐਪਰ ਗੁਰੂ ਜੀ ਦੀ ਪਹਿਲੀ ਅਲੌਕਿਕ ਘਟਨਾ ਸ਼ੇਖ ਸਜਨ, ਜੋ ਕਿ ਇਕ ਨਾਮੀ ਠੱਗ ਸੀ, ਨਾਲ ਮਿਲਣ ਤੇ ਵਾਪਰੀ। ਕਿਹਾ ਜਾਂਦਾ ਹੈ ਕਿ ਇਸ ਆਦਮੀ ਨੇ ਆਪਣੇ ਹਿੰਦੂ ਅਤੇ ਮੁਸਲਮਾਨ ਮਹਿਮਾਨਾਂ ਲਈ ਮੰਦਰ ਅਤੇ ਮਸਜਿਦ ਬਣਾਈ ਹੋਈ ਸੀ ਅਤੇ ਉਨ੍ਹਾਂ ਦੇ ਆਰਾਮ ਲਈ ਦਿਖਾਵੇ ਵਜੋਂ ਹਰ ਲੋੜੀਂਦੀ ਵਸਤ ਮੁਹੱਈਆ ਕਰਦਾ ਸੀ। ਪਰੰਤੂ ਇਹ ਸ਼ਾਨਦਾਰ ਖਾਤਰਦਾਰੀ ਕੇਵਲ ਦਿਖਾਵਾ ਸੀ ਕਿਉਂਕਿ ਜਦ ਉਸ ਦੇ ਮਹਿਮਾਨ ਸੌਂ ਜਾਂਦੇ ਤਾਂ ਉਨ੍ਹਾਂ ਨੂੰ ਖੂਹ ਵਿਚ ਸੁਟ ਦਿੰਦਾ ਅਤੇ ਉਨ੍ਹਾਂ ਦੀ ਸੰਪੱਤੀ ਦਾ ਦੁਰਉਪਯੋਗ ਕਰਦਾ। "ਅਗਲੀ ਸਵੇਰ ਆਸਾ ਅਤੇ ਤਸਬੀ ਲੈ ਕੇ, ਮੁਸਲਾ ਵਿਛਾ ਕੇ ਸੱਚੇ ਪਾਰਸੀ ਦੀ ਤਰ੍ਹਾਂ ਦਿਲੋਂ ਪ੍ਰਾਰਥਨਾ ਕਰਨ ਬਹਿ ਜਾਂਦਾ।" ਉਸ ਗੁਰੂ ਨਾਨਕ ਨਾਲ ਵੀ ਇਹੋ ਚਾਲ ਖੇਡਣ ਦਾ ਯਤਨ ਕੀਤਾ ਪਰ ਗੁਰੂ ਜੀ ਉਸ ਨਾਲੋਂ ਅਤਿ ਸਿਆਣੇ ਸਿੱਧ ਹੋਏ ਅਤੇ ਇਹ ਘਟਨਾ ਸ਼ੇਖ ਸਜਨ ਦੇ ਪੂਰਨ ਸੁਧਾਰ ਨਾਲ ਅੰਤ ਹੁੰਦੀ ਹੈ।

ਇਸ ਤੋਂ ਪਿੱਛੋਂ ਗੁਰੂ ਜੀ ਦੀ ਅਸਲੀ ਪੂਰਬ ਦੀ ਉਦਾਸੀ ਆਰੰਭ ਹੁੰਦੀ ਹੈ, ਪਰ ਲੇਖਕਾਂ ਵਿਚ ਇੰਨਾ ਮਤਭੇਦ ਹੈ ਕਿ ਵੇਰਵਿਆਂ ਨੂੰ ਸਵੀਕਾਰ ਕਰਨਾ ਹੋਰ ਵੀ ਮੁਸ਼ਕਲ ਹੋ ਜਾਂਦਾ ਹੈ। ਪੁਰਾਤਨ ਜਨਮਸਾਖੀ ਅਨੁਸਾਰ ਗੁਰੂ ਜੀ ਅੱਗੋਂ ਪਾਨੀਪਤ ਆਏ ਪਰ ਪਿੱਛੋਂ ਦੀਆਂ ਕ੍ਰਿਤਾਂ ਇਸ ਵਿਚਾਲੇ ਕੁਰਖੇਤਰ ਅਤੇ ਹਰਦਵਾਰ ਦੀ ਯਾਤਰਾ ਦਾ ਉੱਲੇਖ ਕਰਦੀਆਂ ਹਨ। ਪੁਰਾਤਨ ਲਿਖਤਾਂ ਦੱਸਦੀਆਂ ਹਨ ਕਿ ਇਸ ਸਮੇਂ ਗੁਰੂ ਜੀ "ਪੌਣ-ਆਹਾਰ"[53] ਦਾ ਅਭਿਆਸ ਕਰਦੇ ਸਨ ਅਤੇ ਅਸੀਂ ਦੇਖ ਆਏ ਹਾਂ ਕਿ ਲਗਭਗ ਸਾਰੇ ਭਰੋਸੇਯੋਗ ਵਿਦਵਾਨ ਇਸ ਤੇ ਸਹਿਮਤ ਹਨ ਪਰੰਤੂ ਪਿਛਲੇਰੀ ਪਰੰਪਰਾ ਇਹ ਹੈ ਕਿ ਜਦ ਗੁਰੂ ਜੀ ਕੁਰਖੇਤਰ ਵਿਚ ਸਨ, ਤਾਂ ਭੋਜਨ ਲਈ ਉਨ੍ਹਾਂ ਹਿਰਨ ਰਿੰਨ੍ਹਿਆਂ ਜਿਹੜਾ ਕਿ ਉਨ੍ਹਾਂ ਦੇ ਅਨੁਯਾਈ ਨੇ ਉਨ੍ਹਾਂ ਨੂੰ ਭੇਟ ਕੀਤਾ ਸੀ। ਕਿਹਾ ਜਾਂਦਾ ਹੈ ਕਿ ਇਸ ਤੇ ਬ੍ਰਾਹਮਣਾਂ ਨੇ ਅਤਿ ਘ੍ਰਿਣਾ ਪ੍ਰਗਟ ਕੀਤੀ ਅਤੇ ਗੁਰੂ ਜੀ ਨੇ ਇਥੇ ਉਚਾਰਨ ਕੀਤਾ:

---

50. ਟਰੰਪ, ਉਪਰੋਕਤ ਰਚਨਾ, ਪੰਨਾ xiii.
51. ਦਬਿਸਤਾਨ, ਸੈਂਚੀ ਦੂਜੀ, ਪੰਨਾ 248.
52. ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 24.
53. ਟਰੰਪ, ਉਪਰੋਕਤ ਰਚਨਾ, ਪੰਨਾ xv.

ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ॥
ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ॥
ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ॥
ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ॥
ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ॥
ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ॥ ਆਦਿ[54]

(ਸਲੋਕ ਮ. ੧, ਮਲਾਰ ਕੀ ਵਾਰ, ਪੰਨਾ ੧੨੮੯)

ਇਸ ਵਿਚ ਰਤਾ ਸ਼ੱਕ ਨਹੀਂ ਹੋ ਸਕਦਾ ਕਿ ਗੁਰੂ ਜੀ ਦੇ ਮਾਸ ਰਿਨ੍ਹਣ ਦੀ ਮੂਲਿਕ ਘਟਨਾ ਘੜੀ ਹੋਈ ਹੈ। ਅਸੀਂ ਇਸ ਦਾ ਯੁਕਤੀ ਪੂਰਵਕ ਇਹ ਨਿਰਣਾ ਕਰ ਸਕਦੇ ਹਾਂ ਕਿ ਇਹ ਉਹ ਘਟਨਾ ਹੈ ਜਿਸ ਨੂੰ ਮੈਕਾਲਿਫ "ਗੁਰੂ ਨਾਨਕ ਜੀ ਦੇ ਸ਼ਬਦਾਂ ਅਤੇ ਬਾਣੀ ਦਾ ਵਾਤਾਵਰਣ" ਦਾ ਨਾਂ ਦਿੰਦਾ ਹੈ। ਦੂਜੇ ਸ਼ਬਦਾਂ ਵਿਚ ਸਾਰੀ ਕਹਾਣੀ ਸਲੋਕਾਂ ਵਿਚ ਸੁਝਾਈ ਗਈ ਹੈ ਜੋ ਬ੍ਰਾਹਮਣਾਂ ਦੀ ਘ੍ਰਿਣਾ ਦੇ ਉੱਤਰ ਵਿਚ ਗੁਰੂ ਨਾਨਕ ਜੀ ਤੋਂ ਕਹਾਏ ਗਏ ਹਨ। ਇਹ ਵੀ ਹੋ ਸਕਦਾ ਹੈ ਕਿ ਇਕ ਹੋਰ ਵਿਚਾਰ ਇਥੇ ਕੰਮ ਕਰ ਰਿਹਾ ਹੋਵੇ। ਗੁਰੂ ਹਰਿਗੋਬਿੰਦ ਜੀ ਛੇਵੇਂ ਗੁਰੂ ਸਨ ਜਿਨ੍ਹਾਂ ਪਹਿਲੀ ਵਾਰ ਆਪਣੇ ਅਨੁਯਾਈਆਂ ਨੂੰ ਮਾਸ ਖਾਣ ਦੀ ਆਗਿਆ ਦਿੱਤੀ ਕਿਉਂਕਿ ਦਬਿਸਤਾਨ ਦੀ ਗਵਾਹੀ ਤੋਂ ਇਹ ਸਿੱਧ ਹੈ ਕਿ ਸਿੱਖ ਮਤ ਦੇ ਆਰੰਭਿਕ ਸਮੇਂ ਵਿਚ ਇਸ ਦੀ ਆਗਿਆ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਸੀ। ਮੋਹਸਿਨ ਫਾਨੀ ਕਹਿੰਦਾ ਹੈ, "ਆਪਣੇ ਅਨੁਯਾਈਆਂ ਨੂੰ ਸ਼ਰਾਬ ਪੀਣ ਅਤੇ ਮਾਸ ਖਾਣ ਦੀ ਮਨਾਹੀ ਕਰਕੇ ਉਨ੍ਹਾਂ (ਗੁਰੂ ਨਾਨਕ ਜੀ) ਆਪ ਵੀ ਮਾਸ ਖਾਣੋਂ ਪ੍ਰਹੇਜ਼ ਕੀਤਾ ਅਤੇ ਆਦੇਸ਼ ਦਿੱਤਾ ਕਿ ਕਿਸੇ ਵੀ ਜੀਵ ਨੂੰ ਨਾ ਸਤਾਇਆ ਜਾਏ। ਉਨ੍ਹਾਂ ਪਿੱਛੋਂ ਅਨੁਯਾਈ ਇਸ ਸਿੱਖਿਆ ਤੋਂ ਅਵੇਸਲੇ ਹੋ ਗਏ ਪਰੰਤੂ ਅਰਜਨ ਮੱਲ, ਜੋ ਉਨ੍ਹਾਂ ਦੇ ਮਤ ਦੇ ਪ੍ਰਤੀਨਿਧਾਂ ਵਿਚੋਂ ਇਕ ਸੀ, ਨੇ ਮਾਸ ਖਾਣ ਦੀ ਮਨਾਹੀ ਫਿਰ ਕਰ ਦਿੱਤੀ ਅਤੇ ਕਿਹਾ ਕਿ ਇਸ ਨੂੰ ਨਾਨਕ ਨੇ ਵੀ ਪ੍ਰਵਾਨ ਨਹੀਂ ਕੀਤਾ ਸੀ।"[55] ਇਹ ਅਸੰਭਵ ਨਹੀਂ ਕਿ ਜਦ ਸਿੱਖਾਂ ਵਿਚ ਮਾਸ ਖਾਣਾ ਆਮ ਹੋ ਗਿਆ ਤਾਂ ਇਹ ਕਹਾਣੀ ਗੁਰੂ ਨਾਨਕ ਜੀ ਦੀ ਸਿੱਖਿਆ ਅਤੇ ਵਿਵਹਾਰ ਵਿਚੋਂ ਪ੍ਰਮਾਣ ਲੱਭਣ ਲਈ ਘੜੀ ਗਈ ਹੋਵੇ ਅਤੇ ਵਿਚਾਰ ਅਧੀਨ ਸ਼ਲੋਕਾਂ ਨੂੰ ਲੋੜ ਅਨੁਸਾਰ ਵਰਤ ਲਿਆ ਗਿਆ ਹੋਵੇ, ਜੋ ਵਾਸਤਵ ਵਿਚ ਨਾ ਹੀ ਮਾਸ ਖਾਣ ਦੀ ਪੁਸ਼ਟੀ ਕਰਦੇ ਹਨ ਅਤੇ ਨਾ ਹੀ ਮਨਾਹੀ। ਇਹ ਤਾਂ ਉਨ੍ਹਾਂ ਲਈ ਇਕ ਧਾਰਮਕ ਉਪਦੇਸ਼ ਸੀ ਜੋ ਧਾਰਮਕ ਪਵਿੱਤਰਤਾ ਨੂੰ ਮਾਸ ਖਾਣ ਦੇ ਪ੍ਰਹੇਜ਼ ਵਿਚ ਰਲ ਗੱਡ ਕਰ ਦਿੰਦੇ। ਇਸ ਪ੍ਰਕਾਰ ਪਿਛਲੇਰੀਆਂ ਕ੍ਰਿਤਾਂ ਬਹੁਤੀਆਂ ਹਾਲਤਾਂ ਵਿਚ ਇਸ ਰਲ ਗੱਡ ਨੂੰ ਹੋਰ ਵੀ ਜਟਿਲ ਬਣਾ ਦਿੰਦੀਆਂ ਹਨ ਅਤੇ ਇਨ੍ਹਾਂ ਵਿਚ ਗੰਭੀਰ ਇਤਿਹਾਸ ਨਹੀ ਉਪਯੋਗੀ ਸਾਮੱਗਰੀ ਦੀ ਆਸ ਰੱਖਣਾ ਨਿਸਫਲ ਹੈ। ਸੋ ਅਸੀਂ ਗੁਰੂ ਨਾਨਕ ਜੀ ਦੀਆਂ ਪਿਛਲੇਰੀਆਂ ਘਟਨਾਵਾਂ ਨੂੰ ਉਲੀਕਣ ਲਈ ਕੇਵਲ ਪੁਰਾਤਨ-ਲਿਖਤਾਂ ਉੱਤੇ ਹੀ ਨਿਰਭਰ ਹੋ ਸਕਦੇ ਹਾਂ।

54. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 47 ਤੋਂ 49.
55. ਦਬਿਸਤਾਨ, ਸੈਂਚੀ ਪਹਿਲੀ, ਪੰਨਾ 248.

ਪਾਨੀਪਤ ਦੇ ਸਥਾਨ ਤੇ ਗੁਰੂ ਜੀ ਇਕ ਸ਼ੇਖ ਸ਼ਰਫ ਨਾਮੀ ਫ਼ਕੀਰ ਨਾਲ ਮਿਲੇ ਦੱਸੇ ਗਏ ਹਨ। ਇਸ ਨਾਲ ਉਨ੍ਹਾਂ ਦੀ ਇਕ ਲੰਮੀ ਗੋਸ਼ਟੀ ਹੋਈ ਜਿਸ ਦੇ ਅੰਤ ਵਿਚ ਸ਼ੇਖ ਨੇ ਗੁਰੂ ਨਾਨਕ ਜੀ ਨੂੰ ਇਕ ਉੱਚ-ਪ੍ਰਾਣੀ ਮੰਨਿਆ ਅਤੇ 'ਉਨ੍ਹਾਂ ਦੇ ਹਥ ਪੈਰ ਚੁੰਮੇ ਅਤੇ ਆਪਣੇ ਡੇਰੇ ਚਲਾ ਗਿਆ।' ਇਸ ਤੋਂ ਅੱਗੋਂ ਗੁਰੂ ਜੀ ਨੇ ਦਿੱਲੀ ਜਾ ਕੇ ਸੁਲਤਾਨ ਇਬਰਾਹੀਮ ਲੋਧੀ ਦਾ ਮਰਿਆ ਹਾਥੀ ਜੀਉਂਦਾ ਕਰ ਦਿੱਤਾ। ਇਕ ਜਾਂ ਦੋ ਮਾਮੂਲੀ ਘਟਨਾਵਾਂ ਪਿੱਛੋਂ ਗੁਰੂ ਜੀ ਅਤੇ ਮਰਦਾਨਾ ਬਨਾਰਸ ਪਹੁੰਚਦੇ ਹਨ। ਇਥੇ ਇਕ ਚਤਰਦਾਸ ਨਾਂ ਦਾ ਬ੍ਰਾਹਮਣ ਰਹਿੰਦਾ ਸੀ ਜਿਸ ਨਾਲ ਗੁਰੂ ਜੀ ਦਾ ਲੰਮਾ ਵਾਦ-ਵਿਵਾਦ ਹੋਇਆ ਦੱਸਿਆ ਗਿਆ ਹੈ। ਜਿਵੇਂ ਕਿ ਸਾਰੀਆਂ ਘਟਨਾਵਾਂ ਵਿਚ ਹੁੰਦਾ ਰਿਹਾ ਹੈ, ਬ੍ਰਾਹਮਣ ਵੀ ਅੰਤ ਵਿਚ ਨਿਰਮਾਣ ਹੋ ਜਾਂਦਾ ਹੈ। ਇਹ ਵੇਰਵੇ 'ਵਾਤਾਵਰਣ' ਉਪਜਾਣ ਲਈ ਹਨ ਇਸ ਲਈ ਸਾਨੂੰ ਇਨ੍ਹਾਂ ਨੂੰ ਵਿਚਾਰਨ ਦੀ ਲੋੜ ਨਹੀਂ। ਇਸ ਤੋਂ ਅੱਗੇ ਅਸੀਂ ਨਾਨਕਮਤੇ[56] ਦੀ ਘਟਨਾ ਤੇ ਆਉਂਦੇ ਹਾਂ। ਇਥੇ ਬਹੁਤ ਬੜਾ ਪਿੱਪਲ ਦਾ ਬ੍ਰਿਛ, ਜਿਸ ਨਾਲ ਅਨੇਕਾਂ ਧਾਰਮਕ ਯਾਦਾਂ ਜੁੜੀਆਂ ਹੋਈਆਂ ਹਨ, ਕਈ ਬਰਸਾਂ ਤੋਂ ਸੁੱਕਿਆ ਹੋਇਆ ਸੀ, ਪਰ ਕਿਹਾ ਗਿਆ ਹੈ ਕਿ ਗੁਰੂ ਜੀ ਦੇ ਥੋੜ੍ਹੀ ਜਿੰਨੀ ਧੂਣੀ ਰਮਾਉਣ ਨਾਲ ਮੁੜ ਹਰਿਆ ਭਰਿਆ ਹੋ ਗਿਆ। ਇਹ ਦੇਖ ਕੇ ਉਥੋਂ ਦੇ ਜੋਗੀ ਅਚੰਭਿਤ ਰਹਿ ਗਏ ਅਤੇ ਸੰਖੇਪ ਜੇਹੀ ਵਾਰਤਾਲਾਪ ਪਿੱਛੋਂ ਉਨ੍ਹਾਂ ਗੁਰੂ ਜੀ ਨੂੰ ਪ੍ਰਣਾਮ ਕੀਤਾ। ਮੰਦੇ ਭਾਗਾਂ ਨੂੰ ਇਸ ਤੋਂ ਅਗੇ ਜਨਮਸਾਖੀ ਗੰਭੀਰਤਾ ਛੱਡ ਕੇ ਪੂਰਨ ਭਾਂਤ ਕਾਲਪਨਿਕ ਖੇਤਰ ਵਿਚ ਉਤਰ ਆਉਂਦੀ ਹੈ। ਗੁਰੂ ਜੀ ਦੀ ਠੱਗਾਂ ਨਾਲ ਭੇਟ, ਜੋ ਗੁਰੂ ਜੀ ਨੂੰ ਮਾਰਨ ਅਤੇ ਲੁੱਟਣ ਆਉਂਦੇ ਹਨ ਅਤੇ ਜਿਨ੍ਹਾਂ ਨੂੰ ਚਿਤਾ ਉੱਤੇ ਰਾਮਗਣ ਅਤੇ ਜਮਗਣ ਝਗੜਦੇ ਦਿਖਾ ਕੇ ਸੁਮੱਤ ਦਿੱਤੀ ਗਈ ਹੈ। ਉਨ੍ਹਾਂ ਦੀ ਕਉਰੂ ਦੇਸ਼ (ਕਾਮਰੂਪ) ਦੀ ਯਾਤਰਾ ਜਿਥੇ ਇਕ ਜਾਦੂਗਰਨੀ ਮਰਦਾਨੇ ਨੂੰ ਮੇਢਾ ਬਣਾ ਦਿੰਦੀ ਹੈ ਅਤੇ ਜਿਸ ਨੂੰ ਗੁਰੂ ਜੀ ਸ਼ਕਤੀ ਦੁਆਰਾ ਮੁੜ ਮਨੁੱਖੀ ਰੂਪ ਵਿਚ ਪਲਟਾ ਦਿੰਦੇ ਹਨ ਅਤੇ ਆਪਣੇ ਸਾਰੇ ਜੰਤ੍ਰ ਮੰਤ੍ਰ ਗੁਰੂ ਜੀ ਤੇ ਨਾ ਚਲਦੇ ਦੇਖ ਕੇ ਜਾਦੂਗਰਨੀਆਂ ਦੀ ਮੁਖੀਆ ਨੂਰ ਸ਼ਾਹਿ ਗੁਰੂ ਨਾਨਕ ਜੀ ਦੇ ਪੈਰੀਂ ਪੈਂਦੀ ਹੈ ਅਤੇ 'ਨਾਮ' ਦੀ ਉਪਾਸ਼ਕ ਬਣਦੀ ਹੈ। ਉਨ੍ਹਾਂ ਦੀ ਕਲਜੁਗ ਨਾਲ ਭੇਟ, ਜੋ ਉਨ੍ਹਾਂ ਨੂੰ ਡਰਾਉਣ ਲਈ ਸਾਖ਼ਸ਼ਾਤ ਰੂਪ ਧਾਰਨ ਕਰਕੇ ਆਉਂਦਾ ਹੈ। ਗੁਰੂ ਜੀ ਦੀ ਕੀੜ ਨਗਰ ਦੀ ਯਾਤਰਾ ਜਿੱਥੇ ਉਨ੍ਹਾਂ ਨੂੰ "ਜਿੱਧਰ ਦੇਖਦੇ ਹਨ ਬ੍ਰਿਛ, ਝਾੜ ਸਭ ਕੁਝ ਸਿਆਹ ਦਿਖਾਈ ਦਿੰਦਾ ਹੈ।" ਇਹ ਸਾਰੀਆਂ ਘਟਨਾਵਾਂ ਕਾਲਪਨਿਕ ਮੰਡਲ ਦੀਆਂ ਹਨ। ਸੱਚ ਤਾਂ ਇਹ ਲਗਦਾ ਹੈ ਕਿ ਗੁਰੂ ਜੀ ਦੇ ਪੰਜਾਬ ਪਰਤ ਆਉਣ ਤਕ ਅਸੀਂ ਕਿਸੇ ਸੰਭਵ ਘਟਨਾ ਦਾ ਧੁੰਦਲਾ ਨਜ਼ਾਰਾ ਹੀ ਦੇਖ ਸਕਦੇ ਹਾਂ। ਗੁਰੂ ਜੀ ਦੀ ਇਸ ਪਹਿਲੀ ਉਦਾਸੀ

---

56. ਸੰਯੁਕਤ ਪ੍ਰਾਂਤਾਂ ਵਿਚ ਪੀਲੀਭੀਤ ਦੇ ਉੱਤਰ ਵਿਚ 20 ਕੁ ਮੀਲ ਦੀ ਵਿਥ ਤੇ ਸਥਿਤ ਹੈ। ਮੈਕਾਲਿਫ ਕਹਿੰਦਾ ਹੈ ਕਿ ਇਸ ਥਾਂ ਦਾ ਅਸਲੀ ਨਾਂ ਗੋਰਖਮਤਾ ਸੀ ਪਰ ਹੁਣ ਗੁਰੂ ਜੀ ਦੀ ਯਾਤਰਾ ਦੀ ਯਾਦ ਵਿਚ ਨਾਨਕਮਤਾ ਕਿਹਾ ਜਾਂਦਾ ਹੈ। (ਦੇਖੋ ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 59)। ਜਿਵੇਂ ਕਿ ਅਸੀਂ ਪਿੱਛੋਂ ਦੇਖਾਂਗੇ, ਇਹ ਥਾਂ ਸਿੱਖ ਮਤ ਦੇ ਇਤਿਹਾਸ ਵਿਚ ਬਹੁਤ ਮਹੱਤਵਪੂਰਨ ਬਣ ਗਈ ਅਤੇ ਦੱਸਿਆ ਗਿਆ ਹੈ ਕਿ ਗੁਰੂ ਹਰਿਗੋਬਿੰਦ ਸਿੰਘ ਇਸ ਨੂੰ ਜੋਗੀਆਂ ਤੋਂ ਛੁਡਾਉਣ ਲਈ ਫ਼ੌਜ ਲੈ ਕੇ ਗਏ, ਜਦ ਜੋਗੀਆਂ ਨੇ ਇਸ ਤੇ ਕਬਜ਼ਾ ਕਰ ਲਿਆ ਸੀ।

ਸਮੇਂ ਸਿਰਫ਼ ਇਕ ਹੋਰ ਘਟਨਾ ਉਨ੍ਹਾਂ ਦੀ ਸ਼ੇਖ ਬ੍ਰਹਮ ਨਾਲ ਹੋਈ ਭੇਟ ਦੇਖੀ ਜਾ ਸਕਦੀ ਹੈ, ਜੋ ਉਸ ਸਮੇਂ ਅਜੋਧਨ ਵਿਚ ਸ਼ੇਖ ਫਰੀਦ ਦੀ ਦਰਗਾਹ ਦਾ ਪੀਰ ਸੀ[57] ਜਾਪਦਾ ਹੈ ਕਿ ਮਰਦਾਨਾ ਹੁਣ ਤਕ ਕਾਫ਼ੀ ਪੈਂਡਾ, ਦੁਖੜੇ ਅਤੇ ਭੁੱਖ ਸਹਾਰ ਚੁੱਕਾ ਸੀ, ਉਹ ਘਰ ਵਾਪਸ ਮੁੜਨ ਲਈ ਉਤਾਵਲਾ ਹੋ ਉਠਿਆ। ਗੁਰੂ ਜੀ ਨੇ 12 ਸਾਲਾਂ ਮਗਰੋਂ ਇਕ ਵਾਰ ਆਪਣੇ ਜਨਮ-ਸਥਾਨ ਤੇ ਜਾਣਾ ਉਚਿਤ ਸਮਝਿਆ, ਸੋ ਉਹ ਉਸੇ ਰਾਹ ਤਲਵੰਡੀ ਨੂੰ ਪਰਤ ਆਏ।[58]

ਜਨਮਸਾਖੀਆਂ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਗੁਰੂ ਜੀ ਨੇ ਹੁਣ ਸਾਰੇ ਪੰਜਾਬ ਦਾ ਲੰਮਾ ਚੌੜਾ ਭ੍ਰਮਣ ਕਰਨਾ ਸ਼ੁਰੂ ਕੀਤਾ। ਪਰੰਤੂ ਅਸੀਂ ਪਹਿਲਾਂ ਹੀ ਆਪਣੇ ਵਿਚਾਰ ਦੇ ਕਾਰਨਾਂ ਨੂੰ ਦੱਸ ਚੁੱਕੇ ਹਾਂ ਕਿ ਇਸ ਉਦਾਸੀ ਨਾਲ ਸੰਬੰਧਿਤ ਘਟਨਾਵਾਂ ਇਸ ਪਿੱਛੋਂ ਵਾਪਰਨੀਆਂ ਚਾਹੀਦੀਆਂ ਹਨ। ਹੁਣ ਅਸੀਂ ਸਿੱਧਾ ਗੁਰੂ ਜੀ ਦੀ ਦੱਖਣ ਵੱਲ ਕੀਤੀ ਦੂਜੀ ਉਦਾਸੀ ਨੂੰ ਲੈਂਦੇ ਹਾਂ। ਇਹ ਦੱਸਿਆ ਗਿਆ ਹੈ ਕਿ ਜੱਟ ਸੈਦੋ ਅਤੇ ਜੱਟ ਘੋਹੇ ਨੂੰ ਨਾਲ ਲੈ ਕੇ ਗੁਰੂ ਜੀ ਦੱਖਣ ਵੱਲ ਨੂੰ ਤੁਰ ਪਏ ਅਤੇ ਦਰਾਵੜ ਦੇਸ਼ ਵਿਚ ਜਾ ਪਹੁੰਚੇ। ਇਸ ਵਾਰੀ ਗੁਰੂ ਜੀ ਆਹਾਰ ਲਈ ਕਚਕੋਲ ਵਿਚ ਟੁਕੜੇ ਮੰਗ ਮੰਗ ਭਰਦੇ ਸਨ ਅਤੇ ਉਨ੍ਹਾਂ ਦਾ ਪਹਿਰਾਵਾ, "ਤੁਦਹੁ ਪੈਰੀਂ ਖੜਾਵਾਂ ਕਾਠ ਦੀਆਂ। ਹਥਿ ਆਸਾ। ਸਿਰ ਰਸੇ ਪਲੇਟੇ। ਮਥੇ ਟਿਕਾ ਬਿੰਦੁਲੀ ਕਾ।"[59] ਪਰੰਤੂ ਸਾਰਾ ਵਰਣਨ ਨਿਰੀਆਂ ਕਾਲਪਨਿਕ ਕਥਾਵਾਂ ਨਾਲ ਇੰਨਾ ਲੱਦਿਆ ਹੋਇਆ ਹੈ ਕਿ ਇਨ੍ਹਾਂ ਦੀ ਪ੍ਰਮਾਣਿਕਤਾ ਤੇ ਸ਼ੰਕਾ ਪ੍ਰਗਟ ਕਰਨ ਉੱਤੇ ਟਰੰਪ ਤੇ ਦੋਸ਼ ਲਾਉਣਾ ਕਠਨ ਹੈ। ਵਾਸਤਵ ਵਿਚ ਗੁਰੂ ਜੀ ਦੀ ਜੈਨੀ ਸਾਧੂ ਨਾਲ ਮੁਲਾਕਾਤ ਅਤੇ ਲੰਕਾ ਦੇ ਰਾਜਾ ਸ਼ਿਵਨਾਥ ਨਾਲ ਹੋਏ ਸਬੰਧਾਂ ਦੇ ਕੁਝ ਇਕ ਪੱਖਾਂ ਤੋਂ ਸਵਾਏ ਇਹ ਸਾਰੀ ਵਸਤ ਪਰਾ-ਸਰੀਰਕ ਮੰਡਲ ਵਿਚ ਇਕ ਲੰਮੀ ਯਾਤਰਾ ਪ੍ਰਤੀਤ ਹੁੰਦੀ ਹੈ। ਗੁਰੂ ਜੀ ਦੀ ਲੰਕਾ ਫੇਰੀ ਬਾਰੇ ਟਰੰਪ ਲਿਖਦਾ ਹੈ, "ਇਹ ਉੱਕਾ ਹੀ ਗ਼ਲਤ ਕਿਆਸ ਤੇ ਆਧਾਰਿਤ ਹੈ। ਲੰਕਾ ਦੇ ਰਾਜਾ ਅਤੇ ਜਨਤਾ ਨੂੰ ਸਾਧਾਰਨ ਹਿੰਦੂਆਂ ਵਾਂਗ ਪੇਸ਼ ਕੀਤਾ ਗਿਆ ਹੈ। ਸਿੱਖ ਲੇਖਕ ਇਸ ਤੱਥ ਤੋਂ ਮੂਲੋਂ ਅਣਜਾਣ ਹੈ ਕਿ ਉਥੋਂ ਦਾ ਪ੍ਰਚੱਲਿਤ ਧਾਰਮਕ-ਵਿਸ਼ਵਾਸ ਬੁੱਧ ਮਤ ਸੀ। ਗੁਰੂ ਨਾਨਕ ਜੀ ਦਾ ਉਥੇ ਸੰਗਤ ਸਥਾਪਨ ਕਰਨਾ ਜਿਸ ਦੀ ਪਰਮਾਰਥੀ ਸੇਵਾ-ਮਰਯਾਦਾ ਵਿਸਤਾਰ ਵਿਚ ਵੀ ਦਿੱਤੀ ਹੈ, ਇਤਿਹਾਸ ਦੇ ਉਲਟ ਹੈ ਅਤੇ ਪਿਛੇਲੇਰੇ ਸਮਿਆਂ ਦੀ ਕਾਢ ਹੈ, ਜਦ ਕਿ ਸਿੱਖ ਮਤ ਦੱਖਣ ਵੱਲ ਫੈਲਣਾ ਸ਼ੁਰੂ ਹੋਇਆ"।[60] ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ ਇਹ ਟੀਕਾ ਟਿੱਪਣੀ ਪੂਰਨ ਭਾਂਤ ਅਯੋਗ ਹੈ, ਪਰ ਇਹਦੇ ਨਾਲ ਹੀ ਇਸ ਵਿਚ ਵੀ ਸੰਦੇਹ ਨਹੀਂ ਕਿ ਵੇਰਵਾ ਭਾਵੇਂ ਕੁਝ ਵੀ ਹੋਵੇ ਗੁਰੂ ਨਾਨਕ ਜੀ ਦੀ ਦੱਖਣੀ ਭਾਰਤ ਅਤੇ ਲੰਕਾ ਦੀ ਫੇਰੀ ਦੀ ਮੂਲ ਕਥਾ, ਢਾਕੇ ਵਿਚ ਸ. ਗੁਰਬਖ਼ਸ਼ ਸਿੰਘ ਨੂੰ ਲੱਭੀ ਇਕ ਹੱਥ-ਲਿਖਤ ਦੇ ਦੱਖਣੀ ਭਾਰਤ ਅਤੇ ਲੰਕਾ ਦੇ

57. ਜਨਮਸਾਖੀ ਅਨੁਸਾਰ ਗੁਰੂ ਜੀ ਸ਼ੇਖ ਫ਼ਰੀਦ ਨੂੰ ਹੀ ਮਿਲੇ ਪਰ ਜਿਵੇਂ ਕਿ ਉਹ ਮੁੱਦਤ ਹੋਈ ਮਰ ਚੁੱਕਾ ਸੀ ਉਸ ਸਮੇਂ ਉਸ ਦੀ ਗੱਦੀ ਦੇ ਵਾਰਿਸ ਤੋਂ ਹੀ ਭਾਵ ਹੈ (ਦੇਖੋ ਮੈਕਾਲਿਫ, ਉਪਰੋਕਤ ਰਚਨਾ। ਸੈਂਚੀ ਪਹਿਲੀ, ਪੰਨਾ 84)

58. ਪਿਛਲੇਰੀਆਂ ਰਚਨਾਵਾਂ ਦੀ ਮੱਦਦ ਨਾਲ ਮੈਕਾਲਿਫ ਵਿਸਤਾਰ ਭਰਪੂਰ ਵੇਰਵਾ ਦਿੰਦਾ ਹੈ, ਪਰ ਅਸੀਂ ਵਾਧੂ ਵੇਰਵਿਆਂ ਨੂੰ ਛੱਡਣ ਦੇ ਕਾਰਨਾਂ ਬਾਰੇ ਪਹਿਲੋਂ ਹੀ ਕਈ ਥਾਵਾਂ ਤੇ ਕਹਿ ਚੁੱਕੇ ਹਾਂ।

59. ਟਰੰਪ, ਉਪਰੋਕਤ ਰਚਨਾ, ਪੰਨਾ xxxiv.

60. ਟਰੰਪ, ਉਪਰੋਕਤ ਰਚਨਾ, ਪੰਨਾ v. vi.

ਗੁਰਦਵਾਰਿਆਂ ਦਾ ਯਾਤਰਾ ਮਾਰਗ ਦੱਸਦਾ ਹੈ ਅਤੇ ਇਹ ਸਪੱਸ਼ਟ ਹੈ ਕਿ ਇਸ ਦਾ ਲਿਖਾਰੀ 1675 ਈ. ਤੋਂ ਬਹੁਤ ਚਿਰ ਪਹਿਲਾਂ ਹੋਇਆ ਹੈ।[61] ਸਾਨੂੰ ਦੱਸਿਆ ਗਿਆ ਹੈ ਕਿ ਉਸ ਨੇ ਮਲਿਆਲਮ ਵਿਚ ਬਤਰਾ ਸਿੱਖਾਂ ਦੀਆਂ ਕਿਤੇ ਕਿਤੇ ਬਸਤੀਆਂ ਦੇਖੀਆਂ ਅਤੇ ਸਤੂਰ (Sattur) ਵਿਚ ਸ਼ਿਵਨਾਥ ਦੇ ਪੋਤੇ ਮਾਇਆ ਦਮਨ ਨੂੰ ਮਿਲਿਆ। ਇਸ ਲਈ ਗੁਰੂ ਜੀ ਦੀ ਦੱਖਣ ਫੇਰੀ ਦੀ ਨਿੱਗਰ ਸਚਾਈ ਸਥਾਪਿਤ ਹੋ ਗਈ ਸਮਝਣੀ ਚਾਹੀਦੀ ਹੈ ਬਾਵਜੂਦ ਇਸ ਦੇ ਕਿ ਲੰਕਾ ਦੇ ਸਭ ਤੋਂ ਵੱਡੇ ਮੰਦਰ ਵਿਚ ਨਿਤ ਦੇ ਯੁੱਗ ਵਿਚ ਵਰਤੀਂਦੀ ਰਸਦ ਦੇ ਉਲੇਖ ਵਿਚ ਯਾਤਰੂ ਨੇ ਅਤਿਕਥਨੀ ਕੀਤੀ।[62]

ਲੰਕਾ ਤੋਂ ਵਾਪਸ ਆ ਕੇ ਗੁਰੂ ਜੀ ਥੋੜ੍ਹੇ ਦਿਨ ਤਲਵੰਡੀ ਰਹੇ ਦੱਸੇ ਜਾਂਦੇ ਹਨ ਅਤੇ ਫਿਰ "ਉਤਰਖੰਡ ਦੀ ਤੀਜੀ ਉਦਾਸੀ ਲਈ ਚਲ ਪਏ।" ਇਸ ਵਾਰ ਉਨ੍ਹਾਂ ਨਾਲ ਹਸੂ ਲੁਹਾਰ ਅਤੇ ਸ਼ੀਹਾਂ ਛੀਂਬਾ ਸੀ। "ਇਸ ਉਦਾਸੀ ਸਮੇਂ ਗੁਰੂ ਜੀ ਅੱਕ ਦੀਆਂ ਸੁੱਕੀਆਂ ਖੱਖੜੀਆਂ ਅਤੇ ਫੁੱਲ ਆਹਾਰ ਕਰਦੇ ਸਨ। ਉਨ੍ਹਾਂ ਨੇ ਪੈਰੀਂ ਚਮੜਾ, ਸਿਰ ਉੱਤੇ ਚਮੜਾ, ਅਤੇ ਸਾਰਾ ਤਨ ਚਮੜੇ ਨਾਲ ਲਪੇਟਿਆ ਹੋਇਆ ਸੀ ਅਤੇ ਮੱਥੇ ਕੇਸਰ ਦਾ ਟਿੱਕਾ ਲਾਇਆ ਹੋਇਆ ਸੀ।" ਉਹ ਸਿੱਧੇ ਕਸ਼ਮੀਰ ਗਏ, ਉਥੇ ਉਨ੍ਹਾਂ ਪੰਡਿਤ ਬ੍ਰਹਮ ਦਾਸ ਦਾ ਇਕੋ ਹੀ ਚਮਤਕਾਰ ਨਾਲ ਮਾਣ ਤੋੜਿਆ ਅਤੇ ਬਹੁਤ ਸਾਰੇ ਲੋਕ ਉਨ੍ਹਾਂ ਦੇ ਸ਼ਰਧਾਲੂ ਬਣ ਗਏ। ਜਿਥੋਂ ਗੁਰੂ ਜੀ ਅਗਾਂਹ ਉੱਤਰ ਵੱਲ ਵਧੇ ਅਤੇ ਸਵਾ ਲੱਖ ਪਰਬਤ ਲੰਘ ਕੇ ਸੁਮੇਰ ਪਰਬਤ ਤੇ ਜਾ ਚੜ੍ਹੇ ਜਿਥੇ ਮਹਾਂਦੇਵ ਦਾ ਅਸਥਾਨ ਸੀ। ਉਥੇ ਗੁਰੂ ਜੀ ਦੀ ਸਿੱਧਾਂ ਦੀ ਮੰਡਲੀ ਨਾਲ ਭੇਂਟ ਹੋਈ ਦੱਸੀ ਜਾਂਦੀ ਹੈ। ਤੂੰ ਕੌਣ ਹੈ? ਕਿਵੇਂ ਇਥੇ ਆਇਆ ਹੈਂ? ਆਦਿ ਸਾਧਾਰਨ ਪ੍ਰਸ਼ਨਾਂ ਮਗਰੋਂ ਸਿੱਧਾਂ ਨੇ ਪੁੱਛਿਆ ਮਾਤ ਲੋਕ ਵਿਚ ਕ੍ਰਿਆ ਵਰਤਾਰਾ ਹੈ? ਉੱਤਰ ਵਿਚ ਗੁਰੂ ਜੀ ਨੇ ਫੁਰਮਾਇਆ :

"ਸਚੁ ਚੰਦ੍ਰਮਾਂ ਕੂੜੁ ਅੰਧਾਰਾ।
ਕੂੜੁ ਅਮਾਵਸਿ ਵਰਤਿਆ ਹਉ ਭਾਲਣਿ ਚੜ੍ਹਿਆ ਸੰਸਾਰਾ।
ਪਾਪ ਗਿਰਾਸੀ ਪਿਰਥਮੀ ਧਉਲੁ ਖੜਾ ਧਰਿ ਹੇਠ ਪੁਕਾਰਾ।
ਸਿਧ ਛਪਿ ਬੈਠੇ ਪਰਬਤੀ ਕਉਣ ਜਗਤਿ ਕਉ ਪਾਰਿ ਉਤਾਰਾ।
ਜੋਗੀ ਗਿਆਨ ਵਿਹੂਣਿਆ ਨਿਸ ਦਿਨ ਅੰਗਿ ਲਗਾਏ ਛਾਰਾ।
ਬਾਝੁ ਗੁਰੂ ਡੁਬਾ ਜਗੁ ਸਾਰਾ।।"[63]

(ਭਾਈ ਗੁਰਦਾਸ, ਵਾਰ ਪਹਿਲੀ, ਪਉੜੀ ੨੯)

ਇਸ ਪਿੱਛੋਂ ਸਿੱਧਾਂ ਨੇ ਗੁਰੂ ਨੂੰ ਕਰਾਮਾਤ ਦੁਆਰਾ ਜਿੱਤਣਾ ਚਾਹਿਆ ਪਰ ਉਹ

---

61. *Dacca Review*, 1916, p. 376.

62. *Glossary of Punjab Tribes and Castes*. Vol. 1, p. 687. ਇਸ ਤੋਂ ਅਗੋਂ ਇਹ ਵੀ ਕਿਹਾ ਗਿਆ ਹੈ ਕਿ ਸਿੱਖ ਰਚਨਾਵਾਂ ਵਿਚ ਸ਼ਿਵਨਾਬ ਨਾਂ ਦਿੱਤਾ ਹੈ, ਸ਼ਿਵਨਾਥ ਨਹੀਂ .... ਇਹ ਸੰਭਵ ਹੈ ਕਿ ਨਾਂ ਕਿਸੇ ਮਨੋਰਥ ਲਈ ਬਦਲ ਲਿਆ ਹੋਵੇ ਅਤੇ ਸਿੱਖ ਰਚਨਾਵਾਂ ਵਿਚ ਜੋ ਜਾਫਨਾ (Jaffna) ਵਿਚ ਪ੍ਰਚੱਲਿਤ ਸੀ ਠੀਕ ਦਿੱਤਾ ਹੈ। ਇਸ ਦੀ ਇਕ ਹੋਰ ਵਿਆਖਿਆ ਹੈ ਕਿ ਫ਼ਾਰਸੀ ਅੱਖਰਾਂ ਵਿਚ ਪੂਰਬਲੇ ਇਤਿਹਾਸਕਾਰਾਂ ਨੇ ਸ਼ਿਵਨਾਬ ਗ਼ਲਤੀ ਨਾਲ ਸ਼ਿਵਨਾਥ ਪੜ੍ਹ ਲਿਆ ਹੈ। ਗੁਰਮੁਖੀ ਵਿਚ ਵੀ ਸ਼ਿਵਨਾਬ ਗ਼ਲਤੀ ਨਾਲ ਸ਼ਿਵਨਾਥ ਪੜ੍ਹ ਹੋ ਸਕਦਾ ਹੈ ਕਿਉਂਕਿ 'ਬ' ਅਤੇ 'ਥ' ਇਕੋ ਜੇਹੇ ਹਨ।

63. ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 29.

ਇਸ ਪਰੀਖਿਆ ਵਿਚ ਸਫਲ ਉਤਰੇ ਅਤੇ ਅੰਤ ਵਿਚ ਸਿੱਧਾਂ ਨੂੰ ਗੁਰੂ ਜੀ ਦੇ ਮਿਸ਼ਨ ਦੀ ਸਚਾਈ ਵੀ ਪ੍ਰਤੀਤ ਹੋਈ।[64] ਜਿਵੇਂ ਕਿ ਟਰੰਪ ਕਹਿੰਦਾ ਹੈ, "ਗੁਰੂ ਜੀ ਦੀ ਸੁਮੇਰ ਪਰਬਤ ਦੀ ਯਾਤਰਾ ਅਤੇ ਸਿੱਧਾਂ ਨਾਲ ਗੋਸ਼ਟ ਗਲਪ ਖੇਤਰ ਦੀਆਂ ਘਟਨਾਵਾਂ ਹਨ।"

ਇਸ ਤੋਂ ਬਾਅਦ ਗੁਰੂ ਜੀ ਦੀ ਪੱਛਮ ਦੀ ਉਦਾਸੀ ਸ਼ੁਰੂ ਹੁੰਦੀ ਦੱਸੀ ਗਈ ਹੈ ਅਤੇ ਹੋਰਨਾਂ ਅਸਥਾਨਾਂ ਨਾਲ ਉਨ੍ਹਾਂ ਮੱਕੇ ਅਤੇ ਬਗ਼ਦਾਦ ਦੀ ਯਾਤਰਾ ਵੀ ਕੀਤੀ। ਸਾਨੂੰ ਦੱਸਿਆ ਗਿਆ ਹੈ ਕਿ ਇਸ ਵਾਰ ਉਨ੍ਹਾਂ ਦੇ "ਪੈਰ ਖੰਉਸਾ ਚੰਮਕੀਆਂ ਅਤੇ ਚੰਮ ਕੀ ਸੁਥਾਣਿ। ਗਲ ਵਿਚ ਹੱਡੀਆਂ ਕੀ ਮਾਲਾ, ਮਥੇ ਟਿਕਾ ਬਿੰਦੀ ਦਾ—ਤਬ ਨੀਲੇ ਬਸਤ੍ਰ ਥੇ"। ਜਨਮਸਾਖੀ ਵਿਚੋਂ ਪਤਾ ਲਗਦਾ ਹੈ ਕਿ ਇਸ ਉਦਾਸੀ ਸਮੇਂ ਗੁਰੂ ਜੀ ਇਕੱਲੇ ਸਨ ਪਰ ਭਾਈ ਗੁਰਦਾਸ ਉਨ੍ਹਾਂ ਨਾਲ ਉਨ੍ਹਾਂ ਦੇ ਪੁਰਾਣੇ ਸੇਵਕ ਮਰਦਾਨਾ ਦਾ ਨਾਲ ਹੋਣਾ ਦੱਸਦਾ ਹੈ।[65] ਦੱਸਿਆ ਜਾਂਦਾ ਹੈ ਕਿ ਮੱਕੇ ਪਹੁੰਚ ਕੇ ਗੁਰੂ ਜੀ ਸੌਣ ਲਈ ਕਾਬੇ ਵੱਲ ਪੈਰ ਪਸਾਰ ਕੇ ਲੇਟ ਗਏ। ਕਾਜ਼ੀ ਦੀ ਤਾੜਨਾ ਉੱਤੇ ਗੁਰੂ ਜੀ ਨੇ ਕਿਹਾ, "ਜਿੱਧਰ ਖੁਦਾ ਨਹੀਂ ਮੇਰੇ ਪੈਰ ਉਧਰ ਕਰ ਦੇ।" ਇਸ ਤੇ ਕਾਜ਼ੀ ਰੁਕਨਦੀਨ ਨੇ ਬਾਬੇ ਦੇ ਪੈਰ ਫੇਰ ਦਿੱਤੇ ਪਰ ਜਿਧਰ ਨੂੰ ਉਹ ਪੈਰ ਫੇਰਦਾ ਸੀ ਮਹਿਰਾਬ ਦਾ ਮੂੰਹ ਵੀ ਉਧਰ ਫਿਰਦਾ ਜਾਵੇ।[66] ਇਸ ਤੇ ਕਾਜ਼ੀ ਰੁਕਨਦੀਨ ਹੈਰਾਨ ਹੋ ਗਿਆ ਅਤੇ ਗੁਰੂ ਜੀ ਦੇ ਪੈਰੀਂ ਆ ਪਿਆ। ਮੈਕਾਲਿਫ ਕਹਿੰਦਾ ਹੈ ਕਿ "ਕੁਝ ਲੋਕ ਇਸ ਨੂੰ ਆਤਮਿਕ ਭਾਵ ਵਿਚ ਲੈਂਦੇ ਸਨ ਅਤੇ ਇਸ ਦੇ ਅਰਥ ਇਹ ਦੱਸਦੇ ਹਨ ਕਿ ਗੁਰੂ ਜੀ ਨੇ ਆਪਣੇ 'ਉਪਦੇਸ਼' ਨਾਲ ਮੱਕਾ ਫਿਰਾ ਦਿੱਤਾ।"[67] ਪਰ ਕਰਾਮਾਤ ਨੂੰ ਵਿਸਾਰ ਦੇਈਏ ਤਾਂ ਗੁਰੂ ਜੀ ਦਾ ਭਾਵ ਇਹ ਪ੍ਰਤੀਤ ਹੁੰਦਾ ਹੈ ਕਿ 'ਖੁਦਾ ਦਾ ਘਰ' ਇਕ ਵਿਸ਼ੇਸ਼ ਦਿਸ਼ਾ ਵਿਚ ਸਥਿਤ ਹੋਣ ਨਾਲ ਉਸ ਦੀ ਦੂਜੀਆਂ ਦਿਸ਼ਾਵਾਂ ਵਿਚ ਹੋਂਦ ਦੀ ਸੰਭਾਵਨਾ ਰੁਕਦੀ ਨਹੀਂ ਕਿਉਂਕਿ ਪਰਮਾਤਮਾ 'ਸਰਵ ਵਿਆਪਕ' ਹੈ। ਇਹ ਕੁਝ ਵੀ ਹੋਵੇ, ਸੰਭਵ ਹੈ ਕਿ ਗੁਰੂ ਜੀ ਪਹਿਲੇ ਵਾਲੇ ਰਾਹ ਹੀ ਬਗ਼ਦਾਦ ਪਹੁੰਚੇ। ਪੁਰਾਤਨ ਲਿਖਤਾਂ ਬਗ਼ਦਾਦ ਦੀ ਇਸ ਯਾਤਰਾ ਦਾ ਕੋਈ ਜ਼ਿਕਰ ਨਹੀਂ ਕਰਦੀਆਂ। ਪਰ ਇਸ ਦਾ ਜ਼ਿਕਰ ਭਾਈ ਗੁਰਦਾਸ ਨੇ ਕੀਤਾ ਹੈ।[68] ਅਤੇ ਨਵੀਂ ਖੋਜ ਨੇ ਜਿਸ ਦਾ ਅਸੀਂ ਪਹਿਲੋਂ ਹੀ ਉਲੇਖ ਕਰ ਚੁੱਕੇ ਹਾਂ ਇਸ ਨੂੰ ਨਿਰਵਿਵਾਦ ਰੂਪ ਵਿਚ ਸਿੱਧ ਕਰ ਦਿੱਤਾ ਹੈ। ਵੇਰਵੇ ਭਾਵੇਂ ਕਿੰਨੇ ਹੀ ਨਾ ਮੰਨਣ ਯੋਗ ਹੋਣ, ਗੁਰੂ ਜੀ ਦੀ ਦੱਖਣ ਵੱਲ ਯਾਤਰਾ ਦੇ ਮੁੱਖ ਤਥ ਦੀ ਪ੍ਰਮਾਣਿਕਤਾ ਨੂੰ ਨਿਸ਼ਚਿਤ ਮੰਨਣਾ ਚਾਹੀਦਾ ਹੈ, ਭਾਵੇਂ ਅਸੀਂ ਨਿਸ਼ਚੇ ਨਾਲ ਇਹ ਨਹੀਂ ਕਹਿ ਸਕਦੇ ਕਿ "ਅਰਬ ਤੋਂ ਮੁੜਦੇ ਸਮੇਂ ਗੁਰੂ ਜੀ ਮੁਸਲਮਾਨੋਂ ਬਣੇ ਸਿੱਖਾਂ ਦੀ ਕੋਈ ਸੰਗਤ ਮੈਸੋਪੋਟੇਮੀਆ ਵਿਚ ਛੱਡ ਆਏ ਸਨ।"

ਅਸੀਂ ਪਹਿਲੋਂ ਹੀ ਦੇਖ ਚੁੱਕੇ ਹਾਂ ਕਿ ਇਹ ਘਟਨਾ ਜ਼ਰੂਰ ਹੀ 1520 ਈ. ਵਿਚ

---

64. ਭਾਈ ਗੁਰਦਾਸ , ਵਾਰ *ਪਹਿਲੀ*, ਪਉੜੀ 28-31.
65. ਭਾਈ ਗੁਰਦਾਸ, ਵਾਰ *ਪਹਿਲੀ*, ਪਉੜੀ 35.
66. ਟਰੰਪ, ਉਪਰੋਕਤ ਰਚਨਾ, ਪੰਨਾ xli, ਮਹਿਰਾਬ, ਮਸਜਦ ਦੇ ਡਾਟਦਾਰ ਦਰਵਾਜ਼ੇ ਨੂੰ ਕਹਿੰਦੇ ਹਨ ਜੋ ਸਦਾ ਮੱਕੇ ਵੱਲ ਨੂੰ ਹੁੰਦਾ ਹੈ।
67. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 175.
68. ਭਾਈ ਗੁਰਦਾਸ, ਵਾਰ *ਪਹਿਲੀ*, ਪਉੜੀ 35, 36.

ਵਾਪਰੀ ਅਤੇ ਇਉਂ ਲਗਦਾ ਹੈ ਕਿ ਇਸ ਤੋਂ ਬਾਅਦ ਛੇਤੀ ਹੀ ਗੁਰੂ ਜੀ ਪੰਜਾਬ ਪਰਤ ਆਏ ਅਤੇ ਹਰ ਇਕ ਜ਼ਿਲੇ ਅਤੇ ਹਰ ਇਕ ਪ੍ਰਾਂਤ ਵਿਚ ਚੱਕਰ ਲਾ ਕੇ ਉਨ੍ਹਾਂ ਤੀਬਰ ਪ੍ਰਚਾਰ ਕਰਨਾ ਸ਼ੁਰੂ ਕੀਤਾ। ਸਿੱਖ ਲਿਖਤਾਂ ਵਿਚ ਨਿਰਸੰਦੇਹ ਇਹ ਉੱਲੇਖ ਹੈ ਕਿ ਵਾਦ-ਵਿਵਾਦ ਵਿਚ ਸਾਰੀ ਦੁਨੀਆਂ ਨੂੰ ਹਰਾ ਕੇ ਗੁਰੂ ਜੀ ਨੇ 'ਨਾਮ ਦਾ ਚੱਕਰ' ਚਲਾਇਆ[69] ਅਤੇ ਜਿਥੇ ਵੀ ਉਹ ਗਏ ਲੱਖਾਂ ਨੂੰ ਆਪਣੀ ਧਾਰਨਾ ਦੇ ਬਣਾਇਆ। ਪਰ ਇਹ ਸਹਿਜੇ ਹੀ ਦੇਖਿਆ ਜਾ ਸਕਦਾ ਹੈ ਕਿ ਆਪਣੇ ਅਨੁਯਾਈਆਂ ਦੇ ਸੰਗਠਨ ਨਿਰਮਾਣ ਲਈ ਗੁਰੂ ਜੀ ਨੇ ਹਾਲੇ ਬਹੁਤ ਹੀ ਘੱਟ ਕੰਮ ਕੀਤਾ ਸੀ। ਪ੍ਰਤੀਤ ਹੁੰਦਾ ਹੈ ਕਿ ਇਸ ਕੰਮ ਨੂੰ ਉਨ੍ਹਾਂ ਹੁਣ ਗੰਭੀਰਤਾ ਪੂਰਨ ਸ਼ੁਰੂ ਕੀਤਾ ਅਤੇ ਜਨਮਸਾਖੀਆਂ ਵਿਚ ਆਉਂਦਾ ਹੈ ਕਿ ਪਹਿਲੋਂ ਗੁਰੂ ਜੀ ਪਟਨ ਦੇਸ਼ ਗਏ (ਪਾਕਪਟਨ)[70] ਜਿਥੇ ਉਨ੍ਹਾਂ ਸ਼ੇਖ ਫਰੀਦ ਦੀ ਗੱਦੀ ਦੇ ਵਾਰਸ ਸ਼ੇਖ ਬ੍ਰਹਮ ਨਾਲ ਇਕ ਹੋਰ ਭੇਂਟ ਕੀਤੀ। ਇਸ ਭੇਂਟ ਦਾ ਵੇਰਵਾ, ਹੋਰਨਾਂ ਘਟਨਾਵਾਂ ਵਾਂਗ, ਸੰਭਵ ਹੈ ਕਿ ਮਗਰੋਂ ਪਾਇਆ ਗਿਆ ਹੈ ਅਤੇ ਇਸ ਨੂੰ ਵਿਚਾਰਨ ਦੀ ਲੋੜ ਨਹੀਂ। ਅਗੋਂ ਅਸੀਂ ਦੇਖਦੇ ਹਾਂ ਕਿ ਗੁਰੂ ਜੀ ਦੀਪਾਲਪੁਰ, ਕੰਗਨਪੁਰ, ਕਸੂਰ ਅਤੇ ਪੱਟੀ ਰਾਹੀਂ ਹੁੰਦੇ ਹੋਏ ਵਰਤਮਾਨ ਗੋਇੰਦਵਾਲ ਦੇ ਸਥਾਨ ਤੇ ਇਕ ਪਿੰਡ ਵਿਚ ਪਹੁੰਚਦੇ ਹਨ ਜਿਥੇ ਉਨ੍ਹਾਂ ਇਕ ਕੋਹੜੀ ਨੂੰ ਰਾਜ਼ੀ ਕੀਤਾ ਜੋ 'ਨਾਮ' ਦਾ ਉਪਾਸ਼ਕ ਬਣਿਆ। ਉਥੋਂ ਗੁਰੂ ਜੀ ਸੁਲਤਾਨਪੁਰ, ਵੈਰੋਵਾਲ ਅਤੇ ਜਲਾਲਬਾਦ ਹੁੰਦੇ ਹੋਏ ਕਿਰੀਆ (ਕਰੀ ਪਥਾਨਦੀ, ਜ਼ਿਲ੍ਹਾ ਅੰਮ੍ਰਿਤਸਰ[71]) ਨਾਂ ਦੇ ਸਥਾਨ ਤੇ ਪਹੁੰਚੇ ਜਿਥੇ ਉਨ੍ਹਾਂ ਬਹੁਤ ਸਾਰੇ ਪਠਾਨਾਂ ਨੂੰ ਸਿੱਖ ਬਣਾਇਆ ਦੱਸਿਆ ਗਿਆ ਹੈ। ਯਾਤਰਾ ਨੂੰ ਜਾਰੀ ਰਖਦੇ ਹੋਏ ਉਹ ਗੁਰਦਾਸ ਪੁਰ ਜ਼ਿਲ੍ਹੇ ਵਿਚ ਬਟਾਲਾ ਵਿਚੋਂ ਦੀ ਲੰਘੇ ਅਤੇ ਸੈਣਪੁਰ ਪਹੁੰਚੇ ਜਦ ਕਿ 1524 ਈ. ਵਿਚ ਬਾਬਰ ਦੀਆਂ ਫ਼ੌਜਾਂ ਨੇ ਇਸ ਤੇ ਕਬਜ਼ਾ ਕਰ ਲਿਆ ਹੋਇਆ ਸੀ। ਉਨ੍ਹਾਂ ਦੀ ਆਪਣੀ ਬਾਣੀ ਵਿਚੋਂ ਪ੍ਰਤੱਖ ਹੈ ਕਿ ਉਹ ਇਸ ਘਟਨਾ-ਸਥਲ ਦੇ ਨੇੜੇ ਤੇੜੇ ਸਨ ਪਰ ਜਨਮਸਾਖੀਆਂ ਇਸ ਨੂੰ ਵਿਸਤਾਰ ਦੇ ਕੇ ਸਾਨੂੰ ਗੁਰੂ ਜੀ ਦੀ ਬਾਬਰ ਨਾਲ ਹੋਈ ਮੁਲਾਕਾਤ ਬਾਰੇ ਦੱਸਦੀਆਂ ਹਨ। ਕਿਹਾ ਗਿਆ ਹੈ ਕਿ ਮਰਦਾਨਾ ਅਤੇ ਗੁਰੂ ਜੀ ਨੂੰ ਕੈਦ ਕਰ ਦਿੱਤਾ ਗਿਆ ਅਤੇ ਮੀਰ ਖ਼ਾਂ ਦੇ ਸਪੁਰਦ ਕਰ ਦਿੱਤੇ ਜੋ ਕਿ ਬਾਬਰ ਦਾ ਇਕ ਫ਼ੌਜੀ ਅਫ਼ਸਰ ਸੀ। ਹੋਰਨਾਂ ਕੈਦੀਆਂ ਵਾਂਗ ਇਨ੍ਹਾਂ ਦੋਹਾਂ ਨੂੰ ਵੀ 'ਹਥੀਂ ਕਾਰ' ਕਰਨ ਦਾ ਦੰਡ ਦਿੱਤਾ ਗਿਆ ਪਰ ਜਦ ਮੀਰ ਖ਼ਾਂ ਨੇ ਦੇਖਿਆ ਕਿ ਉਨ੍ਹਾਂ ਨੂੰ ਸੌਂਪਿਆ ਕੰਮ ਬਿਨਾਂ ਕਿਸੇ ਯਤਨ ਤੋਂ ਨਿਰਵਿਘਨ[72] ਹੋ ਰਿਹਾ ਹੈ ਤਾਂ ਉਹ ਹੈਰਾਨ ਹੋ ਗਿਆ ਅਤੇ ਬਾਬਰ ਨਾਲ

69. ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 37.
70. ਪਾਕਪਟਨ ਅਯੋਧਨ ਦਾ ਅਜੋਕਾ ਨਾਮ।
71. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 108.
72. ਗੁਰੂ ਜੀ ਨੂੰ ਸਿਰ ਦੇ ਭਾਰ ਚੁੱਕਣ ਲਈ ਅਤੇ ਮਰਦਾਨੇ ਨੂੰ ਸਾਈਸ ਦਾ ਕੰਮ ਦਿੱਤਾ ਗਿਆ। ਮੀਰ ਖ਼ਾਂ ਨੇ ਦੇਖਿਆ ਕਿ ਗੁਰੂ ਜੀ ਦੀ ਪੰਡ ਉਨ੍ਹਾਂ ਦੇ ਸਿਰ ਤੋਂ ਬਿਨਾਂ ਕਿਸੇ ਦਿਸਦੇ ਸਹਾਰੇ ਤੋਂ ਉਤਾਂਹ ਚੁੱਕੀ ਹੋਈ ਹੈ ਅਤੇ ਮਰਦਾਨੇ ਨੂੰ ਸੌਂਪਿਆ ਘੋੜਾ ਆਪਣੇ ਆਪ ਪਿੱਛੇ ਆ ਰਿਹਾ ਹੈ ਜਦ ਕਿ ਉਹ ਪਵਿੱਤਰ ਰਾਗ ਰਬਾਬ ਉੱਤੇ ਵਜਾ ਰਿਹਾ ਹੈ। ਇਹ ਵੀ ਦੱਸਿਆ ਜਾਂਦਾ ਹੈ ਕਿ ਗੁਰੂ ਜੀ ਨੂੰ ਦਾਣੇ ਪੀਹਣ ਲਈ ਚੱਕੀ ਦਿੱਤੀ ਗਈ ਹੈ ਅਤੇ ਚੱਕੀ ਆਪਣੇ ਆਪ ਚਲਦੀ ਦੇਖੀ ਗਈ। ਦੇਖੋ ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 111, 113.

ਇਸ ਬਾਰੇ ਚਰਚਾ ਕੀਤੀ। "ਬਾਦਸ਼ਾਹ ਨੇ ਉੱਤਰ ਦਿੱਤਾ ਕਿ ਜੇਕਰ ਉਸ ਨੂੰ ਪਤਾ ਹੁੰਦਾ ਕਿ ਇਸ ਸ਼ਹਿਰ ਵਿਚ ਅਜੇਹੇ ਸਾਈਂ ਲੋਕ ਵਸਦੇ ਹਨ ਤਾਂ ਉਹ ਇਸ ਨੂੰ ਕਦੇ ਵਿਨਾਸ਼ ਨਾ ਕਰਦਾ" ਅਤੇ ਫਿਰ ਉਹ ਗੁਰੂ ਜੀ ਨੂੰ ਮਿਲਣ ਆਇਆ ਅਤੇ ਸਿੱਟਾ ਇਹ ਨਿਕਲਿਆ ਕਿ ਉਸ ਨੂੰ ਗੁਰੂ ਨਾਨਕ ਜੀ ਦੀ ਵਡੱਤਣ ਦਾ ਨਿਸ਼ਚਾ ਹੋ ਗਿਆ। ਅਤੇ ਮੱਥਾ ਟੇਕਿਆ। ਇਹ ਕਹਿਣਾ ਕਾਫ਼ੀ ਹੈ ਕਿ ਭਾਵੇਂ ਗੁਰੂ ਜੀ ਅਤੇ ਬਾਬਰ ਵਿਚਕਾਰ ਮੁਲਾਕਾਤ ਹੋਣੀ ਅਸੰਭਵ ਨਹੀਂ ਪਰ ਇਸ ਦੀ ਬਹੁਤੀ ਸੰਭਾਵਨਾ ਵੀ ਨਹੀਂ।[73] ਅਤੇ ਅਸੀਂ ਗੁਰੂ ਜੀ ਦੀਆਂ ਬਾਕੀ ਘਟਨਾਵਾਂ ਨੂੰ ਲੱਭਣ ਲਈ ਅਗਾਂਹ ਚਲਦੇ ਹਾਂ। ਜਾਪਦਾ ਹੈ ਕਿ ਸੈਦਪੁਰ ਤੋਂ ਗੁਰੂ ਜੀ ਪਾਸੂਰ ਗਏ ਜਿਥੋਂ ਉਹ ਸਿਆਲਕੋਟ ਅਤੇ ਅਖ਼ੀਰ ਵਿਚ ਮਿਠਨਕੋਟ ਪਹੁੰਚਦੇ ਹਨ ਜੋ ਵਰਤਮਾਨ ਡੇਰਾ ਗਾਜ਼ੀ ਖ਼ਾਂ ਜ਼ਿਲ੍ਹੇ ਵਿਚ ਹੈ ਅਤੇ ਜਿਥੇ ਪ੍ਰਸਿੱਧ ਫ਼ਕੀਰ ਮੀਆਂ ਮਿਠੇ ਦਾ ਡੇਰਾ ਸੀ। ਇਕ ਲੰਮੀ ਗੋਸ਼ਟ ਹੋਈ ਦੱਸੀ ਗਈ ਹੈ ਜਿਸ ਵਿਚ ਅੰਤ ਵਿਚ ਮੀਆਂ ਮਿਠਾ ਉਠ ਕੇ ਗੁਰੂ ਜੀ ਦੇ 'ਪੈਰ ਚੁੰਮਦਾ' ਹੈ। ਮਿਠਨਕੋਟ ਤੋਂ ਚਲ ਕੇ ਗੁਰੂ ਜੀ ਰਾਵੀ ਦੇ ਕੰਢੇ ਕੰਢੇ ਹੁੰਦੇ ਹੋਏ ਲਾਹੌਰ ਪਹੁੰਚੇ ਜਿਥੇ ਉਨ੍ਹਾਂ ਕਰੋੜਪਤੀ ਦੁਨੀਚੰਦ ਖੱਤਰੀ ਨੂੰ ਸਿੱਖ ਬਣਾਇਆ ਦੱਸਿਆ ਗਿਆ ਹੈ। ਫਿਰ ਗੁਰੂ ਜੀ ਉੱਤਰ ਪੂਰਬ ਵੱਲ ਚਲਦੇ ਰਹੇ ਅਤੇ ਆਖ਼ਰ ਰਾਵੀ ਦੇ ਕੰਢੇ ਉੱਤੇ ਇਕ ਥਾਂ ਟਿਕ ਗਏ। ਇਕ ਕਰੋੜਪਤੀ ਨੇ ਜੋ ਕਿ ਨਿੰਦਕ ਤੋਂ ਹੌਲੇ ਹੌਲੇ ਗੁਰੂ ਜੀ ਦਾ ਬੜਾ ਪ੍ਰਸੰਸਕ ਬਣ ਗਿਆ ਸੀ, ਉਸ ਸਥਾਨ ਤੇ ਇਕ ਪਿੰਡ ਵਸਾਇਆ ਜਿਹੜਾ ਕਰਤਾਰਪੁਰ ਦੇ ਨਾਂ ਨਾਲ ਮਸ਼ਹੂਰ ਹੋਇਆ। ਇਸ ਨਾਲ ਅਸੀਂ ਗੁਰੂ ਜੀ ਦੇ ਜੀਵਨ ਦੇ ਅੰਤਲੇ ਪੜਾ ਤੇ ਆ ਪਹੁੰਚਦੇ ਹਾਂ। ਇਸ ਤੋਂ ਅਗੋਂ ਉਨ੍ਹਾਂ ਦਾ ਜੀਵਨ ਇਕ ਨਵੇਂ ਮੋੜ ਵਿਚ ਬਦਲਦਾ ਪ੍ਰਤੀਤ ਹੁੰਦਾ ਹੈ ਅਤੇ ਇਉਂ ਲਗਦਾ ਹੈ ਕਿ ਇਸ ਤੋਂ ਪਿੱਛੋਂ ਉਹ ਸੰਗਠਨ ਦੇ ਕੰਮ ਵਿਚ ਲੱਗੇ ਰਹੇ। ਭਾਈ ਗੁਰਦਾਸ ਕਹਿੰਦਾ ਹੈ ਕਿ ਪੱਛਮ ਦੀ ਉਦਾਸੀ ਸਮੇਂ ਗੁਰੂ ਜੀ ਨੇ 'ਨਾਮ' ਦੀ ਵਡਿਆਈ ਨੂੰ ਦੂਰ ਦੁਰੇਡੇ ਫੈਲਾਉਣ ਪਿੱਛੋਂ ਕਰਤਾਰਪੁਰ ਵਿਚ ਆ ਕੇ ਉਦਾਸੀ ਵੇਸ ਤਿਆਗ ਦਿੱਤਾ। ਗੁਰੂ ਜੀ ਨੇ ਸੰਸਾਰੀ ਵੇਸ ਮੁੜ ਧਾਰਨ ਕਰ ਲਿਆ ਅਤੇ 'ਮੰਜੀ'[74] ਉੱਤੇ ਬ੍ਰਾਜਮਾਨ ਹੋ ਗਏ। ਇਥੇ ਉਨ੍ਹਾਂ ਦਾ ਪਰਿਵਾਰ ਉਨ੍ਹਾਂ ਨਾਲ ਆ ਮਿਲਦਾ ਪ੍ਰਤੀਤ ਹੁੰਦਾ ਹੈ,[75] ਸੋ ਗੁਰੂ ਜੀ ਨੇ ਆਪਣੇ ਸ਼ਰਧਾਲੂਆਂ ਨੂੰ "ਨਿਰੰਜਨਿ ਰਹਿਣ"[76] ਵਾਲੀ ਜੋ ਸਿੱਖਿਆ ਦਿੱਤੀ ਉਸ ਨੂੰ ਅਮਲੀ ਰੂਪ ਦਿੰਦੇ ਹਨ। ਸਿੱਖ ਲਿਖਤਾਂ ਵਿਚ ਕਰਤਾਰਪੁਰ ਵਿਚ ਗੁਰੂ ਜੀ ਦੇ ਜੀਵਨ ਬਾਰੇ ਸਾਨੂੰ ਅਨੇਕਾਂ ਸੰਕੇਤ

---

73. ਇਹ ਇਕ ਪੱਕੀ ਪਰੰਪਰਾ ਪ੍ਰਤੀਤ ਹੁੰਦੀ ਹੈ ਕਿ ਗੁਰੂ ਜੀ ਨੇ ਬਾਬਰ ਨਾਲ ਕੁਝ ਵਿਵਹਾਰ ਕਰਨਾ ਸੀ। ਭਾਈ ਗੁਰਦਾਸ ਇਸ ਵੱਲ (ਵਾਰ 26, ਪਉੜੀ 21) ਸੰਕੇਤ ਕਰਦਾ ਹੈ ਅਤੇ ਮੁਹਸਿਨ ਫ਼ਾਨੀ ਇਸ ਵਾਰਤਾ ਦਾ ਉੱਲੇਖ ਕਰਦਾ ਹੈ ਕਿ "ਨਾਨਕ ਨੇ ਅਫ਼ਗਾਨਾਂ ਦੇ ਰਾਜ ਤੋਂ ਅਸੰਤੁਸ਼ਟ ਹੋ ਕੇ ਮੁਗ਼ਲਾਂ ਨੂੰ ਦੇਸ਼ ਵਿਚ ਸੱਦਿਆ।"

(ਦਬਿਸਤਾਨ, ਸੈਂਚੀ ਦੂਜੀ, ਪੰਨਾ 249)

74. ਭਾਈ ਗੁਰਦਾਸ, *ਵਾਰ ਪਹਿਲੀ*, ਪਉੜੀ 38.
75. ਉਹੀ, ਟਰੰਪ, *ਉਪਰੋਕਤ ਰਚਨਾ*, ਪੰਨਾ xliii; ਮੈਕਾਲਿਫ, *ਉਪਰੋਕਤ ਰਚਨਾ*, ਸੈਂਚੀ ਪਹਿਲੀ, ਪੰਨਾ 135.
76. ਮੈਕਾਲਿਫ, *ਉਹੀ*, ਪੰਨਾ 61.

ਮਿਲਦੇ ਹਨ। ਭਾਈ ਗੁਰਦਾਸ ਜੀ ਕਹਿੰਦੇ ਹਨ :

"ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਾਰਾ।
ਗਿਆਨੁ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ।
ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ।"[77]

(ਭਾਈ ਗੁਰਦਾਸ, ਵਾਰ ਪਹਿਲੀ, ਪਉੜੀ ੩੮)

ਜਾਪਦਾ ਹੈ ਕਿ ਪਿਛਲੇਰੀਆਂ ਰਚਨਾਵਾਂ ਦੇ ਆਧਾਰ ਤੇ ਮੈਕਾਲਿਫ ਇਸ ਦਾ ਵਧੇਰੇ ਕ੍ਰਮ-ਬਧ ਵੇਰਵਾ ਦਿੰਦਾ ਹੈ। "ਕਰਤਾਰਪੁਰ ਵਿਚ ਪਹੁ-ਫੁਟਣ ਤੋਂ ਇਕ ਘੜੀ ਪਹਿਲਾਂ ਜਪੁਜੀ ਅਤੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ। ਇਸ ਪਿੱਛੋਂ ਗੁਰੂ ਜੀ ਦੇ ਸ਼ਲੋਕ ਪੜ੍ਹੇ ਜਾਂਦੇ ਅਤੇ ਉਨ੍ਹਾਂ ਦੀ ਵਿਆਖਿਆ ਕੀਤੀ ਜਾਂਦੀ, ਇਉਂ ਇਕ ਪਹਿਰ ਘੜੀ ਦਿਨ ਬੀਤ ਜਾਂਦਾ। ਫਿਰ ਆਰਤੀ ਹੁੰਦੀ। ਇਸ ਪਿੱਛੋਂ ਸਵੇਰ ਦਾ ਲੰਗਰ ਵਰਤਦਾ। ਤੀਜੇ ਪਹਿਰ ਫਿਰ ਕੀਰਤਨ ਹੁੰਦਾ, ਸੋਦਰੁ ਪੜ੍ਹਿਆ ਜਾਂਦਾ, ਫਿਰ ਸਾਰੀ ਸੰਗਤ ਲੰਗਰ ਵਿਚ ਇਕੱਠੀ ਭੋਜਨ ਕਰਦੀ, ਲੰਗਰ ਦੀ ਸਮਾਪਤੀ ਤੇ ਹੋਰ ਭਜਨ ਗਾਏ ਜਾਂਦੇ। ਇਕ ਘੜੀ ਰਾਤ ਬੀਤਣ ਤੇ ਸੋਹਲਾ ਪੜ੍ਹਿਆ ਜਾਂਦਾ ਤੇ ਫਿਰ ਰਾਤ ਦੇ ਵਿਸ਼ਰਾਮ ਲਈ ਹਰ ਕੋਈ ਥਾਉਂ ਥਾਈਂ ਚਲਾ ਜਾਂਦਾ।"[78] ਸੋ ਸਿੱਖ-ਸਮਾਜ ਜਾਂ ਪੰਥ ਉਸਰ ਰਿਹਾ ਦਿਖਾਈ ਦਿੰਦਾ ਹੈ ਅਤੇ ਇਸ ਦੀ ਧਾਰਮਕ-ਮਰਯਾਦਾ ਬਹੁਤ ਹੱਦ ਤਕ ਸਪੱਸ਼ਟ ਰੂਪ ਵਿਚ ਸੂਤਰਬੱਧ ਹੋ ਗਈ ਸੀ। ਗੁਰੂ ਨਾਨਕ ਜੀ ਆਪਣੇ ਅਨੁਯਾਈਆਂ ਨੂੰ ਧਾਰਮਕ ਕਰਮਾਂ ਵਿਚੋਂ ਸਭ ਤੋਂ ਉੱਤਮ ਸ਼ਰਧਾ ਸਹਿਤ ਨਾਮ ਦਾ ਜਾਪ ਹੀ ਦੱਸਣ ਨਾਲ ਸੰਤੁਸ਼ਟ ਨਹੀਂ ਹੋਏ ਅਤੇ ਉਨ੍ਹਾਂ ਨੂੰ ਕੁਝ ਨਿਸ਼ਚਿਤ ਵਸਤੂ ਦੇਣ ਦਾ ਯਤਨ ਕੀਤਾ।

ਗੁਰੂ ਜੀ ਦੇ ਜੀਵਨ ਦੇ ਇਸ ਹਿੱਸੇ ਵਿਚ ਉਨ੍ਹਾਂ ਦੀ ਅਚੱਲ ਬਟਾਲੇ ਦੀ ਯਾਤਰਾ ਮਹੱਤਵਪੂਰਨ ਸੀ।[79] ਸ਼ਿਵਰਾਤ੍ਰੀ ਦੇ ਉਤਸਵ ਤੇ ਉਥੇ ਇਕ ਭਾਰੀ ਮੇਲਾ ਲੱਗਿਆ ਜਿਥੇ ਵੱਖ-ਵੱਖ ਪਾਸਿਆਂ ਤੋਂ ਲੋਕੀ ਆ ਕੇ ਇਕੱਠੇ ਹੋਏ ਸਨ। ਆਪਣੀ ਸਿੱਖਿਆ ਨੂੰ ਪ੍ਰਚਾਰਨ ਲਈ ਗੁਰੂ ਜੀ ਨੇ ਇਸ ਮੌਕੇ ਤੋਂ ਲਾਭ ਉਠਾਇਆ। ਪਰ ਜਾਪਦਾ ਹੈ ਕਿ ਉਨ੍ਹਾਂ ਨੂੰ ਇਕ ਭੰਗਰਨਾਥ ਨਾਂ ਦੇ ਜੋਗੀ ਦੀ ਭਾਰੀ ਵਿਰੋਧਤਾ ਦਾ ਸਾਹਮਣਾ ਕਰਨਾ ਪਿਆ। ਜੋਗੀ ਦਾ ਗੁਰੂ ਜੀ ਤੋਂ ਇਹ ਪੁੱਛਣਾ ਦੱਸਿਆ ਗਿਆ ਕਿ ਉਸ ਉਦਾਸੀ ਪਹਿਰਾਵਾ ਤੱਜ ਕੇ ਸੰਸਾਰ ਪਹਿਰਾਵਾ ਕਿਉਂ ਧਾਰਨ ਕਰ ਲਿਆ ਹੈ? ਗੁਰੂ ਜੀ ਨੇ ਭੰਗਰਨਾਥ ਨੂੰ ਮੋੜਵਾਂ ਉੱਤਰ ਦਿੱਤਾ ਕਿ ਭਾਵੇਂ ਉਸ ਗ੍ਰਿਹਸਤੀਆਂ ਵਾਲਾ ਜੀਵਨ ਤਿਆਗ ਦਿੱਤਾ ਹੈ ਪਰ ਭਿਖਿਆ ਮੰਗਣ ਲਈ ਅਜੇ ਵੀ ਉਨ੍ਹਾਂ ਦੇ ਘਰ ਜਾਂਦਾ ਹੈ। ਜੋਗੀ ਨੇ ਆਪਣਾ ਆਸਨ ਛੱਡਿਆ ਅਤੇ ਗੁਰੂ ਜੀ ਨੂੰ ਕੋਈ ਕਰਾਮਾਤ ਦਿਖਾਉਣ ਲਈ ਅਚਨਚੇਤ ਕਿਹਾ। ਇਸ ਤੇ ਗੁਰੂ ਜੀ ਨੇ ਉੱਤਰ ਦਿੱਤਾ ਕਿ 'ਸੱਚ ਨਾਮ' ਬਿਨਾਂ ਹੋਰ ਉਨ੍ਹਾਂ ਕੋਲ ਕੋਈ ਕਰਾਮਾਤ

77. ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 38.
78. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 139.
79. ਅੱਚਲ, ਬਟਾਲ ਤੋਂ ਤਿੰਨ ਮੀਲ ਦੀ ਵਿਥ ਤੇ ਹੈ। ਇਥੇ ਸ਼ਿਵ ਦੇ ਪੁੱਤਰ ਸਾਮਕਾਰਤਿਕ ਦਾ ਮੰਦਰ ਹੈ। (ਦੇਖੋ ਮੈਕਾਲਿਫ, ਉਹੀ, ਪੰਨਾ 157 ਫੁ.ਨੋ.2)

ਨਹੀਂ ਹੈ।[80] ਆਖਰ ਇਥੇ ਅਸੀਂ ਗੁਰੂ ਨਾਨਕ ਜੀ ਦੀ ਵਾਸਤਵਿਕ ਝਲਕ ਦੇਖਦੇ ਹਾਂ, ਜਿਹੜਾ ਅਗਿਆਨਤਾ ਅਤੇ ਵਹਿਮਾਂ ਭਰਮਾਂ ਦੀਆਂ ਬਲਵਾਨ ਤਾਕਤਾਂ ਨਾਲ ਸੁੱਚੀ ਤੇ ਸੱਚੀ ਸ਼ਰਧਾ, ਸੁਹਿਰਦਤਾ ਅਤੇ ਸਚਾਈ ਨਾਲ ਜੂਝਦਾ ਹੈ। ਕੇਵਲ ਇਕ ਹੋਰ ਅਵਸਰ ਤੇ ਗੁਰੂ ਜੀ ਕਰਤਾਰਪੁਰੋਂ ਬਾਹਰ ਗਏ ਪ੍ਰਤੀਤ ਹੁੰਦੇ ਹਨ ਜਦ ਕਿ ਉਨ੍ਹਾਂ ਨੇ ਮੁਲਤਾਨ[81] ਦੀ ਯਾਤਰਾ ਕੀਤੀ ਅਤੇ ਪੀਰ ਬਹਾਵਦੀਨ ਨਾਲ ਗੋਸ਼ਟ ਹੋਈ ਪਰ ਇਹ ਘਟਨਾ ਕੋਈ ਬਹੁਤੀ ਮਹਾਨਤਾ ਵਾਲੀ ਪ੍ਰਤੀਤ ਨਹੀਂ ਹੁੰਦੀ।

ਇਸ ਨਾਲ ਹੀ ਗੁਰੂ ਜੀ ਦੇ ਸੰਸਾਰਕ ਜੀਵਨ ਦੀ ਵਾਰਤਾ ਵਾਸਤਵ ਵਿਚ ਖ਼ਤਮ ਹੋ ਜਾਂਦੀ ਹੈ। ਬਗ਼ਦਾਦ ਵਿਚ ਕੁਤਬੇ (ਸ਼ਿਲਾ ਲੇਖ) ਦੀ ਤਾਰੀਖ਼ ਦੇ ਮਿਲਣ ਅਤੇ ਇਹ ਤੱਥ ਕਿ ਬਾਬਰ ਦੇ ਸੈਦਪੁਰ ਉੱਤੇ ਕਬਜ਼ਾ ਕਰਨ ਸਮੇਂ ਗੁਰੂ ਜੀ ਸ਼ਹਿਰ ਦੇ ਆਸ ਪਾਸ ਸਨ, ਨੇ ਸਾਨੂੰ ਗੁਰੂ ਜੀ ਦੀਆਂ ਜੀਵਨ ਘਟਨਾਵਾਂ ਨੂੰ ਵਿਭਿੰਨ ਕ੍ਰਮ ਵਿਚ ਪੇਸ਼ ਕਰਨ ਲਈ ਪ੍ਰੇਰਿਆ ਹੈ ਪਰ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਨਾਲ ਸੰਪੂਰਨ ਵਿਸ਼ੇ ਵਿਚ ਵਧੇਰੇ ਇਕਸਾਰਤਾ ਅਤੇ ਸਪੱਸ਼ਟਤਾ ਆ ਗਈ ਹੈ। ਹੁਣ ਅਸੀਂ ਗੁਰੂ ਜੀ ਦੇ ਜੀਵਨ ਨੂੰ ਤਿੰਨ ਨਿਸ਼ਚਿਤ ਪੜਾਵਾਂ ਵਿਚ ਵੰਡ ਸਕਦੇ ਹਾਂ : ਅੰਤ੍ਰੀਵ ਸੰਘਰਸ਼ ਅਤੇ ਗਿਆਨ ਪ੍ਰਾਪਤੀ ਦਾ ਸਮਾਂ, ਭ੍ਰਮਣ ਅਤੇ ਪ੍ਰਚਾਰ ਦਾ ਸਮਾਂ ਅਤੇ ਸੰਗਠਨ ਕਾਰਜ ਦਾ ਸਮਾਂ। ਪਹਿਲਾ ਪੜਾ ਦੌਲਤ ਖ਼ਾਂ ਦੀ ਨੌਕਰੀ ਛੱਡਣ ਨਾਲ ਖ਼ਤਮ ਹੋ ਜਾਂਦਾ ਹੈ। ਦੂਜੇ ਵਿਚ ਅਸੀਂ ਉਨ੍ਹਾਂ ਨੂੰ ਉੱਤਰ, ਦੱਖਣ, ਪੂਰਬ ਅਤੇ ਪੱਛਮ ਵੱਲ ਕਠਨ ਅਤੇ ਸਵਿਸਤਾਰ ਭ੍ਰਮਣ ਕਰਦੇ ਦੇਖਦੇ ਹਾਂ। ਉਨ੍ਹਾਂ ਹਿੰਦੂ, ਮੁਸਲਮਾਨ ਅਤੇ ਬੁਧੀ ਧਾਰਮਕ ਕੇਂਦਰਾਂ ਦੀ ਯਾਤਰਾ ਕੀਤੀ। ਇਹ ਭ੍ਰਮਣ ਪੰਜਾਬ ਦੇ ਸਵਿਸਤਾਰ ਦੌਰੇ ਨਾਲ ਸਮਾਪਤ ਹੁੰਦਾ ਹੈ। ਫਿਰ ਉਹ ਕਰਤਾਰਪੁਰ ਵਿਚ ਆ ਵਸੇ ਜਿਥੇ ਉਹ ਆਪਣੇ ਅਨੁਯਾਈਆਂ ਨੂੰ ਸੰਗਠਿਤ ਕਰਨ ਅਤੇ ਆਪਣੇ ਮਤ ਦੇ ਜ਼ਰੂਰੀ ਤੱਤਾਂ ਨੂੰ ਨਿਰਧਾਰਿਤ ਕਰਨ ਵਿਚ ਰੁਝ ਗਏ। ਸੋ ਕਰਤਾਰਪੁਰ ਵਿਚ ਆ ਵਸਣ ਅਤੇ ਸੰਗਠਨ ਦਾ ਮਹਾਨ ਕੰਮ ਸ਼ੁਰੂ ਕਰਨ ਉਪਰੰਤ ਗੁਰੂ ਜੀ ਦਾ ਲੰਕਾ ਅਤੇ ਅਰਬ ਵਰਗੇ ਦੁਰੇਡੇ ਦੇਸ਼ਾਂ ਦੀ ਯਾਤਰਾ ਤੇ ਜਾਣ ਦੀ ਸਮੱਸਿਆ ਨੂੰ ਸਾਹਮਣੇ ਰੱਖਣਾ ਹੁਣ ਜ਼ਰੂਰੀ ਨਹੀਂ ਹੈ।

ਐਪਰ, ਆਖ਼ਰ ਗੁਰੂ ਜੀ ਨੇ ਅੰਤ ਨੇੜੇ ਆਉਂਦਾ ਦੇਖ ਕੇ ਅੰਗਦ ਜੀ ਨੂੰ ਆਪਣਾ ਉੱਤਰਧਿਕਾਰੀ ਨਿਯਤ ਕਰ ਦਿੱਤਾ। ਨਵੇਂ ਗੁਰੂ ਜੀ ਦਾ ਅਸਲੀ ਨਾਂ ਲਹਿਣਾ ਸੀ। ਉਹ ਜਾਤ ਦੇ ਖੱਤਰੀ ਅਤੇ ਪਿੰਡ ਖਡੂਰ ਦੇ ਰਹਿਣ ਵਾਲੇ ਸਨ। ਇਹ ਉਹ ਪੁਰਸ਼ ਸਨ ਜਿਨ੍ਹਾਂ ਨੂੰ ਗੁਰੂ ਜੀ ਨੇ ਆਪਣੀ ਮ੍ਰਿਤੂ ਪਿੱਛੋਂ ਆਪਣੇ ਮਿਸ਼ਨ ਨੂੰ ਜ਼ਾਰੀ ਰਖਣ ਦਾ ਕੰਮ ਸੌਂਪਿਆ। "ਨਾਨਕ ਜੀ ਨੇ ਗੁਰੂ ਅੰਗਦ ਸਾਹਮਣੇ ਪੰਜ ਪੈਸੇ ਰੱਖ ਕੇ ਮੱਥਾ ਟੇਕਿਆ ਤਾਂ ਸੰਗਤ

---

80. ਭਾਈ ਗੁਰਦਾਸ, *ਵਾਰ ਪਹਿਲੀ*, 39–43. "ਬਾਝਹੁ ਸਚੇ ਨਾਮ ਦੇ ਹੋਰ ਕਰਾਮਾਤ ਅਸਾਥੇ ਨਾਹੀਂ।" ਇਥੇ ਇਹ ਨੋਟ ਕਰਨ ਵਾਲੀ ਗੱਲ ਹੈ ਕਿ *Gurdwara Reform Movement and the Sikh Awakening.* ਪੰਨਾ 1 ਵਿਚ ਸੁਝਾਈ ਗਈ 'ਸੰਗਤ' ਸਬੰਧੀ ਇਥੇ ਕੁਝ ਨਹੀਂ ਕਿਹਾ ਗਿਆ। ਮੈਕਾਲਿਫ ਨੇ ਵੀ ਪ੍ਰਤੱਖ ਰੂਪ ਵਿਚ ਘਟਨਾ ਦਾ ਵਰਣਨ (ਸੈਂਚੀ ਪਹਿਲੀ, ਪੰਨਾ 157–158) ਆਧਾਰ ਮੂਲ ਰੂਪ ਵਿਚ ਓਹੀ ਸਰੋਤ ਰੱਖਿਆ ਹੈ ਪਰ ਭਾਈ ਗੁਰਦਾਸ ਦੀ ਗਵਾਹੀ ਕਿ ਇਹ ਮੱਕੇ ਤੋਂ ਪਰਤ ਆਉਣ ਪਿੱਛੋਂ ਵਾਪਰੀ ਦੇ ਬਾਵਜੂਦ ਵੀ ਇਹ ਸਮਝ ਨਹੀਂ ਆਉਂਦਾ ਕਿ ਉਹ ਕਿਉਂ ਇਸ ਨੂੰ ਲੰਕਾ ਤੋਂ ਝੱਟ ਬਾਅਦ ਰੱਖਦਾ ਹੈ।

81. ਭਾਈ ਗੁਰਦਾਸ, *ਵਾਰ ਪਹਿਲੀ*, ਪਉੜੀ 44–45; ਟਰੰਪ, ਉਪਰੋਕਤ ਰਚਨਾ, ਪੰਨਾ xliv.

ਵਿਚ ਖਬਰ ਹੋਈ।" ਇਸ ਪ੍ਰਕਾਰ ਲਹਿਣਾ ਜੀ ਨੂੰ ਗੁਰ ਗੱਦੀ ਸੌਂਪਣ ਮਗਰੋਂ ਗੁਰੂ ਨਾਨਕ ਜੀ ਦੇ ਦੇਹ ਸੰਸਕਾਰ ਸਬੰਧੀ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਝਗੜਾ ਉਠ ਖੜਾ ਹੋਇਆ ਦੱਸਿਆ ਗਿਆ ਹੈ। ਹਿੰਦੂ ਇਸ ਨੂੰ ਜਲਾਉਣਾ ਚਾਹੁੰਦੇ ਸਨ ਜਦ ਕਿ ਮੁਸਲਮਾਨ ਇਸ ਦੇ ਦਫਨਾਉਣ ਦੇ ਹੱਕ ਵਿਚ ਸਨ। ਤਦ ਗੁਰੂ ਜੀ ਨੇ ਕਿਹਾ, "ਜੋ ਤੁਸੀਂ ਦੋਹਾਂ ਵੱਲੀ ਫੁੱਲ ਰਖਹੁ, ਦਾਹਣੀ ਵਲਿ ਹਿੰਦੂਆਂ ਦੇ ਰਖਹੁ ਅਤੇ ਬਾਵੀ ਵਲਿ ਮੁਸਲਮਾਨਾਂ ਕੇ ਰਖਹੁ, ਜਿਸ ਕੇ ਭਲਕੇ ਹਰੇ ਰਹਿਨਗੇ, ਜੇ ਹਿੰਦੂਆਂ ਦੇ ਹਰੇ ਰਹਿਨ ਤਾਂ ਜਾਲਹਿੰਦੇ ਅਤੇ ਜੇ ਮੁਸਲਮਾਨਾਂ ਕੇ ਹਰੇ ਰਹਿਨਗੇ ਤਾਂ ਦਬਾਹਿੰਦੇ।" ਫਿਰ ਗੁਰੂ ਜੀ ਨੇ ਸੰਗਤ ਨੂੰ ਕੀਰਤਨ ਦਾ ਆਦੇਸ਼ ਦਿੱਤਾ। ਜਦ ਕਿ ਇਹ ਸਲੋਕ ਗਾਏ ਜਾ ਰਹੇ ਸਨ ਤਾਂ ਗੁਰੂ ਜੀ ਸੌਂ ਗਏ ਅਤੇ ਉਨ੍ਹਾਂ ਦਾ ਸਰੀਰ ਚਾਦਰ ਨਾਲ ਢੱਕ ਦਿੱਤਾ ਗਿਆ। ਜਦ ਅਗਲੇ ਦਿਨ ਚਾਦਰ ਉਪਰੋਂ ਉਠਾਈ ਗਈ ਤਾਂ ਦੋਹਾਂ ਧਿਰਾਂ ਦੇ ਫੁੱਲ ਹਰੇ ਸਨ ਪਰ ਚਾਦਰ ਹੇਠਾਂ ਹੋਰ ਕੁਝ ਨਹੀਂ ਸੀ। ਦੇਹ ਅਲੋਪ ਹੋ ਗਈ ਸੀ।[82] ਇਹ ਵਾਰਤਾ ਭਾਵੇਂ ਹਾਸੋਹੀਣੀ ਲੱਗੇਗੀ ਪਰ ਫਿਰ ਵੀ ਗੁਰੂ ਜੀ ਦੀ ਸਿੱਖਿਆ ਦੇ ਨਿਖੇੜੂ ਤੱਤ, ਅਪਾਰ ਸਹਿਨਸ਼ੀਲਤਾ, ਦੀ ਸਾਖੀ ਭਰਦੀ ਹੈ। ਉਨ੍ਹਾਂ ਦੇ ਆਚਰਨ ਦੀ ਮਿਠਤ ਅਤੇ ਉਨ੍ਹਾਂ ਦੀ ਸਿੱਖਿਆ ਦੇ ਪਿੱਛੇ ਸਾਧਾਰਨ ਸੱਚ ਦੀ ਹੋਂਦ ਨੇ ਉਨ੍ਹਾਂ ਨੂੰ ਲੋਕ-ਪ੍ਰਿਯ ਬਣਾ ਦਿੱਤਾ ਅਤੇ ਅੱਜ ਵੀ ਉਨ੍ਹਾਂ ਨੂੰ ਇਉਂ ਯਾਦ ਕੀਤਾ ਜਾਂਦਾ ਹੈ :

ਗੁਰੂ ਨਾਨਕ ਸ਼ਾਹ ਫਕੀਰ,
ਹਿੰਦੂ ਕਾ ਗੁਰੂ, ਮੁਸਲਮਾਨ ਕਾ ਪੀਰ।

---

82. ਟਰੰਪ, ਉਪਰੋਕਤ ਰਚਨਾ, ਪੰਨਾ xiv.
ਇਹੋ ਜੇਹੀ ਰਵਾਇਤ ਕਬੀਰ ਬਾਰੇ ਵੀ ਪ੍ਰਚੱਲਿਤ ਹੈ। ਦੇਖੋ ਵਿਲਸਨ ਦੀ ਰਚਨਾ *Religious Sects of Hindus*. ਪੰਨਾ 74. ਇਹ ਥੋੜ੍ਹਾ ਜੇਹਾ ਫ਼ਰਕ ਪਾ ਕੇ ਦਬਿਸਤਾਨ, ਸੈਂਚੀ ਦੂਜੀ, ਪੰਨਾ 191 ਵਿਚ ਵੀ ਦਿੱਤਾ ਹੈ।

ਅਧਿਆਇ ਤੀਜਾ

ਗੁਰੂ ਨਾਨਕ ਦਾ ਸੰਦੇਸ਼

"ਨਾ ਕੋ ਹਿੰਦੂ ਨਾ ਮੁਸਲਮਾਨ", ਇਹ ਭਾਵ-ਪੂਰਤ ਕਥਨ ਨਾਲ ਗੁਰੂ ਨਾਨਕ ਜੀ ਦਾ ਜੀਵਨ ਇਕ ਲੋਕ-ਸਿੱਖਿਅਕ ਦੇ ਤੌਰ ਤੇ ਆਰੰਭ ਹੁੰਦਾ ਹੈ। ਇਸ ਕਥਨ ਦੇ ਅਰਥ, ਨਿਰਸੰਦੇਹ ਪਿੰਨਕੋਟ[1] ਵਾਲੇ ਲਏ ਜਾ ਸਕਦੇ ਹਨ ਕਿ ਗੁਰੂ ਜੀ ਇਸ ਰਾਹੀਂ ਮਾਨਵਤਾ ਦੀ ਸਦੀਵੀ ਏਕਤਾ ਦੀ ਹਾਮੀ ਭਰਦੇ ਸਨ ਅਤੇ ਵਾਸਤਵ ਵਿਚ ਇਹ ਕਹਿ ਰਹੇ ਸਨ ਕਿ ਹਰ ਕੋਈ ਮੂਲ ਰੂਪ ਵਿਚ 'ਮਾਨਵ' ਹੈ, ਹਿੰਦੂ ਜਾਂ ਮੁਸਲਮਾਨ ਬਾਅਦ ਵਿਚ। ਜਾਂ ਦੂਜੇ ਸ਼ਬਦਾਂ ਵਿਚ, ਇਥੇ ਮਾਨਵ-ਜਾਤੀ ਦੇ ਸਰਬ ਵਿਆਪਕ ਭਾਈਚਾਰੇ ਦੇ ਸੰਦੇਸ਼ ਦਾ ਭਾਵ ਲਿਆ ਜਾ ਸਕਦਾ ਹੈ। ਗੁਰੂ ਨਾਨਕ ਜੀ ਦੀ ਬਾਣੀ ਵਿਚ ਅਜੇਹੇ ਮਨੋਭਾਵਾਂ ਦੀ ਕੋਈ ਥੁੜ ਨਹੀਂ। ਗੁਰੂ ਨਾਨਕ ਜੀ ਫਰਮਾਂਦੇ ਹਨ :

ਏਕ ਦ੍ਰਿਸਟਿ ਕਰ ਦੇਖਹੁ,
ਘਟਿ ਘਟਿ ਜੋਤਿ ਸਮੋਈ ਜੀਉ ॥ [2]

ਸਾਨੂੰ ਦੱਸਿਆ ਗਿਆ ਹੈ :

ਫਕੜ ਜਾਤੀ ਫਕੜੁ ਨਾਉ ॥
ਸਭਨਾ ਜੀਆ ਇਕਾ ਛਾਉ ॥[3]

(ਸਿਰੀ ਰਾਗ ਕੀ ਵਾਰ, ਪੰਨਾ ੮੩)

ਸੋ ਜੇ ਕੋਈ ਇਸ ਕਥਨ ਦਾ ਸਾਰ-ਭਾਵ ਲੈ ਕੇ ਗੁਰੂ ਨਾਨਕ ਜੀ ਨੂੰ ਸਰਬ ਵਿਆਪੀ ਭਾਈਚਾਰੇ ਦੇ ਸੰਦੇਸ਼ ਨੂੰ ਪ੍ਰਚਾਰਦੇ ਦੱਸਦਾ ਹੈ, ਤਾਂ ਉਹ ਗ਼ਲਤੀ ਨਹੀਂ ਕਰ ਰਿਹਾ ਹੋਵੇਗਾ। ਫਿਰ ਵੀ ਜੇ ਅਸੀਂ ਗੁਰੂ ਨਾਨਕ ਜੀ ਦੇ ਆਰੰਭਿਕ ਭਾਵ-ਪੂਰਤ ਕਥਨ ਨੂੰ ਵਧੇਰੇ ਸਥੂਲ ਅਰਥਾਂ ਵਿਚ ਲਈਏ ਤਾਂ ਉਨ੍ਹਾਂ ਦਾ ਸੰਦੇਸ਼ ਹੋਰ ਚੰਗੇਰੀ ਤਰ੍ਹਾਂ ਸਮਝ ਸਕਾਂਗੇ। ਮੈਕਾਲਿਫ ਕਹਿੰਦਾ ਹੈ ਕਿ "ਸਿੱਖ ਇਸ ਕਥਨ ਦੇ ਵਿਆਪਕ ਅਰਥ ਇਹ ਲੈਂਦੇ ਹਨ ਕਿ ਹਿੰਦੂ ਅਤੇ ਮੁਸਲਮਾਨ ਦੋਵੇਂ ਹੀ ਆਪਣੇ ਧਰਮਾਂ ਦੇ ਅਸੂਲਾਂ ਨੂੰ ਭੁਲਾ ਬੈਠੇ ਸਨ।[4] ਜੇਕਰ ਉਨ੍ਹਾਂ ਪਰਿਸਥਿਤੀਆਂ ਨੂੰ ਵਿਚਾਰੀਏ ਜਿਨ੍ਹਾਂ ਦਾ ਗੁਰੂ ਨਾਨਕ ਜੀ ਨੂੰ ਸਾਹਮਣਾ ਕਰਨਾ ਪਿਆ, ਤਾਂ ਇਉਂ ਪ੍ਰਤੀਤ ਹੁੰਦਾ ਹੈ ਕਿ ਇਸ ਕਥਨ ਦੇ ਅਰਥ ਇਕ ਉਸਾਰੂ ਘੋਸ਼ਣਾ ਨਾਲੋਂ ਵਧੇਰੇ ਨੁਕਤਾ-ਚੀਨੀ ਵਾਲੇ ਹਨ ਅਤੇ ਭਾਵ ਵਜੋਂ ਇਹ ਹਾਂ-ਪੱਖੀ ਨਾਲੋਂ ਵਧੇਰੇ ਨਾਂਹ-ਪੱਖੀ ਹੋਣ ਦਾ ਦਾਅਵਾ ਕਰਦੇ ਹਨ। ਜਿਵੇਂ ਕਿ ਤੇਜਾ ਸਿੰਘ ਕਹਿੰਦਾ ਹੈ, "ਗੁਰੂ ਨਾਨਕ ਜੀ ਨੇ ਵੇਖਿਆ ਕਿ ਲੋਕਾਂ ਨੂੰ ਸੱਚੇ ਬਣਾਉਣ ਦੇ ਰਾਹ ਵਿਚ ਅਸਲੀ

---

1. Hughes, *Dictionary of Islam*. p. 589.
2. ਮੈਕਾਲਿਫ, *ਉਪਰੋਕਤ ਰਚਨਾ*, ਸੈਂਚੀ ਪਹਿਲੀ, ਪੰਨਾ 332.
3. *ਉਹੀ*, ਪੰਨਾ 278.
4. ਮੈਕਾਲਿਫ, *ਉਪਰੋਕਤ ਰਚਨਾ*, ਸੈਂਚੀ ਪਹਿਲੀ, ਪੰਨਾ 37.

ਔਕੜ ਉਨ੍ਹਾਂ ਅੰਦਰ ਧਾਰਮਕ ਭਾਵਨਾ ਦੀ ਘਾਟ ਨਹੀਂ, ਸਗੋਂ ਉਨ੍ਹਾਂ ਦਾ ਇਕ ਵਿਸ਼ੇਸ਼ ਭਾਂਤ ਦਾ ਮਾਨਸਿਕ ਝੁਕਾ ਹੈ, ਜਿਸ ਦੁਆਰਾ ਉਹ ਮੂਲ ਰੂਪ ਵਿਚ ਸਾਧਨ ਚਿਤਵੀਆਂ ਵਸਤਾਂ ਨੂੰ ਹੀ ਸਾਧਯ ਮੰਨਣ ਲਗ ਪਏ ਸਨ।"[5] ਇਸ ਲਈ ਉਨ੍ਹਾਂ ਆਪਣਾ ਕਾਰਜ ਸਮੇਂ ਦੇ ਅੰਧਮਈ ਰੂੜ੍ਹੀਵਾਦੀ ਤੇ ਤੁਰੰਤ ਵਾਰ ਨਾਲ ਆਰੰਭ ਕੀਤਾ ਅਤੇ ਆਪਣੇ ਸਮਕਾਲੀਆਂ ਨੂੰ ਸਾਫ਼ ਸਾਫ਼ ਕਹਿ ਦਿੱਤਾ ਕਿ ਇਥੇ ਨਾ ਕੋਈ ਸੱਚਾ ਹਿੰਦੂ ਹੈ, ਅਤੇ ਨਾ ਹੀ ਕੋਈ ਸੱਚਾ ਮੁਸਲਮਾਨ।

ਅਸੀਂ ਇਹ ਦੇਖ ਚੁੱਕੇ ਹਾਂ ਕਿ ਗੁਰੂ ਨਾਨਕ ਜੀ ਦਾ ਯੁਗ ਅਗਿਆਨਤਾ ਅਤੇ ਲੜਾਈ ਭੜਾਈ ਦਾ ਯੁਗ ਸੀ ਅਤੇ ਇਕਦਮ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਜੀ ਦਾ ਸੰਦੇਸ਼ 'ਸਤਿ' ਅਤੇ 'ਸ਼ਾਂਤੀ' ਦਾ ਸੰਦੇਸ਼ ਸੀ। ਗੁਰੂ ਨਾਨਕ ਜੀ ਦੀ ਸਿੱਖਿਆ ਦਾ ਸਕਾਰਾਤਮਕ ਪੱਖ ਖੁਦ ਸਾਦਗੀ ਹੈ। ਸੱਚਾ ਅਕਾਲ ਪੁਰਖ ਇਕ ਹੈ, ਉਹ ਆਦਿਪੁਰਖ ਹੈ, ਸਤਿ ਹੈ, ਅਨਾਦਿ ਹੈ, ਅਵਿਨਾਸ਼ੀ ਹੈ, ਅਪਰਵਰਤੀ ਹੈ ਤੇ ਉਸ ਤਾਈਂ ਰਸਾਈ ਕੇਵਲ 'ਸਤਿ' ਤੇ ਬੇਲਾਗ ਭਗਤੀ ਦੁਆਰਾ ਹੀ ਹੋ ਸਕਦੀ ਹੈ। 'ਨਾਮ' ਦਾ ਜਾਪ ਧਾਰਮਕ ਕਰਮਾਂ ਵਿਚੋਂ ਸਭ ਤੋਂ ਚੰਗੇਰਾ ਹੈ। ਸੱਚ ਤਾਂ ਇਹ ਹੈ ਕਿ ਨਾਮ ਦੇ ਜਾਪ ਦੁਆਰਾ ਪ੍ਰਾਪਤ ਕੀਤੀ ਆਤਮਿਕ ਅਵਸਥਾ ਤੋਂ ਬਿਨਾਂ ਮੁਕਤੀ ਨਹੀਂ ਹੋ ਸਕਦੀ।[6] ਇਹ ਵੀ ਪੱਕੀ ਤਰ੍ਹਾਂ ਨਿਰਧਾਰਿਤ ਕੀਤਾ ਗਿਆ ਕਿ ਗੁਰੂ ਦੀ ਸ਼ਰਨ ਆਏ ਬਿਨਾਂ ਮਨ ਦੀ ਭਟਕਣਾ ਰੋਕੀ ਨਹੀਂ ਜਾ ਸਕਦੀ। ਇਹ ਕਹਿਣਾ ਕਿ ਮਨੁੱਖ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ, ਨਿਰਰਥਕ ਹੈ। ਪਰੰਤੂ ਅਜੇਹੇ ਮਤ ਨੂੰ ਤੁਰਤ ਸ੍ਵੀਕ੍ਰਿਤੀ ਮਿਲਣ ਦੀ ਆਸ ਨਹੀਂ ਰੱਖੀ ਜਾ ਸਕਦੀ ਸੀ। ਲੋਕਾਂ ਨੂੰ ਇਸ ਦੇ ਸਦਗੁਣਾਂ ਨੂੰ ਦ੍ਰਿੜ੍ਹਾਉਣ ਤੋਂ ਪਹਿਲਾਂ ਕਰੜੀ ਘਾਲਣਾ ਦੀ ਲੋੜ ਸੀ। ਸਤਿ ਦਾ ਬੀਜ ਬੀਜਣ ਲਈ ਭੂਮੀ ਤਿਆਰ ਕਰਨੀ ਪੈਣੀ ਸੀ। ਸੋ ਗੁਰੂ ਨਾਨਕ ਜੀ ਦਾ ਸੰਦੇਸ਼ ਦੋ ਪੱਖਾਂ ਤੋਂ ਪੇਸ਼ ਕੀਤਾ ਗਿਆ ਮੰਨਣਾ ਚਾਹੀਦਾ ਹੈ। ਲੋਕਾਂ ਨੂੰ "ਧਰਮ ਕੀ ਹੈ?" ਸਮਝਾਉਣ ਦੀ ਆਸ ਰੱਖਣ ਤੋਂ ਪਹਿਲਾਂ ਇਹ ਸਪੱਸ਼ਟ ਕਰਨਾ ਕਿ "ਧਰਮ ਕੀ ਨਹੀਂ ਹੈ?" ਅਵੱਸ਼ਕ ਸੀ। ਆਪਣੇ ਇਸ ਪਹਿਲੇ ਕਥਨ ਨਾਲ ਹੀ ਗੁਰੂ ਜੀ ਸਿੱਧੇ ਮਾਮਲੇ ਦੀ ਤਹਿ ਤਕ ਪਹੁੰਚ ਗਏ।

ਜਿਵੇਂ ਕਿ ਅਸੀਂ ਦੇਖ ਚੁੱਕੇ ਹਾਂ, ਬਖੇੜਾ ਉੱਦੇਸ਼ਾਂ ਅਤੇ ਸਾਧਨਾਂ ਦੇ ਰੋਲ-ਘਚੋਲੇ ਅਤੇ ਆਤਮਾ ਤੋਂ ਬੇਮੁਖ ਹੋ ਕੇ ਨਿਪਟ ਮਰਯਾਦਾ ਦੀ ਪਾਲਣਾ ਵਿਚ ਹੈ। ਜਦੋਂ ਉਨ੍ਹਾਂ ਨੇ 'ਨਾ ਕੋਈ ਹਿੰਦੂ ਨਾ ਮੁਸਲਮਾਨ' ਦਾ ਨਾਅਰਾ ਲਾਇਆ, ਤਾਂ ਇਹੀ ਖੋਖਲਾ-ਮਰਯਾਦਾਵਾਦ ਸੀ, ਜਿਸ ਉੱਤੇ ਗੁਰੂ ਨਾਨਕ ਜੀ ਨੇ ਵਾਰ ਕੀਤਾ ਸੀ। ਜਦ ਗੁਰੂ ਜੀ ਨੂੰ ਇਸ ਦੀ ਵਿਆਖਿਆ ਲਈ ਕਿਹਾ ਗਿਆ, ਤਾਂ ਗੁਰੂ ਜੀ ਨੇ ਕਾਜ਼ੀ ਨੂੰ ਦੱਸਿਆਂ :

ਮੁਸਲਮਾਣ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ॥
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ॥
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ"॥੧॥[7]

(ਸਲੋਕ ਮਹਲਾ ੧, ਮਾਝ ਕੀ ਵਾਰ, ਪੰਨਾ ੧੪੧)

---

5. ਤੇਜਾ ਸਿੰਘ, *ਜਪੁਜੀ* (ਦੂਜਾ ਸੰਸਕਰਣ), ਪੰਨਾ 2.
6. ਮੈਕਾਲਿਫ, *ਉਹੀ*, ਸੈਂਚੀ ਪਹਿਲੀ, ਪੰਨਾ 276.

ਕੁਰਾਨ, ਕਾਬਾ, ਤਸਬੀ, ਰੋਜ਼ੇ ਅਤੇ ਨਮਾਜ਼ਾਂ ਰੱਬ ਦੀ ਰਜ਼ਾ ਵਿਚ ਆਉਣ ਵਾਲੀ ਜ਼ਰੂਰੀ ਅਵਸਥਾ ਤੋਂ ਬਿਨਾਂ ਕਿਸੇ ਕੰਮ ਨਹੀਂ, ਕਿਉਂਕਿ ਉਹੀ ਮੁਸਲਮਾਨ ਹੈ ਜੋ 'ਆਪਾ ਭਾਵ ਗਵਾਉਂਦਾ ਹੈ।' ਗੁਰੂ ਨਾਨਕ ਜੀ ਦਾ ਕਹਿਣਾ ਹੈ: "ਕਰਣੀ ਕਲਮਾ ਆਖਿਕੈ ਤਾ ਮੁਸਲਮਾਣੁ ਸਦਾਇ।" ਸੱਚ ਤਾਂ ਇਹ ਹੈ ਕਿ "ਮੋਹ ਮਾਇਆ, ਦੰਭ-ਧਰਮ ਅਤੇ ਦੁਰਾਚਾਰ ਦੇ ਧੰਦੇ ਅਤੇ ਭੋਗ ਵਿਲਾਸ, ਹਿੰਦੂ ਸੰਨਿਆਸੀਆਂ ਦੀਆਂ ਲੰਮੀਆਂ ਜਟਾਂ ਅਤੇ ਪਿੰਡੇ ਤੇ ਮਲੀ ਭਬੂਤ, ਮੁਸਲਮਾਨ ਕਾਜ਼ੀ ਜੋ ਤਸਬੀ ਫੇਰਦੇ ਅਤੇ ਰਿਸ਼ਵਤ ਲੈਂਦੇ ਹਨ, ਆਦਿ, ਇਨ੍ਹਾਂ ਸਭਨਾਂ ਉੱਤੇ ਕਰੜਾ ਕਟਾਖ ਕੀਤਾ ਗਿਆ ਹੈ।" ਸਿੱਖ ਲਿਖਤਾਂ ਵਿਚ ਅਨੇਕਾਂ ਸੰਕੇਤ ਮਿਲਦੇ ਹਨ ਕਿ ਕਿਵੇਂ ਗੁਰੂ ਜੀ ਨੂੰ ਆਪਣੇ ਪ੍ਰਚਾਰ ਅਤੇ ਸੁਧਾਰ ਦੇ ਕਾਰਜ ਵਿਚ ਗੋਰਖ ਨਾਥ ਦੇ ਅਨੁਯਾਈਆਂ ਦੀ ਕਰੜੀ ਵਿਰੋਧਤਾ ਦਾ ਸਾਹਮਣਾ ਕਰਨਾ ਪਿਆ ਸੀ। ਆਮ ਕਰਕੇ ਇਹ ਜੋਗੀ ਅਖਵਾਂਦੇ ਸਨ, ਪੰਜਾਬ ਅਤੇ ਇਸ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਇਨ੍ਹਾਂ ਦੇ ਕਈ ਗੜ੍ਹ ਸਨ। ਜਦ ਗੁਰੂ ਜੀ ਨੇ ਇਹ ਖੁਲ੍ਹਮ-ਖੁਲ੍ਹਾ ਐਲਾਨ ਕਰ ਦਿੱਤਾ ਤਾਂ ਇਹ ਸੰਘਰਸ਼ ਅਨਿਵਾਰੀ ਹੋ ਗਿਆ:

ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ॥
ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ॥
ਕਲਿ ਮਹਿ ਰਾਮ ਨਾਮੁ ਸਾਰੁ॥[8]

(ਧਨਾਸਰੀ ਮਹਲਾ ੧ ਘਰੁ ੩, ਪੰਨਾ ੬੬੨)

ਨਿਸ਼ਚਿਤ ਹੀ, ਇਹ ਕਾਫ਼ੀ ਗੰਭੀਰ ਚੋਟ ਸੀ। ਪਰ ਜਦ ਗੁਰੂ ਜੀ ਨੇ ਇਹ ਕਿਹਾ ਤਾਂ ਜੋਗੀਆਂ ਲਈ ਹੋਰ ਵੀ ਦੁਖਦਾਈ ਹੋ ਗਿਆ:

ਤਾਮਿਸਿ ਤ੍ਰਿਸਨਾ ਲੋਭੁ ਨਿਵਾਰੈ॥
ਪੰਚ ਅਗਨਿ ਘਟ ਭੀਤਰ ਜਾਰੈ॥
ਅਹਿਨਸ ਰਹੈ ਗਡੀਰੁ ਚੜਾਇ॥
ਸਹਜਿ ਉਪਜੈ ਦੁਰਮਤਿ ਜਾਇ॥
ਸਾਧ ਨਿਵਾਜੈ ਬੰਧੈ ਚੋਰਾ॥
ਗੁਰ ਬਿਨੁ ਮੰਤ੍ ਨਾ ਜਪੀਐ ਹੋਰਾ॥
ਉਤਮ ਭਲੇ ਤਿਨਾ ਕੇ ਜਖਣ॥
ਨਾਨਕ ਕਹੈ ਜੋਗ ਕੇ ਲਛਣ॥[9]

ਅਤੇ ਜਦ ਗੁਰੂ ਜੀ ਨੇ ਇਉਂ ਉਨ੍ਹਾਂ ਨੂੰ ਹੋਰ ਸੁਮਤ ਦਿੱਤੀ ਤਾਂ ਇਹ ਚੋਟ ਅਵੱਸ਼ ਹੀ ਬਰਦਾਸ਼ਤ ਦੀ ਹੱਦ ਟੱਪ ਚੁੱਕੀ ਹੋਵੇਗੀ:

ਗੁਰ ਕਾ ਸਬਦੁ ਵੀਚਾਰਿ ਜੋਗੀ॥
ਦੁਖੁ ਸੁਖੁ ਸਮ ਕਰਣਾ ਸੋਗ ਬਿਓਗੀ॥
ਮਨ ਮਹਿ ਮੁੰਦ੍ਰਾ ਹਰਿ ਗੁਰ ਸਰਣਾ॥[10]

(ਰਾਮਕਲੀ ਮਹਲਾ ੧, ਪੰਨਾ ੮੭੯)

---

7. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 38.
8. ਉਹੀ, ਪੰਨਾ 84.
9. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 161.

ਸੰਖੇਪ ਵਿਚ, ਜੋਗੀਆਂ ਨੂੰ ਇਹ ਸਾਫ਼ ਸਾਫ਼ ਦੱਸ ਦਿੱਤਾ ਗਿਆ ਸੀ ਕਿ ਪਵਿੱਤਰਤਾ ਦੇ ਕੁਝ ਇਕ ਬਾਹਰੀ ਚਿੰਨ੍ਹ ਨੂੰ ਉਹ ਕੁਝ ਨਹੀਂ ਬਣਾ ਸਕਦੇ, ਜਿਸ ਦਾ ਉਹ ਪਾਖੰਡ ਕਰਦੇ ਸਨ। ਡੰਡਾ, ਮੁੰਦਰਾਂ, ਭਬੂਤ ਰਮਾਈ ਦੇਹ, ਦਿਲ ਅਤੇ ਦਿਮਾਗ਼ ਦੇ ਗੁਣਾਂ ਸਾਹਮਣੇ ਤੁੱਛ ਹਨ, ਜਿਨ੍ਹਾਂ ਦਾ ਸੂਚਕ ਉਨ੍ਹਾਂ ਦਾ ਨਾਮ ਹੈ। ਜਿਵੇਂ ਮੁੰਦਰਾਂ ਜਾਂ ਡੰਡਾ ਕਿਸੇ ਨੂੰ ਜੋਗੀ ਨਹੀਂ ਬਣਾ ਸਕਦੇ ਤਿਵੇਂ ਹੀ ਨਿਪਟ ਜਨੇਊ ਕਿਸੇ ਨੂੰ ਬ੍ਰਾਹਮਣ ਨਹੀਂ ਬਣਾ ਸਕਦਾ, ਅਤੇ ਵਿਰਾਗੀ, ਖੱਤਰੀ ਜਾਂ ਕਾਜ਼ੀ ਆਦਿ ਮਾਤ੍ਰ ਨਾਮ ਕਿਸੇ ਕੰਮ ਨਹੀਂ ਆਉਂਦੇ ਕਿਉਂਕਿ "ਫਕੜ ਜਾਤੀ ਫਕੜ ਨਾਉਂ" ਅਤੇ ਜੋ ਪਰਖੀ ਜਾਣੀ ਹੈ ਉਹ ਸਚਾਈ ਹੈ। ਵਿਰਾਗੀ ਉਹ ਹੈ ਜਿਸ "ਤਾਮਸ ਤਿਸਨਾ ਹਉਮੈ"[11] ਦਾ ਤਿਆਗ ਕੀਤਾ ਹੈ, "ਸੋ ਜੋਗੀ ਜੋ ਜੁਗਤਿ ਪਛਾਣੈ ॥"[12] "ਕਾਜੀ ਸੋ ਜੋ ਉਲਟੀ ਕਰੈ ॥"[13] "ਸੋ ਬ੍ਰਾਹਮਣ ਜੋ ਬਿੰਦੇ ਬ੍ਰਹਮ ॥[14] ਅਤੇ ਕੇਵਲ ਉਹ ਹੀ ਖੱਤਰੀ ਅਖਵਾ ਸਕਦਾ ਹੈ "ਜੋ ਕਰਮ ਦਾ ਸੂਰ" ਹੋਵੇ ਅਤੇ "ਪੁੰਨਦਾਨ ਦਾ ਸਰੀਰ" ਕਰੇ।[15] ਇਹ ਸਪੱਸ਼ਟ ਕਰਨ ਲਈ ਹੋਰ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ ਕਿ ਉਹ ਮੂਲ-ਭਾਵ ਤੋਂ ਸੱਖਣੇ ਨਿਰੇ ਰੂਪਾਂ ਅਤੇ ਨਾਵਾਂ ਦੀ ਨਿਰਾਰਥਕਤਾ ਦੱਸਣੋਂ ਕਦੇ ਨਹੀਂ ਅੱਕੇ ਸਨ ਕਿਉਂਕਿ ਅਜੇਹੇ ਸੱਖਣੇ ਰੂਪ ਅਤੇ ਨਾਮ ਅਵੱਸ਼ ਹੀ ਰੂੜ੍ਹੀਵਾਦ, ਪਾਖੰਡ ਅਤੇ ਦੰਭ ਦੇ ਅਰਥ ਰਖਦੇ ਸਨ।

ਪਰੰਤੂ ਗੁਰੂ ਜੀ ਦੀਆਂ ਪ੍ਰਾਰੰਭਿਕ ਕਠਿਨਾਈਆਂ ਦਾ ਇੱਥੇ ਹੀ ਅੰਤ ਨਹੀਂ ਹੋ ਜਾਂਦਾ। ਇਹ ਪਹਿਲੋਂ ਵੀ ਸੰਕੇਤ ਕੀਤਾ ਜਾ ਚੁੱਕਿਆ ਹੈ ਕਿ ਉਨ੍ਹਾਂ ਦੇ ਯੁੱਗ ਵਿਚ ਇਕੀਸ਼ਵਰੀਵਾਦ ਦਾ ਮਤ ਲਗਭਗ ਅਲੋਪ ਹੋ ਚੁਕਿਆ ਸੀ। ਅਵਤਾਰਾਂ, ਦੇਵੀ ਦੇਵਤਿਆਂ, ਪੈਗ਼ੰਬਰਾਂ, ਸੰਤਾਂ, ਪੀਰਾਂ ਅਤੇ ਦਰਗਾਹਾਂ ਨੇ ਲੋਕਾਂ ਨੂੰ ਕੱਟੜ ਅਤੇ ਆਮ ਕਰਕੇ ਸਰਗਰਮ ਵਿਰੋਧੀ ਧੜਿਆਂ ਵਿਚ ਵੰਡ ਕੇ ਸਾਰੇ ਸੱਚੇ ਧਾਰਮਕ ਵਿਸ਼ਵਾਸਾਂ ਦੇ ਆਧਾਰ ਦਾ ਵਿਨਾਸ਼ ਕਰਕੇ ਉਨ੍ਹਾਂ ਦੀ ਦ੍ਰਿਸ਼ਟੀ ਨੂੰ ਧੁੰਧਲਾ ਦਿੱਤਾ ਸੀ। ਮੁਸਲਮਾਨਾਂ ਦੇ ਮਨਾਂ ਵਿਚ ਉਨ੍ਹਾਂ ਦੇ ਪੈਗ਼ੰਬਰ ਨੇ ਲਗਭਗ ਪਰਮਾਤਮਾ ਵਾਲੀ ਥਾਂ ਮੱਲ ਲਈ ਹੋਈ ਸੀ ਅਤੇ ਵਿਵਹਾਰ ਵਿਚ ਤਾਂ ਉਸ ਦਾ ਪਰਮਾਤਮਾ ਤੋਂ ਵੀ ਉੱਚਾ ਦਰਜਾ ਸੀ। ਹਿੰਦੂਆਂ ਵਿਚ ਸਦੀਆਂ ਤੋਂ ਹੋ ਰਹੀ ਅਵਤਾਰਾਂ ਅਤੇ ਦੇਵੀ-ਦੇਵਤਿਆਂ ਦੀ ਪੂਜਾ ਨੇ ਪਰਮਾਤਮਾ ਦੀ ਏਕਤਾ ਦਾ ਸਰੂਪ ਅਮਲੀ ਤੌਰ ਤੇ ਖ਼ਤਮ ਕਰ ਛੱਡਿਆ ਸੀ। ਇਸ ਵਿਚ ਹੀ ਗੁਰੂ ਨਾਨਕ ਜੀ ਨੇ ਉਸ ਅਗਿਆਨਤਾ ਅਤੇ ਲੜਾਈ ਭਿੜਾਈ ਦਾ ਮੂਲ ਕਾਰਨ ਲੱਭਿਆ, ਜਿਸ ਵਿਚ ਉਸ ਦੇ ਸਮਕਾਲੀ ਗ੍ਰਸੇ ਹੋਏ ਸਨ। ਵਾਸਤਵ ਵਿਚ ਇਉਂ ਪ੍ਰਤੀਤ ਹੁੰਦਾ ਹੈ ਕਿ ਇਕ ਭਾਵ ਅਨੁਸਾਰ ਧਾਰਮਕ ਬਖੇੜੇ ਵਿਸ਼੍ਵ-ਦੁਖਾਂਤ ਵਿਚ ਸਭ ਤੋਂ ਵੱਧ ਮੰਦਭਾਗੇ ਅਤੇ ਬੇਲੋੜੇ ਰਹੇ ਸਨ। ਇਹ ਸਹਿਜੇ ਹੀ ਦੇਖਿਆ ਜਾ ਸਕਦਾ ਹੈ ਕਿ ਜੇਕਰ ਇਸਾਈਆਂ

---

10. *ਉਹੀ*, ਪੰਨਾ 350.
11. *ਉਹੀ*, ਪੰਨਾ 333.
12. *ਉਹੀ*, ਪੰਨਾ 338.
13. *ਉਹੀ*, ਪੰਨਾ 338.
14. *ਉਹੀ*, ਪੰਨਾ 381.
15. *ਉਹੀ*।

ਨੂੰ ਈਸਾ ਤੋਂ ਪਹਿਲਾਂ ਪਰਮਾਤਮਾ ਨੂੰ ਸ੍ਵੀਕਾਰ ਕਰਨ ਲਈ ਪਰੇਰਿਆ ਜਾ ਸਕਦਾ ਹੈ, ਅਤੇ ਇਸੇ ਤਰ੍ਹਾਂ ਹਿੰਦੂਆਂ ਅਤੇ ਮੁਸਲਮਾਨਾਂ ਜਾਂ ਅੱਜ ਕਲ ਦੇ ਸਿੱਖਾਂ ਨੂੰ ਪਰੇਰਿਆ ਜਾ ਸਕਦਾ ਹੈ, ਅਤੇ ਇਸੇ ਤਰ੍ਹਾਂ ਅੱਜ ਕਲ ਦੇ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ ਨੂੰ ਪਰੇਰਿਆ ਜਾਏ, ਤਾਂ ਸਾਡੀਆਂ ਬਹੁਤ ਸਾਰੀਆਂ ਮੁਸ਼ਕਿਲਾਂ ਆਪਣੇ ਆਪ ਹੀ ਹਲ ਹੋ ਜਾਣਗੀਆਂ। ਗੁਰੂ ਨਾਨਕ ਜੀ ਨੇ ਇਹ ਅਨੁਭਵ ਕਰ ਲਿਆ ਸੀ ਕਿ ਏਕਤਾ ਬੁਨਿਆਦੀ ਅਤੇ ਸਦੀਵੀ ਹੈ ਅਤੇ ਮਤਭੇਦ ਕੇਵਲ ਗੌਣ ਅਤੇ ਆਕਸਮਿਕ ਹਨ। ਕਿਹਾ ਜਾਂਦਾ ਹੈ ਕਿ ਜਦ ਗੁਰੂ ਜੀ ਦੀ ਪਾਕਪਟਨ ਵਿਚ ਸ਼ੇਖ ਬ੍ਰਹਮ ਨਾਲ ਭੇਟ ਹੋਈ ਤਾਂ ਉਸ ਨੇ ਗੁਰੂ ਜੀ ਤੋਂ ਪੁੱਛਿਆ :

ਪਰੁ ਏਕ ਸਾਹਿਬੁ ਤੈ ਦੁਇ ਹਦੀ॥
ਕੇਹੜਾ ਸੇਵੀ ਤੇ ਕੇਹੜਾ ਰਦੀ?

ਉੱਤਰ ਵਿਚ ਗੁਰੂ ਜੀ ਨੇ ਕਿਹਾ :

ਹਿਕੋ ਸਾਹਿਬ ਹਿਕਾ ਹਦਿ॥
ਹਿਕੋ ਸੇਵਿ ਤੇ ਦੂਜਾ ਰਦਿ॥
ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ॥
ਅਵਰੁ ਦੂਜਾ ਕਿਉਂ ਸੇ ਸੇਵੀਐ ਜੰਮੈ ਤੈ ਮਰਿ ਜਾਇ॥[16]

(ਗੂਜਰੀ ਵਾਰ ਮਹਲਾ ੩, ਪੰਨਾ ੫੦੯)

ਗੁਰੂ ਨਾਨਕ ਜੀ ਦੀ ਬਾਣੀ ਪਰਮਾਤਮਾ ਦੀ 'ਵਡਿਆਈ' ਨਾਲ, ਅਤੇ ਇਸ ਦੇ ਮੁਕਾਬਲੇ ਤੇ ਹਰੇਕ ਚੀਜ਼ ਦੀ ਤੁਛਤਾਂ ਦੇ ਵਿਚਾਰ ਨਾਲ ਭਰਪੂਰ ਹੈ। ਗੁਰੂ ਜੀ ਕਹਿੰਦੇ ਹਨ : "ਕਈ ਮਹੁੰਮਦ ਖੜੇ ਦੱਰਬਾਰ, ਪਾਰ ਨਾ ਪਾਵਹਿ ਬੇਸੁਮਾਰ।"[17] ਅਤੇ "ਕ੍ਰਿਸ਼ਨ ਜਾਂ ਰਾਮ ਦੇ ਕਾਰਜਾਂ ਨੂੰ ਵੱਡਿਆ ਕੇ ਪਰਮਾਤਮਾ ਦੀ ਵਡਿਆਈ ਨੂੰ ਛੁਪਾਣ ਦਾ ਯਤਨ ਕਰਨਾ ਉਪਹਾਸ ਦੇ ਤੁਲ ਹੈ।"[18] ਪਰਮਾਤਮਾ ਦੇ ਸਨਮੁਖ ਇਹ ਤੇਜਮਈ ਸੂਰਜ ਸਾਹਮਣੇ ਇਕ ਨਿਕੇ ਜੇਹੇ ਤਾਰੇ ਦੇ ਤੁਲ ਵੀ ਨਹੀਂ ਹਨ। ਗੁਰੂ ਜੀ ਕਹਿੰਦੇ ਹਨ :

ਨਾਨਕ ਵਖਾਣੈ ਬੇਨਤੀ ਜਲਿ ਥਲਿ ਮਹੀਅਲਿ ਸੋਇ॥
ਅਲਾਹੁ ਅਲਖੁ ਅਗੰਮ ਕਾਦਰੁ ਕਰਣਹਾਰੁ ਕਰੀਮੁ॥
ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ॥
ਮੁਕਾਮੁ ਤਿਸਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ॥
ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ॥[19]

(ਸਿਰੀ ਰਾਗ ਮਹਲਾ ੧ ਘਰ ੨, ਪੰਨਾ ੬੪)

---

16. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 102. ਇਹ ਜੜਤ ਇਤਿਹਾਸਕ ਤੌਰ ਤੇ ਝੂਠੀ ਵੀ ਹੋ ਸਕਦੀ ਹੈ ਪਰ ਇਹ ਸਾਂਝੀ ਦਲੀਲ ਤੇ ਕੋਈ ਅਸਰ ਨਹੀਂ ਪਾਉਂਦੀ।
*ਇਹ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤੀਸਰੀ ਪਾਤਸ਼ਾਹੀ ਦਾ ਗਜਰੀ ਦੀ ਵਾਰ ਵਿਚ ਹੈ। —ਅਨੁਵਾਦਕ
17. ਉਹੀ, ਪੰਨਾ 121.
18. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 305.
19. ਉਹੀ, ਪੰਨਾ 154.

ਇਉਂ ਗੁਰੂ ਜੀ ਨੇ ਸਾਰੇ ਅਸਥਾਈ ਰੂਪਾਂ ਤੋਂ ਉੱਚਾ ਉਠਣ ਅਤੇ ਮਨੁੱਖ ਨੂੰ ਸਿੱਧਾ ਪਰਮਾਤਮਾ ਤਕ ਲੈ ਜਾਣ ਦਾ ਯਤਨ ਕੀਤਾ। ਪਰੰਤੂ ਮਨੁੱਖੀ ਮਨ ਦੀ ਸੰਸਾਰਿਕ ਲੀਨਤਾ ਏਨੀ ਬਹੁਮੁਖੀ ਅਤੇ ਬਹੁ ਸੰਖਿਅਕ ਹੈ ਕਿ ਇਸ ਉੱਤੇ ਇਸ ਸੰਦੇਸ਼ ਦੀ ਕੋਈ ਉਘੜਵੀਂ ਛਾਪ ਲਾਉਣ ਲਈ ਸੰਦੇਸ਼ ਦਾ ਵਾਰ ਵਾਰ ਦ੍ਰਿੜ੍ਹਾਇਆ ਜਾਣਾ ਅਵੱਸ਼ਕ ਸੀ। ਇਹ ਯਾਦ ਰਖਣਾ ਜ਼ਰੂਰੀ ਹੈ, ਨਹੀਂ ਤਾਂ ਗੁਰੂ ਨਾਨਕ ਅਤੇ ਉਨ੍ਹਾਂ ਦੇ ਉੱਤਰਾਧਿਕਾਰੀਆਂ ਦੀ ਬਾਣੀ ਵਿਚੋਂ ਇਕੋ ਹੀ ਵਿਚਾਰ ਦਾ ਵਾਰ ਵਾਰ ਦੁਹਰਾਉ, ਕਾਹਲੀ ਵਿਚ ਸਾਨੂੰ ਟਰੰਪ ਵਾਂਗ ਇਸ ਸਿੱਟੇ ਤੇ ਲੈ ਜਾਵੇਗਾ ਕਿ "ਸਿੱਖ ਗ੍ਰੰਥ ਅਤਿ ਅਸੰਗਤ ਅਤੇ ਅਤਿ ਪੇਤਲਾ।"[20] ਜਿਵੇਂ ਮੈਕਾਲਿਫ ਕਹਿੰਦਾ ਹੈ, "ਇਹ ਸਪੱਸ਼ਟ ਹੈ ਕਿ ਬਹੁਤ ਸਾਰੇ ਧਰਮਾਂ ਦੇ ਧਰਮ ਗ੍ਰੰਥਾਂ ਵਿਚ ਦੁਹਰਾਉ ਮਿਲਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਦੇ ਪੈਗੰਬਰ ਆਪਣੇ ਦੁਆਲੇ ਜੁੜੇ ਲੋਕਾਂ ਨੂੰ ਜ਼ਬਾਨੀ ਉਪਦੇਸ਼ ਦਿੰਦੇ ਸਨ ਅਤੇ ਦੁਹਰਾਉ, ਦਿੱਤੀ ਗਈ ਸਿੱਖਿਆ ਨੂੰ ਸਰੋਤਿਆਂ ਦੇ ਮਨਾਂ ਵਿਚ ਘਰ ਕਰਵਾਉਣ ਦਾ ਕੰਮ ਕਰਦਾ ਸੀ।"[21]

ਇਸ ਤੋਂ ਅਤਿਰਿਕਤ ਗੁਰੂ ਜੀ ਨੇ ਧਾਰਮਕ ਗ੍ਰੰਥਾਂ ਪ੍ਰਤਿ ਅੰਧ-ਸ਼ਰਧਾ ਅਤੇ ਮਕਾਨਕੀ ਕਰਮਕਾਂਡ ਦੀ ਅੰਧ ਪਾਲਣਾ ਵਿਚੋਂ ਉਤਪਨ ਹੋਈ ਖਬਤ-ਲੀਨਤਾ ਨਾਲ ਨਜਿੱਠਣਾ ਸੀ। ਗੁਰੂ ਨਾਨਕ ਜੀ ਮਿੱਠੇ ਮਿੱਠੇ ਸ਼ਬਦਾਂ ਦੁਆਰਾ ਖੰਡਨ ਕਰਨ ਵਾਲੇ ਵਿਅਕਤੀ ਨਹੀਂ ਸਨ ਅਤੇ ਉਨ੍ਹਾਂ ਦਾ ਵਾਰ ਸਿੱਧਾ ਹੁੰਦਾ ਸੀ। "ਧਰਮ ਕਰਮ ਦੀ ਪਾਲਣਾ ਨਿਹਫਲ ਹੈ।"[22] ਉਨ੍ਹਾਂ ਕਿਹਾ ਹੈ ਕਿ ਤੀਰਥਾਂ ਤੇ ਨਹਾਤਿਆਂ, ਸਮ੍ਰਿਤੀਆਂ ਦੇ ਜਾਪ ਕਰਨ ਅਤੇ ਸਾਰਾ ਦਿਨ ਦਾਨ ਪੁੰਨ ਕਰਨ ਨਾਲ ਜੋ ਲਾਹਾ ਹੁੰਦਾ ਹੈ, ਉਹ ਨਾਮ ਦੇ ਸਿਮਰਣ ਨਾਲ ਇਕ ਘੜੀ ਵਿਚ ਹੋ ਜਾਂਦਾ ਹੈ। ਨਾਮ ਜੋ ਵਡਿਆਈ ਬਖ਼ਸ਼ਦਾ ਹੈ।[23]

ਪੰਡਿਤ ਇਹ ਕਹਿਣਗੇ :

ਬੇਦ ਪਾਠ ਮਤਿ ਪਾਪਾ ਖਾਇ।
ਬੇਦ ਪਾਠ ਸੰਸਾਰ ਕੀ ਕਾਰ॥
ਪੜਿ ਪੜਿ ਪੰਡਿਤ ਕਰਹਿ ਬੀਚਾਰ॥
ਬਿਨੁ ਬੂਝੇ ਸਭ ਹੋਇ ਖੁਆਰ॥"[24]

ਸੱਚ ਤਾਂ ਇਹ ਹੈ :

ਬੇਦ ਕਤੇਬੀ ਭੇਦੁ ਨ ਜਾਤਾ॥"[25]

---

20. ਟਰੰਪ, ਉਪਰੋਕਤ ਰਚਨਾ, ਆਮੁਖ, ਪੰਨਾ vii, ਸਫਾ cxxi, cxxii ਵੀ ਵੇਖੋ।
21. ਮੈਕਾਲਿਫ, ਉਹੀ, ਆਮੁੱਖ, ਪੰਨਾ xvii.
22. *ਉਹੀ*, ਪੰਨਾ 370.
23. *ਉਹੀ*, ਪੰਨਾ 117.
24. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 345.
25. *ਉਹੀ*, ਪੰਨਾ 362.

ਅਤੇ

ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ।

(ਜਪੁਜੀ, ਪੰਨਾ ੫)

ਪਰ ਫਿਰ ਵੀ ਅਕਾਲ ਪੁਰਖ ਨੂੰ ਕੋਈ ਬੁਝ ਨਹੀਂ ਸਕਿਆ। ਇਹੋ ਜੇਹੇ ਹੋਰ ਅਨੇਕਾਂ ਦ੍ਰਿਸ਼ਟਾਂਤ ਦਿੱਤੇ ਜਾ ਸਕਦੇ ਹਨ ਪਰੰਤੂ ਇਹ ਪ੍ਰਤੀਤ ਹੁੰਦਾ ਹੈ ਕਿ ਇਸ ਸਬੰਧ ਵਿਚ ਜੋ ਕੁਝ ਵੀ ਸਾਨੂੰ ਚਾਹੀਦਾ ਸੀ, ਉਹ ਸਭੋ ਕੁਝ ਸੰਖੇਪ ਵਿਚ ਹੇਠਲੇ ਸ਼ਲੋਕ ਵਿਚੋਂ ਪ੍ਰਾਪਤ ਹੋ ਜਾਂਦਾ ਹੈ ਅਤੇ ਸਾਨੂੰ ਮਾਮਲੇ ਨੂੰ ਹੋਰ ਅੱਗੇ ਲਿਜਾਣ ਦੀ ਲੋੜ ਨਹੀਂ ਰਹਿੰਦੀ। ਗੁਰੂ ਜੀ ਫ਼ਰਮਾਂਦੇ ਹਨ :

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਏ॥
ਗਲੀ ਜੋਗੁ ਨ ਹੋਈ॥
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ॥ ਰਹਾਉ॥
ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ॥
ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥[26]

(ਸੂਹੀ ਮਹਲਾ ੧ ਘਰੁ ੭, ਪੰਨਾ ੭੩੦)

ਇੰਝ ਗੁਰੂ ਜੀ ਸਾਨੂੰ ਆਪਣੇ ਦ੍ਰਿਸ਼ਟੀਕੋਣ ਤੇ ਲੈ ਆਉਂਦੇ ਹਨ; ਉਹ ਸੱਚੇ ਧਾਰਮਕ ਜੀਵਨ ਦੀ 'ਸੁਚਤਾ' ਸਭ ਤੋਂ ਵੱਡੀ ਕਸਵਟੀ ਮੰਨਦੇ ਹਨ। ਪਰ ਇਸ 'ਸੁੱਚਤਾ' ਦਾ ਬਾਹਰੀ ਧਰਮ ਕਰਮ ਨਾਲ ਕੋਈ ਸਬੰਧ ਨਹੀਂ। ਇਹ ਬੁਨਿਆਦੀ ਤੌਰ ਤੇ ਅੰਤਰਾਤਮਕ ਭਗਤੀ ਹੈ। ਲਬ, ਲੋਭ ਅਤੇ ਹੰਕਾਰ ਦੇ ਨਸ਼ੇ ਵਿਚ ਗੜੂੰਦ ਮਾਇਆ ਵਿਚ ਗ੍ਰਸੇ ਜਾਂਦੇ ਹਨ। ਅੰਤਰਾਤਮੇ ਦੀ ਆਗਿਆਨਤਾ, ਸੰਸਾਰੀ ਵਸਤਾਂ ਦੀ ਲਾਲਸਾ, ਨੈਤਿਕ ਭੌਤਿਕਵਾਦ ਦਾ ਛਲ ਉਨ੍ਹਾਂ ਤੋਂ 'ਸੱਚ' ਨੂੰ ਲੁਕਾਈ ਰਖਦਾ ਹੈ ਅਤੇ ਉਨ੍ਹਾਂ ਦੀ ਕਹਿਣੀ ਅਤੇ ਕਰਨੀ ਨੂੰ ਅਪਵਿੱਤਰ ਕਰਦਾ ਹੈ। ਗੁਰੂ ਨਾਨਕ ਨੇ ਮਾਨਵ ਕਲੇਸ਼ ਦਾ ਮੂਲ ਕਾਰਨ ਹਉਮੇ ਅਤੇ ਹੰਕਾਰ[27] ਵਿਚ ਪਛਾਣਿਆ। ਪਰਮਾਤਮਾ ਦੀ ਸਦੀਵੀ ਵਿਆਪਕਤਾ ਨੂੰ ਪੂਰਨ ਤੌਰ ਤੇ ਭੁਲਾ ਕੇ ਮਨੁੱਖ ਆਪਣੇ ਆਪ ਨੂੰ ਹੋਣੀ ਦਾ ਕਰਤਾ, ਆਪਣੇ ਕਾਰਜਾਂ ਦੀ ਸਫ਼ਲਤਾ ਅਤੇ ਅਸਫ਼ਲਤਾ, ਖੁਸ਼ੀ ਅਤੇ ਗਮੀ ਦਾ ਸਭ ਤੋਂ ਵੱਡਾ ਸ਼ਾਸਕ ਮੰਨਦਾ ਹੈ ਅਤੇ ਸੰਸਾਰੀ ਤ੍ਰਿਸ਼ਨਾਵਾਂ ਵਿਚ ਫਸ ਜਾਂਦਾ ਹੈ। ਆਪਣੀ ਇਸ ਨਾ-ਸਮਝੀ ਦਾ ਮੂਲ ਵਾਰ ਵਾਰ ਮਰਨ

---

26. ਉਹੀ, ਪੰਨਾ 60.
27. ਆਸਾ ਕੀ ਵਾਰ, ਸਲੋਕ 7. ਮੂਲ ਰੂਪ ਵਿਚ ਸ਼ਬਦ 'ਹਉ' ਅਤੇ ਕਈ ਵਾਰ 'ਹਉਮੈ' ਹੁੰਦਾ ਹੈ। ਮੈਕਾਲਿਫ ਇਸ ਨੂੰ 'ਅਹੰਕਾਰ' ਨਾਲ ਨਿਭਾਉਂਦਾ ਹੈ ਜੋ ਉੱਕਾ ਹੀ ਭਾਵ ਨਹੀਂ ਦਿੰਦਾ ਅਤੇ ਤੇਜਾ ਸਿੰਘ ਦਾ 'ਹਉ' (ego) ਨਿਸ਼ਚਿਤ ਸੋਧ ਹੈ। ਸਾਨੂੰ ਇਉਂ ਪ੍ਰਤੀਤ ਹੁੰਦਾ ਹੈ ਕਿ ਗੁਰੂ ਜੀ 'ਹਉ' ਤੋਂ ਭਾਵ ਮਾਇਆ ਦੇ ਪ੍ਰਭਾਵ ਹੇਠ ਸੰਸਾਰਕ ਗਸਤਤਾ ਵਿਚੋਂ ਉਤਪੰਨ ਹੋਇਆ ਝੂਠਾ ਵਿਅਕਤਤਵ ਲੈਂਦੇ ਹਨ।

ਜੰਮਣ ਦੇ ਕਸ਼ਟ ਨਾਲ ਚੁਕਾਉਂਦਾ ਹੈ। ਅਪਵਿੱਤਰਤਾ ਇਸ ਅਸਾਧ ਹਉਮੈ ਵਿਚ ਪਰਮਾਤਮਾ ਦੇ ਭਾਣੇ ਦੀ ਧਰੁਵ-ਉਚਤਾ ਨੂੰ ਮੰਨਣ ਤੋਂ ਇਨਕਾਰ ਕਰਨ ਅਤੇ ਸੰਸਾਰੀ ਤ੍ਰਿਸ਼ਨਾਵਾਂ ਵਿਚ ਪਰਵਿਰਤ ਹੋਣ ਵਿਚ ਹੈ। ਇਸ ਲਈ 'ਸੁੱਚਤਾ' ਦਾ ਭਾਵ ਹਉਮੈ ਅਤੇ ਤ੍ਰਿਸ਼ਨਾਵਾਂ ਦਾ ਤਿਆਗ ਹੈ। ਪਰੰਤੂ ਇਸ ਨੂੰ ਪਾਇਆ ਕਿਸ ਤਰ੍ਹਾਂ ਜਾਏ? ਇਸ ਦੀਰਘ ਰੋਗ ਦਾ ਦਾਰੂ ਕਿਥੋਂ ਲਭਿਆ ਜਾਏ? ਗੁਰੂ ਨਾਨਕ ਜੀ ਕਹਿੰਦੇ ਹਨ ਕਿ ਇਸ ਦਾ ਦਾਰੂ 'ਸ਼ਬਦ' ਵਿਚ ਹੈ, ਗੁਰੂ ਦੀ ਸਿੱਖਿਆ ਵਿਚ ਅਤੇ ਨਾਮ ਦੀ ਟੇਕ ਵਿਚ ਹੈ। ਗੁਰੂ ਜੀ ਫ਼ੁਰਮਾਂਦੇ ਹਨ "ਆਪੁ ਗਵਾਈਐ ਤਾਂ ਸਹੁ ਪਾਈਐ ਅਉਰੁ ਕੈਸੀ ਚਤੁਰਾਈ।"[28] "ਗੁਰਮੁਖਿ ਧਿਆਵਹਿ ਸਿ ਅੰਮ੍ਰਿਤੁ ਪਾਵਹਿ ਸੇਈ ਸੂਚੇ ਹੋਹੀ॥"[29] ਸੋ ਸੁਚਤਾ ਜਿਸ ਬਾਰੇ ਗੁਰੂ ਨਾਨਕ ਜੀ ਕਹਿੰਦੇ ਹਨ ਅੰਤਰਾਤਮਕ[30] ਭਗਤੀ ਅਤੇ ਪਰਮਾਤਮਾ ਦੇ ਭਾਣੇ ਦੀ ਸਰਵਉੱਚਤਾ ਨੂੰ ਮੰਨਣ ਨਾਲੋਂ ਕੋਈ ਵੱਖਰੀ ਨਹੀਂ ਕਿਉਂਕਿ

"ਹੁਕਮੇ ਆਵੈ ਹੁਕਮੇ ਜਾਇ॥
ਆਗੈ ਪਾਛੈ ਹੁਕਮਿ ਸਮਾਇ॥"[31]

(ਗਉੜੀ ਮਹਲਾ ੧, ਪੰਨਾ ੧੫੧)

ਇਸ ਤਰ੍ਹਾਂ ਅਸੀਂ ਗੁਰੂ ਨਾਨਕ ਜੀ ਦੀ ਸਿੱਖਿਆ ਦੇ ਮੂਲ ਸਿੱਧਾਂਤਾਂ ਤੇ ਆ ਪਹੁੰਚਦੇ ਹਾਂ। ਇਹ ਪਹਿਲੋਂ ਵੀ ਦੇਖਿਆ ਜਾ ਚੁਕਿਆ ਹੈ ਕਿ ਕਿਵੇਂ ਗੁਰੂ ਜੀ ਨੇ ਰੂੜ੍ਹੀਵਾਦ ਦੀਆਂ ਜੰਜੀਰਾਂ ਨੂੰ ਤੋੜ ਕੇ ਅਤੇ ਪਰਮਾਤਮਾ ਦੀ ਏਕਤਾ ਅਤੇ ਵਡਿਆਈ ਦਾ ਪ੍ਰਚਾਰ ਕਰ ਕੇ, ਇਸ ਪਰਮਸੱਤਾ ਦੀ ਵਿਆਪਕਤਾ ਸਾਹਮਣੇ ਹਰੇਕ ਸ਼ੈ ਨੂੰ ਤੁੱਛ ਦਰਸਾ ਕੇ ਆਪਣੇ ਸਮਕਾਲੀਆਂ ਦੇ ਖਬਤ ਦਾ ਖ਼ਾਤਮਾ ਕਰਨ ਦਾ ਯਤਨ ਕੀਤਾ ਹੈ। ਇਸ ਤਰ੍ਹਾਂ ਭੂਮੀ ਤਿਆਰ ਹੋ ਗਈ। ਮਨੁੱਖ ਨੂੰ ਪਰਮਾਤਮਾ ਦੇ ਸਨਮੁਖ ਲਿਆ ਖੜਾ ਕੀਤਾ। ਗੁਰੂ ਨਾਨਕ ਜੀ ਪਰਮਾਤਮਾ ਦੀ ਵਡਿਆਈ ਅਤੇ ਸਿਫਤ ਨੂੰ ਪ੍ਰਚਾਰਦੇ ਕਦੇ ਨਹੀਂ ਥਕਦੇ ਸਨ। ਅਕਾਲ ਪੁਰਖ ਆਪਣੇ ਆਪ ਤੋਂ ਪੈਦਾ ਹੋਇਆ ਹੈ, ਆਪਣੇ ਆਪ ਵਿਚ ਸਥਿਤ ਹੈ, ਹਰ ਵਸਤੂ ਵਿਚ ਸਮਾਇਆ ਹੋਇਆ ਹੈ ਅਤੇ ਸਾਰੀ ਸ੍ਰਿਸ਼ਟੀ ਉਸਦੇ ਹੁਕਮ ਵਿਚ ਚਲਦੀ ਹੈ। ਉਸਦੀ ਵਡਿਆਈ ਮਨੁੱਖੀ ਚਿੰਤਨ ਤੋਂ ਪਰ੍ਹੇ ਹੈ ਉਸਦੀ ਸਿਫਤ ਕੀਤੀ ਨਹੀਂ ਜਾ ਸਕਦੀ। ਉਸ ਦੀਆਂ ਸਿਫਤਾਂ, ਉਸ ਦੀ ਦਇਆ, ਉਸ ਦਾ ਗਿਆਨ, ਉਸ ਦੀਆਂ ਦਾਤਾਂ, 'ਜੋ ਉਹ ਸੁਣਦਾ ਹੈ ਅਤੇ ਜੋ ਜੋ ਉਹ ਦੇਖਦਾ ਹੈ, ਲਖਿਆ ਨਹੀਂ ਜਾ ਸਕਦਾ। "ਕੋਇ ਨ ਜਾਨੈ ਤੁਮਰਾ ਅੰਤੁ॥" ਉਹ ਕਿੰਨਾ ਵੱਡਾ ਹੈ, ਆਪਣੀ ਵਡਿਆਈ ਉਹ ਆਪ ਹੀ ਜਾਣਦਾ ਹੈ। ਅਕਾਲ ਪੁਰਖ ਜੋ ਸਾਨੂੰ ਦੂਰ ਜਾਪਦਾ ਹੈ, ਸਾਡੇ ਨੇੜੇ ਹੈ। "ਦੂਜੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥" ਸੱਚ ਇਹ ਹੈ ਕਿ "ਇਹ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ" ਅਤੇ ਉਹ ਸਾਡੇ ਅੰਦਰ ਸਮਾਇਆ ਹੋਇਆ

---

28. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 77.
29. ਉਹੀ, ਪੰਨਾ 81.
30. ਉਹੀ, ਪੰਨਾ 134.
31. ਉਹੀ, ਪੰਨਾ 78.

ਹੈ। ਆਸਾ ਦੀ ਵਾਰ ਵਿਚ ਸਾਨੂੰ ਦੱਸਿਆ ਹੈ :

ਸਚੇ ਤੇਰੇ ਖੰਡ ਸਚੇ ਬ੍ਰਹਮੰਡ॥
ਸਚੇ ਤੇਰੇ ਲੋਅ ਸਚੇ ਆਕਾਰ॥
ਸਚੇ ਤੇਰੇ ਕਰਣੇ ਸਰਬ ਬੀਚਾਰ॥
ਸਚਾ ਤੇਰਾ ਅਮਰੁ ਸਚਾ ਦੀਬਾਣੁ॥
ਸਚਾ ਤੇਰਾ ਹੁਕਮੁ ਸਚਾ ਫੁਰਮਾਣੁ॥
ਸਚਾ ਤੇਰਾ ਕਰਮੁ ਸਚਾ ਨੀਸਾਣੁ॥
ਸਚੇ ਤੁਧੁ ਆਖਹਿ ਲਖ ਕਰੋੜਿ॥
ਸਚੈ ਸਭਿ ਤਾਣਿ ਸਚੈ ਸਭਿ ਜੋਰਿ॥
ਸਚੀ ਤੇਰੀ ਸਿਫਤਿ ਸਚੀ ਸਾਲਾਹ॥
ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥[32]

(ਆਸਾ ਦੀ ਵਾਰ, ਪੰਨਾ ੪੬੩)

ਸੋ ਪਰਮਾਤਮਾ ਦੀ 'ਸਿਰਜਣਾ' ਵੀ 'ਸੱਚ' ਦੱਸੀ ਗਈ ਹੈ ਪਰ ਇਸ ਨੂੰ ਸੀਮਿਤ ਭਾਵ ਵਿਚ ਸਮਝਣਾ ਚਾਹੀਦਾ ਹੈ। ਜਿਵੇਂ ਕਿ ਤੇਜਾ ਸਿੰਘ ਕਹਿੰਦਾ ਹੈ, "ਗੁਰੂ ਨਾਨਕ ਅਨੁਸਾਰ ਮਨੁੱਖ ਅਤੇ ਕੁਦਰਤ ਰਲ ਕੇ ਇਕ 'ਪਰਮ ਸਤ' ਜਾਂ 'ਪਰਮ ਸੱਚ' ਸਿਰਜਦੇ ਹਨ; ਇਹ ਸੱਚ ਸਦਾ ਅੰਤਮ ਅਤੇ ਸਥਾਈ ਨਹੀਂ ਪਰੰਤੂ ਇਹ ਸੱਚ ਹੈ ਕਿਉਂਕਿ ਇਸ ਵਿਚ ਪਰਮਾਤਮਾ ਦਾ ਵਾਸਾ ਹੈ। ਹਰ ਇਕ ਸ਼ੈ ਆਪਣੀ ਮਾਤਰਾ ਅਨੁਸਾਰ ਪਰਮਾਤਮਾ ਜਿੰਨੀ ਹੀ ਸੱਚ ਹੈ।"[33] ਇਸ

32. ਤੇਜਾ ਸਿੰਘ, ਆਸਾ ਦੀ ਵਾਰ, ਸ਼ਲੋਕ 11.

33. *ਉਹੀ*, ਪੰਨਾ 128। 'ਸੱਚ' ਨੂੰ ਝੂਠ ਦੇ ਟਾਕਰੇ ਤੇ ਨਿਰਾ ਸੱਚ ਨਹੀਂ ਜਾਨਣਾ ਚਾਹੀਦਾ, ਇਸ ਨੂੰ ਵੇਦਾਂਤ ਦੇ ਸਕਲਪ ਵਾਂਗ, ਛਲਾਵਾ, ਕਲਪਿਤ ਅਤੇ ਨਿਰਮੂਲ ਦਾ ਪ੍ਰਤਿਰੂਪ ਸਮਝਣਾ ਚਾਹੀਦਾ ਹੈ। ਤੇਜਾ ਸਿੰਘ ਦੀ ਵਿਆਖਿਆ ਵਧੇਰੇ ਠੀਕ ਹੁੰਦੀ, ਜੇਕਰ ਉਹ ਵੇਦਾਂਤ ਨੂੰ ਸ਼ੰਕਰ ਦੇ ਅਰਥਾਂ ਵਿਚ ਲੈਂਦੇ। ਸਾਨੂੰ ਦੱਸਿਆ ਗਿਆ ਹੈ ਕਿ ਅਕਾਲ ਪੁਰਖ ਨੂੰ ਸਰਬ-ਵਿਆਪੀ ਅਤੇ ਅਨੁਭਵਾਤੀਤ ਦੇ ਦੂਹਰੇ ਰੂਪ ਵਿਚ ਪੇਸ਼ ਕਰ ਕੇ 'ਗੁਰੂ ਜੀ ਨੇ ਅਜੇਹੀ ਖਾਈ ਤੋਂ ਬਚਾ ਲਿਆ ਜਿਸ ਵਿਚ ਪੂਰਬ ਅਤੇ ਪੱਛਮ ਦੇ ਲੋਕ ਡਿੱਗ ਚੁੱਕੇ ਸਨ।' ਸਾਡਾ ਇਥੇ ਇਸ ਨਾਲ ਕੋਈ ਸਬੰਧ ਨਹੀਂ ਕਿ ਲੇਖਕ ਪੱਛਮ ਦੇ ਸਾਮੀ ਲੋਕਾਂ ਬਾਰੇ ਕੀ ਲਿਖਦਾ ਹੈ। ਇਹ ਕਿਹਾ ਗਿਆ ਹੈ ਕਿ ਪੂਰਬ ਦੇ ਆਰੀਆ ਲੋਕ ਜੋ ਪਰਮਾਤਮਾ ਦੀ ਸਰਬ-ਵਿਆਪਕਤਾ ਵਿਚ ਵਿਸ਼ਵਾਸ ਰਖਦੇ ਹਨ, ਸੱਚੇ ਇਕੀਸ਼ਵਰਵਾਦੀ ਨਹੀਂ ਸਨ ਸਗੋਂ ਉਹ ਸਰਵਿਸ਼ਵਰਵਾਦੀ ਸਨ ਜਾਂ ਬਹੁਦੇਵਵਾਦੀ ਜਾਂ ਕੱਟੜ ਅਦਵੈਤਵਾਦੀ ਸਨ (ਪੰਨਾ 123-125)। ਅਸੀਂ ਕਹਿ ਸਕਦੇ ਹਾਂ ਕਿ ਇਹ ਟਿੱਪਣੀ ਉੱਕਾ ਹੀ ਨਿਰਾਧਾਰ ਹੈ। ਸਿੱਖ ਗੁਰੂਆਂ ਨੂੰ ਇਸ ਦੀ ਮੌਲਿਕਤਾ ਦਾ ਜਸ ਨਹੀਂ ਦਿੱਤਾ ਜਾ ਸਕਦਾ ਕਿਉਂਕਿ ਉਪਰੋਕਤ ਸੰਕੇਤਿਤ ਪਰਮਾਤਮਾ ਦਾ ਦੂਹਰਾ ਸਰੂਪ ਰਾਮਾਨੁਜ ਦੀ ਪੱਧਤੀ ਵਿਚ ਸਾਫ਼ ਸਾਫ਼ ਪੇਸ਼ ਕੀਤਾ ਗਿਆ ਹੈ। ਜਿਵੇਂ ਰਾਧਾ ਕ੍ਰਿਸ਼ਨ ਕਹਿੰਦਾ ਹੈ, "ਰਾਮਾਨੁਜ ਲਈ, ਪਰਮਾਤਮਾ ਸਰਬਵਿਆਪੀ ਅਤੇ ਅਨੁਭਵਾਤੀਤ ਸੀ।" ਅਤੇ ਰਾਮਾਨੁਜ ਤੋਂ ਪਹਿਲੇ ਗ੍ਰੰਥਾਂ ਵਿਚ ਵੀ ਇਸ ਦਾ ਉਲੇਖ ਸੀ (ਗੀਤਾ, ਅਧਿਆਇ 10, 42)। ਵਾਸਤਵ ਵਿਚ ਇਹ ਭੁਲਾਣਾ ਕਿ ਗੁਰੂ ਸਾਹਿਬਾਨ ਸਿਧੇ ਸਾਦੇ ਵਿਅਕਤੀ ਸਨ, ਕੋਈ ਮੰਤਵ ਨਹੀਂ ਹੱਲ ਕਰਦਾ। ਉਨ੍ਹਾਂ ਦੀ ਸ਼ਕਤੀ ਉਨ੍ਹਾਂ ਦੇ ਦਾਰਸ਼ਨਿਕ ਸੰਕਲਪ ਦੀ ਮੌਲਿਕਤਾ ਵਿਚ ਨਹੀਂ ਸੀ ਸਗੋਂ ਵਿਅਕਤਿਤ੍ਵ ਦੀ ਅੰਤ੍ਰੀਵ ਸਿਆਣਪ ਅਤੇ ਸੋਭਾ ਵਿਚ ਸੀ ਜੋ ਸਤਿਕਾਰ ਲਈ ਮਜ਼ਬੂਰ ਕਰਦੀ ਸੀ। ਮਧਕਾਲੀ ਸਕੂਲ ਦੇ ਹੋਰ ਉਪਦੇਸ਼ਕਾਂ ਵਾਂਗ ਸਿੱਖ ਗੁਰੂ ਵੀ ਰਾਮਾਨੁਜ, ਜੋ ਕਿ ਮਹਾਨ ਵੈਸ਼ਨਵ ਫਿਲਾਸਫਰ ਸੀ, ਦੇ ਰਿਣੀ ਹਨ ਜਿਸ ਦਾ ਈਸ਼ਵਰ ਸਬੰਧੀ ਆਦਰਸ਼ ਭਗਤੀ ਲਹਿਰ ਦਾ ਆਧਾਰ ਸੀ। ਸਿੱਖ ਮਤ ਦੀ ਵਿਸ਼ੇਸ਼ਤਾ ਵਿਚਾਰਾਂ ਦੀ ਨਵੀਨਤਾ ਵਿਚ ਨਹੀਂ ਹੈ ਸਗੋਂ, ਜਿਵੇਂ ਕਿ ਅਸੀ ਪਹਿਲਾਂ ਕਿਹਾ ਹੈ, ਸੰਗਠਨ ਦੀ ਅਦੁਤੀ ਭਾਵਨਾ ਵਿਚ ਹੈ ਜਿਸ ਨੇ ਇਸ ਨੂੰ ਅਮਲੀ ਨਤੀਜਿਆਂ ਵਿਚ ਏਨਾ ਨਿਸ਼ਚਿਤ ਬਣਾ ਦਿੱਤਾ।

ਲਈ ਗੁਰੂ ਨਾਨਕ ਜੀ ਦੀ ਬਾਣੀ ਵਿਚ ਮਾਇਆ[34] ਨੂੰ ਇਕ ਅਧਿਆਤਮਕ 'ਅਸਤਯ' ਦੇ ਅਰਥਾਂ ਵਿਚ ਨਹੀਂ ਸਮਝਣਾ ਹੋਵੇਗਾ ਸਗੋਂ ਝੂਠੀ ਹਉਮੇ ਦੀ ਅਜੇਹੀ ਭਾਵਨਾ ਦੇ ਸਿਰਜਨਹਾਰ ਦੇ ਰੂਪ ਵਿਚ ਲੈਣਾ ਹੋਵੇਗਾ, ਜੋ ਮਨੁੱਖ ਨੂੰ ਪਰਮਾਤਮਾ ਅਤੇ ਉਸ ਦੇ ਅਸਲੇ ਤੋਂ ਬੇਮੁਖ ਕਰ ਦਿੰਦੀ ਹੈ ਅਤੇ ਉਸ ਨੂੰ ਪਰਮਾਤਮਾ ਦੀ ਇੱਛਾ ਵਿਰੁੱਧ ਖੜ੍ਹਾ ਹੋਣ ਲਈ ਉਕਸਾਂਦੀ ਹੈ। ਜਿਵੇਂ ਕਿ ਅਸੀਂ ਪਹਿਲਾਂ ਕਹਿ ਚੁੱਕੇ ਹਾਂ, ਇਹ ਮਾਨਵਕਲੇਸ਼ ਦੀ ਜੜ ਸੀ, ਅਤੇ ਗੁਰੂ ਜੀ ਸਾਨੂੰ ਇਸ ਦਾ ਦਾਰੂ ਦੱਸਦੇ ਹਨ—'ਪਰਮਾਤਮਾ ਦੀ ਸ਼ਰਨ ਆਉਣਾ' ਅਤੇ ਨਾਮ ਦਾ ਜਾਪ ਕਰਨਾ। ਜਿਵੇਂ ਉਹ ਆਪਣੇ ਆਪ ਹੀ ਪੈਦਾ ਹੋਇਆ ਹੈ ਉਵੇਂ ਹੀ ਉਸ ਦਾ ਨਾਮ ਹੈ ਅਤੇ 'ਮੰਨੈ ਪਾਵਹਿ ਮੋਖੁ ਦੁਆਰੁ॥"

ਪਰਮਾਤਮਾ ਦੀ ਸਿਫ਼ਤ ਅਤੇ ਵਡਿਆਈ ਵਾਂਗ ਨਾਮ[35] ਦੀ ਵਡਿਆਈ ਨੂੰ ਅਤੇ ਇਸ ਦੇ ਸਿਮਰਨ ਦੇ ਗੁਣਾਂ ਨੂੰ ਵੀ ਉੱਨੇ ਹੀ ਉਤਸਾਹ ਅਤੇ ਪਰਿਪਕਤਾ ਨਾਲ ਪ੍ਰਚਾਰਿਆ ਗਿਆ ਹੈ। ਗੁਰੂ ਵਾਕ ਹੈ :

ਸੁਣਿਐ ਸਤੁ ਸੰਤੋਖੁ ਗਿਆਨੁ॥
ਸੁਣਿਐ ਅਠਸਠਿ ਕਾ ਇਸਨਾਨੁ॥
ਸੁਣਿਐ ਪੜਿ ਪੜਿ ਪਾਵਹਿ ਮਾਨੁ॥
ਸੁਣਿਐ ਲਾਗੈ ਸਹਜਿ ਧਿਆਨੁ॥
ਨਾਨਕ ਭਗਤਾ ਸਦਾ ਵਿਗਾਸੁ॥
ਸੁਣਿਐ ਦੂਖ ਪਾਪ ਕਾ ਨਾਸੁ॥[36]

(ਜਪੁਜੀ, ਪੰਨਾ ੩)

ਤੀਰਥ, ਤਪ, ਪਾਠ, ਪੂਜਾ, ਧਰਮ ਕਰਮ ਅਤੇ ਅਜੇਹੀਆਂ ਹੋਰ ਹਜ਼ਾਰਾਂ ਜੁਗਤਾਂ ਨਾਮ ਬਿਨਾਂ ਨਿਹਫਲ ਹਨ। ਸੱਚ ਤਾਂ ਇਹ ਹੈ ਕਿ ਜਿਨ੍ਹਾਂ ਨਾਮ ਵਿਸਾਰਿਆ ਹੈ ਉਹ ਕੂੜੋ ਕੂੜ ਹਨ ਅਤੇ ਸਦਾ ਜੂਨਾਂ ਵਿਚ ਭਉਂਦੇ ਰਹਿੰਦੇ ਹਨ। ਜਿਹੜੇ ਨਾਮ ਦੇ ਅੰਮ੍ਰਿਤ ਰਸ ਵਿਚ ਲੀਨ ਹਨ ਅਤੇ ਹੁਕਮ ਅੰਦਰ ਵਿਚਰਦੇ ਹਨ, ਉਹ ਮੁਕਤ ਹਨ। ਸਾਨੂੰ ਦੱਸਿਆ ਹੈ :

ਮੰਨੈ ਮਾਰਗਿ ਠਾਕ ਨ ਪਾਇ॥
ਮੰਨੈ ਪਤਿ ਸਿਉ ਪਰਗਟੁ ਜਾਇ॥

---

34. "ਮਾਇਆ ਉਹ ਹੈ ਜਿਸ ਕਾਰਨ ਮਨੁੱਖ ਪਰਮਾਤਮਾ ਨੂੰ ਭੁਲਦਾ ਹੈ, ਇਕ ਝੂਠਾ ਮੋਹ ਉਸ ਵਿਚ ਉਤਪੰਨ ਹੁੰਦਾ ਹੈ, ਅਤੇ ਉਹ ਪਰਮਾਤਮਾ ਦੀ ਥਾਂ ਕਿਸੇ ਹੋਰ ਨੂੰ ਪ੍ਰੇਮ ਕਰਨ ਲੱਗ ਪੈਂਦਾ ਹੈ।" (ਅਨੰਦ, III, 29; ਤੇਜਾ ਸਿੰਘ ਦਾ ਸੰਕੇਤ, ਆਸਾ ਦੀ ਵਾਰ, ਪੰਨਾ 137) । ਜਿਵੇਂ ਕਿ ਅਸੀਂ ਉਪਰ ਸੰਕੇਤ ਕੀਤਾ ਹੈ, ਮਾਇਆ 'ਹਉ' ਪੈਦਾ ਕਰਦੀ ਹੈ ਜਿਹੜੀ ਕਿ ਮਨੁੱਖਾਂ ਦੇ ਸਾਰੇ ਕਲੇਸ਼ਾਂ ਦੀ ਜੜ ਹੈ।
35. ਜਿਵੇਂ ਕਿ ਤੇਜਾ ਸਿੰਘ ਕਰਦਾ ਹੈ, 'ਨਾਮ' ਦੇ ਕਈ ਭਾਵ ਹਨ। ਕਦੇ ਇਹ ਪਰਮਾਤਮਾ ਲਈ ਵਰਤਿਆ ਹੈ; ਕਦੇ ਇਸ ਦੀ ਵਰਤੋਂ 'ਪਰਮਾਤਮਾ ਜਿਵੇਂ ਕਿ ਉਹ ਦ੍ਰਿਸ਼ਟ ਹੈ' ਲਈ ਕੀਤੀ ਗਈ ਹੈ। ਇਸ ਦਾ ਤੀਸਰਾ ਭਾਵ ਵੀ ਹੈ, "ਬਾਣੀ ਜੋ ਗ੍ਰੰਥ ਸਾਹਿਬ ਵਿਚ ਦਰਜ ਹੈ" (ਆਸਾ ਦੀ ਵਾਰ, ਪੰਨਾ 126–27) । ਗੁਰੂ ਨਾਨਕ ਜੀ ਦੇ ਸੰਦੇਸ਼ ਦਾ ਅਧਿਐਨ ਕਰਨ ਲਈ ਸਾਨੂੰ ਇਸ ਨੂੰ 'ਗੁਰੂ ਦੁਆਰਾ ਬੁਝਾਏ ਸ਼ਬਦ' ਦੇ ਅਰਥਾਂ ਵਿਚ ਵੀ ਲੈਣਾ ਹੋਵੇਗਾ।
36. ਜਪੁਜੀ, ਪਉੜੀ ਦਸਵੀਂ, ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 200-201.

ਮੰਨੈ ਮਗੁ ਨ ਚਲੈ ਪੰਥੁ॥
ਮੰਨੈ ਧਰਮ ਸੇਤੀ ਸਨਬੰਧੁ॥
ਐਸਾ ਨਾਮੁ ਨਿਰੰਜਨੁ ਹੋਇ॥
ਜੇ ਕੋ ਮੰਨਿ ਜਾਣੈ ਮਨਿ ਕੋਇ॥[37]

(ਜਪੁਜੀ, ਪੰਨਾ ੩)

ਸੋ ਸੁਚਤਾ ਅਤੇ ਸਦਭਾਵੀ ਜੀਵਨ ਲਈ ਨਾਮ ਦੀ ਲਿਵ ਅਤੇ ਰੱਬ ਦੀ ਰਜਾ ਵਿਚ ਰਹਿਣਾ, ਦੋ ਅਨਿਵਾਰੀ ਤੱਤ ਹਨ, ਜਿਨ੍ਹਾਂ ਦੁਆਰਾ 'ਆਤਮਾ ਦੀ ਪਰਮਾਤਮਾ ਨਾਲ ਇਕਸੁਰਤਾ' ਨੂੰ ਸਮਝ ਸਕਣਾ ਸੰਭਵ ਹੋਵੇਗਾ।

ਪਰੰਤੂ ਇਹੋ ਸਭ ਕੁਝ ਨਹੀਂ ਹੈ। ਇਹ ਪੱਕੀ ਤਰ੍ਹਾਂ ਨਿਰਧਾਰਿਤ ਕੀਤਾ ਗਿਆ ਹੈ ਕਿ ਗੁਰੂ ਦੀ ਸਿੱਖਿਆ ਬਿਨਾਂ ਕੋਈ ਮਨੁੱਖ ਨਾਮ ਦੀ ਸੱਚੀ ਲਗਨ ਅਤੇ ਆਪਾ ਭਾਵ ਗੁਆਣ ਦੀ ਭਾਵਨਾ ਵਿਚ ਰੰਗਿਆ ਨਹੀਂ ਜਾ ਸਕਦਾ। ਗੁਰੂ ਨਾਨਕ ਜੀ ਸਪੱਸ਼ਟ ਫਰਮਾਂਦੇ ਹਨ :

ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ॥
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ।[38]

(ਆਸਾ ਦੀ ਵਾਰ, ਪੰਨਾ ੪੬੬)

ਸੱਚਾ ਅਕਾਲ ਪੁਰਖ ਜੋ ਨਿਰਾਕਾਰ ਹੈ ਲਖਿਆ ਨਹੀਂ ਜਾ ਸਕਦਾ; ਉਹ ਕੇਵਲ ਸ਼ਰਧਾ ਅਤੇ ਪ੍ਰੇਮ ਦੁਆਰਾ ਹੀ ਪਾਇਆ ਜਾ ਸਕਦਾ ਹੈ। ਪਰ ਮਨ ਅੰਦਰ ਨਾਮ ਦੀ ਲਗਨ ਕਿਵੇਂ ਜਗਾਈ ਜਾਵੇ? ਨਾਨਕ ਜੀ ਕਹਿੰਦੇ ਹਨ ਕਿ ਗੁਰੂ ਰਾਹ ਦਰਸਾਏਗਾ :

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥[39]

(ਜਪੁਜੀ, ਪੰਨਾ ੨)

ਗੁਰੂ ਜੀ ਦੀ ਸਿੱਖਿਆ ਰਾਹੀਂ ਹੀ ਮਨੁੱਖ ਇਹ ਜਾਣਦਾ ਹੈ ਕਿ ਪਰਮਾਤਮਾ ਮਨ ਅੰਦਰ ਹੈ[40] ਅਤੇ ਨਾਮ ਦੀ ਲਗਨ ਵਿਚ ਲੀਨ ਹੋ ਜਾਂਦਾ ਹੈ। ਪਉੜੀ ਬਿਨਾਂ ਗੜ੍ਹੀ ਤੇ ਕਿਵੇਂ ਚੜ੍ਹਿਆ ਜਾਏ? "ਗੁਰੂ ਪਉੜੀ ਬੇੜੀ ਗੁਰੂ ਗੁਰੁ ਤੁਲਹਾ ਹਰਿ ਨਾਉ॥"[41] ਇਸ ਭਵਸਾਗਰ ਨੂੰ, ਜੋ ਅਤਿ ਡਰਾਉਣਾ ਹੈ, ਜਿਸ ਦਾ ਕੋਈ ਕਿਨਾਰਾ ਨਹੀਂ, ਕੋਈ ਥਾਹ ਨਹੀਂ, ਕੋਈ ਬੇੜੀ ਨਹੀਂ, ਕੋਈ ਤੁਲਾ ਨਹੀਂ, ਕੋਈ ਡੰਡਾ ਨਹੀਂ, ਅਤੇ ਨਾ ਕੋਈ ਮਲਾਹ ਹੈ, ਕਿਵੇਂ ਲੰਘਿਆ ਜਾਏ? "ਸਤਿਗੁਰ ਭੈ ਕਾ ਬੋਹਿਥਾ ਨਦਰੀ ਪਾਰਿ ਉਤਾਰੁ॥"[42] ਸੋ ਗੁਰੂ ਬਿਨਾਂ ਮੁਕਤੀ ਨਹੀਂ ਹੈ।[43]

---

37. *ਜਪੁਜੀ, ਪਉੜੀ ਚੌਦਵੀਂ*; ਮੈਕਾਲਿਫ, *ਉਹੀ*, ਪੰਨਾ 202.
38. ਤੇਜਾ ਸਿੰਘ, *ਆਸਾ ਦੀ ਵਾਰ*, ਪਉੜੀ ਛੇਵੀਂ, ਪੰਨਾ 74-75.
39. ਜਪੁਜੀ, ਪਉੜੀ, ਪੰਜਵੀਂ। ਮੈਕਾਲਿਫ, *ਉਹੀ*, ਸੈਂਚੀ ਪਹਿਲੀ, ਪੰਨਾ 198.
40. ਮੈਕਾਲਿਫ, *ਉਹੀ*, ਪੰਨਾ 297.
41. *ਉਹੀ*, ਪੰਨਾ 262.
42. *ਉਹੀ*, ਪੰਨਾ 270.
43. *ਉਹੀ*, ਪੰਨਾ 296.

ਪਰੰਤੂ ਇਹ ਸਵਾਲ ਅਜੇ ਵੀ ਬਣਿਆ ਰਹਿੰਦਾ ਹੈ ਕਿ ਗੁਰੂ ਕਿਵੇਂ ਲੱਭਿਆ ਜਾਏ? ਪਰ ਉੱਤਰ ਬੜਾ ਸਿੱਧਾ ਹੈ :

ਸਤਿਗੁਰੂ ਭੇਟੇ ਸੋ ਸੁਖ ਪਾਏ॥
ਹਰਿ ਕਾ ਨਾਮੁ ਮੰਨਿ ਵਸਾਏ॥
ਨਾਨਕ ਨਦਰਿ ਕਰੇ ਸੋ ਪਾਏ॥[44]

ਸੋ ਮਨੁੱਖ ਦੀ ਆਤਮਿਕ ਪੁਨਰ ਸੁਰਜੀਤੀ ਨੂੰ ਆਧਾਰ ਰੂਪ ਵਿਚ ਪਰਮਾਤਮਾ ਦੀ ਮਿਹਰ ਤੇ ਛੱਡ ਦਿੱਤਾ ਗਿਆ ਹੈ। ਇਸ ਵਿਚ ਪ੍ਰਾਚੀਨ ਉਪਨਿਸ਼ਦਾਂ ਦੇ ਇਸ ਕਥਨ ਦੀ ਪ੍ਰਤਿਧੁਨੀ ਹੈ, "ਕੇਵਲ ਉਹੀ ਬ੍ਰਹਮ ਨੂੰ ਪ੍ਰਾਪਤ ਕਰ ਸਕਦਾ ਹੈ, ਜਿਸ ਤੇ ਉਹ ਆਪ ਮਿਹਰ ਕਰਦਾ ਹੈ।"[45] ਪਰਮਾਤਮਾ ਦੀ ਏਕਤਾ ਅਤੇ ਗੁਰੂ ਦੀ ਅਨਿਵਾਰਿਤਾ ਦੇ ਸਿੱਧਾਂਤ ਵਾਂਗ ਪਰਮਾਤਮਾ ਦੀ ਮਿਹਰ ਦਾ ਸਿੱਧਾਂਤ ਵੀ ਗੁਰੂ ਨਾਨਕ ਜੀ ਨੇ ਵਾਰ ਵਾਰ ਦ੍ਰਿੜ੍ਹਾਇਆ ਹੈ। "ਨਾਮ ਵਡਾਈ ਤੁਧੁ ਭਾਣੈ ਦੀਉ॥[46] ਗੁਰੂ ਜੀ ਕਹਿੰਦੇ ਹਨ :

ਸੇਵਕ ਸੇਵਹਿ ਕਰਮਿ ਚੜਾਉ॥
ਅਤੇ *ਸਿਖੀ ਸਿਖਿਆ ਗੁਰ ਵੀਚਾਰਿ॥*
ਨਦਰੀ ਕਰਮਿ ਲਘਾਏ ਪਾਰਿ॥[47]

(ਆਸਾ ਦੀ ਵਾਰ, ਪੰਨਾ ੪੬੫)

ਮਿਹਰ ਦਾ ਇਹ ਸਿੱਧਾਂਤ ਸਾਨੂੰ ਉਸ ਅੰਤਰ-ਵਿਰੋਧ ਦਾ ਗਿਆਨ ਕਰਵਾਉਂਦਾ ਹੈ, ਜਿਹੜਾ ਕਿ ਅਸੀਂ ਗੁਰੂ ਨਾਨਕ ਜੀ ਦੀਆਂ ਰਚਨਾਵਾਂ ਵਿਚ ਵਿਆਪਤ ਵੇਖਦੇ ਹਾਂ। "ਕਬੀਰ ਦੇ ਸ਼ਲੋਕਾਂ ਵਾਂਗ ਗੁਰੂ ਨਾਨਕ ਦੇਵ ਜੀ ਦੇ ਸ਼ਲੋਕਾਂ ਵਿਚ ਦੋ ਸੁਤੰਤਰ ਧਾਰਾਵਾਂ ਵਹਿੰਦੀਆਂ ਹਨ ਜਿਹੜੀਆਂ ਰ੍ਹੋਨ (Rhone) ਅਤੇ ਸਾਉਨ (Saone) ਨਦੀਆਂ ਦੀ ਤਰ੍ਹਾਂ ਨਾਲ ਨਾਲ ਵਹਿੰਦੀਆਂ ਹਨ, ਪਰਸਪਰ ਕਿਧਰੇ ਨਹੀਂ ਮਿਲਦੀਆਂ।" ਗੁਰੂ ਨਾਨਕ ਜੀ ਦੀ ਬਾਣੀ ਵਿਚ ਪਰਮਾਤਮਾ ਦੇ ਇਸ ਦੂਹਰੇ ਲੱਛਣ ਵੱਲ ਪਹਿਲਾਂ ਵੀ ਸੰਕੇਤ ਕੀਤਾ ਜਾ ਚੁਕਿਆ ਹੈ। ਉਹ ਸਰਵਸ਼ਕਤੀਮਾਨ ਹੈ, ਗੁਣਅਤੀਤ ਹੈ, ਅਕੱਥ ਹੈ, ਕਿਉਂਕਿ ਉਹ ਅਨੰਤ ਹੈ, ਸਥਿਰ ਹੈ ਅਤੇ ਨਿਰਗੁਣ ਹੈ ਪਰ ਉਹ ਦ੍ਰਿਸ਼ਟਮਾਨ ਸੰਸਾਰ ਦਾ ਸਰਬ ਵਿਆਪੀ ਪ੍ਰਭੂ ਵੀ ਹੈ, ਸਰਬ ਸ੍ਰਿਸ਼ਟੀ ਦਾ ਕਰਤਾ ਵੀ ਹੈ, ਕੀੜੀ ਅਤੇ ਹਾਥੀ ਵਿਚ ਇਕਸਾਰ ਰੱਖਿਆ ਹੋਇਆ ਹੈ, ਅਪਾਰ ਸ੍ਰਿਸ਼ਟੀ ਦੇ ਸਰਵਗੁਣਾਂ ਨਾਲ ਭਰਪੂਰ ਹੈ।[48] ਇਸ ਤੋਂ ਇਲਾਵਾ ਗੁਰੂ ਨਾਨਕ ਜੀ ਦੀ ਬਾਣੀ ਵਿਚ ਸੁਤੰਤਰ ਇੱਛਾ ਅਤੇ ਪਰਾਲੱਭਦ—ਆਪਣੀ ਭਾਵੀ ਦੇ ਕਰਤਾ ਅਤੇ ਭਾਵੀ ਦੇ ਹੱਥਾਂ ਵਿਚ ਬੇਬਸ ਕਠਪੁਤਲੀ ਮਨੁੱਖ ਵਿਚਲਾ ਅੰਤਰ-ਵਿਰੋਧ ਵੀ ਵਿਦਮਾਨ ਹੈ। ਇਕ ਪਾਸੇ ਸਾਨੂੰ "ਜੇਹਾ ਬੀਜੇ ਸੋ ਲੁਣੈ" ਦੱਸਿਆ ਗਿਆ ਹੈ। ਮਨੁੱਖੀ ਜੀਵਨ ਉਹੋ ਜੇਹਾ ਹੋ ਜਾਂਦਾ ਹੈ, ਜੇਹੋ ਜੇਹਾ ਉਸ ਦੇ ਕਰਮ ਉਸ ਨੂੰ

---

44. ਤੇਜਾ ਸਿੰਘ, *ਆਸਾ ਦੀ ਵਾਰ*, ਪਉੜੀ ਨੌਵੀਂ, ਪੰਨਾ 82.
45. ਕਥਾ, II, 23.
46. ਮੈਕਾਲਿਫ, *ਉਪਰੋਕਤ ਰਚਨਾ*, ਸੈਂਚੀ ਪਹਿਲੀ, ਪੰਨਾ 20.
47. *ਉਹੀ*, ਪੰਨਾ 57, 58.
48. ਐਸਟਲਿਨ ਕਾਰਪੇਂਟਰ, *ਉਹੀ*, ਪੰਨਾ 485.

ਬਣਾ ਦਿੰਦੇ ਹਨ ਅਤੇ ਹਰੇਕ ਮਨੁੱਖ ਆਪਣੇ ਕਰਮ ਦਾ ਆਪ ਜ਼ਿੰਮੇਵਾਰ ਹੁੰਦਾ ਹੈ, ਉਸ ਨੂੰ ਇਸ ਦਾ ਲੇਖਾ ਆਪ ਚੁਕਾਉਣਾ ਪੈਂਦਾ ਹੈ। ਮਨੁੱਖਾਂ ਦੇ ਚੰਗੇ ਮੰਦੇ ਦਾ ਨਿਰਣਾ ਉਨ੍ਹਾਂ ਦੇ ਕਰਮਾਂ ਅਨੁਸਾਰ ਹੋਵੇਗਾ; ਹਰ ਇਕ ਪਲ ਅਤੇ ਘੜੀ ਦਾ ਹਿਸਾਬ ਲਿਆ ਜਾਵੇਗਾ ਅਤੇ ਆਤਮਾ ਨੂੰ ਦੰਡ ਜਾਂ ਫਲ ਪ੍ਰਾਪਤ ਹੋਵੇਗਾ।[49] ਇਸ ਵਿਚ ਅਜੇਹੀ ਨੈਤਿਕ ਲੋੜ ਦੀ ਚਰਚਾ ਹੈ ਜਿਹੜੀ ਅਜੇਹੀ ਧਾਰਮਕ-ਸਮਾਧੀ ਦੇ ਪਰਮਾਨੰਦ ਨੂੰ ਪੂਰਨ ਭਾਂਤ ਆਪਣੇ ਕਲਾਵੇ ਵਿਚ ਲੈਂਦੀ ਹੈ, ਜਿਸ ਨੇ ਸੁਤੰਤਰ ਕਰਮ ਦੇ ਖੇਤਰ ਨੂੰ ਪ੍ਰਵਾਨ ਕੀਤਾ ਹੈ ਅਤੇ ਮਨੁੱਖ ਨੂੰ ਆਪਣੀ ਹੋਣੀ ਦੇ ਕਰਤਾ ਦੇ ਰੂਪ ਵਿਚ ਥਾਪਿਆ ਹੈ। ਇਸ ਵਿਚਾਰ ਨੂੰ ਅਜੇਹੀ ਭਿਆਨਕ ਭਾਵੀ ਦੇ ਵਰਣਨ ਦੁਆਰਾ ਹੋਰ ਦ੍ਰਿੜ੍ਹਾਇਆ ਗਿਆ ਹੈ, ਜਿਹੜੀ ਮੌਤ ਪਿੱਛੋਂ ਸਾਰੇ ਅਪਰਾਧੀਆਂ ਤੇ ਵਰਤੀਂਦੀ ਹੈ।[50] "ਜਿਵੇਂ ਤਿਲਾਂ ਨੂੰ ਗਰਮ ਕੀਤਾ ਅਤੇ ਪੀੜਿਆ ਜਾਂਦਾ ਹੈ ਜਾਂ ਰੂਈ ਨੂੰ ਪਿੰਜਿਆ ਜਾਂਦਾ ਹੈ, ਇਸ ਤਰ੍ਹਾਂ ਹੀ ਪਾਪੀਆਂ ਨੂੰ ਦੰਡ ਦਿੱਤਾ ਜਾਏਗਾ', 'ਗੁਰੂ ਜੀ ਕਹਿੰਦੇ ਹਨ। ਪਰੰਤੂ ਦੂਜੇ ਪਾਸੇ ਇਹ ਨਿਸ਼ਚਿਤ ਤੌਰ ਤੇ ਨਿਰਧਾਰਿਤ ਕੀਤਾ ਗਿਆ ਹੈ, "ਜੋ ਤਿਸੁ ਭਾਵੈ ਸੋ ਥੀਐ ਏਨਾ ਜੰਤਾ ਕੈ ਵਸਿ ਕਿਛੁ ਨਾਹੀ।" ਅਜੇਹੀ ਭਾਵੀ ਮਨੁੱਖ ਉੱਤੇ ਵਾਪਰਦੀ ਹੈ ਜੇਹੋ ਜੇਹੀ ਪਰਮਾਤਮਾ ਨੇ ਉਸ ਦੇ ਮਸਤਕ ਤੇ ਲਿਖ ਦਿੱਤੀ ਹੈ। ਪਰਮਾਤਮਾ ਨੂੰ ਭਾਵੇ ਤਾਂ ਮਨੁੱਖ ਇਸ ਭੈ ਸਾਗਰ ਨੂੰ ਤਰ ਜਾਂਦਾ ਹੈ ਅਤੇ ਉਸ ਨੂੰ ਭਾਵੇ ਤਾਂ ਮਨੁੱਖ ਉਸ ਵਿਚ ਡੁੱਬ ਜਾਂਦਾ ਹੈ। "ਕਰੇ ਕਰਾਵੇ ਆਪੇ ਆਪ ਮਾਨਸ ਕੇ ਕਿਛੁ ਨਾਹੀ ਹਾਥ"। ਪ੍ਰਭੂ ਜਿਸ ਤੇ ਨਦਰ ਕਰਦਾ ਹੈ, ਪਾਰ ਲੰਘ ਜਾਂਦਾ ਹੈ ਅਤੇ ਗੁਰਮੁਖ ਉਹ ਹਨ ਜਿਨ੍ਹਾਂ ਦੇ ਮਸਤਕ ਤੇ ਚੰਗੇ ਲੇਖ ਲਿਖੇ ਹੋਏ ਹਨ।[51] ਸੋ ਇਨ੍ਹਾਂ ਸਤਰਾਂ ਵਿਚ ਸਾਨੂੰ ਪੂਰਨ ਭਾਂਤ ਵੱਖਰਾ ਦ੍ਰਿਸ਼ਟੀਕੋਣ ਮਿਲਦਾ ਹੈ ਜਿਸ ਅਨੁਸਾਰ ਮਨੁੱਖ ਨਿਰਦਈ ਭਾਵੀ ਦੇ ਹੱਥਾਂ ਵਿਚ ਬੇਬਸ ਪ੍ਰਤੀਤ ਹੁੰਦਾ ਹੈ ਅਤੇ ਪੂਰਬ ਲਿਖਿਆ ਦੁਖ ਸੁਖ ਭੋਗਦਾ ਹੈ। ਕਾਰਪੈਂਟਰ ਕਹਿੰਦਾ ਹੈ ਕਿ "ਇਹ ਅਸਪੱਸ਼ਟ ਅੰਤਰ-ਵਿਰੋਧ ਨੈਤਿਕ ਵਿਵਸਥਾ ਦੇ ਸਮਾਵੇਸ਼ ਨਾਲ ਕੁਝ ਹੱਦ ਤਕ ਸੁਲਝ ਜਾਂਦਾ ਹੈ ਜੇਹਾ ਕਿ ਦੈਵੀ ਇੱਛਾ ਵਿਚ ਕਰਮ ਕਾਂਡ ਤੋਂ ਸਿੱਧ ਹੈ।"[52] ਪਰੰਤੂ ਇਹ ਗੱਲ ਮਾਮਲੇ ਦੀ ਤਹਿ ਤਕ ਨਹੀਂ ਪਹੁੰਚਦੀ ਅਤੇ ਇਹ ਅਨਿਸ਼ਚਿਤ ਰਹਿ ਜਾਂਦਾ ਹੈ ਕਿ ਕੀ ਮਨੁੱਖ, ਜਿੱਥੇ ਤਕ ਉਸ ਦੇ ਕਰਮਾਂ ਦਾ ਸਬੰਧ ਹੈ, ਪੂਰਨ ਭਾਂਤ ਸੁਤੰਤਰ ਹੈ। ਇਕ ਹੋਰ ਵਿਆਖਿਆ ਇਸ ਤਰ੍ਹਾਂ ਹੋ ਸਕਦੀ ਹੈ ਕਿ ਵਾਸਤਵ ਵਿਚ ਗੁਰੂ ਨਾਨਕ ਜੀ ਦੀ ਬਾਣੀ ਵਿਚ ਕੋਈ ਅੰਤਰ-ਵਿਰੋਧ ਨਹੀਂ ਅਤੇ ਜੋ ਕੁਝ ਇਸ ਭਾਂਤ ਦਾ ਪ੍ਰਤੀਤ ਹੁੰਦਾ ਹੈ ਉਹ ਇਸ ਤਥ ਕਾਰਨ ਹੈ ਕਿ ਇਹ ਵਚਨ ਆਤਮਿਕ ਵਿਕਾਸ ਦੇ ਵੱਖ ਵੱਖ ਪੜਾਵਾਂ ਤੇ ਵੱਖ ਵੱਖ ਸਮਿਆਂ ਪੁਰ ਵੱਖ ਵੱਖ ਮਨੁੱਖਾਂ ਨੂੰ ਸੰਬੋਧਿਤ ਕੀਤੇ ਗਏ ਹਨ।[53] ਐਪਰ ਸਾਨੂੰ ਇਉਂ ਪ੍ਰਤੀਤ ਹੁੰਦਾ ਹੈ ਕਿ ਵਿਵਹਾਰ ਵਿਚ ਇਹ ਸਮੱਸਿਆ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕੀਤੀ ਗਈ ਹੈ। ਗੁਰੂ ਨਾਨਕ ਜੀ

---

49. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 70, 90, 124, 133, 244.
50. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 125.
51. ਉਹੀ, ਪੰਨਾ 58, 66, 87, 100,145.
52. ਕਾਰਪੈਂਟਰ, ਉਪਰੋਕਤ ਰਚਨਾ, ਪੰਨਾ 487.
53. ਇਹ ਵਿਆਖਿਆ ਮੇਰੇ ਗੁਰਮੁਖੀ ਅਧਿਆਪਕ ਭਾਈ ਅਜਮੇਰ ਸਿੰਘ ਨੇ ਸੁਝਾਈ ਸੀ।

ਆਪਣੇ ਸ਼ਿਸ਼ ਤੋਂ ਗੁਰੂ ਦੇ ਚਰਨਾਂ ਵਿਚ ਪੂਰਨ ਸਮਰਪਨ ਚਾਹੁੰਦੇ ਹਨ; ਉਸ ਦੀ ਆਪਣੀ ਸਿਆਣਪ ਦਾ ਤਿਆਗ ਤਾਂ ਕਿ ਉਹ ਗੁਰੂ ਦੀ ਉਚੇਰੀ ਸਿਆਣਪ ਦੁਆਰਾ ਮੁਕਤ ਹੋ ਸਕੇ। ਸੋ ਇਹ ਪ੍ਰਤੱਖ ਹੈ ਕਿ ਜਿਉਂ ਹੀ ਕੋਈ ਮਨੁੱਖ ਗੁਰੂ ਦੀ ਸ਼ਰਨ ਵਿਚ ਆਉਂਦਾ ਸੀ, ਜਿਥੋਂ ਤਕ ਕਿ ਉਸ ਦਾ ਸਬੰਧ ਹੁੰਦਾ ਸੀ, ਉਪਰ ਵਰਣਿਤ ਅੰਤਰ-ਵਿਰੋਧ ਅਲੋਪ ਹੋ ਜਾਂਦਾ ਸੀ, ਕਿਉਂਕਿ ਇਸ ਤੋਂ ਪਿੱਛੋਂ ਕੇਵਲ ਗੁਰੂ ਹੀ ਕਰਮ ਕਰਦਾ ਸੀ ਅਤੇ ਸ਼ਿਸ਼ ਦੀ ਗੁਰੂ ਤੋਂ ਵੱਖਰੀ ਆਪਣੀ ਕੋਈ ਇੱਛਾ ਨਹੀਂ ਹੁੰਦੀ ਸੀ। ਉਸ ਦਾ ਇਕੋ ਇਕ ਕਰਮ ਗੁਰੂ ਦੇ ਦੱਸੇ ਮਾਰਗ ਤੇ ਚਲਣਾ ਅਤੇ ਉਸ ਦੀ ਰਜ਼ਾ ਅੱਗੇ ਸਿਰ ਝੁਕਾਉਣਾ ਹੁੰਦਾ ਸੀ।

ਇਸ ਤੋਂ ਸਾਨੂੰ ਗੁਰੂ ਨਾਨਕ ਜੀ ਦੇ ਸੰਦੇਸ਼ ਦੇ ਮੁੱਖ ਤੱਤਾਂ ਦੀ ਰੂਪ-ਰੇਖਾ ਦਾ ਗਿਆਨ ਹੋ ਜਾਂਦਾ ਹੈ। ਤਿੰਨ ਗੱਲਾਂ ਉਭਰਵੇਂ ਰੂਪ ਵਿਚ ਦ੍ਰਿਸ਼ਟੀ ਗੋਚਰ ਹੁੰਦੀਆਂ ਹਨ—ਇਕੋ ਸੱਚਾ ਅਕਾਲ ਪੁਰਖ, ਗੁਰੂ ਅਤੇ ਨਾਮ। ਮੁਕਤੀ ਪਰਮਾਤਮਾ ਦੇ ਸ਼ਬਦ ਵਿਚ ਹੀ ਹੈ ਅਤੇ ਸ਼ਬਦ ਦੀ ਸਮਝ ਕੇਵਲ ਗੁਰ-ਸਿੱਖਿਆ ਦੁਆਰਾ ਹੀ ਪੈ ਸਕਦੀ ਹੈ। ਨਾਨਕ ਦੇਵ ਜੀ ਕਹਿੰਦੇ ਹਨ, "ਬਾਝੁ ਗੁਰੂ ਗੁਬਾਰੁ ਹੈ ਬਿਨੁ ਸਬਦੈ ਬੂਝ ਨ ਪਾਇ"॥[54] ਸੋ ਗੁਰੂ ਇਸ ਸੰਗਲੀ ਦੀ ਪ੍ਰਮੁੱਖ ਕੜੀ ਹੈ, ਉਹ ਧੁਰੀ ਹੈ ਜਿਸ ਦੇ ਦੁਆਲੇ ਹਰੇਕ ਵਸਤੂ ਘੁੰਮਦੀ ਹੈ। ਇਸ਼ ਵਿਚਾਰ ਦਾ ਮਹੱਤਵ ਹੋਰ ਪ੍ਰਤੱਖ ਹੁੰਦਾ ਜਾਂਦਾ ਹੈ ਜਿਉਂ ਜਿਉਂ ਅਸੀਂ ਸਿੱਖ ਮਤ ਦੇ ਵਿਕਾਸ ਨੂੰ ਵੱਖ-ਵੱਖ ਪੜਾਵਾਂ ਤੇ ਵੇਖਦੇ ਹਾਂ। ਪਰ ਇਸ ਪ੍ਰਸ਼ਨ ਦਾ ਇਕ ਹੋਰ ਪੱਖ ਹੈ ਜੋ ਤੁਰੰਤ ਧਿਆਨ ਮੰਗਦਾ ਹੈ। ਉਪਰੋਕਤ ਚਰਚਾ ਤੋਂ ਇਹ ਗੱਲ ਭਲੀ ਭਾਂਤ ਪ੍ਰਤੀਤ ਹੋ ਜਾਂਦੀ ਹੈ ਕਿ ਗੁਰੂ ਨਾਨਕ ਜੀ ਕ੍ਰਾਂਤੀਕਾਰੀ ਸਨ ਜਿਨ੍ਹਾਂ ਦਾ ਉੱਦੇਸ਼ ਉਸ ਸਮਾਜ ਦੀਆਂ, ਜਿਸ ਵਿਚ ਉਨ੍ਹਾਂ ਜਨਮ ਲਿਆ ਸੀ, ਲੋਕ-ਪ੍ਰਿਯ ਸੰਸਥਾਵਾਂ ਨੂੰ ਉਲਟ ਪੁਲਟ ਕਰ ਕੇ ਸਮਾਜਕ ਕ੍ਰਾਂਤੀ ਲਿਆਉਣਾ ਅਤੇ ਪੁਰਾਤਨ ਦੇ ਖੰਡਰਾਂ ਅਤੇ ਨਵ-ਸਮਾਜ ਦੀ ਉਸਾਰੀ ਕਰਨਾ ਸੀ। ਇਉਂ ਲਗਦਾ ਹੈ ਕਿ ਉਨ੍ਹਾਂ ਨੇ ਆਪਣੇ ਸਮੇਂ ਵਿਚ ਪ੍ਰਚੱਲਿਤ ਸਭੇ ਮਹੱਤਵਪੂਰਨ ਰਹੁਰੀਤਾਂ ਅਤੇ ਸੰਸਥਾਵਾਂ ਦਾ ਵਾਰੋ ਵਾਰੀ ਖੰਡਨ ਕੀਤਾ ਅਤੇ ਆਪਣੇ ਸਮਕਾਲੀਆਂ ਨੂੰ ਬੀਤੇ ਦੇ ਰਸਮੋ-ਰਿਵਾਜਾਂ ਨੂੰ ਉੱਕਾ ਹੀ ਤਜ ਕੇ ਇਕ ਨਵਾਂ ਮਾਰਗ ਅਪਨਾਉਣ ਲਈ ਕਿਹਾ ਸੀ। ਅਵਤਾਰਾਂ ਅਤੇ ਦੇਵੀ ਦੇਵਤਿਆਂ, ਤੀਰਥਾਂ ਅਤੇ ਧਾਰਮਕ ਰਸਮਾਂ, ਜਾਤ ਪਾਤ ਅਤੇ ਇਸ ਦੀ ਵਰਤੋਂ, ਸਭ ਨੂੰ ਇਕ ਲਾਂਭੇ ਰੱਖ ਦਿੱਤਾ ਗਿਆ, ਅਤੇ ਧਾਰਮਕ ਮਰਯਾਦਾਵਾਂ, ਜਿਨ੍ਹਾਂ ਉੱਤੇ ਜੋਗੀ, ਸਿਧ ਅਤੇ ਉਨ੍ਹਾਂ ਜੇਹੇ ਹੋਰ ਮਨੁੱਖ ਮਾਣ ਕਰਦੇ ਸਨ, ਨੂੰ ਕੂੜਾ ਕਰਕਟ ਸਮਝ ਕੇ ਉਨ੍ਹਾਂ ਦੇ ਮੂੰਹਾਂ ਤੇ ਦੇ ਮਾਰਿਆ। ਸੰਖੇਪ ਵਿਚ, ਕੋਈ ਇਹ ਸੋਚੇਗਾ ਕਿ ਗੁਰੂ ਨਾਨਕ ਜੀ ਅਜੇਹੇ ਸੁਧਾਰਕ ਨਹੀਂ ਸਨ ਜੋ ਕਿ ਪੁਰਾਤਨ ਵਿਵਸਥਾ ਵਿਚ ਪ੍ਰਵੇਸ਼ ਕਰ ਚੁੱਕੀਆਂ ਕੁਰੀਤੀਆਂ ਦੂਰ ਕਰਨਾ ਚਾਹੁੰਦੇ ਹੋਣ ਅਤੇ ਨਵੀਨ ਵਾਤਾਵਰਣ ਦੇ ਅਨੁਸਾਰ ਇਸ ਨੂੰ ਸਹੀ ਤੌਰ ਤੇ ਢਾਲ ਕੇ ਪੁਨਰ ਨਿਰਮਾਣ ਕਰਨਾ ਲੋੜਦੇ ਹੋਣ, ਸਗੋਂ ਉਨ੍ਹਾਂ ਦਾ ਉੱਦੇਸ਼ ਆਪਣੇ ਆਪ ਨੂੰ ਪੁਰਾਤਨ ਬੰਧਨਾਂ ਤੋਂ ਸੁਤੰਤਰ ਕਰ ਕੇ ਇਕ ਮਾਰਗ ਨਿਰਧਾਰਿਤ ਕਰਨਾ ਸੀ। ਜੇਕਰ ਅਸੀਂ ਉਨ੍ਹਾਂ ਨੂੰ ਸਹੀ ਰੂਪ ਵਿਚ ਜਾਣਿਆ ਹੈ ਤਾਂ ਮੈਕਾਲਿਫ ਦਾ ਵੀ ਇਹੋ ਵਿਚਾਰ ਜਾਪਦਾ ਹੈ ਅਤੇ ਇਸ ਵਿਚ ਰਤਾ ਸੰਦੇਹ ਨਹੀਂ ਕਿ ਆਧੁਨਿਕ ਸਿੱਖ ਵਿਚਾਰਧਾਰਾ ਦਾ ਝੁਕਾ ਵੀ ਇਸੇ ਦਿਸ਼ਾ ਵੱਲ

54. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 135.

ਹੈ। ਵਾਸਤਵ ਵਿਚ ਇਹ ਪ੍ਰਸ਼ਨ ਹੀ ਨਹੀਂ ਉਠਦਾ ਕਿ ਸਿੱਖ ਮਤ ਹੌਲੀ ਹੌਲੀ ਕੁਝ ਵਿਸ਼ੇਸ਼ ਧਾਰਨਾਵਾਂ ਉੱਤੇ ਵਿਕਸਿਤ ਹੋਇਆ ਅਤੇ ਅੰਤ ਵਿਚ ਪੁਰਾਣੇ ਮਤਾਂ ਤੋਂ ਪੂਰਨ ਭਾਂਤ ਵੱਖਰੀ ਹਸਤੀ ਗ੍ਰਹਿਣ ਕਰ ਗਿਆ। ਪਰ ਜਿਸ ਸਮੱਸਿਆ ਨਾਲ ਇਸ ਵੇਲੇ ਸਾਡਾ ਵਾਹ ਹੈ, ਉਹ ਹੈ ਅਸੀਂ ਸਿੱਖ ਮਤ ਦੇ ਆਰੰਭ ਨੂੰ ਕਿਸ ਤਰ੍ਹਾਂ ਸਮਝੀਏ? ਇਸ ਪ੍ਰਸ਼ਨ ਦਾ ਡੂੰਘਾ ਅਧਿਐਨ ਸਾਨੂੰ ਇਹ ਵਿਸ਼ਵਾਸ ਕਰਵਾ ਦਿੰਦਾ ਹੈ ਕਿ ਇਸ ਦਾ ਘੜਿਆ ਘੜਾਇਆ ਉੱਤਰ ਦੇਣਾ ਕੋਈ ਸੌਖੀ ਗੱਲ ਨਹੀਂ ਅਤੇ ਕਈ ਇਕ ਮਹੱਤਵਪੂਰਨ ਤਥਾਂ ਦੀ ਵਿਆਖਿਆ ਕਰਨੀ ਪੈਂਦੀ ਹੈ, ਅਤੇ ਉਨ੍ਹਾਂ ਦਾ ਮੁੱਲ ਪਾਉਣਾ ਪੈਂਦਾ ਹੈ, ਇਸ ਤੋਂ ਮਗਰੋਂ ਹੀ ਮੈਕਾਲਿਫ ਜਾਂ ਭਾਈ ਕਾਨ੍ਹ ਸਿੰਘ ਵਰਗੇ ਆਧੁਨਿਕ ਲਿਖਾਰੀਆਂ ਦੇ ਵਿਚਾਰਾਂ ਨੂੰ ਸ੍ਵੀਕਾਰ ਕੀਤਾ ਜਾ ਸਕਦਾ ਹੈ।[55]

ਅਸੀਂ ਹੁਣ ਸਭ ਤੋਂ ਵੱਧ ਮਹੱਤਵਪੂਰਨ ਪ੍ਰਸ਼ਨ ਜਾਤ ਪਾਤ, ਜੋ ਕਿ ਗੁਰੂ ਨਾਨਕ ਜੀ ਦੇ ਸਮੇਂ ਦੇ ਸਮਾਜ ਦੀ ਰੀੜ੍ਹ ਦੀ ਹੱਡੀ ਸੀ, ਉੱਤੇ ਵਿਚਾਰ ਕਰਦੇ ਹਾਂ। ਆਧੁਨਿਕ ਵਿਚਾਰਧਾਰਾ ਦਾ ਝੁਕਾ ਹੈ ਕਿ ਗੁਰੂ ਨਾਨਕ ਜੀ ਨੇ ਇਸ ਦੇ ਪੂਰਨ ਵਿਨਾਸ਼ ਦਾ ਯਤਨ ਕੀਤਾ। ਮੈਕਾਲਿਫ ਦਾ ਵੀ ਇਹੋ ਵਿਚਾਰ ਹੈ ਕਿ ਗੁਰੂ ਜੀ ਨੇ ਜਾਤ ਪਾਤ ਤੇ ਬੜਾ ਤੀਬਰ ਅਤੇ ਕਾਰਗਰ ਵਾਰ ਕੀਤਾ, ਅਤੇ ਕਾਰਪੈਂਟਰ ਲਿਖਦਾ ਹੈ ਕਿ "ਨਾਨਕ ਨੇ ਹਰ ਪਾਸੇ ਜਾਤ ਪਾਤ ਦੇ ਬੰਧਨਾਂ ਨੂੰ ਤੋੜ ਦਿੱਤਾ ਸੀ।" ਭਾਈ ਕਾਨ੍ਹ ਸਿੰਘ ਅਤੇ ਤੇਜਾ ਸਿੰਘ ਵੀ ਆਪਣੀ ਰਾਇ ਵਿਚ ਇਸੇ ਗੱਲ ਤੇ ਜ਼ੋਰ ਦਿੰਦੇ ਪ੍ਰਤੀਤ ਹੁੰਦੇ ਹਨ ਕਿ ਗੁਰੂ ਸਾਹਿਬ ਦੇ ਮਨ ਵਿਚ ਜਾਤ ਪਾਤ ਅਤੇ ਇਸ ਦੀ ਵਰਤੋਂ ਲਈ ਕੋਈ ਦਇਆ ਨਹੀਂ ਸੀ। ਇਸ ਅਝੱਕ ਰਾਇ ਦਾ ਆਧਾਰ ਮੂਲ ਰੂਪ ਵਿਚ ਗੁਰੂ ਨਾਨਕ ਜੀ ਦੇ ਜਾਤ ਪਾਤ ਸਬੰਧੀ ਕੁਝ ਕਥਨ ਅਤੇ ਉਨ੍ਹਾਂ ਦੇ ਵਿਭਿੰਨ ਉੱਤਰਦਾਇਤਵ ਹਨ ਜਿਹੜੇ ਸਾਨੂੰ ਉਨ੍ਹਾਂ ਦੀ ਬਾਣੀ ਵਿਚ ਮਿਲਦੇ ਹਨ। ਪਰੰਤੂ ਇਉਂ ਲਗਦਾ ਹੈ ਕਿ ਇਸ ਭਾਂਤ ਦਾ ਪ੍ਰਮਾਣ ਸਾਨੂੰ ਬੜੀ ਸਾਵਧਾਨੀ ਨਾਲ ਲੈਣਾ ਚਾਹੀਦਾ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਨ੍ਹਾਂ ਦੇ ਪ੍ਰਕਰਣ ਬਹੁਤੀ ਵਾਰੀ ਇਨੇ ਗੁਆਚ ਗਏ ਹਨ ਕਿ ਲੱਭੇ ਨਹੀਂ ਜਾ ਸਕਦੇ ਅਤੇ ਜਨਮ-ਸਾਖੀਆਂ ਵਿਚ ਇਨ੍ਹਾਂ ਦੀ ਜੜ੍ਹਤ ਪੂਰੀ ਤਰ੍ਹਾਂ ਸ੍ਵੀਕਾਰ ਨਹੀਂ ਕੀਤੀ ਜਾ ਸਕਦੀ। ਦੂਜੀ ਗੱਲ ਇਹ ਕਿ ਇਨ੍ਹਾਂ ਵਿਚ ਪਰਸਪਰ ਸੰਗਤੀ ਨਹੀਂ ਹੈ। ਆਖ਼ਰੀ ਗੱਲ ਇਹ ਹੈ ਕਿ ਇਹ ਸਰਵਪ੍ਰਵਾਨ ਤੱਥਾਂ ਦਾ ਵਿਰੋਧ ਕਰਦੇ ਹਨ। ਵਾਸਤਵ ਵਿਚ ਸਾਨੂੰ ਇਹ ਮਾਲੂਮ ਹੁੰਦਾ ਹੈ ਕਿ ਇਨ੍ਹਾਂ ਦਾ ਸਹੀ ਭਾਵ ਕਦੇ ਵੀ ਠੀਕ ਨਹੀਂ ਸਮਝਿਆ ਗਿਆ। ਸਾਨੂੰ ਆਸ ਹੈ ਕਿ ਕੁਝ ਇਕ ਉਦਾਹਰਣ ਸਾਡੀ ਸਥਿਤੀ ਨੂੰ ਬਿਲਕੁਲ ਸਪੱਸ਼ਟ ਕਰ ਦੇਣਗੇ।

---

55. ਆਪਣੀ ਪ੍ਰਸਿੱਧ ਪੁਸਤਕ 'ਹਮ ਹਿੰਦੂ ਨਹੀਂ' ਵਿਚ ਭਾਈ ਕਾਨ੍ਹ ਸਿੰਘ ਨੇ ਇਹ ਸਥਾਪਿਤ ਕਰਨ ਦਾ ਯਤਨ ਕੀਤਾ ਹੈ ਕਿ ਸਿੱਖ ਹਿੰਦੂ ਨਹੀਂ ਹਨ। ਇਹ ਸਪੱਸ਼ਟ ਤੌਰ ਤੇ ਸਮਝਿਆ ਜਾਣਾ ਚਾਹੀਦਾ ਹੈ ਕਿ ਸਾਡਾ ਇਥੇ ਉਸ ਪ੍ਰਸ਼ਨ ਨਾਲ ਕੋਈ ਸਬੰਧ ਨਹੀਂ। ਇਸ ਗੱਲ ਵਿਚ ਰਤਾ ਸੰਦੇਹ ਨਹੀਂ ਹੋ ਸਕਦਾ ਕਿ ਸਿੱਖ ਧਰਮ ਹੌਲੀ ਹੌਲੀ ਆਪਣੀਆਂ ਨਿਖੜੀਆਂ ਲੀਹਾਂ ਤੇ ਪ੍ਰਫੁੱਲਿਤ ਹੋਇਆ ਅਤੇ ਵਿਸ਼ੇਸ਼ ਕਰਕੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਕੀਤੇ ਸੁਧਾਰ ਉਪਰੰਤ ਸਿੱਖ ਹਰੇਕ ਜਾਤੀ ਨਾਲੋਂ ਵੱਖਰੇ ਖੜੇ ਹੋ ਗਏ ਹਨ। ਪਰ ਅਸੀਂ ਸਿੱਖ ਮਤ ਦੀ ਚੜ੍ਹਤ ਅਤੇ ਇਸ ਦੇ ਮੁੱਢਲੇ ਦਿਨਾਂ ਬਾਰੇ ਯਕੀਨ ਨਾਲ ਕੁਝ ਨਹੀਂ ਕਹਿ ਸਕਦੇ।

ਜਾਤ ਪਾਤ ਦੇ ਪ੍ਰਸ਼ਨ ਨਾਲ ਜਨੇਊ ਦੀ ਰਸਮ ਮਹੱਤਵਪੂਰਨ ਰੂਪ ਵਿਚ ਜੁੜੀ ਹੋਈ ਹੈ। ਭਾਈ ਕਾਨ੍ਹ ਸਿੰਘ ਅਤੇ ਉਨ੍ਹਾਂ ਦੀ ਵਿਚਾਰਧਾਰਾ ਵਾਲੇ ਹੋਰ ਵਿਦਵਾਨ ਸਾਨੂੰ ਇਹ ਨਿਸ਼ਚਾ ਕਰਾਉਂਦੇ ਹਨ ਕਿ ਗੁਰੂ ਨਾਨਕ ਜੀ ਇਸ ਰਸਮ ਦਾ ਪੂਰਣ ਭਾਂਤ ਖ਼ਾਤਮਾ ਚਾਹੁੰਦੇ ਹਨ।[56] ਭਾਈ ਸਾਹਿਬ ਕੋਲ ਇਕੋ ਇਕ ਪ੍ਰਮਾਣ ਆਸਾ ਦੀ ਵਾਰ ਵਿਚਲਾ ਜਨੇਊ ਸਬੰਧੀ ਪ੍ਰਸਿੱਧ ਸ਼ਲੋਕ ਹੈ ਜੋ ਕਿ ਇਉਂ ਹੈ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥
ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ॥
ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ॥
ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ॥[57]

(ਆਸਾ ਦੀ ਵਾਰ, ਪੰਨਾ ੪੭੧)

ਜਨਮ-ਸਾਖੀਆਂ ਵਿਚ ਵਰਣਿਤ ਹੈ ਕਿ ਜਦ ਨਾਨਕ ਨੌਂ ਵਰ੍ਹਿਆਂ ਦਾ ਸੀ ਤਾਂ ਉਸ ਦੇ ਪਿਤਾ ਕਾਲੂ ਨੇ ਉਸ ਨੂੰ ਜਨੇਊ ਪਹਿਨਾਉਣ ਦਾ ਪ੍ਰਬੰਧ ਕੀਤਾ ਅਤੇ ਗੁਰੂ ਜੀ ਨੇ ਸੁਰ ਵਿਚ ਇਹ ਸਲੋਕ ਪੰਡਿਤ ਨੂੰ ਉਦੋਂ ਕਿਹਾ ਜਦ ਕਿ ਉਹ ਉਨ੍ਹਾਂ ਦੇ ਗਲ ਵਿਚ ਜਨੇਊ ਪਾਉਣ ਵਾਲਾ ਸੀ।[58] ਇਸ ਵਿਚ ਰਤਾ ਸੰਦੇਹ ਨਹੀਂ ਕਿ ਸਲੋਕ ਬਾਅਦ ਵਿਚ ਜੁੜਿਆ ਗਿਆ ਹੈ, ਇਸ ਲਈ ਸਾਨੂੰ ਸਲੋਕ ਨੂੰ ਹੀ ਵਿਚਾਰਨਾ ਹੋਵੇਗਾ। ਹੁਣ ਇਸ ਸੰਦੇਹਮਈ ਪ੍ਰਕਰਣ ਤੋਂ ਅਤਿਰਿਕਤ ਇਹ ਸਲੋਕ ਆਪਣੇ ਆਪ ਵਿਚ ਕੀ ਸਿੱਧ ਕਰਦਾ ਹੈ? ਕੀ ਇਹ ਦੱਸਦਾ ਹੈ ਕਿ ਗੁਰੂ ਨਾਨਕ ਜਨੇਊ ਦੀ ਰਸਮ ਨੂੰ ਖ਼ਤਮ ਕਰਨਾ ਚਾਹੁੰਦੇ ਸਨ ਜਾਂ ਇਹ ਪੰਡਿਤ ਨੂੰ ਦਿੱਤਾ ਉਪਦੇਸ਼ ਹੈ, ਜੋ ਜਨੇਊ ਨੂੰ ਹੀ ਧਾਰਮਕ ਉੱਚਤਾ ਦਾ ਆਧਾਰ ਮੰਨਦਾ ਸੀ। ਹੁਣ ਇਕ ਹੋਰ ਥਾਂ ਤੇ ਗੁਰੂ ਜੀ ਕਹਿੰਦੇ ਹਨ:

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥[59]

(ਆਸਾ ਦੀ ਵਾਰ, ਪੰਨਾ ੪੭੨)

ਕੀ ਇਸ ਸਲੋਕ ਦੇ ਇਹ ਅਰਥ ਲਏ ਜਾ ਸਕਦੇ ਹਨ ਕਿ ਗੁਰੂ ਜੀ ਇਸ਼ਨਾਨ ਦੀ ਪ੍ਰਥਾ ਦਾ ਖੰਡਨ ਕਰ ਰਹੇ ਹਨ। ਜੇਕਰ ਉੱਤਰ ਨਾਂਹ ਵਿਚ ਹੈ ਤਾਂ ਸਾਨੂੰ ਕੋਈ ਹੱਕ ਨਹੀਂ ਕਿ ਅਸੀਂ ਪਹਿਲੇ ਸਲੋਕ ਨੂੰ ਜਨੇਊ ਪਾਉਣ ਦੀ ਰਸਮ ਉੱਤੇ ਦੋਸ਼ਾਰੋਪਨ ਸਮਝੀਏ। ਫਿਰ ਇਕ ਹੋਰ ਸਪੱਸ਼ਟ ਉਦਾਹਰਣ ਲੈਂਦੇ ਹਾਂ। ਰਾਗ ਆਸਾ ਵਿਚ ਗੁਰੂ ਜੀ ਕਹਿੰਦੇ ਹਨ:

---

56. ਹਮ ਹਿੰਦੂ ਨਹੀਂ, ਪੰਨਾ 87; ਗੁਰਮਤਿ ਪ੍ਰਭਾਕਰ, ਪੰਨਾ 402.
57. ਤੇਜਾ ਸਿੰਘ, *ਆਸਾ ਦੀ ਵਾਰ*, ਪੰਨਾ 98-99.
58. ਨਾਨਕ ਪ੍ਰਕਾਸ਼, ਭਾਗ ਪਹਿਲਾਂ, ix; ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 16-17.
59. *ਆਸਾ ਦੀ ਵਾਰ*, ਸਲੋਕ 17.

ਲੰਗਰ ਏਕ ਖੁਦਾਇਹ ਦਾ ਦੂਸਰ ਲੰਗਰ ਨਾਹੀਂ।
ਦੂਸਰ ਲੰਗਰ ਨਾ ਚਲੇ ਜਗ ਥਿਰ ਨਾ ਰਹਾਈ।
ਦਾਤਾ ਆਪ ਰਹੀਮ ਹੈ ਖਾਲਕ ਸਭ ਖੇਲੇ।
ਦੇਵਨਿ ਕੇ ਆਪ ਧਨੀ ਸਗ ਲਿਆ ਪ੍ਰਤਿਪਾਲੇ।
ਜੀਉ ਪ੍ਰਾਨ ਤਨ ਧਨ ਦੀਏ ਰਸ ਭੋਗ।
ਆਪੇ ਕਛੂ ਨਾ ਹੋਵਈ, ਪ੍ਰਭੁ ਕੀਏ ਸੰਜੋਗ।
ਸਭਨਾ ਕੇ ਸਿਰ ਏਕ ਹੈ, ਸਿਧ ਸਾਧ ਬੀਚਾਰੇ।
ਨਾਨਕ ਮੰਗਤਾ ਸਭ ਕੋ ਇਕ ਦਾਤਾ ਸਿਰਜਨਹਾਰੇ।

ਕਿਹਾ ਜਾਂਦਾ ਹੈ ਕਿ ਗੁਰੂ ਨਾਨਕ ਜੀ ਦਾ ਇਹ ਉੱਤਰ ਸੀ ਜਦ ਰਾਏ ਬੁਲਾਰ ਨੇ ਉਨ੍ਹਾਂ ਨੂੰ ਲੰਗਰ ਚਲਾਉਣ ਲਈ ਤਿੰਨ ਖੂਹਾਂ ਦੀ ਪੇਸ਼ਕਸ਼ ਕੀਤੀ ਸੀ।[60] ਭਾਵੇਂ ਕੁਝ ਵੀ ਹੋਵੇ, ਇਹ ਨਿਸ਼ਚਿਤ ਹੈ ਕਿ ਇਸ ਸਲੋਕ ਦੇ ਇਹ ਅਰਥ ਨਹੀਂ ਲਏ ਜਾ ਸਕਦੇ ਕਿ ਗੁਰੂ ਜੀ ਇਥੇ ਲੰਗਰ ਜਾਰੀ ਰੱਖਣ ਦੀ ਪ੍ਰਥਾ ਨੂੰ ਰੱਦ ਕਰਦੇ ਹਨ। ਕਿਉਂਕਿ ਅਸੀਂ ਨਿਸ਼ਚਿਤ ਤੌਰ ਤੇ ਜਾਣਦੇ ਹਾਂ ਕਿ ਸਿੱਖ ਮਤ ਦੇ ਆਰੰਭਿਕ ਸਮੇਂ ਵਿਚ ਲੰਗਰ, ਸਿੱਖ ਸੰਸਥਾਵਾਂ ਵਿਚੋਂ ਇਕ ਪ੍ਰਮੁੱਖ ਸੰਸਥਾ ਸੀ। ਵਾਸਤਵ ਵਿਚ ਸਾਨੂੰ ਇਹ ਸਪੱਸ਼ਟ ਪ੍ਰਤੀਤ ਹੁੰਦਾ ਹੈ ਕਿ ਇਨ੍ਹਾਂ ਸਾਰਿਆਂ ਦ੍ਰਿਸ਼ਟਾਂਤਾਂ ਵਿਚ ਗੁਰੂ ਜੀ ਸਰੋਤਿਆਂ ਨੂੰ 'ਸਾਧਨਾਵਾਂ' ਅਤੇ 'ਸਾਧਯ' ਨੂੰ ਰਲਗੱਡ ਕਰਨ ਦੀ ਪੱਕ ਚੁੱਕੀ ਹੋਈ ਆਦਮ ਵਿਰੁੱਧ ਜਨੇਊ, ਸੁੱਚ ਇਸ਼ਨਾਨ ਅਤੇ ਲੰਗਰ ਵਰਗੀਆਂ ਰਸਮਾਂ ਦੀ ਸੀਮਿਤ ਉਪਯੋਗਤਾ ਦੱਸ ਕੇ, ਚੇਤਾਉਣੀ ਦਿੰਦੇ ਹਨ। ਤੇਜਾ ਸਿੰਘ ਦਾ ਵਿਚਾਰ ਹੈ ਕਿ ਜਨੇਊ ਤਾਂ ਕੇਵਲ ਵਖਰਤ[61] (exclusiveness) ਦਾ ਪ੍ਰਤੀਕ ਹੈ। ਪਰ ਜੇ ਇਸ ਦੇ ਸਹੀ ਅਰਥ ਨੂੰ ਸਮਝਿਆ ਜਾਏ ਤਾਂ ਇਹ ਜਨੇਊ ਦੇ ਧਾਰਨੀ ਵਿਅਕਤੀ ਨੂੰ ਆਪਣੇ ਵੰਸ਼ ਦੀਆਂ ਪਰੰਪਰਾਵਾਂ, ਉਸ ਵਿਚਲੇ ਲਹੂ ਅਤੇ ਕੁਦਰਤੀ ਝੁਕਾਵਾਂ ਦੀ ਲਗਾਤਾਰ ਯਾਦ ਦਿਵਾਂਦਾ ਹੈ। ਪਰ ਗੁਰੂ ਜੀ ਨੇ ਜੋ ਕਿਹਾ ਸੀ ਉਸ ਦਾ ਇਸ ਤੋਂ ਵੱਧ ਕੋਈ ਅਰਥ ਨਹੀਂ ਹੈ। ਉਨ੍ਹਾਂ ਜਨੇਊ ਦੀ ਰਸਮ ਨੂੰ ਖ਼ਤਮ ਕਰਨ ਦਾ ਯਤਨ ਕੀਤਾ ਸਗੋਂ ਨਿਪਟ ਧਾਗੇ ਦੀ ਸ਼ਕਤੀ ਤੇ ਆਧਾਰਿਤ ਥੋਥੇ ਦਾਅਵਿਆਂ ਦੀ ਨਿਖੇਧੀ ਕੀਤੀ ਹੈ।

ਵਾਸਤਵ ਵਿਚ, ਜੇ ਅਸੀਂ ਗੁਰੂ ਜੀ ਦੀ ਬਾਣੀ ਨੂੰ ਇਸ ਭਾਵ ਵਿਚ ਨਹੀਂ ਲੈਂਦੇ ਤਾਂ ਕਈ ਇਕ ਨਿਰਵਿਵਾਦ ਤੱਥ ਜਟਿਲ ਹੋ ਨਿਬੜਦੇ ਹਨ ਅਤੇ ਉਨ੍ਹਾਂ ਦੀ ਵਿਆਖਿਆ ਅਸੰਭਵ ਹੋ ਜਾਂਦੀ ਹੈ। ਗੁਰੂ ਨਾਨਕ ਜੀ ਅਜੇਹੇ ਵਿਅਕਤੀ ਨਹੀਂ ਸਨ ਕਿ ਪ੍ਰਚਾਰ ਕੁਝ ਕਰਨ ਅਤੇ ਵਿਵਹਾਰ ਕੁਝ। ਜੇਕਰ ਜਨੇਊ ਦੀ ਰਸਮ ਨੂੰ ਖ਼ਤਮ ਕਰਨ ਦੀ ਹੀ ਉਨ੍ਹਾਂ ਦੀ ਇੱਛਾ ਹੁੰਦੀ ਤਾਂ ਇਹ ਸਮਝਣਾ ਔਖਾ ਹੋ ਜਾਂਦਾ ਹੈ ਕਿ ਉਨ੍ਹਾਂ ਆਪ ਅਖ਼ੀਰ ਤਕ ਕਿਉਂ ਇਸ ਨੂੰ ਧਾਰਨ ਕਰੀ ਰਖਿਆ।[62] ਨਾ ਹੀ ਕੋਈ ਅਜੇਹਾ ਪ੍ਰਮਾਣ ਇਹ ਦੱਸਦਾ ਹੈ ਕਿ

---

60. Khazan Singh, *History and Philosophy of the Sikh Religion*. Part II. pp. 359, 360.
61. ਤੇਜਾ ਸਿੰਘ, ਆਸਾ ਦੀ ਵਾਰ, ਪੰਨਾ 27.
62. ਦਬਿਸਤਾਨ, ਸੈਂਚੀ ਦੂਜੀ, ਪੰਨਾ 249.

ਉਨ੍ਹਾਂ ਦੇ ਕਿਸੇ ਉੱਤਰਾਧਿਕਾਰੀ ਨੇ ਇਸ ਦਾ ਤਿਆਗ ਕੀਤਾ ਹੋਵੇ। ਦੂਜੇ ਪਾਸੇ ਭਾਈ ਗੁਰਦਾਸ ਭੱਲਾ ਦੀਆਂ ਲਿਖਤਾਂ ਤੋਂ ਪਤਾ ਲਗਦਾ ਹੈ, ਜਿਨ੍ਹਾਂ ਦਾ ਮਾਲਕੋਮ ਨੇ ਹਵਾਲਾ ਦਿੱਤਾ ਹੈ, ਕਿ "ਗੋਬਿੰਦ ਦਾ ਪਰਿਵਾਰ ਜਿਸ ਨੂੰ ਆਪਣੇ ਬੰਸ ਤੇ ਗੌਰਵ ਸੀ, ਨੇ ਜਨੇਊ ਜਾਂ ਪਵਿੱਤਰ ਧਾਗੇ ਨੂੰ ਛੱਡਿਆ ਨਹੀਂ ਸੀ, ਜਿਸ ਦੇ ਕਿ ਉਹ ਕਸ਼ੱਤਰੀ ਹੋਣ ਦੇ ਨਾਤੇ ਧਾਰਨ ਕਰਨ ਦੇ ਅਧਿਕਾਰੀ ਸਨ।"[63] ਮੋਹਸਿਨ ਫਾਨੀ ਗੁਰੂ ਹਰਿਗੋਬਿੰਦ ਦੇ ਇਕ ਸੱਦਾ ਨਾਮਕ ਸਿੱਖ ਬਾਰੇ ਦੱਸਦਾ ਹੈ—ਜਿਸ ਨੂੰ ਨਾ ਚੰਗੇ ਭਾਗ ਖੁਸ਼ ਕਰ ਸਕਦੇ ਸਨ ਅਤੇ ਨਾ ਹੀ ਮੰਦੇ ਭਾਗ ਦੁਖੀ ਕਰਦੇ ਸਨ। ਦਬਿਸਤਾਨ ਦਾ ਕਰਤਾ ਇਹ ਕਹਿੰਦਾ ਹੈ, "ਇਕ ਵਾਰ ਮੈਂ ਕਾਬਲ ਤੋਂ ਪੰਜਾਬ ਤਕ ਦੇ ਸਫ਼ਰ ਵਿਚ ਉਸ ਦਾ ਸਾਥੀ ਸਾਂ। ਮੇਰੇ ਕੋਟ ਦੀ ਪੇਟੀ ਟੁੱਟ ਗਈ। ਸੱਦੇ ਨੇ ਤੁਰੰਤ ਹੀ ਆਪਣਾ ਜਨੇਊ ਲਾਹਿਆ ਅਤੇ ਮੈਨੂੰ ਪੇਟੀ ਦੀ ਥਾਂ ਬੰਨ੍ਹਣ ਲਈ ਦੇ ਦਿੱਤਾ। ਮੈਂ ਉਸ ਨੂੰ ਕਿਹਾ, "ਤੂੰ ਇਹ ਕੀ ਕਰਦਾ ਹੈ?" ਉਸ ਉੱਤਰ ਦਿੱਤਾ, "ਜਨੇਊ ਪਾਉਣ ਦਾ ਤਾਤਪਰਜ ਕਿਸੇ ਦੂਜੇ ਦੀ ਸੇਵਾ ਵਿਚ ਰੁਝਣਾ ਹੈ। ਜਿੰਨੀ ਵਾਰੀ ਵੀ ਮੈਂ ਆਪਣੇ ਮਿੱਤਰਾਂ ਦੀ ਸੇਵਾ ਕਰਾਂਗਾ, ਮੈਂ ਸੇਵਾ ਲਈ ਜਨੇਊ ਉਤਾਰ ਦੇਵਾਂਗਾ।" ਇਹ ਘਟਨਾ ਅਤਿ ਮਹੱਤਵਪੂਰਨ ਮੰਨੀ ਜਾਣੀ ਚਾਹੀਦੀ ਹੈ ਕਿਉਂਕਿ ਇਹ ਅਮਲੀ ਤੌਰ ਤੇ ਇਸ ਪ੍ਰਸ਼ਨ ਦਾ ਨਿਪਟਾਰਾ ਕਰ ਦਿੰਦੀ ਹੈ। ਇਹ ਸੱਦਾ ਅਜੇਹਾ ਵਿਅਕਤੀ ਸੀ ਜੋ ਕਿ ਗੁਰੂਆਂ ਦਾ ਪੂਰਨ ਭਾਂਤ ਸੱਚਾ ਸਿੱਖ ਸੀ। ਮੋਹਸਿਨ ਫਾਨੀ ਕਹਿੰਦਾ ਹੈ ਕਿ ਇਕ ਅਵਸਰ ਤੇ ਤਾਂ ਉਹ ਆਪਣੇ ਮਰ ਰਹੇ ਪੁੱਤਰ ਨੂੰ ਦੇਖਣ ਲਈ ਵੀ ਨਹੀਂ ਰੁਕਿਆ ਸੀ ਕਿਉਂਕਿ ਇਸ ਨਾਲ ਗੁਰੂ ਵੱਲੋਂ ਸੌਂਪੇ ਕੰਮ ਦੀ ਪੂਰਤੀ ਕਰਨ ਵਿਚ ਦੇਰ ਹੋ ਸਕਦੀ ਸੀ। ਉਸ ਨੇ ਕਿਹਾ, "ਮੈਂ ਗੁਰੂ ਜੀ ਦੇ ਕੰਮ ਚੱਲਿਆ ਹਾਂ ਅਤੇ ਵਾਪਸ ਨਹੀਂ ਮੁੜਾਂਗਾ।"[64] ਅਜੇਹੇ ਵਿਅਕਤੀ ਨੇ ਵੀ ਜਨੇਊ ਤਿਆਗਿਆ ਨਹੀਂ ਸੀ ਪਰ ਉਸ ਦਾ ਇਸ ਪ੍ਰਤਿ ਕੋਈ ਅੰਧ-ਵਿਸ਼ਵਾਸ ਨਹੀਂ ਸੀ ਅਤੇ ਨਾ ਹੀ ਉਸ ਲਈ ਇਹ ਜਾਤੀ ਅਭਿਮਾਨ ਅਤੇ ਵੱਖਰਤਾ ਦਾ ਪ੍ਰਤੀਕ ਸੀ। ਤਾਂ ਵੀ ਇਹ ਦੱਸਣ ਲਈ ਕਿ ਜਨੇਊ ਧਾਰਨ ਕਰਨ ਦੀ ਪ੍ਰਥਾ ਦਾ ਅੰਤ ਨਹੀਂ ਹੋਇਆ ਸੀ, ਇਕ ਹੋਰ ਘਟਨਾ ਵਰਣਨ ਕੀਤੀ ਜਾ ਸਕਦੀ ਹੈ। ਇਹ ਦੱਸਿਆ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਵਾਰ ਗਾਤਰਾ ਬੰਨ੍ਹਣ ਲਈ ਰੱਸੀ ਦੀ ਮੰਗ ਕੀਤੀ। ਦਇਆ ਸਿੰਘ, ਜੋ ਨਵੇਂ ਢੰਗ ਅਰਥਾਤ ਪਹੁਲ ਦੁਆਰਾ ਬਣੇ ਗੁਰੂ ਜੀ ਦੇ ਸਿੱਖਾਂ ਵਿਚੋਂ ਪਹਿਲਾ ਸੀ, ਉਥੇ ਹਾਜ਼ਿਰ ਸੀ। ਉਸ ਇਕਦਮ ਆਪਣਾ ਜਨੇਊ ਤੋੜ ਕੇ ਗੁਰੂ ਜੀ ਨੂੰ ਪੇਸ਼ ਕਰ ਦਿੱਤਾ।[65] ਸੋ ਇਹ ਪ੍ਰਤੀਤ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਦੇ ਲਿਆਂਦੇ ਸੁਧਾਰਾਂ ਉਪਰੰਤ ਵੀ ਜਨੇਊ ਦੀ ਰਸਮ ਨੂੰ ਤਿਆਗਿਆ ਨਹੀਂ ਗਿਆ ਸੀ। ਸ਼ਾਇਦ ਇਹ ਦਲੀਲ ਦਿੱਤੀ ਜਾਏਗੀ ਕਿ ਅਜੇਹੀ ਚਿਰਕਾਲ ਤੋਂ ਸਨਮਾਨਿਤ ਪ੍ਰਥਾ ਏਨੀ ਛੇਤੀ ਖ਼ਤਮ ਨਹੀਂ ਕੀਤੀ ਜਾ ਸਕਦੀ। ਇਹ ਦ੍ਰਿਸ਼ਟਾਂਤ ਛੋਟੇ ਰੂਪ ਵਿਚ ਹੀ ਲਏ ਜਾ ਸਕਦੇ

63. *Sketch of the Sikhs.* pp. 67. 68 f. n.

64. ਦਬਿਸਤਾਨ, ਸੈਂਚੀ ਦੂਜੀ, ਪੰਨਾ 284, 285.

65. ਕਿਹਾ ਜਾਂਦਾ ਹੈ ਕਿ ਗੱਲ ਇਥੇ ਹੀ ਨਹੀਂ ਮੁੱਕੀ। ਦਇਆ ਸਿੰਘ ਨੇ ਜਨੇਊ ਦੁਬਾਰਾ ਧਾਰਨ ਨਹੀਂ ਕੀਤਾ। ਇਹ ਗੁਰੂ ਜੀ ਨੂੰ ਦੱਸਿਆ ਗਿਆ ਪਰ ਉਹ ਇਸ ਬਾਰੇ ਚੁਪ ਰਹੇ, ਆਦਿ (ਸੂਰਜ ਪ੍ਰਕਾਸ਼, ਰੁਤ II. 28)। ਪਰੰਤੂ ਇਸ ਵਾਰਤਾ ਨਾਲ ਸਾਡਾ ਇਥੇ ਕੋਈ ਵਿਹਾਰ ਨਹੀਂ ਹੈ।

ਹਨ, ਜੋ ਕਿ ਨਿਯਮ ਨੂੰ ਹੀ ਵਧੇਰੇ ਸਿੱਧ ਕਰਦੇ ਹਨ। ਪਰ ਇਹ ਯਾਦ ਰਖਣਾ ਚਾਹੀਦਾ ਹੈ ਕਿ ਸਾਨੂੰ ਪ੍ਰਤੀਕੂਲ ਭਾਂਤ ਦਾ ਕੋਈ ਦ੍ਰਿਸ਼ਟਾਂਤ ਨਹੀਂ ਮਿਲਦਾ ਅਤੇ ਜਦ ਸਾਇਦ ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦਿਆਂ ਨੇ ਵੀ ਇਸ ਨੂੰ ਧਾਰਣ ਕੀਤਾ ਸੀ, ਅਤੇ ਸੱਦਾ ਸਿੰਘ ਅਤੇ ਦਇਆ ਸਿੰਘ ਵਰਗੇ ਦੋ ਆਦਰਸ਼ਕ ਸਿੱਖਾਂ ਨੇ ਵੀ ਇਸ ਨੂੰ ਪਹਿਨਿਆ ਸੀ, ਤਾਂ ਇਸ ਸਿੱਟੇ ਤੇ ਪਹੁੰਚਣ ਤੋਂ ਰਿਹਾ ਨਹੀਂ ਜਾ ਸਕਦਾ ਕਿ ਇਸ ਪ੍ਰਥਾ ਦੇ ਖ਼ਾਤਮੇ ਦਾ ਕੋਈ ਯਤਨ ਨਹੀਂ ਕੀਤਾ ਗਿਆ। ਗੁਰੂ ਨਾਨਕ ਦੇਵ ਜੀ ਨੇ ਇਸ ਦੀ ਉਪਯੋਗਤਾ ਦੇ ਸੀਮਤ ਜੇਹੇ ਲੱਛਣਾਂ ਤੇ ਹੀ ਬਲ ਦਿੱਤਾ ਸੀ ਅਤੇ ਉਨ੍ਹਾਂ ਵਿਕਾਰਾਂ ਦਾ ਖੰਡਨ ਕੀਤਾ ਸੀ ਜਿਹੜੇ ਇਸ ਪ੍ਰਥਾ ਨੇ ਹੰਕਾਰੀ ਅਤੇ ਦੰਭੀ ਮਨਾਂ ਵਿਚ ਉਤਪਨ ਕੀਤੇ ਸਨ।

ਇਹ ਗੱਲ ਸਾਨੂੰ ਨਵਾਂ ਦ੍ਰਿਸ਼ਟੀਕੋਣ ਪ੍ਰਦਾਨ ਕਰਦੀ ਹੈ ਅਤੇ ਜਾਤ ਪਾਤ ਪ੍ਰਤਿ ਗੁਰੂ ਨਾਨਕ ਜੀ ਦੀ ਰੁਚੀ ਦੇ ਸਮੁੱਚੇ ਪ੍ਰਸ਼ਨ ਨੂੰ ਹੋਰ ਨੇੜਿਉਂ ਵਿਚਾਰਨ ਲਈ ਮਜਬੂਰ ਕਰਦੀ ਹੈ। ਗੁਰੂ ਨਾਨਕ ਜੀ ਦੀ ਬਾਣੀ ਵਿਚ ਨਿਰਸੰਦੇਹ ਅਜੇਹੀਆਂ ਕਈ ਟਿੱਪਣੀਆਂ ਹਨ ਜਿਹੜੀਆਂ ਉਪਰੀ ਨਜ਼ਰੇ ਇਸ ਅਟੱਲ ਸਿੱਟੇ ਵੱਲ ਲੈ ਜਾਂਦੀਆਂ ਪ੍ਰਤੀਤ ਹੁੰਦੀਆਂ ਹਨ ਕਿ ਗੁਰੂ ਸਾਹਿਬ ਇਸ ਦਾ ਮੂਲ ਖ਼ਾਤਮਾ ਕਰਨਾ ਚਾਹੁੰਦੇ ਸਨ। ਇਕ ਥਾਂ ਗੁਰੂ ਨਾਨਕ ਜੀ ਸਾਨੂੰ ਦੱਸਦੇ ਹਨ :

ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਕਰੇਇ॥
ਜੇ ਤਿਸੁ ਭਾਵੈ ਨਾਨਕਾ ਕਾਗਹੁ ਹੰਸ ਕਰੇ॥[66]

ਅਤੇ ਫਿਰ :

ਫਕੜ ਜਾਤੀ ਫਕੜੁ ਨਾਉ॥
ਸਭਨਾ ਜੀਆ ਇਕਾ ਛਾਉ॥
ਆਪਹੁ ਜੇ ਕੋ ਭਲਾ ਕਹਾਏ॥
ਨਾਨਕ ਤਾ ਪਰੁ ਜਾਪੈ ਜਾ ਪਤਿ ਲੇਖੈ ਪਾਏ॥[67]

(ਸਿਰੀ ਰਾਗ ਕੀ ਵਾਰ, ਪੰਨਾ ੮੩)

'ਆਸਾ ਦੀ ਵਾਰ' ਵਿਚ ਵੀ ਗੁਰੂ ਜੀ ਇਸੇ ਰੌਂ ਵਿਚ ਕਹਿੰਦੇ ਹਨ :

ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ॥
ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ॥
ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥[68]

(ਆਸਾ ਦੀ ਵਾਰ, ਪੰਨਾ ੪੬੯)

ਤੇਜਾ ਸਿੰਘ ਇਹ ਟਿੱਪਣੀ ਕਰਦਾ ਹੈ ਕਿ "ਗੁਰੂ ਨਾਨਕ ਨੇ ਉਸ ਪਰਮਾਤਮਾ, ਜੋ ਉੱਚੇ ਨੀਵੇਂ ਸਾਰੇ ਜੀਵਾਂ ਵਿਚ ਰਮਿਆ ਹੋਇਆ ਹੈ ਅਤੇ ਜਿਸ ਦੀ ਜੋਤ ਨੀਚ ਤੋਂ ਨੀਚ ਜੀਵ ਵਿਚ ਵੀ ਸਮਾਈ ਹੋਈ ਹੈ, ਵਿਚ ਵਿਸ਼ਵਾਸ ਪੈਦਾ ਕਰ ਕੇ ਇਸ ਸੰਸਥਾ

66. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 278.
67. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 278.
68. ਉਹੀ, ਪੰਨਾ 223, ਸਲੋਕ 9.

(ਜਾਤ-ਪਾਤ) ਦੇ ਪ੍ਰਯੋਜਨ ਅਤੇ ਲੋੜ ਨੂੰ ਸ਼ਕਤੀਸ਼ਾਲੀ ਢੰਗ ਨਾਲ ਰੱਦ ਕੀਤਾ ਹੈ।"[69] ਜਾਤ ਪਾਤ ਦੇ ਪ੍ਰਯੋਜਨ ਅਤੇ ਲੋੜ ਨਾਲ ਸਾਡਾ ਇੱਥੇ, ਕੋਈ ਵਾਸਤਾ ਨਹੀਂ ਹੈ। ਸਾਡਾ ਨੁਕਤਾ ਤਾਂ ਇਹ ਹੈ ਕਿ ਕੀ ਉਪਰੋਕਤ ਪੈਰ੍ਹੇ ਕਿਸੇ ਵੀ ਢੰਗ ਨਾਲ ਕੋਈ ਅਜੇਹੇ ਸੰਕੇਤ ਕਰਦੇ ਹਨ। ਜਿਵੇਂ ਕਿ ਕੁਝ ਇਕ ਆਧੁਨਿਕ ਲੇਖਕ ਸਾਨੂੰ ਵਿਸ਼ਵਾਸ ਕਰਾਉਂਦੇ ਹਨ, ਕੀ ਗੁਰੂ ਨਾਨਕ ਜੀ ਇਸ ਦਾ ਮੂਲੋਂ ਖਾਤਮਾ ਕਰਨਾ ਚਾਹੁੰਦੇ ਸਨ ਵਾਸਤਵ ਵਿਚ ਜਨੇਊ-ਪ੍ਰਥਾ ਸਬੰਧੀ ਜੋ ਕੁਝ ਅਸਾਂ ਵਿਚਾਰਿਆ ਹੈ, ਉਸ ਪਿੱਛੋਂ ਜਾਤ ਪਾਤ ਦੇ ਖ਼ਾਤਮੇ ਦਾ ਪ੍ਰਸ਼ਨ ਹੀ ਨਹੀਂ ਉਠ ਸਕਦਾ। ਪਰ ਜੇ ਅਸੀਂ ਨਿਰੀਆਂ ਉਪਰੋਕਤ ਟਿੱਪਣੀਆਂ ਤੇ ਹੀ ਵਿਚਾਰ ਕਰੀਏ ਤਾਂ ਇਹੀ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਜੀ ਆਪਣੇ ਸਰੋਤਿਆਂ ਨੂੰ ਚਿਤਾਵਨੀ ਦੇ ਰਹੇ ਸਨ ਕਿ ਜਾਤ ਪਾਤ ਤੇ ਅੰਨ੍ਹਾਂ ਭਰੋਸਾ ਨਿਰੀ ਮੂਰਖਤਾ ਹੈ। ਕਰਮ ਅਤੇ ਨੀਅਤ ਹੀ ਹੈ ਜਿਨ੍ਹਾਂ ਦਾ ਵਾਸਤਵਿਕ ਮਹੱਤਵ ਹੈ, ਕਿਉਂਕਿ ਪਰਮਾਤਮਾ ਜਦ ਕਿਸੇ ਨੂੰ ਵਡਿਆਈ ਬਖ਼ਸ਼ਦਾ ਹੈ ਤਾਂ ਉੱਚੀ ਜਾਂ ਨੀਵੀਂ ਜਾਤ ਦਾ ਉਸ ਤੇ ਕੋਈ ਪ੍ਰਭਾਵ ਨਹੀਂ ਪੈਂਦਾ। ਜੇਕਰ ਅਸੀਂ ਗੁਰੂ ਨਾਨਕ ਜੀ ਦੀ ਭਾਵਨਾ ਨੂੰ ਸਮਝਣਾ ਚਾਹੁੰਦੇ ਹਾਂ ਤਾਂ ਇਹ ਅਵੱਸ਼ਕ ਜਾਪਦਾ ਹੈ ਕਿ ਸਾਨੂੰ ਜਾਤ ਪਾਤ ਅਤੇ ਜਾਤੀ ਅਭਿਮਾਨ ਵਿਚਲਾ ਅੰਤਰ ਸਮਝ ਲੈਣਾ ਚਾਹੀਦਾ ਹੈ, ਜਿਸ ਨੂੰ ਅਸੀਂ ਸਹਿਜੇ ਹੀ ਅੱਖੋਂ ਪ੍ਰੋਖੇ ਕਰ ਦਿੰਦੇ ਹਾਂ। ਹੰਕਾਰੀ ਅਤੇ ਦੰਭੀ ਬ੍ਰਾਹਮਣ ਨੂੰ ਗੁਰੂ ਜੀ ਕਹਿੰਦੇ ਹਨ :

ਪਾਂਡੇ ਐਸਾ ਬ੍ਰਹਮ ਬੀਚਾਰੁ ॥
ਨਾਮੇ ਸੁਚਿ ਨਾਮੋ ਪੜਉ ਨਾਮੋ ਚਜੁ ਆਚਾਰੁ ॥
ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ ॥
ਧੋਤੀ ਟਿਕਾ ਨਾਮੁ ਸਮਾਲਿ ॥
ਐਥੈ ਓਥੈ ਨਿਬਹਿ ਨਾਲਿ ॥[70]

ਅਤੇ ਜਿਵੇਂ ਕਿ ਅਸੀਂ ਪਹਿਲਾਂ ਹੀ ਦੇਖ ਚੁੱਕੇ ਹਾਂ, ਜੋਗੀਆਂ, ਸਿੱਧਾਂ ਵੈਰਾਗੀਆਂ ਖਤਰੀਆਂ, ਕਾਜ਼ੀਆਂ ਤੇ ਮੁਲਾਣਿਆਂ, ਸਭ ਦਾ ਉਨ੍ਹਾਂ ਦੇ ਹੱਥੀਂ ਇਹੋ ਹਸ਼ਰ ਹੋਇਆ। ਉਨ੍ਹਾਂ ਨੇ ਜਾਤੀ ਅਤੇ ਨਾਲ ਅਭਿਮਾਨ ਨੂੰ ਦੱਬ ਕੇ ਛੰਡਿਆ ਹੈ ਪਰ ਉਨ੍ਹਾਂ ਦੀ ਟੀਕਾ ਟਿੱਪਣੀ ਸਾਨੂੰ ਇਹ ਸਿੱਟਾ ਕੱਢਣ ਦਾ ਉੱਕਾ ਹੀ ਹੱਕ ਨਹੀਂ ਦਿੰਦੀ ਕਿ ਉਹ ਸਮੁੱਚੀ ਸਮਾਜਕ ਵਿਵਸਥਾ ਦਾ ਵਿਨਾਸ਼ ਚਾਹੁੰਦੇ ਹਨ।

ਇਸ ਸਬੰਧ ਵਿਚ ਭਾਈ ਗੁਰਦਾਸ ਦੀ ਟਿੱਪਣੀ ਦਾ ਚੋਖਾ ਅਰਥ ਲਿਆ ਗਿਆ ਹੈ ਕਿ "ਗੁਰੂ ਜੀ ਨੇ ਚਾਰੇ ਵਰਣਾਂ ਨੂੰ ਮਿਲਾ ਕੇ ਇਕ ਵਰਣ ਬਣਾ ਦਿੱਤਾ ਸੀ"[71] ਪਰ ਕੀ ਤਥ ਜਿਵੇਂ ਕਿ ਅਸੀਂ ਉਨ੍ਹਾਂ ਨੂੰ ਜਾਣਦੇ ਹਾਂ ਇਸ ਟਿੱਪਣੀ ਦੀ ਸ਼ਾਬਦਿਕ ਵਿਆਖਿਆ ਦੀ ਪੁਸ਼ਟੀ ਕਰਦੇ ਹਨ? ਕੀ ਇਹ ਸਿਧ ਕਰਨ ਲਈ ਕੋਈ ਪ੍ਰਮਾਣ ਹੈ ਕਿ ਸਿੱਖ ਜਾਤ ਪਾਤ ਨੂੰ ਅੱਖੋਂ ਪ੍ਰੋਖੇ ਕਰ ਕੇ ਇਹ ਨਵੇਂ ਭਾਈਚਾਰੇ ਵਿਚ ਬੱਝ ਰਹੇ ਸਨ ਜਿਸ ਵਿਚ ਜਾਤ

---

69. ਤੇਜਾ ਸਿੰਘ, *ਆਸਾ ਦੀ ਵਾਰ*, ਪੰਨਾ 9.
70. ਮੈਕਾਲਿਫ, *ਉਪਰੋਕਤ ਰਚਨਾ*, ਸੈਂਚੀ ਪਹਿਲੀ, ਪੰਨਾ 307.
71. ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 23 "ਚਾਰ ਵਰਨ ਇਕ ਵਰਨ ਕਰਾਯਾ"; ਦੇਖੋ 'ਹਮ ਹਿੰਦੂ ਨਹੀਂ' ਪੰਨਾ 81.

ਪਾਤ ਦੀਆਂ ਰਸਮਾਂ ਦੀ ਕੋਈ ਥਾਂ ਨਾ ਹੋਵੇ, ਇਹ ਵਿਸ਼ੇ ਤੇ ਵੇਰਵੇ ਨਾਲ ਚਰਚਾ ਕਰਨ ਦਾ ਮੌਕਾ ਫਿਰ ਆਵੇਗਾ, ਹਾਲੇ ਤਾਂ ਇਹੀ ਕਹਿਣਾ ਕਾਫ਼ੀ ਹੈ ਕਿ ਅੰਤਰ ਜਾਤੀ ਵਿਆਹਾਂ ਦੀ ਸਾਨੂੰ ਕੋਈ ਉਦਾਹਰਣ ਨਹੀਂ ਮਿਲਦੀ ਸਗੋਂ ਇਸ ਦੇ ਵਿਪਰੀਤ ਸਾਡੇ ਕੋਲ ਨਿਸ਼ਚਿਤ ਪ੍ਰਮਾਣ ਹਨ ਕਿ ਸਿੱਖਾਂ ਅਤੇ ਗ਼ੈਰ-ਸਿੱਖਾਂ ਵਿਚਕਾਰ ਵਿਆਹ ਉਦੋਂ ਹੀ ਹੋਏ ਹਨ ਜਦੋਂ ਜਾਤ ਪਾਤ ਦੇ ਵਿਚਾਰ ਅਨੁਕੂਲ ਸਨ।[72] ਤਾਂ ਫਿਰ ਭਾਈ ਗੁਰਦਾਸ ਦੇ ਕਥਨ ਦੀ ਵਿਆਖਿਆ ਕਿਸ ਪ੍ਰਕਾਰ ਕੀਤੀ ਜਾਵੇ? ਗੁਰੂ ਨਾਨਕ ਕਾਲ ਅਤੇ ਭਾਈ ਗੁਰਦਾਸ ਦੇ ਸਮੇਂ ਦੀਆਂ ਪਰਿਸਥਿਤੀਆਂ ਦਾ ਧਿਆਨ ਰਖਦੇ ਹੋਏ, ਇਸ ਨੂੰ ਅਲੰਕਾਰਿਕ ਭਾਵ ਵਿਚ ਲੈਣ ਤੋਂ ਸਿਵਾ ਸਾਡੇ ਕੋਲ ਕੋਈ ਹੋਰ ਚਾਰਾ ਨਹੀਂ ਰਹਿ ਜਾਂਦਾ। ਭਾਈ ਗੁਰਦਾਸ ਦਾ ਇਸ ਤੋਂ ਭਾਵ ਕੇਵਲ ਇਤਨਾ ਸੀ ਕਿ ਗੁਰੂ ਨਾਨਕ ਜੀ ਚਾਰੇ ਵਰਨਾਂ ਨਾਲ ਸੰਬੰਧਿਤ ਮਨੁੱਖਾਂ ਨੂੰ ਇਕ ਸਤਿਗੁਰੂ ਤੇ ਨਾਮ ਦੀ ਸ਼ਰਨ ਵਿਚ ਲੈ ਆਏ ਸਨ। ਕੁਝ ਵੀ ਹੋਵੇ ਉਸ ਦਾ ਇਹ ਕਥਨ ਜਾਤ ਪਾਤ ਪ੍ਰਤਿ ਗੁਰੂ ਨਾਨਕ ਜੀ ਦੀ ਰੁਚੀ ਬਾਰੇ ਉੱਕਾ ਹੀ ਅੰਤਮ ਨਹੀਂ ਹੈ।

ਅਸਲ ਵਿਚ ਇਸ ਉੱਜ਼ਰ ਲਈ ਕੋਈ ਠੋਸ ਦਲੀਲ ਨਹੀਂ ਹੈ ਕਿ ਗੁਰੂ ਨਾਨਕ ਜੀ ਨੇ ਜਾਤ ਪਾਤ ਦੇ ਖਾਤਮੇ ਲਈ ਜਤਨ ਕੀਤਾ ਸੀ। ਪਰ ਇਸ ਦੇ ਨਾਲ ਸਾਨੂੰ ਇਹ ਵੀ ਭੁਲਣਾ ਨਹੀਂ ਚਾਹੀਦਾ ਕਿ ਮੱਧਕਾਲੀ ਸਕੂਲ ਦੇ ਆਸਤਿਕ ਉਪਦੇਸ਼ਕਾਂ ਨੇ ਇਕ ਮਹੱਤਵਪੂਰਨ ਮੋੜ ਲਿਆਂਦਾ ਸੀ। ਗੁਰੂ ਜੀ ਕਹਿੰਦੇ ਹਨ :

ਘਿਅ ਪਟ ਭਾਂਡਾ ਕਹੈ ਨ ਕੋਇ॥
ਐਸਾ ਭਗਤੁ ਵਰਨ ਮਹਿ ਹੋਇ॥[73]

(ਤਿਲੰਗ ਮਹਲਾ ੧, ਘਰ ੨, ਪੰਨਾ ੭੨੧)

ਇਥੇ ਸਾਨੂੰ ਪ੍ਰਸਿੱਧ ਵੈਸ਼ਨਵ ਕਥਨ ਦਾ ਲਗਭਗ ਰੂਪਾਂਤਰ ਹੀ ਮਿਲਦਾ ਹੈ ਕਿ ਨੀਚ ਜਾਤੀਆਂ ਵੀ ਜੇ ਪਰਮਾਤਮਾ ਪ੍ਰਤਿ ਸੁੱਚੀ ਭਗਤੀ ਭਾਵਨਾ ਰੱਖਣ ਤਾਂ ਉਨ੍ਹਾਂ ਦਾ ਇਕ ਬ੍ਰਾਹਮਣ ਤੋਂ ਉੱਚਾ ਦਰਜਾ ਹੈ।[74] ਪਹਿਲਾਂ ਵੀ ਇਹ ਦੱਸਿਆ ਗਿਆ ਹੈ ਕਿ ਮੱਧਕਾਲੀ ਭਗਤੀ ਲਹਿਰ ਨੇ ਰਾਮਾਨੁਜ ਦੀ ਵਿਚਾਰ ਪੱਧਤੀ ਤੋਂ ਉਤਸ਼ਾਹ ਅਤੇ ਇਸ ਤੋਂ ਬਹੁਤ ਸਾਰੇ ਵਿਚਾਰ ਲਏ ਹਨ। ਪਰ ਦੋਹਾਂ ਵਿਚ ਇਕ ਉਘੜਵਾਂ ਅੰਤਰ ਸੀ। ਗੌਰਵਸ਼ਾਲੀ ਅਤੇ ਅਨੰਦਮਈ ਮੁਕਤੀ ਜਿਸ ਨੂੰ ਰਾਮਾਨੁਜ ਨੇ ਮਨੁੱਖ ਦੀ ਅਧਿਆਤਮਕ ਸਾਧਨਾ ਦਾ ਲਖਸ਼ ਨਿਰਧਾਰਿਤ ਕੀਤਾ ਸੀ, ਉਪਰਲੀਆਂ ਤਿੰਨੇ ਜਾਤਾਂ ਦੇ ਜਨਮੇ ਮਨੁੱਖਾਂ ਲਈ ਰਾਖਵੀਂ ਕੀਤੀ ਸੀ। "ਇਸ ਜਨਮ ਵਿਚ ਸ਼ੂਦਰ ਲਈ ਰੱਬੀ ਮਿਹਰ ਦੀ ਪ੍ਰਾਪਤੀ ਅਸੰਭਵ ਹੈ। ਆਪਣੇ ਕਰਮਾਂ ਦੇ ਆਧਾਰ ਤੇ ਉਹ ਦੂਜਾ ਜਨਮ ਪ੍ਰਾਪਤ ਕਰ ਸਕਦਾ ਹੈ ਜਿਸ ਵਿਚ ਉਸ ਨੂੰ ਵੇਦ ਪਾਠ ਦੀ ਆਗਿਆ ਮਿਲ ਸਕਦੀ ਹੈ ਜੋ ਕਿ ਤਾਰਨਹਾਰ ਗਿਆਨ ਲਈ ਅਨਿਵਾਰੀ ਹੈ।"[75] ਇਹ ਬੰਧੇਜ ਹੁਣ ਤੋੜ ਦਿੱਤਾ ਗਿਆ ਅਤੇ ਜਨਮ

72. ਇਸੇ ਵਿਸ਼ੇ ਤੇ ਹੋਰ ਚਰਚਾ ਲਈ ਵੇਖੋ ਪਰਿਸ਼ਿਸ਼ਟ (ੳ).
73. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 120.
74. The original in Sanskrit is "*Candalo'di dvijasresthah Hari-bhakti parayanah.*"
75. ਕਾਰਪੈਂਟਰ, ਉਪਰੋਕਤ ਰਚਨਾ, ਪੰਨਾ 403.

ਦਾ ਭਿੰਨ ਭੇਦ ਮਿਟਾ ਕੇ ਨਾਮ ਦਾ ਭੇਦ ਸਾਰੇ ਮਨੁੱਖਾਂ ਲਈ ਪ੍ਰਗਟ ਕਰ ਦਿੱਤਾ ਗਿਆ। ਪਰ ਜਿਵੇਂ ਕਿ ਕਾਰਪੈਂਟਰ ਦੱਸਦਾ ਹੈ, ਇਸ ਪੱਖੋਂ ਵੀ ਪ੍ਰਪੱਤੀ ਜਾਂ ਪ੍ਰਭੂ ਪ੍ਰਤਿ ਆਪਾ ਸਮਰਪਣ ਦੇ ਸਿੱਧਾਂਤ ਨੇ ਪਹਿਲਾਂ ਹੀ ਰਾਹ ਤਿਆਰ ਕਰ ਦਿੱਤਾ ਹੋਇਆ ਸੀ। ਆਪਣੇ ਆਪ ਨੂੰ ਨਿਆਰੇ ਸਮਝਣ ਵਾਲੇ ਗੁਰੂ ਦਾ ਉਪਦੇਸ਼ ਸੁਣ ਸਕਦੇ ਹਨ ਅਤੇ ਰੱਬੀ ਰਜ਼ਾ ਤੇ ਆਪਣੇ ਆਪ ਨੂੰ ਛੱਡ ਸਕਦੇ ਹਨ। ਇਹ ਮਾਰਗ ਜਾਤ ਪਾਤ, ਵਰਣ ਅਤੇ ਧਰਮਾਂ ਦੇ ਵਿਤਕਰੇ ਤੋਂ ਉਪਰ ਸਭ ਲਈ ਖੁਲ੍ਹਾ ਸੀ।[76] ਇਸ ਸਿੱਧਾਂਤ ਨੂੰ ਹੁਣ ਵਧੇਰੇ ਵਿਆਪਕ ਅਤੇ ਵਿਸਤਾਰ ਨਾਲ ਵਰਤੋਂ ਵਿਚ ਲਿਆਂਦਾ ਗਿਆ ਅਤੇ ਇਸ ਨੇ ਪਰਮਾਤਮਾ ਅਤੇ ਗੁਰੂ ਪ੍ਰਤਿ ਸਮਰਪਣ ਅਤੇ ਨਾਮ ਪ੍ਰਤਿ ਪ੍ਰੇਮ ਦਾ ਰੂਪ ਧਾਰਨ ਕਰ ਲਿਆ। ਇਸ ਦੇ ਇਤਿਹਾਸਕ ਕਾਰਨ ਲਭਣੇ ਔਖੇ ਨਹੀਂ ਹਨ। ਇਸਲਾਮ ਦੀ ਰਾਜਨੀਤਕ ਚੜ੍ਹਤ ਅਤੇ ਧਰਮ ਬਦਲੀ ਲਈ ਸਰਗਰਮ ਮੁਹਿੰਮ ਨੇ ਹਿੰਦੂ ਸਮਾਜ ਨੂੰ ਜੜ੍ਹਾਂ ਤੋਂ ਝੰਝੋੜ ਦਿੱਤਾ ਸੀ। ਪਹਿਲੇ ਪੜਾ ਤੇ ਇਸ ਦਾ ਪ੍ਰਤਿਕਰਮ ਰੂੜ੍ਹੀਵਾਦ ਅਤੇ ਧਰਮ-ਗ੍ਰੰਥਵਾਦ ਦੀਆਂ ਸ਼ਕਤੀਆਂ ਨੂੰ ਬਲਵਾਨ ਬਣਾਉਣ ਵਿਚ ਹੋਇਆ ਪਰ ਅਜੇਹੇ ਯਤਨਾਂ ਦੀ ਨਿਰਾਰਥਕਤਾ ਛੇਤੀ ਹੀ ਉਘੜ ਆਈ। ਹੁਣ ਅਜੇਹਾ ਆਦਰਸ਼ ਪ੍ਰਸਤੁਤ ਕਰਨਾ ਆਵੱਸ਼ਕ ਹੋ ਗਿਆ ਜਿਹੜਾ ਸਾਧਾਰਨ ਪਰ ਬਲਵਾਨ ਹੋਵੇ, ਲੋਕ-ਪ੍ਰਿਯ ਪਰ ਜੋਸ਼ ਭਰਪੂਰ ਹੋਵੇ, ਜਨ ਸਾਧਾਰਨ ਦੇ ਅਨੁਕੂਲ ਹੋਵੇ ਪਰ ਕਿਸੇ ਦੇ ਵੀ ਪ੍ਰਤਿਕੂਲ ਨਾ ਹੋਵੇ। ਇਤਿਹਾਸਕ ਤੌਰ ਤੇ ਇਹੀ ਲਖਸ਼ ਸੀ ਜਿਸ ਨੂੰ ਚੈਤੰਨਯ ਅਤੇ ਗੁਰੂ ਨਾਨਕ ਵਰਗੇ ਉਪਦੇਸ਼ਕਾਂ ਨੇ ਪ੍ਰਾਪਤ ਕਰਨ ਦਾ ਯਤਨ ਕੀਤਾ। ਪਰ ਨਵੀਨ ਆਦਰਸ਼ ਪੁਰਾਣੇ ਵਿਚੋਂ ਹੀ ਪ੍ਰਫੁੱਲਤ ਹੋਇਆ। ਇਹ ਵਿਕਾਸ ਸੀ ਕੋਈ ਨਵਾਂ ਮਾਰਗ ਨਹੀਂ। ਗੁਰੂ ਨਾਨਕ ਜੀ ਨੇ ਪੁਰਾਤਨ ਵਿਵਸਥਾ ਨੂੰ ਨਸ਼ਟ ਕਰਨ ਦਾ ਯਤਨ ਨਹੀਂ ਕੀਤਾ ਸਗੋਂ ਸਮੇਂ ਦੀਆਂ ਉਭਰ ਰਹੀਆਂ ਲੋੜਾਂ ਦੇ ਅਨੁਕੂਲ ਸੁਧਾਰ ਕਰਨ ਦਾ ਯਤਨ ਕੀਤਾ।

ਵਾਸਤਵ ਵਿਚ ਜੇ ਅਸੀਂ ਗੁਰੂ ਨਾਨਕ ਜੀ ਨੂੰ ਇਸ ਦ੍ਰਿਸ਼ਟੀਕੋਣ ਤੋਂ ਨਾ ਵੇਖੀਏ ਤਾਂ ਉਨ੍ਹਾਂ ਦੇ ਸੰਦੇਸ਼ ਨੂੰ ਸਮਝਣਾ ਔਖਾ ਹੋ ਜਾਂਦਾ ਹੈ। ਹਾਲ ਦੀ ਘੜੀ ਜਾਤ ਪਾਤ ਦੇ ਪ੍ਰਸ਼ਨ ਨੂੰ ਲਾਂਭੇ ਰਖਦੇ ਹੋਏ ਅਸੀਂ ਸਤਹੀ ਤੌਰ ਤੇ ਵਧੇਰੇ ਸੌਖੇ ਲੱਗਣ ਵਾਲੇ ਵਿਸ਼ੇ—ਤੀਰਥਾਂ, ਧਾਰਮਕ ਰਹੁ-ਰੀਤਾਂ ਅਤੇ ਅਜੇਹੇ ਹੋਰ ਮਾਮਲਿਆਂ ਪ੍ਰਤਿ ਗੁਰੂ ਨਾਨਕ ਜੀ ਦੀ ਵਿਚਾਰਧਾਰਾ ਨੂੰ ਲੈ ਕੇ ਇਸ ਨੁਕਤੇ ਦੀ ਵਿਆਖਿਆ ਕਰਨ ਦਾ ਯਤਨ ਕਰਾਂਗੇ। ਉਪਰ

76. ਮੈਕਾਲਿਫ, ਉਪਰੋਕਤ ਰਚਨਾ, ਪੰਨਾ 416. ਰਾਧਾ ਕ੍ਰਿਸ਼ਨਨ ਕਹਿੰਦਾ ਹੈ ਕਿ ਪ੍ਰਪੱਤੀ ਤੋਂ ਭਾਵ ਰੱਬ ਅੱਗੇ ਪੂਰਨ ਭਾਂਤ ਆਤਮ ਸਮਰਪਣ ਹੈ। ਭਗਵਤਾਂ ਅਨੁਸਾਰ ਮੁਕਤੀ ਪ੍ਰਾਪਤ ਕਰਨ ਲਈ ਸਭ ਤੋਂ ਉੱਤਮ ਰਸਤਾ ਇਹੀ ਹੈ। ਇਹ ਰਾਹ ਸਭ ਲਈ ਖੁਲ੍ਹਾ ਹੈ ਉਹ ਭਾਵੇਂ ਵਿਦਵਾਨ ਪੁਰਸ਼ ਹੋਵੇ ਭਾਵੇਂ ਅਗਿਆਨੀ, ਕੁਲੀਨ ਪੁਰਸ਼ ਹੋਵੇ ਜਾਂ ਨੀਵੀਂ ਜਾਤੀ ਦਾ। ਇਸ ਦੇ ਮੁਕਾਬਲੇ ਤੇ ਭਗਤੀ, ਜਿਸ ਵਿਚ ਗਿਆਨ ਅਤੇ ਕਰਮ ਦੋਵੇਂ ਚੀਜ਼ਾਂ ਸ਼ਾਮਿਲ ਹਨ, ਉਹ ਕੇਵਲ ਉਪਰਲੀਆਂ ਤਿੰਨ ਸ਼੍ਰੇਣੀਆਂ ਲਈ ਹੀ ਖੁਲ੍ਹੀ ਹੈ। ਇਸ ਤੋਂ ਬਿਨਾਂ ਇਹ ਕਿਹਾ ਗਿਆ ਹੈ ਕਿ ਜਦੋਂ ਉੱਤਰੀ ਸੰਪਰਦਾਇ ਅਨੁਸਾਰ ਉੱਦੇਸ਼ ਨੂੰ ਪੂਰਾ ਕਰਨ ਦਾ ਇਕ ਰਾਹ ਪ੍ਰਪੱਤੀ ਹੈ, ਨਿਪਟ ਇਕ ਰਾਹ ਨਹੀਂ (ਹੋਰ ਵੀ ਹਨ) । ਦੱਖਣੀ ਸੰਪਰਦਾਇ ਜਿਹੜੀ ਅਲਵਾਰਾਂ ਦੀ ਪਰੰਪਰਾ ਦੀ ਪੈਰਵੀ ਕਰਦੀ ਹੈ, ਦਾ ਮਤ ਹੈ ਕਿ ਮੁਕਤੀ ਦਾ ਕੇਵਲ ਇਕੋ ਰਾਹ ਪ੍ਰਪੱਤੀ ਹੈ (*Indian Philosophy*. Vol. II, pp. 705, 706) ਇਸ ਵਿਚ ਕੋਈ ਸ਼ੰਕਾ ਨਹੀਂ ਕਿ ਮੱਧਕਾਲੀਨ ਉਪਦੇਸ਼ਕ ਇਸ ਪੱਖ ਤੋਂ ਦੱਖਣੀ ਸਕੂਲ ਨਾਲ ਸਹਿਮਤ ਹਨ।

ਸੰਕੇਤਿਤ ਲੇਖਕਾਂ ਦੇ ਮਨ ਵਿਚ ਰਤਾ ਵੀ ਸੰਦੇਹ ਨਹੀਂ ਕਿ ਗੁਰੂ ਨਾਨਕ ਜੀ ਦੇ ਮਨ ਵਿਚ ਅਜੇਹੀਆਂ ਨਿਰਮੂਲ ਰਸਮਾਂ ਲਈ ਕੋਈ ਥਾਂ ਨਹੀਂ ਸੀ ਅਤੇ ਉਨ੍ਹਾਂ ਨੇ ਆਪਣੇ ਸ਼ਿਸ਼ਾਂ ਨੂੰ ਇਨ੍ਹਾਂ ਦਾ ਪੂਰਨ ਤਿਆਗ ਕਰਨ ਦਾ ਆਦੇਸ਼ ਦਿੱਤਾ।[77] ਇਹ ਨਿਰਸੰਦੇਹ ਸੱਚ ਹੈ ਕਿ ਗੁਰੂ ਜੀ ਦੀ ਬਾਣੀ ਵਿਚ ਸਾਨੂੰ ਅਜੇਹੇ ਅਨੇਕਾਂ ਕਥਨ ਮਿਲਦੇ ਹਨ ਜੋ ਕਿ ਇਸ ਸਿੱਟੇ ਦੀ ਪੁਸ਼ਟੀ ਕਰਦੇ ਜਾਪਦੇ ਹਨ।[78] ਇਕ ਥਾਂ ਗੁਰੂ ਜੀ ਨੇ ਕਾਟਵੇਂ ਸ਼ਬਦਾਂ ਵਿਚ ਕਿਹਾ ਹੈ :

ਜੋਗੀ ਹੋਵੈ ਜੋਗਵੈ ਭੋਗੀ ਹੋਵੈ ਖਾਇ॥
ਤਪੀਆ ਹੋਵੈ ਤਪੁ ਕਰੇ ਤੀਰਥਿ ਮਲਿ ਮਲਿ ਨਾਇ॥
ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ॥ [79]

(ਸੂਹੀ ਮਹਲਾ ੧, ਪੰਨਾ ੭੩੦)

ਇਹ ਸ਼ਬਦ ਅਤਿ ਕਾਟਵੇਂ ਹਨ ਅਤੇ ਜੇ ਕੋਈ ਇਹ ਖ਼ਿਆਲ ਕਰੇ ਕਿ ਗੁਰੂ ਜੀ ਇਥੇ ਇਨ੍ਹਾਂ ਰਸਮਾਂ ਨੂੰ ਮੂਲੋਂ ਹੀ ਰੱਦ ਕਰਨ ਦੇ ਹੱਕ ਵਿਚ ਹਨ ਤਾਂ ਕਿਸੇ ਨੂੰ ਦੋਸ਼ ਨਹੀਂ ਦਿੱਤਾ ਜਾ ਸਕਦਾ। ਪਰ ਕੀ ਤੀਰਥ ਤਪ, ਅਤੇ ਦਾਨ ਪੁੰਨ ਵਰਗੀਆਂ ਰਸਮਾਂ ਵਿਚ ਕੋਈ ਆਂਤਰਿਕ ਨੁਕਸ ਹੈ? ਕੀ ਸਾਨੂੰ ਇਹ ਵਿਸ਼ਵਾਸ ਕਰਨਾ ਚਾਹੀਦਾ ਹੈ ਕਿ ਗੁਰੂ ਨਾਨਕ ਜੀ ਵਰਗੇ ਵਿਅਕਤੀ ਨੇ ਦਇਆ, ਪੁੰਨ ਦਾਨ ਅਤੇ ਸਵੈ-ਕਾਬੂ ਵਰਗੀਆਂ ਸਦਾਚਾਰਕ ਕੀਮਤਾਂ ਦਾ ਖੰਡਨ ਕੀਤਾ ਸੀ। ਜੇ ਇਹ ਗੱਲ ਨਹੀਂ ਹੈ ਤਾਂ ਸਾਨੂੰ ਉਨ੍ਹਾਂ ਦੀ ਰੁਚੀ ਦੀ ਵੱਖਰੀ ਵਿਆਖਿਆ ਲੱਭਣੀ ਹੋਵੇਗੀ ਅਤੇ ਚੰਗੇ ਭਾਗਾਂ ਨੂੰ ਅਜੇਹੀ ਵਿਆਖਿਆ ਲਈ ਉਨ੍ਹਾਂ ਦੇ ਆਪਣੇ ਕਥਨਾਂ ਵਿਚ ਕਾਫ਼ੀ ਸੰਕੇਤ ਮਿਲਦੇ ਹਨ। ਜਪੁਜੀ ਵਿਚ ਗੁਰੂ ਜੀ ਫਰਮਾਂਦੇ ਹਨ :

ਤੀਰਥੁ ਤਪੁ ਦਇਆ ਦਤੁ ਦਾਨੁ॥
ਜੇ ਕੋ ਪਾਵੈ ਤਿਲ ਕਾ ਮਾਨੁ॥
ਸੁਣਿਆ ਮੰਨਿਆ ਮਨਿ ਕੀਤਾ ਭਾਉ॥
ਅੰਤਰ ਗਤਿ ਤੀਰਥਿ ਮਲਿ ਨਾਉ॥[80]

(ਜਪੁਜੀ, ਪੰਨਾ ੪)

ਇਥੇ ਫਿਰ ਇਹ ਗੱਲ ਸਪੱਸ਼ਟ ਹੈ ਕਿ ਗੁਰੂ ਨਾਨਕ ਜੀ ਇਨ੍ਹਾਂ ਰਸਮਾਂ ਦੀ ਸੀਮਿਤ ਉਪਯੋਗਤਾ ਅਤੇ ਸੱਚੀ ਆਤਮਿਕ ਭਗਤੀ ਦੀ ਉੱਤਮਤਾ ਤੇ ਬਲ ਦਿੰਦੇ ਹਨ। ਅਸੀਂ ਹੋਰ ਵੀ ਅੱਗੇ ਜਾ ਕੇ ਕਹਿ ਸਕਦੇ ਹਾਂ ਕਿ ਸੱਚੀ ਭਗਤੀ ਤੋਂ ਬਿਨਾਂ ਇਹ ਰਸਮਾਂ ਬੇ-ਅਰਥ ਹਨ। ਗੁਰੂ ਸਾਹਿਬ ਦੇ ਮਨ ਵਿਚ ਸ਼ਾਇਦ ਇਹ ਗੱਲ ਸੀ ਜਦੋਂ ਉਨ੍ਹਾਂ ਕਿਹਾ :

---

77. ਹਮ ਹਿੰਦੂ ਨਹੀਂ, ਪੰਨਾ 165 ਤੋਂ 174; ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ xxi.
78. ਉਕਤ, ਪੰਨਾ 78-79.
79. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 10.
80. ਜਪੁਜੀ, ਪਉੜੀ 21, ਲੇਖਕ ਨੇ ਮੂਲ ਪੁਸਤਕ ਵਿਚ ਤੇਜਾ ਸਿੰਘ (ਜਪੁਜੀ, ਪੰਨਾ 36) ਨਾਲੋਂ ਮੈਕਾਲਿਫ ਦਾ ਅਨੁਵਾਦ ਚੰਗਾ ਸਮਝਿਆ ਹੈ। ਐਪਰ ਦੋਹਾਂ ਦੇ ਗੁਣ ਦੋਸ਼ਾਂ ਤੇ ਚਰਚਾ ਕਰਨ ਦੀ ਕੋਈ ਲੋੜ ਨਹੀਂ ਕਿਉਂਕਿ ਜੇ ਤੇਜਾ ਸਿੰਘ ਦੀ ਵਿਆਖਿਆ ਸਹੀ ਹੋਵੇ ਤਾਂ ਵੀ ਇਹ ਦਲੀਲ ਦੂਸ਼ਿਤ ਨਹੀਂ ਹੈ।

ਹੋਮ ਜਗ ਅਰੁ ਪਾਠ ਪੁਰਾਣ॥
ਜੋ ਤਿਸੁ ਭਾਵੈ ਸੋ ਪਰਵਾਣ॥ [81]

(ਮਲਾਰ ਮਹਲਾ ੧, ਪੰਨਾ ੧੨੫੭)

ਇਸ ਦਾ ਪ੍ਰਤੱਖ ਭਾਵ ਇਹ ਹੈ ਕਿ ਆਪਣੇ ਆਪ ਵਿਚ ਇਨ੍ਹਾਂ ਗੱਲਾਂ ਦਾ ਕੋਈ ਮਹੱਤਵ ਨਹੀਂ ਅਤੇ ਇਹ ਉਦੋਂ ਸਹਾਇਕ ਹੋ ਸਕਦੀਆਂ ਹਨ ਜੇ ਇਨ੍ਹਾਂ ਨੂੰ ਸੱਚੀ ਭਗਤੀ ਭਾਵਨਾ ਨਾਲ ਕੀਤਾ ਜਾਵੇ। ਜੈਨੀਆਂ ਉੱਤੇ ਵਿਅੰਗ ਕਰਦੇ ਹੋਇਆਂ ਗੁਰੂ ਜੀ ਨੇ ਕਿਹਾ ਹੈ ਕਿ "ਅਠਸਠਿ ਤੀਰਥ ਦੇਵਤਿਆਂ ਥਾਪੇ ਹਨ ਅਤੇ ਉਨ੍ਹਾਂ ਦੇ ਹੁਕਮ ਅਨੁਸਾਰ ਹੀ ਪਵਿੱਤਰ ਦਿਨ ਨਿਯਤ ਹੋਏ ਹਨ ਅਤੇ ਉਹ ਜੈਨੀਆਂ ਦੀ ਖਿੱਲੀ ਉਡਾਉਂਦੇ ਹਨ ਕਿਉਂਕਿ ਉਨ੍ਹਾਂ ਦੀ ਇਨ੍ਹਾਂ ਤੀਰਥ ਅਸਥਾਨਾਂ ਤੇ ਕੋਈ ਢੋਈ ਨਹੀਂ। ਉਨ੍ਹਾਂ ਨੂੰ ਹੋਰ ਫਿਟਕਾਰਿਆ ਹੈ ਕਿ ਉਨ੍ਹਾਂ ਦੇ ਮੱਥੇ ਤੇ ਟਿੱਕਾ ਜਾਂ ਤਿਲਕ ਨਹੀਂ, ਨਾ ਉਹ ਮੋਏ ਰਿਸ਼ਤੇਦਾਰਾਂ ਲਈ ਦੀਵਾ ਬਾਲਦੇ ਹਨ ਅਤੇ ਨਾ ਹੀ ਉਨ੍ਹਾਂ ਦੀ ਅੰਤਮ ਕ੍ਰਿਆ ਕਰਦੇ ਹਨ ਅਤੇ ਨਾ ਹੀ ਉਨ੍ਹਾਂ ਦੇ ਸ਼ਰਾਧ ਖਵਾਉਂਦੇ ਹਨ।" ਮੈਕਾਲਿਫ ਕਹਿੰਦਾ ਹੈ ਕਿ ਜੈਨੀ ਅਤੇ ਹਿੰਦੂ ਰਹੁ-ਰੀਤਾਂ ਕਈ ਪੱਖਾਂ ਤੋਂ ਰਲਦੀਆਂ ਮਿਲਦੀਆਂ ਹਨ ਅਤੇ ਗੁਰੂ ਜੀ ਇੱਥੇ ਮੂਲੋਂ ਹੀ ਇਨ੍ਹਾਂ ਦੀ ਅਨੁਰੂਪਤਾ ਕਾਰਨ ਹੀ ਫਿਟਕਾਰ ਨਹੀਂ ਰਹੇ।[82] ਪਰ ਇਹ ਘੱਟ ਵੱਧ ਉਨ੍ਹਾਂ ਸਾਰੇ ਮਤਾਂ ਬਾਰੇ ਸੱਚ ਹੈ ਜਿਨ੍ਹਾਂ ਦਾ ਹਿੰਦੂ ਮਤ ਵਿਚੋਂ ਜਨਮ ਹੋਇਆ ਅਤੇ ਜਿਸ ਵਿਚ ਗੁਰੂ ਨਾਨਕ ਜੀ ਦੇ ਆਪਣੇ ਅਨੁਯਾਈ ਵੀ ਸ਼ਾਮਿਲ ਹਨ। ਇਹ ਸਮਝਣਾ ਔਖਾ ਹੋ ਜਾਂਦਾ ਹੈ ਕਿ ਗੁਰੂ ਜੀ ਨੇ ਵਿਸ਼ੇਸ਼ ਤੌਰ ਤੇ ਜੈਨੀਆਂ ਨੂੰ ਹੀ ਕਿਉਂ ਚੁਣਿਆ ਅਤੇ ਕੁਝ ਰਸਮਾਂ ਦੀ ਪਾਲਣਾ ਨਾ ਕਰਨ ਕਰਕੇ ਉਨ੍ਹਾਂ ਨੂੰ ਫਿਟਕਾਰਿਆ ਜਿਨ੍ਹਾਂ ਰਸਮਾਂ ਨੂੰ ਉਹ ਆਪ ਅਲਪ ਜਾਂ ਉੱਕਾ ਹੀ ਅਣਉਪਯੋਗੀ ਸਮਝਦੇ ਸਨ। ਸੰਖੇਪ ਵਿਚ ਸਾਨੂੰ ਇਉਂ ਲਗਦਾ ਹੈ ਕਿ ਜਨੇਊ ਦੀ ਸਮੱਸਿਆ ਵਾਂਗ, ਤੀਰਥ ਤਪ ਅਤੇ ਪੁੰਨ ਦਾਨ ਵਰਗੀਆਂ ਰਸਮਾਂ ਪ੍ਰਤਿ ਗੁਰੂ ਨਾਨਕ ਜੀ ਦੀ ਰੁਚੀ ਸਬੰਧੀ ਆਪਣੀ ਰਾਏ ਜ਼ਰੂਰ ਹੀ ਬਦਲਦੀ ਹੋਵੇਗੀ। ਗੁਰੂ ਜੀ ਕਹਿੰਦੇ ਹਨ :

ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ॥
ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ॥
ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ॥ [83]

(ਤੁਖਾਰੀ ਛੰਤ ਮਹਲਾ ੧, ਪੰਨਾ ੧੧੦੯)

ਇਸ ਨੂੰ ਸਮੁੱਚੇ ਤੌਰ ਤੇ ਲਿਆਂ ਕਿਸੇ ਨੂੰ ਕਿਸੇ ਤਰ੍ਹਾਂ ਦੇ ਝਗੜੇ ਦੀ ਲੋੜ ਨਹੀਂ ਪਰ ਇਸ ਤੋਂ ਇਸ ਸਿੱਟੇ ਤੇ ਪੁੱਜਣਾ ਕਿ ਗੁਰੂ ਨਾਨਕ ਜੀ ਤੀਰਥ, ਪੁੰਨ, ਦਾਨ ਅਤੇ ਭਗਤੀ ਨੂੰ ਤ੍ਰਿਸਕਾਰ ਰਹੇ ਹਨ, ਇਕਦਮ ਵੱਡੀ ਛਾਲ ਹੋਵੇਗੀ। ਸੱਚ ਤਾਂ ਇਹ ਹੈ ਕਿ ਕਹਿਣ ਵਿਚ ਕੋਈ ਹੱਠ ਵਾਲੀ ਗੱਲ ਨਹੀਂ ਕਿ ਗੁਰੂ ਜੀ ਦੀ ਬਾਣੀ ਵਿਚਲੇ ਪ੍ਰਮਾਣ ਨੂੰ ਅਤਿ ਸੰਕੋਚ ਨਾਲ ਵਿਚਾਰਨਾ ਚਾਹੀਦਾ ਹੈ। ਉਨ੍ਹਾਂ ਦੀ ਬੋਲੀ ਪ੍ਰਤਿਕਰਮ ਦੀ ਬੋਲੀ ਸੀ ਅਤੇ

---

81. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 28.
82. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 151.
83. *ਉਹੀ*, ਪੰਨਾ 144.

ਬੁਨਿਆਦੀ 'ਸਤਯ' ਨੂੰ ਸਰੋਤਿਆਂ ਦੇ ਮਨਾਂ ਵਿਚ ਬਿਠਾਉਣ ਲਈ ਕੀਤੇ ਅਥੱਕ ਜਤਨ ਉਨ੍ਹਾਂ ਦੇ ਸ਼ਬਦਾਂ ਨੂੰ ਉਪਰੋਂ ਉਪਰੋਂ ਵਿਨਾਸ਼ਕ ਧੁਨੀ ਪ੍ਰਦਾਨ ਕਰਦੇ ਹਨ ਜਿਸ ਨਾਲ ਸਾਧਾਰਨ ਮਨੁੱਖ ਸਹਿਜੇ ਹੀ ਭਟਕ ਸਕਦਾ ਹੈ। ਇਹ ਨੁਕਤਾ ਸਾਨੂੰ ਇੰਨਾ ਮਹੱਤਵਪੂਰਨ ਜਾਪਦਾ ਹੈ ਕਿ ਇੱਥੇ ਉਦਾਹਰਣਾਂ ਦੇ ਹਵਾਲੇ ਦੇਣਾ ਅਯੋਗ ਨਹੀਂ ਹੋਵੇਗਾ। ਜਨਮਸਾਖੀ ਵਿਚ ਇਹ ਕਿਹਾ ਗਿਆ ਹੈ ਕਿ ਜਦ ਗੁਰੂ ਨਾਨਕ ਜੀ ਦੇ ਪਿਤਾ ਕਾਲੂ ਨੇ ਉਨ੍ਹਾਂ ਨੂੰ ਸਮਝਾਇਆ ਕਿ ਉਸ ਨੂੰ ਖੇਤੀ-ਬਾੜੀ ਵਿਚ ਸਹਾਇਤਾ ਦੀ ਲੋੜ ਹੈ ਅਤੇ ਗੁਰੂ ਜੀ ਨੂੰ ਖੇਤੀ ਦੀ ਵਾਹੀ ਵੱਲ ਧਿਆਨ ਲਾਉਣ ਲਈ ਆਖਿਆ ਤਾਂ ਗੁਰੂ ਜੀ ਨੇ ਕਿਹਾ :

ਇਹੁ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗ ਪਾਣੀ॥
ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ॥

(ਸ੍ਰੀ ਰਾਗ ਮਹਲਾ ੧, ਪੰਨਾ ੨੩)

ਅਤੇ ਫਿਰ :

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥
ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥

(ਸੋਰਠ ਮਹਲਾ ੧ ਘਰ ੧, ਪੰਨਾ ੫੯੫)

ਇਹ ਕਿਹਾ ਜਾਂਦਾ ਹੈ ਕਿ ਤਦ ਕਾਲੂ ਚਾਹੁੰਦਾ ਸੀ ਕਿ ਉਸ ਦਾ ਪੁੱਤਰ ਹੱਟੀ ਕਰ ਲਵੇ। ਜਦ ਉਸ ਗੁਰੂ ਜੀ ਨੂੰ ਹੱਟੀ ਕਰਨ ਲਈ ਕਿਹਾ ਤਾਂ ਗੁਰੂ ਜੀ ਨੇ ਉੱਤਰ ਦਿੱਤਾ:

ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ॥
ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸਨੋ ਰਖੁ॥
ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ॥

(ਸੋਰਠ ਮਹਲਾ ੧ ਘਰ ੧, ਪੰਨਾ ੫੯੫)

ਇਸ ਪਿੱਛੋਂ ਨਾਨਕ ਜੀ ਨੂੰ ਘੋੜਿਆਂ ਦੀ ਸੌਦਾਗਰੀ ਕਰਨ ਲਈ ਕਿਹਾ ਗਿਆ। ਗੁਰੂ ਜੀ ਨੇ ਪਹਿਲੀ ਰੌਂ ਵਿਚ ਹੀ ਉੱਤਰ ਦਿੱਤਾ :

ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ॥
ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ॥

(ਸੋਰਠ ਮਹਲਾ ੧ ਘਰ ੧, ਪੰਨਾ ੫੯੫)

ਅਖੀਰ ਵਿਚ ਨਿਰਾਸ ਹੋ ਕੇ ਕਾਲੂ ਜੀ ਨੇ ਉਸ ਨੂੰ ਸਰਕਾਰੀ ਨੌਕਰੀ ਕਰਨ ਲਈ ਕਿਹਾ ਜਿਸ ਤੇ ਗੁਰੂ ਜੀ ਨੇ ਉੱਤਰ ਦਿੱਤਾ :

ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ॥
ਬੰਨੁ ਬਦੀਆ ਕਰਿ ਧਾਵਣੀ ਤਾਕੋ ਆਖੈ ਧੰਨੁ॥[84]

(ਸੋਰਠ ਮਹਲਾ ੧ ਘਰ ੧, ਪੰਨਾ ੫੯੬)

ਪਿਉ ਪੁੱਤਰ ਵਿਚਕਾਰ ਵਾਰਤਾਲਾਪ ਦੀ ਕਹਾਣੀ ਸੱਚ ਹੈ ਜਾਂ ਨਹੀਂ। ਪਰ ਸਾਡਾ ਇਥੇ ਸਿਰਫ ਬਾਣੀ ਨਾਲ ਸਬੰਧ ਹੈ। ਇਹ ਸਪੱਸ਼ਟ ਹੈ ਕਿ ਇਨ੍ਹਾਂ ਕਥਨਾਂ ਤੋਂ ਕਿਸੇ ਤਰ੍ਹਾਂ

84. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 21-23.

ਵੀ ਇਹ ਸਿੱਟਾ ਨਹੀਂ ਨਿਕਲਦਾ ਕਿ ਗੁਰੂ ਜੀ ਇਥੇ ਖੇਤੀ, ਦੁਕਾਨਦਾਰੀ ਅਤੇ ਸੁਦਾਗਰੀ ਦੇ ਪੇਸ਼ੇ ਜਾਂ ਨੌਕਰੀ ਨੂੰ ਫਿਟਕਾਰ ਰਹੇ ਹਨ। ਇਸੇ ਤਰ੍ਹਾਂ ਹੀ ਜਦ ਗੁਰੂ ਜੀ ਕਹਿੰਦੇ ਹਨ :

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ॥
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥[85]

(ਸਲੋਕ ਮਹਲਾ ੧, ਪੰਨਾ ੧੪੦)

ਤਾਂ ਸਾਡੀ ਸੋਚਣੀ ਨਿਆਇਯੁਕਤ ਨਹੀਂ ਹੋਵੇਗੀ ਜੇਕਰ ਅਸੀਂ ਨਾਨਕ ਜੀ ਨੂੰ ਇਸਲਾਮ ਤੇ ਵਾਰ ਕਰ ਰਹੇ ਅਤੇ ਇਸ ਦੀਆਂ ਸੰਸਥਾਵਾਂ ਅਤੇ ਰਸਮਾਂ ਨੂੰ ਰੱਦ ਕਰ ਰਹੇ ਸਮਝੀਏ। ਫਿਰ ਜਦ ਬ੍ਰਾਹਮਣ ਨੂੰ ਕਿਹਾ ਜਾਂਦਾ ਹੈ :

ਧੋਤੀ ਟਿਕਾ ਨਾਮੁ ਸਮਾਲਿ ॥
ਐਥੈ ਓਥੈ ਨਿਭਹੀ ਨਾਲਿ ॥
ਵਿਣੁ ਨਾਵੈ ਹੋਰਿ ਕਰਮ ਨ ਭਾਲਿ ॥
ਪੂਜਾ ਪ੍ਰੇਮੁ ਮਾਇਆ ਪਰਜਾਲਿ ॥
ਏਕੋ ਵੇਖਹੁ ਅਵਰੁ ਨ ਭਾਲਿ ॥

(ਆਸਾ ਮਹਲਾ ੧, ਪੰਨਾ ੩੫੫)

ਤਾਂ ਸਾਨੂੰ ਛੇਤੀ ਨਾਲ ਇਸ ਸਿੱਟੇ ਤੇ ਨਹੀਂ ਪਹੁੰਚ ਜਾਣਾ ਚਾਹੀਦਾ ਕਿ ਇੱਥੇ ਗੁਰੂ ਜੀ ਬ੍ਰਾਮਹਣ ਨੂੰ ਤ੍ਰਿਸਕਾਰ ਰਹੇ ਹਨ ਜਾਂ ਲੰਗੋਟੀ ਜਾਂ ਤਿਲਕ ਨੂੰ। ਇਹ ਗੱਲ ਸਾਨੂੰ ਅਜੇਹਾ ਦ੍ਰਿਸ਼ਟੀਕੋਣ ਪ੍ਰਦਾਨ ਕਰਦੀ ਹੈ ਜਿਸ ਦੀ ਵਰਤੋਂ ਸਾਨੂੰ ਲਗਾਤਾਰ ਕਰਨੀ ਪਵੇਗੀ ਜੇਕਰ ਅਸੀਂ ਗੁਰੂ ਨਾਨਕ ਜੀ ਨੂੰ ਸਹੀ ਰੂਪ ਵਿਚ ਸਮਝਣਾ ਚਾਹੁੰਦੇ ਹਾਂ। ਜਿਵੇਂ ਕਿ ਅਸੀਂ ਕਈ ਵਾਰ ਕਹਿ ਚੁੱਕੇ ਹਾਂ, ਗੁਰੂ ਨਾਨਕ ਜੀ ਦਾ ਬੁਨਿਆਦੀ ਸਬੰਧ ਪ੍ਰਯੋਜਨ ਅਤੇ ਸਾਧਨਾਂ ਦੀ ਗੜਬੜ ਵਿਚੋਂ ਉਪਜੇ ਭਰਮ ਨੂੰ ਦੂਰ ਕਰਨਾ ਸੀ ਅਤੇ ਉਨ੍ਹਾਂ ਦੁਆਰਾ ਕੀਤੀ ਗਈ ਸਾਧਨਾਂ ਦੀ ਆਲੋਚਨਾਂ ਠੋਸ ਸੀ ਕਲਪਿਤ ਨਹੀਂ। ਉਨ੍ਹਾਂ ਨੇ ਦਾਨ, ਤਪ ਜਾਂ ਤੀਰਥਾਂ ਦੇ ਵਿਰੁੱਧ ਕੁਝ ਨਹੀਂ ਕਹਿਣਾ ਸੀ। ਪਰ ਇਨ੍ਹਾਂ ਦੇ ਅਸਲੀ ਵਰਤਾਰੇ ਦਾ ਉਨ੍ਹਾਂ ਖੰਡਨ ਕੀਤਾ ਸੀ। ਉਨ੍ਹਾਂ ਨੇ ਰਸਮਾਂ ਰਿਵਾਜਾਂ ਨੂੰ ਨਹੀਂ ਸਗੋਂ ਉਨ੍ਹਾਂ ਵਿਚੋਂ ਆਏ ਵਿਕਾਰਾਂ ਉੱਤੇ ਕਾਟ ਕੀਤੀ ਜਦ ਗੁਰੂ ਜੀ "ਬਹੁ ਤੀਰਥ ਭਵਿਆ ਤੇਤੋ ਲਵਿਆ"[86] ਕਹਿੰਦੇ ਹਨ ਤਾਂ ਉਨ੍ਹਾਂ ਦੀ ਆਲੋਚਨਾ ਦਾ ਨਿਸ਼ਾਨਾ ਰਸਮ ਰਿਵਾਜਾਂ ਨਾਲੋਂ ਮਨੁੱਖ ਵੱਲ ਵਧੇਰੇ ਹੈ।

ਇਸ ਦੇ ਅਤਿਰਿਕਤ, ਸਾਰੇ ਇਹ ਸ੍ਵੀਕਾਰ ਕਰਦੇ ਹਨ ਕਿ ਗੁਰੂ ਅਮਰ ਦਾਸ ਜੀ ਨੇ ਕੁਰਖੇਤਰ, ਜਮਨਾ ਅਤੇ ਗੰਗਾ ਦੀ ਯਾਤਰਾ ਕੀਤੀ ਸੀ। ਸੂਰਜ ਪ੍ਰਕਾਸ਼ ਵਿਚ, ਜੋ ਕਿ ਇਸ ਘਟਨਾ ਤੋਂ ਲਗਭਗ ਤਿੰਨ ਸੌ ਸਾਲ ਪਿੱਛੋਂ ਲਿਖਿਆ ਗਿਆ, ਇਹ ਦੱਸਿਆ ਹੈ ਕਿ ਅਜੇਹਾ ਸ਼ਹਿਨਸ਼ਾਹ ਅਕਬਰ ਦੀ ਸਲਾਹ ਅਨੁਸਾਰ ਕੀਤਾ ਗਿਆ ਸੀ, ਅਤੇ ਇਸ

85. ਉਹੀ, ਪੰਨਾ 38.
86. ਮੈਕਾਲਿਫ, ਉਪਰੋਕਤ ਰਚਨਾ, ਪੰਨਾ 307.

ਦਾ ਮੰਤਵ ਹਿੰਦੂਆਂ ਦੇ ਕਰੋਧ ਦਾ ਰੁਖ ਬਦਲਣਾ ਸੀ। ਇਸ ਵਾਰਤਾ ਦੀ ਪ੍ਰਮਾਣਿਕਤਾ[87] ਸਹਿਜੇ ਹੀ ਸੰਦੇਹਪੂਰਤ ਹੋ ਸਕਦੀ ਹੈ। ਵਾਸਤਵ ਵਿਚ ਭਾਈ ਕਾਨ੍ਹ ਸਿੰਘ ਇਸ ਨੂੰ ਉੱਕਾ ਹੀ ਨਹੀਂ ਮੰਨਦੇ ਅਤੇ ਆਪਣੀ ਰਾਏ ਮੂਲੋਂ ਹੀਂ ਵੱਖਰੇ ਆਧਾਰ ਤੇ ਦਿੰਦੇ ਹਨ। ਪਹਿਲੀ ਗੱਲ ਇਹ ਹੈ ਕਿ ਭਾਈ ਜੇਠਾ ਤੇ ਤੀਰਥ ਯਾਤਰਾ ਦੇ ਵਿਰਤਾਂਤ ਵਿਚ, ਜੋ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਇਹ ਦੱਸਿਆ ਹੈ ਕਿ ਸਤਿਗੁਰੂ ਨੇ ਤੀਰਥ ਯਾਤਰਾ ਸਭ ਪ੍ਰਾਣੀਆਂ ਦੇ ਕਲਿਆਣ ਲਈ ਕੀਤੀ ਅਤੇ ਭਾਈ ਕਾਨ੍ਹ ਸਿੰਘ ਟਿੱਪਣੀ ਕਰਦਾ ਹੈ ਕਿ ਗੁਰੂ ਜੀ ਦਾ ਯਾਤਰਾ ਦਾ ਉੱਦੇਸ਼ 'ਸਤਿ ਦਾ ਪ੍ਰਚਾਰ' ਅਤੇ ਇਸ ਦੁਆਰਾ ਅਗਿਆਨਤਾ ਨੂੰ ਨਸ਼ਟ ਕਰਨਾ ਸੀ। ਦੂਜਾ ਇਸ ਵੱਲ ਧਿਆਨ ਦਿਵਾਇਆ ਗਿਆ ਹੈ ਕਿ ਗੁਰੂ ਜੀ ਨੇ ਕਿਤੇ ਵੀ ਪ੍ਰਚੱਲਿਤ ਰਹੁਰੀਤਾਂ ਦੀ ਪਾਲਣਾ ਨਹੀਂ ਕੀਤੀ। ਸੋ ਫਲਸਰੂਪ ਉਨ੍ਹਾਂ ਦੀ ਇਹ ਯਾਤਰਾ ਸਾਧਾਰਨ ਭਾਵ ਵਾਲੀ ਨਹੀਂ ਸੀ।[88] ਪਰੰਤੂ ਇਕ ਹੋਰ ਦ੍ਰਿਸ਼ਟਾਂਤ ਹੈ ਜਿਸ ਨੂੰ ਭਾਈ ਕਾਨ੍ਹ ਸਿੰਘ ਨਹੀਂ ਮੰਨਦੇ ਅਤੇ ਜਿਸ ਤੇ ਇਹ ਵਿਆਖਿਆ ਢੁਕਦੀ ਪ੍ਰਤੀਤ ਨਹੀਂ ਹੁੰਦੀ। ਗੁਰੂ ਤੇਗ ਬਹਾਦਰ ਜੀ ਨੇ ਵੀ ਕਈ ਤੀਰਥ ਸਥਾਨਾਂ ਦੀ ਯਾਤਰਾ ਕੀਤੀ ਸੀ। ਸਾਨੂੰ ਗੁਰੂ ਗੋਬਿੰਦ ਸਿੰਘ ਜੀ ਆਪ ਦੱਸਦੇ ਹਨ ਕਿ ਜਦ ਉਹ ਪਰਿਆਗ ਆਏ ਤਾਂ ਉਨ੍ਹਾਂ 'ਪੁੰਨ ਦਾਨ ਵਿਚ ਆਪਣੇ ਦਿਨ ਬਿਤਾਏ'।[89] ਪਰਿਣਾਮ ਪ੍ਰਤਖ ਹੈ। ਘੱਟੋ ਘੱਟ ਗੁਰੂ ਤੇਗ਼ ਬਹਾਦੁਰ ਜੀ ਦੇ ਮਨ ਵਿਚ ਵਿਸ਼ੇਸ਼ ਰਹੁਰੀਤਾਂ ਪ੍ਰਤਿ ਕੋਈ ਖਾਰ ਨਹੀਂ ਸੀ, ਜਿਨ੍ਹਾਂ ਦਾ ਕਈ ਆਧੁਨਿਕ ਲੇਖਕਾਂ ਦੀ ਰਾਇ ਵਿਚ, ਗੁਰੂ ਨਾਨਕ ਜੀ ਨੇ ਖੰਡਨ ਅਤੇ ਖ਼ਾਤਮਾ ਕੀਤਾ ਸੀ।

ਅਸੀਂ ਆਸ ਕਰ ਸਕਦੇ ਹਾਂ ਕਿ ਉਪਰੋਕਤ ਟੀਕਾ ਟਿੱਪਣੀ ਨੇ ਘੱਟੋ ਘੱਟ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਹਥਲਾ ਪ੍ਰਸ਼ਨ ਅਤਿ ਜਟਿਲ ਹੈ ਅਤੇ ਕੋਈ ਵੀ ਸਿੱਟਾ ਜੋ ਕੇਵਲ ਗੁਰੂ ਨਾਨਕ ਜੀ ਦੇ ਸ਼ਬਦਾਂ ਅਤੇ ਬਾਣੀ ਤੇ ਆਧਾਰਿਤ ਹੋਵੇਗਾ, ਸਹਿਜੇ ਹੀ ਭਰਾਂਤੀਜਨਕ ਸਿੱਧ ਹੋ ਸਕਦਾ ਹੈ। ਐਪਰ ਕਈ ਅਜਿਹੇ ਵਿਸ਼ੇ ਹਨ ਜਿਥੇ ਗੁਰੂ ਨਾਨਕ ਜੀ ਦੀ ਆਪਣੀ ਟਿੱਪਣੀ ਦੇ ਅਤਿਰਿਕਤ, ਸਿੱਖ ਮਤ ਦਾ ਇਤਿਹਾਸ ਵੀ ਅਟਲ ਤੌਰ ਤੇ ਇਕੋ ਹੀ ਸੰਭਵ ਸਿੱਟੇ ਵੱਲ ਸੰਕੇਤ ਕਰਦਾ ਹੈ। ਦ੍ਰਿਸ਼ਟਾਂਤ ਵਜੋਂ ਅਸੀਂ ਗੁਰੂ ਨਾਨਕ ਦੀ, ਅਵਤਾਰਾਂ, ਦੇਵੀ ਦੇਵਤਿਆਂ, ਵੇਦਾਂ ਅਤੇ ਕੁਰਾਨ ਵਰਗੇ ਪਵਿੱਤਰ ਗ੍ਰੰਥਾਂ ਪ੍ਰਤਿ ਰੁਚੀ ਦੇ ਪ੍ਰਸ਼ਨ ਨੂੰ ਲੈ ਸਕਦੇ ਹਾਂ। ਇਹ ਪਹਿਲੋਂ ਵੀ ਦੱਸਿਆ ਜਾ ਚੁੱਕਿਆ ਹੈ ਕਿ ਗੁਰੂ ਨਾਨਕ ਜੀ ਦਾ ਨਿਰੰਤਰ ਵਿਸ਼ਾ ਇਕੋ ਸੱਚ ਪ੍ਰਭੂ ਦੀ ਵਡਿਆਈ ਤੇ ਸਿਫਤ ਅਤੇ ਉਸ ਦੇ ਸਨਮੁਖ ਹਰ ਵਸਤੂ ਦੀ ਤੁਛਤਾ ਦਰਸਾਉਣਾ ਰਿਹਾ ਹੈ। ਉਹ ਪ੍ਰਭੂ ਦੀ ਏਕਤਾ ਦੇ ਵਿਚਾਰ ਨੂੰ ਦ੍ਰਿੜ੍ਹਾਉਣ ਤੋਂ ਕਦੇ ਨਹੀਂ ਥੱਕੇ ਸਨ ਅਤੇ ਉਨ੍ਹਾਂ ਦੀ ਬੋਲੀ ਸਦਾ ਜ਼ੋਰ ਦਾਰ ਅਤੇ ਕਈ ਵਾਰ ਪ੍ਰਚੰਡ ਹੁੰਦੀ ਹੈ। ਇਸ ਵਿਚ ਸੰਦੇਹ ਨਹੀਂ ਹੋ ਸਕਦਾ ਕਿ ਸਿੱਖ ਮਤ

87. ਪਰ ਇਹ ਯਾਦ ਰਖਣ ਵਾਲੀ ਗੱਲ ਹੈ ਕਿ ਗੁਰੂ ਜੀ ਅਤੇ ਉਨ੍ਹਾਂ ਦੀ ਪਾਰਟੀ ਨੂੰ ਯਾਤਰਾ ਟੈਕਸ ਤੋਂ ਮੁਆਫ਼ੀ ਸ਼ਹਿਨਸ਼ਾਹ ਅਤੇ ਗੁਰੂ ਜੀ ਦੀ ਯਾਤਰਾ ਵਿਚਕਾਰ ਸਬੰਧ ਕਾਇਮ ਕਰਦੀ ਹੈ।
88. ਕਾਨ੍ਹ ਸਿੰਘ, ਹਮ ਹਿੰਦੂ ਨਹੀਂ, ਪੰਨਾ 172-73.
89. ਬਚਿਤ੍ਰ ਨਾਟਕ, VIII. i. ਮੈਕਾਲਿਫ ਦੇ ਅਨੁਵਾਦ ਵਿਚ ਇਹ ਲਿਖਿਆ ਹੈ ਕਿ 'ਗੁਰੂ ਜੀ ਨੇ ਕਈ ਤੀਰਥ ਸਥਾਨਾਂ ਤੇ ਇਸ਼ਨਾਨ ਕੀਤਾ' (ਸੈਂਚੀ ਪਹਿਲੀ, ਪੰਨਾ 303) ਪਰ ਮੌਲਿਕ ਰਚਨਾ ਵਿਚ ਅਜਿਹਾ ਕੁਝ ਨਹੀਂ ਹੈ।

ਇਕ ਓਂਕਾਰ ਪ੍ਰਭੂ ਦੀ ਉਪਾਸਨਾ ਦਾ ਅਨੁਯਾਈ ਹੈ। ਇਸੇ ਪ੍ਰਕਾਰ ਪਵਿੱਤਰ ਧਰਮ-ਗ੍ਰੰਥਾਂ ਦੇ ਸਬੰਧ ਵਿਚ ਵੀ ਇਹ ਗੱਲ ਨਿਰਵਿਵਾਦ ਹੈ ਕਿ ਸਿੱਖ ਮਤ ਇਨ੍ਹਾਂ ਤੋਂ ਸੁਤੰਤਰ ਰੂਪ ਵਿਚ ਵਿਕਸਿਤ ਹੋਇਆ ਅਤੇ ਇਹ ਆਪਣੇ ਗੁਰੂਆਂ ਦੇ ਪ੍ਰਭੁਤੂ ਬਿਨਾਂ ਹੋਰ ਕਿਸੇ ਸ਼ਕਤੀ ਨੂੰ ਸ੍ਵੀਕਾਰ ਨਹੀਂ ਕਰਦਾ। ਇਸ ਲਈ ਪਰਿਣਾਮ ਸਪੱਸ਼ਟ ਦਿਸਦਾ ਹੈ ਕਿ ਘੱਟੋ ਘੱਟ ਇਨ੍ਹਾਂ ਮਾਮਲਿਆਂ ਵਿਚ ਗੁਰੂ ਨਾਨਕ ਜੀ ਦੀ ਰੁਚੀ ਖੰਡਨਾਤਮਕ ਸੀ ਪਰ ਕੁਝ ਇਕ ਗੱਲਾਂ ਸਾਨੂੰ ਇਹ ਸੋਚਣ ਲਈ ਪ੍ਰੇਰਿਤ ਕਰਦੀਆਂ ਹਨ ਕਿ ਇਸ ਨੂੰ ਵੀ ਅੰਤਮ ਨਹੀਂ ਸਮਝਿਆ ਜਾ ਸਕਦਾ, ਇਥੇ ਵੀ ਕਿਸੇ ਨਾ ਕਿਸੇ ਵਿਸ਼ੇਸ਼ਣ ਦੀ ਲੋੜ ਹੈ।

ਇਸ ਸਬੰਧ ਵਿਚ ਵੀ ਪਹਿਲੀਆਂ ਨੀਹਾਂ ਉੱਤੇ ਦਲੀਲ ਵਿਕਸਿਤ ਕਰਨੀ ਔਖੀ ਨਹੀਂ ਹੈ। ਪਰ ਇਸ ਨੂੰ ਇਕ ਪਾਸੇ ਰਖਦੇ ਹੋਏ ਅਸੀਂ ਇਕ ਮਹੱਤਵਪੂਰਨ ਤੱਥ ਤੇ ਆਪਣਾ ਧਿਆਨ ਕੇਂਦ੍ਰਿਤ ਕਰਾਂਗੇ, ਜੋ ਸਾਨੂੰ ਬਹੁਤ ਹੱਦ ਤਕ ਨਿਰਣਾਜਨਕ ਜਾਪਦਾ ਹੈ। ਪਹਿਲੇ ਪੰਜ ਗੁਰੂ ਸਾਹਿਬਾਂ ਦੀਆਂ ਰਚਨਾਵਾਂ, ਗੁਰੂ ਤੇਗ਼ ਬਹਾਦੁਰ ਦੇ ਸ਼ਬਦਾਂ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਇਕ ਸ਼ਲੋਕ, ਜੋ ਪਿੱਛੋਂ ਸ਼ਾਮਲ ਕੀਤਾ ਗਿਆ ਸੀ, ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਕਈ ਮਤਾਂ ਦੇ ਭਗਤਾਂ ਜਾਂ ਸੰਤਾਂ ਦੀ ਬਾਣੀ ਵੀ ਦਰਜ ਹੈ। ਇਨ੍ਹਾਂ ਵ੍ਹਿਚੋਂ ਜੈ ਦੇਵ, ਨਿਰਵਿਵਾਦ ਰੂਪ ਵਿਚ, ਕ੍ਰਿਸ਼ਨ ਦਾ ਉਪਾਸ਼ਕ ਸੀ, ਨਾਮ ਦੇਵ ਉਸੇ ਦੇਵ ਦੀ ਪੂਜਾ ਵਿਠਲ ਦੇ ਰੂਪ ਵਿਚ ਕਰਦਾ ਸ਼ੀ, ਰਾਮਾਨੰਦ ਵਿਸ਼ਨੂੰ ਦੀ ਉਪਾਸ਼ਨਾ ਰਾਮ ਚੰਦਰ ਦੇ ਰੂਪ ਵਿਚ ਕਰਦਾ ਸੀ ਅਤੇ ਪੀਪਾ, ਸੈਨ ਅਤੇ ਰਵਿਦਾਸ ਰਾਮਾ ਨੰਦ ਦੇ ਸ਼ਿਸ਼ ਸਨ।[90] ਮੈਕਾਲਿਫ ਦੀ ਇਹ ਰਾਇ ਹੈ ਕਿ ਗੁਰੂ ਅਰਜਨ ਦੇਵ ਨੇ ਇਨ੍ਹਾਂ ਭਗਤਾਂ ਦੀ ਬਾਣੀ ਇਸ ਆਸ਼ੇ ਨੂੰ ਮੁੱਖ ਰਖ ਕੇ ਗ੍ਰੰਥ ਸਾਹਿਬ ਵਿਚ ਦਰਜ ਕੀਤੀ ਸੀ ਕਿ ਪਾਠਕ ਸਿੱਖ ਸੁਧਾਰ ਦੇ ਇਤਿਹਾਸਕ ਵਿਕਾਸ ਨੂੰ ਸਮਝ ਸਕਣ, ਨਹੀਂ ਤਾਂ ਉਹ ਆਪਣੇ ਸੰਕਲਨ ਆਪਣੇ ਪੂਰਵਧਿਕਾਰੀਆਂ ਦੇ ਸਿੱਧਾਂਤਾਂ ਅਤੇ ਨਿਯਮਾਂ ਦੇ ਬਿਲਕੁਲ ਵਿਰੋਧ ਵਾਲੀ ਬਾਣੀ ਦਰਜ ਨਾ ਕਰਦੇ।[91] ਪਰਤੂ ਅਜੇਹਾ ਸੋਚਣਾ ਗੁਰੂ ਅਰਜਨ ਦੇਵ ਜੀ ਦੇ ਮਨ ਵਿਚ ਆਧੁਨਿਕ ਵਿਚਾਰਾਂ ਨੂੰ ਲੱਭਣਾ ਹੈ ਅਤੇ ਅਸੀਂ ਇਸ ਵਿਆਖਿਆ ਨੂੰ ਉੱਕਾ ਹੀ ਮੰਨ ਨਹੀਂ ਸਕਦੇ। ਗ੍ਰੰਥ ਸਾਹਿਬ ਕੀ ਸੀ? ਇਹ ਗੁਰੂ ਸਾਹਿਬਾਨ ਦਾ ਹੀ ਸਾਕਾਰ ਰੂਪ ਸੀ, ਸਾਕਾਰ ਸ਼ਬਦ ਸੀ, ਧੁਰ ਦਾ ਸੱਤ ਸੀ; ਇੱਥੋਂ ਤੱਕ ਕਿ ਗੁਰੂ ਜੀ ਨੇ ਆਪ ਗ੍ਰੰਥ ਸਾਹਿਬ ਤੋਂ ਨੀਵਾਂ ਸਥਾਨ ਚੁਣਿਆ ਸੀ।[92] ਕੀ ਇਹ ਮੰਨ ਸਕਦੇ ਹਾਂ ਕਿ ਗੁਰੂ ਅਰਜਨ ਦੇਵ ਜੀ ਨੇ ਅਜੇਹੀ ਕ੍ਰਿਤੀ ਵਿਚ ਅਜੇਹੀਆਂ ਰਚਨਾਵਾਂ ਸੰਕਲਿਤ ਕੀਤੀਆਂ ਜੋ ਉਨ੍ਹਾਂ ਸਿੱਧਾਂਤਾਂ ਦੇ ਵਿਰੁੱਧ ਸਨ ਜਿਨ੍ਹਾਂ ਦਾ ਉਹ ਆਪ ਪ੍ਰਚਾਰ ਕਰਦੇ ਸਨ? ਸਾਰੰਸ਼ ਇਹ ਕਿ ਇਨ੍ਹਾਂ ਸ਼ਬਦਾਂ ਜਾਂ ਸਲੋਕਾਂ ਵਿਚ ਕੋਈ ਅਜੇਹੀ ਗੱਲ ਨਹੀਂ ਹੈ ਜੋ ਸਿੱਖ ਮਤ ਦੇ ਸਿੱਧਾਂਤਾਂ ਜਾਂ ਨਿਯਮਾਂ ਦੇ ਪ੍ਰਤਿਕੂਲ ਹੈ, ਜਿਵੇਂ ਗੁਰੂ ਅਰਜਨ ਦੇਵ ਜੀ ਉਨ੍ਹਾਂ ਨੂੰ ਸਮਝਦੇ ਹਨ।

ਵਾਸਤਵ ਵਿਚ ਇਹ ਸੰਭਵ ਜਾਪਦਾ ਹੈ ਕਿ ਮੈਕਾਲਿਫ ਨੇ ਆਪਣੇ ਦ੍ਰਿਸ਼ਟੀਕੋਣ

---

90. ਕਬੀਰ ਨੂੰ ਇਥੇ ਜਾਣ ਕੇ ਛੱਡ ਦਿੱਤਾ ਗਿਆ ਹੈ ਕਿਉਂਕਿ ਉਸ ਬਾਰੇ ਪ੍ਰਚੱਲਿਤ ਰਾਇ ਹੈ ਕਿ ਉਸ ਨੇ ਵੀ ਦੇਵੀ ਦੇਵਤਿਆਂ ਅਤੇ ਅਵਤਾਰਾਂ ਦਾ ਖੰਡਨ ਕੀਤਾ ਸੀ।
91. ਮੈਕਾਲਿਫ, *ਉਹੀ*, *ਆਮੁਖ*, ਪੰਨਾ xxxii.
92. ਤੇਜਾ ਸਿੰਘ, *ਆਸਾ ਦੀ ਵਾਰ*, ਪੰਨਾ 19.

ਦੀ ਕਠਿਨਾਈ ਆਪ ਅਨੁਭਵ ਕਰ ਲਈ ਸੀ, ਕਿਉਂਕਿ ਉਹ ਅੱਗੇ ਕਹਿੰਦਾ ਹੈ "ਹਿੰਦੂ ਭਗਤਾਂ ਨੇ ਅਧਿਕਤਰ ਮੂਰਤੀ ਪੂਜਾ ਤੋਂ ਜੀਵਨ ਆਰੰਭ ਕੀਤਾ ਪਰ ਅਧਿਐਨ ਅਤੇ ਚਿੰਤਨ ਦੁਆਰਾ ਇਕੀਸ਼ਵਰਵਾਦ ਦੀ ਧਾਰਾ ਤੇ ਪਹੁੰਚ ਗਏ, ਜਿਸ ਨੂੰ ਗੁਰੂ ਅਰਜਨ ਜੀ ਨੇ ਬਹੁਤ ਸਲਾਹਿਆ ਸੀ।"[93] ਫਿਰ ਨਾਮ ਦੇਵ ਦੇ ਗ੍ਰੰਥ ਸਾਹਿਬ ਵਿਚ ਮਿਲਦੇ ਸਲੋਕਾਂ ਬਾਰੇ ਕਹਿੰਦਾ ਹੋਇਆ ਮੈਕਾਲਿਫ ਲਿਖਦਾ ਹੈ, "ਇਹ ਉਸ ਦੇ ਜੀਵਨ ਦੀਆਂ ਤਿੰਨ ਅਵੱਸਥਾਵਾਂ ਨਾਲ ਸੰਬੰਧਿਤ ਹਨ—ਬਚਪਨ ਦੀ ਅਵੱਸਥਾ ਜਦੋਂ ਕਿ ਉਹ ਬੁਤਪੂਜ ਸੀ, ਪ੍ਰੌਢ ਅਵੱਸਥਾ ਜਦ ਕਿ ਉਹ ਆਪਣੇ ਆਪ ਨੂੰ ਹਿੰਦੂ ਵਹਿਮਾਂ ਤੋਂ ਮੁਕਤ ਕਰ ਰਿਹਾ ਸੀ, ਅਤੇ ਬ੍ਰਿਧ ਅਵੱਸਥਾ ਜਦ ਕਿ ਉਸ ਦੇ ਸ਼ਬਦ ਸਮਕਾਲੀ ਧਾਰਮਕ ਸੁਧਾਰਕਾਂ ਦੇ ਵਿਚਾਰਾਂ, ਅਤੇ ਪਿੱਛੋਂ ਸਿੱਖ ਗੁਰੂਆਂ ਦੀ ਸਿੱਖਿਆ ਦੇ ਅਨੁਰੂਪ ਹੋ ਗਏ। ਇਹੀ ਕਾਰਨ ਹੈ ਕਿ ਉਨ੍ਹਾਂ ਦੇ ਪਿਛਲੇਰੇ ਅਤੇ ਅਧਿਕ ਪਰਿਪੱਕ ਵਿਚਾਰਾਂ ਕਰਕੇ ਉਨ੍ਹਾਂ ਦੀ ਬਾਣੀ ਸਿੱਖਾਂ ਦੇ ਪਵਿੱਤਰ ਧਰਮ ਗ੍ਰੰਥ ਵਿਚ ਸੰਕਲਿਤ ਕੀਤੀ ਗਈ ਹੈ।"[94] ਐਪਰ ਸਾਡੇ ਵਿਚਾਰ ਅਨੁਸਾਰ ਇਹ ਵੰਡ ਅਨੁਚਿਤ ਹੈ ਅਤੇ ਸਲੋਕਾਂ ਨੂੰ ਸਮੁੱਚੇ ਤੌਰ ਤੇ ਲਿਆ ਇਨ੍ਹਾਂ ਵਿਚ ਇਕ ਮੂਲਕ ਏਕਤਾ ਹੈ ਜਿਹੜੀ ਮੈਕਾਲਿਫ ਅਨੁਭਵ ਨਹੀਂ ਕਰ ਸਕਿਆ। ਅਸੀਂ ਇਸ ਗੱਲ ਵੱਲ ਸੰਕੇਤ ਕਰਕੇ ਸੰਤੁਸ਼ਟ ਹੋਵਾਂਗੇ ਕਿ ਇਸ ਨਾਲ ਵੀ ਸਥਿਤੀ ਸਪੱਸ਼ਟ ਨਹੀਂ ਹੁੰਦੀ। ਗੁਰੂ ਅਰਜਨ ਜੀ ਤੀਸਰੀ ਵੰਨਗੀ ਦੇ ਸਲੋਕਾਂ ਤੇ ਹੀ ਬੱਸ ਕਰ ਸਕਦੇ ਸਨ ਅਤੇ ਦੂਜੇ ਸਲੋਕਾਂ ਨੂੰ, ਜਿਹੜੇ ਮੈਕਾਲਿਫ ਦੀ ਰਾਇ ਵਿਚ ਸਿੱਖ ਮਤ ਦੇ ਬੁਨਿਆਦੀ ਨਿਯਮਾਂ ਦੇ ਨਿਸ਼ਚਿਤ ਤੌਰ ਤੇ ਵਿਰੋਧੀ ਸਨ, ਸੰਕਲਿਤ ਕਰਨ ਲਈ ਆਪਣੇ ਮਾਰਗ ਤੋਂ ਭਟਕਣ ਦੀ ਲੋੜ ਨਹੀਂ ਸੀ। ਇਸ ਲਈ ਇਸ ਵਿਚ ਰਤਾ ਸ਼ੱਕ ਨਹੀਂ ਕਿ ਸਾਨੂੰ ਵਿਚਾਰਧੀਨ ਤੱਥ ਦੀ ਵੱਖਰੀ ਵਿਆਖਿਆ ਲੱਭਣੀ ਪਵੇਗੀ। ਇਹ ਕਾਫ਼ੀ ਸੌਖੀ ਪ੍ਰਤੀਤ ਹੁੰਦੀ ਹੈ ਜੇਕਰ ਅਸੀਂ ਪਲ ਦੀ ਪਲ ਆਪਣੀਆਂ ਪੂਰਵ-ਭਾਵਨਾਵਾਂ ਨੂੰ ਲਾਂਭੇ ਰੱਖ ਦਈਏ ਅਤੇ ਇਸ ਦੇ ਵੇਰਵੇ ਬਾਰੇ ਘੱਟ ਸੋਚੀਏ। ਗੁਰੂ ਅਰਜਨ ਦੇਵ ਜੀ ਨੂੰ ਆਪਣੀ ਉੱਚ-ਆਤਮਿਕ ਸ਼ਕਤੀ ਦੁਆਰਾ ਇਹ ਅਨੁਭਵ ਕਰਨ ਵਿਚ ਕੋਈ ਔਖ ਨਹੀਂ ਸੀ ਕਿ ਮੁੱਖ ਗੱਲ ਜਿਸ ਦਾ ਕੋਈ ਮਹੱਤਵ ਹੈ ਮਨੋਰਥ ਦੀ ਸਚਾਈ, ਸੱਚੀ ਭਗਤੀ ਅਤੇ ਆਪਾ ਸਮਰਪਣ ਦੀ ਭਾਵਨਾ ਹੀ ਹੈ। ਉਹ ਏਨੇ ਉਦਾਰ-ਚਿੱਤ ਸਨ ਕਿ ਜਿੱਥੇ ਵੀ ਇਹ ਗੁਣ ਉਨ੍ਹਾਂ ਨੂੰ ਮਿਲੇ ਇਨ੍ਹਾਂ ਦੀ ਸ਼ਲਾਘਾ ਕੀਤੀ। ਮਨ ਦੀ ਇਹ ਭਾਵਨਾ ਸੀ ਜਿਸ ਨੇ ਚੈਤੱਨਯ ਨੂੰ "ਸ਼ਿਵ ਅਤੇ ਵਿਸ਼ਨੂੰ ਦੇ ਮੰਦਰ ਵਿਚ ਇਕੋ ਜਿਹਾ ਹੀ ਭਗਤ ਬਣਾਇਆ। ਜਿਹੜਾ ਵੀ ਰੂਪ ਜਾਂ ਚਿੰਨ੍ਹ ਪਵਿੱਤਰਤਾ ਜਾਂ ਸੁੱਚਤਾ ਗ੍ਰਹਿਣ ਕਰ ਚੁੱਕਾ ਸੀ ਉਹੀ ਉਨ੍ਹਾਂ ਨੂੰ ਆਪਣੇ ਪ੍ਰੇਮ-ਪਾਤਰ ਦੀ ਯਾਦ ਦਿਵਾਉਂਦਾ ਹੈ। ਇਹ ਅਪੱਕ ਦੇਵਪੂਜਵਾਦ ਦਾ ਫਲਸਰੂਪ ਨਹੀਂ ਸੀ। ਇਹ ਉਨ੍ਹਾਂ ਕੀਮਤਾਂ ਨੂੰ ਸ੍ਵੀਕਾਰ ਕਰਨਾ ਸੀ ਜਿਹੜੀਆਂ ਦੂਜਿਆਂ ਦੀ ਭਗਤੀ ਦੁਆਰਾ ਕੀਤੀਆਂ ਗਈਆਂ ਸਨ ਅਤੇ ਜਿਨ੍ਹਾਂ ਨੇ ਪ੍ਰਭੂ ਤਕ ਪਹੁੰਚਣ ਵਿਚ ਉਨ੍ਹਾਂ ਦੀ ਸਹਾਇਤਾ ਕੀਤੀ ਸੀ। (ਭਾਵੇਂ ਉਹ ਕਿੰਨੀਆਂ ਹੀ ਵਿਕੋਲਿਤ੍ਰੀਆਂ ਕਿਉਂ ਨਾ ਜਾਪਣ)।"[95] ਇਹ ਸਮਾਨ-ਅੰਤਰ

---

93. ਮੈਕਾਲਿਫ, *ਉਪਰੋਕਤ ਰਚਨਾ*, ਸੈਂਚੀ ਪਹਿਲੀ, ਪੰਨਾ 1.
94. *ਉਹੀ*, ਪੰਨਾ 40.
95. ਐਸਟਲਿਨ ਕਾਰਪੈਂਟਰ, *ਉਪਰੋਕਤ ਰਚਨਾ*, ਪੰਨਾ 444.

ਸਥਿਤੀ ਦੂਰ ਤਕ ਨਹੀਂ ਨਿਭਦੀ ਕਿਉਂਕਿ ਪਹਿਲੇ ਦ੍ਰਿਸ਼ਟਾਂਤ ਵਿਚ ਭਗਤੀ ਹੀ ਹੈ ਜਿਸ ਦਾ ਮਹੱਤਵ ਹੈ ਜਦ ਕਿ ਦੂਜੇ ਦ੍ਰਿਸ਼ਟਾਂਤ ਵਿਚ ਅਸੀਂ ਭਗਤੀ ਦੇ ਪਾਤਰ ਨਾਲ ਸੰਬੰਧਿਤ ਹਾਂ। ਪਰੰਤੂ ਆਤਮਾ ਇਕੋ ਹੀ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਉਪਾਸਨਾ ਕਰਨ ਅਤੇ ਇਕੋ ਇਕ ਸੱਚੇ ਸਾਹਿਬ ਦੀ ਸਿਫਤ ਕਰਨ ਲਈ ਕਿਹਾ ਪਰ ਇਸ ਦੇ ਨਾਲ ਹੀ ਉਨ੍ਹਾਂ ਨੂੰ ਸੱਚੀ ਭਗਤੀ ਅਤੇ ਸਮਰਪਣ ਭਾਵਨਾ ਦਾ ਪੂਜਪਾਤਰ ਦਾ ਖ਼ਿਆਲ ਕੀਤੇ ਬਿਨਾਂ ਸਤਿਕਾਰ ਕਰਨਾ ਵੀ ਸਿਖਾਇਆ। ਇਹ ਸਪੱਸ਼ਟ ਕਰ ਦੇਵੇਗਾ ਕਿ ਉਨ੍ਹਾਂ ਗ੍ਰੰਥ ਸਾਹਿਬ ਵਿਚ ਅਨੇਕਾਂ ਅਜਿਹੇ ਸਲੋਕ ਕਿਉਂ ਦਰਜ ਕਰ ਦਿੱਤੇ ਜੋ ਪਹਿਲੀ ਨਜ਼ਰ ਸਿੱਖ ਮਤ ਦੇ ਮਹੱਤਵਪੂਰਨ ਸਿੱਧਾਂਤਾਂ ਦੇ ਉਲਟ ਜਾਪਦੇ ਹਨ। ਸੋ ਅਵਤਾਰਾਂ ਅਤੇ ਦੇਵੀ ਦੇਵਤਿਆਂ ਦੀ ਪੂਜਾ ਮੂਲੋਂ ਹੀ ਨਿਰਾਰਥਕ ਨਹੀਂ ਜੇਕਰ ਇਹ ਸਹੀ ਭਗਤੀ ਭਾਵਨਾ ਅਤੇ ਸਮਰਪਣ ਦੁਆਰਾ ਕੀਤੀ ਜਾਵੇ। ਪਰੰਤੂ ਇਸ ਦੇ ਨਾਲ ਇਹ ਵੀ ਨਿਸ਼ਚਿਤ ਰੂਪ ਵਿਚ ਜਾਣ ਲੈਣਾ ਆਵੱਸ਼ਕ ਹੈ ਕਿ ਗੁਰੂ ਨਾਨਕ ਅਤੇ ਉਨ੍ਹਾਂ ਦੇ ਉੱਤਰਾਧਿਕਾਰੀਆਂ ਦੀ ਬਾਣੀ ਅਵਤਾਰਵਾਦ ਦੇ ਸਿੱਧਾਂਤ ਦੀ ਉੱਕਾ ਹੀ ਪੁਸ਼ਟੀ ਨਹੀਂ ਕਰਦੀ ਇਹ ਅਸੰਭਵ ਨਹੀਂ ਹੈ ਕਿ ਮੋਹਸਿਨ ਫਾਨੀ ਦਾ ਕਥਨ, ਜਿਸ ਦੀ ਟੀਕਾ ਟਿੱਪਣੀ ਸਦਾ ਹੀ ਚਿੰਤਨ ਲਈ ਪ੍ਰੇਰਿਤ ਕਰਦੀ ਹੈ, ਇਸ ਪੱਖ ਤੋਂ ਗੁਰੂ ਨਾਨਕ ਜੀ ਦੀ ਸਹੀ ਰੁਚੀ ਦਾ ਸੁਝਾਅ ਦਿੰਦੀ ਹੈ—"ਨਾਨਕ ਨੇ ਇਸਲਾਮ ਅਤੇ ਹਿੰਦੂ ਧਰਮ ਦੇ ਅਵਤਾਰਾਂ, ਦੇਵੀ ਦੇਵਤਿਆਂ ਦੀ ਪ੍ਰਸੰਸਾ ਕੀਤੀ ਸੀ ਪਰ ਉਹ ਜਾਣਦੇ ਸਨ ਕਿ ਇਹ ਸ਼ਰਧਾ-ਪਾਤਰ ਸਿਰਜਿਤ ਹਨ, ਸਿਰਜਕ ਨਹੀਂ। ਇਨ੍ਹਾਂ ਨੂੰ ਰੱਬੀ ਅਵਤਾਰ ਮੰਨਣ ਤੋਂ ਉਨ੍ਹਾਂ ਇਨਕਾਰ ਕਰ ਦਿੱਤਾ ਸੀ।"[96] ਵਾਸਤਵ ਵਿਚ ਗੁਰੂ ਨਾਨਕ ਪੈਗੰਬਰਾਂ ਅਤੇ ਧਰਮਾਤਮਾਵਾਂ ਦੇ ਮਿਸ਼ਨ ਤੋਂ ਮੁਨਕਰ ਨਹੀਂ ਹਨ। ਇਕ ਥਾਂ ਸਾਨੂੰ ਦੱਸਿਆ ਗਿਆ ਹੈ ਕਿ ਅਜਿਹੇ ਕਈ ਮਹਾਂ ਪੁਰਖਾਂ ਦਾ ਆਗਮਨ ਸੰਸਾਰ ਵਿਚ ਹੋਇਆ, ਉਨ੍ਹਾਂ ਨੇ ਕਈ ਮਤ ਚਲਾਏ, ਇਕੋ ਅਕਾਲਪੁਰਖ ਜੋ ਕਿ ਸਭਨਾਂ ਦਾ ਸੁਆਮੀ ਹੈ, ਦੀ ਉਪਾਸਨਾ ਕੀਤੀ ਅਤੇ ਆਪਣੇ ਆਪਣੇ ਕਰਮ ਕਰ ਕੇ ਚਲੇ ਗਏ।[97] ਜਿੱਥੋਂ ਤਕ ਦੇਵੀ-ਦੇਵਤਿਆਂ ਦਾ ਸਬੰਧ ਹੈ, ਸਾਨੂੰ ਭੁਲਣਾ ਨਹੀਂ ਚਾਹੀਦਾ ਕਿ ਗੁਰੂ ਨਾਨਕ ਨੇ ਮੂਲੋਂ ਹੀ ਉਨ੍ਹਾਂ ਦਾ ਖੰਡਨ ਨਹੀਂ ਕੀਤਾ ਸੀ। ਜਪੁਜੀ ਵਿਚ ਕਿਹਾ ਗਿਆ ਹੈ :

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥

(ਜਪੁਜੀ, ਪੰਨਾ ੭)

ਇਹ ਹੂ-ਬ-ਹੂ ਹਿੰਦੂ ਧਰਮ ਦੀ ਤ੍ਰਿਮੂਰਤੀ ਹੈ, ਪਰ ਨਾਲ ਹੀ ਗੁਰੂ ਜੀ ਸਪੱਸ਼ਟ ਕਰ ਦਿੰਦੇ ਹਨ ਕਿ ਇਹ ਸੁਤੰਤਰ ਸ਼ਕਤੀਆਂ ਨਹੀਂ ਹਨ ਕਿਉਂਕਿ :

ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥[98]

(ਜਪੁਜੀ, ਪੰਨਾ ੭)

---

96. ਦਬਸਿਤਾਨ, ਸੈਂਚੀ ਪਹਿਲੀ, ਪੰਨਾ 248, 249.
97. ਖਜ਼ਾਨ ਸਿੰਘ, ਉਪਰੋਕਤ ਰਚਨਾ, ਪੰਨਾ 411.
98. ਜਪੁਜੀ, ਪਉੜੀ 30.

ਫਿਰ, ਨਾਮ ਦੀ ਮਹਿਮਾ ਤੇ ਬਲ ਦਿੰਦੇ ਹੋਏ ਅਤੇ ਇਸ ਦੇ ਜਾਪ ਦੁਆਰਾ ਪ੍ਰਾਪਤ ਹੁੰਦੇ ਲਾਭਾਂ ਦਾ ਗੁਣ ਗਾਣ ਕਰਦੇ ਹੋਏ ਗੁਰੂ ਜੀ ਕਹਿੰਦੇ ਹਨ :

ਸੁਣਿਐ ਈਸਰੁ ਬਰਮਾ ਇੰਦੁ॥[99]

ਸੋ ਪ੍ਰਤੀਤ ਹੁੰਦਾ ਹੈ ਕਿ ਗੁਰੂ ਨਾਨਕ ਜੀ ਨੇ ਇਕੋ ਅਕਾਲ ਪੁਰਖ ਦੇ ਸਬੰਧ ਵਿਚ ਦੇਵੀ ਦੇਵਤਿਆਂ ਦੇ ਅਸਲੀ ਸਥਾਨ ਨੂੰ ਨਿਸ਼ਚਿਤ ਕੀਤਾ। ਉਨ੍ਹਾਂ ਦਾ ਵਾਰ ਦੇਵੀ ਦੇਵਤਿਆਂ ਤੇ ਨਹੀਂ ਸੀ ਸਗੋਂ ਅਜਿਹੇ ਲੋਕਾਂ ਤੇ ਸੀ ਜਿਹੜੇ ਇਨ੍ਹਾਂ ਦੇਵੀ ਦੇਵਤਿਆਂ ਰਾਹੀਂ ਅਕਾਲ ਪੁਰਖ ਦੇ ਸੰਕਲਪ ਨੂੰ ਧੁੰਧਲਾਉਂਦੇ ਸਨ ਅਤੇ ਸਤਿਪੁਰਖ ਦੀ ਪੂਰਨ ਅਗਿਆਨਤਾ ਜਾਂ ਬੇਪਰਵਾਹੀ ਦੇ ਕਾਰਨ ਕੇਵਲ ਉਨ੍ਹਾਂ ਦੀ ਹੀ ਉਪਾਸਨਾ ਕਰਦੇ ਸਨ।

ਸਾਨੂੰ ਇਹ ਵੀ ਪ੍ਰਤੀਤ ਹੁੰਦਾ ਹੈ ਕਿ ਧਰਮ ਗ੍ਰੰਥਾਂ ਪ੍ਰਤਿ ਵੀ ਉਨ੍ਹਾਂ ਦੀ ਸਥਿਤੀ ਵੱਖਰੀ ਭਾਂਤ ਦੀ ਨਹੀਂ। ਜਿਥੋਂ ਤਕ ਗੁਰੂ ਨਾਨਕ ਜੀ ਦਾ ਸਬੰਧ ਹੈ, ਭਾਈ ਕਾਨ੍ਹ ਸਿੰਘ ਉਨ੍ਹਾਂ ਦੀ ਬਾਣੀ ਵਿਚੋਂ ਆਪਣੇ ਸਿੱਧਾਂਤ ਦੀ ਪੁਸ਼ਟੀ ਲਈ ਇਕੋ ਸਲੋਕ ਦਾ ਹਵਾਲਾ ਦਿੰਦਾ ਹੈ ਕਿ ਗੁਰੂ ਨਾਨਕ ਜੀ ਨੇ ਧਰਮ-ਗ੍ਰੰਥਾਂ ਦਾ ਖੰਡਨ ਕੀਤਾ ਸੀ।[100] ਕੁਝ ਹੋਰ ਹਵਾਲੇ ਵੀ ਦਿੱਤੇ ਜਾ ਸਕਦੇ ਹਨ।[101] ਪਰ ਇਨ੍ਹਾਂ ਹਵਾਲਿਆਂ ਤੋਂ ਪ੍ਰਾਪਤ ਗਵਾਹੀ ਦੇ ਤਰੁਟੀਪੂਰਨ ਸੁਭਾਅ ਤੋਂ ਛੁੱਟ, ਇਸ ਵਿਸ਼ੇ ਸਬੰਧੀ ਗੁਰੂ ਜੀ ਦੇ ਹੋਰ ਕਈ ਪ੍ਰਤੱਖ ਕਥਨਾਂ ਨਾਲ ਇਨ੍ਹਾਂ ਦਾ ਸੁਮੇਲ ਬਿਠਾਉਣਾ ਇੰਨਾ ਕਠਿਨ ਹੈ ਕਿ ਸਾਨੂੰ ਰਤਾ ਸ਼ੱਕ ਨਹੀਂ ਰਹਿੰਦਾ ਕਿ ਉਨ੍ਹਾਂ ਦੇ ਵਾਸਤਵਿਕ ਭਾਵ ਨੂੰ ਗ਼ਲਤ ਸਮਝਿਆ ਗਿਆ ਹੈ। ਜਪੁਜੀ ਵਿਚ ਗੁਰੂ ਜੀ ਫ਼ਰਮਾਉਂਦੇ ਹਨ :

ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥[102]

(ਜਪੁਜੀ, ਪੰਨਾ ੫)

ਇਹ ਅਜਿਹੀ ਸਥਿਤੀ ਹੈ ਜਿਸ ਉੱਤੇ ਕੋਈ ਕਿੰਤੂ ਨਹੀਂ ਕਰ ਸਕਦਾ ਅਤੇ ਜੇਕਰ ਇਸ ਨੂੰ ਧਰਮ ਗ੍ਰੰਥਾਂ ਉੱਤੇ ਵਾਰ ਸਮਝਿਆ ਜਾਏ ਤਾਂ ਇਹ ਯਾਦ ਰਖਣਾ ਚਾਹੀਦਾ ਹੈ ਕਿ ਇਹ ਆਲੋਚਨਾ ਸ੍ਰੀ ਗ੍ਰੰਥ ਸਾਹਿਬ ਤੇ ਵੀ ਉਵੇਂ ਹੀ ਬਲ ਨਾਲ ਲਾਗੂ ਹੁੰਦੀ ਹੈ। ਸੋਦਰੁ ਵਿਚ ਅਸੀਂ ਪੜ੍ਹਦੇ ਹਾਂ :

ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ॥
ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥[103]

(ਜਪੁਜੀ, ਪੰਨਾ ੬)

---

99. ਜਪੁਜੀ, ਪਉੜੀ 9. ਮੂਲ ਪੁਸਤਕ ਵਿਚ ਲੇਖਕ ਨੇ ਦੋਹਾਂ ਉਦਾਹਰਣਾਂ ਵਿਚ ਮੈਕਾਲਿਫ ਦਾ ਅਨੁਵਾਦ ਦਿੱਤਾ ਹੈ। ਉਸ ਅਨੁਸਾਰ ਤੇਜਾ ਸਿੰਘ ਦਾ ਅਨੁਵਾਦ ਵੱਖਰੀ ਭਾਂਤ ਦਾ ਹੈ, ਅਤੇ ਦੋਹਾਂ ਹਾਲਤਾਂ ਵਿਚ ਕਾਫ਼ੀ ਹਦ ਤਕ ਵੱਖਰੇ ਅਰਥ ਦੇਂਦਾ ਹੈ ਜੋ ਕਿ ਮੂਲ ਵਿਚੋਂ ਨਹੀਂ ਨਿਕਲਦੇ।
100. ਹਮ ਹਿੰਦੂ ਨਹੀਂ, ਪੰਨਾ 60.
101. ਉਕਤ, ਪੰਨਾ 79.
102. ਜਪੁਜੀ, ਪਉੜੀ 22.
103. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 250, 251.

ਅਤੇ 'ਆਸਾ ਦੀ ਵਾਰ' ਵਿਚ ਸਾਨੂੰ ਅਜੇਹਾ ਕੁਝ ਮਿਲਦਾ ਹੈ ਜੋ ਵੇਦਾਂ ਦਾ ਸਮਰਥਨ ਕਰਦਾ ਪ੍ਰਤੀਤ ਹੁੰਦਾ ਹੈ। ਵਾਸਤਵ ਵਿਚ ਇਕ ਥਾਂ ਗੁਰੂ ਜੀ ਸਪੱਸ਼ਟ ਭਾਂਤ ਕਹਿੰਦੇ ਹਨ ਕਿ ਸੰਸਾਰ ਵਿਚ ਚਲਾਏ ਹੋਏ ਚਾਰੇ ਵੇਦ ਅਤੇ ਚਾਰੇ ਕਤੇਬਾਂ, ਪਰਮਾਤਮਾ ਦੇ ਹੁਕਮ ਨਾਲ ਹੇਠਾਂ ਉੱਤਰੇ ਹਨ।[104]

ਇਸ ਤੋਂ ਅੱਗੇ ਇਹ ਗੱਲ ਵੀ ਧਿਆਨ ਯੋਗ ਹੈ ਕਿ ਗੁਰੂ ਜੀ ਨੇ ਆਪਣੇ ਪਿਤਾ ਨੂੰ ਧਰਮ-ਗ੍ਰੰਥਾਂ ਦਾ ਪਾਠ 'ਵਣਜ' ਬਣਾਉਣ ਲਈ ਕਿਹਾ ਅਤੇ ਮੀਆਂ ਮਿਠਾ ਨੂੰ ਇਸ ਤਰ੍ਹਾਂ ਉਪਦੇਸ਼ ਦਿੱਤਾ :

ਕੁਰਾਣੁ ਕਤੇਬ ਦਿਲ ਮਾਹਿ ਕਮਾਹੀ॥[105]

(ਮਾਰੂ ਮਹਲਾ ੫, ਪੰਨਾ ੧੦੮੩)

ਅਜਿਹੇ ਕਥਨਾਂ ਦਾ ਇਸ ਸਿੱਧਾਂਤ ਨਾਲ, ਕਿ ਗੁਰੂ ਨਾਨਕ ਨੇ ਧਰਮ-ਗ੍ਰੰਥਾਂ ਦੇ ਸਮੁੱਚੇ ਰੂਪ ਵਿਚ ਖੰਡਨ ਦਾ ਉਪਦੇਸ਼ ਦਿੱਤਾ ਸੀ, ਸੁਮੇਲ ਬਿਠਾਉਣਾ ਕਠਿਨ ਹੈ। ਪਰ ਸਾਡਾ ਵਿਚਾਰ ਇਹ ਹੈ ਕਿ ਦਿਸਦੀਆਂ ਅਸੰਗਤੀਆਂ ਆਪਣੇ ਆਪ ਹੀ ਅਲੋਪ ਹੋ ਜਾਣਗੀਆਂ ਜੇਕਰ ਅਸੀਂ ਧਾਰਮਕ ਗ੍ਰੰਥਵਾਦ ਉੱਤੇ ਵਾਰ ਅਤੇ ਧਰਮ-ਗ੍ਰੰਥਾਂ ਉੱਤੇ ਵਾਰ ਵਿਚਲੇ ਅੰਤਰ ਨੂੰ ਅਨੁਭਵ ਕਰ ਲਈਏ। ਗੁਰੂ ਨਾਨਕ ਜੀ ਕੋਲ ਉਨ੍ਹਾਂ ਮਨੁੱਖਾਂ ਲਈ ਕੋਈ ਦਇਆ ਨਹੀਂ ਸੀ ਜਿਹੜੇ ਸੱਚੀ ਭਗਤੀ ਅਤੇ ਧਾਰਮਕ ਪਵਿੱਤਰਤਾ ਜਾਂ ਸੁਚਤਾ ਤੋਂ ਕੋਰੇ ਸਨ; ਪਰ ਫਿਰ ਵੀ ਧਰਮ ਗ੍ਰੰਥਾਂ ਦੇ ਗਿਆਨ ਦਾ ਅਭਿਮਾਨ ਕਰਦੇ ਸਨ ਅਤੇ ਇਨ੍ਹਾਂ ਪਾਠਾਂ ਨੂੰ ਹੀ ਸੁਆਬ ਸਮਝਦੇ ਸਨ। ਅਜਿਹੇ ਮਨੁੱਖਾਂ ਨੂੰ ਸਾਫ਼ ਚਿਤਾਵਨੀ ਦਿੱਤੀ ਗਈ ਹੈ ਕਿ "ਬੇਦੁ ਪਾਠ ਸੰਸਾਰ ਕੀ ਕਾਰ" ਹੈ। ਇਹ ਅਸੰਭਵ ਨਹੀਂ ਜਾਪਦਾ ਕਿ ਕਬੀਰ ਜੀ ਦਾ ਹੇਠ ਲਿਖਿਆ ਸਲੋਕ, ਜੋ ਗ੍ਰੰਥ ਸਾਹਿਬ ਵਿਚ ਦਰਜ ਹੈ, ਇਸ ਪੱਖ ਵਿਚ ਸਾਨੂੰ ਗੁਰੂ ਨਾਨਕ ਜੀ ਦੀ ਸਹੀ ਰੁਚੀ ਦਾ ਸੁਝਾਅ ਦਿੰਦਾ ਹੈ :

ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ॥
ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ॥[106]

(ਰਾਗ ਮਾਰੂ ਬਾਣੀ ਕਬੀਰ ਜੀਉ ਕੀ, ਪੰਨਾ ੧੧੦੩)

ਫੇਰ, ਇਹ ਗੱਲ ਮਹੱਤਵਪੂਰਨ ਹੈ ਕਿ ਭਾਈ ਗੁਰਦਾਸ ਗੁਰੂ ਨਾਨਕ ਜੀ ਦੇ ਆਗਮਨ ਸਮੇਂ ਸੰਸਾਰ ਵਿਚ ਵਿਆਪਤ ਅਗਿਆਨਤਾ ਅਤੇ ਵਹਿਮਾਂ ਭਰਮਾਂ ਦਾ ਕਾਰਨ, ਅੰਸ਼ਿਕ ਰੂਪ ਵਿਚ ਹੀ ਸਹੀ, ਇਸ ਤੱਥ ਨੂੰ ਠਹਿਰਾਉਂਦਾ ਹੈ ਕਿ ਲੋਕ ਵੇਦਾਂ ਨੂੰ ਭੁਲ ਗਏ ਸਨ।[107] ਸੋ ਵਿਕਾਰ ਦਾ ਕਾਰਨ ਵੇਦ ਨਹੀਂ ਸਨ ਸਗੋਂ ਇਹ ਤੱਥ ਸੀ ਕਿ ਵੇਦ ਕਰਮ ਰੁਕ ਗਿਆ ਸੀ। ਇਸ ਤੋਂ ਅੱਗੇ ਇਹੀ ਲੇਖਕ ਲਿਖਦਾ ਹੈ ਕਿ ਵੇਦ "ਗੁਰੂ ਦੀ ਹਟ" ਹਨ ਜੋ ਕਿ ਮਨੁੱਖ ਨੂੰ ਸੰਸਾਰਕ ਤ੍ਰਿਸ਼ਨਾਵਾਂ ਦਾ ਸਾਗਰ ਪਾਰ ਕਰਨ ਦੇ ਯੋਗ ਬਣਾਉਂਦਾ ਹੈ। ਇਨ੍ਹਾਂ ਦਾ ਗਿਆਨ ਸਤਿਗੁਰੂ ਬਿਨਾਂ ਪ੍ਰਾਪਤ ਨਹੀਂ ਕੀਤਾ

---

104. ਖਜ਼ਾਨ ਸਿੰਘ, *ਉਪਰੋਕਤ ਰਚਨਾ*, ਪੰਨਾ 343.
105. ਮੈਕਾਲਿਫ, *ਉਹੀ*, ਸੈਂਚੀ ਪਹਿਲੀ, ਪੰਨਾ 23, 123.
106. ਮੈਕਾਲਿਫ, *ਉਪਰੋਕਤ ਰਚਨਾ*, ਸੈਂਚੀ ਛੇਵੀਂ, ਪੰਨਾ 247.
107. ਭਾਈ ਗੁਰਦਾਸ, *ਵਾਰ ਪਹਿਲੀ*, ਪਉੜੀ 22.

ਜਾ ਸਕਦਾ।[108] ਇਸ ਦਾ ਭਾਵ ਕਬੀਰ ਜੀ ਦੇ ਹੇਠ ਲਿਖੇ ਸਲੋਕ ਵਾਲਾ ਹੀ ਹੈ :

ਜਾ ਕੇ ਨਿਗਮ ਦੂਧ ਕੇ ਠਾਟਾ॥
ਸਮੁੰਦੁ ਬਿਲੋਵਨ ਕਉ ਮਾਟਾ॥[109]

(ਸੋਰਠ ਬਾਣੀ ਕਬੀਰ ਜੀ ਕੀ, ਪੰਨਾ ੬੫੫)

ਸੋ ਜਾਪਦਾ ਇਹ ਹੈ ਕਿ ਧਰਮ-ਗ੍ਰੰਥਾਂ ਦੇ ਖੰਡਨ ਦਾ ਸਿੱਧਾਂਤ ਕਿਸੇ ਤਰ੍ਹਾਂ ਵੀ ਏਨਾ ਪ੍ਰਤੱਖ ਨਹੀਂ। ਦੂਜੇ ਪਾਸੇ ਦਿਖਾਈ ਇਹ ਦਿੰਦਾ ਹੈ ਕਿ ਗੁਰੂ ਨਾਨਕ ਜੀ ਨੇ ਕੇਵਲ ਭਗਤੀ ਅਤੇ ਸੁੱਚਤਾ ਦੀ ਤਾਰਨਹਾਰੀ ਮਿਹਰ ਤੋਂ ਸੱਖਣੇ ਧਰਮ-ਗ੍ਰੰਥਾਂ ਉੱਤੇ ਵਿਸ਼ਵਾਸ ਦੀ ਅਨਉਪਯੋਗਤਾ ਵੱਲ ਸੰਕੇਤ ਕੀਤਾ ਹੈ। ਕਬੀਰ ਦੇ ਸ਼ਬਦਾਂ ਵਿਚ ਮੁੜ ਕਿਹਾ ਹੈ :

ਬੇਦ ਕਤੇਬ ਕਹਹੁ ਮਤ ਝੂਠੇ
ਝੂਠਾ ਜੋ ਨ ਬਿਚਾਰੈ॥[110]

(ਪ੍ਰਭਾਤੀ ਕਬੀਰ ਜੀ ਕੀ, ਪੰਨਾ ੧੩੫੦)

ਅਤੇ ਇਸ ਵਿਚ ਅਸੀਂ ਇਹ ਵੀ ਸ਼ਾਮਿਲ ਕਰ ਸਕਦੇ ਹਾਂ ਕਿ ਉਹ ਲੋਕ ਵੀ ਝੂਠੇ ਹਨ ਜੋ ਧਰਮ-ਗ੍ਰੰਥਾਂ ਦੀ ਆਤਮਾ ਨੂੰ ਸਮਝੇ ਬਿਨਾਂ ਗਿਆਨ ਦਾ ਵਿਖਾਵਾ ਕਰਦੇ ਹਨ, ਜਿਹੜੇ ਗਿਆਨ ਨੂੰ ਬੋਧ ਨਾਲ ਉਲਝਾਉਂਦੇ ਹਨ ਅਤੇ ਜਿਹੜੇ ਆਪਣੇ ਦੰਭ ਅਤੇ ਹੰਕਾਰ ਵਿਚ ਫਸੇ ਹੋਏ ਭਗਤੀ ਅਤੇ ਪਵਿੱਤਰਤਾ ਨਾਲੋਂ ਅੰਧ ਧਰਮਗ੍ਰੰਥਵਾਦ ਨੂੰ ਚੰਗੇਰਾ ਸਮਝਦੇ ਹਨ। ਜਿਵੇਂ ਗੁਰੂ ਜੀ ਆਪ ਫਰਮਾਂਦੇ ਹਨ :

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥[111]

(ਆਸਾ ਦੀ ਵਾਰ, ਪੰਨਾ ੪੬੭)

ਇਥੇ ਫਿਰ, ਇਹ ਸਮਝ ਲੈਣਾ ਕਠਿਨ ਨਹੀਂ ਕਿ ਗੁਰੂ ਜੀ ਦਾ ਨਿਸ਼ਾਨਾ ਮਨੁੱਖ ਹੈ ਗ੍ਰੰਥ ਨਹੀਂ।

ਇਸ ਤੱਥ ਦੀ ਵਿਆਖਿਆ ਕਰਨੀ ਅਤਿ ਸੌਖੀ ਹੈ ਸਿੱਖ ਮਤ ਦੇ ਪਰਵਰਤੀ ਵਿਕਾਸ ਵਿਚ ਧਰਮ ਗ੍ਰੰਥਾਂ ਨੇ ਕੋਈ ਖ਼ਾਸ ਯੋਗਦਾਨ ਨਹੀਂ ਦਿੱਤਾ। ਜਦ ਤਕ ਇਹ ਬੁੱਧੀ ਜੀਵੀ ਵਰਗ ਨੂੰ ਵੱਧ ਘੱਟ ਰੂਪ ਵਿਚ ਪ੍ਰੇਰਿਤ ਕਰਦੇ ਰਹੇ, ਪ੍ਰਾਚੀਨ ਗ੍ਰੰਥ ਕੰਮ ਸਾਰਦੇ ਰਹੇ। ਕੇਵਲ ਪੁਨਰ ਵਿਆਖਿਆ ਦੀ ਸਮੇਂ ਸਮੇਂ ਲੋੜ ਪੈਂਦੀ ਰਹੀ ਅਤੇ ਸੰਸਕ੍ਰਿਤ ਮਾਧਿਅਮ

---

108. ਵਾਰ ਪਹਿਲੀ, ਪਉੜੀ 17. ਮੂਲ ਵਿਚ 'ਗੁਰੂ ਹਟ' ਹੈ। ਇਸ ਦਾ ਭਾਵ ਸ਼ਾਇਦ ਇਹ ਹੈ ਕਿ ਵੇਦ ਗੁਰੂ ਜੀ ਦੀ ਸਿੱਖਿਆ ਦਾ ਖਜ਼ਾਨਾ ਹਨ। ਇਹ ਦੇਖਣ ਵਾਲੀ ਗੱਲ ਹੈ ਕਿ ਭਾਈ ਗੁਰਦਾਸ ਪਹਿਲੀ ਵਾਰ ਦੀ ਪਉੜੀ 25 ਵਿਚ ਕੁਝ ਕੁ ਵੱਖਰੀ ਭਾਂਤ ਲਿਖਦੇ ਹਨ ਕਿਉਂਕਿ ਇਹ ਕਹਿੰਦੇ ਹਨ "ਭਾਉ ਨ ਬ੍ਰਹਮੈ ਲਿਖਿਆ ਚਾਰਿ ਬੇਦਿ ਸਿੰਮ੍ਰਿਤੀ ਪੜਿ ਪੇਖੈ।"
109. ਮੈਕਾਲਿਫ, *ਉਪਰੋਕਤ ਰਚਨਾ*, ਸੈਂਚੀ ਛੇਵੀਂ, ਪੰਨਾ 219.
110. *ਉਹੀ*, ਪੰਨਾ 277.
111. *ਆਸਾ ਦੀ ਵਾਰ*, ਸਲੋਕ 9, ਮੈਕਾਲਿਫ, *ਉਹੀ*, ਸੈਂਚੀ ਪਹਿਲੀ, ਪੰਨਾ 299.

ਦੇ ਰੂਪ ਵਿਚ ਕੰਮ ਸਾਰਦੀ ਰਹੀ। ਪਰ ਇਸਲਾਮ ਦੇ ਆਗਮਨ ਨੇ ਸਾਰੀ ਸਥਿਤੀ ਨੂੰ ਬਦਲ ਦਿੱਤਾ। ਹੁਣ ਜਨ-ਸਾਧਾਰਨ ਨੂੰ ਵਿਸ਼ਵਾਸ ਵਿਚ ਲੈਣ ਦੀ ਲੋੜ ਅਨੁਭਵ ਹੋਈ ਅਤੇ ਉਨ੍ਹਾਂ ਦੀ ਸਮਝ ਵਿਚ ਆਉਣ ਵਾਲੀ ਭਾਸ਼ਾ ਵਿਚ ਸਿੱਖਿਆ ਦੇਣ ਦੀ ਲੋੜ ਪ੍ਰਤੀਤ ਹੋਈ। ਇਹੀ ਕਾਰਨ ਸੀ ਕਿ ਮਧਕਾਲੀ ਭਗਤੀ ਲਹਿਰ ਦੇ ਪ੍ਰਚਾਰਕਾਂ ਨੇ ਦੇਸ਼ ਭਾਸ਼ਾਵਾਂ ਨੂੰ ਸਿੱਖਿਆ ਅਤੇ ਪ੍ਰਚਾਰ ਦੇ ਮਾਧਿਅਮ ਵਜੋਂ ਵਰਤਿਆ। ਇਹ ਗੱਲ ਬੜੀ ਦਿਲਚਸਪ ਹੈ ਕਿ ਸਾਡੇ ਦੇਸ਼ ਦੀ ਸਮਕਾਲੀਨ ਰਾਜਨੀਤਕ ਲਹਿਰ ਵਿਚ ਸਾਨੂੰ ਸਿੱਖਿਆ ਦੀ ਇਕ ਸਮਾਨਾਂਤਰ ਗੱਲ ਮਿਲਦੀ ਹੈ। ਇਥੇ ਵੀ, ਜਿਥੋਂ ਤਕ ਬੁੱਧੀਜੀਵੀ ਵਰਗ ਦਾ ਸਬੰਧ ਰਿਹਾ, ਅੰਗ੍ਰੇਜ਼ੀ ਭਾਸ਼ਾ ਰਾਜਨੀਤਕ ਅੰਦੋਲਨ ਦਾ ਮੰਤਵ ਸਹਿਜੇ ਹੀ ਪੂਰਦੀ ਰਹੀ ਪਰ ਜਿਉਂ ਹੀ ਅੰਦੋਲਨ ਹੇਠਲੇ ਵਰਗਾਂ ਵੱਲ ਨੂੰ ਪਸਰਿਆ ਅਤੇ ਜਨ-ਸਾਧਾਰਨ ਤਕ ਪੁੱਜਾ ਤਾਂ ਅੰਗ੍ਰੇਜ਼ੀ ਤੋਂ ਸਿਵਾ ਕਿਸੇ ਹੋਰ ਸਰਬ ਸਾਂਝੀ ਭਾਸ਼ਾ ਦਾ ਪ੍ਰਸ਼ਨ ਉਘੜ ਕੇ ਸਾਹਮਣੇ ਆ ਗਿਆ। ਸੋ ਪਰਿਸਥਿਤੀਆਂ ਨੇ ਦੇਸੀ ਭਾਸ਼ਾ ਨੂੰ ਅੱਗੇ ਲੈ ਆਂਦਾ ਅਤੇ ਗੁਰੂ ਨਾਨਕ ਜੀ ਦੁਆਰਾ ਇਸ ਦੀ ਵਰਤੋਂ ਉਨ੍ਹਾਂ ਦੀ ਪ੍ਰਾਚੀਨ ਸੰਸਕ੍ਰਿਤ ਗ੍ਰੰਥਾਂ ਪ੍ਰਤਿ ਰੁਚੀ ਸਬੰਧੀ ਆਪਣੇ ਆਪ ਕੋਈ ਗੱਲ ਸਿੱਧ ਨਹੀਂ ਕਰਦੀ।

ਸੋ ਸਾਨੂੰ ਉਪਰੋਕਤ ਲੇਖਕਾਂ ਦੇ ਦੱਸੇ ਮਾਰਗ ਤੇ ਚਲਣਾ ਅਤਿ ਕਠਿਨ ਪ੍ਰਤੀਤ ਹੁੰਦਾ ਹੈ। ਇਹ ਜਾਪਦਾ ਹੈ ਕਿ ਇਸ ਚਰਚਾ ਸਬੰਧੀ ਕੋਈ ਸੰਤੋਸ਼ਜਨਕ ਪ੍ਰਮਾਣ ਨਹੀਂ ਹੈ ਕਿ ਗੁਰੂ ਨਾਨਕ ਜੀ ਨੇ ਲਗਭਗ ਹਰੇਕ ਗੱਲ ਦਾ ਖੰਡਨ ਕੀਤਾ ਜਿਹੜੀ ਉਸ ਸਮੇਂ ਵਰਤ ਰਹੀ ਸੀ ਅਤੇ ਉਨ੍ਹਾਂ ਦਾ ਮੰਤਵ ਪੁਰਾਤਨਤਾ ਦੇ ਖੰਡਰਾਂ ਤੇ ਨਿਰੋਲ ਨਵੀਨ ਉਸਾਰੀ ਕਰਨਾ ਸੀ। ਇਸ ਦੇ ਵਿਪਰੀਤ ਪ੍ਰਾਪਤ ਸਾਮੱਗਰੀ ਸਾਨੂੰ ਇਸ ਵਿਚਾਰ ਤੇ ਲੈ ਜਾਂਦੀ ਹੈ ਕਿ ਉਨ੍ਹਾਂ ਨੇ ਲਗਭਗ ਹਰੇਕ ਗੱਲ ਜਿਉਂ ਦੀ ਤਿਉਂ ਹੀ ਰਹਿਣ ਦਿੱਤੀ ਅਤੇ ਉਨ੍ਹਾਂ ਦਾ ਮੁੱਖ ਮੰਤਵ ਆਪਣੇ ਸਮਕਾਲੀਆਂ ਨੂੰ ਨਵੀਨ ਦ੍ਰਿਸ਼ਟੀਕੋਣ ਤੇ ਨਿਰਲੇਪ ਭਾਵਨਾ ਪ੍ਰਦਾਨ ਕਰਨਾ ਸੀ, ਜੋ ਕਿ ਧਾਰਮਕ ਮਾਮਲਿਆਂ ਵਿਚ ਵਸਤਾਂ ਦੀ ਸਾਪੇਖ ਕੀਮਤ ਤਥਾ ਮੂਲਕ ਅਤੇ ਗੌਣ ਵਿਚਲੇ ਅੰਤਰ ਨੂੰ ਸਮਝਣ ਦੇ ਯੋਗ ਬਣਾਉਂਦੀ ਹੈ। ਵਾਸਤਵ ਵਿਚ ਇਹ ਗੱਲ ਕਾਫ਼ੀ ਹੱਦ ਤਕ ਸਪੱਸ਼ਟ ਕਰ ਦਿੱਤੀ ਗਈ ਹੈ ਕਿ ਗੁਰੂ ਨਾਨਕ ਜੀ ਦੀ ਬਾਣੀ ਦਾ ਸੰਦੇਸ਼ ਕਦੇ ਵੀ ਸਹੀ ਰੂਪ ਵਿਚ ਨਹੀਂ ਸਮਝਿਆ ਜਾ ਸਕਦਾ ਜਦ ਤਕ ਕਿ ਇਸ ਦਾ ਨਵੀਨ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਣ ਨਾ ਕੀਤਾ ਜਾਵੇ ਜਿਸ ਦੀਆਂ ਅਸੰਗਤੀਆਂ ਉਸ ਸਮੇਂ ਆਪਣੇ ਆਪ ਅਲੋਪ ਹੋ ਜਾਣਗੀਆਂ ਅਤੇ ਅਸੀਂ ਗੁਰੂ ਜੀ ਦੇ ਕਥਨਾਂ ਦੇ ਸਹੀ ਮਹੱਤਵ ਦਾ ਮੁਲੰਕਣ ਕਰਨਾ ਆਰੰਭ ਦੇਵਾਂਗੇ। ਨਹੀਂ ਤਾਂ ਦ੍ਰਿਸ਼ਟਾਂਤ ਵਜੋਂ, ਹੇਠ ਲਿਖੇ ਸ਼ਬਦ ਦੀ ਵਿਆਖਿਆ ਅਸੀਂ ਕਿਸ ਤਰ੍ਹਾਂ ਕਰ ਸਕਦੇ ਹਾਂ :

ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ॥
ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ॥
ਤਉ ਕਾਰਣਿ ਸਾਹਿਬਾ ਰੰਗ ਰਤੇ॥
ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ॥ ਰਹਾਉ॥
ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ॥

ਪੀਰ ਪੇਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ॥
ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ॥
ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ॥
ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ॥[112]

(ਆਸਾ ਘਰ ੪ ਮਹਲਾ ੧, ਪੰਨਾ ੩੫੮)

ਸਾਨੂੰ ਇਥੇ ਪੂਰੇ ਦਾ ਪੂਰਾ ਸ਼ਬਦ ਦੇਣ ਦਾ ਕੋਈ ਪਛਤਾਵਾ ਨਹੀਂ ਕਿਉਂਕਿ ਸਾਨੂੰ ਲਗਦਾ ਹੈ ਕਿ ਇਹ ਸ਼ਬਦ ਕਾਫ਼ੀ ਹੱਦ ਤੱਕ ਨਿਰਣੇਜਨਕ ਹੈ ਅਤੇ ਅਮਲੀ ਤੌਰ ਤੇ ਪ੍ਰਸ਼ਨ ਦਾ ਨਿਪਟਾਰਾ ਕਰ ਦਿੰਦਾ ਹੈ। ਇਹ ਵੇਖਿਆ ਜਾਵੇਗਾ ਕਿ ਗੁਰੂ ਜੀ ਇੱਥੇ ਪੂਰਨਭਾਂਤ ਸਪੱਸ਼ਟ ਕਰ ਦਿੰਦੇ ਹਨ ਕਿ ਆਪਣੇ ਆਪਣੇ ਰਾਹ ਤੇ ਚਲਣ ਵਾਲੇ ਜੋਗੀ ਜਤੀ, ਮੁਕਤੀ ਪ੍ਰਾਪਤੀ ਲਈ ਬਣੇ ਉਦਾਸੀ ਪੀਰ, ਪੈਗੰਬਰ, ਧਾਰਮਕ ਅਤੇ ਸੱਚੇ ਮਨੁੱਖ ਅਤੇ ਕਈ ਪ੍ਰਕਾਰ ਦੀ ਤਪੱਸਿਆ ਕਰਨ ਵਾਲੇ ਮਨੁੱਖ ਰੱਬ ਦੇ ਦਰ ਦੇ ਦਰਵੇਸ਼ ਬਣ ਸਕਦੇ ਹਨ ਜੇਕਰ ਉਹ ਨਾਮ ਦੇ ਰੰਗ ਵਿਚ ਰਤੇ ਹੋਏ ਹੋਣ। ਭਗਵੇਂ ਵਸਤਰ, ਲੰਗੋਟੇ, ਜਨੇਊ, ਜਟਾਂ ਧਾਰਨ ਕਰਨਾ, ਸੰਸਾਰਕ ਜੀਵਨ ਦਾ ਤਿਆਗ, ਕਾਸੇ ਅਤੇ ਚਿਪੀਆਂ ਫੜੀ ਫਿਰਨਾ ਆਦਿ ਕਿਸੇ ਤਰ੍ਹਾਂ ਵੀ ਸੱਚੀ ਭਗਤੀ ਅਤੇ ਸੁੱਚਤਾ ਦੇ ਪ੍ਰਤਿਕੂਲ ਨਹੀਂ ਹਨ। ਸੰਖੇਪ ਵਿਚ ਗੁਰੂ ਜੀ ਕਹਿੰਦੇ ਹਨ ਕਿ ਮਹੱਤਵਪੂਰਨ ਗੱਲ ਤਾਂ ਸੱਚੀ ਭਗਤੀ ਹੈ। ਇਸ ਤੋਂ ਬਿਨਾਂ ਸਭ ਕੁਝ ਨਿਹਫਲ ਹੈ ਅਤੇ ਬਹੁਤ ਵਾਰੀ ਇਹ ਆਤਮਿਕ ਵਿਕਾਸ ਦੇ ਰਾਹ ਦਾ ਰੋੜਾ ਬਣ ਜਾਂਦੇ ਹਨ। ਪਰ ਜਿਥੇ ਭਗਤੀ ਸੱਚੀ ਅਤੇ ਇਕਾਗਰ ਹੋਵੇ, ਹਰੇਕ ਵਸਤ ਰੰਗ ਬਦਲ ਲੈਂਦੀ ਹੈ ਅਤੇ ਰੁਕਾਵਟਾਂ ਵੀ ਉਪਯੋਗੀ ਸਹਾਇਕ ਹੋ ਨਿਬੜਦੀਆਂ ਹਨ। ਗੁਰੂ ਨਾਨਕ ਜੀ ਨੇ 'ਸਤਿ' ਦੀ ਪ੍ਰਾਪਤੀ ਕਰ ਲਈ ਸੀ ਪਰ ਇਹ ਅਜੇਹਾ 'ਸਤਿ' ਨਹੀਂ ਸੀ ਜਿਹੜਾ ਕਿ ਆਪਣੇ ਆਲੇ-ਦੁਆਲੇ ਤੋਂ ਪੂਰਨ ਭਾਂਤ ਵਿਮੁਕਤ ਹੋ ਕੇ ਨਿਰੋਲ ਆਪਣਾ ਰਾਹ ਨਿਰਧਾਰਿਤ ਕਰਦਾ ਹੋਵੇ। ਅਸਲ ਵਿਚ ਇਹ ਉਹ 'ਸਤਿ' ਸੀ ਜਿਹੜਾ ਆਪਣੀ ਜਾਦੂ ਛੋਹ ਨਾਲ ਹਰੇਕ ਵਸਤ ਨੂੰ ਪੁਨਰ ਸੁਰਜੀਤ ਕਰਦਾ ਸੀ ਅਤੇ ਇਸ ਨੂੰ ਇਕ ਵਿਸ਼ਾਲ ਸੰਸ਼ਲੇਸ਼ਣਾਤਮਕ ਵਹਿਣ ਦੇ ਕਲਾਵੇ ਵਿਚ ਬੰਨ੍ਹਦਾ ਸੀ।

ਸਿੱਖ ਮਤ ਦਾ ਆਰੰਭ ਨਿਰਸੰਦੇਹ, ਰੋਸ ਵਜੋਂ ਹੋਇਆ ਸੀ। ਪਰ ਇਹ ਰੋਸ ਰੂੜੀਵਾਦ ਵਿਰੁੱਧ ਸੀ ਨਾ ਕਿ ਹਿੰਦੂ ਮਤ ਵਿਰੁੱਧ। ਗੁਰੂ ਨਾਨਕ ਜੀ ਵਿਚ ਪ੍ਰਤਿਕ੍ਰਿਆ ਸ਼ਾਇਦ ਆਪਣੀ ਸੀਮਾ ਨੂੰ ਛੋਹ ਗਈ ਸੀ ਅਤੇ ਇਸ ਤਰ੍ਹਾਂ ਉਨ੍ਹਾਂ ਦੇ ਕਈ ਕਥਨਾਂ ਨੂੰ ਕਾਟਵੀਂ ਧੁਨੀ ਦੇ ਗਈ ਜਿਹੜੀ ਕਿ ਓਪਰੀ ਨਜ਼ਰੇ ਇਹ ਪ੍ਰਭਾਵ ਪਾਉਂਦੀ ਹੈ ਕਿ ਉਨ੍ਹਾਂ ਦਾ ਆਦਰਸ਼ ਵਿਨਾਸ਼ਕਾਰੀ ਅਤੇ ਕ੍ਰਾਂਤੀਕਾਰੀ ਸੀ। ਪਰ ਇਸ ਗੱਲ ਦਾ ਕੋਈ ਸੰਤੋਸ਼ਜਨਕ ਪ੍ਰਮਾਣ ਨਹੀਂ ਕਿ ਉਨ੍ਹਾਂ ਦੀ ਇੱਛਾ ਸਮਾਜਕ ਪ੍ਰਬੰਧ ਨੂੰ ਉਲਟਾਉਣ ਦੀ ਸੀ। ਇਸ ਦੇ ਨਾਲ ਇਹ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਉਹ ਆਧੁਨਿਕ ਭਾਂਤ ਦੇ ਸੁਧਾਰਕ ਨਹੀਂ ਸਨ ਜਿਹੜੇ ਕਿ ਇਕ ਪਿੱਛੋਂ ਦੂਜੀ ਕੁਰੀਤੀ ਲੈਂਦਿਆਂ ਹੋਇਆਂ ਥੋੜ੍ਹਾ ਥੋੜ੍ਹਾ ਕਰ ਕੇ ਸਥਿਤੀ ਦਾ ਸੁਧਾਰ ਕਰਨਾ ਚਾਹੁੰਦੇ ਹਨ। ਉਨ੍ਹਾਂ ਨੇ ਇਹ ਅਨੁਭਵ ਕਰ ਲਿਆ ਕਿ ਅਗਿਆਨਤਾ ਅਤੇ ਲੜਾਈ ਝਗੜਾ, ਜਿਸ ਵਿਚ ਉਨ੍ਹਾਂ ਦੇ ਸਮਕਾਲੀ ਗ੍ਰਸੇ ਹੋਏ

112. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 93, 94.

ਸਨ, ਇਸ ਕਾਰਨ ਕਰਕੇ ਸੀ ਕਿ ਰੂਪ ਨੇ ਆਤਮਾ ਦੀ ਥਾਂ ਮੱਲ ਲਈ ਸੀ। ਇਹੀ ਰੋਗ ਸੀ ਜਿਸ ਦਾ ਨਿਵਾਰਨ ਉਹ ਕਰਨਾ ਚਾਹੁੰਦੇ ਸਨ। ਉਹ ਸਿੱਧੇ ਰੋਗ ਦੀ ਤਹਿ ਤਕ ਗਏ ਅਤੇ ਰੋਗ-ਚਿੰਨ੍ਹਾਂ ਨੂੰ ਉਨ੍ਹਾਂ ਦੇ ਆਪਣੇ ਸਹਾਰੇ ਛੱਡ ਦਿੱਤਾ ਗਿਆ। ਉਹ ਜਾਣਦੇ ਸਨ ਕਿ ਜੇ ਲੋਕਾਂ ਨੂੰ ਵਸਤਾਂ ਦੇ ਸਹੀ ਰੂਪ ਵੇਖਣ ਲਈ ਪ੍ਰੇਰਿਆ ਜਾ ਸਕੇ ਤਾਂ ਉਹ ਸਭ ਕੁਝ ਜੋ ਬੇਅਰਥ ਅਤੇ ਅਸਵੱਸਥ ਹੈ ਆਪਣੇ ਆਪ ਅਲੋਪ ਹੋ ਜਾਵੇਗਾ ਅਤੇ ਬੇਅਰਥ ਝਗੜੇ ਜੋ ਕਿ ਸਮਾਜ ਵਿਚ ਕਲੇਸ਼ ਪੈਦਾ ਕਰਦੇ ਹਨ ਆਪਣੀ ਬਹੁਤ ਸਾਰੀ ਜ਼ਹਿਰ ਅਤੇ ਕੁੜੱਤਣ ਤਜ ਦੇਣਗੇ ਜੇਕਰ ਉਨ੍ਹਾਂ ਨੂੰ ਇਹ ਵਿਸ਼ਵਾਸ ਕਰਵਾ ਦਿੱਤਾ ਜਾਵੇ ਕਿ ਜਿਸ ਗੱਲ ਲਈ ਉਹ ਲੜ ਝਗੜ ਰਹੇ ਹਨ ਉਸ ਦਾ ਅੰਤਮ ਰੂਪ ਕੋਈ ਮਹੱਤਵ ਵਾਲਾ ਨਹੀਂ ਹੈ। ਇਹ ਪ੍ਰਵਾਨਿਤ ਤੱਥ ਹੈ ਕਿ ਮੱਧਕਾਲੀਨ ਭਗਤੀ ਲਹਿਰ ਵਿਚ ਪ੍ਰੇਮ ਦੀ ਅਤਿ ਉਤਮ ਭਾਵਨਾ ਹਰੇਕ ਵਸਤ ਉੱਤੇ ਛਾਈ ਹੋਈ ਸੀ, ਪਰ ਮੰਦੇ ਭਾਗੀਂ ਇਸ ਦੇ ਭਾਵਾਰਥਾਂ ਨੂੰ ਬਹੁਤ ਵਾਰ ਗ਼ਲਤ ਸਮਝਿਆ ਗਿਆ ਹੈ। ਇਹ ਗੱਲ ਸਹਿਜੇ ਹੀ ਪ੍ਰਵਾਨ ਕਰ ਲਈ ਗਈ ਹੈ ਕਿ ਪ੍ਰੇਮ ਦਾ ਸੁਭਾਵ ਸਮਾਨਤਾ ਵਾਂਗ ਹੈ ਇਸ ਲਈ ਲਹਿਰ ਦਾ ਪ੍ਰਮੁੱਖ ਵਾਰ ਜਾਤੀ ਵਿਵਸਥਾ ਤੇ ਕੀਤਾ ਗਿਆ ਹੈ। ਪਰ ਜਿਵੇਂ ਕਿ ਅਸੀਂ ਦੇਖਿਆ ਹੈ, ਜਿਥੋਂ ਤਕ ਗੁਰੂ ਨਾਨਕ ਜੀ ਦਾ ਸਬੰਧ ਹੈ, ਤੱਥਾਂ ਵਿਚੋਂ ਕੋਈ ਹੋਰ ਗੱਲ ਹੀ ਨਿਕਲਦੀ ਹੈ। ਉਹ ਇਹ ਗੱਲ ਵੇਖ ਸਕਦੇ ਸਨ ਕਿ ਚਿਰਕਾਲ ਤੋਂ ਸਨਮਾਨਿਤ ਸੰਸਥਾਵਾਂ ਅਤੇ ਰਸਮਾਂ ਦੇ ਬੇਲੋੜਾ ਵਾਰ ਵਿਆਪਤ ਕੁੜੱਤਣ ਅਤੇ ਲੜਾਈ ਝਗੜੇ ਵਿਚ ਵਾਧਾ ਹੀ ਕਰੇਗਾ ਅਤੇ ਇਸ ਤਰ੍ਹਾਂ ਸਮਾਨਤਾ ਅਤੇ ਭਰੱਪਣ ਦੀ ਭਾਵਨਾ ਦੇ ਪ੍ਰਸਾਰ ਦੇ ਉੱਦੇਸ਼ ਨੂੰ ਅਸਫ਼ਲ ਬਣਾਵੇਗਾ। ਸਾਨੂੰ ਭੁਲਣਾ ਨਹੀਂ ਚਾਹੀਦਾ ਕਿ ਪ੍ਰੇਮ ਦਾ ਭਾਵ ਸਹਿਨਸ਼ੀਲਤਾ ਵੀ ਹੈ ਅਤੇ ਇਹ ਵਿਨਾਸ਼ ਤੋਂ ਬਿਨਾਂ ਹੀ ਸੰਸ਼ਲੇਸ਼ਣ ਕਰ ਸਕਦਾ ਹੈ। ਪ੍ਰੇਮ ਦਾ ਸੰਦੇਸ਼ ਇਕਸੁਰਤਾ ਦਾ ਸੰਦੇਸ਼ ਹੋਣਾ ਆਵੱਸ਼ਕ ਨਹੀਂ; ਇਹ 'ਅਨੇਕਤਾ ਵਿਚ ਏਕਤਾ' ਦਾ ਸੰਦੇਸ਼ ਵੀ ਹੋ ਸਕਦਾ ਹੈ। ਗੁਰੂ ਨਾਨਕ ਜੀ ਦੇ ਸੰਦੇਸ਼ ਨੂੰ ਅਸੀਂ ਇਸੇ ਰੂਪ ਵਿਚ ਸਮਝਿਆ ਹੈ। ਉਹ ਮਾਰਨ ਲਈ ਨਹੀਂ, ਰਾਜੀ ਕਰਨ ਲਈ, ਨਸ਼ਟ ਕਰਨ ਲਈ ਨਹੀਂ ਸੁਰੱਖਿਅਤ ਕਰਨ ਲਈ ਨਿਕਲੇ ਸਨ।[113] ਐਪਰ ਅਜੇਹੀ ਆਸ ਰੱਖਣਾ ਗ਼ਲਤ ਹੈ ਕਿ ਉਨ੍ਹਾਂ ਦੇ ਨਿਦਾਨ ਜਾਂ ਉਨ੍ਹਾਂ ਦੇ ਦਾਰੂ ਨੂੰ ਸਭ ਨੇ ਪ੍ਰਵਾਨ ਕਰ ਲਿਆ ਅਤੇ ਗੁਰੂ ਨਾਨਕ ਜੀ ਦੇ ਸ਼ਿਸ਼ਾਂ ਦਾ ਨਵਾਂ ਮਤ ਸਹਿਜੇ ਹੀ ਹੋਂਦ ਵਿਚ ਆ ਗਿਆ। ਇਹ ਨਵਾਂ ਮਤ ਕਿਸ ਤਰ੍ਹਾਂ ਹੋਂਦ ਵਿਚ ਆਇਆ, ਅਜਿਹਾ ਪ੍ਰਸ਼ਨ ਹੈ ਜਿਸ ਦਾ ਹੱਲ ਅਸੀਂ ਅਗਲੇ ਪੰਨਿਆਂ ਵਿਚ ਲੱਭਣ ਦਾ ਇਰਾਦਾ ਰਖਦੇ ਹਾਂ।

---

113. ਇਹ ਅਜਿਹਾ ਵਿਸ਼ਾ ਹੈ ਜਿਸ ਨੂੰ ਇਕ ਇਕੱਲੇ ਅਧਿਆਇ ਵਿਚ ਨਿਭਾਉਣਾ ਕਠਿਨ ਹੈ। ਇਸ ਦੇ ਕੁਝ ਹੋਰ ਪੱਖ ਵੀ ਹਨ ਜਿਨ੍ਹਾਂ ਨੂੰ ਅਸੀਂ ਥਾਂ ਦੀ ਲੋੜ ਕਾਰਨ ਵਿਚਾਰ ਅਧੀਨ ਨਹੀਂ ਲਿਆਂਦਾ। ਉਦਾਹਰਣ ਵਜੋਂ, ਕਾਰਪੈਂਟਰ ਦੇ ਹੇਠਲੇ ਕਥਨ ਤੋਂ ਪੈਦਾ ਹੋਏ ਅਤਿ ਰੌਚਕ ਪ੍ਰਸ਼ਨ ਦਾ ਵਰਣਨ ਕਰ ਸਕਦੇ ਹਾਂ : "ਗੁਰੂ ਨਾਨਕ ਦੀ ਲਹਿਰ ਦੇ, ਜਿਸ ਦਾ ਸਿਖਰ ਧਾਰਮਕ ਭਾਈਚਾਰੇ ਦੇ ਰੂਪ ਵਿਚ ਹੋਇਆ, ਪਾਲਣ ਪੋਸ਼ਣ ਦੇ ਦੋ ਸੋਮੇ ਸਨ ਅਤੇ ਇਸ ਨੇ ਹਿੰਦੂ ਧਰਮ ਅਤੇ ਇਸਲਾਮ ਦੇ ਉੱਤਮ ਤੱਤਾਂ ਨੂੰ ਇਕੋ ਜਿਹਾ ਇਕੱਠਾ ਕਰ ਕੇ ਇਕ ਨਵਾਂ ਧਰਮ ਸਥਾਪਿਤ ਕਰਨ ਦਾ ਯਤਨ ਕੀਤਾ" (ਉਪਰੋਕਤ ਰਚਨਾ, ਪੰਨਾ 489)। ਪਰ ਜਿਸ ਤਰ੍ਹਾਂ ਗੁਰੂ ਨਾਨਕ ਜੀ ਦੇ ਸੰਦੇਸ਼ ਦੀ ਵਿਆਖਿਆ ਅਸੀਂ ਕੀਤੀ ਹੈ, ਇਹ ਦੱਸਦੀ ਹੈ ਕਿ ਅਸੀਂ ਇਸ ਨਾਲ ਉੱਕਾ ਹੀ ਸਹਿਮਤ ਨਹੀਂ। ਐਪਰ, ਹਾਲ ਦੀ ਘੜੀ, ਅਸੀਂ ਇਸ ਦੀ ਚਰਚਾ ਇਥੇ ਹੀ ਛੱਡ ਦਿੰਦੇ ਹਾਂ ਕਿਉਂਕਿ ਅਸੀਂ ਸਮੁੱਚੇ ਪ੍ਰਸ਼ਨ ਨੂੰ ਇਕ ਵੱਖਰੇ ਨਿਬੰਧ ਵਿਚ ਵਿਚਾਰਨ ਦਾ ਵਿਚਾਰ ਰਖਦੇ ਹਾਂ।

ਅਧਿਆਇ ਚੌਥਾ

ਸਿੱਖ ਪੰਥ ਦੀ ਸਥਾਪਨਾ

ਗੁਰੂ ਅੰਗਦ ਜੀ ਦਾ ਗੁਰਗੱਦੀ ਲਈ ਨਿਯੁਕਤ ਕੀਤਾ ਜਾਣਾ, ਸਿੱਖ ਇਤਿਹਾਸ ਵਿਚ ਇਕ ਅਤਿਅੰਤ ਮਹੱਤਵਪੂਰਨ ਤੱਥ ਹੈ। ਜਦੋਂ ਗੁਰੂ ਨਾਨਕ ਜੀ ਨੇ 'ਗੁਰੂ' ਦੀ ਅਨਿਵਾਰਿਤਾ ਤੇ ਬਲ ਦਿੱਤਾ ਸੀ ਤਾਂ ਉਹ ਕਿਸੇ ਨਵੇਂ ਰਾਹ ਤੇ ਨਹੀਂ ਚਲ ਰਹੇ ਸਨ, ਕਿਉਂਕਿ ਇਸ ਦਾ ਮਹੱਤਵ ਮੱਧਕਾਲੀ ਸਕੂਲ ਦੇ ਲਗਭਗ ਸਾਰੇ ਪ੍ਰਚਾਰਕ ਪ੍ਰਵਾਨ ਕਰ ਚੁੱਕੇ ਸਨ। ਪਰੰਤੂ ਸਹੀ ਅਰਥਾਂ ਵਿਚ ਇਹ ਬਲਵਾਨ ਘੜੀ ਉਦੋਂ ਆਈ, ਜਦ ਉਨ੍ਹਾਂ ਨੇ ਆਪਣਾ ਉੱਤਰਾਧਿਕਾਰੀ ਥਾਪਣਾ ਸੀ। ਜਿਵੇਂ ਕਿ ਟਰੰਪ ਕਹਿੰਦਾ ਹੈ, "ਗੁਰੂ ਨਾਨਕ ਦੇ ਸ਼ਿਸ਼ ਅਤੇ ਗੁਰੂ ਤੋਂ ਪੂਰਬਲੇ ਹੋਰ ਗੁਰੂਆਂ ਦੇ ਚੇਲੇ ਨਿਰਸੰਦੇਹ ਛੇਤੀ ਹੀ ਖਿਲਰ-ਪੁਲਰ ਗਏ ਹੁੰਦੇ ਅਤੇ ਹੌਲੇ ਹੌਲੇ ਅਲੋਪ ਹੋ ਗਏ ਹੁੰਦੇ, ਜੇਕਰ ਉਨ੍ਹਾਂ ਨੇ ਆਪਣੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਆਪਣਾ ਉੱਤਰਾਧਿਕਾਰੀ ਸਥਾਪਿਤ ਕਰਨ ਵੱਲ ਧਿਆਨ ਨਾ ਦਿੱਤਾ ਹੁੰਦਾ।"[1] ਗੁਰੂ ਨਾਨਕ ਦੇਵ ਜੀ ਦਾ ਉੱਦੇਸ਼ ਕੁਝ ਵੀ ਹੋ ਸਕਦਾ ਸੀ, ਭਾਵੇਂ ਉਹ ਆਪਣਾ ਵੱਖਰਾ ਮਾਰਗ ਸਥਾਪਿਤ ਕਰਨ ਦਾ ਇਰਾਦਾ ਰਖਦੇ ਸਨ ਜਾਂ ਜਿਵੇਂ ਕਿ ਨਾਰੰਗ ਕਹਿੰਦਾ ਹੈ, "ਇਹ ਕੇਵਲ ਹਿੰਦੂਆਂ ਦੀ ਸਮਾਜਕ ਤੇ ਧਾਰਮਕ ਵਿਚਾਰਧਾਰਾ ਦਾ ਤਿਆਗ ਕਰਨਾ ਅਤੇ ਉਨ੍ਹਾਂ ਦੇ ਸਦਾਚਾਰਕ ਤੇ ਆਤਮਿਕ ਜੀਵਨ ਦਾ ਸਮੁੱਚੇ ਰੂਪ ਵਿਚ ਸੁਧਾਰ ਕਰਨਾ ਸੀ।"[2] ਅਤੇ ਇਹ ਸਪੱਸ਼ਟ ਹੈ ਕਿ ਅਜਿਹੀ ਹਾਲਤ ਵਿਚ ਕਿਸੇ ਨਾ ਕਿਸੇ ਪ੍ਰਕਾਰ ਦੀ ਵਿਭਿੰਨਤਾ ਅਟੱਲ ਸੀ। ਇਹ ਸਹਿਜੇ ਹੀ ਵਿਸ਼ਵਾਸ ਕੀਤਾ ਜਾ ਸਕਦਾ ਹੈ ਕਿ ਗੁਰੂ ਨਾਨਕ ਦੇਵ ਦੇ ਪ੍ਰਚਾਰ ਨੇ ਉਨ੍ਹਾਂ ਦੇ ਬਹੁਤ ਸਾਰੇ ਸਮਕਾਲੀਆਂ ਨੂੰ ਮੁੱਢਲੀ ਭਾਂਤ ਦੀ ਜਾਗ੍ਰਿਤੀ ਪ੍ਰਦਾਨ ਕੀਤੀ ਸੀ, ਪਰ ਨਾਲ ਹੀ ਇਸ ਗੱਲ ਨੂੰ ਵੀ ਭੁਲਣਾ ਨਹੀਂ ਚਾਹੀਦਾ ਹੈ ਕਿ ਅਜੇਹੇ ਲੋਕਾਂ ਦੀ ਗਿਣਤੀ ਜਿਹੜੇ ਗੁਰੂ ਨਾਨਕ ਦੇਵ ਦੇ ਅਸਰਾਂ ਹੇਠ ਪ੍ਰਤੱਖ ਜਾਂ ਪਰੋਖ ਭਾਂਤ ਆ ਚੁੱਕੇ ਸਨ ਅਤੇ ਉਨ੍ਹਾਂ ਦੇ ਉਪਦੇਸ਼ਾਂ ਨੂੰ ਗ੍ਰਹਿਣ ਕਰ ਚੁੱਕੇ ਸਨ, ਉਨ੍ਹਾਂ ਦੇ ਅਸਰ ਤੋਂ ਮੁਕਤ ਲੋਕਾਂ ਦੀ ਗਿਣਤੀ ਦੀ ਤੁਲਨਾ ਵਿਚ ਅਵੱਸ਼ ਹੀ ਮਹੱਤਵਪੂਰਨ ਹੋਵੇਗੀ। ਤੇ ਜੇਕਰ ਗੁਰੂ ਨਾਨਕ ਦੇਵ ਦੇ ਸੰਦੇਸ਼ ਦੀ ਸਾਰਥਕਤਾ ਨੂੰ ਸਿੱਧ ਕਰਨਾ ਸੀ ਤਾਂ ਇਹ ਜ਼ਰੂਰੀ ਸੀ ਕਿ ਉਨ੍ਹਾਂ ਦੇ ਸ਼ਿਸ਼ ਸੰਗਠਿਤ ਹੋਣ ਅਤੇ ਉਨ੍ਹਾਂ ਅਸੂਲਾਂ ਲਈ ਲੜਨ ਜਿਹੜੇ ਕਿ ਉਨ੍ਹਾਂ ਦੇ ਗੁਰੂ ਨੇ ਪ੍ਰਚਾਰੇ ਸਨ। ਇਸ ਦ੍ਰਿਸ਼ਟੀ ਤੋਂ ਵਿਚਾਰਿਆਂ ਗੁਰੂ ਅੰਗਦ ਦੇਵ ਦੀ ਗੁਰਗੱਦੀ ਤੇ ਸਥਾਪਨਾ ਸਭ ਤੋਂ ਵੱਧ ਮਹੱਤਾ ਵਾਲੀ ਗੱਲ ਸੀ, ਕਿਉਂਕਿ ਇਸ ਨੇ ਲਹਿਰ ਨੂੰ

1. ਟਰੰਪ, ਉਪਰੋਕਤ ਰਚਨਾ, Lxxvii.
2. ਨਾਰੰਗ, ਉਪਰੋਕਤ ਰਚਨਾ, ਪੰਨਾ 15.

ਇਕ ਨਿਸ਼ਚਿਤ ਅਤੇ ਵਿਵਾਦ-ਮੁਕਤ ਅਗਵਾਈ ਅਤੇ ਨਿਯੰਤ੍ਰਣ ਦੇ ਅਧੀਨ ਕਰ ਦਿੱਤਾ ਅਤੇ ਆਰੰਭ ਤੋਂ ਹੀ ਇਸ ਨੂੰ ਇਕ ਸਪੱਸ਼ਟ ਮੋੜ ਦੇ ਦਿੱਤਾ।

ਜਿਵੇਂ ਕਿ ਅਸੀਂ ਪਹਿਲਾਂ ਹੀ ਪ੍ਰਗਟ ਕਰਨ ਦਾ ਯਤਨ ਕੀਤਾ ਹੈ, ਗੁਰੂ ਨਾਨਕ ਦੇਵ ਨੇ ਵੇਰਵੇ ਨੂੰ ਅਮਲੀ ਤੌਰ ਤੇ ਉਸ ਦੇ ਆਪਣੇ ਸਹਾਰੇ ਛੱਡ ਦਿੱਤਾ ਹੋਇਆ ਸੀ ਅਤੇ ਆਪਣੇ ਆਪ ਨੂੰ ਵੱਧ-ਘੱਟ ਬੁਨਿਆਦੀ ਸਿੱਧਾਂਤਾਂ ਨਾਲ ਹੀ ਜੋੜਿਆ ਹੋਇਆ ਸੀ। ਵਾਸਤਵ ਵਿਚ ਪ੍ਰਤੱਖ ਘਾੜਤਾਂ ਲਈ ਥਾਂ ਬਹੁਤ ਘੱਟ ਸੀ, ਘੱਟੋ ਘੱਟ ਜਿਥੋਂ ਤਕ ਸਮਾਜਕ ਰਹੁ-ਰੀਤਾਂ ਦਾ ਸਬੰਧ ਸੀ ਅਤੇ ਉਸ ਸਮੇਂ ਤਕ ਗੁਰੂ ਨਾਨਕ ਜੀ ਦੇ ਸ਼ਿਸ਼ਾਂ ਨੂੰ ਸਾਧਾਰਨ ਹਿੰਦੂ ਜਨਤਾ ਨਾਲੋਂ ਵੱਖਰਾ ਕਰਨ ਵਾਲਾ ਬਹੁਤਾ ਕੁਝ ਹੋਂਦ ਵਿਚ ਨਹੀਂ ਸੀ ਆਇਆ। ਇਹ ਨਿਰਸੰਦੇਹ ਸੱਚ ਹੈ ਕਿ ਗੁਰੂ ਸਾਹਿਬ ਨੇ ਅਜਿਹੀਆਂ ਨਿਪਟ ਰਹੁ-ਰੀਤਾਂ ਤੇ ਰਸਮਾਂ-ਰਿਵਾਜ਼ਾਂ ਦੀ ਨਿਰਾਰਥਕਤਾ ਵੱਲ ਸਪੱਸ਼ਟ ਭਾਂਤ ਸੰਕੇਤ ਕਰ ਦਿੱਤਾ ਸੀ ਜਦ ਕਿ ਇਹ ਜੀਵਤ ਰੱਖਣ ਵਾਲੀ ਆਤਮਾ ਤੋਂ ਸੱਖਣੀਆਂ ਹੋਣ। ਪਰ ਇਹੀ ਕਾਫ਼ੀ ਨਹੀਂ ਸੀ ਅਤੇ ਸਮੇਂ ਦੀ ਪ੍ਰਮੁੱਖ ਲੋੜ ਗੁਰੂ ਸਾਹਿਬ ਦੇ ਸੰਦੇਸ਼ ਨੂੰ ਕੁਝ ਅਜਿਹੇ ਵਿਸ਼ੇਸ਼ ਚਿੰਨ੍ਹਾਂ ਨਾਲ ਵਿਭੂਸ਼ਿਤ ਕਰਨਾ ਸੀ ਜੋ ਕਿ ਇਸ ਨੂੰ ਆਪਣਾ ਨਿਜੀ ਵਿਅਕਤਿਤ੍ਵ ਪ੍ਰਦਾਨ ਕਰ ਸਕਦੇ। ਇਹ ਗੱਲ ਹੋਰ, ਹਿੰਦੂ ਮਤ ਦੇ ਕੁਝ ਵਿਸ਼ੇਸ਼ ਲੱਛਣਾਂ ਨੇ ਅਜਿਹੇ ਢੰਗ ਨੂੰ ਹੋਰ ਵੀ ਆਵੱਸ਼ਕ ਬਣਾ ਦਿੱਤਾ ਸੀ। ਇਹ ਗੱਲ ਯਾਦ ਰੱਖਣ ਯੋਗ ਹੈ ਕਿ ਹਿੰਦੂ ਮਤ ਵਿਚ ਕੋਈ ਕੱਟੜਪੰਥੀ ਸਿੱਧਾਂਤ ਨਹੀਂ ਅਤੇ ਇਹ ਹਰੇਕ ਲਈ ਇਕੋ ਤਰ੍ਹਾਂ ਦੀ ਪੂਜਾ-ਵਿਧੀ ਨਿਰਧਾਰਿਤ ਨਹੀਂ ਕਰਦਾ। ਮੋਟੇ ਤੌਰ ਤੇ ਇਹ ਆਖਿਆ ਜਾ ਸਕਦਾ ਹੈ ਕਿ ਅਧਿਕਾਰ ਜਾਂ ਅਭਿਰੁਚੀ ਹਿੰਦੂ ਧਾਰਮਕ ਕਰਤੱਵਾਂ ਤੇ ਨਿਰਧਾਰਣ ਦਾ ਇਕ ਅੰਗ ਖ਼ਿਆਲ ਕੀਤੀ ਜਾਂਦੀ ਰਹੀ ਹੈ ਅਤੇ ਜੇਕਰ ਕੁਝ ਸਮਾਜਕ ਰਹੁ-ਰੀਤਾਂ ਦੀ ਜਾਣ-ਬੁਝ ਕੇ ਉਲੰਘਣਾ ਨਾ ਕੀਤੀ ਗਈ ਹੋਵੇ ਤਾਂ ਧਾਰਨਾਵਾਂ ਨੂੰ ਲਗ ਪਗ ਕਿਸੇ ਵੀ ਹੱਦ ਤਕ ਸਹਿਣ ਕੀਤਾ ਜਾਂਦਾ ਰਿਹਾ ਹੈ। ਅਜਿਹੀਆਂ ਪਰਿਸਥਿਤੀਆਂ ਅਧੀਨ ਹਿੰਦੂ ਮਤ ਲਈ ਗੁਰੂ ਨਾਨਕ ਦੇਵ ਦੇ ਸ਼ਿਸ਼ਾਂ ਨੂੰ ਆਪਣੇ ਘੇਰੇ ਵਿਚ ਸਮੋ ਲੈਣਾ ਅਤੇ ਸਮੇਂ ਦੇ ਫੇਰ ਨਾਲ ਪੂਰਨ ਭਾਂਤ ਆਪਣੇ ਵਿਚ ਖਪਾ ਲੈਣਾ ਕੋਈ ਔਖਾ ਕੰਮ ਨਹੀਂ ਸੀ। ਜਿਵੇਂ ਕਿ ਕਿਸੇ ਧਾਰਮਕ ਲਹਿਰ ਦਾ ਤੀਬਰ ਚਾਲੀ ਸੰਚਾਰ-ਸਮਾਂ ਬਹੁਤ ਲੰਮਾ ਨਹੀਂ ਹੁੰਦਾ ਅਤੇ ਜਿਵੇਂ ਬਹੁਤ ਸਾਰੀਆਂ ਹਾਲਤਾਂ ਵਿਚ ਰੂਪ ਆਤਮਾ ਤੋਂ ਅਗੇਰੇ ਨਿਕਲ ਜਾਂਦਾ ਹੈ, ਇਹ ਗੱਲ ਕਲਪਨਾ ਵਿਚ ਭਲੀ ਭਾਂਤ ਆ ਸਕਦੀ ਹੈ ਕਿ ਗੁਰੂ ਨਾਨਕ ਦੇਵ ਦੇ ਯਤਨ ਆਸਾਨੀ ਨਾਲ ਹੀ ਖੇਰੂੰ ਖੇਰੂੰ ਕੀਤੇ ਜਾ ਸਕਦੇ ਸਨ। "ਗੁਰੂ ਨਾਨਕ ਦੇਵ ਦੁਆਰਾ ਪਾਏ ਗਏ ਪ੍ਰਭਾਵਾਂ ਨੂੰ ਸੁਰੱਖਿਅਤ ਰੱਖਣ ਲਈ, ਇਹ ਆਵੱਸ਼ਕ ਸੀ ਕਿ ਇਨ੍ਹਾਂ ਨੂੰ ਚਿਰ-ਸਥਾਈ ਬਣਾਇਆ ਜਾਏ"। ਭਾਵੇਂ ਇਹ ਗੱਲ ਪਰਸਪਰ ਵਿਰੋਧੀ ਭਾਸਦੀ ਹੈ ਫਿਰ ਵੀ ਆਤਮਾ ਨੂੰ ਅਲੋਪ ਹੋਣ ਤੋਂ ਬਚਾਉਣ ਲਈ ਨਵੀਨ ਰੂਪ ਹੋਂਦ ਵਿਚ ਲਿਆਂਦੇ ਗਏ। ਗੁਰਗੱਦੀ ਤੇ ਗੁਰੂ ਅੰਗਦ ਦੇਵ ਦੀ ਸਥਾਪਨਾ ਇਸ ਦਿਸ਼ਾ ਵਿਚ ਪਹਿਲਾ ਮਹਾਨ ਕਦਮ ਸੀ ਅਤੇ ਦੂਸਰੇ ਕਦਮ ਛੇਤੀ ਹੀ ਚੁੱਕੇ ਜਾਣ ਵਾਲੇ ਸਨ।

ਗੁਰੂ ਅੰਗਦ ਜਾਂ ਲਹਿਣਾ ਜਿਵੇਂ ਕਿ ਗੁਰਿਆਈ ਪ੍ਰਾਪਤੀ ਤੋਂ ਪਹਿਲਾਂ ਉਨ੍ਹਾਂ ਨੂੰ

ਕਿਹਾ ਜਾਂਦਾ ਸੀ, ਤੇਹਣ ਕਬੀਲੇ[3] ਦੇ ਖਤਰੀ ਸਨ ਅਤੇ ਉਨ੍ਹਾਂ ਦਾ ਜਨਮ 1504 ਈ. ਵਿਚ ਹੋਇਆ ਸੀ। ਉਨ੍ਹਾਂ ਦੇ ਪਿਤਾ ਫੇਰੂ ਜੋ ਕਿ ਸੁਦਾਗਰ ਸਨ, ਮਤੇ ਦੀ ਸਰਾਂ ਵਿਖੇ ਰਹਿੰਦੇ ਸਨ। ਪਰ ਬਾਅਦ ਵਿਚ ਉਹ ਪਹਿਲਾਂ ਹਰੀਕੇ ਚਲੇ ਗਏ ਸਨ ਅਤੇ ਫਿਰ ਖਡੂਰ ਸਾਹਿਬ, ਜਿਹੜਾ ਕਿ ਅੱਜ ਕੱਲ੍ਹ ਅੰਮ੍ਰਿਤਸਰ ਜ਼ਿਲ੍ਹੇ ਦੀ ਤਹਿਸੀਲ ਤਰਨਤਾਰਨ ਵਿਚ ਪ੍ਰਸਿੱਧ ਸਿੱਖ ਕਸਬਾ ਹੈ। ਇਉਂ ਲਗਦਾ ਹੈ ਕਿ ਜਿਵੇਂ ਖਡੂਰ ਵਾਸੀ ਦੁਰਗਾ ਦੇ ਅਨਿੰਨ ਭਗਤ ਹੋਣ ਅਤੇ ਲਹਿਣਾ ਜੀ ਨੇ, ਜੋ ਕਿ ਬਚਪਨ ਤੋਂ ਹੀ ਪੂਰਨ ਭਾਂਤ ਧਾਰਮਕ ਸੁਭਾਅ ਵਾਲੇ ਸਨ, ਸ਼ਰਧਾਲੂ ਹਿੰਦੂਆਂ ਦੀ ਜਵਾਲਾਮੁਖੀ ਲਈ ਇਕ ਵਾਰਸ਼ਿਕ ਯਾਤਰਾ ਦਾ ਪ੍ਰਬੰਧ ਕੀਤਾ ਸੀ। ਇਹ ਥਾਂ ਹਿਮਾਲਾ ਦੀ ਤਰਾਈ ਵਿਚ ਦੁਰਗਾ ਲਈ ਪਵਿੱਤਰ ਮੰਨੀ ਜਾਂਦੀ ਹੈ ਅਤੇ ਇਥੇ ਪਹਾੜਾਂ ਵਿਚੋਂ ਅਗਨੀ ਦੀਆ ਲਾਟਾਂ ਨਿਕਲਦੀਆਂ ਹਨ।[4] ਪਰ ਲਹਿਣਾ ਜੀ ਦੇ ਧਾਰਮਕ ਜੀਵਨ ਵਿਚ ਅਚਾਨਕ ਹੀ ਇਕ ਨਵਾਂ ਮੋੜ ਆ ਗਿਆ ਜਦ ਕਿ ਉਨ੍ਹਾਂ ਨੇ ਇਕ ਦਿਨ ਆਵਾਜ਼ ਸੁਣੀ ਜਿਸ ਨੇ ਉਨ੍ਹਾਂ ਦੇ ਅੰਤਰਾਤਮੇ ਨੂੰ ਧੁਰ ਤੀਕ ਝੰਞੋੜ ਕੇ ਰੱਖ ਦਿੱਤਾ। ਖਡੂਰ ਵਿਖੇ ਇਕ ਸਿੱਖ ਰਹਿੰਦਾ ਸੀ ਜੋ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਉਚਾਰਣ ਕਰਦਾ ਰਹਿੰਦਾ ਸੀ ਅਤੇ ਇਹੀ ਬਾਣੀ ਸੀ ਜਿਸ ਦਾ ਸ੍ਵਣ ਲਹਿਣਾ ਜੀ ਨੇ ਕੀਤਾ ਸੀ। ਉਸ ਸਿੱਖ ਨੇ ਗੁਰੂ ਜੀ ਸਬੰਧੀ ਸਭ ਕੁਝ ਦੱਸਿਆ, ਜਿਹੜੇ ਰਾਵੀ ਦੇ ਕੰਢੇ ਕਰਤਾਰਪੁਰ ਵਿਖੇ ਰਹਿੰਦੇ ਸਨ ਅਤੇ ਜਿਸ ਦੇ ਚਰਨਾਂ ਵਿਚ ਉਸ ਨੂੰ ਸ਼ਾਂਤੀ ਅਤੇ ਸੰਤੋਖ ਪ੍ਰਾਪਤ ਹੋਇਆ ਸੀ। ਲਹਿਣਾ ਜੀ ਨੇ ਛੇਤੀ ਹੀ ਮਨ ਬਣਾ ਲਿਆ ਅਤੇ ਸਭ ਤੋਂ ਪਹਿਲਾਂ ਮੌਕਾ ਹੱਥ ਆਉਣ ਤੇ ਗੁਰੂ ਜੀ ਦੇ ਦਰਸ਼ਨ ਕਰਨ ਦਾ ਨਿਸ਼ਚਾ ਕਰ ਲਿਆ। ਜਵਾਲਾਮੁਖੀ ਦੀ ਅਗਨੀ ਵਾਰਸ਼ਿਕ ਯਾਤਰਾ ਸਮੇਂ ਲਹਿਣਾ ਨੇ ਰਾਹ ਵਿਚ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ ਅਤੇ ਉਨ੍ਹਾਂ ਦੇ ਵਿਅਕਤਿਤ੍ਵ ਅਤੇ ਵਿਆਖਿਆਨ ਦੇ ਰਸ ਤੋਂ ਇਤਨੇ ਪ੍ਰਭਾਵਿਤ ਹੋਏ ਕਿ ਆਪਣੇ ਪਿੰਡ ਵਾਲਿਆਂ ਦਾ ਸਾਥ ਛੱਡ ਕੇ ਗੁਰੂ ਸਾਹਿਬ ਕੋਲ ਰਹਿਣ ਲਗ ਪਏ। ਕੁਝ ਸਮਾਂ ਬੀਤਣ ਤੇ ਉਨ੍ਹਾਂ ਨੇ ਦੀਖਿਆ ਪ੍ਰਾਪਤ ਕਰ ਲਈ ਅਤੇ ਛੇਤੀ ਹੀ ਗੁਰੂ ਸਾਹਿਬ ਦੇ ਸਭ ਤੋਂ ਵੱਧ ਅਨਿੰਨ ਸ਼ਿਸ਼ ਬਣ ਗਏ।

ਸਾਰੇ ਵਿਦਵਾਨ ਸਹਿਮਤ ਹਨ ਕਿ ਲਹਿਣਾ ਜੀ ਆਗਿਆ ਪਾਲਨ ਦੇ ਸਾਕਾਰ ਰੂਪ ਸਨ ਅਤੇ ਗੁਰਿਆਈ ਪ੍ਰਾਪਤੀ ਤੋਂ ਪਹਿਲਾਂ ਗੁਰੂ ਨਾਨਕ ਜੀ ਦੇ ਸ਼ਿਸ਼ ਵਜੋਂ ਅਸੀਂ ਉਨ੍ਹਾਂ ਦੇ ਜੀਵਨ ਸਬੰਧੀ ਹੋਰ ਕੁਝ ਨਹੀਂ ਜਾਣਦੇ। ਜਨਮ ਸਾਖੀਆਂ ਵਿਚ ਵਰਣਿਤ ਅਨੇਕਾਂ ਘਟਨਾਵਾਂ ਲਹਿਣਾ ਜੀ ਦੀ ਭਗਤੀ ਭਾਵਨਾ ਨੂੰ ਡੂੰਘਾਈ ਅਤੇ ਗੁਰੂ ਨਾਨਕ ਦੇਵ ਦੇ ਰਚਨਾ ਤੇ ਆਪਾ-ਸਮਰਪਣ ਦੇ ਨਿਹਿਤ ਲੱਛਣਾਂ ਨੂੰ ਪ੍ਰਗਟ ਕਰਨ ਲਈ

3. ਤੇਹਣ ਜਾਂ ਤ੍ਰੇਹਣ ਖਤਰੀਆਂ ਦੀ ਵੱਡੀ ਸਗੋਤ ਜਾਤੀ ਵਿਚੋਂ ਸਨ। (ਨਾਨਕ ਪ੍ਰਕਾਸ਼ ਵਿਚ ਇਸ ਦਾ ਨਾਮ ਤਿਹਾਨ ਹੈ, ਭਾਗ 2, xlvii, 3)। ਬੇਦੀ, ਤੇਹਣ, ਭੱਲਾ ਅਤੇ ਸੋਢੀ ਕਈ ਸਿੱਖ ਗੁਰੂਆਂ ਦੇ ਇਨ੍ਹਾਂ ਵਿਚ ਜਨਮ ਲੈਣ ਕਰਕੇ ਪਵਿੱਤਰ ਹੋ ਗਏ ਸਨ। ਨਾਨਕ ਬੇਦੀ ਸੀ, ਅਮਰ ਦਾਸ ਭੱਲਾ, ਰਾਮ ਦਾਸ ਅਤੇ ਉਸ ਦੇ ਉੱਤਰਾਧਿਕਾਰੀ ਸੋਢੀ ਹਨ। ਹਰੇਕ ਹਾਲਤ ਵਿਚ, ਸਾਰੀ ਦੀ ਸਾਰੀ ਜਾਤੀ ਹੀ ਗੁਰੂ ਦੇ ਜਨਮ ਨਾਲ ਪਵਿੱਤਰਤਾ ਦਾ ਸੁਭਾਵ ਗ੍ਰਹਿਣ ਕਰ ਲੈਂਦੀ ਜਾਪਦੀ ਹੈ ਨਾ ਕਿ ਉਨ੍ਹਾਂ ਦੇ ਉੱਤਰਾਧਿਕਾਰੀ ਹੀ ਹਨ ਜਿਹੜੇ ਉਨ੍ਹਾਂ ਵਾਲਾ ਸੁਭਾਅ ਰਖਦੇ ਸਨ।
(*Glossary of Punjab Tribes and Castes*. Vol. II. d. 512).

4. ਨਾਨਕ ਪ੍ਰਕਾਸ਼, xlvii, 12, 13; ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 1.

ਕਲਪਿਤ ਕੀਤੀਆਂ ਗਈਆਂ ਹਨ। ਅਸਲ ਵਿਚ, ਕਿਹਾ ਜਾਂਦਾ ਹੈ ਕਿ ਗੁਰੂ ਜੀ ਨੇ ਇਹ ਆਖਿਆ, "ਤੁਸਾਂ ਹਦੋਂ ਪਰ੍ਹੇ ਭਗਤੀ ਕੀਤੀ ਹੈ। ਤੇਰੇ ਅਤੇ ਮੇਰੇ ਵਿਚ ਕੋਈ ਭੇਦ ਨਹੀਂ। ਮੇਰੇ ਸਿੱਖਾਂ ਵਿਚੋਂ ਹੋਰ ਕਿਸੇ ਸਿੱਖ ਦਾ ਮੇਰੇ ਉੱਤੇ ਇਤਨਾ ਭਰੋਸਾ ਅਤੇ ਸਿਦਕ ਨਹੀਂ ਜਿੰਨਾ ਕਿ ਤੇਰਾ ਹੈ, ਇਸ ਲਈ ਮੈਂ ਤੈਨੂੰ ਵਧਾਈ ਦੇਂਦਾ ਹਾਂ।"[5] ਇਸ ਲਈ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਜਦੋਂ ਨਾਨਕ ਜੀ ਨੇ ਵੱਖ ਵੱਖ ਢੰਗਾਂ ਰਾਹੀਂ ਸਿੱਖਾਂ ਦੀ ਸ਼ਰਧਾ ਪਰਖੀ ਤਾਂ ਲਹਿਣਾ ਹੀ ਪਰੀਖਿਆ ਵਿਚ ਸਫ਼ਲ ਹੋ ਸਕਿਆ ਅਤੇ 'ਆਪਣੀ ਭਗਤੀ ਤੇ ਸੇਵਾ' ਦੇ ਫਲ ਵਜੋਂ ਆਖਰ ਉਨ੍ਹਾਂ ਨੂੰ ਗੁਰਿਆਈ ਪ੍ਰਾਪਤ ਹੋਈ।

ਇਹ ਸਹਿਜੇ ਹੀ ਅਨੁਮਾਨਿਆ ਜਾ ਸਕਦਾ ਹੈ ਕਿ ਗੁਰੂ ਅੰਗਦ ਜੀ ਦੀ ਗੁਰਗੱਦੀ ਤੇ ਸਥਾਪਨਾ, ਕਰਤਾਰਪੁਰ ਵਿਖੇ ਗੁਰੂ ਨਾਨਕ ਦੇ ਪਰਿਵਾਰ ਦੁਆਰਾ ਸਹਿਣ ਕੀਤੀ ਜਾਣ ਦੀ ਕੋਈ ਸੰਭਾਵਨਾ ਨਹੀਂ ਸੀ ਅਤੇ ਗੁਰੂ ਸਾਹਿਬ ਦੇ ਪ੍ਰਮੁੱਖ ਕਰਮਾਂ ਵਿਚੋਂ ਇਕ ਆਪਣੀ ਗੱਦੀ ਨੂੰ ਖਡੂਰ ਵਿਖੇ ਲੈ ਜਾਣਾ ਸੀ। ਅਸਲ ਵਿਚ ਟਿਕੇ ਦੀ ਵਾਰ ਵਿਚ ਸਪੱਸ਼ਟ ਭਾਂਤ ਲਿਖਿਆ ਹੈ ਕਿ "ਗੁਰੂ ਨਾਨਕ ਦੇ ਪੁੱਤਰਾਂ ਨੇ ਉਨ੍ਹਾਂ ਦੀ ਆਗਿਆ ਦਾ ਪਾਲਣ ਨਹੀਂ ਕੀਤਾ ਤੇ ਆਕੀ ਹੋ ਗਏ ਸਨ।"[6] ਇਸ ਲਈ ਅਜਿਹੀ ਆਸ ਰੱਖਣਾ ਵਿਅਰਥ ਸੀ ਕਿ ਉਹ ਆਪਣੇ ਪਿਤਾ ਦੀ ਚੋਣ ਪ੍ਰਤਿ ਵਫਾਦਾਰੀ ਨਿਭਾਉਣਗੇ। ਸਾਨੂੰ ਇਹ ਵੀ ਦੱਸਿਆ ਗਿਆ ਕਿ ਗੁਰੂ ਅੰਗਦ ਜੀ ਦੇ ਖਡੂਰ ਪਹੁੰਚਣ ਦੇ ਤੁਰੰਤ ਹੀ ਬਾਅਦ ਉਹ ਪਿੰਡ ਦੇ ਬਾਹਰ ਇਕ ਕਮਰੇ ਵਿਚ ਛਿਪੇ ਰਹੇ। ਉਨ੍ਹਾਂ ਨੂੰ ਕਮਰੇ ਵਿਚ ਬੰਦ ਕਰ ਦਿੱਤਾ ਗਿਆ ਅਤੇ ਉਨ੍ਹਾਂ ਦੇ ਠਿਕਾਣੇ ਦਾ ਗਿਆਨ ਕੇਵਲ ਇਕ ਜੱਟ ਕੁੜੀ ਨਿਹਾਲੀ ਨੂੰ ਹੀ ਸੀ ਜੋ ਕਿ ਉਨ੍ਹਾਂ ਲਈ ਨਿਤ ਦੁੱਧ ਦਾ ਇਕ ਗੜਵਾ ਲਿਆਇਆ ਕਰਦੀ ਸੀ। ਗੁਰੂ ਜੀ ਛੇ ਮਹੀਨੇ ਇਸੇ ਹਾਲ ਵਿਚ ਰਹੇ ਜਦ ਕਿ ਅਖੀਰ ਭਾਈ ਬੁੱਢਾ ਦੇ ਅਲੌਕਿਕ ਗਿਆਨ ਰਾਹੀਂ ਸਿੱਖਾਂ ਨੂੰ ਉਨ੍ਹਾਂ ਦੇ ਇਸ ਇਕਾਂਤਵਾਸ ਦਾ ਪਤਾ ਲੱਗਿਆ। ਜਿਵੇਂ ਕਿ ਬਾਅਦ ਵਿਚ ਅਸੀਂ ਦੇਖਾਂਗੇ, ਇਹੋ ਜਿਹੀ ਇਕ ਵਾਰਤਾ ਗੁਰੂ ਅਮਰ ਦਾਸ ਸਬੰਧੀ ਵੀ ਪ੍ਰਚਲਿਤ ਹੈ। ਕਿਹਾ ਜਾਂਦਾ ਹੈ ਕਿ ਜਦ ਗੁਰੂ ਅੰਗਦ ਦੇ ਪੁੱਤਰ ਦਾਤੂ ਨੇ ਗੁਰਗੱਦੀ ਹਥਿਆਉਣ ਦੀ ਕੋਸ਼ਿਸ਼ ਕੀਤੀ ਤਾਂ ਅਮਰ ਦਾਸ ਜੀ ਆਪਣੇ ਜਨਮ ਪਿੰਡ ਵਿਚ ਇਕ ਗੁਪਤ ਥਾਂ ਤੇ ਜਾ ਛਿਪੇ ਅਤੇ ਇਸ ਦ੍ਰਿਸ਼ਟਾਂਤ ਵਿਚ ਵੀ ਭਾਈ ਬੁੱਢਾ ਹੀ ਸੀ ਜਿਸ ਨੇ ਗੁਰੂ ਜੀ ਦੇ ਗੁਪਤ-ਵਾਸ ਨੂੰ ਲੱਭਿਆ ਸੀ। ਜੇ ਇਨ੍ਹਾਂ ਵਾਰਤਾਵਾਂ ਦਾ ਕੋਈ ਤਥਾਤਮਕ ਆਧਾਰ ਹੈ ਤਾਂ ਇਹ ਗੱਲ ਸੰਭਵ ਨਜ਼ਰ ਆਉਂਦੀ ਹੈ ਕਿ ਇਨ੍ਹਾਂ ਅਸਥਾਈ ਇਕਾਂਤਵਾਸਾਂ ਦਾ ਮੰਤਵ ਵੀ ਦੋਹਾਂ ਹਾਲਤਾਂ ਵਿਚ ਇਕ ਹੀ ਹੋਵੇਗਾ। ਗੁਰੂ ਅਮਰ ਦਾਸ ਦੇ ਮਾਮਲੇ ਦੇ ਦ੍ਰਿਸ਼ਟਾਂਤ ਤੋਂ ਅਸੀਂ ਅਨੁਮਾਨ ਲਾ ਸਕਦੇ ਹਾਂ, ਕਿ ਗੁਰੂ ਅੰਗਦ ਜੀ ਦੇ ਇਸ ਤਰ੍ਹਾਂ ਇਕਾਂਤਵਾਸ ਧਾਰਨ ਕਰਨ ਦਾ ਮੰਤਵ, ਸ਼ਾਇਦ ਸਿੱਖਾਂ ਦੀ ਸ਼ਰਧਾ ਨੂੰ ਪਰਖਣਾ ਸੀ ਅਤੇ ਨਾਲ ਹੀ ਗੁਰੂ ਨਾਨਕ ਜੀ ਦੇ ਪੁੱਤਰਾਂ ਨੂੰ ਉਨ੍ਹਾਂ ਦੇ ਪਿਤਾ ਦੇ ਕੀਤੇ ਫੈਸਲੇ ਤੇ ਉਜ਼ਰ ਕਰਨ ਦੀ ਅਸਾਰਤਾ ਨੂੰ ਦ੍ਰਿੜ੍ਹਾਉਣਾ ਸੀ।

ਗੱਲ ਭਾਵੇਂ ਕੁਝ ਵੀ ਹੋਵੇ, ਗੁਰੂ ਅੰਗਦ ਜੀ ਨੇ ਛੇਤੀ ਹੀ ਆਪਣੇ ਅਨੁਯਾਈਆਂ

---

5. ਮੈਕਾਲਿਫ, *ਉਪਰੋਕਤ ਰਚਨਾ*, ਸੈਂਚੀ ਦੂਜੀ, ਪੰਨਾ 9.
6. *ਟਿਕੇ ਦੀ ਵਾਰ*, II, ਮੈਕਾਲਿਫ, *ਉਹੀ*, ਪੰਨਾ 26.

ਵਿਚਕਾਰ ਆਪਣੀ ਅਸਲੀ ਥਾਂ ਪ੍ਰਾਪਤ ਕਰ ਲਈ ਅਤੇ ਸਿੱਖ-ਲਿਖਤਾਂ ਇਸ ਗੱਲ ਦਾ ਅਖੰਡ ਪ੍ਰਭਾਵ ਪਾਉਂਦੀਆਂ ਸਨ ਕਿ ਉਨ੍ਹਾਂ ਨੇ ਆਪਣੇ ਗੁਰੂ ਦੇ ਦੱਸੇ ਮਾਰਗ ਤੇ ਅਡੋਲ ਰਹਿ ਕੇ ਕੰਮ ਕੀਤਾ। ਐਪਰ ਵਿਵਰਣ ਵੱਧ ਘੱਟ ਕਾਲਪਨਿਕ ਹਨ ਅਤੇ ਸਾਨੂੰ ਬਹੁਤ ਅਜਿਹਾ ਕੁਝ ਪ੍ਰਦਾਨ ਨਹੀਂ ਕਰਦੇ ਜਿਸ ਦੇ ਆਧਾਰ ਤੇ ਅਸੀਂ ਸੂਝਮਈ ਇਤਿਹਾਸ ਦੀ ਰੂਪ-ਰੇਖਾ ਉਲੀਕ ਸਕੀਏ। ਇਸ ਵਿਵਰਣ ਵਿਚ ਗੁਰੂ ਜੀ ਦੇ ਜੋਗੀਆਂ, ਤਪੀਆਂ ਜਾਂ ਸੰਨਿਆਸੀਆਂ ਨਾਲ ਹੋਏ ਵਾਦ-ਵਿਵਾਦ ਦੀਆਂ ਵਾਰਤਾਵਾਂ ਹਨ ਜਿਨ੍ਹਾਂ ਦਾ ਸਾਰ ਇਸ ਗੱਲ ਵਿਚ ਹੈ ਕਿ ਗੁਰੂ ਅੰਗਦ ਜੀ ਆਪਣੇ ਗੁਰੂ ਦੀ ਸਿੱਖਿਆ ਦੀ ਸਾਦਗੀ ਨਾਲ ਪੱਕੀ ਤਰ੍ਹਾਂ ਰਹੇ ਅਤੇ ਉਪਦੇਸ਼ਾਂ ਅਤੇ ਦ੍ਰਿਸ਼ਟਾਂਤਾ ਦੁਆਰਾ ਉਨ੍ਹਾਂ ਦੀ ਆਤਮਾ ਨੂੰ ਜੀਵਤ ਰੱਖਣ ਲਈ ਤਤਪਰ ਰਹੇ।[7] ਕਨੌਜ ਦੇ ਸਥਾਨ ਤੇ ਹਮਾਯੂੰ ਦੀ ਹਾਰ ਪਿੱਛੋਂ[8] ਉਸ ਦੇ ਗੁਰੂ ਸਾਹਿਬ ਦੇ ਦਰਸ਼ਨ ਨੂੰ ਆਉਣ ਦੀ ਸੰਦੇਹਪੂਰਤ ਵਾਰਤਾ ਦਾ ਮੁੜ ਜ਼ਿਕਰ ਆਉਂਦਾ ਹੈ ਅਤੇ ਵੱਧ ਘੱਟ ਬਣਾਉਟੀ ਲੱਛਣਾਂ ਵਾਲੀਆਂ ਹੋਰ ਵਾਰਤਾਵਾਂ ਵੀ ਆਉਂਦੀਆਂ ਹਨ। ਪਰ ਇਕ ਘਟਨਾ ਅਜਿਹੀ ਹੈ ਜਿਹੜੀ ਦਿਲਚਸਪ ਹੋਣ ਦੇ ਨਾਲ ਨਾਲ ਅਤਿ ਮਹੱਤਵਪੂਰਨ ਵੀ ਹੈ ਕਿਉਂਕਿ 'ਟਿਕੇ ਦੀ ਵਾਰ' ਲਈ ਅਸੀਂ ਸ਼ਾਇਦ ਇਸੇ ਘਟਨਾ ਦੇ ਰਿਣੀ ਹਾਂ, ਜੋ ਕਿ ਮੁੱਢਲੇ ਸਿੱਖ ਇਤਿਹਾਸ ਦੇ ਬਹੁਤ ਸਾਰੇ ਪੱਖਾਂ ਤੇ ਬੇਅੰਤ ਪ੍ਰਕਾਸ਼ ਪਾਉਂਦੀ ਹੈ। ਸਾਨੂੰ ਦੱਸਿਆ ਗਿਆ ਹੈ ਕਿ ਗੁਰੂ ਅੰਗਦ ਸਾਹਿਬ ਦੇ ਦੋ ਭੱਟ ਸੱਤਾ ਤੇ ਬਲਵੰਡ ਅਚਾਨਕ ਹੀ ਇਹ ਸਮਝ ਬੈਠੇ ਕਿ ਗੁਰੂ ਅੰਗਦ ਸਾਹਿਬ ਦੀ ਸਾਰੀ ਪ੍ਰਤਿਸ਼ਠਾ ਦਾ ਕਾਰਨ ਉਨ੍ਹਾਂ ਦਾ ਸੰਗੀਤਕ ਹੁਨਰ ਹੈ ਅਤੇ ਇਸ ਹੰਕਾਰ ਵਿਚ ਉਨ੍ਹਾਂ ਨੇ ਕੁਝ ਦੇਰ ਲਈ ਦੂਰ ਰਹਿ ਕੇ ਗੁਰੂ ਸਾਹਿਬ ਨੂੰ ਆਪਣੀ ਅਨਿਵਾਰਿਤਾ ਵੱਲੋਂ ਚੇਤਨ ਕਰਵਾਉਣ ਦਾ ਯਤਨ ਕੀਤਾ। ਸੰਗਤ ਵਿਚ ਹਾਜ਼ਰ ਹੋਣ ਲਈ ਗੁਰੂ ਸਾਹਿਬ ਦੀਆਂ ਬੇਨਤੀਆਂ ਦੇ ਬਾਵਜੂਦ ਵੀ ਉਹ ਆਪਣੇ ਹਠ ਤੇ ਅੜੇ ਰਹੇ ਤੇ ਅਖੀਰ ਗੁਰੂ ਸਾਹਿਬ ਨੇ ਉਨ੍ਹਾਂ ਨਾਲੋਂ ਨਾਤਾ ਤੋੜ ਲਿਆ ਅਤੇ ਆਪਣਾ ਹੋਰ ਕੋਈ ਪ੍ਰਬੰਧ ਕਰ ਲਿਆ। ਦੋਹਾਂ ਭੱਟਾਂ ਨੂੰ ਆਪਣੇ ਕਰਮ ਦੀ ਮੂਰਖਤਾ ਦਾ ਛੇਤੀ ਹੀ ਗਿਆਨ ਹੋ ਗਿਆ ਅਤੇ ਗੁਰੂ ਸਾਹਿਬ ਨਾਲ ਸਮਝੌਤਾ ਕਰਨ ਲਈ ਵਾਰ ਵਾਰ ਯਤਨ ਕੀਤੇ। ਪਰ ਗੁਰੂ ਅੰਗਦ ਜੀ ਨਾ ਪਸੀਜੇ ਕਿਉਂਕਿ ਭੱਟ ਆਪਣੀ ਹੈਂਕੜ ਵਿਚ ਗੁਰੂ ਨਾਨਕ ਜੀ ਦੀ ਯਾਦ ਨੂੰ ਮਲੀਨ ਕਰਨ ਤੋਂ ਵੀ ਪਿੱਛੇ ਨਾ ਹਟੇ। ਉਨ੍ਹਾਂ ਨੇ ਸੰਕੇਤ ਕੀਤਾ ਸੀ ਕਿ ਮਰਦਾਨੇ ਦੇ ਸੰਗੀਤ ਤੋਂ ਬਿਨਾਂ ਗੁਰੂ ਨਾਨਕ ਦੇਵ ਦੇ ਦਰਬਾਰ ਦੀ ਨਾਮਨਾ ਵੀ ਕਿਧਰੇ ਜਾਣੀ ਨਾ ਜਾਂਦੀ। ਗੁਰੂ ਅੰਗਦ ਜੀ ਨੇ ਭੱਟਾਂ ਵੱਲੋਂ ਹੋਰ ਬੇਨਤੀਆਂ ਸ੍ਵੀਕਾਰ ਕਰਨੋਂ ਇਨਕਾਰ ਕਰ ਦਿੱਤਾ ਅਤੇ ਐਲਾਨ ਕਰ ਦਿੱਤਾ ਕਿ "ਜਿਹੜਾ ਬੰਦਾ ਉਨ੍ਹਾਂ ਦਾ ਪੱਖ ਲਵੇਗਾ, ਉਸ ਦੀ ਦਾੜ੍ਹੀ ਮੁੱਛ ਮੁਨਾ ਕੇ, ਮੂੰਹ ਕਾਲਾ ਕਰ ਕੇ ਅਤੇ ਖੋਤੇ ਉੱਤੇ ਚੜ੍ਹਾ ਕੇ ਸਾਰੇ ਨਗਰ ਵਿਚ ਉਸ ਨੂੰ ਫੇਰ ਕੇ ਨਿਰਾਦਰ ਕੀਤਾ ਜਾਵੇਗਾ।" ਜਦ ਉਨ੍ਹਾਂ ਨੂੰ ਹੋਰ ਕੋਈ ਚਾਰਾ ਨਾ ਰਿਹਾ ਤਾਂ ਸੱਤਾ ਅਤੇ ਬਲਵੰਡ ਲਾਹੌਰ ਦੇ ਭਾਈ ਲੱਧਾ ਕੋਲ ਪਹੁੰਚੇ ਜਿਸ ਦਾ ਗੁਰੂ ਸਾਹਿਬ ਉੱਤੇ ਕਾਫ਼ੀ ਪ੍ਰਭਾਵ ਸੀ। ਭਾਈ ਲੱਧੇ ਨੇ ਉਨ੍ਹਾਂ ਦਾ ਕੰਮ ਆਪਣੇ ਹਥੀਂ ਲੈ ਲਿਆ ਅਤੇ "ਆਪਣਾ ਸਿਰ ਮੁਨਵਾ, ਮੂੰਹ ਕਾਲਾ

7. *ਸੂਰਜ ਪ੍ਰਕਾਸ਼*, ਰਾਸ 1, xxi-xxiii.
8. *ਉਹੀ*, ਰਾਸ 1, x, 29-63.

ਕਰ ਗਧੇ ਉੱਤੇ ਚੜ੍ਹ ਉਸ ਦੀ ਪੂੰਛ ਵੱਲ ਆਪਣਾ ਮੂੰਹ ਕਰ ਕੇ ਖਡੂਰ ਦਾ ਚੱਕਰ ਕੱਟਿਆ ਅਤੇ ਅਖੀਰ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਇਆ।" ਜਦੋਂ ਉਸ ਤੋਂ ਇਸ ਅਸਾਧਾਰਨ ਭੇਸ ਦਾ ਅਰਥ ਪੁੱਛਿਆ ਗਿਆ ਤਾਂ ਭਾਈ ਸਾਹਿਬ ਨੇ ਉੱਤਰ ਦਿੱਤਾ ਕਿ ਉਹ ਤਾਂ ਕੇਵਲ ਗੁਰੂ ਸਾਹਿਬ ਦੀ ਆਗਿਆ ਦਾ ਪਾਲਣ ਕਰ ਰਹੇ ਹਨ ਅਤੇ ਭੱਟਾਂ ਦੀ ਮੁੜ ਨਿਯੁਕਤੀ ਲਈ ਬੇਨਤੀ ਕੀਤੀ। ਗੁਰੂ ਸਾਹਿਬ ਇਨਕਾਰ ਨਾ ਕਰ ਸਕੇ ਅਤੇ ਭੱਟਾਂ ਨੂੰ ਸੱਦਿਆ ਗਿਆ। ਉਹ ਸੇਵਾ ਵਿਚ ਹਾਜ਼ਰ ਹੋਏ ਅਤੇ ਗੁਰੂ ਸਾਹਿਬ ਦੇ ਚਰਨਾਂ ਤੇ ਢਹਿ ਪਏ। ਕਿਹਾ ਜਾਂਦਾ ਹੈ ਕਿ ਇਸ ਤੋਂ ਪਿੱਛੋਂ ਉਨ੍ਹਾਂ ਨੇ ਪ੍ਰਸਿੱਧ 'ਟਿਕੇ ਦੀ ਵਾਰ' ਦੀ ਰਚਨਾ ਕੀਤੀ ਅਤੇ ਇਸ ਨੂੰ ਗਾਇਆ ਜਿਹੜੀ ਗੁਰੂ ਅਰਜਨ ਦੇਵ ਦੁਆਰਾ ਪਿੱਛੋਂ ਹੋਏ ਵਾਧਿਆਂ ਸਮੇਤ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾਈ ਗਈ। ਪਰ ਇਸ ਘਟਨਾ ਦੇ ਵੀ ਵੱਖ ਵੱਖ ਵੇਰਵੇ ਮਿਲਦੇ ਹਨ ਅਤੇ ਕਈਆਂ ਦਾ ਵਿਚਾਰ ਹੈ ਕਿ ਸਾਰੀ ਦੀ ਸਾਰੀ 'ਟਿਕੇ ਦੀ ਵਾਰ' ਗੁਰੂ ਅਰਜਨ ਦੇਵ ਦੇ ਸਮੇਂ ਰਚੀ ਗਈ ਹੈ।[9]

ਇਸ ਤਰ੍ਹਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਅੰਗਦ ਜੀ ਦੀ ਗੁਰਿਆਈ ਦਾ ਵੇਰਵਾ ਆਮ ਤੌਰ ਤੇ ਧੁੰਧਲਾ ਅਤੇ ਅਨਿਸ਼ਚਿਤ ਹੀ ਹੈ ਅਤੇ ਸਾਨੂੰ ਅਜੇਹਾ ਪ੍ਰਭਾਵ ਦਿੰਦਾ ਹੈ ਕਿ ਇਸ ਸ਼ਬੰਧੀ ਕੋਈ ਚਰਚਾ ਯੋਗ ਘਟਨਾ ਘੱਟ ਵੱਧ ਹੀ ਵਾਪਰੀ ਹੈ। ਪਰ ਇਹ ਗੱਲ ਮਹੱਤਵਹੀਣ ਨਹੀਂ ਸੀ। ਇਸ ਦੇ ਪ੍ਰਤਿਕੂਲ ਅਸੀਂ ਇਸ ਵਿਚ ਉਸ ਤਬਦੀਲੀ ਦੇ ਪ੍ਰਥਮ ਚਿੰਨ੍ਹ ਲਭ ਸਕਦੇ ਹਾਂ ਜਿਸ ਨੇ ਹੌਲੀ ਹੌਲੀ ਸਿੱਖਾਂ ਨੂੰ ਆਪਣੇ ਆਪ ਵਿਚ ਇਕ ਵੱਖਰੀ ਕੌਮ ਬਣਾ ਦਿੱਤਾ। ਸਿੱਖ ਲਿਖਤਾਂ ਦੇ ਅਸੰਤੋਸ਼ਜਨਕ ਲੱਛਣਾਂ ਦੇ ਬਾਵਜੂਦ ਵੀ ਇਕ ਦੋ ਅਜਿਹੀਆਂ ਤਬਦੀਲੀਆਂ ਦੀ ਖੋਜ ਸੰਭਵ ਹੈ ਜਿਹੜੀਆਂ ਗੁਰੂ ਅੰਗਦ ਸਾਹਿਬ ਦੇ ਸਮੇਂ ਵਿਚ ਵਾਪਰੀਆਂ। ਇਨ੍ਹਾਂ ਵਿਚੋਂ ਨਿਰਸੰਦੇਹ ਸਭ ਤੋਂ ਵੱਧ ਮਹੱਤਵਪੂਰਨ ਗੱਲ ਗੁਰਮੁਖੀ-ਲਿਪੀ ਦੀ ਕਾਢ ਸੀ ਜਿਸਦਾ ਸਬੰਧ, ਸਿੱਖ ਲਿਖਤਾਂ ਸਰਵਸੰਮਤੀ ਨਾਲ ਗੁਰੂ ਅੰਗਦ ਜੀ ਨਾਲ ਜੋੜਦੀਆਂ ਹਨ।[10] ਪਰ ਇਸ ਦਾਅਵੇ ਤੇ ਕਈ ਲਿਖਾਰੀਆਂ ਨੇ ਅਜਿਹੇ ਕਾਰਨਾਂ ਕਰਕੇ ਸ਼ੰਕਾ ਪ੍ਰਗਟ ਕੀਤੀ ਹੈ ਜਿਹੜੇ ਅੱਖਰ ਦਿਖਾਈ ਦਿੰਦੇ ਹਨ।

---

9. ਭਾਈ ਸੰਤੋਖ ਸਿੰਘ ਸਮੁੱਚੀ ਘਟਨਾ ਨੂੰ ਗੁਰੂ ਅਰਜਨ ਦੇਵ ਦੀ ਗੁਰਿਆਈ ਸਮੇਂ ਦੀ ਦੱਸਦਾ ਹੈ (*ਸੂਰਜ ਪ੍ਰਕਾਸ਼*, ਰਾਸ lll, xliii-xlv)। ਭਾਈ ਗੁਰਦਾਸ ਵੀ *ਸੂਰਜ ਪ੍ਰਕਾਸ਼* ਦੀ ਪੁਸ਼ਟੀ ਕਰਦਾ ਹੈ; ਉਹ ਭਾਈ ਲੱਧੇ ਪਰਉਪਕਾਰੀ ਨੂੰ ਗੁਰੂ ਅਰਜਨ ਦੇਵ ਦਾ ਸਮਕਾਲੀ ਕਹਿੰਦਾ ਹੈ (ਵਾਰ ਗਿਆਰਵੀਂ, ਪਉੜੀ 25)। ਮੈਕਾਲਿਫ ਲਿਖਦਾ ਹੈ, "ਪਰ ਇਸ ਤੋਂ ਇਹ ਸਿੱਟਾ ਨਹੀਂ ਨਿਕਲਦਾ ਕਿ ਭਾਈ ਲੱਧਾ ਗੁਰੂ ਅੰਗਦ ਦਾ ਸਮਕਾਲੀ ਨਹੀਂ ਸੀ। ਇਹ ਕਥਨ ਕਿ ਉਪਰੋਕਤ ਘਟਨਾ ਗੁਰੂ ਅਰਜਨ ਦੇਵ ਦੇ ਸਮੇਂ ਵਿਚ ਘਟੀ ਖੁਦ ਰਚਨਾ ਦੀ ਅੰਦਰਲੀ ਗਵਾਹੀ ਨਾਲ ਪੂਰਨ ਭਾਂਤ ਰੱਦ ਹੋ ਜਾਂਦੀ ਹੈ, ਜੇਕਰ ਇਸ ਨੂੰ ਭਲੀ ਭਾਂਤ ਜਾਂਚਿਆ ਜਾਵੇ। ਬਲਵੰਡ ਭਟ ਨੇ ਇਹ ਵਾਰ ਗੁਰੂ ਸਾਹਿਬ ਨਾਲ ਸਮਝੌਤਾ ਕਰਨ ਲਈ ਲਿਖੀ। ਪਿੱਛੋਂ ਸੱਤੇ ਨੇ, ਜਿਵੇਂ ਕਿ ਅਸੀਂ ਵੇਖਾਂਗੇ, ਗੁਰੂ ਅਰਜਨ ਦੇਵ ਦੇ ਸਮੇਂ ਇਸ ਵਿਚ ਤਿੰਨ ਪਉੜੀਆਂ ਸ਼ਾਮਿਲ ਕੀਤੀਆਂ ਜਦੋਂ ਕਿ ਗੁਰੂ ਸਾਹਿਬ ਦਾ ਦੈਵੀਕਰਨ ਮੁਕੰਮਲ ਹੋ ਗਿਆ ਸੀ" (ਸੈਂਚੀ ਦੂਜੀ, ਪੰਨਾ 24 ਫੁਟ ਨੋਟ)। ਐਪਰ ਇਹ ਗੱਲ ਕਹੀ ਜਾ ਸਕਦੀ ਹੈ ਕਿ ਭਾਈ ਬੁਢਾ ਗੁਰੂ ਹਰਿਗੋਬਿੰਦ ਦੇ ਸਮੇਂ ਤਕ ਜਿਉਂਦਾ ਰਿਹਾ ਪਰ ਭਾਈ ਗੁਰਦਾਸ ਉਸ ਨੂੰ ਗੁਰੂ ਦੇਵ ਦੇ ਉੱਤਰਾਧਿਕਾਰੀਆਂ ਵਿਚੋਂ ਕਿਸੇ ਦਾ ਸਮਕਾਲੀ ਵੀ ਖਿਆਲ ਨਹੀਂ ਕਰਦਾ। ਅੰਤ ਵਿਚ ਜਿਥੋਂ ਤਕ ਰਚਨਾ ਦੀ ਅੰਦਰਲੀ ਗਵਾਹੀ ਦਾ ਸਬੰਧ ਹੈ, ਰਾਵਾਂ ਦਾ ਫਰਕ ਹੋ ਸਕਦਾ ਹੈ।
10. ਭਾਈ ਗਿਆਨ ਸਿੰਘ, *ਪੰਥ ਪ੍ਰਕਾਸ਼*, ਪੰਨਾ 65 ਤਵਾਰੀਖ ਗੁਰੂ ਖਾਲਸਾ ਵਿਚ ਸਹੀ ਤਾਰੀਖ (ਸੰਮਤ 1597 ਵਿਸਾਖ ਸੁਦੀ ਪੰਚਮੀ) ਅੰਕਿਤ ਹੈ ਜੋ ਇਸ ਕਾਢ ਦਾ ਆਧਾਰ ਹੈ (ਪੰਨਾ 294)।

ਦੱਸਿਆ ਗਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗ ਆਸਾ ਵਿਚ ਗੁਰੂ ਨਾਨਕ ਦੁਆਰਾ ਪੱਟੀ ਜਾਂ ਪੈਂਤੀ ਸ਼ਬਦ ਲਿਖੇ ਮਿਲਦੇ ਹਨ ਅਤੇ ਹਰੇਕ ਸ਼ਬਦ ਦਾ ਆਰੰਭ ਲਿਪੀ ਦੇ ਇਕ ਅੱਖਰ ਨਾਲ ਹੁੰਦਾ ਹੈ। "ਇਹ ਉਹ ਪੈਂਤੀ ਅੱਖਰ ਹਨ ਜਿਹੜੇ ਅੱਜ ਕੱਲ ਦੀ ਗੁਰਮੁਖੀ ਲਿਪੀ ਵਿਚ ਮਿਲਦੇ ਹਨ ਜਿਨ੍ਹਾਂ ਵਿਚ 'ੜ' ਵੀ ਸ਼ਾਮਿਲ ਹੈ ਜੋ ਗੁਰਮੁਖੀ ਦੀ ਵਿਸ਼ੇਸ਼ਤਾ ਹੈ। ਸੋ ਸਿੱਧ ਹੁੰਦਾ ਹੈ ਕਿ ਗੁਰਮੁਖੀ ਲਿਪੀ ਉਨ੍ਹਾਂ ਦੇ ਸਮੇਂ ਤੋਂ ਪਹਿਲਾਂ ਹੋਂਦ ਵਿਚ ਸੀ ਅਤੇ ਇਸ ਨੂੰ ਦੂਜੇ ਗੁਰੂ ਅੰਗਦ ਜੀ ਨੇ ਨਹੀਂ ਬਣਾਇਆ ਸੀ, ਭਾਵੇਂ ਲਿਪੀ ਦਾ ਪੁਰਾਤਨ ਨਾਂ ਗੁਰਮੁਖੀ ਵਿਚ ਬਦਲ ਦਿੱਤਾ ਹੋਵੇ।"[11] 'ਸਿੱਖਾਂ ਦੇ ਰਾਜ ਦੀ ਵਿਥਿਆ' ਵਿਚ ਇਹ ਸੁਝਾਅ ਦੇ ਕੇ ਪੱਟੀ ਦੀ ਰਚਨਾ ਗੁਰੂ ਅੰਗਦ ਨੇ ਕੀਤੀ ਹੈ,[12] ਇਸ ਸਮੱਸਿਆ ਨੂੰ ਟਾਲਣ ਦਾ ਯਤਨ ਕੀਤਾ ਗਿਆ ਹੈ। ਪਰ ਜਿਵੇਂ ਕਿ ਇਹ ਰਚਨਾ ਮਹਲਾ ੧ ਹੇਠਾਂ ਸੰਕਲਿਤ ਹੈ ਤੇ ਇਹ ਥਾਂ ਗੁਰੂ ਨਾਨਕ ਜੀ ਨੂੰ ਪ੍ਰਾਪਤ ਹੈ, ਇਸ ਗੱਲ ਤੇ ਸੰਦੇਹ ਨਹੀਂ ਕੀਤਾ ਜਾ ਸਕਦਾ ਕਿ ਗ੍ਰੰਥ ਸਾਹਿਬ ਦੇ ਸੰਪਾਦਕਾਂ ਨੇ ਇਸ ਰਚਨਾ ਨੂੰ ਗੁਰੂ ਨਾਨਕ ਜੀ ਦੀ ਸਮਝਿਆ ਸੀ। ਇਸ ਤੋਂ ਇਲਾਵਾ ਹੋਰ ਵੀ ਕਠਿਨਾਈਆਂ ਹਨ। ਟਰੰਪ ਲਿਖਦਾ ਹੈ ਕਿ "ਗੁਰੂ ਅੰਗਦ ਸਾਹਿਬ ਬਿਲਕੁਲ ਅਨਪੜ੍ਹ ਸਨ ਅਤੇ ਪੜ੍ਹ-ਲਿਖ ਨਹੀਂ ਸਕਦੇ ਸਨ। ਇਸ ਲਈ ਗੁਰੂ ਜੀ ਨੂੰ ਗੁਰਮੁਖੀ ਅੱਖਰਾਂ ਦੀ ਨਿਰਮਾਤਾ ਦੱਸਣ ਵਾਲੀ ਪਿੱਛਲੇਰੀ ਪਰੰਪਰਾ ਨਿਰਾਧਾਰ ਹੈ।" ਵਾਸਤਵ ਵਿਚ ਬੀ. ਗੁਰਬਖ਼ਸ਼ ਇਥੋਂ ਤਕ ਕਹਿੰਦਾ ਹੈ ਕਿ "ਇਹ ਪਰੰਪਰਾ ਕਿ ਦੂਜੇ ਗੁਰੂ ਅੰਗਦ ਨੇ ਗੁਰਮੁਖੀ ਅੱਖਰਾਂ ਦੀ ਕਾਢ ਕੱਢੀ, ਭਾਈ ਬਾਲੇ ਵਾਲੀ ਜਨਮਸਾਖੀ ਨਾਮੀ ਕਲਪਿਤ ਗ੍ਰੰਥ ਦੀ ਪਾਈ ਗਲਤ ਫਹਿਮੀ ਤੇ ਆਧਾਰਿਤ ਹੈ। ਗੁਰੂ ਅੰਗਦ ਨੇ ਗੁਰੂ ਨਾਨਕ ਜੀ ਦੇ ਚਾਚੇ ਲਾਲੋ ਤੋਂ ਕੇਵਲ ਉਨ੍ਹਾਂ ਦੀ ਜਨਮਪੱਤਰੀ ਹੀ ਪ੍ਰਾਪਤ ਕੀਤੀ ਸੀ।"[13] ਪਰ ਇਹ ਅਖਰੀਲਾ ਸੁਝਾਅ ਉੱਕਾ ਹੀ ਪ੍ਰਵਾਨ ਕਰਨ ਯੋਗ ਨਹੀਂ ਜਾਪਦਾ। ਸਾਡਾ ਵੀ ਵਿਚਾਰ ਹੈ ਕਿ ਜਨਮਪੱਤਰੀ ਦੀ ਕਥਾ ਨੇ ਹੀ ਜਨਮਸਾਖੀ ਦੀ ਕਥਾ ਨੂੰ ਜਨਮ ਦਿੱਤਾ ਹੋਵੇਗਾ, ਪਰ ਇਹ ਕਹਿਣਾ ਕਿ ਇਹ ਕਥਾ ਲਿਪੀ ਦੀ ਕਾਢ ਸਬੰਧੀ ਪਰੰਪਰਾ ਦੀ ਵੀ ਜ਼ਿੰਮੇਵਾਰ ਹੈ ਨਿਰਸੰਦੇਹ ਦੂਰ ਦੀ ਗੱਲ ਹੈ। ਅਸੀਂ ਹੋਰ ਕਿਧਰੇ ਸਿੱਧ ਕੀਤਾ ਹੈ ਕਿ ਟਰੰਪ ਦਾ ਇਹ ਉਜ਼ਰ ਕਿ ਅੰਗਦ ਜੀ ਪੜ੍ਹ ਲਿਖ ਨਹੀਂ ਸਕਦੇ ਸਨ, ਉਸ ਪੈਰ੍ਹੇ ਵਿਚੋਂ ਨਹੀਂ ਨਿਕਲਦਾ ਜਿਸ ਉੱਤੇ ਉਹ ਨਿਰਭਰ ਕਰਦਾ ਹੈ।[14] ਪਰ ਪੱਟੀ ਵਾਸਤਵ ਵਿਚ ਅਦੁੱਤੀ ਦਿਖਾਈ ਦਿੰਦੀ ਹੈ। ਅਸਲ ਵਿਚ ਮੈਕਾਲਿਫ 'ਕਾਢ' ਦਾ ਦਾਅਵਾ ਹੀ ਛੱਡ ਦਿੰਦਾ ਹੈ ਅਤੇ ਕਹਿੰਦਾ ਹੈ ਕਿ "ਗੁਰੂ ਅੰਗਦ ਨੇ, ਇਹ ਸਮਝ ਕੇ ਕਿ ਗੁਰੂ ਨਾਨਕ ਦੀਆਂ ਰਚਨਾਵਾਂ ਆਪਣਾ ਵਿਸ਼ੇਸ਼ ਲਿਖਤੀ ਰੂਪ ਧਾਰਨ ਕਰਨ ਦੇ ਯੋਗ ਹਨ, ਗੁਰੂ ਜੀ ਦੇ ਮੁਖ ਵਿਚੋਂ ਜੋ ਕੁਝ ਵੀ ਨਿਕਲਿਆ ਉਸ ਨੂੰ ਅਭਿਵਿਅਕਤ ਕਰਨ ਲਈ ਪੰਜਾਬੀ ਲਿਪੀ, ਜਿਸ ਨੂੰ ਗੁਰਮੁਖੀ ਕਿਹਾ ਗਿਆ ਸੀ, ਅਪਣਾਈ ਤੇ ਇਸ ਵਿਚ ਸੁਧਾਰ ਕੀਤਾ।" ਇਸ ਸਬੰਧ ਵਿਚ ਉਹ ਇਕ ਸ਼ਲੋਕ ਦਾ ਜ਼ਿਕਰ ਵੀ ਕਰਦਾ ਹੈ ਜੋ ਉਸ

11. *Glossary of Punjab Tribes and Castes*. Vol. l, p. 677, f. n. l.
12. ਕੋਰਟ ਦਾ ਅਨੁਵਾਦ, ਪੰਨਾ 13.
13. *Glossary of Punjab Tribes and Castes.* Vol. l, p. 681. f. n. l.
14. ਉਕਤ, ਪੰਨਾ 47, ਫੁਟ ਨੋਟ 2.

ਨੂੰ ਖਡੂਰ ਵਿਖੇ ਇਕ ਪ੍ਰਾਚੀਨ ਹੱਥ-ਲਿਖਤ ਵਿਚੋਂ ਮਿਲਿਆ ਸੀ ਅਤੇ ਜਿਸ ਬਾਬਤ ਕਿਹਾ ਜਾਂਦਾ ਹੈ ਕਿ ਇਹ ਨਵੀਨ ਲਿਪੀ ਅਪਣਾਉਣ ਸਮੇਂ ਰਚਿਆ ਗਿਆ ਸੀ।[15] ਪਰ ਇਹ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਇਹ ਪਰੰਪਰਾ ਕਿ ਗੁਰੂ ਅੰਗਦ ਜੀ ਨੇ ਗੁਰਮੁਖੀ ਅੱਖਰਾਂ ਦੀ ਕਾਢ ਕੱਢੀ ਸੀ, ਕਾਫ਼ੀ ਬਲਵਾਨ ਹੈ ਅਤੇ ਸਾਡਾ ਵਿਚਾਰ ਹੈ ਕਿ ਪੱਟੀ ਦੀ ਸਮੱਸਿਆ ਵੀ ਕਾਫ਼ੀ ਹੱਦ ਤੱਕ ਹੱਲ ਹੋ ਜਾਂਦੀ ਹੈ ਜੇਕਰ ਅਸੀਂ ਇਸ ਦ੍ਰਿਸ਼ਟੀ ਤੋਂ ਸੋਚੀਏ ਕਿ ਗੁਰੂ ਜੀ ਨੇ ਪਹਿਲੋਂ ਦੀ ਪ੍ਰਚੱਲਿਤ ਲਿਪੀ ਨੂੰ ਸੁਧਾਰਿਆ ਤੇ ਅਪਣਾਇਆ ਸੀ। ਇਹੀ ਗੱਲ ਗ੍ਰਿਅਰਸਨ ਸੁਝਾਉਂਦਾ ਹੈ। "ਪੰਜਾਬ ਦੀ ਅਸਲੀ ਲਿਪੀ 'ਲੰਡੇ' ਜਾਂ 'ਕਟੀ ਹੋਈ' ਜਾਣੀ ਜਾਂਦੀ ਹੈ।" ਇਹ ਉੱਤਰੀ ਭਾਰਤ ਦੇ ਮਹਾਜਨੀ ਅੱਖਰਾਂ ਨਾਲ ਸਬੰਧਿਤ ਹੈ ਅਤੇ ਇਸ ਨਾਲ ਸਵਰ-ਧੁਨੀਆਂ ਦੀ ਅਤਿ ਅਪੂਰਣ ਪ੍ਰਣਾਲੀ ਰੱਖਣ ਕਰਕੇ ਮਿਲਦੀ ਜੁਲਦੀ ਹੈ। ਸਵਰ-ਧੁਨੀਆਂ ਆਮ ਤੌਰ ਤੇ ਛੱਡ ਦਿੱਤੀਆਂ ਜਾਂਦੀਆਂ ਹਨ। ਕਿਹਾ ਜਾਂਦਾ ਹੈ ਕਿ ਗੁਰੂ ਅੰਗਦ ਜੋ ਕਿ ਸਿੱਖਾਂ ਦੇ ਦੂਸਰੇ ਗੁਰੂ ਸਨ, ਦੇ ਸਮੇਂ ਵਿਚ (1538–1552) ਲੰਡੇ ਹੀ ਇਕੋ ਇਕ ਲਿਪੀ ਸੀ ਜਿਸ ਦੀ ਵਰਤੋਂ ਪੰਜਾਬ ਵਿਚ ਦੇਸ਼ ਭਾਸ਼ਾ ਲਿਖਣ ਲਈ ਕੀਤੀ ਜਾਂਦੀ ਸੀ। ਅੰਗਦ ਜੀ ਨੇ ਵੇਖਿਆ ਕਿ ਲੰਡਿਆਂ ਵਿਚ ਲਿਖੀ ਗਈ ਸਿੱਖ-ਬਾਣੀ ਗਲਤ ਪੜ੍ਹੀ ਜਾ ਸਕਦੀ ਹੈ ਅਤੇ ਉਨ੍ਹਾਂ ਨੇ ਇਸ ਵਿਚਾਰ ਅਨੁਸਾਰ ਦੇਵਨਾਗਰੀ ਲਿਪੀ (ਜੋ ਸਿਰਫ ਸੰਸਕ੍ਰਿਤ ਹੱਥ-ਲਿਖਤਾਂ ਵਿਚ ਵਰਤੀ ਜਾਂਦੀ ਸੀ) ਵਿਚੋਂ ਚਿੰਨ੍ਹ ਲੈ ਕੇ ਅੱਖਰਾਂ ਦੇ ਰੂਪ ਵਿਚ ਇਸ ਤਰ੍ਹਾਂ ਮਾਂਜੇ ਸੁਆਰੇ ਕਿ ਇਹ ਸਿੱਖ ਧਰਮ ਦੇ ਗ੍ਰੰਥ ਲਿਖਣ ਯੋਗ ਹੋ ਜਾਣ। ਉਨ੍ਹਾਂ ਦੀ ਕਾਢ ਹੋਣ ਕਰਕੇ ਇਨ੍ਹਾਂ ਅੱਖਰਾਂ ਦਾ ਨਾਂ ਗੁਰਮੁਖੀ ਕਰਕੇ ਜਾਣਿਆ ਜਾਣ ਲੱਗਾ ਜਾਂ ਉਹ ਵਰਣਮਾਲਾ ਜੋ ਗੁਰੂ ਦੇ ਮੁੱਖ ਵਿਚੋਂ ਨਿਕਲੀ ਹੈ। ਇਸ ਤੋਂ ਪਿੱਛੋਂ ਸਿੱਖ ਗ੍ਰੰਥ ਇਸੇ ਲਿਪੀ ਵਿਚ ਲਿਖੇ ਜਾਂਦੇ ਰਹੇ ਹਨ ਅਤੇ ਇਸ ਦੀ ਵਰਤੋਂ ਦੂਰ ਦੂਰ ਤਕ ਹੁੰਦੀ ਰਹੀ ਹੈ, ਖ਼ਾਸ ਕਰਕੇ ਇਸ ਮਤ ਦੇ ਸ਼ਿਸ਼ਾਂ ਵਿਚ।[16] ਨਿਰਸੰਦੇਹ ਇਹ ਨਿਸ਼ਚਿਤ ਹੈ ਕਿ ਇਹ ਪ੍ਰਸ਼ਨ ਏਨੀ ਆਸਾਨੀ ਨਾਲ ਨਹੀਂ ਛੱਡਿਆ ਜਾ ਸਕਦਾ ਜਿੰਨੀ ਆਸਾਨੀ ਨਾਲ ਟਰੰਪ ਅਤੇ ਬੀ. ਗੁਰਬਖ਼ਸ਼ ਛੱਡ ਦਿੰਦੇ ਹਨ। ਪਰੰਪਰਾ, ਪਰੰਪਰਾ ਹੋਣ ਦੇ ਨਾਤੇ ਹੀ ਨਹੀਂ ਤਿਆਗੀ ਜਾ ਸਕਦੀ ਜਦ ਤਕ ਕਿ ਇਸ ਦੇ ਵਿਰੁੱਧ ਕੋਈ ਠੋਸ ਸਬੂਤ ਨਾ ਹੋਵੇ। ਪੱਟੀ ਦੀ ਇਕੋ ਇਕ ਔਕੜ ਦੀ ਵਿਆਖਿਆ ਇਸ ਤਰਕ-ਸੰਗਤ ਆਧਾਰ ਤੇ ਕੀਤੀ ਜਾ ਸਕਦੀ ਹੈ ਕਿ ਮੌਲਿਕ ਰੂਪ ਵਿਚ ਇਸ ਦੀ ਰਚਨਾ ਗੁਰੂ ਨਾਨਕ ਜੀ ਨੇ ਲੰਡਿਆਂ ਵਿਚ ਕੀਤੀ ਅਤੇ ਪਿੱਛੋਂ ਇਸ ਵਿਚ ਲੋੜੀਂਦੀ ਸੁਧਾਈ ਕਰ ਕੇ ਇਸ ਨੂੰ ਗੁਰਮੁਖੀ ਵਿਚ ਲਿਪੀਆਂਤ੍ਰਿਤ ਕਰ ਦਿੱਤਾ ਗਿਆ। ਇਹ ਗੱਲ ਯਾਦ ਰਖਣ ਯੋਗ ਹੈ ਕਿ ਗੁਰੂ ਅੰਗਦ ਜੀ ਨੇ ਕਿਸੇ ਪੂਰਨ ਭਾਂਤ ਨਵੀਨ ਲਿਪੀ ਦੀ ਕਾਢ ਨਹੀਂ ਕੀਤੀ ਸਗੋਂ ਪਹਿਲੋਂ ਹੀ ਪ੍ਰਚਲਿਤ ਲਿਪੀ ਨੂੰ 'ਸੁਧਾਰਿਆ ਤੇ ਅਪਣਾਇਆ' ਸੀ ਅਤੇ ਇਸ ਉੱਤੇ ਧਾਰਮਕ ਪਵਿੱਤਰਤਾ ਦੀ ਮੋਹਰ ਲਾ ਇਸ ਨੂੰ ਵਿਸ਼ੇਸ਼ ਭਾਂਤ ਦਾ ਸਿੱਖ ਨਾਮ ਪ੍ਰਦਾਨ ਕਰ ਦਿੱਤਾ ਸੀ।

ਜੇਕਰ ਸਮੱਸਿਆ ਪ੍ਰਤਿ ਇਹ ਦ੍ਰਿਸ਼ਟੀ ਸਹੀ ਹੈ ਅਤੇ ਸਾਨੂੰ ਇਸ ਦੇ ਸੱਚੇ ਹੋਣ

15. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 56-57.

16. *Linguistic Survey of India*. vol. IX, Part I, p. 624.

ਵਿਚ ਕੋਈ ਸੰਦੇਹ ਨਹੀਂ ਤਾਂ ਇਹ ਅਵੱਸ਼ ਕਿਹਾ ਜਾਵੇਗਾ ਕਿ ਇਹ ਇਕ ਮਹੱਤਵਪੂਰਨ ਪ੍ਰਾਪਤੀ ਸੀ। ਜਿਵੇਂ ਕਿ ਨਾਰੰਗ ਲਿਖਦਾ ਹੈ, "ਨਵੀਨ ਲਿਪੀ ਦਾ ਨਾਮ ਹੀ ਇਸ ਦੀ ਵਰਤੋਂ ਕਰਨ ਵਾਲਿਆਂ ਦਾ ਧਿਆਨ ਗੁਰੂ ਪ੍ਰਤਿ ਉਨ੍ਹਾਂ ਦੇ ਕਰਤੱਵਾਂ ਵੱਲ ਲੈ ਜਾਂਦਾ ਸੀ ਅਤੇ ਨਿਰੰਤਰ ਉਨ੍ਹਾਂ ਦੇ ਮਨਾਂ ਵਿਚ ਇਸ ਗੱਲ ਦੀ ਚੇਤਨਾ ਜਗਾਈ ਰੱਖਦਾ ਸੀ ਕਿ ਉਹ ਹਿੰਦੂ ਮਤ ਦੀ ਜਨਤਾ ਨਾਲੋਂ ਕਿਸੇ ਭਾਂਤ ਭਿੰਨ ਹਨ।"[17] ਦੇਸ਼-ਭਾਸ਼ਾ ਦੀ ਵਰਤੋਂ ਤੇ ਉਹ ਵੀ ਅਜੇਹੀ ਲਿਪੀ ਵਿਚ ਜਿਹੜੀ ਕਿ ਵਿਸ਼ੇਸ਼ ਤੌਰ ਤੇ ਉਨ੍ਹਾਂ ਦੀ ਆਪਣੀ ਸੀ, ਪੰਡਤ-ਸ਼੍ਰੇਣੀ ਦੇ ਦਾਬੇ ਤੇ ਸੱਟ ਹੀ ਮਾਰ ਸਕਦੀ ਸੀ ਜਿਸ ਦਾ ਪ੍ਰਭਾਵ ਵਧੇਰੇ ਕਰਕੇ ਉਨ੍ਹਾਂ ਦੇ ਸੰਸਕ੍ਰਿਤ ਦੇ ਗਿਆਨ ਤੇ ਆਧਾਰਿਤ ਸੀ ਜੋ ਹੁਣ ਤਕ ਆਮ ਤੌਰ ਤੇ ਧਰਮ-ਭਾਸ਼ਾ ਬਾਣੀ ਰਹੀ ਸੀ। ਬਾਣੀ ਦਾ ਪ੍ਰਭਾਵ ਨਿਸ਼ਚਿਤ ਹੀ ਵਧੇਰੇ ਪ੍ਰਤੱਖ ਸੀ ਕਿਉਂਕਿ ਇਹ ਪ੍ਰਭਾਵ ਨੂੰ ਦੁਗਣਾ ਕਰ ਦਿੱਤਾ ਕਿਉਂਕਿ ਇਹ ਗੁਰੂ ਸਾਹਿਬ ਦੇ ਅਨੁਯਾਈਆਂ ਨੂੰ ਉਨ੍ਹਾਂ ਦੀ ਵਿਸ਼ੇਸ਼ਤਾ ਤੇ ਸੰਗਠਨ ਦੀ ਲਗਾਤਾਰ ਯਾਦ ਦਿਵਾਉਂਦੀ ਰਹਿੰਦੀ ਸੀ। ਗੁਰੂ ਅੰਗਦ ਜੀ ਨੇ ਸ਼ਾਇਦ ਗੁਰਮੁਖੀ ਆਪਣੇ ਪੂਰਵਾਧਿਕਾਰੀਆਂ ਦੀ ਬਾਣੀ ਨੂੰ ਕਿਸੇ ਯੋਗ ਤੇ ਸਰਲ ਰੂਪ ਵਿਚ ਅੰਕਿਤ ਕਰਨ ਦੀ ਲੋੜ ਵਜੋਂ ਅਪਣਾਈ ਸੀ ਪਰ ਉਨ੍ਹਾਂ ਨੇ ਇਕ ਅਜਿਹਾ ਹਥਿਆਰ ਘੜ ਦਿੱਤਾ ਕਿ ਜੋ ਹੋਰ ਮਾਮਲਿਆਂ ਵਿਚ ਅਣਦੇਖੀਆਂ ਸੰਭਾਵਨਾਵਾਂ ਭਰਿਆ ਸਿੱਧ ਹੋਇਆ।

ਪਿਛਲੇਰੇ ਸਿੱਖ ਰੋਜ਼ਨਾਮਚਿਆਂ ਅਨੁਸਾਰ ਗੁਰੂ ਅੰਗਦ ਸਾਹਿਬ ਦੀ ਅਗਲੀ ਵੱਡੀ ਪ੍ਰਾਪਤੀ ਗੁਰੂ ਨਾਨਕ ਦੀ ਜੀਵਨੀ ਦਾ ਸੰਪਾਦਨ ਕਰਨਾ ਸੀ। ਜਿਵੇਂ ਕਿ ਅਸੀਂ ਹੋਰ ਕਿਧਰੇ ਦੱਸਿਆ ਹੈ[18] ਇਸ ਵਿਚ ਕੋਈ ਸੰਦੇਹ ਨਹੀਂ ਸੀ ਕਿ ਇਹ ਦਾਅਵਾ ਪੂਰਨ ਭਾਂਤ ਨਿਰਾਧਾਰ ਹੈ। ਪਰ ਅਮਲੀ ਤੌਰ ਤੇ ਇਹ ਗੱਲ ਨਿਸ਼ਚਿਤ ਹੈ ਕਿ ਗੁਰੂ ਨਾਨਕ ਦੇਵ ਦੀ ਬਾਣੀ ਦੀ ਇਕੱਤਰਤਾ ਅਤੇ ਸੰਪਾਦਨ ਦਾ ਕੰਮ ਪਹਿਲੋਂ ਹੀ ਆਰੰਭ ਹੋ ਚੁੱਕਾ ਸੀ। ਇਹੀ ਕਾਰਨ ਸੀ ਜਿਸ ਕਰਕੇ ਲੰਡਿਆਂ ਨੂੰ ਸੁਧਾਰ ਕੇ ਗੁਰਮੁਖੀ ਵਿਚ ਬਦਲਣਾ ਪਿਆ। ਜਾਪਦਾ ਹੈ ਕਿ ਇਹ ਕੰਮ ਗੁਰੂ ਅਮਰ ਦਾਸ ਸਮੇਂ ਵੀ ਪੂਰੀ ਤਨਦੇਹੀ ਨਾਲ ਚਲਦਾ ਰਿਹਾ। ਗੁਰੂ ਜੀ ਨੇ ਕਿਹਾ ਦੱਸਿਆ ਜਾਂਦਾ ਹੈ ਕਿ "ਗੁਰੂ ਸਾਹਿਬ ਦੀ ਬਾਣੀ ਦੀ ਧਿਆਨਪੂਰਵਕ ਇਕੱਤਰਤਾ ਤੇ ਰੱਬ ਦੇ ਨਾਂ ਤੇ ਸਿੱਖਾਂ ਨੂੰ ਇਹ ਬਾਣੀ ਪ੍ਰਦਾਨ ਕਰਨਾ" ਅਤਿ ਲਾਭਕਾਰੀ ਕਰਮ ਹੈ।[19] ਇਸ ਸਿੱਖਿਆ ਦਾ ਫਲ ਇਸ ਗੱਲ ਵਿਚ ਵੇਖਿਆ ਜਾ ਸਕਦਾ ਹੈ ਕਿ ਜਦ ਗੁਰੂ ਅਰਜਨ ਦੇਵ ਨੇ ਇਕ ਵੱਡੇ ਗ੍ਰੰਥ ਵਿਚ ਆਪਣੇ ਪੂਰਵਾਧਿਕਾਰੀਆਂ ਅਤੇ ਆਪਣੀ ਬਾਣੀ ਦੇ ਸੰਪਾਦਨ ਦੀ ਯੋਜਨਾ ਬਣਾਈ ਤਾਂ ਘੱਟੋ ਘੱਟ ਪਹਿਲੇ ਤਿੰਨ ਗੁਰੂਆਂ ਦੀ ਬਾਣੀ ਨਾਲ ਸਬੰਧਿਤ ਸਾਰੀ ਸਮੱਗਰੀ ਤਿਆਰ-ਬਰ-ਤਿਆਰ ਮਿਲ ਗਈ। ਸੋ ਇਹ ਪ੍ਰਤੀਤ ਹੁੰਦਾ ਹੈ ਕਿ ਅਜੇਹੇ ਕਾਰਜ ਦੇ ਆਰੰਭ, ਜੋ ਅੰਤ ਵਿਚ ਗੁਰੂ ਗ੍ਰੰਥ ਸਾਹਿਬ ਦੀ ਸਿਰਜਣਾ ਵਿਚ ਰੂਪਮਾਨ ਹੋਇਆ, ਦਾ ਸਿਹਰਾ ਵੀ ਗੁਰੂ ਅੰਗਦ ਜੀ ਦੇ ਸਿਰ ਤੇ ਹੈ।

---

17. ਨਾਰੰਗ, ਉਪਰੋਕਤ ਰਚਨਾ, ਪੰਨਾ 18.
18. ਉਕਤ, ਪੰਨਾ 47-48.
19. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 85.

ਅੰਤ ਵਿਚ ਅਸੀਂ ਲੰਗਰ ਦੀ ਵਿਸ਼ੇਸ਼ ਸਿੱਖ ਸੰਸਥਾ ਨੂੰ ਲੈਂਦੇ ਹਾਂ। ਕਿਹਾ ਜਾਂਦਾ ਹੈ ਕਿ "ਇਹ ਸੰਸਥਾ ਗੁਰੂ ਨਾਨਕ ਜੀ ਨੇ ਹੀ ਆਰੰਭ ਕਰ ਦਿੱਤੀ ਸੀ ਤੇ ਗੁਰੂ ਅੰਗਦ ਜੀ ਨੇ ਕੇਵਲ ਇਸ ਦਾ ਵਧਾਨ ਅਤੇ ਪਸਾਰ ਹੀ ਕੀਤਾ ਸੀ।" ਗੁਰੂ ਨਾਨਕ ਜੀ ਨੇ ਕਿਹਾ ਕਿ :

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥[20]

(ਸਲੋਕ ਮਹਲਾ ੧, ਪੰਨਾ ੧੨੪੫)

ਅਤੇ ਅਸੀਂ ਜਾਣਦੇ ਹਾਂ ਕਿ ਗੁਰੂ ਨੂੰ ਭੇਟਾ ਦੇਣੀ ਸਿੱਖਾਂ ਦੇ ਜ਼ਰੂਰੀ ਕਰਤੱਵਾਂ ਵਿਚੋਂ ਇਕ ਸਮਝਿਆ ਜਾਂਦਾ ਸੀ। ਪਰ ਗੁਰੂ ਨਾਨਕ ਜੀ, ਨਾਲ ਹੀ, ਨਜ਼ਰਾਨੇ, 'ਅਪੱਚ ਵਿਹੁ ਦੇ ਸਮਾਨ' ਸਮਝਦੇ ਸਨ ਅਤੇ ਗੁਰੂ ਅੰਗਦ ਨੇ ਆਪਣੇ ਗੁਰੂ ਦੀ ਸਿੱਖਿਆ ਦੇ ਤੱਤ ਨੂੰ ਏਨੀ ਇਮਾਨਦਾਰੀ ਨਾਲ ਗ੍ਰਹਿਣ ਕੀਤਾ ਕਿ ਉਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਮੁੰਜ ਦਾ ਵਾਣ ਵੱਟ ਕੇ ਨਿਰਬਾਹ ਕਰਦੇ ਸਨ, ਭਾਵੇਂ ਸਿੱਖਾਂ ਵੱਲੋਂ ਨਜ਼ਰਾਨਿਆਂ ਦੀ ਕੋਈ ਘਾਟ ਨਹੀਂ ਸੀ। ਸਿੱਖ ਮਤ ਦੇ ਮੁੱਢਲੇ ਦਿਨਾਂ ਵਿਚ ਇਹ ਭੇਟਾ ਸਾਰੀ ਦੀ ਸਾਰੀ ਲੰਗਰ ਚਲਾਉਣ ਲਈ ਵਰਤੀ ਜਾਂਦੀ ਸੀ।[21] "ਇਹ ਸੰਸਥਾ ਪ੍ਰਚਾਰ-ਕਾਰਜ ਵਿਚ ਅਤਿਅੰਤ ਸਹਾਇਕ ਸਿੱਧ ਹੋਈ।" ਗ਼ਰੀਬਾਂ ਲਈ ਜਿਥੇ ਇਸ ਸ਼ਰਨਾਸਥਾਨ ਦਾ ਕੰਮ ਕੀਤਾ ਉਥੇ ਇਹ ਪ੍ਰਚਾਰ ਅਤੇ ਲੋਕ-ਪ੍ਰਿਯਤਾ ਦਾ ਸਾਧਨ ਬਣ ਗਿਆ ਅਤੇ "ਇਸ ਨੇ ਗੁਰੂ ਜੀ ਦੇ ਦਾਨ ਨੂੰ ਇਕ ਨਿਸ਼ਚਿਤ ਦਿਸ਼ਾ ਦੇ ਦਿੱਤੀ"। ਸਿੱਖਾਂ ਵਿਚ ਇਸ ਨੇ ਇਕ ਮਹਾਨ ਸੰਗਠਨਕਾਰੀ ਸ਼ਕਤੀ ਦਾ ਕੰਮ ਕੀਤਾ ਅਤੇ ਕਾਫ਼ੀ ਹੱਦ ਤਕ ਜਾਤਪਾਤ ਦੇ ਪੱਖਪਾਤ ਨੂੰ ਘਟਾ ਦਿੱਤਾ, ਕਿਉਂਕਿ ਜਿਹੜੇ ਲੰਗਰ ਵਿਚ ਭੋਜਨ ਕਰਨ ਆਉਂਦੇ ਸਨ ਉਨ੍ਹਾਂ ਸਾਰਿਆਂ ਨੂੰ ਜਾਤਪਾਤ ਅਤੇ ਧਰਮ ਦੇ ਵਿਤਕਰੇ ਤੋਂ ਰਹਿਤ ਹੋ ਕੇ ਇਕੱਠਿਆਂ ਭੋਜਨ ਕਰਨਾ ਪੈਂਦਾ ਸੀ।

ਸੋ ਇਹ ਕਹਿਣਾ ਤਰਕਹੀਣ ਨਹੀਂ ਹੈ ਕਿ ਗੁਰੂ ਅੰਗਦ ਜੀ ਗੁਰੂ ਨਾਨਕ ਦੇ ਮਿਸ਼ਨ ਨੂੰ ਇਕ ਸਥਾਨਕ ਨਿਵਾਸ ਅਤੇ ਨਾਂ ਦੇਣ ਵਿਚ ਸਫ਼ਲ ਹੋ ਗਏ ਸਨ।[22] ਗੁਰੂ ਨਾਨਕ ਦੇ ਸ਼ਿਸ਼ਾਂ ਨੂੰ ਹਿੰਦੂ ਜਨਤਾ ਵਿਚ ਪੂਰਨ ਵਿਲੀਨਤਾ ਤੋਂ ਬਚਾਉਣਾ ਉਸ ਸਮੇਂ ਦੀ ਲੋੜ ਸੀ। ਇਕ ਵਿਸ਼ੇਸ਼ਤਾ ਪੈਦਾ ਕਰਨ ਦੀ ਲੋੜ ਸੀ ਤਾਂ ਕਿ ਗੁਰੂ ਨਾਨਕ ਦੇ ਮਿਸ਼ਨ ਦੁਆਰਾ ਹੋਂਦ ਵਿਚ ਲਿਆਂਦੇ ਜਾਣ ਵਾਲੇ ਪ੍ਰਭਾਵਾਂ ਉੱਤੇ ਉਸ ਸਮੇਂ ਵਿਚ ਵਿਆਪਤ ਅਚੇਤਨਤਾ ਅਤੇ ਅਗਿਆਨਤਾ ਹਾਵੀ ਨਾ ਹੋ ਜਾਵੇ। ਇਸ ਮੰਤਵ ਦੀ ਪੂਰਤੀ ਵਿਚ ਗੁਰੂ ਅੰਗਦ ਜੀ ਦੇ ਯਤਨਾਂ ਨੇ ਕਾਫ਼ੀ ਹਿੱਸਾ ਪਾਇਆ। ਗੁਰੂ ਤੋਂ ਇਲਾਵਾ, ਜਿਸ ਦੀ ਪਦਵੀ ਇਕੋ ਇਕ ਅਤੇ ਸਰਵਉੱਚ ਧਾਰਮਕ ਆਗੂ ਦੇ ਰੂਪ ਵਿਚ ਏਕਤਾ ਅਤੇ ਸੰਗਠਨ

---

20. ਉਹੀ, ਸੈਂਚੀ ਪਹਿਲੀ, ਪੰਨਾ 374.
21. ਟਿਕੇ ਦੀ ਵਾਰ ਵਿਚ ਆਉਂਦਾ ਹੈ ਕਿ ਗੁਰੂ ਅੰਗਦ ਦੀ ਪਤਨੀ ਖੀਵੀ, ਗੁਰੂ ਦੀ ਸੰਪੱਤੀ ਲੰਗਰ ਵਿਚ ਵੰਡ ਦੇਂਦੀ ਸੀ। (ਮੈਕਾਲਿਫ, ਉਹੀ, ਸੈਂਚੀ ਪਹਿਲੀ, ਪੰਨਾ 27)
ਮੂਲ, ਇਹ ਹੈ : "ਲੰਗਰ ਦਉਲਤਿ ਵੰਡੀਐ ਰਸੁ ਅੰਮ੍ਰਿਤ ਖੀਰਿ ਘਿਆਲੀ।"
22. ਨਾਰੰਗ, ਉਪਰੋਕਤ ਰਚਨਾ, ਪੰਨਾ 19, 20.

ਦਾ ਇਕ ਵੱਡਾ ਸੋਮਾ ਸੀ, ਸਿੱਖਾਂ ਕੋਲ ਹੁਣ ਉਨ੍ਹਾਂ ਦੀ ਆਪਣੀ ਗੁਰਮੁਖੀ ਵਿਚ ਲਿਖੀ ਗੁਰਬਾਣੀ ਸੀ, ਉਨ੍ਹਾਂ ਦੀਆਂ ਸੰਯੁਕਤ ਕੋਸ਼ਿਸ਼ਾਂ ਤੇ ਸੇਵਾਵਾਂ ਦੁਆਰਾ ਚਲਾਇਆ ਗਿਆ ਲੰਗਰ ਸੀ। ਹੁਣ ਉਹ ਆਪਣੇ ਸੁਤੰਤਰ ਅਸਤਿਤਵ ਦਾ ਦਾਅਵਾ ਕਰ ਸਕਦੇ ਸਨ, ਭਾਵੇਂ ਇਹ ਉਸ ਸਮੇਂ ਤਕ ਕਿੰਨਾ ਹੀ ਅਧੂਰਾ ਕਿਉਂ ਨਾ ਹੋਵੇ।

ਪਰ ਆਰੰਭਿਕ ਔਕੜਾਂ ਜਿਨ੍ਹਾਂ ਦਾ ਸਿੱਖ ਲਹਿਰ ਨੂੰ ਸਾਹਮਣਾ ਕਰਨਾ ਪਿਆ ਇਥੇ ਹੀ ਨਹੀਂ ਮੁੱਕ ਜਾਂਦੀਆਂ। 'ਵਿਲੀਨਤਾ' ਦੇ ਖ਼ਤਰੇ ਤੋਂ ਛੁੱਟ ਇਕ ਹੋਰ ਸੰਭਾਵਨਾ ਇਹ ਸੀ ਕਿ ਨਾਨਕ ਦੇਵ ਜੀ ਦੇ ਅਨੁਯਾਈ ਹੌਲੇ ਹੌਲੇ ਵਿਰਾਗੀ-ਮਤ ਤਕ ਸੀਮਿਤ ਨਾ ਹੋ ਜਾਣ। ਇਹ ਨਿਰਸੰਦੇਹ ਸੱਚ ਹੈ ਕਿ ਗੁਰੂ ਨਾਨਕ ਜੀ ਨੇ ਗ੍ਰਿਹਸਤੀਆਂ ਦੁਆਰਾ ਮੁਕਤੀ ਪ੍ਰਾਪਤੀ ਦੀ ਸੰਭਾਵਨਾ ਨੂੰ ਦ੍ਰਿੜ੍ਹਤਾ ਨਾਲ ਘੋਸ਼ਿਤ ਕੀਤਾ ਸੀ ਅਤੇ ਨਿਜੀ ਨਿਰਬਾਹ ਕਰਨ ਲਈ ਮਿਹਨਤ ਦੀ ਲੋੜ ਤੇ ਉਨ੍ਹਾਂ ਦਾ ਬਲ ਦੇਣਾ ਇਹ ਸਿੱਧ ਕਰਦਾ ਸੀ ਕਿ ਉਨ੍ਹਾਂ ਦਾ ਕੋਈ ਸ਼ਿਸ਼ ਏਕਾਂਤ-ਵਾਸ ਨਾ ਅਪਣਾ ਸਕੇ ਅਤੇ ਸੰਸਾਰ ਦੇ ਸ਼ੋਰ ਸ਼ਰਾਬੇ ਨਾਲੋਂ ਜੰਗਲ ਦੀ ਚੁਪ-ਚਾਂ ਨੂੰ ਚੰਗੇਰਾ ਨਾ ਸਮਝ ਲਵੇ। ਗੁਰੂ ਨਾਨਕ ਜੀ ਕਹਿੰਦੇ ਹਨ ਕਿ ਮੰਗਣ ਨਾਲੋਂ ਆਪਣੀ ਕਿਰਤ ਦੀ ਕਮਾਈ ਕਰਨਾ ਵਧੇਰੇ ਚੰਗਾ ਹੈ ਕਿਉਂਕਿ :

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥

(ਸਲੋਕ ਮਹਲਾ ੧, ਪੰਨਾ ੧੨੪੫)

ਦਾਨ ਜਿਵੇਂ ਕਿ ਅਸੀਂ ਦੇਖਿਆ ਹੈ ਜ਼ਹਿਰ ਸਮਝਿਆ ਜਾਂਦਾ ਸੀ ਜਿਹੜਾ ਪਚ ਨਹੀਂ ਸਕਦਾ। "ਜਦ ਕੋਈ ਮਨੁੱਖ ਧਰਮ ਕਰਮ ਬਹੁਤ ਹੀ ਘੱਟ ਕਰਦਾ ਹੈ ਅਤੇ ਚੜ੍ਹਾਵੇ ਤੇ ਹੀ ਆਪਣਾ ਨਿਰਬਾਹ ਕਰਦਾ ਹੈ ਤਾਂ ਇਸ ਦਾ ਅਸਰ ਉਸ ਉੱਤੇ ਜ਼ਹਿਰ ਵਾਂਗ ਹੁੰਦਾ ਹੈ।"[23] ਗੁਰੂ ਨਾਨਕ ਨੇ ਗ੍ਰਿਹਸਤ-ਧਰਮ ਦੇ ਗੁਣਾਂ ਤੇ ਸਪੱਸ਼ਟ ਭਾਂਤ ਚਾਨਣਾ ਪਾਇਆ ਸੀ[24] ਅਤੇ ਉਦਾਸੀਆਂ ਸਬੰਧੀ ਉਨ੍ਹਾਂ ਨੇ ਕਿਹਾ ਸੀ ਕਿ ਸੰਸਾਰ ਦੀਆਂ ਸਭ ਵਸਤਾਂ ਦੀ ਵਰਤੋਂ ਕਰਨਾ ਪਰ ਉਨ੍ਹਾਂ ਨੂੰ ਕਦੇ ਆਪਣੀ ਨਹੀਂ ਸਗੋਂ ਪਰਮਾਤਮਾ ਦੀ ਸੰਪੱਤੀ ਸਮਝਣਾ ਅਤੇ ਪਰਮਾਤਮਾ ਦੇ ਮਿਲਾਪ ਲਈ ਸਦਾ ਤਾਂਘ ਰਖਣਾ ਹੀ ਉਦਾਸ ਹੈ।[25] ਅਸਲ ਵਿਚ ਉਨ੍ਹਾਂ ਨੇ ਇਕ ਵਿਸ਼ੇਸ਼ ਹਦਾਇਤ ਦਾ ਫ਼ਰਮਾਨ ਕੀਤਾ :

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥[26]

(ਸੂਹੀ ਮਹਲਾ ੧, ਘਰ ੭, ਪੰਨਾ ੭੩੦)

ਸੋ ਇਹ ਪ੍ਰਤੀਤ ਹੁੰਦਾ ਹੈ ਕਿ ਗੁਰੂ ਨਾਨਕ ਦੇ ਮਤ ਵਿਚ ਤਿਆਗਵਾਦ ਲਈ ਕੋਈ ਥਾਂ ਨਹੀਂ ਹੈ। ਪਰ ਸ਼ਾਇਦ ਇਹ ਉੱਨਾ ਹੀ ਸੱਚ ਹੈ ਜਿੰਨਾ ਕਿ ਗੁਰੂ ਨਾਨਕ ਦੀ ਬਾਣੀ ਤੇ ਰਚਨਾਵਾਂ, ਵਿਰਾਗੀਆਂ ਦੇ ਮਤ ਨੂੰ ਜਨਮ ਦੇਣ ਲਈ ਕਾਫ਼ੀ ਮਾਤ੍ਰਾ ਵਿਚ ਸਾਮੱਗਰੀ ਪ੍ਰਦਾਨ ਕਰਦੀਆਂ ਹਨ, ਜਿਹੜੇ ਸੰਸਾਰ ਨੂੰ ਤਿਆਗ ਕੇ ਏਕਾਂਤ ਅਤੇ ਸਮਾਧੀ

---

23. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 45.
24. *ਉਹੀ*, ਪੰਨਾ 319, 103.
25. *ਉਹੀ*, ਪੰਨਾ 106.
26. *ਉਹੀ*, ਪੰਨਾ 60.

ਦਾ ਸਹਾਰਾ ਲੱਭਦੇ ਹਨ ਨਾਨਕ ਦੇਵ ਜੀ ਕਹਿੰਦੇ ਹਨ :

ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥[27]

(ਸਿਰੀ ਰਾਗ ਮਹਲਾ ੧, ਘਰ ੧, ਪੰਨਾ ੧੪)

ਅਤੇ ਫਿਰ ਇਕ ਥਾਂ ਕਿਹਾ ਹੈ, "ਕੇਵਲ ਇਕੋ ਇਕ ਪਰਮ ਸੱਚ ਨੂੰ ਵੀ ਧਿਆਨ ਗੋਚਰ ਕਰੋ ਅਤੇ ਇਹ ਸੰਸਾਰ ਝੂਠ ਸਮਝੋ। ਜਿਹੜੇ ਇਸ ਸੰਸਾਰ ਨੂੰ ਸੱਚ ਮੰਨਣਗੇ ਉਹ ਭੈੜੀ ਤਰ੍ਹਾਂ ਮਰਨਗੇ।"[28]

ਇਹੋ ਜਿਹੇ ਕਈ ਕਥਨਾਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ ਜਿਹੜੇ ਇਹ ਸਿੱਧ ਕਰਦੇ ਹਨ ਕਿ ਗੁਰੂ ਨਾਨਕ ਦੇਵ ਸੰਸਾਰ ਨੂੰ ਮਿਥਿਆ ਸਮਝਦੇ ਸਨ ਅਤੇ ਉਨ੍ਹਾਂ ਦੇ ਜੀਵਨ ਦੇ ਕਈ ਪੱਖ ਉਨ੍ਹਾਂ ਦੇ ਉਪਦੇਸ਼ ਦੇ ਇਸ ਪੱਖ ਦੀ ਹੋਰ ਪੁਸ਼ਟੀ ਕਰਦੇ ਹਨ। ਬਚਪਨ ਤੋਂ ਹੀ ਸੰਸਾਰਿਕ ਧੰਦਿਆਂ ਪ੍ਰਤਿ ਉਨ੍ਹਾਂ ਦੀ ਭਾਵੁਕ ਉਦਾਸੀਨਤਾ ਅਤੇ ਉਨ੍ਹਾਂ ਦੇ ਪਿਤਾ ਕਾਲੂ ਵੱਲ ਘਰ ਮੁੜਨ ਲਈ ਤਰਲਿਆਂ ਦੇ ਦਿੱਤੇ ਉੱਤਰਾਂ ਤੋਂ ਇਹ ਸਿੱਧ ਕੀਤਾ ਜਾ ਸਕਦਾ ਹੈ ਕਿ ਗੁਰੂ ਨਾਨਕ ਜੀ ਨੇ ਗ੍ਰਿਹਸਤ-ਜੀਵਨ ਨੂੰ ਤਜ ਦਿੱਤਾ ਸੀ। ਅਸਲ ਵਿਚ ਸਾਨੂੰ ਗੁਰੂ ਜੀ ਦੀਆਂ ਰਚਨਾਵਾਂ ਵਿਚੋਂ ਸੈਲਾਨੀ-ਜੀਵਨ ਦੇ ਪੱਖ ਵਿਚ ਦਲੀਲਾਂ ਵੀ ਮਿਲ ਜਾਂਦੀਆਂ ਹਨ।[29] ਇਸ ਵਿਚ ਕੋਈ ਸ਼ੱਕ ਨਹੀਂ ਕਿ ਅੰਗਦ ਜੀ ਨੂੰ, ਜਿਨ੍ਹਾਂ ਦੀ ਪਤਨੀ ਅਤੇ ਬੱਚੇ ਸਨ, ਆਪਣਾ ਉੱਤਰਾਧਿਕਾਰੀ ਨਿਯੁਕਤ ਕਰ ਕੇ ਗੁਰੂ ਨਾਨਕ ਨੇ ਸਪੱਸ਼ਟ ਭਾਂਤ ਸੰਕੇਤ ਕਰ ਦਿੱਤਾ ਹੈ ਕਿ ਉਨ੍ਹਾਂ ਦੀ ਹਮਦਰਦੀ ਕਿਸ ਪਾਸੇ ਵੱਲ ਹੈ ਅਤੇ ਭਾਈ ਗੁਰਦਾਸ ਦੇ ਭਰੋਸੇ ਯੋਗ ਪ੍ਰਮਾਣ ਤੋਂ ਅਸੀਂ ਇਹ ਵੀ ਜਾਣਦੇ ਹਾਂ ਕਿ ਜਦੋਂ ਗੁਰੂ ਜੀ ਅੰਤ ਵਿਚ ਕਰਤਾਰਪੁਰ ਵਿਚ ਰਹਿਣ ਲੱਗੇ ਤਾਂ ਉਨ੍ਹਾਂ ਨੇ ਪਰਿਵਾਰਕ ਸਬੰਧ ਮੁੜ ਅਪਣਾ ਲਏ ਸਨ। ਪਰ ਇਹ ਤੱਥ ਫਿਰ ਵੀ ਬਣਿਆ ਰਹਿੰਦਾ ਹੈ ਕਿ ਸਾਵਧਾਨੀ ਨਾਲ ਕੀਤੀ ਚੋਣ ਤੇ ਬਲ ਦੁਆਰਾ ਗੁਰੂ ਨਾਨਕ ਜੀ ਦੇ ਜੀਵਨ ਅਤੇ ਰਚਨਾਵਾਂ ਵਿਚੋਂ ਤਿਆਗਵਾਦ ਦਾ ਵਿਚਾਰ ਲੱਭਿਆ ਜਾ ਸਕਦਾ ਹੈ। ਇਸ ਲਈ ਸਾਨੂੰ ਇਸ ਗੱਲੋਂ ਹੈਰਾਨ ਨਹੀਂ ਹੋਣਾ ਚਾਹੀਦਾ ਕਿ ਗੁਰੂ ਨਾਨਕ ਦੇਵ ਦੇ ਵੱਡੇ ਪੁੱਤਰ ਸ੍ਰੀ ਚੰਦ ਦੀ ਅਗਵਾਈ ਹੇਠਾਂ ਇਕ ਪ੍ਰਭਾਵਸ਼ਾਲੀ ਵਿਚਾਰਧਾਰਾ ਪੈਦਾ ਹੋਈ ਜਿਸ ਵਿਚ ਸੰਸਾਰ ਦਾ ਤਿਆਗ ਸੀ ਅਤੇ ਕਿਸੇ ਜੰਗਲ ਜਾਂ ਪਹਾੜ ਦੀ ਅਡੋਲ ਸ਼ਾਂਤੀ ਵਿਚ ਇਕੋ ਸੱਚ ਦੀ ਅਖੰਡ ਆਰਾਧਨਾ ਵਿਚੋਂ ਸ਼ਾਂਤੀ ਲਭਦੀ ਸੀ। ਉਦਾਸੀ, ਜਿਵੇਂ ਕਿ ਸ੍ਰੀ ਚੰਦ ਦੇ ਸ਼ਿਸ਼ਾਂ ਨੂੰ ਕਿਹਾ ਜਾਂਦਾ ਸੀ, ਭੀ ਉਹ ਪ੍ਰਮਾਣ ਪੱਤਰ ਰਖਦੇ ਅਤੇ ਅਸਲੀ ਸਿੱਖ ਮਤ ਵਾਲੀ ਪਵਿੱਤਰਤਾ ਦਾ ਦਾਅਵਾ ਕਰਦੇ ਸਨ। ਜਤ ਅਤੇ ਤਿਆਗ ਤੋਂ ਛੁੱਟ "ਇਸ ਮਤ ਦੇ ਹੋਰ ਅਸੂਲ ਸਿੱਖ ਮਤ ਵਾਲੇ ਹੀ ਸਨ ਅਤੇ ਇਹ ਮਤ ਗੁਰੂ ਨਾਨਕ ਨੂੰ ਸਿੱਖਾਂ ਜਿੰਨੀ ਸ਼ਰਧਾ ਤੇ ਆਦਰ ਨਾਲ ਵੇਖਦਾ ਸੀ।" ਸੋ ਇਹ ਗੱਲ ਆਵੱਸ਼ਕ ਸੀ ਕਿ ਸਿੱਖ ਮਤ ਦਾ ਬੁਨਿਆਦੀ

27. *ਉਹੀ*, ਪੰਨਾ 80.
28. *ਉਹੀ*, ਪੰਨਾ 14.
29. ਮੈਕਾਲਿਫ, *ਉਪਰੋਕਤ ਰਚਨਾ*, ਸੈਂਚੀ ਪਹਿਲੀ, ਪੰਨਾ 291.

ਸੁਭਾਅ ਸਦਾ ਲਈ ਨਿਰਧਾਰਿਤ ਕੀਤਾ ਗਿਆ, ਕਿਉਂਕਿ ਇਸ ਉੱਤੇ ਹੀ ਲਹਿਰ ਦਾ ਸਮੁੱਚਾ ਭਵਿੱਖ ਨਿਰਭਰ ਸੀ। ਇਸ ਗੱਲ ਦਾ ਤੁਰੰਤ ਫੈਸਲਾ ਕਰਨਾ ਹੋਰ ਵੀ ਜ਼ਰੂਰੀ ਸੀ ਕਿਉਂਕਿ ਭਾਰਤੀ ਮਨ ਆਮ ਤੌਰ ਤੇ ਤਿਆਗਵਾਦ ਵੱਲ ਵਧੇਰੇ ਰੁਚੀ ਰਖਦਾ ਸੀ ਅਤੇ ਅੱਜ ਤਕ ਵੀ ਇਕ ਤਿਆਗੀ ਦੇ ਜੀਵਨ ਨੂੰ ਹੋਰ ਮਨੁੱਖੀ ਜੀਵਨਾਂ ਦੇ ਮੁਕਾਬਲੇ ਵਿਚ ਵਧੇਰੇ ਸਨਮਾਨ ਯੋਗ ਖ਼ਿਆਲ ਕੀਤਾ ਜਾਂਦਾ ਹੈ। ਇਸ ਖਤਰੇ ਨੂੰ ਟਾਲਣ ਲਈ ਗੁਰੂ ਅੰਗਦ ਜੀ ਦੁਆਰਾ ਅਪਣਾਏ ਗਏ ਕਿਸੇ ਨਿਸ਼ਚਿਤ ਉਪਾ ਦਾ ਸਾਨੂੰ ਕੋਈ ਗਿਆਨ ਨਹੀਂ, ਜਦ ਤਕ ਅਸੀਂ ਉਨ੍ਹਾਂ ਦੇ ਅਸਲੀ ਉਪਦੇਸ਼ਾਂ ਅਤੇ ਗੁਰੂ ਨਾਨਕ ਜੀ ਦੀ ਬਾਣੀ ਦੀ ਵਿਆਖਿਆ ਵਿਚੋਂ ਇਹ ਭਾਵ ਨਾ ਕੱਢੀਏ। ਪਰ ਇਹ ਕਿਹਾ ਜਾਂਦਾ ਹੈ ਕਿ ਉਨ੍ਹਾਂ ਦੇ ਉੱਤਰਾਧਿਕਾਰੀ ਗੁਰੂ ਅਮਰ ਦਾਸ ਨੇ ਅਧਿਕਾਰਪੂਰਨ ਐਲਾਨ ਕੀਤਾ ਸੀ ਕਿ "ਕ੍ਰਿਆਸ਼ੀਲ ਅਤੇ ਗ੍ਰਿਹਸਤੀ ਸਿੱਖ ਕ੍ਰਿਆਹੀਣ ਅਤੇ ਵਿਰੱਕਤ ਉਦਾਸੀਆਂ ਨਾਲੋਂ ਪੂਰਨ ਭਾਂਤ ਭਿੰਨ ਹਨ।" ਸੋ ਹਿੰਦੂ ਮਤ ਵਿਚੋਂ ਪੈਦਾ ਹੋਏ ਅਤੇ ਇਸੇ ਵਿਚ ਵਿਲੀਨ ਹੋ ਗਏ ਕਈ ਮਤਾਂ ਵਾਂਗ, ਉਨ੍ਹਾਂ ਨੇ ਇਸ ਮਤ ਨੂੰ ਆਰੰਭਿਕ ਅਵਸਥਾ ਵਿਚ ਅਲੋਪ ਹੋ ਜਾਣ ਤੋਂ ਬਚਾਈ ਰਖਿਆ।[30]

ਉਦਾਸੀਆਂ ਨਾਲੋਂ ਇਸ ਭਿੰਨਤਾ ਦਾ ਸਿੱਟਾ ਸਿੱਖਾਂ ਨੂੰ ਇਕੱਠੇ ਕਰਨ ਵਾਲੇ ਧਾਰਮਕ ਬੰਧਨ ਤੋਂ ਛੁੱਟ ਸਮਾਜਕ ਲੱਛਣ ਪ੍ਰਦਾਨ ਕਰਨਾ ਸੀ। ਗੁਰੂ ਨਾਨਕ ਦੇ ਸਿੱਖ ਹੁਣ ਆਪਣੇ ਆਪ ਨੂੰ ਨਿਪਟ ਅਜੇਹੇ ਭਾਈਚਾਰੇ ਵਿਚ ਬੰਨ੍ਹ ਕੇ ਹੀ ਨਹੀਂ ਰੱਖ ਸਕਦੇ ਸਨ ਜੋ ਧਰਮ ਸਬੰਧੀ ਪ੍ਰਗਤੀਸ਼ੀਲ ਵਿਚਾਰ ਰੱਖਦਾ ਹੋਵੇ ਅਤੇ ਆਪਣੀਆਂ ਨਿਜੀ ਅਤੇ ਪ੍ਰਵਾਨਿਤ ਸੰਸਥਾਵਾਂ ਰਾਹੀਂ ਆਪਣੇ ਆਦਰਸ਼ਾਂ ਨੂੰ ਪ੍ਰਚੱਲਿਤ ਕਰਨ ਦਾ ਯਤਨ ਕਰਦਾ ਹੋਵੇ ਸਗੋਂ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਵਿਸ਼ਾਲ ਬਣਾਉਣਾ ਵੀ ਅਨਿਵਾਰੀ ਹੋ ਗਿਆ ਸੀ ਜਿਸ ਦੇ ਖੇਤਰ ਵਿਚ ਸਮਾਜਕ ਜੀਵਨ ਦੇ ਸਾਰੇ ਮਹੱਤਵਪੂਰਨ ਪੱਖ ਸਮਾ ਸਕਣ। ਸਿੱਖ ਮਤ ਅਵੱਸ਼ ਹੀ ਗ੍ਰਿਹਸਤੀਆਂ ਦਾ ਮਤ ਬਣ ਚੁੱਕਿਆ ਸੀ ਅਤੇ ਇਸ ਦੇ ਅਨੁਯਾਈਆਂ ਦਾ ਸਰੂਪ ਸਥਿਰ ਰਖਣ ਲਈ ਉਸੇ ਭਾਂਤ ਨਵੀਨ ਸਮਾਜਕ ਰਹੁ-ਰੀਤਾਂ ਸਥਾਪਿਤ ਕਰਨਾ ਆਵੱਸ਼ਕ ਸੀ ਜਿਸ ਤਰ੍ਹਾਂ ਕਿ ਗੁਰੂ ਨਾਨਕ ਦੇਵ ਦੇ ਪ੍ਰਭਾਵ ਨੂੰ ਬਣਾਈ ਰੱਖਣ ਦੇ ਯਤਨ ਵਿਚ ਨਵੀਨ ਧਾਰਮਕ ਸੰਸਥਾਵਾਂ ਕਾਇਮ ਕੀਤੀਆਂ ਗਈਆਂ। ਸੋ ਇਸ ਤੋਂ ਅੱਗੇ ਸਿੱਖ ਮਤ ਵਿਚ ਦੋ ਸਮਾਨਾਤਰ ਧਾਰਾਵਾਂ ਦਾ ਵਿਕਾਸ ਵੇਖ ਸਕਦੇ ਹਾਂ। ਇਕ ਪਾਸੇ ਗੁਰੂ ਅੰਗਦ ਜੀ ਦੇ ਆਰੰਭੇ ਕਾਰਜ ਨੂੰ ਈਮਾਨਦਾਰੀ ਨਾਲ ਚਾਲੂ ਰੱਖਿਆ ਗਿਆ ਅਤੇ ਨਵੇਂ ਧਾਰਮਕ-ਬੰਧਨ ਇਕ ਇਕ ਕਰਕੇ ਵਧਾਏ ਗਏ; ਦੂਜੇ ਪਾਸੇ ਸਨਾਤਨ ਹਿੰਦੂ ਸਮਾਜ ਤੋਂ ਹੌਲੀ ਹੌਲੀ ਰਿਸ਼ਤਾ ਤੋੜਿਆ ਗਿਆ ਅਤੇ ਨਵੀਨ ਰਸਮਾਂ ਰਾਹੀਂ ਇਕ

---

30. ਕਨਿੰਘਮ, ਉਪਰੋਕਤ ਰਚਨਾ, ਨਾਰੰਗ, ਉਪਰੋਕਤ ਰਚਨਾ, ਪੰਨਾ 22; *Glossary of Punjab Tribes and Castes*. Vol. I, p. 681. ਐਪਰ, ਇਥੇ ਇਹ ਸੰਕੇਤ ਕਰ ਦੇਣਾ ਚਾਹੀਦਾ ਹੈ ਕਿ ਇਸ ਕਾਰਜ ਨੂੰ ਵਿਸ਼ੇਸ਼ ਕਰਕੇ ਗੁਰੂ ਅਮਰਦਾਸ ਨਾਲ ਸਬੰਧਿਤ ਕਰਨ ਲਈ ਕੋਈ ਸਪੱਸ਼ਟ ਪ੍ਰਮਾਣ ਨਹੀਂ। ਮੋਹਸਿਨ ਫਾਨੀ ਕੇਵਲ ਏਨਾ ਹੀ ਕਹਿੰਦਾ ਹੈ ਕਿ "ਸਿੱਖਾਂ ਨੇ ਇਹ ਨਿਰਧਾਰਿਤ ਕਰ ਦਿੱਤਾ ਕਿ ਉਦਾਸੀ, ਜਾਂ ਸੰਸਾਰ ਤੋਂ ਤਿਆਗੀ ਮਨੁੱਖ ਨੂੰ, ਹੋਰਨਾਂ ਮਨੁੱਖਾਂ ਨਾਲੋਂ ਉੱਚਾ ਨਹੀਂ ਸਮਝਣਾ ਚਾਹੀਦਾ" (ਸੈਂਚੀ ਦੂਜੀ, ਪੰਨਾ 271)। ਇਕੱਲਾ ਮੈਲਕਮ ਸਪੱਸ਼ਟ ਭਾਂਤ ਕਹਿੰਦਾ ਹੈ ਕਿ ਗੁਰੂ ਅਮਰ ਦਾਸ ਨੇ ਇਹ ਭਿੰਨਤਾ ਲਿਆਂਦੀ (*Sketch of the Sikhs*. p. 27)।

ਅਜੇਹਾ ਨਵੀਨ ਸਮਾਜ ਤੇ ਧਾਰਮਕ ਭਾਈਚਾਰਾ ਸਥਾਪਿਤ ਕਰਨ ਦਾ ਯਤਨ ਕੀਤਾ ਗਿਆ ਜਿਹੜਾ ਆਤਮ-ਨਿਰਭਰ ਅਤੇ ਸੁਤੰਤਰ ਹੋਵੇ। ਇਹ ਕਿਹਾ ਗਿਆ ਹੈ ਕਿ ਆਰੰਭ ਤੋਂ ਹੀ ਸਿੱਖ ਮਤ ਧਰਮ ਨਿਰਪੇਖ ਜੀਵਨ ਨਾਲ ਸਮਝੌਤੇ ਕਾਰਨ ਦੂਜੀਆਂ ਸੁਧਾਰਵਾਦੀ ਲਹਿਰਾਂ ਨਾਲੋਂ ਵੱਖਰੀ ਭਾਂਤ ਦਾ ਸੀ।[31] ਪਰ ਜਿਵੇਂ ਕਿ ਅਸੀਂ ਦੇਖਿਆ ਹੈ, ਜੇਕਰ ਅਸੀਂ ਇਹ ਕਹੀਏ ਕਿ ਚੈਤੰਨਯ ਜਾਂ ਕਬੀਰ ਦੇ ਮਤਾਂ ਵਿਚ ਗ੍ਰਹਿਸਤੀਆਂ ਲਈ ਕੋਈ ਥਾਂ ਨਹੀਂ ਸੀ ਤਾਂ ਅਸੀਂ ਨਿਸ਼ਚਿਤ ਹੀ ਸੱਚਾਈ ਤੋਂ ਪਰ੍ਹੇ ਜਾ ਰਹੇ ਹੋਵਾਂਗੇ। ਅਸਲ ਵਿਚ ਸਿੱਖ ਮਤ ਨੇ ਸਹੀ ਰੂਪ ਵਿਚ ਜੋ ਕੁਝ ਕੀਤਾ ਉਹ ਤਿਆਗਵਾਦ ਦਾ ਮਾਰਗ ਬੰਦ ਕਰਨਾ ਸੀ ਅਤੇ ਇਸ ਤਰ੍ਹਾਂ ਗੁਰੂ ਨਾਨਕ ਜੀ ਦੇ ਪ੍ਰਭਾਵ ਨੂੰ ਨਾ ਕੇਵਲ ਧਾਰਮਕ ਸੁਧਾਰ ਲਈ ਹੀ ਸਗੋਂ ਸਮਾਜਕ ਪੁਨਰ ਸੁਰਜੀਤੀ ਲਈ ਉਪਯੋਗੀ ਬਣਾਇਆ ਗਿਆ।

ਜੋ ਕੁਝ ਉਪਰ ਕਿਹਾ ਗਿਆ ਹੈ ਕਿ ਉਸ ਦੀ ਸੱਚਾਈ ਤੀਸਰੇ ਗੁਰੂ ਅਮਰ ਦਾਸ ਦੀ ਗੁਰਿਆਈ ਸਪੱਸ਼ਟ ਕਰ ਦਿੰਦੀ ਹੈ। ਪਰਾਭੌਤਿਕ ਮਿਥਾਂ ਅਤੇ ਪੂਰਵਾਨੁਮਾਨਿਤ ਗਾਥਾਵਾਂ, ਜਿਹੜੀਆਂ ਕਿ ਸਿੱਖ ਲਿਖਤਾਂ ਵਿਚ ਮੌਜੂਦ ਹਨ, ਦੁਆਰਾ ਗੁਰੂ ਸਾਹਿਬ ਦੇ ਜੀਵਨ ਸਬੰਧੀ ਵੇਰਵਾ ਪ੍ਰਾਪਤ ਕਰ ਸਕਣਾ ਕਦੇ ਵੀ ਆਸਾਨ ਨਹੀਂ ਪਰ ਸਮੁੱਚੇ ਤੌਰ ਤੇ ਕੁਝ ਯੁਕਤੀ ਪੂਰਨ ਮਿਲਦੇ ਤੱਥ ਉਨ੍ਹਾਂ ਦੀ ਅਗਵਾਈ ਦਾ ਮਹੱਤਵ ਦ੍ਰਿੜ੍ਹਾਉਣ ਲਈ ਕਾਫ਼ੀ ਹਨ। ਗੁਰਗੱਦੀ ਉੱਤੇ ਨਿਯੁਕਤ ਹੋਣ ਤੋਂ ਪਹਿਲਾਂ ਦੇ ਅਮਰ ਦਾਸ ਦਾ ਸਮੁੱਚਾ ਜੀਵਨ ਉਨ੍ਹਾਂ ਦੇ ਧਾਰਮਕ ਯਤਨਾਂ ਦੀ ਸੱਚਾਈ ਅਤੇ ਇਕਸਾਰਤਾ ਨੂੰ ਪ੍ਰਗਟ ਕਰਦਾ ਹੈ। ਉਹ ਜਨਮ ਤੋਂ ਖਤਰੀ ਸਨ ਅਤੇ ਭੱਲਾ ਜਾਤੀ ਨਾਲ ਸਬੰਧ ਰਖਦੇ ਸਨ। ਉਨ੍ਹਾਂ ਦੇ ਪਿਤਾ ਤੇਜ ਭਾਨ ਬਾਸਰਕਾ ਨਾਮੀ ਪਿੰਡ ਦੇ ਵਸਨੀਕ ਸਨ ਅਤੇ ਉਥੇ ਹੀ 1479 ਈ. ਵਿਚ ਭਵਿੱਖ ਵਿਚ ਹੋਣ ਵਾਲੇ ਗੁਰੂ ਦਾ ਜਨਮ ਹੋਇਆ ਸੀ। ਕਿਹਾ ਜਾਂਦਾ ਹੈ ਕਿ ਅਮਰ ਦਾਸ ਉਤਸਾਹਸ਼ੀਲ ਵੈਸ਼ਨੂੰ ਸਨ ਅਤੇ ਉਨ੍ਹਾਂ ਦਾ ਸਮੁੱਚਾ ਜੀਵਨ ਕਰੜੀ ਭਗਤੀ ਅਤੇ ਸੱਚੀ ਪਵਿੱਤਰਤਾ ਦਾ ਜੀਵਨ ਸੀ। ਪਰ ਇਹ ਵਿਚਾਰ ਕਿ ਉਨ੍ਹਾਂ ਨੂੰ ਕਿਸੇ ਅਧਿਆਤਮਕ ਗੁਰੂ ਦਾ ਆਸਰਾ ਤੇ ਅਗਵਾਈ ਪ੍ਰਾਪਤ ਨਹੀਂ ਹੋਈ, ਉਨ੍ਹਾਂ ਦੀ ਆਤਮਾ ਨੂੰ ਸਦਾ ਸਤਾਉਂਦਾ ਰਹਿੰਦਾ ਸੀ। ਜਦ ਇਕ ਦਿਨ ਇਕ ਸਾਧੂ ਨੇ ਅਮਰ ਦਾਸ, ਜਿਸ ਦਾ ਕੋਈ ਗੁਰੂ ਨਹੀਂ ਸੀ, ਦੇ ਹੱਥੋਂ ਭੋਜਨ ਛਕਣ ਤੇ ਬੜੀ ਚਿੰਤਾ ਪ੍ਰਗਟ ਕੀਤੀ ਤਾਂ ਗੁਰੂ ਜੀ ਦੀ ਚਿੰਤਾ ਲਗਭਗ ਅਸਹਿ ਹੋ ਗਈ। ਅਮਰ ਦਾਸ ਨੂੰ ਬੜਾ ਕਸ਼ਟ ਹੋਇਆ ਅਤੇ ਪਰਮਾਤਮਾ ਅੱਗੇ ਸੱਚੇ ਦਿੱਲੋਂ ਅਜੇਹੇ ਗੁਰੂ ਜੀ ਦੀ ਪ੍ਰਾਪਤੀ ਲਈ ਪ੍ਰਾਰਥਨਾ ਕੀਤੀ, ਜਿਸ ਕੋਲ ਲੋਹੇ ਨੂੰ ਕੁੰਦਨ ਬਣਾਉਣ ਦੀ ਕੀਮਿਆਈ ਸ਼ਕਤੀ ਹੋਵੇ। ਜਦੋਂ ਕਿ ਉਹ ਅਜੇਹੀ ਵਿਆਕੁਲ ਮਾਨਸਕ ਅਵਸਥਾ ਵਿਚੋਂ ਲੰਘ ਰਹੇ ਸਨ, ਤਾਂ ਇਕ ਸਵੇਰ ਉਨ੍ਹਾਂ ਦੇ ਕੰਨਾਂ ਵਿਚ "ਗੁਰੂ ਸਾਹਿਬ ਦੇ ਸ਼ਬਦਾਂ ਦੀ ਮਧੁਰ ਧੁਨੀ ਪਈ"। ਸ਼ਬਦ ਦਾ ਉਨ੍ਹਾਂ ਦੇ ਮਨ ਉੱਤੇ ਡੂੰਘਾ ਪ੍ਰਭਾਵ ਪਿਆ ਅਤੇ ਪੁਛ ਗਿਛ ਕਰਕੇ ਉਨ੍ਹਾਂ ਨੂੰ ਪਤਾ ਲੱਗਾ ਕਿ ਇਹ ਸ਼ਬਦ ਗੁਰੂ ਅੰਗਦ ਦੀ ਪੁੱਤਰੀ ਬੀਬੀ ਅਮਰੋ ਨੇ ਗਾਇਆ ਸੀ ਜਿਸ ਦਾ ਵਿਆਹ ਹੁਣੇ ਹੁਣੇ ਉਨ੍ਹਾਂ ਦੇ ਭਤੀਜੇ ਨਾਲ ਹੋਇਆ ਸੀ। ਉਨ੍ਹਾਂ, ਬੀਬੀ ਅਮਰੋ ਕੋਲੋਂ, ਗੁਰੂ ਅੰਗਦ ਸਾਹਿਬ ਸਬੰਧੀ ਸਾਰੀ ਜਾਣਕਾਰੀ ਪ੍ਰਾਪਤ ਕਰ ਲਈ ਅਤੇ ਬਾਕੀ ਸੁਭਾਵਿਕ ਹੀ ਵਾਪਰਦਾ ਗਿਆ। ਬੀਬੀ

31. ਨਾਰੰਗ, ਉਪਰੋਕਤ ਰਚਨਾ, ਪੰਨਾ 13.

ਅਮਰੋ ਦੇ ਨਾਲ ਉਹ ਗੁਰੂ ਅੰਗਦ ਜੀ ਦੇ ਦਰਸ਼ਨਾਂ ਲਈ ਗਏ। ਗੁਰੂ ਜੀ ਦੇ ਦਰਸ਼ਨ ਕਰ ਕੇ ਉਨ੍ਹਾਂ ਦੀ ਖੁਸ਼ੀ ਦਾ ਕੋਈ ਪਾਰਾਵਾਰ ਨਾ ਰਿਹਾ ਅਤੇ ਪਰਮਹੁਲਾਸ ਵਿਚ ਆ ਕੇ ਉਹ ਗੁਰੂ ਅੰਗਦ ਦੇ ਪੈਰਾਂ ਤੇ ਢਹਿ ਪਏ।[32] ਇਸ ਤੋਂ ਬਾਅਦ ਉਹ ਕਈ ਸਾਲ ਪੂਰਨ ਸਮਰਪਣ ਅਤੇ ਸ਼ਰਧਾ ਨਾਲ ਗੁਰੂ ਜੀ ਦੀ ਸੇਵਾ ਵਿਚ ਮਗਨ ਰਹੇ ਅਤੇ 1552 ਈ. ਵਿਚ ਗੁਰੂ ਅੰਗਦ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਉਨ੍ਹਾਂ ਨੂੰ ਗੁਰਗੱਦੀ ਮਿਲੀ।

ਗੁਰੂ ਅਮਰ ਦਾਸ ਜੀ ਦੀ ਗੁਰਿਆਈ ਸੰਘਰਸ਼ ਅਤੇ ਸੰਕਟ ਨਾਲ ਆਰੰਭ ਹੋਈ। ਉਨ੍ਹਾਂ ਨੇ ਪਹਿਲੋਂ ਹੀ ਅਨੁਭਵ ਕਰ ਲਿਆ ਸੀ ਕਿ ਉਨ੍ਹਾਂ ਦੇ ਪੂਰਵਜਾਂ ਦੇ ਪਰਿਵਾਰ ਵੱਲੋਂ, ਉਨ੍ਹਾਂ ਦੀ ਗੁਰਗੱਦੀ ਤੇ ਨਿਯੁਕਤੀ, ਬਿਨਾਂ ਸੰਘਰਸ਼ ਮੰਨੀ ਨਹੀਂ ਜਾਏਗੀ ਅਤੇ ਇਸ ਅਨੁਸਾਰ ਉਹ ਗੋਇੰਦਵਾਲ ਚਲੇ ਗਏ ਜਿਸ ਦੀ ਉਸਾਰੀ ਵਿਚ ਉਨ੍ਹਾਂ ਦਾ ਆਪਣਾ ਭਾਰੀ ਹੱਥ ਰਿਹਾ ਸੀ।[33] ਪਰ ਉਥੇ ਵੀ ਉਹ ਇਕੱਲੇ ਨਾ ਰਹਿ ਸਕੇ। ਕਿਹਾ ਜਾਂਦਾ ਹੈ ਕਿ ਗੁਰੂ ਅੰਗਦ ਦਾ ਪੁੱਤਰ ਦਾਤੂ ਜਿਸ ਨੇ ਖਡੂਰ ਸਾਹਿਬ ਦੀ ਗੁਰਗੱਦੀ ਹਥਿਆ ਲਈ ਸੀ, ਗੁਰੂ ਅਮਰ ਦਾਸ ਨੂੰ ਵਿਅੰਗ ਵਜੋਂ ਆਪਣੇ ਪਰਿਵਾਰ ਦਾ ਸੇਵਾਦਾਰ ਕਹਿੰਦਾ ਸੀ ਅਤੇ ਆਪ ਨੂੰ ਆਪਣੇ ਪਿਤਾ ਦਾ ਜਾਇਜ਼ ਉੱਤਰਾਧਿਕਾਰੀ ਘੋਸ਼ਿਤ ਕਰਦਾ ਸੀ। ਜਦ ਉਸ ਨੂੰ ਪਤਾ ਲਗਾ ਕਿ ਉਸ ਦੀ ਘੋਸ਼ਨਾ ਦੇ ਬਾਵਜੂਦ ਲੋਕ ਅਮਰ ਦਾਸ ਜੀ ਦੁਆਲੇ ਜੁੜ ਰਹੇ ਸਨ ਅਤੇ ਸਤਿਗੁਰੂ ਦੇ ਤੌਰ ਤੇ ਉਸੇ ਨੂੰ ਪ੍ਰਣਾਮ ਕਰਦੇ ਸਨ ਤਾਂ ਦਾਤੂ ਗੋਇੰਦਵਾਲ ਵੱਲ ਚਲ ਪਿਆ ਅਤੇ ਕਿਹਾ ਜਾਂਦਾ ਹੈ ਕਿ ਉਸੇ ਨੇ ਗੁਰੂ ਅਮਰ ਦਾਸ ਨੂੰ ਜ਼ਬਰਦਸਤੀ ਗੱਦੀਉਂ ਲਾਹ ਦਿੱਤਾ। ਪੂਰਨ ਅਪ੍ਰਤਿਰੋਧ ਦੀ ਭਾਵਨਾ ਨਾਲ ਗੁਰੂ ਜੀ ਨੇ ਜਵਾਬੀ ਹਮਲਾ ਰੋਕ ਲਿਆ ਅਤੇ ਆਪਣੇ ਪਿੰਡ ਬਾਸਰਕਾ ਵਿਖੇ ਇਕਾਂਤਵਾਸ ਧਾਰਨ ਕਰ ਲਿਆ। ਇਸ ਤੋਂ ਅਗਲੇਰੀ ਕਥਾ ਨੂੰ ਪੁਰਾਣਿਕ ਕਥਾਵਾਂ ਦਾ ਰੂਪ ਦੇ ਦਿੱਤਾ ਗਿਆ ਹੈ ਪਰ ਏਨਾ ਸਪੱਸ਼ਟ ਦਿਸਦਾ ਹੈ ਕਿ ਦਾਤੂ ਆਪਣਾ ਦਾਅਵਾ ਸਹੀ ਸਿੱਧ ਨਾ ਕਰ ਸਕਿਆ ਕਿਉਂਕਿ ਸਿੱਖਾਂ ਨੇ ਉਸ ਨੂੰ ਪ੍ਰਵਾਨ ਨਾ ਕੀਤਾ ਅਤੇ ਅਖੀਰ ਉਹ ਖਡੂਰ ਮੁੜ ਗਿਆ। ਤੂਫਾਨ ਚਲੇ ਜਾਣ ਤੇ ਅਮਰ ਦਾਸ ਜੀ ਗੋਇੰਦਵਾਲ ਵਾਪਸ ਆ ਗਏ ਅਤੇ ਆਪਣੀ ਜਾਇਜ਼ ਗੱਦੀ ਤੇ ਮੁੜ ਬਿਰਾਜਮਾਨ ਹੋ ਗਏ।[34]

ਗੁਰੂ ਜੀ ਕੋਲ ਹੁਣ ਸੰਗਠਨ ਅਤੇ ਸੁਧਾਰ ਦੇ ਕਾਰਜਾਂ ਲਈ ਕਾਫ਼ੀ ਸਮਾਂ ਸੀ। ਗੁਰੂ ਅੰਗਦ ਜੀ ਦੁਆਰਾ ਪਹਿਲਾਂ ਤੋਂ ਹੀ ਆਰੰਭੇ ਕਾਰਜਾਂ ਨੂੰ ਉਤਸ਼ਾਹ ਨਾਲ ਚਾਲੂ ਰੱਖਿਆ

---

32. ਮੈਕਾਲਿਫ, *ਉਪਰੋਕਤ ਰਚਨਾ*, ਸੈਂਚੀ ਦੂਜੀ, ਪੰਨਾ 30, 31; *ਸੂਰਜ ਪ੍ਰਕਾਸ਼*, ਰਾਸ 1, xv.
33. ਪਹਿਲਾਂ ਇਸ ਥਾਂ ਦਾ ਨਾਂ ਇਕ ਮਨੁੱਖ ਗੋਬਿੰਦ ਦੇ ਨਾਮ ਤੇ ਗੋਬਿੰਦਵਾਲ ਸੀ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਉਹ ਕਿਸੇ ਆਪਣੇ ਸਬੰਧੀ ਨਾਲ ਕਿਸੇ ਮੁਕੱਦਮੇ ਵਿਚ ਫਸ ਗਿਆ ਅਤੇ ਉਸ ਨੇ ਪ੍ਰਣ ਕੀਤਾ ਕਿ ਜੇ ਉਹ ਜਿੱਤ ਗਿਆ ਤਾਂ ਗੁਰੂ ਦੀ ਵਡਿਆਈ ਵਿਚ ਸ਼ਹਿਰ ਵਸਾਏਗਾ। ਉਹ ਮੁਕੱਦਮਾ ਜਿੱਤ ਗਿਆ ਅਤੇ ਆਪਣਾ ਪ੍ਰਣ ਨਿਭਾਉਣ ਲਈ ਸ਼ਹਿਨਸ਼ਾਹ ਤੋਂ ਉਸ ਨੇ ਬਿਆਸ ਦੇ ਕੰਢੇ ਇਕ ਖੁਲ੍ਹਾ ਮੈਦਾਨ ਲੈ ਲਿਆ ਅਤੇ ਸ਼ਹਿਰ ਦੀ ਨੀਂਹ ਰਖੀ। ਜਾਪਦਾ ਹੈ ਕਿ ਉਸ ਦੇ ਰਿਸ਼ਤੇਦਾਰਾਂ ਨੇ ਔਕੜਾਂ ਪੈਦਾ ਕੀਤੀਆਂ ਜਿਸ ਤੇ ਗੋਬਿੰਦ ਨੇ ਗੁਰੂ ਅੰਗਦ ਜੀ ਦੀ ਸਹਾਇਤਾ ਲਈ। ਗੁਰੂ ਜੀ ਨੇ ਅਮਰ ਦਾਸ ਨੂੰ ਭੇਜਿਆ ਕੰਮ ਨਿਰਵਿਘਨ ਸਮਾਪਤ ਹੋ ਗਿਆ। ਪਿੱਛੋਂ ਸ਼ਹਿਰ ਦਾ ਨਾਂ ਗੋਬਿੰਦਵਾਲ ਵਿਚ ਬਦਲ ਗਿਆ। (ਮੈਕਾਲਿਫ, *ਉਹੀ*, ਸੈਂਚੀ ਦੂਜੀ, ਪੰਨਾ 34; *ਸੂਰਜ ਪ੍ਰਕਾਸ਼*, ਰਾਸ 1, xviii. xix)।
34. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 64-66; *ਸੂਰਜ ਪ੍ਰਕਾਸ਼*, ਰਾਸ 1, xxxiv, xxxvi.

ਗਿਆ ਅਤੇ ਖ਼ਾਸ ਕਰਕੇ ਲੰਗਰ ਦੀਆਂ ਸਰਗਰਮੀਆਂ ਵਿਚ ਕਾਫ਼ੀ ਵਾਧਾ ਹੋਇਆ। ਟਿਕੇ ਦੀ ਵਾਰ ਵਿਚ ਕਿਹਾ ਗਿਆ ਹੈ ਕਿ, "ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ।"[35] ਗੁਰੂ ਜੀ ਪਹਿਲਾਂ ਵਾਂਗ ਹੀ ਆਪਣੀ ਥੋੜ੍ਹੀ ਜਿਹੀ ਮਿਹਨਤ ਦੀ ਕਮਾਈ ਨਾਲ ਖਰੀਦੇ ਰੁੱਖੇ ਸੁੱਖੇ ਅੰਨ ਤੇ ਗੁਜ਼ਾਰਾ ਕਰਦੇ ਰਹੇ ਅਤੇ ਸਾਧਨਾ ਦਾ ਜੀਵਨ ਬਤੀਤ ਕਰਦੇ ਰਹੇ। ਚੜ੍ਹਾਵੇ ਦੀ ਮਾਤਰਾ ਵਿਚ ਹੁਣ ਢੇਰ ਵਾਧਾ ਹੋ ਗਿਆ ਸੀ ਅਤੇ ਸਾਰੇ ਦਾ ਸਾਰਾ ਲੰਗਰ ਵਿਚ ਜਾਣ ਲੱਗਾ। "ਜੋ ਇਕ ਦਿਨ ਵਿਚ ਪ੍ਰਾਪਤ ਹੁੰਦਾ ਸੀ ਉਸੇ ਦਿਨ ਖ਼ਰਚ ਕਰ ਦਿੱਤਾ ਜਾਂਦਾ ਸੀ ਅਤੇ ਭਲਕ ਲਈ ਕੁਝ ਬਚਾ ਕੇ ਰੱਖਿਆ ਨਹੀਂ ਜਾਂਦਾ ਸੀ।" ਅਸੀਂ ਪਹਿਲਾਂ ਹੀ ਵੇਖ ਚੁੱਕੇ ਹਾਂ ਕਿ ਲੰਗਰ ਵਿਚ ਜਾਤੀ ਭੇਦ-ਭਾਵ ਕੋਈ ਨਹੀਂ ਸੀ ਅਤੇ ਜਾਤੀ ਭੇਦ-ਭਾਵ ਤੇ ਹੁਣ ਇਕ ਹੋਰ ਸੱਟ ਵੱਜੀ, ਕਿਉਂਕਿ ਗੁਰੂ ਦੇ ਦਰਸ਼ਨ ਅਭਿਲਾਸ਼ੀਆਂ ਨੂੰ ਦਰਸ਼ਨ ਦੀ ਆਗਿਆ ਮਿਲਣ ਤੋਂ ਪਹਿਲਾਂ ਲੰਗਰ ਵਿਚ ਭੋਜਨ ਕਰਨਾ ਪੈਂਦਾ ਸੀ।[36] ਦੂਜੇ ਪਾਸੇ ਇਸ ਗੱਲ ਦਾ ਪ੍ਰਮਾਣ ਵੀ ਮਿਲਦਾ ਹੈ ਕਿ ਗੁਰੂ ਸਾਹਿਬ ਦੀ ਬਾਣੀ ਦੇ ਸੰਗ੍ਰਹਿ ਅਤੇ ਸੰਪਾਦਨ ਦਾ ਕਾਰਜ ਤਕੜਾਈ ਨਾਲ ਹੁੰਦਾ ਰਿਹਾ। ਕਿਹਾ ਜਾਂਦਾ ਹੈ ਕਿ ਗੁਰੂ ਅਮਰ ਦਾਸ ਨੇ ਇਹ ਘੋਸ਼ਣਾ ਕੀਤੀ ਸੀ ਕਿ "ਗੁਰੂ ਸਾਹਿਬ ਦੀ ਬਾਣੀ ਸਾਵਧਾਨੀ ਪੂਰਨ ਇਕੱਤ੍ਰ ਕਰਨਾ ਅਤੇ ਰੱਬ ਦੇ ਨਾਂ ਤੇ ਸਿੱਖਾਂ ਨੂੰ ਇਸ ਦੇ ਭੇਟਾ ਕਰਨਾ" ਅਤਿ ਸੁਆਬ ਦਾ ਕੰਮ ਹੈ[37] ਅਤੇ ਉਨ੍ਹਾਂ ਦੇ ਸ਼ਿਸ਼ ਉਨ੍ਹਾਂ ਦੀ ਇਸ ਸਿੱਖਿਆ ਤੇ ਪੂਰੇ ਉੱਤਰੇ। ਕਿਹਾ ਜਾਂਦਾ ਹੈ ਕਿ ਮੋਹਨ ਦੇ ਪੁੱਤਰ ਸੰਤ ਰਾਮ ਨੇ ਇਕ ਸੈਂਚੀ ਵਿਚ ਗੁਰੂ ਅਮਰ ਦਾਸ ਦੇ ਸ਼ਲੋਕਾਂ ਦਾ ਸੰਗ੍ਰਹਿ ਕੀਤਾ ਜਿਸ ਦੀ ਹੋਂਦ ਬਾਰੇ ਹੁਣ ਤਕ ਵਿਸ਼ਵਾਸ ਕੀਤਾ ਜਾਂਦਾ ਹੈ।[38] ਇਹ ਵੀ ਦੱਸਿਆ ਹੈ ਕਿ ਜਦੋਂ ਗੁਰੂ ਅਰਜਨ ਦੇਵ ਨੇ ਇਕ ਮਹਾਨ ਸੈਂਚੀ ਵਿਚ ਗੁਰੂਆਂ ਦੀ ਬਾਣੀ-ਸੰਗ੍ਰਹਿਤ ਕਰਨ ਦੀ ਇੱਛਾ ਪ੍ਰਗਟ ਕੀਤੀ ਤਾਂ ਅਮਰ ਦਾਸ ਦੇ ਪੁੱਤਰ ਮੋਹਨ ਨੇ ਪਹਿਲੇ ਤਿੰਨਾਂ ਗੁਰੂਆਂ ਦੀ ਬਾਣੀ ਦੇ ਉਤਾਰੇ, ਉਨ੍ਹਾਂ ਦੀ ਭੇਟ ਕੀਤੇ।

ਪਰੰਤੂ ਗੁਰੂ ਜੀ ਨੇ ਹੁਣ ਆਪਣੇ ਕਰਤੱਵਾਂ ਦਾ ਵਿਸ਼ਾਲ ਜਾਇਜ਼ਾ ਲੈਣਾ ਸੀ ਅਤੇ ਸਿੱਖਾਂ ਨੂੰ ਕੁਝ ਇਕ ਧਾਰਮਕ ਬੰਧਨਾਂ ਵਿਚ ਬੰਨ੍ਹਣ ਦੀ ਉਪਯੋਗਤਾ ਹੁਣ ਕਾਫ਼ੀ ਨਹੀਂ ਰਹੀ ਸੀ। ਲੰਗਰ ਦੀ ਵਧੀ ਹੋਈ ਸਰਗਰਮੀ ਸਪੱਸ਼ਟ ਭਾਂਤ ਸਿੱਧ ਕਰਦੀ ਹੈ ਕਿ ਸਿੱਖ ਲਹਿਰ ਦੀ ਸ਼ਕਤੀ ਅਤੇ ਲੋਕ-ਪ੍ਰਿਯਤਾ ਵਿਚ ਨਿਤ ਨਵਾਂ ਵਾਧਾ ਹੋ ਰਿਹਾ ਸੀ ਅਤੇ ਸਿੱਖ ਲਿਖਤਾਂ ਵਿਚ ਇਮਾਨਦਾਰੀ ਨਾਲ ਇਹ ਵਰਣਿਤ ਕੀਤਾ ਗਿਆ ਹੈ ਕਿ ਇਸ ਤਰ੍ਹਾਂ ਅਮਲੀ ਪ੍ਰਚਾਰ ਤੇ ਪ੍ਰਾਪੇਗੰਡੇ, ਅਤੇ ਕਈ ਵਾਰ ਅਦਭੁਤ ਸ਼ਕਤੀ ਦੇ ਪਰਦਰਸ਼ਨ ਦੁਆਰਾ ਗੁਰੂ ਸਾਹਿਬ ਨੇ ਨਵੀਨ ਮਤ ਦੇ ਸ਼ਰਧਾਲੂਆਂ ਦੀ ਗਿਣਤੀ ਵਿਚ ਵ੍ਰਿਧੀ ਕੀਤੀ। ਇਸ ਦ੍ਰਿਸ਼ਟਾਂਤ ਵਿਚ ਦੱਸਿਆ ਗਿਆ ਹੈ ਕਿ ਗੁਰੂ ਜੀ ਦੀ ਸ਼ਕਤੀ ਨਾਲ ਮੁਰਦਾ ਫਿਰ ਜੀ ਉਠਿਆ ਸੀ, ਪਰ ਆਮ ਤੌਰ ਤੇ ਉਨ੍ਹਾਂ ਦੀ ਵਿਚੋਲਗੀ ਬਾਝ ਜੋੜਿਆਂ

---

35. ਮੈਕਾਲਿਫ, *ਉਹੀ*, ਪੰਨਾ 59.
36. *ਉਹੀ*,
37. *ਉਹੀ*, ਪੰਨਾ 85.
38. *ਉਹੀ*, ਪੰਨਾ 131.

ਨੂੰ ਸੰਤਾਨ ਦੀ ਅਸ਼ੀਰਵਾਦ ਦਾ ਰੂਪ ਧਾਰਨ ਕਰਦੀ ਸੀ।[39] ਇਨ੍ਹਾਂ ਗਾਥਾਵਾਂ ਨੂੰ ਇਕ ਪਾਸੇ ਰੱਖਿਆ, ਇਸ ਗੱਲ ਵਿਚ ਰਤਾ ਸੰਦੇਹ ਨਹੀਂ ਰਹਿੰਦਾ ਕਿ ਸਿੱਖ ਮਤ ਗੁਰੂ ਅਮਰ ਦਾਸ ਦੇ ਗੁਰਿਆਈ ਕਾਲ ਵਿਚ ਚੋਖਾ ਵਧਿਆ ਫੁਲਿਆ ਸੀ। ਦੱਸਿਆ ਗਿਆ ਹੈ ਕਿ ਕਈ ਮੁਸਲਮਾਨਾਂ ਨੇ ਵੀ ਨਵਾਂ ਮਤ ਧਾਰਨ ਕਰ ਲਿਆ ਸੀ। ਇਸ ਵਿਚੋਂ ਸਭ ਤੋਂ ਮਹੱਤਵਪੂਰਨ ਅਲੀਅਰ ਜਾਪਦਾ ਹੈ ਜੋ ਕਿ ਅਲਾਸ਼ਾਹ ਦੇ ਨਾਂ ਨਾਲ, ਡੱਲੇ ਵਿਖੇ ਰਹਿਣ ਲੱਗ ਪਿਆ ਸੀ, ਜਿਥੇ ਸੱਚੇ ਸਿੱਖਾਂ ਦਾ ਇਕ ਟੋਲਾ ਉਸ ਦੁਆਲੇ ਜੁੜ ਗਿਆ ਸੀ।[40] ਪਰ ਅਮਰ ਦਾਸ ਜੀ ਦੇ ਕਾਲ ਵਿਚ ਸਿਖ ਮਤ ਦੇ ਪ੍ਰਸਾਰ ਦਾ ਸਪੱਸ਼ਟ ਸੰਕੇਤ ਮੰਜੀ-ਪ੍ਰਥਾ ਦੇ ਆਰੰਭ ਹੋਣ ਵਿਚੋਂ ਮਿਲਦਾ ਹੈ। ਇਸ ਗੱਲ ਦਾ ਸਬੂਤ ਕਿ ਸਿੱਖਾਂ ਦੀ ਗਿਣਤੀ ਵਿਚ ਤੀਬਰ ਗਤੀ ਨਾਲ ਵਾਧਾ ਹੋਇਆ ਸੀ ਅਤੇ ਇਹ ਸਾਰੇ ਪ੍ਰਾਂਤਾਂ ਵਿਚ ਖਿਲਰੇ ਹੋਏ ਸਨ, ਇਸ ਤਥ ਵਿਚੋਂ ਮਿਲ ਜਾਂਦਾ ਹੈ ਕਿ ਗੁਰੂ ਅਮਰ ਦਾਸ ਨੇ ਆਪਣੇ ਸ਼ਿਸ਼ਾਂ ਦੀਆਂ ਸਥਾਨਕ ਲੋੜਾਂ ਦਾ ਪ੍ਰਬੰਧ ਕਰਨ ਲਈ ਕੁਝ ਢੰਗਾਂ ਨੂੰ ਅਪਣਾਉਣਾ ਜ਼ਰੂਰੀ ਸਮਝਿਆ। ਹੁਣ ਗੁਰੂ ਸਾਹਿਬ ਲਈ ਨਿਜੀ ਤੌਰ ਤੇ ਸਾਰੇ ਸ਼ਿਸ਼ਾਂ ਨੂੰ ਉਪਦੇਸ਼ ਦੇ ਸਕਣਾ ਅਸੰਭਵ ਹੋ ਗਿਆ ਸੀ ਅਤੇ ਨਿਤ ਉਨ੍ਹਾਂ ਦੁਆਲੇ ਜੁੜਦੀ ਸਾਧ-ਸੰਗਤ ਕਾਫ਼ੀ ਨਹੀਂ ਰਹੀ ਸੀ। ਇਸ ਲਈ ਗੁਰੂ ਅਮਰ ਦਾਸ ਨੇ 'ਸਿੱਖਾਂ ਦੀ ਧਾਰਮਕ ਸੰਸਥਾ ਨੂੰ 22 ਮੰਜੀਆਂ[41] ਵਿਚ ਵੰਡ ਦਿੱਤਾ। ਹਰੇਕ ਮੰਜੀ ਦਾ ਅਧਿਕਾਰੀ ਕਿਸੇ ਪਵਿੱਤਰ ਅਤੇ ਸ਼ਰਧਾਲੂ ਸਿੱਖ ਨੂੰ ਥਾਪ ਦਿੱਤਾ ਗਿਆ। ਇਸ ਤਰ੍ਹਾਂ ਕਰਨ ਨਾਲ ਸਿੱਖਾਂ ਨੂੰ ਲਾਭਵੰਦ ਸਥਾਨਕ ਕੇਂਦਰ ਮਿਲ ਗਏ। ਇਸ ਪ੍ਰਕਾਰ ਸਿੱਖਾਂ ਨੂੰ ਉਨ੍ਹਾਂ ਦੀ ਆਪਣੀ ਜੱਥੇਬੰਦੀ ਪ੍ਰਦਾਨ ਕਰਨ ਲਈ ਇਕ ਮਹਾਨ ਕਦਮ ਚੁੱਕਿਆ ਗਿਆ। ਪਰ ਗੁਰੂ ਸਾਹਿਬ ਕੇਂਦਰ ਵਿਚ ਆਪਣੇ ਕਰਤੱਵਾਂ ਵੱਲੋਂ ਅਵੇਸਲੇ ਨਹੀਂ ਸਨ ਹੋਏ। ਨਿਰਸੰਦੇਹ ਉਨ੍ਹਾਂ ਦਾ ਨਿਜੀ ਵਿਅਕਤਿਤ੍ਵ ਤਕੜੀ ਸੰਗਠਨ ਸ਼ਕਤੀ ਪ੍ਰਦਾਨ ਕਰਦਾ ਸੀ ਪਰ ਯਾਤਰਾ ਦਾ ਇਕ ਕੇਂਦਰੀ ਸਥਾਨ ਬਣਾ ਕੇ ਇਸ ਸੰਗਠਨ ਨੂੰ ਹੋਰ ਵੀ ਮਜ਼ਬੂਤ ਕਰ ਦਿੱਤਾ ਗਿਆ।[42] ਗੋਇੰਦਵਾਲ ਵਿਖੇ ਬਾਉਲੀ ਦੀ ਕਹਾਣੀ ਪਿਛਲੇਰੇ ਸਿੱਖ ਇਤਿਹਾਸਕਾਰਾਂ ਨੇ ਕਲਪਨਾ ਦੁਆਰਾ ਅਲੰਕ੍ਰਿਤ ਕਰਕੇ ਦੱਸੀ ਹੈ। ਕਿਹਾ ਜਾਂਦਾ ਹੈ ਕਿ ਇਕ ਵਾਰ ਗੁਰੂ ਜੀ ਦੀ ਸਮਾਧੀ ਲਗ ਗਈ ਅਤੇ ਉਨ੍ਹਾਂ ਨੂੰ ਗੁਰੂ ਨਾਨਕ ਦੇ ਦਰਸ਼ਨ ਹੋਏ ਜਿਨ੍ਹਾਂ ਨੇ ਇਕ ਅਜੇਹਾ ਤੀਰਥ ਸਥਾਨ ਬਣਾਉਣ ਦਾ ਆਦੇਸ਼ ਦਿੱਤਾ ਜਿਥੇ 'ਇਕੱਲੇ ਰੱਬ ਦੀ ਪੂਜਾ ਹੋਵੇ।' ਇਸ ਤੇ ਗੁਰੂ ਜੀ ਨੇ ਕੁਝ ਜ਼ਮੀਨ ਖਰੀਦੀ ਅਤੇ ਲੋੜੀਂਦੀ ਧਾਰਮਕ ਰਹੁਰੀਤ ਨਾਲ ਕਾਰਜ ਆਰੰਭ ਕਰ ਦਿੱਤਾ ਗਿਆ। ਸਿੱਖਾਂ ਨੇ ਇਸ ਕਾਰਜ ਵਿਚ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਕੁਝ ਸਮੇਂ ਲਈ

---

39. ਮੈਕਾਲਿਫ, ਸੈਂਚੀ ਦੂਜੀ, ਪੰਨਾ 76, 79, 80.
40. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 77, 78। ਭਾਈ ਗੁਰਦਾਸ ਵੀ ਇਸ ਤਥ ਦੀ ਪੁਸ਼ਟੀ ਕਰਦਾ ਹੈ ਕਿ ਡੱਲਾ ਸਿੱਖਾਂ ਦਾ ਮਹੱਤਵਪੂਰਨ ਕੇਂਦਰ ਬਣ ਗਿਆ ਸੀ ਪਰ ਉਸ ਦੇ ਹਰ ਪ੍ਰਸਿੱਧ ਸਿੱਖਾਂ ਦੇ ਵਰਣਨ ਵਿਚ ਕਿਸੇ ਮੁਸਲਮਾਨ ਦਾ ਨਾਂ ਨਹੀਂ ਆਉਂਦਾ। (ਵਾਰ ਗਿਆਰਵੀਂ, ਪਉੜੀ 16).
41. ਮੈਕਾਲਿਫ, ਉਹੀ, ਪੰਨਾ 151; ਮੰਜੀ ਦੇ ਸ਼ਾਬਦਿਕ ਅਰਥ ਹਨ ਉਹ ਚੌਂਕੀ ਜਿਸ ਉੱਤੇ ਬੈਠ ਕੇ ਗੁਰੂ ਆਪਣੇ ਸਰੋਤਿਆਂ ਨੂੰ ਸਿੱਖਿਆ ਦੇਂਦੇ ਸਨ। ਇਕਵਚਨ ਵਿਚ ਮੰਜਾ ਹੈ। ਦੇਖੋ, *Glossary of Punjab Tribes and Castes*. Vol. 1. p. 681.
42. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 87, 95, 96.

ਸੰਤੋਸ਼ਜਨਕ ਉੱਨਤੀ ਹੁੰਦੀ ਰਹੀ। ਪਰ ਛੇਤੀ ਹੀ ਬਾਉਲੀ ਦੇ ਥੱਲੇ ਵਿਚ ਵੱਡੇ ਵੱਡੇ ਪੱਥਰ ਨਿਕਲ ਆਏ ਜੋ ਹੋਰ ਖੁਦਾਈ ਦੇ ਰਾਹ ਵਿਚ ਰੁਕਾਵਟ ਪਾਉਂਦੇ ਸਨ। ਜਦੋਂ ਇਸ ਰੁਕਾਵਟ ਨੂੰ ਸਰ ਕਰਨਾ ਅਸੰਭਵ ਹੋ ਗਿਆ ਤਾਂ ਗੁਰੂ ਜੀ ਨੇ ਪੁੱਛਿਆ ਕਿ ਕੀ ਕੋਈ ਏਨਾ ਸਾਹਸੀ ਸਿੱਖ ਹੈ ਜਿਹੜਾ ਰੁਕਾਵਟ ਦੂਰ ਕਰਨ ਦੇ ਮੰਤਵ ਨਾਲ ਇਸ ਦੇ ਥੱਲੇ ਵਿਚ ਕੋਈ ਕਿੱਲਾ ਗੱਡ ਸਕੇ। ਨਾਲ ਹੀ ਗੁਰੂ ਜੀ ਨੇ ਆਪਣੇ ਸ੍ਰੋਤਿਆਂ ਨੂੰ ਚੇਤਾਵਨੀ ਦੇ ਦਿੱਤੀ ਕਿ ਇਹ ਕਾਰਜ ਬੜੇ ਵੱਡੇ ਖਤਰੇ ਵਾਲਾ ਹੈ। ਇਸ ਕਾਰਜ ਨੂੰ ਸਿਰੇ ਚੜ੍ਹਾਉਣ ਵਾਲਾ ਮਨੁੱਖ ਉਸ ਧਾਰਾ ਨੂੰ ਬੰਨ੍ਹ ਮਾਰਨ ਦੇ ਯੋਗ ਹੋਣਾ ਚਾਹੀਦਾ ਹੈ ਜਿਹੜੀ ਕਿੱਲੇ ਨਾਲ ਹੋਏ ਛੇਕ ਵਿਚੋਂ ਫੁਟੇਗੀ, ਨਹੀਂ ਤਾਂ ਉਹ ਡੁੱਬ ਜਾਵੇਗਾ। ਸਿੱਖਾਂ ਤੇ ਨਿਰਾਸ਼ਾ ਛਾ ਗਈ ਅਤੇ ਉਹ ਚੁਪ ਕਰ ਰਹੇ। ਅਖੀਰ ਮਾਨਕ ਚੰਦ ਨਾਮ ਦੇ ਇਕ ਨੌਜਵਾਨ ਨੇ ਆਪਣੇ ਆਪ ਨੂੰ ਪੇਸ਼ ਕੀਤਾ। ਕਿੱਲਾ ਗੱਡ ਦਿੱਤਾ ਗਿਆ ਅਤੇ ਬਾਉਲੀ ਪਾਣੀ ਨਾਲ ਭਰ ਗਈ ਪਰ ਕਰੜੇ ਯਤਨਾਂ ਉਪਰੰਤ ਵੀ ਮਾਨਕ ਚੰਦ ਡੁਬ ਗਿਆ। ਅਗਲੀ ਸਵੇਰ, ਮਾਨਕ ਚੰਦ ਦੀ ਮਾਂ ਅਤੇ ਪਤਨੀ ਦੇ ਵਿਰਲਾਪ ਨੂੰ ਸੁਣ ਕੇ ਗੁਰੂ ਜੀ ਬਾਉਲੀ ਤੇ ਪੁੱਜੇ। ਉਨ੍ਹਾਂ ਨੇ ਦੋਹਾਂ ਇਸਤਰੀਆਂ ਨੂੰ ਭਰੋਸਾ ਦਵਾਇਆ ਕਿ ਨੌਜਵਾਨ ਅਸਲ ਵਿਚ ਡੁਬਿਆ ਨਹੀਂ ਅਤੇ ਉਨ੍ਹਾਂ ਨੇ ਉਸ ਦਾ ਨਾਂ ਲੈ ਕੇ ਆਵਾਜ਼ ਦਿੱਤੀ। ਕਿਹਾ ਜਾਂਦਾ ਹੈ ਕਿ ਇਸ ਤੇ ਉਸ ਦਾ ਸਰੀਰ ਤੁਰੰਤ ਸਤਹ ਤੇ ਆ ਗਿਆ ਅਤੇ ਜਦੋਂ ਗੁਰੂ ਜੀ ਨੇ ਆਪਣੇ ਚਰਨਾਂ ਨਾਲ ਇਸਨੂੰ ਛੋਹਿਆ ਤਾਂ "ਮਾਨਕ ਚੰਦ ਜਿਉਂਦਾ ਜਾਗਦਾ ਪਾਣੀ ਵਿਚੋਂ ਬਾਹਰ ਨਿਕਲ ਆਇਆ।" ਕਿੰਨੇ ਅਫ਼ਸੋਸ ਦੀ ਗੱਲ ਹੈ ਕਿ ਇਨ੍ਹਾਂ ਕਹਾਣੀਆਂ ਦੀ ਕਲਪਨਾ ਕਰਨ ਵਾਲੇ ਗੁਰੂ ਜੀ ਦੁਆਰਾ ਨਿਰਧਾਰਿਤ ਮਾਰਗ ਤੋਂ ਕਿਵੇਂ ਗੁਮਰਾਹ ਹੋ ਗਏ ਹਨ ਜਿਨ੍ਹਾਂ ਦੇ ਮਾਰਗ ਤੇ ਚਲਣ ਦਾ ਉਹ ਦਾਅਵਾ ਕਰਦੇ ਸਨ। ਜਿਸ ਜੋਸ਼ ਅਤੇ ਉਤਸ਼ਾਹ ਨਾਲ ਗੁਰੂਆਂ ਨੇ ਕਰਾਮਾਤੀ ਤਾਕਤ ਨੂੰ ਭੰਡਿਆ ਅਤੇ ਜਿੰਨੀ ਕਰੜਾਈ ਨਾਲ ਉਨ੍ਹਾਂ ਆਤਮਿਕ ਬਾਂਝਪਨ ਅਤੇ ਦੰਭ ਵੱਲ ਲੈ ਜਾਣ ਵਾਲੀਆਂ 'ਚਲਾਕ ਚਾਲਾਂ' ਦੀ ਵਿਰੋਧਤਾ ਕੀਤੀ, ਉਸ ਦੀ ਪ੍ਰਸੰਸਾ ਜਿੰਨੀ ਕੀਤੀ ਜਾਵੇ ਥੋੜ੍ਹੀ ਹੈ। ਪਰ ਕਰਾਮਾਤ ਨਾਲ ਮੋਹ ਏਡੀ ਭਰਮਾਊ ਕਮਜ਼ੋਰੀ ਹੈ, ਵਿਸ਼ੇਸ਼ ਕਰਕੇ ਧਾਰਮਕ ਲਿਖਤਾਂ ਤੇ ਲਿਖਾਰੀਆਂ ਵਿਚ ਕਿ ਇਮਾਨਦਾਰ ਅਤੇ ਧੁਨ ਦੇ ਪੱਕੇ ਗੁਰੂਆਂ ਨੂੰ ਵੀ ਨਹੀਂ ਛੱਡਿਆ ਗਿਆ। ਅਜੇਹੇ ਕਾਰਨਾਮੇ ਉਨ੍ਹਾਂ ਦੇ ਨਾਂ ਨਾਲ ਜੋੜੇ ਗਏ ਹਨ ਜਿਨ੍ਹਾਂ ਨੂੰ ਉਨ੍ਹਾਂ ਨੇ ਸਪੱਸ਼ਟ ਸ਼ਬਦਾਂ ਵਿਚ ਫਿਟਕਾਰਿਆ ਹੈ ਅਤੇ ਪਿਛਲੇਰੇ ਸਿੱਖ ਇਸ ਗੱਲ ਦਾ ਅਨੁਮਾਨ ਲਾਉਣ ਵਿਚ ਪੂਰਨ ਭਾਂਤ ਅਸਫ਼ਲ ਰਹੇ ਹਨ ਕਿ ਉਹ ਅਜਿਹੇ ਮਹਾਂਪੁਰਸ਼ਾਂ, ਜਿਨ੍ਹਾਂ ਦੀ ਉਹ ਮਹਿਮਾ ਕਰਨਾ ਲੋੜਦੇ ਹਨ, ਨੂੰ ਅਜਿਹਾ ਕਰਕੇ ਕੇਵਲ ਛੁਟਿਆ ਰਹੇ ਹਨ।

ਮੁੜ ਬਾਉਲੀ ਦੀ ਕਥਾ ਲਈਏ ਜਿਸ਼ ਦਾ ਨਿਰਮਾਣ ਸਿੱਖ ਮਤ ਦੇ ਇਤਿਹਾਸ ਵਿਚ ਇਹ ਮਹੱਤਵਪੂਰਨ ਕਦਮ ਸੀ। ਬਾਉਲੀ ਵਿਚ 84 ਪੌੜੀਆਂ ਬਣਾਈਆਂ ਗਈਆਂ ਅਤੇ ਕਿਹਾ ਜਾਂਦਾ ਹੈ ਕਿ ਗੁਰੂ ਅਮਰ ਦਾਸ ਨੇ ਆਦੇਸ਼ ਦਿੱਤਾ ਸੀ ਕਿ "ਜਿਹੜਾ ਮਨੁੱਖ ਅੰਤਰਧਿਆਨ ਅਤੇ ਸ਼ਰਧਾਵਾਨ ਹੋ ਕੇ ਹਰੇਕ ਪੌੜੀ ਤੇ ਜਪੁਜੀ ਦਾ ਪਾਠ ਕਰੇਗਾ, ਉਹ ਚੌਰਾਸੀ ਦੇ ਚੱਕਰ ਤੋਂ ਮੁਕਤ ਹੋ ਜਾਵੇਗਾ।" ਛੇਤੀ ਹੀ ਇਹ ਸਿੱਖਾਂ ਦਾ ਮਹੱਤਵਪੂਰਨ ਤੀਰਥ ਬਣ ਗਿਆ ਅਤੇ ਗੋਇੰਦਵਾਲ ਦੀ ਪ੍ਰਸਿੱਧੀ ਅਤੇ ਖੁਸ਼ਹਾਲੀ ਵਿਚ ਅਤਿਅੰਤ

ਵਾਧਾ ਹੋਇਆ। ਬਾਉਲੀ ਦੇ ਪਾਣੀ ਵਿਚ ਰੋਗ ਹਰਨ ਦੀ ਤਾਸੀਰ ਦੀ ਵਾਰਤਾ ਪਿੱਛੋਂ ਸੁਝਿਆ ਵਿਚਾਰ ਹੋ ਸਕਦਾ ਹੈ। ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਦੂਰ ਦੂਰ ਤੋਂ ਯਾਤਰੀ ਇਥੇ ਆਉਂਦੇ ਸਨ ਅਤੇ ਆਵਾਜਾਈ ਦੀ ਬੜੀ ਗਹਿਮਾ ਗਹਿਮੀ ਰਹਿੰਦੀ ਸੀ। ਵਾਸਤਵ ਵਿਚ ਸਿੱਖ ਮਤ ਧਾਰਮਕ ਸ਼ਰਧਾਲੂਆਂ ਦੇ ਇਕ ਵਿਸ਼ੇਸ਼ ਟੋਲੇ ਦੁਆਰਾ ਮੰਨਿਆ ਜਾਣ ਵਾਲਾ ਇਕ ਅਸਪੱਸ਼ਟ ਜਿਹਾ ਮਤ ਨਹੀਂ ਰਿਹਾ ਸੀ ਅਤੇ ਜੇਕਰ ਅਸੀਂ ਇਸ ਕਥਨ ਨੂੰ ਬਿਨਾਂ ਸ਼ੱਕ ਸ੍ਵੀਕਾਰ ਕਰ ਲਈਏ ਕਿ ਪਹਾੜੀ ਰਾਜਿਆਂ[43] ਵਿਚੋਂ ਵੀ ਗੁਰੂ ਅਮਰ ਦਾਸ ਆਪਣੇ ਕੁਝ ਇਕ ਸ਼ਰਧਾਲੂ ਬਣਾਉਣ ਵਿਚ ਸਫ਼ਲ ਹੋ ਗਏ ਸਨ ਤਾਂ ਕੋਈ ਹੋਰ ਗੱਲ ਨਵੀਨ ਮਤ ਦੀ ਵੱਧ ਰਹੀ ਲੋਕ-ਪ੍ਰਿਯਤਾ ਦੀ ਪੁਸ਼ਟੀ ਏਨੇ ਸਪੱਸ਼ਟ ਢੰਗ ਨਾਲ ਨਹੀਂ ਕਰਦੀ। ਪਰ ਫਿਰ ਵੀ ਇਸ ਸਭ ਕੁਝ ਵਿਚੋਂ ਸ਼ਿਰੋਮਣੀ ਅਕਬਰ ਸ਼ਹਿਨਸ਼ਾਹ ਦਾ ਇਥੇ ਆਪ ਆਉਣਾ ਸੀ। ਲਾਹੌਰ ਨੂੰ ਜਾਂਦਿਆਂ ਹੋਇਆਂ ਸ਼ਹਿਨਸ਼ਾਹ ਗੋਇੰਦਵਾਲ ਵਿਖੇ ਗੁਰੂ ਜੀ ਦੇ ਡੇਰੇ ਤੇ ਪੁੱਜਾ ਅਤੇ ਉਨ੍ਹਾਂ ਦੇ ਚਰਿੱਤਰ ਦੀ ਪਵਿੱਤਰਤਾ ਅਤੇ ਉਨ੍ਹਾਂ ਦੁਆਲੇ ਪਸਰੀ ਸੁੱਚਤਾ ਤੋਂ ਅਤਿਅੰਤ ਪ੍ਰਭਾਵਿਤ ਹੋ ਕੇ ਗੁਰੂ ਸਾਹਿਬ ਨੂੰ ਭੇਟਾ ਸਵੀਕਾਰ ਕਰਨ ਲਈ ਬੇਨਤੀ ਕੀਤੀ। ਗੁਰੂ ਅਮਰਦਾਸ ਨੇ ਨਿਮਰਤਾਪੂਰਵਕ ਪਰ ਦ੍ਰਿੜ੍ਹਤਾ ਨਾਲ ਭੇਟਾ ਲੈਣੋਂ ਇਨਕਾਰ ਕਰ ਦਿੱਤਾ। ਅਖੀਰ ਸ਼ਹਿਨਸ਼ਾਹ ਨੇ ਗੁਰੂ ਸਾਹਿਬ ਦੀ ਪੁੱਤਰੀ ਬੀਬੀ ਭਾਨੀ ਦੇ ਨਾਂ ਤੇ ਕੁਝ ਪਿੰਡਾਂ ਦੀ ਜਾਗੀਰ ਲਾ ਦਿੱਤੀ ਜਿਸ ਉੱਤੇ ਪਿੱਛੋਂ ਜਾ ਕੇ ਅੰਮ੍ਰਿਤਸਰ ਉਸਰਿਆ।[44] ਪਰ ਪਦਾਰਥਕ ਲਾਭ ਜੋ ਕਿ ਘੱਟ ਕੀਮਤੀ ਨਹੀਂ ਸੀ, ਤੋਂ ਛੁੱਟ ਸ਼ਹਿਨਸ਼ਾਹ ਦੀ ਯਾਤਰਾ ਨੇ ਗੁਰੂ ਸਾਹਿਬ ਦੀ ਪ੍ਰਤਿਸ਼ਠਾ ਅਤੇ ਪ੍ਰਸਿੱਧੀ ਵਿਚ ਅਥਾਹ ਵਾਧਾ ਕੀਤਾ। ਸਾਨੂੰ ਦੱਸਿਆ ਗਿਆ ਹੈ ਕਿ ਸ਼ਹਿਨਸ਼ਾਹ ਦੀ ਯਾਤਰਾ ਦਾ ਏਨਾ ਡੂੰਘਾ ਪ੍ਰਭਾਵ ਪਿਆ ਕਿ "ਸਿੱਖ ਮਤ ਵਿਚ ਟੋਲਿਆਂ ਦੇ ਟੋਲੇ ਸ਼ਾਮਿਲ ਹੋ ਗਏ ਸਨ।"[45] ਨਵਾਂ ਮਤ ਲੋਕਾਂ ਦੇ ਮਨਾਂ ਵਿਚ ਹੋਰ ਵੀ ਘਰ ਕਰ ਗਿਆ ਜਦ ਗੁਰੂਆਂ ਨੇ ਜਿਵੇਂ ਕਿ ਅਸੀਂ ਦੇਖਾਂਗੇ, ਜਨਤਕ ਕਸ਼ਟਾਂ ਦੇ ਨਿਵਾਰਣ ਲਈ ਸ਼ਹਿਨਸ਼ਾਹ ਨਾਲ ਆਪਣੀ ਮਿੱਤਰਤਾ ਦੀ ਵਰਤੋਂ ਕੀਤੀ।

ਪਰ ਇਹ ਸਫ਼ਲਤਾਵਾਂ ਸੰਘਰਸ਼ ਅਤੇ ਵਿਰੋਧ ਤੋਂ ਬਿਨਾਂ ਪ੍ਰਾਪਤ ਨਹੀਂ ਹੋਈਆਂ ਸਨ। ਨਿਰਸੰਦੇਹ ਕੱਟੜ ਜੋਗੀ ਜਿਹੜੇ ਆਮ ਕਰਕੇ ਵਾਦ-ਵਿਵਾਦ ਵਿਚ ਨਿਪੁੰਨ ਸਨ, ਇਸ ਵਾਰ ਉਨ੍ਹਾਂ ਦੀ ਦੁਰਗਤੀ ਵਧੇਰੇ ਹੋਈ ਲਗਦੀ ਹੈ। ਸਾਨੂੰ ਦੱਸਿਆ ਗਿਆ ਹੈ ਕਿ ਫਿਰੀਆ ਅਤੇ ਕਟੜਾ ਨਾਮ ਦੇ ਦੋ ਸਿੱਖਾਂ ਨੇ, ਜਿਹੜੇ ਦਿੱਲੀ ਦੇ ਨੇੜੇ-ਤੇੜੇ ਦੇ ਸਨ, ਗੋਰਖਨਾਥ ਦੇ ਸ਼ਿਸ਼ਾਂ ਦੇ ਇਕ ਡੇਰੇ ਤੇ ਕਬਜ਼ਾ ਕਰ ਲਿਆ। ਇਸ ਦਾ ਏਨਾ ਡੂੰਘਾ ਪ੍ਰਭਾਵ ਪਿਆ ਕਿ ਕਈ ਮਨੁੱਖ ਹੌਲੀ ਹੌਲੀ ਸਿੱਖ ਮਤ ਵਿਚ ਦਾਖ਼ਲ ਹੋ ਗਏ, ਜੋਗੀਆਂ ਦੇ ਡੇਰੇ ਢਾਹ ਦਿੱਤੇ ਗਏ, ਅਤੇ ਉਨ੍ਹਾਂ ਦੀ ਥਾਂ ਤੇ ਗੁਰੂਦਵਾਰੇ ਉਸਾਰ ਕੇ ਰੱਬ ਦੀ ਅਤ

---

43. ਕਿਹਾ ਜਾਂਦਾ ਹੈ ਕਿ ਹਰੀਪੁਰ ਦੇ ਰਾਜਾ ਨੇ ਗੁਰੂ ਜੀ ਦੀ ਸਿੱਖਿਆ ਗ੍ਰਹਿਣ ਕਰ ਲਈ ਸੀ। (ਮੈਕਾਲਿਫ, *ਉਪਰੋਕਤ ਰਚਨਾ*, ਸੈਂਚੀ ਦੂਜੀ, ਪੰਨਾ 262; ਪੰਥ ਪ੍ਰਕਾਸ਼, ਪੰਨਾ 73, 74; *ਸੂਰਜ ਪ੍ਰਕਾਸ਼*, ਰਾਸ I, xxxii) । ਪਿੱਛੋਂ ਹੋਈਆਂ ਘਟਨਾਵਾਂ ਇਸ ਨੂੰ ਅਤਿ ਸੰਦੇਹਜਨਕ ਪ੍ਰਗਟ ਕਰਦੀਆਂ ਹਨ।

44. ਮੈਕਾਲਿਫ, *ਉਹੀ*, ਪੰਨਾ 97 *ਪੰਥ ਪ੍ਰਕਾਸ਼*, ਪੰਨਾ 77.

45. ਨਾਰੰਗ, *ਉਪਰੋਕਤ ਰਚਨਾ*, ਪੰਨਾ 28.

ਸੱਚੇ ਧਰਮ ਦੀ ਸ਼ੋਭਾ ਨੂੰ ਵਧਾਇਆ ਗਿਆ।[46] ਇਹ ਕਥਾਵਾਂ ਠੀਕ ਹੀ ਅਤਿ-ਕਥਨੀ ਭਰਪੂਰ ਹੋ ਸਕਦੀਆਂ ਹਨ ਅਤੇ ਬਣਾਉਟੀ ਵੀ। ਪਰ ਸਿੱਖ ਲਿਖਤਾਂ ਵਿਚ ਇਨ੍ਹਾਂ ਦਾ ਵਾਰ ਵਾਰ ਆਉਣਾ ਸੰਦੇਹ ਲਈ ਕੋਈ ਗੁੰਜਾਇਸ਼ ਨਹੀਂ ਛਡਦਾ ਕਿ ਮੁਕਤੀ ਅਤੇ ਸੁਧਾਰ ਦੇ ਕਾਰਜ ਵਿਚ ਗੁਰੂਆਂ ਨੂੰ ਜੋਗੀਆਂ ਵੱਲੋਂ ਕਰੜੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਫਿਰ ਅਸੀਂ ਇਕ ਹੋਰ ਤਪੀ ਬਾਰੇ ਸੁਣਦੇ ਹਾਂ, ਜੋ ਗੋਇੰਦਵਾਲ ਵਿਖੇ ਰਹਿੰਦਾ ਸੀ ਅਤੇ ਜਿਸ ਨੇ ਗੁਰੂ ਸਾਹਿਬ ਦਾ ਅਪਮਾਨ ਕਰਨਾ ਆਪਣਾ ਕਰਤੱਵ ਬਣਾ ਲਿਆ ਸੀ। ਵਾਸਤਵ ਵਿਚ ਉਹ ਇਕ ਬੇਕਾਰ ਪਖੰਡੀ ਸੀ ਜਿਹੜਾ ਬੇਹੱਦ ਲਾਲਚ ਵਿਚ ਗ੍ਰਸਿਆ ਹੋਇਆ ਸੀ। ਜਿਵੇਂ ਕਿ ਸਮਕਾਲੀ ਵਿਦਵਾਨ ਦਾ ਵਿਚਾਰ ਹੈ :

> *ਜਿਥੇ ਥੋੜਾ ਧੰਨ ਵੇਖੈ ਤਿਥੈ ਤਪਾ ਭਿਟੈ ਨਾਹੀ ਧੰਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ*[47]

ਪਰ ਉਸ ਦੇ ਲੋਭ ਨੇ ਹੀ ਉਸ ਦਾ ਨਾਸ਼ ਕਰ ਦਿੱਤਾ ਅਤੇ ਛੇਤੀ ਹੀ ਉਸ ਦਾ ਪਤਾ ਚਲ ਗਿਆ। ਉਹੀ ਵਿਦਵਾਨ ਲਿਖਦਾ ਹੈ, "ਜਦ ਉਹ ਪਿੰਡ ਦੇ ਬਜ਼ੁਰਗਾਂ ਵਿਚਕਾਰ ਬੈਠਦਾ ਹੈ ਤਾਂ ਉਹ ਪਸਚਾਤਾਪੀ ਹੁੰਦਾ ਹੈ; ਜਦੋਂ ਉਹ ਘਰ ਵਿਚ ਹੁੰਦਾ ਹੈ ਤਾਂ ਪਾਪ ਕਰ ਰਿਹਾ ਹੁੰਦਾ ਹੈ, ਪਰਮਾਤਮਾ ਨੇ ਉਸ ਦੇ ਗੁਪਤ ਗੁਨਾਹਾਂ ਦੇ ਭੇਦਾਂ ਨੂੰ ਮੁਖੀਆਂ ਅੱਗੇ ਖੋਲ੍ਹ ਦਿੱਤਾ ਹੈ।" ਪਰ ਜੋਗੀਆਂ ਅਤੇ ਤਪੀਆਂ ਦੀਆਂ ਇਨ੍ਹਾਂ ਪ੍ਰਸਿੱਧ ਘਟਨਾਵਾਂ, ਜਿਨ੍ਹਾਂ ਦੀ ਸਿੱਖ ਲਿਖਤਾਂ ਵਿਚ ਕੋਈ ਕਮੀ ਨਹੀਂ, ਤੋਂ ਛੁੱਟ ਇਹ ਪ੍ਰਤੀਤ ਹੁੰਦਾ ਹੈ ਕਿ ਗੁਰੂ ਅਮਰ ਦਾਸ ਨੂੰ ਵਧੇਰੀਆਂ ਗੰਭੀਰ ਔਕੜਾ ਦਾ ਸਾਹਮਣਾ ਕਰਨਾ ਪਿਆ ਸੀ। ਕਿਹਾ ਜਾਂਦਾ ਹੈ ਕਿ ਗੋਇੰਦਵਾਲ ਵਿਖੇ, ਆਪਣੇ ਮੁੱਢਲੇ ਜੀਵਨ ਵਿਚ, ਗੁਰੂ ਜੀ ਅਤੇ ਉਨ੍ਹਾਂ ਦੇ ਸਿੱਖਾਂ ਨੂੰ ਉਥੇ ਵਸਦੇ ਮੁਸਲਮਾਨਾਂ ਵੱਲੋਂ ਕਾਫ਼ੀ ਨਾਰਾਜ਼ਗੀ ਅਤੇ ਜਬਰ ਸਹਿਣਾ ਪਿਆ। ਗੁਰੂ ਸਾਹਿਬ ਨੇ ਵੈਰਾਗੀਆਂ ਵਾਲੇ ਧੀਰਜ ਨਾਲ ਉਨ੍ਹਾਂ ਦਾ ਮੁਕਾਬਲਾ ਕੀਤਾ ਪਰ ਮੁਸਲਮਾਨਾਂ ਦੀ ਜਿਹੜੇ ਗੁਰੂ ਘਰ ਦੀ ਰਸੋਈ ਲਈ ਪਾਣੀ ਢੋਇਆ ਕਰਦੇ ਸਨ। ਗੁਲੇਲਿਆਂ ਤੇ ਰੋੜਿਆਂ ਨਾਲ ਵਰਤਣੀਆਂ ਆਰੰਭ ਕਰ ਦਿੱਤੀਆਂ ਤਾਂ ਮੁਸਲਮਾਨ ਉਨ੍ਹਾਂ ਵਿਚ ਤੀਰ ਨਾਲ ਛੇਕ ਕਰਨ ਲਗ ਪਏ। ਅਖੀਰ ਸਿੱਖਾਂ ਨੇ ਮਸ਼ਕਾਂ ਦੀ ਥਾਂ ਪਿੱਤਲ ਦੀਆਂ ਗਾਗਰਾਂ ਦੀ ਵਰਤੋਂ ਸ਼ੁਰੂ ਕਰ ਦਿੱਤੀ ਪਰ ਇਨ੍ਹਾਂ ਦੇ ਮੂੰਹ ਵੀ ਇੱਟਾਂ ਅਤੇ ਪੱਥਰਾਂ ਨਾਲ ਉੱਡਾ ਦਿੱਤੇ ਜਾਣ ਲਗੇ। ਪਰ ਗੁਰੂ ਜੀ ਨੇ ਫਿਰ ਵੀ ਕੋਈ ਕਦਮ ਨਾ ਚੁੱਕਿਆ। ਜਦ ਸਿੱਖਾਂ ਨੇ ਗੁਰੂ ਜੀ ਤੋਂ ਪੁੱਛਿਆ ਕਿ ਉਹ ਕਦ ਤਕ ਮੁਸਲਮਾਨਾਂ ਦਾ ਇਹ ਜਬਰ ਸਹਿੰਦੇ ਰਹਿਣਗੇ ਤਾਂ ਗੁਰੂ ਜੀ ਨੇ ਉੱਤਰ ਦਿੱਤਾ "ਜਦ ਤਕ ਕਿ ਉਹ ਜੀਂਦੇ ਹਨ। ਸੰਤਾਂ ਨੂੰ ਬਦਲਾ ਲੈਣਾ ਨਹੀਂ ਸੋਂਹਦਾ।" ਇਤਿਹਾਸਕਾਰ ਤੁਰੰਤ ਹੀ ਅੱਗੇ ਲਿਖਦਾ ਹੈ ਕਿ ਦੈਵੀ ਕਹਿਰ ਛੇਤੀ ਹੀ ਜਾਬਰਾਂ ਉੱਤੇ ਹਾਵੀ ਹੋ ਗਿਆ ਸੀ। ਸ਼ਸਤਰਬੱਧ ਸੰਨਿਆਸੀਆਂ ਦਾ ਇਕ ਟੋਲਾ ਗੋਇੰਦਵਾਲ ਆ ਪੁੱਜਾ ਅਤੇ ਉਨ੍ਹਾਂ ਅਤੇ ਮੁਸਲਮਾਨਾਂ ਵਿਚਕਾਰ ਲੜਾਈ ਛਿੜ ਪਈ ਜਿਸ ਵਿਚ, ਕਿਹਾ ਜਾਂਦਾ ਹੈ, ਗੁਰੂ ਜੀ ਦੇ ਕਈ ਵੈਰੀ ਮਾਰੇ ਗਏ। ਇਸ ਕਥਾ ਦੀ ਪ੍ਰਮਾਣਿਕਤਾ ਵਿਚ ਕੋਈ ਸੰਦੇਹ ਹੋ ਸਕਦਾ ਹੈ ਪਰ ਇਸ ਵਿਚ ਅਸੰਭਵ ਗੱਲ ਕੋਈ

46. ਮੈਕਾਲਿਫ, *ਉਪਰੋਕਤ ਰਚਨਾ*, ਸੈਂਚੀ ਦੂਜੀ, ਪੰਨਾ 140.
47. ਗੁਰੂ ਰਾਮ ਦਾਸ, *ਗਉੜੀ ਕੀ ਵਾਰ*; ਮੈਕਾਲਿਫ, *ਉਹੀ*, ਪੰਨਾ 99, 100.

ਨਹੀਂ ਅਤੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਸ਼ਸਤਰਬੱਧ ਸੰਨਿਆਸੀਆਂ ਦੀ ਉਨ੍ਹਾਂ ਦਿਨਾਂ ਵਿਚ ਕੋਈ ਘਾਟ ਨਹੀਂ ਸੀ।[48] ਇਕ ਗੱਲ ਹੋਰ, ਇਹ ਘਟਨਾ ਮੁੱਢਲੇ ਸਿੱਖ ਮਤ ਦੀ ਆਤਮਾ ਦੀ ਸਪੱਸ਼ਟ ਭਾਂਤ ਵਿਆਖਿਆ ਕਰਦੀ ਹੈ ਅਤੇ ਇਹ ਘੱਟੋ ਘੱਟ ਦੂਜੀਆਂ ਘਟਨਾਵਾਂ ਵਰਗੀ ਨਹੀਂ "ਜਿਨ੍ਹਾਂ ਵਿਚ ਪਰੰਪਰਾ ਨੂੰ ਤਰਕਹੀਣ ਢੰਗ ਨਾਲ ਢਾਲ ਕੇ ਪਿਛਲੇਰੇ ਅਸੂਲਾਂ ਅਤੇ ਘਟਨਾਵਾਂ ਦੀ ਪੂਰਵ ਕਲਪਨਾ ਕੀਤੀ ਗਈ ਹੈ।" ਇਹ ਗੱਲ ਭਾਵੇਂ ਕਿਵੇਂ ਵੀ ਹੋਵੇ, ਗੁਰੂ ਅਮਰ ਦਾਸ ਲਈ ਇਸ ਨਾਲੋਂ ਵੀ ਵਧੀਕ ਆਪੱਤੀ ਅਜੇ ਆਉਣੀ ਸੀ। ਅਸਲ ਵਿਚ ਉਨ੍ਹਾਂ ਦੀਆਂ ਲਗਾਤਾਰ ਨਿੱਗਰ ਸਫ਼ਲਤਾਵਾਂ ਉਨ੍ਹਾਂ ਦੇ ਵੈਰੀ ਹੀ ਪੈਦਾ ਕਰ ਸਕਦੀਆਂ ਸਨ। ਨਵਾਂ ਮਤ ਛੇਤੀ ਹੀ ਏਨਾ ਮਹੱਤਵ ਧਾਰਨ ਕਰ ਗਿਆ ਜਿਹੜਾ ਬ੍ਰਾਹਮਣਾਂ ਦੀ ਈਰਖਾ ਜਗਾਉਣ ਲਈ ਕਾਫ਼ੀ ਸੀ ਜੋ ਹੁਣ ਤਕ ਸਿੱਖ ਗੁਰੂਆਂ ਦੇ ਯਤਨਾਂ ਨੂੰ ਬੇਪਰਵਾਹੀ ਨਾਲ ਦੇਖਦੇ ਰਹੇ ਸਨ। ਖਤਰੀਆਂ ਨੇ ਵੀ ਬ੍ਰਾਹਮਣਾਂ ਨਾਲ ਸਾਂਝਾ ਮੁਹਾਜ਼ ਬਣਾ ਲਿਆ ਅਤੇ ਕਿਹਾ ਜਾਂਦਾ ਹੈ ਕਿ ਇਕ ਮਰਵਾਹੇ[49] ਨੇ ਗੁਰੂ ਸਾਹਿਬ ਵਿਰੁੱਧ ਲਹਿਰ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। ਇਨ੍ਹਾਂ ਵਿਚ ਉਹ ਲੋਕ ਵੀ ਆ ਰਲੇ ਜਿਨ੍ਹਾਂ ਕੋਲੋਂ ਗੁਰੂ ਜੀ ਨੇ ਬਾਉਲੀ ਲਈ ਜ਼ਮੀਨ ਖ਼ਰੀਦੀ ਸੀ ਅਤੇ ਜਿਨ੍ਹਾਂ ਨੇ ਹੁਣ ਝੂਠਾ ਦਾਅਵਾ ਕੀਤਾ ਕਿ ਗੁਰੂ ਜੀ ਨੇ ਨਿਯਤ ਕੀਮਤ ਅਦਾ ਨਹੀਂ ਕੀਤੀ। ਜੁੰਡੀਦਾਰਾਂ ਨੇ, ਤਦ ਗੁਰੂ ਅਮਰ ਦਾਸ ਵਿਰੁੱਧ ਆਪਣੀਆਂ ਸ਼ਿਕਾਇਤਾਂ ਦੇ ਬਿਨੈ-ਪੱਤਰ ਤਿਆਰ ਕੀਤੇ ਅਤੇ ਪ੍ਰਤਿਨਿਧ ਮੰਡਲ ਦੇ ਰੂਪ ਵਿਚ ਸ਼ਹਿਨਸ਼ਾਹ ਕੋਲ ਪਹੁੰਚੇ। ਮਰਵਾਹਾ ਖਤਰੀ ਦਾ ਬਿਨੈ-ਪੱਤਰ ਤਾਂ ਸਮੁੱਚਾ ਹੀ ਰੱਦ ਕਰ ਦਿੱਤਾ ਗਿਆ ਪਰ ਕਿਹਾ ਜਾਂਦਾ ਹੈ ਕਿ ਸ਼ਹਿਨਸ਼ਾਹ ਨੇ ਗੁਰੂ ਸਾਹਿਬ ਨੂੰ ਬ੍ਰਾਹਮਣਾਂ ਦਾ ਸਾਹਮਣਾ ਕਰਨ ਲਈ ਸੱਦ ਭੇਜਿਆ। ਗੁਰੂ ਅਮਰ ਦਾਸ ਨੇ ਆਪਣੀ ਵਡੇਰੀ ਉਮਰ ਕਰਕੇ ਮੁਆਫ਼ੀ ਮੰਗੀ ਅਤੇ ਦਿੱਲੀ ਵਿਖੇ ਆਪਣਾ ਪ੍ਰਤਿਨਿਧ ਇਕ ਜਥਾ ਭੇਜ ਦਿੱਤਾ। ਜੱਥੇ ਨੂੰ ਗੁਰੂ ਜੀ ਤੇ ਲੱਗ ਨਿਰਾਧਾਰ ਦੂਸ਼ਨਾਂ ਨੂੰ ਰੱਦ ਕਰਨ ਵਿਚ ਔਕੜ ਨਾ ਆਈ ਅਤੇ ਸ਼ਹਿਨਸ਼ਾਹ ਨੂੰ ਗੁਰੂ

48. ਪ੍ਰਮਾਣ ਵਜੋਂ, ਖੁਲਾਸਤੁੱਤ-ਤਵਾਰੀਖ ਵਿਚ ਬਟਾਲੇ ਲਾਗੇ ਇਕ ਅਜੇਹੇ ਟੋਲੇ ਅਤੇ ਕੁਝ ਮੁਸਲਮਾਨ ਫਕੀਰਾਂ ਵਿਚਕਾਰ ਸਖ਼ਤ ਲੜਾਈ ਵੱਲ ਸੰਕੇਤ ਹੈ। ਸਾਨੂੰ ਦੱਸਿਆ ਗਿਆ ਹੈ ਕਿ ਸ਼ਹਿਨਸ਼ਾਹ ਅਕਬਰ ਨੇ ਆਪ ਵਿਚ ਪੈ ਕੇ ਮੁਆਮਲਾ ਨਜਿਠਿਆ ਸੀ (ਜਾਫ਼ਰ ਹਸਨ ਸੰਸਕਰਣ, ਪੰਨਾ 425)।

49. ਮਰਵਾਹਾ ਜਾਂ ਮੇਰਵਾਹਾ ਸਰੀਣ ਜਾਤੀ ਦਾ ਖੱਤਰੀ ਕਬੀਲਾ ਹੈ ਜੋ ਆਪਣਾ ਮੂਲ ਸਥਾਨ ਮਧ ਏਸ਼ੀਆ ਮੰਨਦਾ ਹੈ। "ਉਨ੍ਹਾਂ ਦਾ ਸਭ ਤੋਂ ਪਹਿਲਾ ਟਿਕਾਣਾ, ਜਿਸ ਬਾਰੇ ਥਹੁ ਮਿਲਦਾ ਹੈ, ਅੰਮ੍ਰਿਤਸਰ ਵਿਚ ਗੋਵਿੰਦਵਾਲ ਜਾਂ ਗੋਂਦਵਾਲ ਹੈ। ਇਸ ਬਾਰੇ ਉਹ ਕਹਿੰਦੇ ਹਨ ਕਿ ਇਹ ਟਿਕਾਣਾ ਇਕ ਸ਼ਰਧਾਲੂ ਬਾਬਾ ਗੋਬਿੰਦ ਰਾਇ ਨੇ ਇਕ ਵਿਸ਼ਾਲ ਸਥਾਨ ਤੇ ਕੀਤਾ ਸੀ। ਇਸ ਵਿਅਕਤੀ ਨੂੰ, ਸ਼ਿਕਾਰ ਤੇ ਆਏ ਇਕ ਭੁੱਖੇ ਰਾਜੇ ਨੂੰ ਖਾਣਾ ਖੁਆਉਣ ਕਾਰਨ, ਜਾਗੀਰ ਵਿਚ ਜ਼ਮੀਨਾਂ ਮਿਲਦੀਆਂ ਸਨ। ਪਿੱਛੋਂ ਇਕ ਭੱਲੇ ਗੁਰੂ ਨੇ, ਜਿਸ ਨਾਲ ਮਰਵਾਹੇ ਲੜੇ ਸਨ, ਉਸ ਦੇ ਅਨੁਯਾਈਆਂ ਨੂੰ ਉਸੇ ਖੂਹ ਤੋਂ ਪਾਣੀ ਪੀਣ ਤੋਂ ਰੋਕਣ ਕਾਰਨ ਉਨ੍ਹਾਂ ਨੂੰ ਸਰਾਪ ਦੇ ਦਿੱਤਾ। ਇਸ ਤੇ ਉਨ੍ਹਾਂ ਵਿਚੋਂ ਬਹੁਤ ਸਾਰੇ ਹੋਰ ਕਿਧਰੇ ਜਾ ਟਿਕੇ" (*Glossary of Punjab Tribes and Castes*. Vol. II, p. 524). ਇਸ ਮਰਵਾਹਾ ਪ੍ਰਥਾ ਵਿਚ ਸਾਨੂੰ ਸਿੱਖਾਂ ਤੇ ਮਰਵਾਹੇ ਖੱਤਰੀਆਂ ਵਿਚਕਾਰ ਗੋਇੰਦਵਾਲ ਵਿਖੇ ਉੱਤਮਤਾ ਲਈ ਲੜਾਈ ਦੀ ਗੂੰਜ ਸੁਣਾਈ ਦਿੰਦੀ ਹੈ। ਇਹ ਨੋਟ ਕਰਨਾ ਦਿਲਚਸਪ ਹੈ ਕਿ ਸਿੱਖ ਗ੍ਰੰਥ ਵੀ ਕਹਿੰਦੇ ਹਨ ਕਿ ਇਸ ਸਥਾਨ ਦੀ ਨੀਂਹ ਗੋਬਿੰਦ ਨਾਮੀਂ ਇਕ ਵਿਅਕਤੀ ਨੇ ਰਖੀ ਸੀ ਅਤੇ ਭੱਲਾ ਗੁਰੂ ਜਿਸ ਦਾ ਉੱਪਰ ਜ਼ਿਕਰ ਕੀਤਾ ਗਿਆ ਹੈ ਗੁਰੂ ਅਮਰ ਦਾਸ ਜੀ ਹੋ ਸਕਦੇ ਹਨ ਜੋ, ਜਿਵੇਂ ਕਿ ਅਸੀਂ ਜਾਣਦੇ ਹਾਂ, ਖਤਰੀਆਂ ਦੇ ਭੱਲਾ ਕਬੀਲੇ 'ਚੋਂ ਸਨ।

ਸਾਹਿਬ ਅਤੇ ਉਨ੍ਹਾਂ ਦੇ ਮਨੋਰਥਾਂ ਦੇ ਹੱਕ ਵਿਚ ਫੈਸਲਾ ਦੇਣ ਵਿਚ ਕੋਈ ਝਿਜਕ ਮਹਿਸੂਸ ਨਾ ਹੋਈ। ਪਰ ਮਿੱਤਰਤਾ ਭਰੀ ਸਲਾਹ ਦੇ ਰੂਪ ਵਿਚ ਬਾਦਸ਼ਾਹ ਨੇ ਜਥੇ ਰਾਹੀਂ ਗੁਰੂ ਸਾਹਿਬ ਨੂੰ ਗੰਗਾ ਦੀ ਯਾਤਰਾ ਕਰਨ ਦੀ ਬਿਨੈ ਭੇਜੀ ਤਾਂ ਕਿ ਹਿੰਦੂਆਂ ਦੇ ਕ੍ਰੋਧ ਨੂੰ ਦੂਰ ਕੀਤਾ ਜਾ ਸਕੇ ਅਤੇ ਇਹ ਬਚਨ ਦਿੱਤਾ ਕਿ ਉਹ ਅਜੇਹਾ ਆਦੇਸ਼ ਜਾਰੀ ਕਰ ਦੇਵੇਗਾ ਜਿਸ ਦੁਆਰਾ ਗੁਰੂ ਸਾਹਿਬ ਦੇ ਜੱਥੇ ਤੇ ਕੋਈ ਯਾਤਰਾ-ਕਰ ਨਹੀਂ ਲੱਗੇਗਾ।[50] ਪਰ ਇਨ੍ਹਾਂ ਵੇਰਵਿਆਂ ਨੂੰ ਇਤਿਹਾਸ ਦੇ ਰੂਪ ਵਿਚ ਪ੍ਰਵਾਨ ਕਰਨ ਤੋਂ ਪਹਿਲਾਂ ਇਨ੍ਹਾਂ ਦੀ ਚੰਗੀ ਤਰ੍ਹਾਂ ਪੁਣਛਾਣ ਹੋਣੀ ਚਾਹੀਦੀ ਹੈ। ਇਹ ਭੁਲਣਾ ਨਹੀਂ ਚਾਹੀਦਾ ਕਿ ਇਨ੍ਹਾਂ ਕਥਾਵਾਂ ਦਾ ਪ੍ਰਮੁੱਖ ਪ੍ਰਮਾਣ ਸੂਰਜ ਪ੍ਰਕਾਸ਼ ਹੈ ਜਿਹੜੀ ਕਿ ਗੁਰੂ ਅਮਰ ਦਾਸ ਤੋਂ ਤਿੰਨ ਸੌ ਸਾਲ ਬਾਅਦ ਦੀ ਰਚਨਾ ਹੈ। ਇਸ ਵਿਸ਼ੇਸ਼ ਦ੍ਰਿਸ਼ਟਾਂਤ ਵਿਚ ਅਸੀਂ ਇਸ ਸੰਭਾਵਨਾ ਨੂੰ ਵੀ ਪੂਰਨ ਭਾਂਤ ਅੱਖੋਂ ਓਹਲੇ ਨਹੀਂ ਕਰ ਸਕਦੇ ਕਿ ਸ਼ਹਿਨਸ਼ਾਹ ਵੱਲੋਂ ਗੁਰੂ ਜੀ ਨੂੰ ਦਿੱਤੀ ਗਈ ਪ੍ਰਸਿੱਧ ਸਰਪ੍ਰਸਤੀ ਪਿਛਲੇਰੇ ਲਿਖਾਰੀਆਂ ਨੂੰ ਕਲਪਿਤ ਅਤਿਕਥਨੀ ਵੱਲ ਉਕਸਾ ਸਕਦੀ ਹੈ। ਪਰ ਨਾਲ ਹੀ ਇਹ ਗੱਲ ਵੀ ਸਪੱਸ਼ਟ ਭਾਂਤ ਸਮਝ ਲੈਣੀ ਚਾਹੀਦੀ ਹੈ ਕਿ ਉਪਰੋਕਤ ਕਥਾ ਦੇ ਦੋਹਾਂ ਅੰਗਾਂ ਲਈ ਸਾਨੂੰ ਸਮਕਾਲੀ ਪ੍ਰਮਾਣ ਵੀ ਮਿਲਦੇ ਹਨ। ਇਹ ਦੋਵੇਂ ਗੱਲਾਂ, ਮਰਵਾਹੇ ਖਤਰੀ ਦਾ ਪ੍ਰਤਿਨਿਧ ਮੰਡਲ ਅਤੇ ਗੁਰੂ ਜੀ ਦੇ ਜਥੇ ਲਈ ਯਾਤਰਾ ਕਰ ਦੀ ਮੁਆਫੀ, ਦੋ ਸ਼ਬਦਾਂ—ਪਹਿਲਾ ਗਉੜੀ ਦੀ ਵਾਰ ਅਤੇ ਦੂਜਾ ਤੁਖਾਰੀ ਰਾਗ ਵਿਚ—ਦੁਆਰਾ ਪ੍ਰਮਾਣਿਤ ਹੋ ਜਾਂਦੀਆਂ ਹਨ। ਪਰ ਪਹਿਲੇ ਸਲੋਕ ਵਿਚੋਂ ਕੇਵਲ ਇਹੋ ਹੀ ਪ੍ਰਗਟ ਹੁੰਦਾ ਹੈ ਕਿ 'ਮਨਮੁਖ', ਜਿਵੇਂ ਕਿ ਮਰਵਾਹੇ ਨੂੰ ਕਿਹਾ ਗਿਆ ਹੈ, ਨੇ ਆਪਣੇ ਸੇਵਕ ਨੂੰ ਗੁਰੂ ਸਾਹਿਬ ਵਿਰੁੱਧ ਸ਼ਿਕਾਇਤ ਦੇ ਕੇ ਕਿਤੇ ਭੇਜਿਆ ਸੀ ਪਰ ਉਹ ਆਪਣੇ ਇਰਾਦਿਆਂ ਵਿਚ ਬਿਲਕੁਲ ਅਸਫ਼ਲ ਰਿਹਾ ਸੀ। ਪਰ ਅਜਿਹਾ ਕੋਈ ਸੰਕੇਤ ਨਹੀਂ ਮਿਲਦਾ ਕਿ ਸ਼ਿਕਾਇਤ ਕਿਸ ਨੂੰ ਕੀਤੀ ਗਈ ਅਤੇ ਕਿਸ ਬਾਰੇ ਕੀਤੀ ਗਈ। ਇਸ ਦੀ ਦੁਰਗਤੀ ਦਾ ਕਾਫ਼ੀ ਵੇਰਵਾ ਦਿੱਤਾ ਗਿਆ ਹੈ ਅਤੇ ਸਲੋਕ ਇਸ ਚਿਤਾਵਨੀ ਨਾਲ ਖ਼ਤਮ ਹੁੰਦਾ ਹੈ :

ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੋ ਸਾਚੈ ਮਾਰਿ ਪਚਾਇਆ।[51]

(ਸਲੋਕ ਮਹਲਾ ੪, ਗਉੜੀ ਕੀ ਵਾਰ, ਪੰਨਾ ੩੦੬)

ਸੋ ਲਿਖਤਾਂ ਵਿਚ ਅਜੇਹੀ ਕੋਈ ਗੱਲ ਨਹੀਂ ਮਿਲਦੀ ਜਿਹੜੀ ਸਾਨੂੰ ਇਹ ਕਹਿਣ ਦਾ ਹੱਕ ਦੇਵੇ ਕਿ ਮਰਵਾਹੇ ਨੇ ਸ਼ਹਿਨਸ਼ਾਹ ਕੋਲ ਕੋਈ ਪ੍ਰਤਿਨਿਧ ਮੰਡਲ ਭੇਜਿਆ ਸੀ ਅਤੇ ਉਹ ਬ੍ਰਾਹਮਣਾਂ ਅਤੇ ਦੂਜੇ ਖਤਰੀਆਂ ਨਾਲ ਮਿਲਿਆ ਹੋਇਆ ਸੀ। ਇਸ ਤੋਂ ਅਤਿਰਿਕਤ ਅਸੀਂ ਭਾਵੇਂ ਮੂਕਯੁਕਤੀ ਦੀ ਦਲੀਲ ਦੀਆਂ ਕਮਜ਼ੋਰੀਆਂ ਤੋਂ ਚੇਤਨ ਹਾਂ ਪਰ ਇਹ ਕੁਝ ਅਜੀਬ ਜਿਹਾ ਜਾਪਦਾ ਹੈ ਕਿ ਜੇਠਾ ਨੇ ਇਸ ਗੱਲ ਦਾ ਕੋਈ ਪ੍ਰਮਾਣ ਨਹੀਂ ਛੱਡਿਆ ਜਿਸ ਨੂੰ ਕਿ ਪਿੱਛੋਂ ਗੁਰੂ ਸਾਹਿਬ ਵਿਰੁੱਧ ਸਾਂਝਾ ਮੋਰਚਾ ਕਿਹਾ ਗਿਆ ਹੈ ਅਤੇ ਜਿਸ ਦੇ ਖੰਡਨ ਲਈ ਉਸ ਨੇ ਪ੍ਰਮੁੱਖ ਭਾਗ ਲਿਆ ਸੀ, ਖ਼ਾਸ ਕਰ ਜਦ ਕਿ ਅਸੀਂ ਦੇਖਦੇ ਹਾਂ ਕਿ ਉਸ ਨੇ ਗੋਇੰਦਵਾਲ ਵਿਖੇ ਤਪੇ ਦੀ ਮਾਮੂਲੀ ਜਿਹੀ ਘਟਨਾ ਵੱਲ ਵੀ

50. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 108.
51. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 104.

ਕਾਫ਼ੀ ਧਿਆਨ ਦਿੱਤਾ ਹੈ। ਸੋ ਇਹ ਗੱਲ ਅਸੰਭਵ ਨਹੀਂ ਕਿ ਸ਼ਹਿਨਸ਼ਾਹ ਕੋਲ ਪ੍ਰਤਿਨਿਧ ਮੰਡਲ ਭੇਜਣ ਦੀ ਕਥਾ, ਤਥ ਅਤੇ ਗਲਪ ਦਾ ਮਿਸ਼ਰਣ ਹੈ ਅਤੇ ਜੇਠੇ ਦਾ ਯੋਗ ਕਥਨ ਬਾਉਲੀ ਦੇ ਨਿਰਮਾਣ ਅਤੇ ਸ਼ਹਿਨਸ਼ਾਹ ਨਾਲ ਮਿੱਤਰਤਾ ਦੇ ਸਬੰਧ ਵਿਚ ਪਿੱਛਲੇਰੀ ਅਤਿਕਥਨੀ ਲਈ ਪ੍ਰੇਰਣਾ ਦੇਂਦਾ ਹੈ।

ਪਰ ਗੁਰੂ ਜੀ ਦੀ ਯਾਤਰਾ ਦੀ ਦੂਸਰੀ ਵਾਰਤਾ ਵਧੇਰੇ ਭਰੋਸੇ ਯੋਗ ਆਧਾਰ ਤੇ ਉਸਰੀ ਹੋਈ ਹੈ। ਇਸ ਯਾਤਰਾ ਦਾ ਮੰਤਵ, ਜਿਵੇਂ ਕਿ ਉਪਰੋਕਤ ਵਾਰਤਾ ਵਿਚ ਸੁਝਾਇਆ ਗਿਆ ਹੈ, ਪ੍ਰਵਾਨ ਨਹੀਂ ਕੀਤਾ ਜਾ ਸਕਦਾ, ਪਰ ਜੇਠਾ ਦਾ ਇਹ ਸਪੱਸ਼ਟ ਕਥਨ ਪ੍ਰਵਾਨ ਕਰਨ ਲਈ ਕੋਈ ਔਕੜ ਨਹੀਂ ਕਿ "ਗੁਰੂਜੀ ਨੇ ਇਹ ਯਾਤਰਾ ਸਮੁੱਚੀ ਲੁਕਾਈ ਦੇ ਭਲੇ ਲਈ ਕੀਤੀ ਸੀ" ਜਾਂ ਦੂਜੇ ਸ਼ਬਦਾਂ ਵਿਚ ਇਹ ਯਾਤਰਾ ਸਿੱਖ ਮਤ ਦੇ ਸੰਦੇਸ਼ ਦਾ ਪ੍ਰਚਾਰ ਕਰਨ ਲਈ ਕੀਤੀ ਗਈ ਸੀ। ਕੁਝ ਇਕ ਥਾਵਾਂ ਤੇ ਦਿਸਦੀ ਅਤਿਕਥਨੀ ਦੇ ਬਾਵਜੂਦ ਵੀ, ਜੇਠੇ ਦਾ ਯਾਤਰਾ ਦਾ ਵਰਣਨ ਸਮੁੱਚੇ ਤੌਰ ਤੇ ਤਰਕਸੰਗਤ ਹੈ ਅਤੇ ਬਿਨਾਂ ਕਿਸੇ ਖ਼ਤਰੇ ਤੋਂ ਇਸ ਨੂੰ ਮੰਨਿਆ ਜਾ ਸਕਦਾ ਹੈ। ਇਹ ਜਾਪਦਾ ਹੈ ਕਿ ਗੁਰੂ ਜੀ ਅਤੇ ਉਨ੍ਹਾਂ ਦਾ ਜੱਥਾ ਸਭ ਤੋਂ ਪਹਿਲਾਂ ਕੁਰੂਖੇਤਰ ਗਏ। ਕੋਈ ਸ਼ੁਭ ਦਿਹਾੜਾ ਸੀ ਅਤੇ ਉਥੇ ਮੇਲਾ ਲੱਗਿਆ ਹੋਇਆ ਸੀ। ਬਹੁਤ ਸਾਰੇ ਸੰਨਿਆਸੀ, ਜੋਗੀ, ਅਤੇ ਵਿਭਿੰਨ ਵਿਚਾਰਧਾਰਾਵਾਂ ਦੇ ਪ੍ਰਤਿਨਿਧ ਇਸ ਅਵਸਰ ਤੇ ਆਏ ਹੋਏ ਸਨ। ਇਨ੍ਹਾਂ ਨਾਲ ਗੁਰੂ ਜੀ ਦਾ ਵਾਦ-ਵਿਵਾਦ ਹੋਇਆ। ਸਮੁੱਚੇ ਤੌਰ ਤੇ ਮੇਲੇ ਤੇ ਉਨ੍ਹਾਂ ਨੇ ਬੜਾ ਡੂੰਘਾ ਪ੍ਰਭਾਵ ਪਾਇਆ ਅਤੇ ਫਿਰ ਉਹ ਜਮਨਾ ਨੂੰ ਚਲੇ ਗਏ। ਇਥੇ ਇਕ ਦਿਲਚਸਪ ਘਟਨਾ ਵਾਪਰੀ। ਕਰ-ਅਧਿਕਾਰੀਆਂ ਨੇ ਗੁਰੂ ਜੀ ਅਤੇ ਉਨ੍ਹਾਂ ਦੇ ਜਥੇ ਦੇ ਲੰਘ ਜਾਣ ਵਿਚ ਕੋਈ ਉਜਰ ਨਾ ਕੀਤਾ, ਪਰ ਬਹੁਤ ਸਾਰੇ ਹੋਰ ਵੀ ਗੁਰੂ ਦਾ ਨਾਂ ਲੈ ਕੇ ਪਾਰ ਲੰਘ ਗਏ। ਇਹੀ ਘਟਨਾ ਹਰਦਵਾਰ ਦੀ ਵਾਪਰੀ ਸੀ ਜਿਥੇ ਗੁਰੂ ਜੀ ਇਸ ਤੋਂ ਬਾਅਦ ਗਏ ਸਨ। ਉਥੇ ਹਰੇਕ ਯਾਤਰੀ ਗੁਰੂ ਸਾਹਿਬ ਦੇ ਨਾਮ ਦਾ ਸਹਾਰਾ ਲੈ ਕੇ ਕਰ ਦੇਣ ਤੋਂ ਬਚ ਗਿਆ ਅਤੇ 'ਕਰ-ਅਧਿਕਾਰੀਆਂ' ਨੇ ਆਪਣੇ ਹੁਨਰ ਅਤੇ ਸਿਆਣਪ ਦੁਆਰਾ ਦੇਖਿਆ ਕਿ ਆਪਣਾ ਬਿਸਤਰਾ ਬੋਝਾ ਚੁੱਕ ਚਲੇ ਜਾਣਾ ਚਾਹੀਦਾ ਹੈ। ਹੋਰ ਕਈ ਗੱਲਾਂ ਵਿਚ ਗੁਰੂ ਜੀ ਨੂੰ ਪੂਰਨ ਜਿੱਤ ਪ੍ਰਾਪਤ ਹੋਈ ਅਤੇ ਕਿਹਾ ਜਾਂਦਾ ਹੈ ਕਿ "ਨਗਰ ਦੇ ਆਗੂ ਇਕੱਠੇ ਹੋ ਕੇ ਸਤਿਗੁਰੂ ਦੀ ਸ਼ਰਨ ਵਿਚ ਆ ਗਏ।"[52] ਅਖ਼ੀਰਲਾ ਕਥਨ ਸੱਚੀ ਇੱਛਾ ਦਾ ਪ੍ਰਤੀਕ ਹੋ ਸਕਦਾ ਹੈ ਪਰ ਇਸ ਵਿਚ ਕੋਈ ਸੰਦੇਹ ਨਹੀਂ ਕਿ ਗੁਰੂ ਜੀ ਅਤੇ ਉਨ੍ਹਾਂ ਦੇ ਜੱਥੇ ਲਈ ਯਾਤਰਾ-ਕਰ ਦੀ ਮੁਆਫ਼ੀ ਅਤੇ ਇਹ ਤੱਥ ਕਿ ਉਨ੍ਹਾਂ ਦੇ ਨਾਂ ਹੇਠ ਹੋਰ ਬਹੁਤ ਸਾਰੇ ਯਾਤਰੀ ਵੀ ਕਰ ਦੇਣ ਤੋਂ ਬਚ ਗਏ, ਤੇ ਉਨ੍ਹਾਂ ਨੂੰ ਵਿਸ਼ੇਸ਼ ਪਾਵਨ ਅਤੇ ਅਧਿਕਾਰ ਵਾਲਾ ਵਿਅਕਤੀ ਬਣਾ ਦਿੱਤਾ; ਅਤੇ ਉਨ੍ਹਾਂ ਦੁਆਰਾ ਪ੍ਰਦਰਸ਼ਿਤ ਮਤ ਦੀ ਪ੍ਰਤਿਸ਼ਠਤਾ ਅਤੇ ਗੌਰਵ ਵਿਚ ਢੇਰ ਵਾਧਾ ਹੋਇਆ।

ਇਸ ਤੋਂ ਪਿੱਛੋਂ ਗੁਰੂ ਸਾਹਿਬ ਦਾ ਜੀਵਨ ਪਹਿਲਾਂ ਨਾਲੋਂ ਵਧੇਰੇ ਸੁਖਾਲਾ ਬੀਤਿਆ ਅਤੇ ਉੱਲੇਖ ਕਰਨ ਵਾਲੀ ਕੋਈ ਖ਼ਾਸ ਘਟਨਾ ਨਹੀਂ ਵਾਪਰੀ। ਪਰ ਜਿਵੇਂ ਕਿ ਉਪਰ ਸੰਕੇਤ ਕੀਤਾ ਗਿਆ ਹੈ, ਉਦਾਸੀਆਂ ਨਾਲੋਂ ਨਿਸ਼ਚਿਤ ਨਿਖੇੜ ਜਾਂ ਉਨ੍ਹਾਂ ਦੇ ਆਦਰਸ਼ਾਂ

52. ਮੈਕਾਲਿਫ, *ਉਪਰੋਕਤ ਰਚਨਾ*, ਸੈਂਚੀ ਦੂਜੀ, ਪੰਨਾ 112-114.

ਅਤੇ ਨਿਯਮਾਂ ਨਾਲੋਂ ਹੌਲੇ ਹੌਲੇ ਜੁਦਾ ਹੋਣ ਨਾਲ ਸਿੱਖ ਮਤ ਦਾ ਸਮਾਜਕ ਪੱਖ ਪ੍ਰਮੁੱਖ ਪ੍ਰਸ਼ਨ ਬਣ ਗਿਆ। ਸਿੱਖ ਮਤ ਨਿਰੋਲ ਗ੍ਰਹਿਸਤੀਆਂ ਦਾ ਧਰਮ ਬਣ ਗਿਆ ਸੀ ਜਾਂ ਬਣ ਰਿਹਾ ਸੀ ਅਤੇ ਇਸ ਦੇ ਸ਼ਰਧਾਲੂਆਂ ਨੂੰ 'ਵਿਲੀਨਤਾ' ਤੋਂ ਬਚਾਉਣ ਲਈ ਧਾਰਮਕ ਸੰਗਠਨ ਦੇ ਕਾਰਜ ਦੇ ਨਾਲ ਨਾਲ ਸਮਾਜਕ ਸੁਧਾਰ ਕਰਨਾ ਵੀ ਆਵਸ਼ੱਕ ਹੋ ਗਿਆ ਸੀ। ਗੁਰੂ ਅਮਰ ਦਾਸ ਦੇ ਕਾਰਜ ਦੇ ਇਸ ਪੱਖ ਤੇ ਹੁਣ ਅਸੀਂ ਵਿਚਾਰ ਕਰਾਂਗੇ। ਸਿੱਖ ਲਿਖਤਾਂ ਵਿਚ ਲਿਖਿਆ ਹੈ ਕਿ ਗੁਰੂ ਜੀ ਨੇ ਇਹ ਘੋਸ਼ਣਾ ਕੀਤੀ ਕਿ ਸਿੱਖਾਂ ਦੇ ਵਿਦਵਾਨ ਵਿਸਾਖ ਅਤੇ ਮਾਘ ਮਹੀਨਿਆਂ ਦੇ ਪਹਿਲੇ ਦਿਨਾਂ ਵਿਚ, ਅਤੇ ਦੀਵਾਲੀ ਦੇ ਪ੍ਰਾਚੀਨ ਉਤਸਵ ਦੇ ਦਿਨਾਂ ਵਿਚ ਜੁੜਨੇ ਚਾਹੀਦੇ ਹਨ। ਇਸ ਤਰ੍ਹਾਂ ਸਿੱਖਾਂ ਨੂੰ ਮਿਲ ਕੇ ਬੈਠਣ ਅਤੇ ਪਰਸਪਰ ਭਰਾਤ੍ਰੀਭਾਵ ਸਥਾਪਿਤ ਕਰਨ ਦੇ ਅਵਸਰ ਦਿੱਤੇ ਗਏ ਜਿਸ ਦੇ ਸਿੱਟੇ ਵਜੋਂ ਉਨ੍ਹਾਂ ਵਿਚ ਭਾਈਚਾਰੇ ਦੀ ਭਾਵਨਾ ਅਵੱਸ਼ ਹੀ ਪ੍ਰਬਲ ਹੋਈ ਹੋਵੇਗੀ। ਜਿਵੇਂ ਕਿ ਮੈਕਾਲਿਫ ਸੁਝਾਅ ਦਿੰਦਾ ਹੈ ਕਿ ਗੁਰੂ ਸਾਹਿਬ ਦਾ ਮੰਤਵ ਸਾਲ ਦੇ ਉਨ੍ਹਾਂ ਦਿਨਾਂ ਨਾਲ ਸਬੰਧਿਤ ਹਿੰਦੂ ਪ੍ਰਥਾਵਾਂ ਨਾਲੋਂ ਆਪਣੇ ਅਨੁਯਾਈਆਂ ਨੂੰ ਤੋੜਨਾ ਵੀ ਹੋ ਸਕਦਾ ਹੈ।[53] ਪਰ ਭਾਵੇਂ ਇਹ ਕਦਮ ਸਮਾਜਕ ਮੰਤਵ ਤੋਂ ਕੋਰਾ ਨਹੀਂ ਸੀ ਫਿਰ ਵੀ ਇਸ ਦਾ ਮੁੱਖ ਮੰਤਵ ਧਾਰਮਕ ਹੀ ਸੀ। ਵਿਆਹ ਅਤੇ ਮੌਤ ਨਾਲ ਸਬੰਧਿਤ ਪ੍ਰਚੱਲਿਤ ਰਸਮਾਂ ਵਿਚ ਲਿਆਂਦੇ ਗਏ ਸੁਧਾਰ ਵਿਚ ਗੁਰੂ ਜੀ ਦੇ ਯਤਨਾਂ ਦੀ ਉੱਤਮ ਵਿਆਖਿਆ ਮਿਲਦੀ ਹੈ। ਬਹੁਤ ਸਾਰੀਆਂ ਸਿੱਖ ਲਿਖਤਾਂ, ਜੋ ਅਨੇਕ ਭਾਂਤ ਦੀਆਂ ਪੂਰਬ ਕਲਪਿਤ ਕਥਾਵਾਂ ਨਾਲ ਭਰੀਆਂ ਹੋਈਆਂ ਹਨ, ਦੇ ਅਸੰਤੋਸ਼ਜਨਕ ਸੁਭਾਅ ਨੂੰ ਮੁੱਖ ਰਖਦਿਆਂ ਹੋਇਆਂ ਜੇ ਅਸੀਂ ਨਿਰਾ ਉਨ੍ਹਾਂ ਤੇ ਹੀ ਨਿਰਭਰ ਕਰੀਏ ਤਾਂ ਇਹ ਨਿਰਸੰਦੇਹ ਅਸੁਵਿਧਾਜਨਕ ਹੋਵੇਗਾ, ਪਰ ਦੋ ਅਜੇਹੇ ਪ੍ਰਸੰਗ ਹਨ ਜੋ ਕੁਝ ਨਾ ਕੁਝ ਪ੍ਰਮਾਣਿਕ ਹਨ ਅਤੇ ਸਾਨੂੰ ਸੋਚਣ ਲਈ ਪ੍ਰੇਰਦੇ ਹਨ ਕਿ ਕੁਝ ਨਾ ਕੁਝ ਅਜੇਹਾ ਜ਼ਰੂਰ ਕੀਤਾ ਗਿਆ ਸੀ ਭਾਵੇਂ ਉਹ ਏਨਾ ਅਮੁੱਲ ਅਤੇ ਨਿਰਣਾਜਨਕ ਨਹੀਂ ਸੀ ਕਿ ਜਿੰਨਾ ਕਿ ਪਿਛਲੇਰੇ ਲਿਖਾਰੀ ਸੁਝਾਅ ਦਿੰਦੇ ਹਨ। ਪਹਿਲੇ ਪ੍ਰਸੰਗ ਵਿਚ ਕਿਹਾ ਜਾਂਦਾ ਹੈ ਕਿ ਗੁਰੂ ਅਰਜਨ ਦੇਵ ਜੀ ਪ੍ਰਾਰਥਨਾ ਤੇ ਗੁਰੂ ਅਮਰ ਦਾਸ ਦੇ ਪੜਪੋਤੇ ਸੁੰਦਰ ਦਾਸ ਨੇ ਤੀਸਰੇ ਗੁਰੂ ਦੇ ਜੋਤੀ ਜੋਤ ਸਮਾਉਣ ਦੀ ਘਟਨਾ ਨੂੰ ਅੰਕਿਤ ਕੀਤਾ। ਹੁਣ, 'ਸਦ' ਵਿਚ, ਜਿਵੇਂ ਕਿ ਇਸ ਰਚਨਾ ਨੂੰ ਕਿਹਾ ਜਾਂਦਾ ਹੈ ਅਤੇ 'ਜਿਸ ਦਾ ਸਾਰੇ ਸੋਗੀ ਮੌਕਿਆਂ ਤੇ ਸਿੱਖ ਭਜਨ ਕਰਦੇ ਹਨ', ਅਸੀਂ ਪੜ੍ਹਦੇ ਹਾਂ :

> *ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥*
> *ਕੇਸੋ ਗੋਪਾਲ ਪੰਡਿਤ ਸਦਿਅਹੁ ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ॥*
> *ਹਰਿ ਕਥਾ ਪੜੀਐ ਹਰਿਨਾਮੁ ਸੁਣੀਐ ਬੇਬਾਣ ਹਰਿ ਰੰਗੁ ਗੁਰ ਭਾਵਏ॥*
> *ਪਿੰਡੁ ਪਤਲਿ ਕਿਰਿਆ ਦੀਵਾ।*
> *ਫੁਲ ਹਰਿ ਸਰਿ ਪਾਵਏ॥*[54]

(ਰਾਮਕਲੀ ਸਦ, ਪੰਨਾ ੯੨੩)

53. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 79, ਫੁ.ਨੋ. 1.
54. ਸੱਦ v: ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 153.

ਇਥੇ ਸਾਨੂੰ ਸਪੱਸ਼ਟ ਸੰਕੇਤ ਮਿਲ ਜਾਂਦਾ ਹੈ ਕਿ ਗੁਰੂ ਅਮਰ ਦਾਸ ਜੀ ਦੀ ਇੱਛਾ ਸੀ ਕਿ ਘੱਟੋ ਘੱਟ ਉਨ੍ਹਾਂ ਦੀ ਆਪਣੀ ਹਾਲਤ ਵਿਚ, ਉਨ੍ਹਾਂ ਦੇ ਸਿਸ਼ ਮੌਤ ਨਾਲ ਸਬੰਧਿਤ ਸਾਰੀਆਂ ਵਿਸਤ੍ਰਿਤ ਹਿੰਦੂ ਰਸਮਾਂ ਤਜ ਦੇਣ। ਨਿਰਸੰਦੇਹ ਇਹ ਕਿੰਤੂ ਕੀਤਾ ਜਾ ਸਕਦਾ ਹੈ ਕਿ ਸੁੰਦਰ ਦਾਸ ਨੇ ਆਪਣੇ ਪੜਦਾਦਾ ਦੇ ਜੋਤੀ ਜੋਤ ਸਮਾਉਣ[55] ਦੇ ਅਵਸਰ ਤੇ ਜੋ ਕੁਝ ਵਾਪਰਿਆ ਉਸ ਨੂੰ ਅੱਖੀਂ ਨਹੀਂ ਡਿੱਠਾ ਸੀ ਅਤੇ ਉਨ੍ਹਾਂ ਦੇ ਇਸ ਕਥਨ ਉੱਤੇ ਵਿਚਾਰਾਂ ਦਾ ਰੰਗ ਸਹਿਜੇ ਹੀ ਚੜ੍ਹ ਗਿਆ ਹੋਇਆ ਹੈ, ਪਰ ਇਹ ਤੱਥ ਕਿ ਸੁੰਦਰ ਦਾਸ ਨੇ 'ਸਦ' ਦੀ ਰਚਨਾ ਗੁਰੂ ਅਮਰ ਦਾਸ ਦੇ ਜੋਤੀ ਜੋਤ ਸਮਾਉਣ ਤੋਂ ਤੀਹ ਵਰ੍ਹੇ ਤੋਂ ਜ਼ਿਆਦਾ ਬਾਅਦ ਨਹੀਂ ਕੀਤੀ, ਜਦ ਕਿ ਗੁਰੂ ਸਾਹਿਬ ਦੇ ਕਈ ਸਮਕਾਲੀ ਜਿਉਂਦੇ ਸਨ, ਅਤੇ ਉਨ੍ਹਾਂ ਦੇ ਇਸ ਕਥਨ ਨੂੰ ਤੁਰੰਤ ਹੀ ਪ੍ਰਵਾਨਗੀ ਮਿਲ ਜਾਣੀ ਸੀ, ਉਪਰੋਕਤ ਉਜ਼ਰ ਨੂੰ ਛਿਥਾ ਪਾ ਦਿੰਦੀ ਹੈ। ਅਸਲ ਵਿਚ ਇਸ ਵਿਚ ਕੋਈ ਸੰਦੇਹ ਪ੍ਰਤੀਤ ਨਹੀਂ ਹੁੰਦਾ ਕਿ 'ਸਦ' ਵਿਚ ਸਾਨੂੰ ਹਿੰਦੂਆਂ ਦੇ ਕ੍ਰਿਆ ਕਰਮ ਪ੍ਰਤਿ ਗੁਰੂ ਅਮਰ ਦਾਸ ਦੇ ਵਿਚਾਰਾਂ ਦਾ ਸਹੀ ਸੰਕੇਤ ਮਿਲ ਜਾਂਦਾ ਹੈ, ਭਾਵੇਂ ਇਹ ਪੂਰਨ ਭਾਂਤ ਸੰਭਵ ਹੈ ਕਿ ਉਨ੍ਹਾਂ ਨੇ ਹਲਕੇ ਜਿਹੇ ਢੰਗ ਨਾਲ ਇਸ ਨੂੰ ਰੱਦ ਕਰਨ ਦਾ ਯਤਨ ਕੀਤਾ, ਕਿਸੇ ਸਪੱਸ਼ਟ ਨਿਯਮ ਦੁਆਰਾ ਮਨਾਹੀ ਨਹੀਂ ਕੀਤੀ ਸੀ। ਦੂਸਰੇ, ਸੂਹੀ ਰਾਗ ਵਿਚ ਗੁਰੂ ਰਾਮ ਦਾਸ ਦੀ ਬਾਣੀ, ਜਿਹੜੀ ਕਿ ਹੁਣ ਸਿੱਖਾਂ ਦਾ ਵਿਵਾਹ-ਗੀਤ ਬਣ ਗਈ ਹੈ ਅਤੇ ਜਿਸ ਵਿਚ ਲਾਵਾਂ[56] ਦੇ ਆਤਮਕ ਮਹੱਤਵ ਤੇ ਪ੍ਰਕਾਸ਼ ਪਾਇਆ ਗਿਆ ਹੈ, ਪਰੋਖ ਵਿਚ ਸਿੱਧ ਕਰ ਦਿੰਦੀ ਹੈ ਕਿ ਵਿਵਾਹ ਦੀ ਪ੍ਰਥਾ ਵਿਚ ਵੀ ਕੁਝ ਨਾ ਕੁਝ ਪਰਿਵਰਤਨ ਲੈ ਆਂਦਾ ਗਿਆ ਸੀ। ਇਹ ਕਥਨ ਕਿ ਗੁਰੂ ਰਾਮ ਦਾਸ ਨੇ ਇਸ ਦੀ ਰਚਨਾ ਆਪਣੇ ਵਿਵਾਹ ਤੇ ਕੀਤੀ ਸੀ ਸੱਚ ਹੈ ਜਾਂ ਨਹੀਂ, ਇਸ ਦੀ ਮਹੱਤਾ ਤੇ ਇਸ ਦਾ ਕੋਈ ਅਸਰ ਨਹੀਂ ਪੈਂਦਾ। ਇਹ ਸਪੱਸ਼ਟ ਭਾਂਤ ਪ੍ਰਤੱਖ ਹੋ ਜਾਂਦਾ ਹੈ ਕਿ ਗੁਰੂ ਜੀ ਪ੍ਰਚਲਿਤ ਰਿਵਾਜਾਂ ਤੇ ਟੀਕਾ ਟਿੱਪਣੀ ਕਰ ਰਹੇ ਸਨ ਅਤੇ ਅਸੀਂ ਇਸ ਸਿੱਖ ਵਿਚਾਰਧਾਰਾ ਨੂੰ ਸਵੀਕਾਰ ਕਰ ਸਕਦੇ ਹਾਂ ਕਿ ਇਹ ਪਰਿਵਰਤਨ ਉਨ੍ਹਾਂ ਦੇ ਪੂਰਵ-ਅਧਿਕਾਰੀਆਂ ਦੁਆਰਾ ਲਿਆਇਆ ਜਾ ਚੁੱਕਿਆ ਸੀ।

ਇਸ ਤੋਂ ਅਤਿਰਿਕਤ ਕਿਹਾ ਗਿਆ ਹੈ ਕਿ ਗੁਰੂ ਸਾਹਿਬ ਨੇ ਸਤੀ ਦੀ ਰਸਮ ਨੂੰ ਬੰਦ ਕਰ ਦਿੱਤਾ ਸੀ। ਜਿਥੋਂ ਤਕ ਸਾਨੂੰ ਗਿਆਨ ਹੈ, ਇਸ ਕਥਨ ਦਾ ਪ੍ਰਮਾਣ ਤੀਜੇ ਗੁਰੂ ਜੀ ਦਾ ਹੇਠ ਲਿਖਿਆ ਇਕੋ ਇਕ ਸ਼ਬਦ ਹੈ :

55. ਸੁੰਦਰ ਦਾਸ, ਮੋਹਰੀ ਦੇ ਦੂਜੇ ਪੁੱਤਰ ਅਨੰਦ ਦਾ ਪੁੱਤਰ ਸੀ ਜਿਸ ਦਾ ਆਪਣਾ ਜਨਮ ਗੁਰੂ ਅਮਰ ਦਾਸ ਦੀ ਗੁਰਿਆਈ ਦੇ ਮੱਧ ਕਾਲ ਵਿਚ ਹੋਇਆ।

56. ਲਾਵਾਂ ਵਿਆਹ ਦੀ ਰਸਮ ਦਾ ਉਹ ਭਾਗ ਹਨ ਜਿਸ ਵਿਚ ਦੂਲਹਾ ਅਤੇ ਦੁਲਹਨ ਦਾ ਪੱਲਾ ਗੰਢਿਆ ਜਾਂਦਾ ਹੈ ਅਤੇ ਗ੍ਰੰਥ ਸਾਹਿਬ ਦੁਆਲੇ ਚਾਰ ਵਾਰ ਘੁਮਾਇਆ ਜਾਂਦਾ ਹੈ ਜਦ ਕਿ ਗ੍ਰੰਥੀ ਇਨ੍ਹਾਂ ਨੂੰ ਪੜ੍ਹਦਾ ਹੈ (ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 334, 335)। ਇਹ ਦੇਖਣ ਵਾਲੀ ਗੱਲ ਹੈ ਕਿ ਇਹ ਹਿੰਦੂਆਂ ਵਿਚ ਆਮ ਰਿਵਾਜ ਹੈ ਭਾਵੇਂ ਫੇਰਿਆਂ ਦੀ ਗਿਣਤੀ ਆਮ ਕਰਕੇ ਸਤ ਹੁੰਦੀ ਹੈ ਅਤੇ ਗ੍ਰੰਥ ਸਾਹਿਬ ਨਹੀਂ ਰਖਿਆ ਜਾਂਦਾ। ਸਿੱਖ ਰਿਵਾਜ ਕੇਵਲ ਅਨੁਕੂਲਨ ਹੀ ਹੈ। ਸਾਨੂੰ ਇਹ ਪਤਾ ਨਹੀਂ ਕਿ ਗੁਰੂ ਰਾਮ ਦਾਸ ਦੇ ਦਿਨਾਂ ਵਿਚ ਹਿੰਦੂਆਂ ਵਿਚ ਅਸਲ ਰਿਵਾਜ ਕੀ ਸੀ। ਜੇਕਰ ਫੇਰਿਆਂ ਦੀ ਗਿਣਤੀ ਚਾਰ ਹੀ ਹੋਵੇ ਤਾਂ ਇਹ ਸ਼ਬਦ ਦਾ ਪ੍ਰਮਾਣ ਇਕਦਮ ਸੰਦੇਹਜਨਕ ਹੋਵੇਗਾ।

ਕੰਤਾ ਨਾਲ ਮਹੇਲੀਆ ਸੇਤੀ ਅਗਿ ਜਲਾਹਿ॥
ਜੇ ਜਾਣਹਿ ਪਿਰੁ ਆਪਣਾ ਤਾ ਤਨਿ ਦੁਖ ਸਹਾਹਿ॥
ਨਾਨਕ ਕੰਤ ਨ ਜਾਣਨੀ ਸੇ ਕਿਉ ਅਗਿ ਜਲਾਹਿ॥
ਭਾਵੈ ਜੀਵਉ ਕੈ ਮਰਉ ਦੂਰਹੁ ਹੀ ਭਜਿ ਜਾਹਿ॥[57]

(ਮਹਲਾ ੩, ਪੰਨਾ ੭੮੭)

ਜਿਵੇਂ ਕਿ ਕੰਨਿਘਮ ਦਾ ਮਤ ਹੈ, ਇਹ ਬੜਾ ਹਲਕਾ ਜਿਹਾ ਵਿਰੋਧ ਸੀ ਜਿਹੜਾ "ਕਿਸੇ ਦ੍ਰਿੜ੍ਹ ਨਿਯਮ ਨਾਲੋਂ ਪ੍ਰੇਰਣਾ ਦੁਆਰਾ ਸੁਧਾਰ ਕਰਨ ਦਾ ਮਾਰਗ ਦਰਸਾਂਦਾ ਹੈ"[58] ਉਪਰੋਕਤ ਟਿੱਪਣੀ ਗੁਰੂ ਅਮਰ ਦਾਸ ਦੇ ਹੇਠ ਲਿਖੇ ਸ਼ਬਦ ਤੇ ਵੀ ਲਾਗੂ ਹੋ ਸਕਦੀ ਹੈ, ਜਿਸ ਵਿਚ 'ਸ਼ਰਾਬ ਤੋਂ ਪੂਰਨ ਪਰਹੇਜ਼ ਦੇ ਆਦੇਸ਼' ਦੀ ਧੁਨੀ ਨਿਕਲਦੀ ਹੈ। ਗੁਰੂ ਜੀ ਫਰਮਾਂਦੇ ਹਨ :

ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ॥
ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥[59]

(ਸਲੋਕ ਮਹਲਾ ੩, ਪੰਨਾ ੫੫੪)

ਸਮਾਜ ਸੁਧਾਰਕ ਦੇ ਰੂਪ ਵਿਚ ਗੁਰੂ ਅਮਰ ਦਾਸ ਜੀ ਦੇ ਕਾਰਜਾਂ ਸਬੰਧੀ ਅਸੀਂ ਏਨਾ ਕੁਝ ਹੀ ਜਾਣਦੇ ਹਾਂ। ਗੁਰੂ ਸਾਹਿਬ ਵਿਵਾਹ ਅਤੇ ਮੌਤ ਨਾਲ ਸਬੰਧਿਤ ਰਸਮਾਂ ਵਿਚ ਜਿਹੜੇ ਪਰਿਵਰਤਨ ਲਿਆਉਣਾ ਚਾਹੁੰਦੇ ਸਨ, ਉਹ ਪੁਜਾਰੀ ਸ਼੍ਰੇਣੀ ਦੇ ਪ੍ਰਭਾਵ ਦੀਆਂ ਜੜ੍ਹਾਂ ਤੇ ਸੱਟ ਮਾਰਦੇ ਸਨ। ਕਿਸੇ ਅਜੇਹੇ ਮਾਮਲੇ ਵਿਚ ਜਿਸ ਨਾਲ ਚਿਰ-ਪ੍ਰਚਲਿਤ ਰਿਵਾਜਾਂ ਅਤੇ ਸਨਮਾਨਿਤ ਪ੍ਰਥਾਵਾਂ ਦਾ ਸਬੰਧ ਹੋਵੇ ਸਫ਼ਲਤਾ ਅਵੱਸ਼ ਹੀ ਹੌਲੀ ਹੌਲੀ ਮਿਲਦੀ ਹੈ, ਪਰ ਫਿਰ ਵੀ ਰਾਹ ਬਣਾ ਦਿੱਤਾ ਗਿਆ ਸੀ ਅਤੇ ਸਿੱਖ ਮਤ ਹਿੰਦੂ ਮਤ ਨਾਲੋਂ ਹੌਲੇ ਹੌਲੇ ਨਿਖੇੜੇ ਦੇ ਰਾਹ ਤੇ ਪੈ ਗਿਆ ਸੀ ਅਤੇ ਇਹ ਇਕ ਵੱਖਰੀ ਸੰਪਰਦਾਇ ਵਿਚ ਸੰਗਠਿਤ ਹੋਣ ਲਗ ਪਿਆ ਸੀ।

ਇਸ ਤਰ੍ਹਾਂ ਗੁਰੂ ਅਮਰ ਦਾਸ ਦੀ ਗੁਰਿਆਈ ਸਿੱਖ ਮਤ ਦੇ ਇਤਿਹਾਸ ਵਿਚ ਕਈ ਢੰਗਾਂ ਨਾਲ ਇਕ ਮੋੜ ਕਹੀ ਜਾ ਸਕਦੀ ਹੈ। ਸੁਧਾਰ ਅਤੇ ਪੁਨਰਨਿਰਮਾਣ ਦੇ ਯਤਨਾਂ ਨਾਲ ਆਰੰਭ ਹੋਏ ਸਿੱਖ ਮਤ ਨੂੰ ਹਰੇਕ ਯੁਗ ਅਤੇ ਵਾਤਾਵਰਣ ਦੀਆਂ ਹੋਰ ਅਜਿਹੀਆਂ ਲਹਿਰਾਂ ਵਾਂਗ ਮੱਠਾ ਪਰ ਵਿਕਾਸਸ਼ੀਲ ਹੁੰਗਾਰਾ ਮਿਲਿਆ ਅਤੇ ਇਸ ਨਾਲੋਂ ਵੀ ਕਰੜੀ ਵਿਰੋਧਤਾ ਦਾ ਸਾਹਮਣਾ ਕਰਨਾ ਪਿਆ। ਇਸ ਗੱਲ ਦਾ ਛੇਤੀ ਹੀ ਪਤਾ ਲੱਗ ਗਿਆ ਕਿ ਪ੍ਰਾਚੀਨਤਾ ਦੇ ਵਿਗਾੜਾਂ ਅਤੇ ਤਰੁਟੀਆਂ ਦੇ ਵੀ ਵਧੇਰੇ ਕੱਟੜ ਸ਼ਰਧਾਲੂ ਹਨ ਜਿਨ੍ਹਾਂ ਦੀ ਗਿਣਤੀ ਨਵੇਂ ਸੰਦੇਸ਼ ਦੇ ਸਮਰਥਕਾਂ ਨਾਲੋਂ ਕਿਤੇ ਵੱਧ ਹੈ। ਇਸ ਤਰ੍ਹਾਂ ਇਕ ਖੱਪਾ ਪੈ ਗਿਆ ਜੋ ਹਰ ਕਦਮ ਤੇ ਵਧਦਾ ਚਲਾ ਗਿਆ ਅਤੇ ਅਖ਼ੀਰ ਜਿਸ

57. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 228.
58. ਕਨਿੰਘਮ, ਉਪਰੋਕਤ ਰਚਨਾ, ਪੰਨਾ 50.
59. ਮੈਕਾਲਿਫ, ਉਹੀ, ਪੰਨਾ 215.

ਨੂੰ ਪੂਰਨਾ ਅਸੰਭਵ ਹੋ ਗਿਆ। ਇਹ ਧਾਰਮਕ ਇਤਿਹਾਸ ਦੀ ਸਾਂਝੀ ਪ੍ਰਕ੍ਰਿਆ ਹੈ ਅਤੇ ਧਾਰਮਕ ਮਾਮਲਿਆਂ ਨਾਲ ਸਬੰਧਿਤ ਮਨੁੱਖੀ ਸੁਭਾਅ ਵਿਚ ਨਿਹਿਤ ਸਥਿਰਤਾ ਹੀ ਹੈ ਜਿਹੜੀ ਸੁਧਾਰ ਅਤੇ ਕ੍ਰਾਂਤੀ ਵਿਚਲੀ ਵੰਡ-ਰੇਖਾ ਨੂੰ ਏਨੀ ਪਤਲੀ ਅਤੇ ਅਸਥਿਰ ਬਣਾ ਦਿੰਦੀ ਹੈ ਅਤੇ ਸਮਝਣ ਵਿਚ ਏਨਾ ਔਖਾ ਵੀ। ਭਾਵੇਂ ਕੁਝ ਵੀ ਹੋਵੇ, ਸਿੱਖ ਮਤ ਦੇ ਮੁੱਢਲੇ ਮਿਸ਼ਨ ਨੂੰ ਸੀਮਾਬੱਧ ਕਰਨਾ ਅਨਿਵਾਰੀ ਸੀ ਅਤੇ ਜਿਥੋਂ ਤਕ ਸੰਭਵ ਹੋਵੇ ਇਸ ਲਈ ਆਪਣਾ ਰਾਹ ਨਿਰਧਾਰਿਤ ਕਰਨਾ ਬਾਕੀ ਰਹਿ ਗਿਆ ਸੀ। ਸਿੱਖ ਮਤ ਨੂੰ ਹੁਣ ਨਵੇਂ ਹਥਿਆਰ ਘੜਨੇ ਪੈਣੇ ਸਨ, ਨਵੀਨ ਰੂਪਾਂ ਅਤੇ ਰਿਵਾਜਾਂ ਦੀ ਸੁਰੱਖਿਆ ਪ੍ਰਾਪਤ ਕਰਨੀ ਪੈਣੀ ਸੀ, ਸੰਖੇਪ ਵਿਚ ਇਸ ਨੂੰ ਆਪਣੇ ਨਿੱਜੀ ਵਿਅਕਤਿਤ੍ਵ ਦਾ ਵਿਕਾਸ ਕਰਨਾ ਪੈਣਾ ਸੀ। ਜਿਵੇਂ ਕਿ ਅਸੀਂ ਵੇਖ ਚੁੱਕੇ ਹਾਂ, ਗੁਰੂ ਨਾਨਕ ਦੇ ਸ਼ਿਸ਼ਾਂ ਨੇ ਕੇਵਲ ਧਾਰਮਕ ਭਾਈਚਾਰੇ ਵਿਚ ਹੀ ਬਝ ਕੇ ਨਹੀਂ ਰਹਿ ਜਾਣਾ ਸੀ ਸਗੋਂ ਆਪਣੇ ਨਿੱਜੀ ਰਿਵਾਜ ਅਤੇ ਆਦਰਸ਼ ਰੱਖਣ ਵਾਲੀ ਇਕ ਵੱਖਰੀ ਕੌਮ ਦਾ ਰੂਪ ਗ੍ਰਹਿਣ ਕਰਨਾ ਸੀ। ਜੋ ਕੁਝ ਪਹਿਲਾਂ ਕਿਹਾ ਗਿਆ ਹੈ ਉਸ ਤੋਂ ਪ੍ਰਗਟ ਹੋ ਜਾਂਦਾ ਹੈ ਕਿ ਗੁਰੂ ਅਮਰ ਦਾਸ ਨੇ ਬਿਨਾਂ ਸੰਕੋਚ ਦੇ ਇਸ ਸਥਿਤੀ ਨੂੰ ਸਵੀਕਾਰ ਕਰ ਲਿਆ ਸੀ ਅਤੇ ਇਸ ਨੂੰ ਸਾਕਾਰ ਰੂਪ ਦੇਣ ਲਈ ਪੂਰੀ ਸ਼ਕਤੀ ਨਾਲ ਕੰਮ ਕੀਤਾ। ਉਨ੍ਹਾਂ ਦੀ ਛਤਰ ਛਾਇਆ ਹੇਠ ਨਵੀਨ ਧਰਮ ਦਾ ਨਾਂ ਦੂਰ ਦੂਰ ਫੈਲ ਗਿਆ ਸੀ, ਇਕ ਵੱਖਰੀ ਜਥੇਬੰਦੀ ਦੇ ਮੁੱਢਲੇ ਨਿਯਮ ਬਣਾ ਦਿੱਤੇ ਗਏ ਸਨ। ਪ੍ਰਾਚੀਨਤਾ ਨੂੰ ਉਲੰਘਣ ਅਤੇ ਨਵ-ਧਰਮੀਆਂ ਨੂੰ ਵਧੇਰੇ ਸੰਗਠਿਤ ਕਰਨ ਲਈ ਨਵੀਨ ਰੂਪ ਅਤੇ ਰਿਵਾਜ ਪ੍ਰਚਲਿਤ ਕਰ ਦਿੱਤੇ ਗਏ। ਨਿਰਸੰਦੇਹ ਗੁਰੂ ਅੰਗਦ ਨੇ ਸਿੱਖਾਂ ਨੂੰ ਨਿੱਜੀ ਵਿਅਕਤਿਤ੍ਵ ਪ੍ਰਦਾਨ ਕਰਨ ਲਈ ਕਾਫ਼ੀ ਕੁਝ ਕੀਤਾ ਸੀ, ਪਰ ਗੁਰੂ ਅਮਰ ਦਾਸ ਦੇ ਸਮੇਂ ਵਿਚ ਹੀ ਹਿੰਦੂ ਅਤੇ ਸਿੱਖ ਵਿਚਲਾ ਅੰਤਰ ਵਧੇਰੇ ਉਘੜ ਸਕਿਆ ਸੀ। "ਸਿੱਖ ਹੌਲੇ ਹੌਲੇ ਸਨਾਤਨ ਹਿੰਦੂ ਸਮਾਜ ਤੋਂ ਵੱਖਰੇ ਹੁੰਦੇ ਗਏ ਅਤੇ ਆਪਣੀ ਇਕ ਨਵੀਂ ਸ਼੍ਰੇਣੀ, ਇਕ ਨਵੇਂ ਭਾਈਚਾਰੇ ਵਿਚ ਬਝਦੇ ਗਏ।"

ਗੁਰੂ ਅਮਰ ਦਾਸ ਦੀ ਗੱਦੀ ਤੇ ਉਨ੍ਹਾਂ ਦਾ ਜੁਆਈ ਰਾਮ ਦਾਸ ਬੈਠਾ, ਜੋ ਕਿ ਸੋਢੀ ਖਤਰੀ ਸੀ। ਉਸ ਦਾ ਪਿਤਾ ਹਰੀ ਦਾਸ ਲਾਹੌਰ ਦਾ ਵਸਨੀਕ ਸੀ, ਜਿਥੇ ਕਿ ਭਾਵੀ ਗੁਰੂ ਦਾ ਜਨਮ 1534 ਈ. ਵਿਚ ਹੋਇਆ ਸੀ। ਬਾਲਪਨ ਤੋਂ ਹੀ ਗੁਰੂ ਰਾਮ ਦਾਸ ਧਾਰਮਕ ਵਿਰਤੀ ਵਾਲਾ ਪ੍ਰਤੀਤ ਹੁੰਦਾ ਸੀ ਅਤੇ ਸਾਧੂ ਸੰਤਾਂ ਦੀ ਸੰਗਤ ਦਾ ਬੇਹੱਦ ਚਾਹਵਾਨ ਸੀ, "ਜਿਨ੍ਹਾਂ ਨੂੰ ਉਹ ਮਾਂ-ਬਾਪ ਤੋਂ ਪ੍ਰਾਪਤ ਹੋਇਆ ਸਭ ਕੁਝ ਵੰਡ ਦਿਆ ਕਰਦਾ ਸੀ।"[60] ਕਿਹਾ ਜਾਂਦਾ ਹੈ ਕਿ ਰਾਮ ਦਾਸ ਅਜੇ ਛੋਟੀ ਉਮਰ ਦਾ ਹੀ ਸੀ ਕਿ ਉਹ

60. ਇਹ ਕਿਹਾ ਜਾਂਦਾ ਹੈ ਕਿ ਜੇਠਾ ਬਚਪਨ ਤੋਂ ਹੀ ਪਰਾ-ਸੰਸਾਰਿਕ ਰੁਚੀਆਂ ਵਾਲਾ ਸੀ ਅਤੇ ਭਾਵੇਂ ਉਸ ਦੇ ਮਾਂ ਬਾਪ ਦੀ ਇਹ ਇੱਛਾ ਸੀ ਕਿ ਉਹ ਆਪਣੇ ਨਿਰਬਾਹ ਲਈ ਕਿਸੇ ਕਾਰੇ ਲੱਗ ਜਾਵੇ ਪਰ ਜੇਠਾ ਇਸ ਦੇ ਉਲਟ ਸੋਚਦਾ ਸੀ। ਸਾਨੂੰ ਦੱਸਿਆ ਗਿਆ ਹੈ ਕਿ ਜੇਠਾ ਦੀ ਮਾਂ ਨੇ ਇਕ ਵਾਰ ਘੁੰਗਣੀਆਂ ਉਬਾਲੀਆਂ ਅਤੇ ਇਕ ਟੋਕਰੀ ਵਿਚ ਪਾ ਕੇ, ਆਪਣੇ ਪੁੱਤਰ ਨੂੰ ਵੇਚ ਆਉਣ ਲਈ ਕਿਹਾ। ਗੁਆਂਢ ਵਿਚ ਇਕ ਗ਼ਰੀਬ ਮਨੁੱਖ ਰਹਿੰਦਾ ਸੀ ਜੋ ਘੁੰਗਣੀਆਂ ਵੇਚ ਕੇ ਆਪਣਾ ਨਿਰਬਾਹ ਕਰਦਾ ਸੀ। ਜੇਠਾ ਦੀ ਮਾਂ ਨੂੰ ਵੀ ਇਸੇ ਤੋਂ ਸੁਝਾਅ ਮਿਲਿਆ। ਪਰ ਬਾਜ਼ਾਰ, ਮਹੱਲੇ ਵਿਚ ਵੇਚਣ ਦੀ ਬਜਾਏ, ਜੇਠਾ ਟੋਕਰੀ ਲੈ ਕੇ ਰਾਵੀ ਦਰਿਆ ਦੇ ਕੰਢੇ ਤੇ ਚਲਾ ਗਿਆ। ਉਥੇ ਉਸ ਨੂੰ ਸਾਧੂ ਸੰਤਾਂ ਦਾ ਟੋਲਾ ਮਿਲਿਆ, ਜਿਨ੍ਹਾਂ ਨੂੰ ਉਹ ਸਭ ਕੁਝ ਦੇ ਕੇ ਖਾਲੀ ਘਰ ਆ ਗਿਆ। ਇਹ ਦੇਖਣ ਵਾਲੀ ਗੱਲ ਹੈ ਕਿ ਇਸ ਵਰਗੀਆਂ ਕਥਾਵਾਂ ਗੁਰੂ ਨਾਨਕ ਬਾਰੇ ਵੀ ਪ੍ਰਚੱਲਿਤ ਸਨ ਅਤੇ ਇਹ ਅਸੰਭਵ ਨਹੀਂ ਕਿ ਇਸ ਕਹਾਣੀ ਨੂੰ ਵੀ ਉਨ੍ਹਾਂ ਕਹਾਣੀਆਂ ਤੋਂ ਪ੍ਰੇਰਣਾ ਮਿਲੀ ਹੋਵੇਗੀ। (ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 88)।

ਗੋਇੰਦਵਾਲ ਜਾਣ ਵਾਲੀ ਸਿੱਖਾਂ ਦੀ ਇਕ ਟੋਲੀ ਵਿਚ ਸ਼ਾਮਿਲ ਹੋ ਗਿਆ। ਇਸ ਟੋਲੀ ਦੇ ਸਾਥ ਵਿਚ ਉਹ ਗੋਇੰਦਵਾਲ ਜਾ ਪੁੱਜਾ ਅਤੇ ਬਿਨਾਂ ਕਿਸੇ ਹਿਚਕਚਾਹਟ ਤੋਂ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ। ਗੁਰੂ ਸਾਹਿਬ ਰਾਮ ਦਾਸ ਦੀ ਸਰਲਤਾ ਅਤੇ ਸ਼ਰਧਾ ਤਥਾ ਉਸ ਦੀ ਸੁੰਦਰ ਦਿਖ ਤੋਂ ਏਨਾ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਆਪਣੀ ਛੋਟੀ ਪੁੱਤਰੀ ਬੀਬੀ ਭਾਨੀ ਦਾ ਵਿਵਾਹ ਉਸ ਨਾਲ ਕਰ ਦਿੱਤਾ। ਪ੍ਰਚਲਿਤ ਰਿਵਾਜ ਦੇ ਉਲਟ ਉਹ ਆਪਣੀ ਪਤਨੀ ਨਾਲ ਗੋਇੰਦਵਾਲ ਵਿਖੇ ਹੀ ਰਹਿਣ ਲਗ ਪਿਆ ਅਤੇ ਛੇਤੀ ਹੀ ਉਥੋਂ ਦਾ ਪ੍ਰਤਿਸ਼ਠ ਵਿਅਕਤੀ ਬਣ ਗਿਆ ਜਿਵੇਂ ਕਿ 1574 ਈ. ਵਿਚ ਜੋਤੀ ਜੋਤ ਸਮਾਉਣ ਸਮੇਂ ਗੁਰੂ ਅਮਰ ਦਾਸ ਨੂੰ ਗੁਰਿਆਈ ਸੌਂਪਣ ਤੋਂ ਸਪੱਸ਼ਟ ਹੁੰਦਾ ਹੈ। ਸਦ ਵਿਚ ਅਸੀਂ ਪੜ੍ਹਦੇ ਹਾਂ :

ਸਤਿਗੁਰੁ ਪੁਰਖੁ ਜਿ ਬੋਲਿਆ
ਗੁਰਸਿਖਾ ਮੰਨਿ ਲਈ ਰਜਾਇ ਜੀਉ॥
ਮੋਹਰੀ ਪੁਤੁ ਸਨਮੁਖੁ ਹੋਇਆ
ਰਾਮ ਦਾਸੈ ਪੈਰੀ ਪਾਇ ਜੀਉ॥
ਸਭ ਪਵੈ ਪੈਰੀ ਸਤਿਗੁਰੂ ਕੇਰੀ
ਜਿਥੈ ਗੁਰੂ ਆਪੁ ਰਖਿਆ॥
ਕੋਈ ਕਰਿ ਬਖੀਲੀ ਨਿਵੈ ਨਾਹੀ
ਫਿਰਿ ਸਤਿਗੁਰੂ ਆਣਿ ਨਿਵਾਇਆ॥[61]

(ਰਾਮਕਲੀ ਸਦ, ਪੰਨਾ ੯੨੩)

ਇਥੇ ਸਾਨੂੰ ਸਪੱਸ਼ਟ ਸੰਕੇਤ ਮਿਲ ਜਾਂਦਾ ਹੈ ਕਿ ਰਾਮ ਦਾਸ ਦੇ ਗੁਰਗੱਦੀ ਤੇ ਬੈਠਣ ਨੂੰ ਘੱਟੋ ਘੱਟ ਇਕ ਮਨੁੱਖ ਨੇ ਰੋਸ ਨਾਲ ਵੇਖਿਆ ਸੀ ਅਤੇ ਇਸ ਗੱਲ ਵਿਚ ਕੋਈ ਸੰਦੇਹ ਨਹੀਂ ਕਿ ਇਹ ਆਕੀ ਮੋਹਨ ਸੀ। ਗੁਰੂ ਅਮਰ ਦਾਸ ਦੇ ਇਕ ਪੁੱਤਰ ਮੋਹਰੀ ਨੇ ਤਾਂ ਸਹਿਜੇ ਹੀ ਗੁਰੂ ਰਾਮ ਦਾਸ ਨੂੰ ਜਾਇਜ਼ ਗੁਰੂ ਪ੍ਰਵਾਨ ਕਰ ਲਿਆ ਸੀ ਪਰ ਮੋਹਨ ਇਸ ਦੇ ਉਲਟ ਸੋਚਦਾ ਸੀ। ਐਪਰ ਉਸ ਦਾ ਵਿਰੋਧ ਦਾਤੂ ਦੇ ਵਿਰੋਧ ਨਾਲੋਂ ਕਿਸੇ ਤਰ੍ਹਾਂ ਵੀ ਕਰੜਾ ਨਹੀਂ ਸੀ, ਜਿਸ ਨੇ ਗੁਰੂ ਅਮਰ ਦਾਸ ਦਾ ਗੋਇੰਦਵਾਲ ਚਲੇ ਜਾਣ ਤੇ ਵੀ ਖਹਿੜਾ ਨਹੀਂ ਛੱਡਿਆ ਸੀ। ਇਉਂ ਪ੍ਰਤੀਤ ਹੁੰਦਾ ਹੈ ਕਿ ਮੋਹਨ ਨੇ 'ਅਟੱਲ' ਅਗੇ ਸਿਰ ਝੁਕਾ ਦਿੱਤਾ ਸੀ ਭਾਵੇਂ ਅਜੇਹਾ ਉਨ੍ਹਾਂ ਸੰਕੋਚ ਨਾਲ ਹੀ ਕੀਤਾ ਸੀ। ਸਿੱਖ ਲਿਖਤਾਂ ਵਿਚ ਸਾਨੂੰ ਕਈ ਅਜੇਹੇ ਕਥਨ ਮਿਲਦੇ ਹਨ ਜਿਹੜੇ ਇਹ ਸਿੱਧ ਕਰਦੇ ਜਾਪਦੇ ਹਨ ਕਿ ਸਮਝੌਤਾ ਕਦੇ ਵੀ ਇਮਾਨਦਾਰੀ ਤੇ ਆਧਾਰਤ ਨਹੀਂ ਸੀ[62] ਅਤੇ ਇਹ ਇਕ ਪ੍ਰਮੁੱਖ ਕਾਰਨ ਹੋ ਸਕਦਾ ਹੈ ਜਿਸ ਨੇ ਗੁਰੂ ਰਾਮ ਦਾਸ ਨੂੰ ਗੋਇੰਦਵਾਲ ਤੋਂ ਦੂਰ ਕੋਈ ਹੋਰ ਟਿਕਾਣਾ ਬਣਾਉਣ ਲਈ ਬੇਬਸ ਕੀਤਾ। ਅਸਲ ਵਿਚ ਸੂਰਜ ਪ੍ਰਕਾਸ਼ ਦੇ ਆਧਾਰ ਤੇ ਮੈਕਾਲਿਫ ਲਿਖਦਾ ਹੈ ਕਿ ਗੁਰੂ ਅਮਰ ਦਾਸ ਨੇ ਇਹ ਔਕੜ ਭਾਂਪ ਲਈ ਸੀ ਅਤੇ ਇਸ ਅਨੁਸਾਰ ਸ਼ਹਿਨਸ਼ਾਹ ਵੱਲੋਂ ਦਿੱਤੀ ਭੂਮੀ ਤੇ ਟਿਕਾਣਾ ਬਣਾਉਣ ਲਈ ਅਤੇ ਇਸ ਦੇ ਪੂਰਬ ਵਿਚ "ਸਿੱਖ ਤੀਰਥ ਲਈ ਇਕ ਸਰ ਖੁਦਾਉਣ ਲਈ" ਉਨ੍ਹਾਂ ਰਾਮ

61. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 153.
62. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 258, ਸੈਂਚੀ ਤੀਜੀ, ਪੰਨਾ 56.

ਦਾਸ ਨੂੰ ਕਿਹਾ ਸੀ।[63] ਜਾਪਦਾ ਹੈ ਕਿ ਇਹ ਕਾਰਜ ਗੁਰੂ ਅਮਰ ਦਾਸ ਦੇ ਜੀਵਨ ਵਿਚ ਹੀ ਆਰੰਭ ਹੋ ਗਿਆ ਸੀ। ਰਾਮ ਦਾਸ ਜੀ ਦੇ ਗੱਦੀ ਤੇ ਬੈਠਣ ਉਪਰੰਤ ਵੀ ਕੁਝ ਦੇਰ ਲਈ ਚਲਦਾ ਰਿਹਾ। ਪਰ ਕਿਸੇ ਅਣਜਾਣੇ ਕਾਰਨ ਕਰਕੇ ਇਸ ਨੂੰ ਵਿਚਕਾਰ ਹੀ ਛੱਡ ਦਿੱਤਾ ਗਿਆ ਅਤੇ ਗੁਰੂ ਜੀ ਨੇ ਦੂਸਰਾ ਸਰ ਇਕ ਅਜੇਹੇ ਤਲਾ ਨੂੰ ਚੌੜਾ ਕਰਾ ਕੇ, ਜਿਸ ਦੇ ਪਾਣੀ ਦੀ ਅਦਭੁਤ ਤਾਸੀਰ ਦੱਸੀ ਜਾਂਦੀ ਹੈ, ਪੁਟਵਾਉਣਾ ਸ਼ੁਰੂ ਕਰਾ ਦਿੱਤਾ ਜਿਸ ਨੂੰ ਉਨ੍ਹਾਂ ਅੰਮ੍ਰਿਤਸਰ ਜਾਂ 'ਅੰਮ੍ਰਿਤ ਦਾ ਤਲਾ' ਆਖਿਆ। "ਜਦ ਕਿ ਖੁਦਾਈ ਦਾ ਕੰਮ ਹੋ ਗਿਆ ਸੀ ਤਾਂ ਗੁਰਸਿੱਖਾਂ, ਯਾਤਰੂਆਂ ਅਤੇ ਕਾਮਿਆਂ ਦੀ ਵਸੋਂ ਲਈ ਆਲੇ-ਦੁਆਲੇ ਬਹੁਤ ਸਾਰੇ ਮਕਾਨ ਬਣ ਗਏ ਅਤੇ ਸਮਾਂ ਬੀਤਣ ਨਾਲ ਇਕ ਸੁੰਦਰ ਨਗਰ ਵਸ ਗਿਆ ਜਿਸ ਨੂੰ ਪਹਿਲਾਂ ਪਹਿਲ ਰਾਮਦਾਸਪੁਰ ਆਖਿਆ ਗਿਆ।" ਪਰ ਅਸਲ ਵਿਚ ਰਾਮ ਦਾਸ ਨੇ ਕੇਵਲ ਸਰੋਵਰ ਅਤੇ ਨਗਰ ਦੀ ਨੀਂਹ ਹੀ ਰਖੀ ਸੀ, ਅਤੇ ਕਾਰਜ ਦੀ ਪੂਰਤੀ ਤਾਂ ਉਨ੍ਹਾਂ ਦੇ ਪੁੱਤਰ ਅਤੇ ਉੱਤਰਾਧਿਕਾਰੀ ਗੁਰੂ ਅਰਜਨ ਨੇ ਕਰਵਾਈ ਸੀ।[64]

---

63. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 141.

64. ਇਹ ਸਮੁੱਚਾ ਪ੍ਰਸ਼ਨ ਹੀ ਕੁਝ ਜਟਿਲ ਹੈ ਅਤੇ ਬਹੁਤਾ ਕਰਕੇ ਅਸੀਂ ਮੈਕਾਲਿਫ ਦੇ ਵਿਚਾਰਾਂ ਨੂੰ ਹੀ ਸਵੀਕਾਰ ਕੀਤਾ ਹੈ। ਉਸ ਤਲਾ ਨਾਲ ਸਬੰਧਿਤ ਇਕ ਅਦਭੁਤ ਘਟਨਾ, ਜੋ 'ਅੰਮ੍ਰਿਤ ਸਰੋਵਰ' ਦਾ ਆਧਾਰ ਸੀ ਅਤੇ ਜਿਹੜੀ ਸੂਰਜ ਪ੍ਰਕਾਸ਼ ਵਿਚ ਦਰਜ ਹੈ, ਗੁਰੂ ਅਰਜਨ ਦੇ ਸਮੇਂ ਵਿਚ ਹੋਈ ਦੱਸੀ ਜਾਂਦੀ ਹੈ। ਇਸ ਤੋਂ ਇਹ ਸੁਝਾਅ ਮਿਲਦਾ ਹੈ ਕਿ ਅੰਮ੍ਰਿਤਸਰ ਦੇ ਸਰੋਵਰ ਦੀ ਖੁਦਾਈ, ਵਾਸਤਵ ਵਿਚ ਗੁਰੂ ਅਰਜਨ ਦੇ ਸਮੇਂ ਵਿਚ ਹੀ ਆਰੰਭ ਹੋਈ ਸੀ, ਅਤੇ ਗੁਰੂ ਰਾਮ ਦਾਸ ਦਾ ਇਸ ਨਾਲ ਕੋਈ ਸਬੰਧ ਨਹੀਂ ਹੈ। ਮੈਕਾਲਿਫ ਕਹਿੰਦਾ ਹੈ ਕਿ "ਇਹ ਹੋ ਨਹੀਂ ਸਕਦਾ ਕਿ ਗੁਰੂ ਰਾਮ ਦਾਸ, ਆਪਣੇ ਸਹੁਰੇ, ਤੀਜੇ ਗੁਰੂ ਦੇ ਹੁਕਮ ਨਾਲ ਆਪ ਹੀ ਸ਼ੁਰੂ ਕੀਤੇ ਕੰਮ ਨੂੰ ਪੂਰਾ ਕਰਨ ਵੱਲੋਂ ਅਵੇਸਲਾ ਹੁੰਦਾ।" ਪਰ ਜਿਵੇਂ ਕਿ ਪ੍ਰਕਥਨ ਵੀ ਸੂਰਜ ਪ੍ਰਕਾਸ਼ ਦੇ ਪ੍ਰਮਾਣ ਤੇ ਆਧਾਰਿਤ ਹੈ, ਇਸ ਨੂੰ ਵੀ ਨਿਰਣਾਜਨਕ ਨਹੀਂ ਮੰਨਿਆ ਜਾ ਸਕਦਾ। ਇਸ ਬਾਰੇ ਇਹੋ ਕੁਝ ਹੀ ਕਹਿ ਸਕਦੇ ਹਾਂ ਕਿ ਸੂਰਜ ਪ੍ਰਕਾਸ਼ ਵਿਚਲੀ ਵਾਰਤਾ ਸੰਦੇਹਮਈ ਬਣਾਉਂਦੀ ਹੈ (ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 226-270)। ਮੈਕਾਲਿਫ ਦੀਆਂ ਹੋਰ ਦਲੀਲਾਂ ਕਾਫ਼ੀ ਵਿਸ਼ਵਾਸਜਨਕ ਹਨ। ਇਹ ਤੱਥ ਕਿ ਅੰਮ੍ਰਿਤਸਰ ਦਾ ਸ਼ਹਿਰ ਮੁੱਢਲੇ ਦਿਨਾਂ ਵਿਚ ਰਾਮਦਾਸਪੁਰ ਕਰਕੇ ਜਾਣਿਆ ਜਾਂਦਾ ਸੀ "ਗੁਰੂ ਰਾਮ ਦਾਸ ਦਾ ਆਪਣੇ ਪੂਰਵਾਧਿਕਾਰੀ ਦੇ ਆਰੰਭੇ ਕੰਮ ਨੂੰ ਜਾਰੀ ਰੱਖਣ ਦਾ ਇਕ ਹੋਰ ਪ੍ਰਮਾਣ ਹੈ।" (*ਉਹੀ*, ਪੰਨਾ 279 ਫੁਟ ਨੋਟ)। ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਮੋਹਸਿਨ ਫ਼ਾਨੀ ਦਾ ਰਾਮਦਾਸਪੁਰ ਨੂੰ ਇਕ ਐਸਾ ਅਸਥਾਨ ਦੱਸਣਾ ਜਿਥੇ ਗੁਰੂ ਰਾਮ ਦਾਸ ਅਤੇ ਗੁਰੂ ਅਰਜਨ ਨੇ ਭਾਰੀ ਇਮਾਰਤਾਂ ਬਣਵਾਈਆਂ ਅਤੇ ਸਰੋਵਰ ਖੁਦਵਾਏ ਸਨ, ਮੈਕਾਲਿਫ ਦੇ ਨਿਰਣੇ ਨੂੰ ਹੋਰ ਪੁਸ਼ਟ ਕਰਦਾ ਹੈ।

ਦੂਜੇ ਪਾਸੇ ਕੁਝ ਇਕ ਲੇਖਕ ਇਹ ਕਹਿੰਦੇ ਹਨ ਕਿ ਸ਼ਹਿਨਸ਼ਾਹ ਅਕਬਰ ਨੇ ਗੁਰੂ ਰਾਮ ਦਾਸ ਨੂੰ ਕੁਝ ਪਿੰਡਾਂ ਦੀ ਜਗੀਰ ਦੇ ਦਿੱਤੀ ਸੀ। (Foster's *Travels*, Vol. I, p. 258; I ਕਨਿੰਘਮ, ਉਪਰੋਕਤ ਰਚਨਾ, ਪੰਨਾ 50; *Glossary of Punjab Tribes and Castes*. Vol. I, Page 682). ਅੰਮ੍ਰਿਤਸਰ ਗਜ਼ਿਟੀਅਰ (1883-84 ਪੰਨਾ 61) ਵਿਚ ਲਿਖਿਆ ਹੈ ਕਿ ਅੰਮ੍ਰਿਤਸਰ ਵਾਲੀ ਥਾਂ ਤੇ ਗੁਰੂ ਰਾਮ ਦਾਸ ਦਾ ਅਧਿਕਾਰ ਸੀ। ਕਿਹਾ ਜਾਂਦਾ ਹੈ ਕਿ ਇਥੇ ਇਕ ਨਿੱਕਾ ਜਿਹਾ ਤਲਾ ਸੀ ਜਿਥੇ ਬਾਬਾ ਨਾਨਕ ਆਮ ਆਉਂਦੇ ਰਹਿੰਦੇ ਸਨ। ਇਸ ਤਲਾ ਦੇ ਕੰਢੇ ਤੇ ਗੁਰੂ ਰਾਮ ਦਾਸ ਜੀ ਨੇ ਆਪਣੀ ਰਿਹਾਇਸ਼ ਲਈ ਮਕਾਨ ਬਣਾ ਲਿਆ। ਇਸ ਤੋਂ ਛੇਤੀ ਹੀ ਪਿੱਛੋਂ 1557 ਵਿਚ ਤੁੰਗ ਜ਼ਿਮੀਦਾਰਾਂ ਨੂੰ ਸਤ ਸੌ ਰੁਪਏ (ਅਕਬਰੀ) ਦੇ ਕੇ 500 ਬੀਘੇ ਦਾ ਪਟਾ ਕਰਵਾ ਲਿਆ। ਜੇਕਰ ਇਹ ਸੱਚ ਹੈ ਤਾਂ ਸੂਰਜ ਪ੍ਰਕਾਸ਼ ਦਾ ਕਥਨ ਕਿ ਗੁਰੂ ਅਮਰ ਦਾਸ ਨੇ ਰਾਮ ਦਾਸ ਨੂੰ ਆਪਣੇ ਲਈ ਸ਼ਹਿਨਸ਼ਾਹ ਵੱਲੋਂ ਦਿੱਤੀ ਜ਼ਮੀਨ ਵਿਚ ਮਕਾਨ ਬਣਾਉਣ ਲਈ ਕਿਹਾ ਸੀ ਪ੍ਰਤੱਖ ਰੂਪ ਵਿਚ ਗ਼ਲਤ ਹੈ। ਪਰੰਤੂ ਜਿਵੇਂ ਕਿ ਗਜ਼ਿਟੀਅਰ ਸਾਨੂੰ ਇਨ੍ਹਾਂ ਦੇ ਮੂਲ ਦਾ ਸੰਕੇਤ ਨਹੀਂ ਦੇਂਦਾ, ਅਸੀਂ ਇਨ੍ਹਾਂ ਦੀ ਪ੍ਰਮਾਣਿਕਤਾ ਬਾਰੇ ਕੁਝ ਨਹੀਂ ਕਹਿ ਸਕਦੇ।

(ਦਬਿਸਤਾਨ, ਸੈਂਚੀ ਦੂਜੀ, ਪੰਨਾ 275)।

ਇਸ ਸਰ ਦੀ ਖੁਦਾਈ, ਜਿਹੜੀ ਕਿ ਅਧੂਰੀ ਛੱਡ ਦਿੱਤੀ ਗਈ ਸੀ, ਹੀ ਗੁਰੂ ਰਾਮ ਦਾਸ ਦੇ ਗੁਰਿਆਈ-ਕਾਲ ਦਾ ਉਘੜਵਾਂ ਕਾਰਜ ਹੈ। ਭਾਈ ਗੁਰਦਾਸ ਕਹਿੰਦਾ ਹੈ:

ਬੈਠਾ ਸੋਢੀ ਪਾਤਿਸਾਹੁ ਰਾਮਦਾਸ ਸਤਿਗੁਰੂ ਕਹਾਵੈ।
ਪੂਰਨੁ ਤਾਲੁ ਖਟਾਇਆ ਅੰਮ੍ਰਿਤਸਰ ਵਿਚਿ ਜੋਤਿ ਜਗਾਵੈ।[65]

ਇਸ ਵਿਚ ਸੰਦੇਹ ਨਹੀਂ ਕਿ ਗੁਰੂ ਨਾਨਕ ਜੀ ਦੇ ਉੱਤਰਾਧਿਕਾਰੀਆਂ ਸਬੰਧੀ ਭਾਈ ਗੁਰਦਾਸ ਦੁਆਰਾ ਦਿੱਤਾ ਗਿਆ ਵੇਰਵਾ ਨਿਰਾਸ਼ਾਮਈ ਹਦ ਤਕ ਅਲਪ ਹੈ ਅਤੇ ਬਹੁਤੀ ਵਾਰ ਅਮਲੀ ਤੌਰ ਤੇ ਅਰਥਹੀਣ ਵੀ, ਪਰ ਪ੍ਰਤੀਤ ਹੁੰਦਾ ਹੈ ਕਿ ਘੱਟੋ ਘੱਟ ਇਸ ਦ੍ਰਿਸ਼ਟਾਂਤ ਵਿਚ ਉਹ ਕੇਂਦਰੀ ਅਤੇ ਅਤਿ ਮਹੱਤਵਪੂਰਨ ਤਥ ਦਾ ਉੱਲੇਖ ਕਰਨੋਂ ਨਹੀਂ ਉਕਿਆ ਹੈ। ਇਹ ਸਹੀ ਹੈ ਕਿ ਰਾਮਦਾਸਪੁਰ ਨਗਰ ਦੀ ਨੀਂਹ ਰੱਖਣ ਦਾ ਸਿਹਰਾ ਚੌਥੇ ਗੁਰੂ ਸਾਹਿਬ ਦੇ ਸਿਰ ਹੀ ਹੈ ਪਰ ਇਹ ਛੇਤੀ ਦਿਸ ਪੈਂਦਾ ਹੈ ਕਿ ਇਹ ਕਾਰਜ ਕਾਫ਼ੀ ਹਦ ਤਕ 'ਅੰਮ੍ਰਿਤਸਰ' ਦੀ ਖੁਦਾਈ ਦੇ ਪ੍ਰਮੁੱਖ ਕਾਰਜ ਦਾ ਹੀ ਉਪਫਲ ਸੀ। ਸਿੱਖ ਇਤਿਹਾਸਕਾਰ, ਨਿਰਸੰਦੇਹ ਜੋਗੀਆਂ ਅਤੇ ਤਪੀਆਂ ਦੇ ਪੁਨਰਾਗਮਨ ਦੀਆਂ ਕਈ ਵਾਰਤਾਵਾਂ ਅਤੇ ਵੇਰਵਿਆਂ ਨੂੰ ਲੈ ਆਉਂਦੇ ਹਨ ਪਰ ਸਾਨੂੰ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਕੇਵਲ ਇਕੋ ਗੱਲ ਜਿਸ ਵੱਲ ਵਧੇਰੇ ਧਿਆਨ ਦੇਣ ਦੀ ਲੋੜ ਹੈ ਇਹ ਕਥਨ ਹੈ ਕਿ ਰਾਮ ਦਾਸ ਨੇ ਪ੍ਰਚਾਰ ਦਾ ਕਾਰਜ ਉਤਸ਼ਾਹ ਨਾਲ ਆਰੰਭਿਆ ਅਤੇ ਨਵੇਂ ਮਤ ਦੇ ਪ੍ਰਸਾਰ ਲਈ ਦੇਸ਼ ਦੇ ਵੱਖ ਵੱਖ ਭਾਗਾਂ ਵਿਚ ਪ੍ਰਚਾਰਕ ਭੇਜੇ। ਕਿਹਾ ਜਾਂਦਾ ਹੈ ਕਿ ਭਾਈ ਗੁਰਦਾਸ ਨੂੰ ਵੀ ਸਿੱਖ ਮਤ ਦੇ ਪ੍ਰਚਾਰ ਲਈ ਆਗਰੇ ਭੇਜਿਆ ਗਿਆ। ਉਹ ਪ੍ਰਸਿੱਧ ਅਤੇ ਸਫ਼ਲ ਪ੍ਰਚਾਰਕ ਬਣ ਗਿਆ ਅਤੇ ਉਸ ਨੇ "ਗੁਰੂ ਸਾਹਿਬ ਦੀ ਸੇਵਾ ਵਿਚ ਆਗਰੇ ਦੇ ਕਈ ਸਿੱਖ ਭੇਜੇ, ਜਿਨ੍ਹਾਂ ਨੂੰ ਗੁਰੂ ਜੀ ਨੇ ਮਨੁੱਖਾਂ ਜਨਮ ਦੇ ਲਾਭ ਅਤੇ ਇਸੇ ਜਨਮ ਵਿਚ ਆਖ਼ਰੀ ਮੁਕਤੀ ਪ੍ਰਾਪਤ ਕਰਨ ਦੀ ਲੋੜ ਬਾਰੇ ਸਿੱਖਿਆ ਦਿੱਤੀ।" ਗੁਰੂ ਅਰਜਨ ਦੇ ਸਮੇਂ ਵਿਚ ਸਿੱਖ ਮਤ ਬੜੀ ਤੇਜ਼ੀ ਨਾਲ ਫੈਲਿਆ ਅਤੇ ਭਾਈ ਗੁਰਦਾਸ ਆਪ ਆਗਰੇ ਵਿਖੇ ਭਾਰੀ ਸਿੱਖ ਸੰਗਤ ਦਾ ਹਵਾਲਾ ਦਿੰਦਾ ਹੈ। ਇਹ ਅਸੰਭਵ ਨਹੀਂ ਕਿ ਮੁੱਢਲੀ ਪ੍ਰੇਰਣਾ ਜਿਸ ਦੇ ਇਹ ਸਿੱਟੇ ਨਿਕਲੇ ਸਨ, ਗੁਰੂ ਰਾਮ ਦਾਸ ਨੇ ਹੀ ਦਿੱਤੀ ਸੀ, ਪਰ ਫੇਰ ਵੀ ਸਾਨੂੰ ਇਉਂ ਲਗਦਾ ਹੈ ਕਿ ਉਨ੍ਹਾਂ ਦੇ ਗੁਰਿਆਈ-ਕਾਲ ਵਿਚ ਬਹੁਤੀਆਂ ਘਟਨਾਵਾਂ ਨਹੀਂ ਵਾਪਰੀਆਂ। ਭਾਵੇਂ ਉਹ ਸਭ ਤੋਂ ਵੱਧ ਸਨਮਾਨਿਤ ਗੁਰੂਆਂ ਵਿਚੋਂ ਹਨ, ਫਿਰ ਵੀ ਦੂਰ-ਵਿਆਪੀ ਪ੍ਰਭਾਵਿਕ ਉਪਦੇਸ਼ਾਂ ਜਾਂ ਭਾਰੀ ਵਿਵਹਾਰਕ ਮਹੱਤਵ ਅਥਵਾ ਸ਼ਕਤੀ ਦੇ ਲਖਾਇਕ ਨਿਯਮਾਂ ਦਾ ਉਨ੍ਹਾਂ ਨਾਲ ਕੋਈ ਸਬੰਧ ਨਹੀਂ ਹੈ।[66]

ਗੁਰੂ ਰਾਮ ਦਾਸ 1581 ਈ. ਵਿਚ ਜੋਤੀ ਜੋਤ ਸਮਾਏ ਅਤੇ ਉਨ੍ਹਾਂ ਦਾ ਸਭ ਤੋਂ ਛੋਟਾ ਪੁੱਤਰ ਅਰਜਨ ਗੱਦੀ ਤੇ ਬੈਠਾ ਜਿਸ ਦੀ ਉਸ ਵੇਲੇ ਅਠਾਰ੍ਹਾਂ ਵਰ੍ਹਿਆਂ ਦੀ ਆਯੂ ਸੀ। ਉਸ ਦਾ ਜਨਮ 1563 ਈ. ਵਿਚ ਹੋਇਆ ਸੀ। ਸਭ ਤੋਂ ਵੱਡੇ ਪੁੱਤਰ ਪ੍ਰਿਥੀਏ ਨੇ, ਅਰਜਨ ਨੂੰ, ਜਿਸ ਨੂੰ ਗੁਰੂ ਸਾਹਿਬ ਦਾ ਚਹੇਤਾ ਸਮਝਦਾ ਸੀ, ਨੀਵਾਂ ਦਿਖਾਉਣ ਲਈ ਕੀਤੀਆਂ ਲਗਾਤਾਰ ਸਾਜ਼ਿਸ਼ਾਂ ਦੁਆਰਾ ਆਪਣੇ ਪਿਤਾ ਨੂੰ ਨਰਾਜ਼ ਕਰ ਲਿਆ ਹੋਇਆ

65. ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 47.
66. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 264, 271.

ਸੀ। ਦੂਸਰਾ ਪੁੱਤਰ ਮਹਾਂ ਦੇਵ 'ਧਾਰਮਕ ਵਿਰਤੀ' ਵਾਲਾ ਮਨੁੱਖ ਸੀ ਅਤੇ ਸੰਸਾਰਕ ਪਾਸਿਆਂ ਵੱਲ ਧਿਆਨ ਨਹੀਂ ਦਿੰਦਾ ਸੀ। ਸਿੱਖ ਇਤਿਹਾਸ ਵਿਚ ਵਰਣਿਤ ਹੈ ਕਿ ਇਕ ਵਾਰੀ ਸੰਹਾਰੀ ਮਲ, ਜੋ ਗੁਰੂ ਰਾਮ ਦਾਸ ਦਾ ਰਿਸ਼ਤੇ ਵਿਚ ਭਰਾ ਸੀ, ਲਾਹੌਰ ਆਇਆ, ਅਤੇ ਪੁੱਤਰ ਦੇ ਵਿਆਹ ਤੇ ਗੁਰੂ ਸਾਹਿਬ ਨੂੰ ਦਰਸ਼ਨ ਦੇਣ ਦੀ ਬੇਨਤੀ ਕੀਤੀ। ਗੁਰੂ ਸਾਹਿਬ ਨੇ ਭਾਰੀਆਂ ਘਰੇਲੂ ਜ਼ਿੰਮੇਵਾਰੀਆਂ ਕਰਕੇ ਮੁਆਫ਼ੀ ਮੰਗੀ ਪਰ ਆਪਣੇ ਇਕ ਪੁੱਤਰ ਨੂੰ ਭੇਜਣ ਦਾ ਬਚਨ ਦੇ ਦਿੱਤਾ। ਗੁਰੂ ਰਾਮ ਦਾਸ ਨੇ ਸਭ ਤੋਂ ਪਹਿਲਾਂ ਪ੍ਰਿਥੀਏ ਨੂੰ ਲਾਹੌਰ ਵਿਆਹ ਤੇ ਜਾਣ ਲਈ ਕਿਹਾ ਪਰ ਉਸ ਨੇ ਇਨਕਾਰ ਕਰ ਦਿੱਤਾ। ਸਾਨੂੰ ਦੱਸਿਆ ਗਿਆ ਹੈ ਕਿ "ਪ੍ਰਿਥੀਏ ਦੇ ਇਨਕਾਰ ਕਰਨ ਦੇ ਦੋ ਮੰਤਵ ਸਨ। ਚੜ੍ਹਾਵੇ ਦੀ ਦੇਖ-ਰੇਖ ਉਸ ਦੇ ਜ਼ਿੰਮੇ ਸੀ ਅਤੇ ਚੋਰੀ ਛਿਪੀ ਆਪਣੇ ਲਈ ਕਾਫ਼ੀ ਧਨ ਬਚਾ ਸਕਦਾ ਸੀ। ਜੇ ਉਹ ਲਾਹੌਰ ਚਲਿਆ ਗਿਆ ਤਾਂ ਇਹ ਨਜਾਇਜ਼ ਲਾਭ ਕੋਈ ਹੋਰ ਖੱਟ ਜਾਵੇਗਾ। ਉਸ ਦੇ ਪਿਤਾ ਦੇ ਉੱਤਰਾਧਿਕਾਰੀ ਵਜੋਂ ਗੁਰੂ ਦੀ ਚੋਣ ਦਾ ਸਮਾਂ ਵੀ ਲਾਗੇ ਆ ਰਿਹਾ ਸੀ ਅਤੇ ਉਸ ਨੂੰ ਡਰ ਸੀ ਕਿ ਉਹ ਦੀ ਗ਼ੈਰ-ਹਾਜ਼ਰੀ ਵਿਚ ਉਸ ਦਾ ਹੱਕ ਕੋਈ ਹੋਰ ਨਾ ਖੋਹ ਲਵੇ।" ਆਪਣੇ ਧਾਰਮਕ ਕੰਮਾਂ ਵਿਚ ਖਚਿਤ ਹੋਏ ਮਹਾਂਦੇਵ ਨੇ ਵੀ ਇਨਕਾਰ ਕਰ ਦਿੱਤਾ ਕਿ ਇਸ ਮਾਮਲੇ ਨਾਲ ਉਸ ਦਾ ਕੋਈ ਵਾਸਤਾ ਨਹੀਂ ਹੈ ਪਰ ਅਰਜਨ ਜੋ ਨਿਮਰਤਾ ਅਤੇ ਆਗਿਆ ਪਾਲਣ ਦਾ ਪੁੰਜ ਸੀ, ਬਿਨਾਂ ਕਿਸੇ ਝਿਜਕ ਤੋਂ ਸਹਿਮਤ ਹੋ ਗਿਆ ਅਤੇ ਤੁਰੰਤ ਹੀ ਲਾਹੌਰ ਵੱਲ ਤੁਰ ਗਿਆ। ਇਹ ਤੈ ਹੋਇਆ ਸੀ ਕਿ ਵਿਆਹ ਉਪਰੰਤ ਅਰਜਨ ਕੁਝ ਸਮੇਂ ਲਈ ਲਾਹੌਰ ਰਹੇਗਾ ਅਤੇ ਸੰਗਤ ਦੇ ਮਾਮਲਿਆਂ ਵੱਲ ਧਿਆਨ ਦੇਵੇਗਾ। ਕਿਹਾ ਜਾਂਦਾ ਹੈ ਕਿ ਕੁਝ ਦਿਨਾਂ ਪਿੱਛੋਂ ਅਰਜਨ ਨੂੰ ਆਪਣੇ ਪਿਤਾ ਦੇ ਵਿਛੋੜੇ ਦੀ ਅਸਹਿ ਪੀੜਾ ਅਨੁਭਵ ਹੋਣ ਲੱਗੀ ਅਤੇ ਉਸ ਨੇ ਆਪਣੇ ਪਿਤਾ ਨੂੰ ਇਕ ਚਿੱਠੀ ਵਿਚ ਬੇਨਤੀ ਕੀਤੀ ਕਿ ਉਸ ਨੂੰ ਵਾਪਸ ਬੁਲਾ ਲਿਆ ਜਾਵੇ। ਪ੍ਰਿਥੀਏ ਨੇ ਇਹ ਚਿੱਠੀ ਰਾਹ ਵਿਚ ਹੀ ਹਥਿਆ ਲਈ ਅਤੇ ਗੁਰੂ ਸਾਹਿਬ ਨੂੰ ਚਿੱਠੀ ਬਾਰੇ ਕੁਝ ਪਤਾ ਨਾ ਲੱਗ ਸਕਿਆ। ਆਪਣੇ ਦੂਤ ਕੋਲੋਂ ਜੋ ਕੁਝ ਅਰਜਨ ਨੇ ਸੁਣਿਆ ਉਸ ਤੋਂ ਉਹ ਸਹਿਜੇ ਹੀ ਅਨੁਮਾਨ ਲਗਾ ਸਕਦਾ ਸੀ ਕਿ ਕੀ ਵਾਪਰਿਆ ਸੀ ਅਤੇ ਉਸ ਨੇ ਦੂਜੀ ਚਿੱਠੀ ਲਿਖੀ। ਇਸ ਦਾ ਵੀ ਕੋਈ ਸਿੱਟਾ ਨਾ ਨਿਕਲਿਆ। ਇਸ ਵਾਰ ਵੀ ਪ੍ਰਿਥੀਏ ਨੇ ਚਿੱਠੀ ਕਾਬੂ ਕਰ ਲਈ ਅਤੇ ਆਪਣੇ ਪਿਤਾ ਨੂੰ ਇਸ ਸਬੰਧੀ ਹਨੇਰੇ ਵਿਚ ਰੱਖਿਆ। ਸੋ ਅਰਜਨ ਨੇ ਇਕ ਹੋਰ ਚਿੱਠੀ ਭੇਜੀ ਅਤੇ ਇਸ ਉਪਰ ਸਾਵਧਾਨੀ ਵਜੋਂ ਨੰਬਰ 3 ਲਿਖ ਦਿੱਤਾ, ਤਾਂ ਕਿ ਗੁਰੂ ਸਾਹਿਬ ਨੂੰ ਪਤਾ ਲਗ ਜਾਵੇ ਕਿ ਇਸ ਤੋਂ ਪਹਿਲਾਂ ਦੋ ਚਿੱਠੀਆਂ ਲਿਖੀਆਂ ਜਾ ਚੁੱਕੀਆਂ ਹਨ। ਦੂਤ ਨੂੰ ਵੀ ਹਦਾਇਤ ਕਰ ਦਿੱਤੀ ਗਈ ਕਿ ਇਹ ਚਿੱਠੀ ਗੁਰੂ ਸਾਹਿਬ ਨੂੰ ਨਿੱਜੀ ਤੌਰ ਤੇ ਦਿੱਤੀ ਜਾਵੇ। ਇਸ ਵਾਰ ਪ੍ਰਿਥੀਏ ਦੀ ਪੁਰਾਣੀ ਚਲਾਕੀ ਨਾ ਚਲ ਸਕੀ। ਚਿੱਠੀ ਗੁਰੂ ਸਾਹਿਬ ਦੇ ਕੋਲ ਪਹੁੰਚਾ ਦਿੱਤੀ ਗਈ ਅਤੇ ਪ੍ਰਿਥੀਏ ਦਾ ਪਾਜ ਇਕਦਮ ਖੁਲ੍ਹ ਗਿਆ। ਪਹਿਲੀਆਂ ਦੋਨੋਂ ਚਿੱਠੀਆਂ ਪ੍ਰਿਥੀਏ ਦੇ ਕਮਰੇ ਵਿਚੋਂ ਇਕ ਕੋਟ ਵਿਚ ਛੁਪਾਈਆਂ ਹੋਈਆਂ ਮਿਲ ਗਈਆਂ ਅਤੇ ਉਸ ਦੀ ਨਿਮੋਸ਼ੀ ਆਪਣੀ ਸਿਖਰ ਤੇ ਪੁੱਜ ਗਈ। ਅਰਜਨ ਨੂੰ ਤੁਰੰਤ ਵਾਪਸ ਬੁਲਾ ਲਿਆ ਗਿਆ ਅਤੇ ਉਸ ਦੇ ਆ ਜਾਣ

ਤੇ "ਗੁਰੂ ਸਾਹਿਬ ਨੇ ਪੰਜ ਪੈਸੇ ਤੇ ਇਕ ਨਾਰੀਅਲ ਮੰਗਵਾਇਆ ਅਤੇ ਅਰਜਨ ਦੇ ਸਾਹਮਣੇ ਰਖ ਦਿੱਤੇ; ਗੁਰੂ ਸਾਹਿਬ ਆਪ ਸਿੰਘਾਸਨ ਤੋਂ ਉਤਰ ਆਏ ਅਤੇ ਸਾਰੀ ਸੰਗਤ ਦੀ ਹਜ਼ੂਰੀ ਵਿਚ ਅਰਜਨ ਨੂੰ ਇਸ ਉੱਤੇ ਬਿਠਾ ਦਿੱਤਾ। ਭਾਈ ਬੁੱਢਾ ਨੇ ਆਤਮਕ ਪ੍ਰਭੁਤਾ ਦਾ ਤਿਲਕ ਜਾਂ ਚਿੰਨ੍ਹ ਉਨ੍ਹਾਂ ਦੇ ਮਸਤਕ ਤੇ ਲਾਇਆ ਅਤੇ ਸਰਵਿਆਪੀ ਹੁਲਾਸ ਦੇ ਹੁਲਾਰ ਵਿਚ ਉਨ੍ਹਾਂ ਨੂੰ ਗੁਰੂ ਘੋਸ਼ਿਤ ਕਰ ਦਿੱਤਾ ਗਿਆ।"[67] ਪਰ ਪ੍ਰਿਥੀਏ ਨੇ ਇਸ ਨੂੰ ਸਵੀਕਾਰ ਕਰਨ ਤੋਂ ਸਾਫ਼ ਸਾਫ਼ ਇਨਕਾਰ ਕਰ ਦਿੱਤਾ ਅਤੇ ਖੁਲ੍ਹੇ ਤੌਰ ਤੇ ਬਗਾਵਤ ਦਾ ਵਤੀਰਾ ਧਾਰਨ ਕਰ ਲਿਆ। ਉਸ ਨੇ ਐਲਾਨ ਕਰ ਦਿੱਤਾ ਕਿ ਗੁਰੂ ਸਾਹਿਬ ਨੇ ਨਿਆਂ ਨਹੀਂ ਕੀਤਾ ਅਤੇ ਉਹ ਗੁਰਿਆਈ ਬਲ ਨਾਲ ਪ੍ਰਾਪਤ ਕਰੇਗਾ। ਪ੍ਰਿਥੀਆ ਆਪਣੇ ਪਿਤਾ ਦਾ ਵਾਰ ਵਾਰ ਨਿਰਾਦਰ ਕਰਨ ਤੋਂ ਵੀ ਨਾ ਝਕਿਆ ਜਦ ਤਕ ਕਿ ਗੁਰੂ ਸਾਹਿਬ ਨੂੰ ਹੋਰ ਸਹਿਣ ਕਰਨਾ ਔਖਾ ਹੋ ਗਿਆ। ਉਨ੍ਹਾਂ ਨੇ ਪ੍ਰਿਥੀਏ ਨੂੰ ਬਾਹਰ ਕੱਢ ਦਿੱਤਾ ਤੇ ਕਿਹਾ, "ਤੂੰ ਮੀਣਾ ਹੈ; ਮੇਰੇ ਸਿੱਖ ਤੇਰੀ ਆਗਿਆ ਨਹੀਂ ਪਾਲਣਗੇ ਅਤੇ ਨਾ ਹੀ ਤੇਰੇ ਨਾਲ ਸੰਗ ਕਰਨਗੇ।"[68]

ਭਾਵੇਂ ਇਹ ਬਿਲਕੁਲ ਸੰਭਵ ਹੈ ਕਿ ਉਪਰੋਕਤ ਵਾਰਤਾ ਦਾ ਕਾਫ਼ੀ ਹਿੱਸਾ ਪਿੱਛੋਂ

---

67. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 281. ਦੀਖਿਆ ਦੇਣ ਦੀ ਰਸਮ ਅਤਿ ਸਾਦਾ ਸੀ। ਪੁਰਾਤਨ ਜਨਮਸਾਖੀ ਵਿਚ ਲਿਖਿਆ ਹੈ ਕਿ ਅੰਗਦ ਨੂੰ ਗੁਰਿਆਈ ਦੇਣ ਵੇਲੇ "ਗੁਰੂ ਨਾਨਕ ਨੇ ਉਸ ਅੱਗੇ ਪੰਜ ਪੈਸੇ ਰਖੇ ਤੇ ਪੈਰੀਂ ਪਿਆ" (ਟਰੰਪ, ਉਪਰੋਕਤ ਰਚਨਾ, ਪੰਨਾ xiv) ਪਿੱਛਲੇਰੀਆਂ ਸਥਿਤੀਆਂ ਵਿਚ ਨਰੇਲ ਵੀ ਉੱਤਰਾਧਿਕਾਰੀ ਅੱਗੇ ਰੱਖਿਆ ਗਿਆ ਸੀ। ਉੱਤਰਾਧਿਕਾਰੀ ਦੇ ਮਸਤਕ ਤੇ ਤਿਲਕ ਦਾ ਟਿੱਕਾ ਵੀ ਲਗਾਇਆ ਜਾਂਦਾ ਸੀ। ਪੰਜਾਂ ਉੱਤਰਾਧਿਕਾਰੀਆਂ ਲਈ ਗੁਰੂ ਨਾਨਕ ਦੇ ਇਕ ਜੱਟ ਸਿੱਖ ਭਾਈ ਬੁੱਢਾ ਨੇ ਇਹ ਕਾਰਜ ਨਿਭਾਇਆ ਸੀ। ਸਾਨੂੰ ਅੱਗੇ ਦੱਸਿਆ ਗਿਆ ਹੈ ਕਿ "ਤਿਲਕ ਦੀ ਮਹੱਤਾ ਸਭ ਜਾਣਦੇ ਸਨ। ਇਹ ਆਮ ਕਰਕੇ ਕਿਸੇ ਪ੍ਰਮੁੱਖ ਵਿਅਕਤੀ, ਜਿਹੜਾ ਕਾਸ਼ਤਕਾਰ ਸ਼੍ਰੇਣੀ ਦਾ ਆਦਿਵਾਸੀ ਹੋਵੇ, ਨੂੰ ਸੌਂਪਿਆ ਜਾਂਦਾ ਸੀ। ਇਸ ਪ੍ਰਮਾਣ ਵਿਚ, ਭਾਈ ਬੁਢਾ, ਗੁਰੂ ਜੀ ਦੀ ਸਰਦਾਰੀ ਦੀ ਜੱਟ-ਸਵੀਕ੍ਰਿਤੀ ਨੂੰ ਪ੍ਰਤਿਨਿਧ ਕਰਦਾ ਹੈ।"

(*Glossary of Punjab Tribes and Castes*. Vol. I. page 680).

68. <u>ਸੂਰਜ ਪ੍ਰਕਾਸ਼</u>, ਰਾਸ II. xix-xxii: ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 276-284. ਮੈਕਾਲਿਫ ਕਹਿੰਦਾ ਹੈ ਕਿ "ਇਹ ਸ਼ਬਦ ਮੂਲਿਕ ਅਰਥਾਂ ਵਿਚ ਰਾਜਪੂਤਾਨੇ ਦੇ ਹਿੰਦੂ ਲੁਟੇਰਿਆਂ ਦਾ ਨਾਮ ਸੀ। ਪਰ ਪੰਜਾਬ ਵਿਚ ਇਹ ਨਾਂ ਹਸਮੁਖ ਦੁਰ-ਆਤਮਾ ਆਦਮੀ ਲਈ ਵਰਤਿਆ ਜਾਂਦਾ ਹੈ" (ਸੈਂਚੀ ਦੂਜੀ, ਪੰਨਾ 284 ਫੁ. ਨੋ.)। ਇਹ ਪ੍ਰਤੀਤ ਹੁੰਦਾ ਹੈ ਕਿ ਪੰਜਾਬ ਵਿਚ ਇਹ ਕਬੀਲਾ ਵੀ ਜਰਾਇਮ ਪੇਸ਼ਾ ਸੀ ਭਾਵੇਂ ਉਨ੍ਹਾਂ ਦੇ ਅਸਲੀ ਇਲਾਕਿਆਂ ਅਲਵਰ ਅਤੇ ਜੈਪੁਰ ਵਿਚ ਇਹ ਸਥਿਤੀ ਨਹੀਂ ਸੀ। ਇਨ੍ਹਾਂ ਦਾ ਪੇਸ਼ਾ ਚੋਰੀ ਕਰਨਾ ਸੀ ਅਤੇ ਇਹ ਸ਼੍ਰੇਣੀ ਪੰਜਾਬ ਵਿਚ ਜਰਾਇਮ ਪੇਸ਼ਾ ਸ਼੍ਰੇਣੀਆਂ ਵਿਚੋਂ ਸਭ ਨਾਲੋਂ ਨਿਡਰ ਸੀ (*Glossary of Punjab Tribes and Castes*. Vol. II, p. 102-3.) ਸੋ ਇਹ ਸੰਭਵ ਹੈ ਕਿ 'ਮੀਣਾ' ਨਿੰਦਾਵਾਚਕ ਪਦ ਬਣ ਗਿਆ ਸੀ। ਭਾਈ ਗੁਰਦਾਸ ਨੇ 36 ਵੀਂ ਵਾਰ ਵਿਚ ਮੀਣਾ ਉੱਤੇ ਲੰਮਾ ਵਿਚਾਰ ਕੀਤਾ ਹੈ। ਭਾਵੇਂ ਕੋਈ ਇਸ ਨੂੰ ਪ੍ਰਿਥੀਏ ਅਤੇ ਉਸ ਦੇ ਸਾਥੀਆਂ ਨਾਲ ਜੋੜਨਾ ਚਾਹੇਗਾ, ਪਰ ਇਹ ਸਪੱਸ਼ਟ ਜਾਪਦਾ ਹੈ ਕਿ ਇਹ ਸ਼ਬਦ ਕਪਟੀ ਜਾਂ ਦੰਭੀ ਦੇ ਭਾਵ ਅਰਥਾਂ ਵਿਚ ਵਰਤਿਆ ਜਾਂਦਾ ਹੈ। ਗੁਰੂ ਰਾਮ ਦਾਸ ਜੀ ਦਾ ਪ੍ਰਿਥੀਏ ਨੂੰ ਮੀਣਾ ਕਹਿਣਾ ਅਤੇ ਘਰੋਂ ਕੱਢਣ ਦੀ ਵਾਰਤਾ ਭਾਵੇਂ ਪਿੱਛਲੇਰੀਆਂ ਸਿੱਖ ਲਿਖਤਾਂ ਵਿਚ ਹੀ ਮਿਲਦੀ ਹੈ, ਪਰ ਪ੍ਰਿਥੀਏ ਦੇ ਸਾਥੀਆਂ ਲਈ ਇਸ ਨਾਮ ਦੀ ਵਰਤੋਂ ਦਬਿਸਤਾਨ ਜਿੰਨੀ ਹੀ ਪੁਰਾਣੀ ਹੈ।

(ਸੈਂਚੀ ਦੂਜੀ, ਪੰਨਾ 273)

ਜੋੜਿਆ ਗਿਆ ਹੈ ਅਤੇ ਪ੍ਰਿਥੀਏ ਦੇ ਚਰਿੱਤਰ ਦੇ ਕਾਲੇ ਪਾਸੇ ਦਾ ਵੇਰਵਾ ਵੀ ਕਿਧਰੇ ਵਧਾ ਚੜ੍ਹਾ ਕੇ ਦਿੱਤਾ ਗਿਆ ਹੈ, ਫਿਰ ਵੀ ਇਹ ਤੱਥ ਕਾਇਮ ਹੈ ਕਿ ਗੁਰੂ ਅਰਜਨ ਦੀ ਗੁਰਗੱਦੀ ਤੇ ਸਥਾਪਨਾ ਸਬੰਧੀ ਪ੍ਰਿਥੀਏ ਦਾ ਆਪਣੇ ਪਿਤਾ ਨਾਲ ਝਗੜਾ ਹੋਇਆ ਸੀ ਅਤੇ ਇਸ ਫੈਸਲੇ ਨਾਲ ਉਸਨੇ ਕਦੇ ਵੀ ਸਮਝੌਤਾ ਨਹੀਂ ਸੀ ਕੀਤਾ। ਮੈਕਾਲਿਫ ਦੁਆਰਾ ਕਥਿਤ ਗੁਰੂ ਰਾਮ ਦਾਸ ਦੇ ਦੋ ਸ਼ਬਦ ਉੱਕਾ ਹੀ ਸੰਦੇਹ ਨਹੀਂ ਰਹਿਣ ਦਿੰਦੇ ਕਿ ਪ੍ਰਿਥੀਏ ਦੇ ਝਗੜੇ ਨੇ ਗੁਰੂ ਸਾਹਿਬ ਦੇ ਅੰਤਮ ਦਿਨਾਂ ਨੂੰ ਕਲੂਛਿਤ ਬਣਾ ਦਿੱਤਾ ਸੀ। ਸ਼ੁਰੂ ਵਿਚ ਗੁਰੂ ਸਾਹਿਬ ਆਪਣੇ ਪੁੱਤਰ ਨੂੰ ਲੜਾਈ ਝਗੜੇ ਤੋਂ ਨਰਮੀ ਨਾਲ ਵਰਜਦੇ ਰਹੇ ਕਿਉਂਕਿ "ਅਜੇਹੇ ਮਨੁੱਖ ਨਾਲ ਲੜਨਾ ਪਾਪ ਹੈ, ਜਿਸ ਨੂੰ ਆਪ ਜਨਮਿਆ ਅਤੇ ਪਾਲਿਆ ਹੋਵੇ।" ਫਿਰ ਗੁਰੂ ਸਾਹਿਬ ਗੰਭੀਰ ਪਰ ਜ਼ੋਰਦਾਰ ਢੰਗ ਨਾਲ ਆਪਣੇ ਨਿਰਣੇ ਦੀ ਅਟੱਲਤਾ ਅਤੇ ਕਿਸੇ ਪ੍ਰਕਾਰ ਦੇ ਅਪਮਾਨਜਨਕ ਰੋਸਾਂ ਦੀ ਨਿਰਾਰਥਕਤਾ ਦਾ ਐਲਾਨ ਕਰ ਦਿੰਦੇ ਹਨ। ਗੁਰੂ ਜੀ ਕਹਿੰਦੇ ਹਨ :

ਧੁਰਿ ਭਗਤ ਜਨਾ ਕਉ ਬਖਸਿਆ ਹਰ ਅੰਮ੍ਰਿਤ ਭਗਤਿ ਭੰਡਾਰਾ॥
ਮੂਰਖੁ ਹੋਵੈ ਸੁ ਉਨ ਕੀ ਰੀਸ ਕਰੇ ਤਿਸੁ ਹਲਤਿ ਪਲਤਿ ਮੁਹੁਕਾਰਾ॥
ਸੇ ਭਗਤ ਸੇ ਸੇਵਕਾ ਜਿਨਾ ਹਰਿਨਾਮ ਪਿਆਰਾ॥
ਤਿਨ ਕੀ ਸੇਵਾ ਤੇ ਹਰਿ ਪਾਈਐ ਸਿਰਿ ਨਿੰਦਕ ਕੈ ਪਵੈ ਛਾਰਾ॥
ਚਹੁ ਪੀੜੀ ਆਦਿ ਜੁਗਾਦਿ ਬਖੀਲੀ ਕਿਨੈ
ਨ ਪਾਇਓ ਹਰਿ ਸੇਵਕ ਭਾਇ ਨਿਸਤਾਰਾ॥[69]

(ਸੂਹੀ ਮਹਲਾ ੪, ਪੰਨਾ ੭੩੩)

ਇਹ ਪ੍ਰਤੱਖ ਹੈ ਕਿ ਭਾਵੇਂ ਉਪਰੋਕਤ ਸਲੋਕਾਂ ਵਿਚ ਪ੍ਰਿਥੀਏ ਦੇ ਨਾਂ ਦਾ ਕਿਤੇ ਜ਼ਿਕਰ ਨਹੀਂ ਆਇਆ ਪਰ ਇਸ ਦਾ ਸਬੰਧ ਨਿਰਸੰਦੇਹ ਉਸ ਅਤੇ ਉਸ ਦੀਆਂ ਕਰਤੂਤਾਂ ਨਾਲ ਹੈ।

ਇਨ੍ਹਾਂ ਪਰਿਸਥਿਤੀਆਂ ਵਿਚ ਅਜੇਹੀ ਆਸ ਰੱਖਣਾ ਸੰਭਵ ਨਹੀਂ ਕਿ ਪ੍ਰਿਥੀਆ ਗੁਰੂ ਅਰਜਨ ਦੀ ਗੁਰਗੱਦੀ ਤੇ ਨਿਯੁਕਤੀ ਨੂੰ ਹੱਕਮਾਰੀ ਤੋਂ ਛੁਟ ਕਿਸੇ ਹੋਰ ਭਾਵਨਾ ਨਾਲ ਲਵੇ। ਅਸਲ ਵਿਚ ਉਹ ਗੁਰਗੱਦੀ ਤੇ ਆਪਣਾ ਹੱਕ ਸਮਝਦਾ ਸੀ ਅਤੇ ਗੁਰੂ ਅਰਜਨ ਦੇ ਜੋਤੀ ਜੋਤ ਸਮਾਉਣ ਤਕ ਉਹ ਇਨ੍ਹਾਂ ਦਾ ਕੱਟੜ ਵੈਰੀ ਬਣਿਆ ਰਿਹਾ। ਸਾਨੂੰ ਦੱਸਿਆ ਗਿਆ ਹੈ ਕਿ ਗੁਰੂ ਅਰਜਨ ਦੇ ਗੱਦੀ ਤੇ ਬੈਠਣ ਤੋਂ ਪਿੱਛੋਂ ਛੇਤੀ ਹੀ ਉਸ ਨੇ ਲਾਹੌਰ ਦੇ ਸੂਬੇ ਦੇ ਇਕ ਮਾਲ ਅਫ਼ਸਰ ਸੁਹਲੀ ਖ਼ਾਂ ਨਾਲ ਗਠਜੋੜ ਕਰ ਲਿਆ ਅਤੇ ਅੰਮ੍ਰਿਤਸਰ ਦੇ ਚੌਧਰੀਆਂ ਕੋਲ ਸ਼ਿਕਾਇਤ ਕੀਤੀ ਕਿ ਉਸ ਨੂੰ ਅਤੇ ਉਸ ਦੇ ਭਰਾ ਮਹਾਂਦੇਵ ਨੂੰ ਜੀਵਨ ਨਿਰਬਾਹ ਲਈ ਕੁਝ ਨਹੀਂ ਦਿੱਤਾ ਗਿਆ। ਗੁਰੂ ਸਾਹਿਬ ਕੋਲ ਪ੍ਰਾਰਥਨਾ-ਪੱਤਰ ਭੇਜਣ ਤੇ "ਉਨ੍ਹਾਂ ਨੇ ਕੁਝ ਘਰਾਂ ਦੇ ਕਿਰਾਏ ਤੇ ਟੈਕਸ ਪ੍ਰਿਥੀਏ ਦੇ ਕਰ ਦਿੱਤੇ, ਪਾਸੀਆਂ ਦਾ ਚੌਕ (ਅੰਮ੍ਰਿਤਸਰ ਦਾ ਇਕ ਵਾਰਡ) ਦਾ ਚੁੰਗੀ ਕਰ ਮਹਾਂਦੇਵ ਨੂੰ ਦੇ ਦਿੱਤਾ ਅਤੇ ਆਪਣੇ ਲਈ ਉਨ੍ਹਾਂ ਕੇਵਲ ਆਪਣੇ ਸ਼ਰਧਾਲੂਆਂ ਦੀਆਂ ਭੇਟਾਂ ਰਹਿਣ ਦਿੱਤੀਆਂ।"[70] ਇਹ ਸਮਝੌਤਾ ਸੰਤੋਸ਼ਜਨਕ ਢੰਗ ਨਾਲ ਕਈ ਸਾਲ ਚਲਦਾ ਰਿਹਾ ਅਤੇ

69. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 283, 284.
70. ਸੂਰਜ ਪ੍ਰਕਾਸ਼, ਰਾਸ II, xxixl. ਮੈਕਾਲਿਫ, ਉਪਰੋਕਤ ਰਚਨਾ, ਪੰਨਾ 2.

ਗੁਰੂ ਅਰਜਨ ਨੂੰ ਕੁਝ ਸਮੇਂ ਲਈ ਵਧੇਰੇ ਮਹੱਤਵਪੂਰਨ ਮਾਮਲਿਆਂ ਵੱਲ ਸ਼ਕਤੀ ਲਾਉਣ ਦੀ ਵਿਹਲ ਮਿਲ ਗਈ।

ਪਹਿਲਾ ਕਾਰਜ ਜਿਸ ਨੂੰ ਗੁਰੂ ਸਾਹਿਬ ਨੇ ਹੱਥ ਪਾਇਆ, ਆਪਣੇ ਪੂਰਵਧਿਕਾਰੀਆਂ ਦੁਆਰਾ ਅਧੂਰੇ ਛੱਡੇ ਕਾਰਜਾਂ ਨੂੰ ਪੂਰਾ ਕਰਨਾ ਸੀ। ਇਹ ਪਹਿਲਾਂ ਵੀ ਦੇਖਿਆ ਜਾ ਚੁੱਕਿਆ ਹੈ ਕਿ ਗੁਰੂ ਰਾਮ ਦਾਸ ਨੇ ਰਾਮਦਾਸਪੁਰ ਨਗਰ ਦੀ ਉਸਾਰੀ ਸ਼ੁਰੂ ਕਰਵਾ ਦਿੱਤੀ ਸੀ ਜਿਸ ਵਿਚ ਉਨ੍ਹਾਂ ਨੇ ਅੰਮ੍ਰਿਤਸਰ ਪੁਟਵਾਇਆ ਸੀ, ਜੋ "ਸਿੱਖਾਂ ਦੀਆਂ ਨਜ਼ਰਾਂ ਵਿਚ ਪਹਿਲਾਂ ਹੀ ਪਵਿੱਤਰ ਗੰਗਾ ਦੇ ਮੁਕਾਬਲੇ ਵਿਚ ਬਾਜ਼ੀ ਲੈ ਰਿਹਾ ਸੀ।" ਪਰ ਕਾਰਜ ਨੂੰ ਨੇਪਰੇ ਚੜ੍ਹਾਉਣ ਤੋਂ ਪਹਿਲਾਂ ਹੀ ਉਹ ਜੋਤੀ ਜੋਤ ਸਮਾ ਗਏ ਸਨ। ਸੰਤੋਖਸਰ ਨਾਮ ਦਾ ਇਕ ਹੋਰ ਸਰ ਸੀ ਜੋ ਅਧੂਰਾ ਰਹਿ ਗਿਆ ਸੀ। ਪ੍ਰਤੀਤ ਹੁੰਦਾ ਹੈ ਕਿ ਆਪਣੀ ਗੁਰਿਆਈ ਦੇ ਪਹਿਲੇ ਅੱਠਾਂ ਵਰ੍ਹਿਆਂ ਵਿਚ ਗੁਰੂ ਅਰਜਨ ਜੀ ਇਸ ਤੀਹਰੇ ਕਾਰਜ ਵਿਚ ਪੂਰਨ ਭਾਂਤ ਰੁਝੇ ਰਹੇ। ਗੁਰੂ ਰਾਮ ਦਾਸ ਦੇ 'ਅੰਮ੍ਰਿਤਸਰ' ਦੇ ਮੱਧ ਵਿਚ ਹਰਿਮੰਦਰ ਜਾਂ 'ਪਰਮਾਤਮਾ ਦੇ ਮੰਦਰ' ਦੀ ਉਸਾਰੀ ਕਰ ਕੇ ਇਸ ਕਾਰਜ ਨੂੰ ਉਨ੍ਹਾਂ ਨੇ ਹੋਰ ਅੱਗੇ ਵਧਾਇਆ। ਗੁਰੂ ਸਾਹਿਬ ਦੇ ਇਕ ਸ਼ਬਦ ਵਿਚਲੇ ਪ੍ਰਕਥਨ "ਵਿਚਿ ਕਰਤਾ ਪੁਰਖੁ ਖਲੋਆ ਵਾਲ ਨਾ ਵਿੰਗਾ ਹੋਆ"[71] ਵਿਚੋਂ ਇਹ ਪ੍ਰਤੀਤ ਹੁੰਦਾ ਹੈ ਕਿ ਕਾਰਜ ਸਹਿਜੇ ਹੀ ਹੁੰਦਾ ਗਿਆ ਅਤੇ ਜਦ ਇਹ ਨੇਪਰੇ ਚੜ੍ਹ ਗਿਆ ਤਾਂ ਗੁਰੂ ਅਰਜਨ ਨੇ ਆਪਣੇ ਵਿਸ਼ੇਸ਼ ਢੰਗ ਅਨੁਸਾਰ ਇਸ ਨੂੰ ਰੱਬੀ ਮਿਹਰ ਦਾ ਫਲ ਦੱਸਿਆ :

ਸੰਤਾ ਕੇ ਕਾਰਜਿ ਆਪਿ ਖਲੋਇਆ
ਹਰਿ ਕੰਮੁ ਕਰਾਵਣਿ ਆਇਆ ਰਾਮ॥
ਜਿਸ ਕਾ ਕਾਰਜੁ ਤਿਨਹੀ ਕੀਆ
ਮਾਣਸੁ ਕਿਆ ਵੇਚਾਰਾ ਰਾਮ॥[72]

(ਸੂਹੀ ਮਹਲਾ ੫, ਪੰਨਾ ੭੮੩)

ਆਪਣੀ ਅੰਤ੍ਰੀਵ ਭਾਵਨਾ ਨਾਲ ਗੁਰੂ ਜੀ ਨੇ ਉਚਾਰਿਆ :

ਜੈ ਜੈ ਕਾਰੁ ਜਗੁ ਗਾਵੈ॥
ਮਨਿ ਚਿੰਦਿਅੜੇ ਫਲ ਪਾਵੈ॥
ਸਹੀ ਸਲਾਮਤਿ ਨਾਇ ਆਏ॥
ਅਪਣਾ ਪ੍ਰਭੂ ਧਿਆਏ॥
ਸੰਤ ਸਰੋਵਰ ਨਾਵੈ॥
ਸੋ ਜਨੁ ਪਰਮਗਤਿ ਪਾਵੈ॥[73]

(ਸੋਰਠ ਮਹਲਾ ੫, ਪੰਨਾ ੬੨੩)

ਇਹ ਆਸਾਨੀ ਨਾਲ ਵੇਖਿਆ ਜਾ ਸਕਦਾ ਹੈ ਕਿ ਇਸ ਘੋਸ਼ਨਾ ਦੇ ਸਿੱਟੇ ਵਜੋਂ

---

71. ਮੈਕਾਲਿਫ, ਉਪਰੋਕਤ ਰਚਨਾ, ਪੰਨਾ 12.
72. ਉਹੀ, ਪੰਨਾ 12.
73. ਮੈਕਾਲਿਫ, ਉਪਰੋਕਤ ਰਚਨਾ, ਪੰਨਾ 11.

ਅੰਮ੍ਰਿਤਸਰ, ਜਿਵੇਂ ਕਿ ਇਸ ਨੂੰ ਹੁਣ ਆਖਿਆ ਜਾਣ ਲੱਗਾ, ਨੂੰ ਸ਼ਭ ਤੋਂ ਵੱਧ ਮਹੱਤਵਪੂਰਨ ਸਿੱਖ ਤੀਰਥ ਬਣਾਉਣਾ ਸੀ। ਗੁਰੂ ਅਰਜਨ ਦੇਵ ਜੀ ਨੇ ਵੀ ਅੰਤ ਨੂੰ ਆਪਣਾ ਟਿਕਾਣਾ ਇਥੇ ਹੀ ਬਣਾ ਲਿਆ ਅਤੇ ਸਿੱਖ ਸਰਗਰਮੀਆਂ ਦਾ ਇਸ ਨੂੰ ਕੇਂਦਰ ਬਣਾ ਦਿੱਤਾ।[74] "ਸਿੱਖ ਮਤ ਦੀ ਪੱਕੀ ਸਥਾਪਨਾ ਲਈ ਇਹ ਗੱਲ ਅਤਿਅੰਤ ਮਹੱਤਵਪੂਰਨ ਸੀ, ਕਿਉਂਕਿ ਇਸ ਨਾਲ ਸਿੱਖਾਂ ਨੂੰ ਉਪਾਸ਼ਨਾ ਲਈ ਨਿਸ਼ਚਿਤ ਸਥਾਨ ਮਿਲ ਗਿਆ ਜਿਥੇ ਸਿੱਖ ਆਪਣੇ ਗੁਰੂ ਦੁਆਲੇ ਹਰ ਸਾਲ ਇਕੱਠੇ ਹੁੰਦੇ ਸਨ ਅਤੇ ਅੰਮ੍ਰਿਤਸਰ ਵਿਚ ਇਸ਼ਨਾਨ ਕਰਦੇ ਸਨ।"

ਸ਼ਾਇਦ ਇਸੇ ਸਬੰਧ ਵਿਚ ਹੀ ਗੁਰੂ ਜੀ ਨੇ ਅਜਿਹੀ ਪ੍ਰਣਾਲੀ ਦਾ ਆਰੰਭ ਕੀਤਾ ਸੀ ਜਿਸ ਨੂੰ ਮਸੰਦ-ਪ੍ਰਣਾਲੀ ਆਖਿਆ ਜਾਂਦਾ ਹੈ। ਅਸੀਂ ਵੇਖ ਲਿਆ ਹੈ ਕਿ ਕਿਸ ਤਰ੍ਹਾਂ ਗੁਰੂ ਅਮਰ ਦਾਸ ਦੇ ਸਮੇਂ ਸਿੱਖ ਮਤ ਨੇ ਧਰਮ ਨਿਰਪੇਖ ਜੀਵਨ ਨਾਲ ਸਮਝੌਤਾ ਕਰ ਲਿਆ ਸੀ ਅਤੇ ਕਿਸ ਤਰ੍ਹਾਂ ਸ਼ਿਸ਼ਾਂ ਨੂੰ ਉਪਦੇਸ਼ ਕੀਤਾ ਗਿਆ ਸੀ ਕਿ "ਪ੍ਰਭੂ ਦੀ ਆਰਾਧਨਾ ਆਪਣੇ ਘਰ ਕਰੋ, ਜੰਗਲਾਂ ਵਿਚ ਢੂੰਢਣ ਜਾਣ ਦੀ ਲੋੜ ਨਹੀਂ।"[75] ਗੁਰੂ ਸਾਹਿਬ ਆਪਣੇ ਸ਼ਿਸ਼ਾਂ ਦੇ ਮਨਾਂ ਵਿਚ ਇਹ ਵਿਚਾਰ ਦ੍ਰਿੜਾਉਣੋ ਲਈ ਕਦੇ ਅੱਕੇ ਨਹੀਂ ਸਨ। "ਸੰਨਿਆਸੀ ਦਾ ਜੀਵਨ ਕਿਸੇ ਕੰਮ ਨਹੀਂ"[76] ਅਤੇ "ਗ੍ਰਹਿਸਤੀ ਵਾਲਾ ਜੀਵਨ ਜਿਉਣਾ ਭੇਖੀ ਵਸਤਰ ਪਾਉਣ ਨਾਲੋਂ ਕਿਤੇ ਚੰਗੇਰਾ ਹੈ ਕਿਉਂਕਿ ਇਸ ਨਾਲ ਕਿਸੇ ਨੂੰ ਲਾਹਾ ਹੁੰਦਾ ਹੈ।"[77] ਅਤੇ "ਰੁਪਈਆ ਪੈਸਾ ਲਗਾਉਣ ਦਾ ਸਭ ਤੋਂ ਵਧੀਆ ਤਰੀਕਾ ਉਸ ਨੂੰ ਗੁਰੂ ਲੰਗਰ ਵਿਚ ਲਾਉਣਾ ਹੈ ਜਿਸ ਦੁਆਰਾ ਅਨਾਜ ਅਤੇ ਹੋਰ ਲੋੜਾਂ ਨੂੰ ਯਾਤਰੂਆਂ ਲਈ ਪੂਰਾ ਕਰਨਾ ਹੈ।"[78] "ਸਿੱਖ ਆਪਣੀ ਕਮਾਈ ਵਿਚੋਂ ਗੁਰੂ ਨੂੰ ਦਸਵੰਧ ਦੇਣ।"[79] ਇਸ ਉੱਦੇਸ਼ ਦੇ ਸਿੱਟੇ ਵਜੋਂ ਸਿੱਖਾਂ ਨੂੰ ਗ੍ਰਹਿਸਤੀਆਂ ਦੇ ਇਕ ਸਮੂਹ ਵਿਚ ਬੰਨਣਾ ਸੀ ਜਿਸ ਦੇ ਜ਼ਰੂਰੀ ਕਰਤਵਾਂ ਵਿਚੋਂ ਇਕ ਆਪਣੇ ਗੁਰੂ ਨੂੰ ਆਪਣੀ ਸੰਪੱਤੀ ਦਾ ਕੁਝ ਭਾਗ ਭੇਟ ਕਰਨਾ ਸੀ। ਭੇਟਾਂ ਭਾਰੀ ਗਿਣਤੀ ਵਿਚ ਆਉਂਦੀਆਂ ਸਨ ਅਤੇ ਗੁਰੂ ਦੇ ਲੰਗਰ ਦੀਆਂ ਸਰਗਰਮੀਆਂ ਨਿਤ ਵੱਧ ਰਹੀਆਂ ਸਨ। ਗੁਰੂ ਰਾਮ ਦਾਸ ਦੇ ਸਮੇਂ ਵਿਚ ਇਕ ਤਬਦੀਲੀ ਕੀਤੀ ਗਈ ਪ੍ਰਤੀਤ ਹੁੰਦੀ ਹੈ ਕਿ ਉਨ੍ਹਾਂ ਨੇ ਯੋਜਿਤ ਸਰਾਂ ਦੀ ਖੁਦਾਈ ਲਈ ਆਪਣੇ ਸ਼ਿਸ਼ਾਂ ਕੋਲੋਂ ਚੰਦੇ ਉਗਰਾਹੁਣ ਲਈ ਆਪਣੇ ਕਰਮਚਾਰੀਆਂ ਨੂੰ ਸਾਰੇ ਦੇਸ਼ ਭਰ ਵਿਚ ਭੇਜਿਆ ਸੀ।[80] ਪਰ ਹੁਣ ਤਕ

---

74. ਪਰੰਤੂ ਇਹ ਪ੍ਰਤੀਤ ਹੁੰਦਾ ਹੈ ਕਿ ਗੁਰੂ ਜੀ ਹੁਣ ਵੀ ਕਦੇ ਕਦੇ ਗੋਇੰਦਵਾਲ ਹੀ ਰਹਿੰਦੇ ਰਹੇ ਜਿਵੇਂ ਕਿ ਜਹਾਂਗੀਰ ਉਨ੍ਹਾਂ ਨੂੰ ਉਥੋਂ ਦੇ ਰਹਿਣ ਵਾਲੇ ਦੱਸਦਾ ਹੈ (*ਤੁਜ਼ਕ-ਏ-ਜਹਾਂਗੀਰੀ*, ਰੋਗਰਜ਼ ਅਤੇ ਬੀਵਰਿਜ, ਸੈਂਚੀ ਪਹਿਲੀ, ਪੰਨਾ 72)। ਜਿਵੇਂ ਕਿ ਅਸੀਂ ਬਾਅਦ ਵਿਚ ਦੇਖਾਂਗੇ ਅਕਬਰ ਦੀ ਗੁਰੂ ਜੀ ਨਾਲ ਭੇਟ ਵੀ ਗੋਇੰਦਵਾਲ ਹੀ ਹੋਈ ਸੀ।
75. ਮੈਕਾਲਿਫ, *ਉਪਰੋਕਤ ਰਚਨਾ*, ਸੈਂਚੀ ਦੂਜੀ, ਪੰਨਾ 193.
76. *ਉਹੀ*, ਪੰਨਾ 214.
77. *ਉਹੀ*, ਪੰਨਾ 37.
78. *ਉਹੀ*, ਪੰਨਾ 90.
79. *ਉਹੀ*, ਪੰਨਾ 71.
80. ਮੈਕਾਲਿਫ, *ਉਪਰੋਕਤ ਰਚਨਾ*, ਸੈਂਚੀ ਦੂਜੀ, ਪੰਨਾ 271.

ਚੰਦੇ ਪੂਰਨ ਭਾਂਤ ਇੱਛਾ ਤੇ ਨਿਰਭਰ ਰਹੇ ਸਨ ਭਾਵੇਂ ਇਸ ਤਰ੍ਹਾਂ ਦੇ ਬੇਕਾਇਦਾ ਤਰੀਕਿਆਂ ਨੂੰ ਹੁਣ ਜਾਰੀ ਰਹਿਣ ਦੇਣਾ ਕਠਿਨ ਹੋ ਗਿਆ ਸੀ। ਗੁਰੂ ਸਾਹਿਬ ਨੇ ਆਪਣੀਆਂ ਸਰਗਰਮੀਆਂ ਦੀਆਂ ਸੀਮਾਵਾਂ ਕਾਫ਼ੀ ਵਿਸਤ੍ਰਿਤ ਕਰ ਲਈਆਂ ਸਨ ਅਤੇ ਨਿਰਮਾਨ ਅਤੇ ਖ਼ੁਦਾਈ ਦੇ ਕਾਰਜਾਂ ਲਈ ਲਗਾਤਾਰ ਧਨ ਦੀ ਆਵੱਸ਼ਕਤਾ ਸੀ। ਦੂਜੇ ਪਾਸੇ ਸਿੱਖਾਂ ਦੀ ਗਿਣਤੀ ਵਿਚ ਢੇਰ ਵਾਧਾ ਹੋ ਚੁੱਕਿਆ ਸੀ ਅਤੇ ਸਿੱਖ ਸਾਰੇ ਪੰਜਾਬ ਵਿਚ ਪਿਸ਼ਾਵਰ ਤੋਂ ਲੈ ਕੇ ਦਿੱਲੀ ਤਕ ਪਸਰੇ ਹੋਏ ਹੋਣ ਕਰਕੇ ਇਨ੍ਹਾਂ ਭੇਟਾਂ ਨੂੰ ਇਕੱਠਾ ਕਰਨ ਦਾ ਕੰਮ ਕਾਫ਼ੀ ਕਠਿਨ ਹੋ ਗਿਆ ਸੀ ਅਤੇ ਬਹੁਤ ਵਾਰੀ ਤਾਂ ਇਹ ਗੁਰੂ ਸਾਹਿਬ ਦੀ ਗੋਲਕ ਤਕ ਅਪੜਦੀਆਂ ਹੀ ਨਹੀਂ ਸਨ। ਇਹੀ ਗੱਲ ਨਹੀਂ, ਸਿੱਖ ਤਾਂ ਪੰਜਾਬ ਤੋਂ ਦੂਰ ਦੂਰ ਦੇ ਸੂਬਿਆਂ ਵਿਚ ਵੀ ਫੈਲ ਚੁੱਕੇ ਸਨ[81] ਅਤੇ ਇਹ ਗੱਲ ਸੌਖੀ ਵੇਖੀ ਜਾ ਸਕਦੀ ਹੈ ਕਿ ਉਗਰਾਹੀ ਦੇ ਢੰਗ ਵਿਚ ਤਬਦੀਲੀ ਲਿਆਉਣੀ ਅਤਿਅੰਤ ਆਵੱਸ਼ਕ ਹੋ ਗਈ ਸੀ। ਇਸ ਗੱਲ ਬਾਬਤ ਸਿੱਖ ਲਿਖਤਾਂ ਵਿਚ ਕੋਈ ਸੰਕੇਤ ਨਹੀਂ ਮਿਲਦਾ ਪਰ ਚੰਗੇ ਭਾਗਾਂ ਨਾਲ ਦਬਿਸਤਾਨ ਵਿਚ ਇਸ ਦਾ ਜ਼ਿਕਰ ਆਉਂਦਾ ਹੈ ਕਿ ਗੁਰੂ ਅਰਜਨ ਸਾਹਿਬ ਨੇ ਇਸ ਕਠਿਨਾਈ ਦਾ ਕਿਸ ਤਰ੍ਹਾਂ ਸਾਹਮਣਾ ਕੀਤਾ। ਮੋਹਸਿਨ ਫਾਨੀ ਲਿਖਦਾ ਹੈ, "ਪੰਜਵੀਂ ਪਾਤਸ਼ਾਹੀ ਤੋਂ ਪਹਿਲਾਂ ਸਿੱਖਾਂ ਤੋਂ ਕੋਈ ਕਰ ਨਹੀਂ ਉਗਰਾਇਆ ਜਾਂਦਾ ਸੀ ਸਗੋਂ ਸਿੱਖ ਆਪਣੀ ਮਰਜ਼ੀ ਅਨੁਸਾਰ ਆਪਣੇ ਗੁਰੂ ਨੂੰ ਭੇਟਾਂ ਪੇਸ਼ ਕਰਦੇ ਸਨ। ਅਰਜਨ ਮਲ ਨੇ ਆਪਣੇ ਸਮੇਂ ਕਰ ਦੀ ਉਗਰਾਹੀ ਲਈ ਹਰੇਕ ਕਸਬੇ ਦੇ ਸਿੱਖਾਂ ਕੋਲ ਆਪਣਾ ਇਕ ਕਰਮਚਾਰੀ ਭੇਜਿਆ, ਜਿਸ ਦੁਆਰਾ ਮਸੰਦ ਜਾਂ ਡਿਪਟੀ ਦੀ ਹਕੂਮਤ ਨਾਲ ਸਿੱਖਾਂ ਦੀ ਜਾਣ ਪਛਾਣ ਹੋਈ।"[82] ਇਹ ਦੇਖਿਆ ਜਾਵੇਗਾ ਕਿ ਹੁਣ ਸਿੱਖਾਂ ਦੀਆਂ ਇਛਿਤ ਭੇਟਾਂ ਅਨਿਵਾਰੀ ਬਣਾ ਦਿੱਤੀਆਂ ਗਈਆਂ ਅਤੇ ਅਧਿਕਾਰ-ਪ੍ਰਾਪਤ ਏਜੰਟਾਂ ਦੁਆਰਾ ਇਨ੍ਹਾਂ ਦੀ ਉਗਰਾਹੀ ਦਾ ਪ੍ਰਬੰਧ ਕੀਤਾ ਗਿਆ, ਜਿਨ੍ਹਾਂ ਨੂੰ ਮਸੰਦ ਕਿਹਾ ਜਾਂਦਾ ਸੀ।[83] ਇਹ ਨਵੀਂ ਪ੍ਰਥਾ ਸੁਭਾਅ ਵਜੋਂ ਕ੍ਰਾਂਤੀਕਾਰੀ ਸੀ ਅਤੇ ਪਰਿਣਾਮ ਵਜੋਂ ਦੂਰ-ਵਿਆਪੀ ਸੀ। ਜਿਵੇਂ ਕਿ ਨਾਰੰਗ ਲਿਖਦਾ ਹੈ, "ਹੁਣ ਗੁਰੂ ਸਾਹਿਬ ਆਪਣਾ ਬਜਟ ਵਧੇਰੇ ਨਿਸ਼ਚਿਤਤਾ ਨਾਲ ਬਣਾ ਸਕਦੇ ਸਨ ਕਿਉਂਕਿ ਹੁਣ ਗੁਰੂ ਸਾਹਿਬ ਦੀਆਂ ਭੇਟਾਂ ਮੁਗ਼ਲਾਂ ਦੇ ਲਗਾਨ ਨਾਲੋਂ ਵੀ ਵਧੇਰੇ ਨਿਯਮਬੱਧ ਅਤੇ

81. ਮੋਹਸਿਨ ਫਾਨੀ ਕਹਿੰਦਾ ਹੈ ਕਿ "ਇਨ੍ਹਾਂ ਅਨੁਯਾਈਆਂ ਦੀ ਸੰਖਿਆ ਹਰ ਥਾਂ ਵੱਧ ਗਈ ਸੀ, ਇਥੋਂ ਤਕ ਕਿ ਗੁਰੂ ਅਰਜਨ ਦੇ ਸਮੇਂ ਇਹ ਅਤਿਅੰਤ ਵੱਧ ਚੁੱਕੀ ਸੀ, ਅਤੇ ਅੰਤ ਵਿਚ ਦੇਸ਼ ਵਿਚ ਕੋਈ ਐਸਾ ਸਥਾਨ ਨਹੀਂ ਸੀ ਜਿਥੇ ਸਿੱਖ ਨਹੀਂ ਮਿਲਦੇ ਸਨ" (ਦਬਿਸਤਾਨ, ਸੈਂਚੀ ਦੂਜੀ, ਪੰਨਾ 270)। ਭਾਈ ਗੁਰਦਾਸ ਦਾ ਗਿਆਰਵੀਂ ਵਾਰ ਵਿਚ ਸਿੱਖ ਸੰਗਤਾਂ ਦਾ ਉਲੇਖ ਇਹ ਸਪੱਸ਼ਟ ਸਿੱਧ ਕਰਦਾ ਹੈ ਕਿ ਕਿਵੇਂ ਹੁਣ ਤਕ ਸਿੱਖ ਮਤ ਦੂਰ ਦੂਰ ਤਕ ਫੈਲ ਗਿਆ ਸੀ।
82. ਦਬਿਸਤਾਨ, ਸੈਂਚੀ ਦੂਜੀ, ਪੰਨਾ 271.
83. ਮੈਕਾਲਿਫ ਕਹਿੰਦਾ ਹੈ ਕਿ "ਅਫ਼ਗਾਨ ਬਾਦਸ਼ਾਹਾਂ ਦੇ ਸਮੇਂ, ਅਮੀਰਾਂ ਵਜ਼ੀਰਾਂ ਨੂੰ ਮਸਨਦ-ਏ-ਅਲੀ ਕਿਹਾ ਜਾਂਦਾ ਸੀ। ਸੋ ਮਸਨਦ ਸ਼ਬਦ ਦੀ ਵਰਤੋਂ ਇਸ ਦੇ ਸਾਧਾਰਣ ਭਾਵ ਵਜ਼ੀਰ ਵਜੋਂ ਕੀਤੀ ਗਈ ਹੈ। ਸਿੱਖਾਂ ਵਿਚ ਇਸ ਦੀ ਅਧਿਕ ਵਰਤੋਂ ਨੇ ਇਸ ਨੂੰ ਮਸੰਦ ਵਿਚ ਬਦਲ ਦਿੱਤਾ। ਗੁਰੂ ਨੂੰ ਸੱਚਾ ਪਾਤਸ਼ਾਹ ਕਿਹਾ ਗਿਆ ਹੈ, ਸੋ ਉਸ ਦੇ ਏਜੰਟਾਂ ਨੂੰ ਮਸੰਦ ਕਿਹਾ ਗਿਆ।" (ਸੈਂਚੀ ਦੂਜੀ, ਪੰਨਾ 271)। ਦੇਖੋ ਦਬਿਸਤਾਨ, ਸੈਂਚੀ ਦੂਜੀ, ਪੰਨਾ 271.

ਸਰਲਤਾ ਨਾਲ ਇਕੱਠੀਆਂ ਹੁੰਦੀਆਂ ਸਨ"[84] ਅਤੇ ਦੂਜੇ ਪਾਸੇ "ਸਿੱਖਾਂ ਨੂੰ ਹੌਲੀ ਹੌਲੀ ਆਪਣੀ ਸਰਕਾਰ ਨਾਲ ਜਾਣ-ਪਛਾਣ ਹੋਣ ਲੱਗ ਪਈ ਸੀ ਅਤੇ ਰਾਜ ਦੇ ਅੰਤਰਗਤ ਉਹ ਆਪਣੇ ਆਪ ਨੂੰ ਪੱਕੀ ਤਰ੍ਹਾਂ ਸੰਗਠਿਤ ਅਤੇ ਸ਼ਕਤੀਸ਼ਾਲੀ ਦਲ ਸਮਝਣ ਲੱਗ ਪਏ ਸਨ।"[85]

ਪਰ ਪ੍ਰਿਥੀਆ ਇਨ੍ਹਾਂ ਸਫ਼ਲਤਾਵਾਂ ਨੂੰ ਜਰ ਨਾ ਸਕਿਆ, ਜਿਸ ਨੇ ਹੁਣ ਸਮਝੌਤਾ ਤੋੜ ਸੁਟਿਆ ਅਤੇ ਗੁਰੂ ਸਾਹਿਬ ਵਿਰੁੱਧ ਮੁੜ ਸਾਜ਼ਿਸ਼ਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਜਾਪਦਾ ਹੈ ਕਿ ਸਥਿਤੀ ਏਨੀ ਗੰਭੀਰ ਹੋ ਗਈ ਸੀ ਕਿ ਗੁਰੂ ਸਾਹਿਬ ਨੇ ਕੁਝ ਦੇਰ ਲਈ ਅੰਮ੍ਰਿਤਸਰ ਛੱਡ ਦੇਣ ਅਤੇ ਪ੍ਰਚਾਰ ਹਿਤ ਯਾਤਰਾ ਤੇ ਜਾਣ ਵਿਚ ਹੀ ਭਲਾਈ ਸਮਝੀ। ਪਰੋਖ ਰੂਪ ਵਿਚ ਇਹ ਗੱਲ ਸਿੱਖ ਮਤ ਦੇ ਇਤਿਹਾਸ ਵਿਚ ਅਧਿਕ ਮਹੱਤਵਪੂਰਨ ਸੀ ਜਾਪਦਾ ਹੈ ਕਿ ਗੁਰੂ ਅਰਜਨ ਦੇਵ ਨੇ ਮਾਝੇ ਦੇਸ਼ ਦੀ ਲੰਮੀ-ਚੌੜੀ ਯਾਤਰਾ ਕੀਤੀ ਅਤੇ ਉਨ੍ਹਾਂ ਦੇ ਯਤਨਾਂ ਦੇ ਪਰਿਣਾਮ ਸਰੂਪ ਉਪਰੋਕਤ ਇਲਾਕੇ ਵਿਚ ਸਿੱਖ ਮਤ ਅੱਗੋਂ ਲਈ ਨਿਰਵਿਵਾਦ ਰੂਪ ਵਿਚ ਸਥਾਪਿਤ ਹੋ ਗਿਆ। ਸਿੱਖ ਇਤਿਹਾਸ ਵਿਚ ਇਸ ਯਾਤਰਾ ਦਾ ਬੜਾ ਵੇਰਵਾ ਮਿਲਦਾ ਹੈ ਜਿਸ ਦਾ ਕਾਫ਼ੀ ਹਿੱਸਾ ਭਾਵੇਂ ਮੰਨਣਯੋਗ ਨਹੀਂ ਪਰ ਸਮੁੱਚੇ ਤੌਰ ਤੇ ਇਸ ਪ੍ਰਚਾਰ-ਯਾਤਰਾ ਵਿਚ ਗੁਰੂ ਜੀ ਦੀ ਸਫ਼ਲਤਾ ਨੂੰ ਲੱਭਣਾ ਕੋਈ ਕਠਿਨ ਨਹੀਂ ਹੈ। ਸਭ ਤੋਂ ਪਹਿਲਾਂ ਉਹ ਖਡੂਰ ਸਾਹਿਬ ਅਤੇ ਫਿਰ ਗੋਇੰਦਵਾਲ ਗਏ ਜਿਥੇ ਉਨ੍ਹਾਂ ਦੇ ਦੋ ਪੂਰਵਾਧਿਕਾਰੀਆਂ ਨੇ ਚਰਨ ਪਾਏ ਸਨ। ਫਿਰ ਉਹ ਭੈਣੀ ਅਤੇ ਖਾਨਪੁਰ ਦੇ ਪਿੰਡਾਂ ਵਿਚੋਂ ਦੀ ਹੁੰਦੇ ਹੋਏ ਖਾਰਾ ਪੁੱਜੇ ਜਿਥੇ "ਉਨ੍ਹਾਂ ਦੇ ਆਲੇ-ਦੁਆਲੇ ਦੇ ਦ੍ਰਿਸ਼-ਫੁੱਲਾਂ ਨਾਲ ਸੁਗੰਧਿਤ ਜੰਗਲ ਅਤੇ ਹਰੇ ਭਰੇ ਮੈਦਾਨ, ਨਿਰਮਲ ਪਾਣੀ, ਤਾਜ਼ਾ ਅਤੇ ਉਤਸ਼ਾਹਜਨਕ ਵਾਤਾਵਰਣ ਨੇ ਉਨ੍ਹਾਂ ਦੇ ਮਨ ਤੇ ਏਨਾ ਗਹਿਰਾ ਪ੍ਰਭਾਵ ਪਾਇਆ ਜਾਪਦਾ ਹੈ ਕਿ ਉਨ੍ਹਾਂ ਨੇ ਪਿੰਡ ਵਾਸੀਆਂ ਤੋਂ ਜ਼ਮੀਨ ਪ੍ਰਾਪਤ ਕਰ ਕੇ ਉਥੇ ਇਕ ਨਗਰ ਵਸਾਇਆ ਜੋ ਪਿੱਛੋਂ ਤਰਨਤਾਰਨ ਦੇ ਨਾਮ ਨਾਲ ਪ੍ਰਸਿੱਧ ਹੋਇਆ।"[86] ਗੁਰੂ ਸਾਹਿਬ ਦੁਆਰਾ ਯੋਜਿਤ ਸਰ ਇਕ ਸਥਾਨਕ ਮੁਸਲਮਾਨ ਅਫ਼ਸਰ ਦੇ ਦਖ਼ਲ ਦੇਣ ਕਰਕੇ ਸਿਰੇ ਨਾ ਚੜ੍ਹ ਸਕਿਆ। ਪਰ ਸ਼ੁਭ ਆਰੰਭ ਹੋ ਚੁੱਕਿਆ ਸੀ ਅਤੇ ਛੇਤੀ ਹੀ ਇਹ ਸਥਾਨ ਸਿੱਖਾਂ ਦਾ ਮਹੱਤਵਪੂਰਨ ਤੀਰਥ ਬਣ ਗਿਆ। ਅਸੀਂ ਪਹਿਲਾਂ ਹੀ ਦੇਖ ਚੁੱਕੇ ਹਾਂ ਕਿ ਸਿੱਖ ਪਰੰਪਰਾ ਅੰਮ੍ਰਿਤਸਰ ਦੇ ਪਵਿੱਤਰ ਪਾਣੀਆਂ ਦੀ ਅਦਭੁਤ ਰੋਗ-ਹਰਨ ਦੀ ਸ਼ਕਤੀ ਦਾ ਦਾਅਵਾ ਕਰਦੀ ਹੈ। ਇਹੋ ਜਿਹਾ ਅਤੇ ਇਸ ਤੋਂ ਵੀ ਵੱਧ ਬਲਵਾਨ ਦਾਅਵਾ ਤਰਨਤਾਰਨ ਸਬੰਧੀ ਕੀਤਾ ਗਿਆ ਸੀ ਅਤੇ ਇਸ ਸੁਝਾਅ ਵਿਚ

---

84. ਨਾਰੰਗ, ਉਪਰੋਕਤ ਰਚਨਾ, ਪੰਨਾ 34, 35. ਨਾਰੰਗ ਕਹਿੰਦਾ ਹੈ ਕਿ ਮਸੰਦ ਮਸਨਦ ਦਾ ਵਿਗੜਿਆ ਰੂਪ ਹੈ ਅਤੇ ਮਸਨਦ-ਏ-ਅਲੀ ਦਾ ਲਘੂ ਰੂਪ ਜਾਂ ਫਿਰ ਮੁਗ਼ਲ ਗਵਰਨਰ ਦੇ ਖ਼ਿਤਾਬ ਦਾ ਪ੍ਰਤਿਰੂਪ ਹੀ ਹੈ। ਸਿੱਖਾਂ ਦੀ ਚੜ੍ਹਦੀ ਸ਼ਕਤੀ ਦਾ ਇਹ ਇਕ ਹੋਰ ਪ੍ਰਮਾਣ ਹੈ। ਜਦ ਗੁਰੂ ਸੱਚਾ ਪਾਤਸ਼ਾਹ ਹੈ ਤਾਂ ਉਸ ਦੇ ਵਾਇਸਰਾਏ ਵੀ ਪਰਮ ਸ੍ਰੇਸ਼ਠ ਹੋਣੇ ਚਾਹੀਦੇ ਹਨ।

85. ਟਰੰਪ, ਉਪਰੋਕਤ ਰਚਨਾ, ਪੰਨਾ Lxxxi.

86. ਇਸ ਦੀ ਨੀਂਹ 1590 ਵਿਚ ਰਖੀ ਗਈ ਜਾਪਦੀ ਹੈ। "ਤਰਨਤਾਰਨ ਤੋਂ ਭਾਵ ਉਹ ਤਲਾ ਹੈ ਜੋ ਮਨੁੱਖਾਂ ਨੂੰ ਸੰਸਾਰਕ ਭਵ ਸਾਗਰ ਤੋਂ ਪਾਰ ਲੈ ਜਾਂਦਾ ਹੈ।" (ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ 25).

ਜ਼ਰੂਰ ਕੋਈ ਸੱਚਾਈ ਹੈ ਕਿ "ਗੁਰੂ ਅਰਜਨ ਦੇਵ ਨੇ ਅੰਮ੍ਰਿਤਸਰ ਦੇ ਮੰਦਰ ਦੇ ਪਵਿੱਤਰ ਆਲੇ-ਦੁਆਲੇ ਨੂੰ ਕੋਹੜ ਦੀ ਘ੍ਰਿਣਿਤ ਬਿਮਾਰੀ ਦੇ ਰੋਗੀਆਂ ਤੋਂ ਮੁਕਤ ਕਰਾਉਣ ਲਈ ਸਰ ਦੇ ਪਾਣੀ ਦੀ ਇਸ ਰੋਗ ਨੂੰ ਹਰਨ ਦੀ ਰਹੱਸਪੂਰਨ ਸ਼ਕਤੀ ਦੀ ਘੋਸ਼ਣਾ ਕੀਤੀ।"[87] ਘੱਟੋ ਘੱਟ ਏਨੀ ਗੱਲ ਨਿਸ਼ਚਿਤ ਹੈ ਕਿ ਇਸ ਸਥਾਨ ਦੀ ਪ੍ਰਸਿੱਧੀ ਨੇ ਪੁਰਾਣੇ ਸਮੇਂ ਵਿਚ ਬਹੁਤ ਸਾਰੇ ਕੋਹੜੀਆਂ ਨੂੰ ਖਿੱਚਿਆ ਅਤੇ ਅੱਜ ਕਲ ਕਸਬੇ ਦੇ ਇਕ ਵੱਡੇ ਹਿੱਸੇ ਵਿਚ ਹੁਣ ਕੋਹੜੀ ਵਸਦੇ ਹਨ।[88] ਫੇਰ ਵੀ ਸਿੱਖ ਮਤ ਦੇ ਇਤਿਹਾਸ ਵਿਚ ਇਸ ਨਗਰ ਦੀ ਉਸਾਰੀ ਭਾਰੀ ਮਹੱਤਵ ਦੀ ਗੱਲ ਹੈ। ਤਰਨ ਤਾਰਨ ਮਾਝਾ ਜਾਂ ਮਧ ਭੂਮੀ ਕਹੇ ਜਾਣ ਵਾਲੇ ਇਲਾਕੇ ਦੀ ਰਾਜਧਾਨੀ ਹੈ ਜੋ ਰਾਵੀ ਤੋਂ ਬਿਆਸ ਤਕ ਫੈਲਿਆ ਹੋਇਆ ਹੈ ਅਤੇ ਸਵਦੇਸ਼ੀ ਸੈਨਾ ਦੀ ਸੂਰਮਗਤੀ ਦੀ ਜਨਮ ਭੂਮੀ ਅਤੇ ਮਿਹਨਤੀ ਅਤੇ ਮਜ਼ਬੂਤ ਕ੍ਰਿਸਾਣਾਂ ਦੀ ਨਸਲ ਦਾ ਘਰ ਹੈ।[89] ਇਸ ਇਲਾਕੇ ਦੇ ਲੋਕ ਸਦਾ ਹੀ ਸਿੱਖ ਮਤ ਦੀ ਰੀੜ ਦੀ ਹੱਡੀ ਰਹੇ ਹਨ ਅਤੇ ਨਿਰਸੰਦੇਹ ਇਸ ਤੱਥ ਦਾ ਸਿਹਰਾ ਗੁਰੂ ਅਰਜਨ ਦੇ ਪ੍ਰਚਾਰ-ਕਾਰਜਾਂ ਅਤੇ ਉਨ੍ਹਾਂ ਲੋਕਾਂ ਦੇ ਇਲਾਕੇ ਦੇ ਮੱਧ ਵਿਚ ਤਰਨ ਤਾਰਨ ਨਗਰ ਦੀ ਨੀਂਹ ਰਖਣ ਦੇ ਸਿਰ ਬੱਝਦਾ ਹੈ।

ਪ੍ਰਤੀਤ ਹੁੰਦਾ ਹੈ ਕਿ ਗੁਰੂ ਸਾਹਿਬ ਇਸ ਤੋਂ ਪਿੱਛੋਂ ਬਿਆਸ ਨਦੀ ਪਾਰ ਕਰ ਕੇ ਜ਼ਿਲ੍ਹਾ ਜਲੰਧਰ ਵਿਚ ਚਲੇ ਗਏ। ਕਿਹਾ ਜਾਂਦਾ ਹੈ ਕਿ ਇਥੇ ਉਨ੍ਹਾਂ ਨੇ ਇਕ ਹੋਰ ਨਗਰ ਜਿਸ ਦਾ ਨਾਂ ਉਨ੍ਹਾਂ ਕਰਤਾਰਪੁਰ ਰੱਖਿਆ, ਦਾ ਮੁੱਢ ਬੰਨ੍ਹਿਆ ਅਤੇ ਜਿਸ ਨੇ ਉਦੋਂ ਤੋਂ ਹੀ ਕਾਫ਼ੀ ਆਤਮਿਕ ਅਤੇ ਸੰਸਾਰਕ ਪ੍ਰਸਿੱਧੀ ਪ੍ਰਾਪਤ ਕਰ ਲਈ ਹੈ। ਫੇਰ ਗੁਰੂ ਸਾਹਿਬ ਅਨੇਕਾਂ ਪਿੰਡਾਂ ਵਿਚੋਂ ਦੀ ਲੰਘਦੇ ਹਰ ਥਾਂ ਸਫ਼ਲਤਾ ਪੂਰਵਕ ਪ੍ਰਚਾਰ ਕਰਦੇ ਅਤੇ ਬਹੁਤ ਸੰਖਿਆ ਵਿਚ ਨਵਧਰਮੀ ਬਣਾਉਂਦੇ ਹੋਏ ਅਖ਼ੀਰ ਵਿਚ ਲਾਹੌਰ ਪੁੱਜੇ। ਇਥੇ ਆ ਕੇ ਉਨ੍ਹਾਂ ਨੇ ਡੱਬੀ ਬਾਜ਼ਾਰ ਵਿਚ ਗੁਰੂ ਕੀ ਬਾਉਲੀ ਬਣਾਉਣ ਦਾ ਪ੍ਰਬੰਧ ਕੀਤਾ ਤੇ ਫਿਰ ਗੁਰਦਾਸਪੁਰ ਜ਼ਿਲ੍ਹੇ ਵਿਚ ਚਲੇ ਗਏ। ਉਨ੍ਹਾਂ ਨੇ ਡੇਰਾ ਬਾਬਾ ਨਾਨਕ ਵਿਖੇ ਗੁਰੂ ਨਾਨਕ ਦੀ ਦਰਗਾਹ ਅਤੇ ਬਾਰਠ ਵਿਖੇ ਉਦਾਸੀ ਸਿਰੀ ਚੰਦ ਦੇ ਡੇਰੇ ਦੀ ਯਾਤਰਾ ਕੀਤੀ ਅਤੇ ਫਿਰ ਅੰਮ੍ਰਿਤਸਰ ਪਰਤ ਆਏ।

ਗੁਰੂ ਸਾਹਿਬ ਦੇ ਜੀਵਨ ਵਿਚ ਅਗਲੀ ਮਹੱਤਵਪੂਰਨ ਘਟਨਾ 1595 ਈ. ਵਿਚ ਵਡਾਲੀ ਵਿਖੇ ਉਨ੍ਹਾਂ ਦੇ ਪੁੱਤਰ ਹਰਿਗੋਬਿੰਦ ਦਾ ਜਨਮ ਲੈਣਾ ਹੈ। ਜਾਪਦਾ ਹੈ ਕਿ ਪ੍ਰਚਾਰ ਯਾਤਰਾ ਪੰਜ ਵਰ੍ਹੇ ਚਲਦੀ ਰਹੀ ਸੀ ਅਤੇ ਸ਼ਾਇਦ ਇਹ 1594 ਈ. ਦੇ ਨੇੜੇ ਤੇੜੇ ਅੰਮ੍ਰਿਤਸਰ ਪਰ ਆਉਣ ਨਾਲ ਮੁੱਕੀ ਸੀ।[90] ਸਿੱਖ ਲਿਖਤਾਂ ਵਿਚ ਵਰਣਿਤ ਹੈ ਕਿ ਗੁਰੂ

---

87. ਅੰਮ੍ਰਿਤਸਰ ਜ਼ਿਲ੍ਹਾ ਗਜ਼ਿਟੀਅਰ, 1883-4, ਪੰਨਾ 76.
88. ਉਹੀ। "ਕਸਬੇ ਤੋਂ ਇਕ ਮੀਲ ਤੇ ਆਸ਼੍ਰਮ ਹੈ ਜਿਥੇ ਸਾਰੇ ਪ੍ਰਾਂਤ ਦੇ ਵੱਖ ਵੱਖ ਹਿੱਸਿਆਂ ਵਿਚੋਂ ਗਰੀਬ ਕੋਹੜੀਆਂ ਨੂੰ ਸ਼ਰਨ ਦਿੱਤੀ ਜਾਂਦੀ ਹੈ।"
89. ਉਹੀ।
90. ਮੈਕਾਲਿਫ ਕਹਿੰਦਾ ਹੈ ਕਿ 1589 ਈ. ਵਿਚ ਗੁਰੂ ਜੀ ਨੇ ਹਰਿਮੰਦਰ ਦੀ ਨੀਂਹ ਦੀ ਪਹਿਲੀ ਇੱਟ ਰੱਖੀ ਸੀ (ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ 10)। ਸਾਨੂੰ ਦੱਸਿਆ ਗਿਆ ਕਿ ਤਰਨਤਾਰਨ ਦੀ ਉਸਾਰੀ 1590 ਵਿਚ ਆਰੰਭ ਹੋਈ ਸੀ। ਸੋ ਇਉਂ ਪ੍ਰਤੀਤ ਹੁੰਦਾ ਹੈ ਕਿ ਗੁਰੂ ਜੀ ਆਪਣੀ ਯਾਤਰਾ ਤੇ ਜ਼ਰੂਰ ਹੀ 1589 ਈ. ਦੇ ਅੰਤ ਵਿਚ ਗਏ ਹੋਏ ਹੋਣਗੇ। ਸਿੱਖ ਲਿਖਤਾਂ ਵਿਚ ਦੱਸਿਆ ਹੈ ਕਿ ਗੁਰੂ ਸਾਹਿਬ ਹਰਿਗੋਬਿੰਦ ਦੇ ਜਨਮ, ਜੋ 1595 ਈ. ਵਿਚ ਹੋਇਆ ਸੀ, ਤੋਂ ਘੱਟੋ ਘੱਟ ਇਕ ਸਾਲ ਪਹਿਲੋਂ ਅੰਮ੍ਰਿਤਸਰ ਪਰਤ ਆਏ ਸਨ।

ਜੀ ਦੀ ਇਸ ਲੰਮੀ ਗ਼ੈਰ-ਹਾਜ਼ਰੀ ਨੇ ਪ੍ਰਿਥੀਏ ਦੀਆਂ ਭਾਵਨਾ ਨੂੰ ਉੱਕਾ ਹੀ ਸ਼ਾਂਤ ਨਹੀਂ ਸੀ ਕੀਤਾ ਜੋ ਪਹਿਲਾਂ ਵਾਂਗ ਹੀ ਗੁਰੂ ਜੀ ਨੂੰ ਤੰਗ ਕਰਦਾ ਰਿਹਾ। ਵਾਸਤਵ ਵਿਚ ਪ੍ਰਿਥੀਏ ਦਾ ਇਹ ਵੈਰ ਸਿੱਖ-ਇਤਿਹਾਸਕਾਰਾਂ ਲਈ ਏਨਾ ਭਾਰਾ ਮਾਨਸਿਕ ਬੋਝ ਸਿੱਧ ਹੋਇਆ ਕਿ ਉਨ੍ਹਾਂ ਨੇ ਇਸ ਨੂੰ ਹਰਿਗੋਬਿੰਦ ਦੇ ਜਨਮ ਦੀਆਂ ਪਰਿਸਥਿਤੀਆਂ ਵਿਚ ਰਲਾ ਮਿਲਾ ਦਿੱਤਾ ਹੈ। ਕਿਹਾ ਜਾਂਦਾ ਹੈ ਕਿ ਪ੍ਰਿਥੀਏ ਦੀ ਈਰਖਾ ਨੂੰ ਉਸ ਦੀ ਪਤਨੀ ਕਰਮੋ ਸਦਾ ਭੜਕਾਉਂਦੀ ਰਹਿੰਦੀ ਸੀ ਪਰ ਪ੍ਰਿਥੀਆ ਉਸ ਨੂੰ ਇਸ ਯਕੀਨ ਨਾਲ ਤਸੱਲੀ ਦੁਆਉਂਦਾ ਰਹਿੰਦਾ ਸੀ ਕਿ ਗੁਰੂ ਅਰਜਨ ਦੀ ਕੋਈ ਸੰਤਾਨ ਨਾ ਹੋਣ ਕਰਕੇ ਉਨ੍ਹਾਂ ਦਾ ਪੁੱਤਰ ਮੇਹਰਬਾਨ ਹੀ ਗੱਦੀ ਦਾ ਹੱਕਦਾਰ ਹੋਵੇਗਾ। ਸਾਨੂੰ ਦੱਸਿਆ ਗਿਆ ਹੈ ਕਿ ਗੁਰੂ ਸਾਹਿਬ ਦੀ ਪਤਨੀ ਗੰਗਾ ਨੇ ਇਹ ਵਾਰਤਾਲਾਪ ਸੁਣ ਲਈ। ਇਸ ਤੋਂ ਪਿੱਛੋਂ ਉਹ ਬੱਚੇ ਲਈ ਉਤਾਵਲੀ ਹੋ ਉੱਠੀ ਅਤੇ ਉਸ ਨੇ ਪਤੀ ਕੋਲ ਇਕ ਪੁੱਤਰ ਦੀ ਦਾਤ ਲਈ ਬੇਨਤੀ ਕੀਤੀ। ਇਸ ਤੇ ਗੁਰੂ ਸਾਹਿਬ ਨੇ ਆਪਣੀ ਪਤਨੀ ਨੂੰ ਇਛਿਤ ਦਾਤ ਦੀ ਪ੍ਰਾਰਥਨਾ ਲਈ ਭਾਈ ਬੁੱਢਾ ਕੋਲ ਭੇਜਿਆ ਜੋ ਕਿ ਗੁਰੂ ਨਾਨਕ ਦੇ ਸਮੇਂ ਦਾ ਇਕ ਪੁਰਾਣਾ ਸਿੱਖ ਸੀ ਅਤੇ ਨੇੜੇ ਦੇ ਜੰਗਲ ਵਿਚ ਰਹਿੰਦਾ ਸੀ। ਐਪਰ ਭਾਈ ਬੁੱਢਾ ਕੋਲੋਂ ਮੰਤਵ ਦੀ ਪੂਰਤੀ ਨਾ ਹੋ ਸਕੀ ਕਿਉਂਕਿ ਉਹ ਗੁਰੂ ਸਾਹਿਬ ਦੀ ਪਤਨੀ ਨੂੰ ਦੇਖ ਕੇ ਚਕ੍ਰਿਤ ਰਹਿ ਗਿਆ ਪ੍ਰਤੀਤ ਹੁੰਦਾ ਹੈ, "ਜੋ ਅੰਮ੍ਰਿਤਸਰ ਦੇ ਮੁਖੀਆਂ ਦੀਆਂ ਇਸਤਰੀਆਂ ਨੂੰ ਆਪਣੀਆਂ ਸੇਵਕਾਵਾਂ ਦੇ ਤੌਰ ਤੇ ਨਾਲ ਲੈ ਕੇ ਬੜੀ ਸ਼ਾਨ ਨਾਲ ਆਈ ਸੀ।" ਕਿਹਾ ਜਾਂਦਾ ਹੈ ਕਿ ਭਾਈ ਬੁੱਢਾ ਨੇ ਉਸ ਨੂੰ ਨਿਮਰਤਾ ਪੂਰਬਕ ਬੇਨਤੀ ਕੀਤੀ ਕਿ ਉਹ ਤਾਂ ਸਿਰਫ ਘਾਹੀ ਹੈ ਅਤੇ ਉਸ ਦੇ ਘਰ ਦਾ ਸੇਵਕ ਹੈ। ਉਸ ਨੇ ਵਿਚੋਲਗੀ ਕਰਨ ਦੀ ਹਰੇਕ ਸ਼ਕਤੀ ਤੋਂ ਇਨਕਾਰ ਕਰ ਦਿੱਤਾ ਅਤੇ ਉਸ ਨੂੰ ਦੱਸਿਆ ਕਿ ਗੁਰੂ ਸਾਹਿਬ ਹੀ ਸਭ ਦੀਆਂ ਮੁਰਾਦਾਂ ਪੂਰੀਆਂ ਕਰਦੇ ਹਨ। ਗੰਗਾ ਨਿਰਾਸ ਹੋ ਕੇ ਆਪਣੇ ਪਤੀ ਕੋਲ ਮੁੜ ਆਈ ਅਤੇ ਆਪਣੇ ਮਿਸ਼ਨ ਦੀ ਅਸਫ਼ਲਤਾ ਬਾਰੇ ਉਨ੍ਹਾਂ ਨੂੰ ਦੱਸਿਆ। ਗੁਰੂ ਅਰਜਨ ਦੇਵ ਨੇ ਉਸ ਨੂੰ ਕਿਹਾ ਕਿ ਸੰਤ ਅਤੇ ਸਤਿਗੁਰੂ ਦਿਖਾਵਾ ਕਦੇ ਪਸੰਦ ਨਹੀਂ ਕਰਦੇ ਅਤੇ ਜੇਕਰ ਉਹ ਸਫ਼ਲ ਹੋਣਾ ਚਾਹੁੰਦੀ ਹੈ ਤਾਂ ਉਸ ਨੂੰ ਭਾਈ ਬੁੱਢੇ ਦੀ ਸੇਵਾ ਵਿਚ ਨਿਮਰਤਾ ਅਤੇ ਯਾਚਨਾ ਦੀ ਭਾਵਨਾ ਨਾਲ ਜਾਣਾ ਚਾਹੀਦਾ ਹੈ। ਇਸ ਵਾਰੀ ਉਸ ਨੇ ਉਵੇਂ ਹੀ ਕੀਤਾ ਜਿਵੇਂ ਕਿ ਉਸ ਨੂੰ ਦੱਸਿਆ ਗਿਆ ਸੀ ਅਤੇ ਇਸ ਵਾਰ ਭਾਈ ਬੁੱਢਾ ਨੇ ਉਸ ਨੂੰ ਅਸ਼ੀਰਵਾਦ ਦਿੱਤੀ ਕਿ ਉਸ ਦੇ ਘਰ ਇਕ ਪੁੱਤਰ ਦਾ ਜਨਮ ਹੋਵੇਗਾ। "ਜੋ ਬਹੁਤ ਹੀ ਸੁੰਦਰ, ਸੂਰਬੀਰ, ਆਤਮਿਕ ਅਤੇ ਸੰਸਾਰਕ ਸ਼ਕਤੀ ਦਾ ਸੁਆਮੀ ਹੋਵੇਗਾ। ਉਹ ਇਕ ਬਲਵਾਨ ਸ਼ਿਕਾਰੀ ਬਣੇਗਾ, ਸ਼ਾਹੀ ਘੋੜਿਆਂ ਦੀ ਸਵਾਰੀ ਕਰੇਗਾ, ਦੋ ਤਲਵਾਰਾਂ ਧਾਰਨ ਕਰੇਗਾ, ਰਣ ਖੇਤਰ ਵਿਚ ਮਹਾਂਬਲੀ ਬਣੇਗਾ ਅਤੇ ਮੁਗ਼ਲਾਂ ਨੂੰ ਸੰਘਾਰੇਗਾ।"[91]

ਸਪੱਸ਼ਟ ਹੈ ਕਿ ਗੰਗਾ ਦੀ ਪੁੱਤਰ ਲਈ ਇੱਛਾ ਦੀ ਵਿਆਖਿਆ ਹਿਤ ਕਰਮੋ ਦੀ ਈਰਖਾ ਨੂੰ ਲਿਆਉਣਾ ਬੇਲੋੜਾ ਹੈ। ਗੁਰੂ ਅਰਜਨ ਦੀ ਬਾਣੀ ਵਿਚੋਂ ਹੀ ਇਹ ਜ਼ਾਹਰ ਹੋ

---

91. *ਸੂਰਜ ਪ੍ਰਕਾਸ਼*, ਰਾਸ III, i-iii, ਮੈਕਾਲਿਫ, *ਉਪਰੋਕਤ ਰਚਨਾ*, ਸੈਂਚੀ ਤੀਜੀ, ਪੰਨਾ 29-32.

ਜਾਂਦਾ ਹੈ ਕਿ ਉਹ ਆਪ ਪੁੱਤਰ-ਪ੍ਰਾਪਤੀ ਲਈ ਉਤਾਵਲੇ ਹੋ ਉਠੇ ਸਨ ਤੇ ਜਦੋਂ ਉਨ੍ਹਾਂ ਨੂੰ ਇਹ ਪੁੱਤਰ ਮਿਲ ਗਿਆ ਤਾਂ ਉਨ੍ਹਾਂ ਨੇ ਹਾਰਦਿਕ ਉਲਾਸ ਵਿਚ ਉਚਾਰਿਆ ਸੀ : "ਸਤਿਗੁਰੂ ਨੇ ਮੇਰੀ ਮਨੋਕਾਮਨਾ ਪੂਰੀ ਕੀਤੀ ਹੈ।" ਇਹ ਗੱਲ ਸੰਭਵ ਹੀ ਨਹੀਂ ਸਗੋਂ ਕਾਫ਼ੀ ਸਹੀ ਜਾਪਦੀ ਹੈ ਕਿ ਹਰਿ ਗੋਬਿੰਦ ਦੇ ਚਰਿੱਤਰ ਅਤੇ ਪ੍ਰਾਪਤੀਆਂ ਸਬੰਧੀ ਪੇਸ਼ੀਨਗੋਈ ਕਿਸੇ ਪਿਛਲੇਰੇ ਇਤਿਹਾਸਕਾਰ ਨੇ ਭਾਈ ਬੁਢਾ ਦੇ ਮੂੰਹ ਵਿਚ ਪਾਈ ਹੈ। ਪਰ ਭਾਈ ਬੁੱਢਾ ਦੇ ਹਰਿਗੋਬਿੰਦ ਦੇ ਜਨਮ ਨਾਲ ਸਬੰਧ ਰੱਖਣ ਦੀ ਵਾਰਤਾ ਮੂਲੋਂ ਹੀ ਝੁਠਲਾਈ ਨਹੀਂ ਜਾ ਸਕਦੀ। ਇਸ ਤੱਥ ਤੋਂ ਇਲਾਵਾ ਇਸ ਗੱਲ ਨੂੰ ਸਿੱਧ ਕਰਨ ਲਈ ਇਕ ਮਹਾਨ ਸਿੱਖ ਪਰੰਪਰਾ ਸਾਡੇ ਨਾਲ ਹੈ। ਪੁੱਤਰ ਦੇ ਜਨਮ ਦੇ ਸ਼ੁਭ ਅਵਸਰ ਤੇ ਗੁਰੂ ਜੀ ਦੁਆਰਾ ਰਚੀ ਬਾਣੀ ਜਿਸ ਵਿਚ ਇਕ ਸੰਤ ਦਾ ਸੰਕੇਤ ਆਉਂਦਾ ਹੈ, ਨੂੰ ਵੀ ਵਿਚਾਰਨਾ ਹੋਵੇਗਾ। ਗੁਰੂ ਜੀ ਕਹਿੰਦੇ ਹਨ ਕਿ "ਹਰ ਕੋਈ ਆਪਣੀ ਹੀ ਕਹਿੰਦਾ ਹੈ।" ਦੂਜੇ ਅਰਥਾਂ ਵਿਚ ਲੋਕ ਆਖ ਰਹੇ ਹਨ ਕਿ ਉਨ੍ਹਾਂ ਦੇ ਕੋਈ ਸੰਤਾਨ ਨਹੀਂ ਹੋਵੇਗੀ ਪਰ "ਇਹ ਸਭ ਨੂੰ ਪ੍ਰਗਟ ਹੈ ਸਾਧੂ ਜਨਾਂ ਦੇ ਬਚਨ ਅਟੱਲ ਹੁੰਦੇ ਹਨ।"[92]

ਅੱਗੇ ਗੁਰੂ ਜੀ ਲਿਖਦੇ ਹਨ :

ਸਾਧ ਜਨਾ ਹੋਏ ਕਿਰਪਾਲਾ ਬਿਗਸੇ ਸਭਿ ਪਰਵਾਰਿਆ ॥[93]

(ਬਿਲਾਵਲ ਮਹਲਾ ੫, ਪੰਨਾ ੮੦੬)

ਸੋ ਇਸ ਗੱਲ ਵਿਚ ਰਤਾ ਸੰਦੇਹ ਨਹੀਂ ਰਹਿੰਦਾ ਕਿ ਗੁਰੂ ਸਾਹਿਬ ਆਪ ਵਿਸ਼ਵਾਸ ਕਰਦੇ ਸਨ ਕਿ ਹਰਿਗੋਬਿੰਦ ਦਾ ਜਨਮ ਇਕ ਸੰਤ ਦੀ ਮੇਹਰ ਭਰੀ ਵਿਚੋਲਗੀ ਕਾਰਨ ਹੀ ਹੋਇਆ ਹੈ ਜੋ ਸ਼ਾਇਦ ਭਾਈ ਬੁੱਢਾ ਹੀ ਹੈ।

ਐਪਰ ਹਰਿਗੋਬਿੰਦ ਦਾ ਜਨਮ ਅੰਮ੍ਰਿਤਸਰ ਵਿਚ ਨਹੀਂ ਹੋਇਆ ਸੀ ਸਗੋਂ ਸੱਤ ਮੀਲ ਦੂਰ ਵਡਾਲੀ ਪਿੰਡ ਵਿਚ ਹੋਇਆ ਸੀ। ਸਾਨੂੰ ਦੱਸਿਆ ਗਿਆ ਹੈ ਕਿ ਪ੍ਰਿਥੀਏ ਦੇ ਉਕਸਾਣ ਉੱਤੇ ਜ਼ਿਲ੍ਹੇ ਦੇ ਇਕ ਮਾਲ ਅਫ਼ਸਰ ਸੁਲਹੀ ਖ਼ਾਂ ਨੇ ਕਰ ਦੀ ਉਗਰਾਹੀ ਦੇ ਬਹਾਨੇ ਅੰਮ੍ਰਿਤਸਰ ਤੇ ਚੜ੍ਹਾਈ ਕਰਨ ਦੀ ਤਿਆਰੀ ਕਰ ਲਈ ਸੀ। ਆਪੱਤੀ ਅਤੇ ਸੰਤਾਪ ਨੂੰ ਪਹਿਲੋਂ ਹੀ ਭਾਂਪਦਿਆਂ ਗੁਰੂ ਸਾਹਿਬ ਵਡਾਲੀ ਚਲੇ ਗਏ ਜਿੱਥੇ ਉਹ ਦੋ ਵਰ੍ਹੇ ਰਹੇ ਸਨ। ਵਡਾਲੀ ਰਹਿਣ ਸਮੇਂ ਵਿਚ ਕੋਈ ਘਟਨਾ ਨਹੀਂ ਵਾਪਰੀ ਸਵਾਇ ਇਸ ਦੇ ਕੇ ਉਨ੍ਹਾਂ ਨੇ ਵਡਾਲੀ ਅਤੇ ਇਸ ਦੇ ਗੁਆਂਢੀ ਪਿੰਡਾਂ ਵਿਚਕਾਰ ਹੋਏ ਝਗੜਿਆਂ ਨੂੰ ਸ਼ਾਂਤੀ-ਪੂਰਬਕ ਨਜਿੱਠਣ ਵਿਚ ਹਿੱਸਾ ਲਿਆ ਸੀ।[94] ਐਪਰ ਸਿੱਖ ਲਿਖਤਾਂ ਵਿਚ ਵਰਣਿਤ ਹੈ ਕਿ ਉਨ੍ਹਾਂ ਦੀ ਵਿਰੱਕਤੀ ਦੇ ਸਮੇਂ ਵੀ ਪ੍ਰਿਥੀਏ ਦੀਆਂ ਸਾਜਿਸ਼ਾਂ ਉਨ੍ਹਾਂ ਨੂੰ ਕਾਫ਼ੀ ਜਿਚ ਕਰਦੀਆਂ ਰਹੀਆਂ ਸਨ। ਗੁਰੂ ਅਰਜਨ ਦੇਵ ਦੇ ਘਰ ਉਨ੍ਹਾਂ ਦੇ ਵਾਰਿਸ ਦਾ ਜਨਮ ਪ੍ਰਿਥੀਏ ਅਤੇ ਉਸ ਦੀ ਪਤਨੀ ਲਈ ਅਸਹਿ ਸੀ ਅਤੇ ਕਿਹਾ ਗਿਆ ਹੈ ਕਿ ਉਨ੍ਹਾਂ ਬਾਲ ਨੂੰ ਕਤਲ ਕਰ ਦੇਣ ਦੀ ਵਿਉਂਤ ਵੀ ਬਣਾਈ ਸੀ। ਉਨ੍ਹਾਂ ਨੇ ਪਰਿਵਾਰ ਦੀ ਇਕ ਬੁੱਢੀ ਦਾਈ ਨੂੰ ਸੌ ਰੁਪਏ ਦਾ ਲਾਲਚ ਦੇ ਕੇ ਉਸ ਨੂੰ ਵਡਾਲੀ ਜਾ ਕੇ ਬਾਲ ਨੂੰ

92. ਮੈਕਾਲਿਫ, *ਉਪਰੋਕਤ ਰਚਨਾ*, ਸੈਂਚੀ ਤੀਜੀ, ਪੰਨਾ 33.
93. ਮੈਕਾਲਿਫ, *ਉਪਰੋਕਤ ਰਚਨਾ*, ਸੈਂਚੀ ਤੀਜੀ, ਪੰਨਾ 36.
94. *ਉਹੀ*, ਪੰਨਾ 34.

ਜ਼ਹਿਰ ਦੇਣ ਲਈ ਪ੍ਰੇਰ ਲਿਆ। "ਚਾਲਬਾਜ਼ ਦਾਈ ਘਰ ਚਲੀ ਗਈ ਅਤੇ ਆਪਣੀਆਂ ਛਾਤੀਆਂ ਨੂੰ ਜ਼ਹਿਰ ਲਗਾ ਲਇਆ ਅਤੇ ਥੋੜ੍ਹੀ ਜਿਹੀ ਹੋਰ ਜ਼ਹਿਰ ਇਕ ਦਵਾਈ ਵਿਚ ਰਲਾ ਲਈ, ਜਿਸ ਨੂੰ ਗੁੜ੍ਹਤੀ ਕਿਹਾ ਜਾਂਦਾ ਹੈ ਅਤੇ ਪੂਰਬ ਦੇ ਦੇਸ਼ਾਂ ਵਿਚ ਬਾਲਕਾਂ ਨੂੰ ਦਿੱਤੀ ਜਾਂਦੀ ਹੈ, ਅਤੇ ਵਡਾਲੀ ਚਲੀ ਗਈ।" ਇਸ ਤਰ੍ਹਾਂ ਹੋਇਆ ਕਿ ਹਰਿਗੋਬਿੰਦ ਉਨ੍ਹਾਂ ਦਿਨਾਂ ਵਿਚ ਕਿਸੇ ਅਸਥਾਈ ਜਿਹੇ ਰੋਗ ਨਾਲ ਬੀਮਾਰ ਸੀ ਜਿਸ ਕਰਕੇ ਉਸ ਨੇ ਦੁੱਧ ਚੁੰਘਣ ਤੋਂ ਨਾ ਕਰ ਦਿੱਤੀ। ਇਸ ਸੰਕਟ ਸਮੇਂ ਪੁਰਾਣੀ ਦਾਈ ਦੇ ਆ ਜਾਣ ਤੇ ਗੰਗਾ ਨੂੰ ਬੜੀ ਖੁਸ਼ੀ ਹੋਈ ਅਤੇ ਉਸ ਦੀ ਮਿੱਠੀ ਬਾਣੀ ਤੋਂ ਧੋਖਾ ਖਾ ਕੇ ਬਾਲ ਉਸ ਨੂੰ ਸੰਭਾਲ ਦਿੱਤਾ। ਦਾਈ ਨੇ ਪਹਿਲਾਂ ਤਾਂ ਦਵਾਈ ਦੇਣ ਦਾ ਯਤਨ ਕੀਤਾ ਪਰ ਬਾਲ ਨੇ ਪੀਣ ਤੋਂ ਨਾ ਕਰ ਦਿੱਤੀ। ਫਿਰ ਉਸ ਨੇ ਬਾਲ ਨੂੰ ਆਪਣਾ ਦੁੱਧ ਚੁੰਘਾਉਣ ਦਾ ਯਤਨ ਕੀਤਾ ਪਰ ਬਾਲ ਨੇ ਫਿਰ ਨਾ ਕਰ ਦਿੱਤੀ। ਇਸ ਤੇ ਦਾਈ ਬੇਹੋਸ਼ ਹੋ ਕੇ ਪਿੱਛਾਂਹ ਡਿਗ ਪਈ। ਜਦੋਂ ਉਸ ਨੂੰ ਹੋਸ਼ ਆਈ ਤਾਂ ਉਹ ਏਨੀ ਭੈਭੀਤ ਹੋਈ ਸੀ ਕਿ ਉਸ ਨੇ ਪ੍ਰਿਥੀਏ ਦੀ ਸਾਜਿਜ਼ ਦਾ ਭੇਦ ਖੋਲ੍ਹ ਦਿੱਤਾ। ਅੱਗੇ ਕਿਹਾ ਗਿਆ ਕਿ ਪ੍ਰਿਥੀਏ ਨੇ ਫਿਰ ਇਕ ਜੋਗੀ ਨੂੰ ਗੰਢਿਆ ਅਤੇ ਉਸ ਨੂੰ ਸੱਪ ਦੇ ਡੰਗ ਨਾਲ ਹਰਿਗੋਬਿੰਦ ਨੂੰ ਮਾਰ ਦੇਣ ਲਈ ਉਕਸਾਇਆ। ਪਰ ਉਸ ਦੀ ਸਾਜਿਸ਼ ਫਿਰ ਅਸਫ਼ਲ ਰਹੀ। ਜਦੋਂ ਸੱਪ ਨੂੰ ਖੁਲ੍ਹਾ ਛੱਡਿਆ ਗਿਆ ਤਾਂ ਕਿਹਾ ਜਾਂਦਾ ਹੈ ਕਿ ਹਰਿਗੋਬਿੰਦ ਨੇ ਉਸ ਨੂੰ ਆਪਣੇ ਹੱਥਾਂ ਵਿਚ ਫੜ ਕੇ ਤੁਰੰਤ ਹੀ ਮਾਰ ਦਿੱਤਾ।[95] ਇਹ ਕਥਾਵਾਂ ਸਪੱਸ਼ਟ ਭਾਂਤ ਸਿੱਧ ਕਰਦੀਆਂ ਹਨ ਕਿ ਸਿੱਖਾਂ ਦੀਆਂ ਪਿੱਛਲੇਰੀਆਂ ਲਿਖਤਾਂ ਵਿਚ ਕਿਵੇਂ ਸੰਦੇਹਮਈ ਪ੍ਰਮਾਣਿਕਤਾ ਵਾਲੀਆਂ ਘਟਨਾਵਾਂ ਵਰਣਨ ਵਿਚ ਭਰ ਦਿੱਤੀਆਂ ਗਈਆਂ ਸਨ ਜਿਨ੍ਹਾਂ ਕਰਕੇ ਕਈ ਵਾਰ ਤੱਥਾਂ ਨੂੰ ਲੱਭਣਾਂ ਉੱਕਾ ਹੀ ਅਸੰਭਵ ਹੋ ਜਾਂਦਾ ਹੈ ਪਰ ਇਸ ਸਬੰਧੀ ਹੋਰ ਕੁਝ ਨਹੀਂ।

ਗੁਰੂ ਅਰਜਨ 1597 ਈ. ਵਿਚ ਅੰਮ੍ਰਿਤਸਰ ਪਰਤ ਆਏ ਜਦ ਕਿ ਹਰਿਗੋਬਿੰਦ ਦੋ ਸਾਲ ਦਾ ਸੀ, ਪਰ ਸ਼ਾਂਤੀ ਨਾਲ ਰਹਿਣਾ ਉਨ੍ਹਾਂ ਦੇ ਨਸੀਬ ਵਿਚ ਨਹੀਂ ਸੀ। ਇੰਝ ਪ੍ਰਤੀਤ ਹੁੰਦਾ ਹੈ ਕਿ ਛੇਤੀ ਹੀ ਮਗਰੋਂ ਹਰਿਗੋਬਿੰਦ ਨੂੰ ਚੇਚਕ ਨਿਕਲ ਆਈ ਸੀ ਅਤੇ ਇਸ ਅਵਸਰ ਤੇ ਗੁਰੂ ਜੀ ਦੇ ਲਿਖੇ ਸ਼ਬਦ ਪਿਤਾ ਦੀ ਅਤਿਅੰਤ ਚਿੰਤਾ ਨੂੰ ਪ੍ਰਗਟ ਕਰਦੇ ਹਨ ਅਤੇ ਇਸ ਦੇ ਨਾਲ ਹੀ ਇਸ ਸੰਕਟ ਦੀ ਘੜੀ ਵਿਚ ਪਰਮਾਤਮਾ ਦੇ ਨਾਮ ਵਿਚ ਦ੍ਰਿੜ੍ਹ ਭਰੋਸੇ ਦਰਸਾਉਂਦੇ ਹਨ। ਗੁਰੂ ਅਰਜਨ ਜੀ ਕਹਿੰਦੇ ਹਨ :

ਸਦਾ ਸਦਾ ਹਰਿ ਜਾਪੇ॥
ਪ੍ਰਭ ਬਾਲਕ ਰਾਖੇ ਆਪੇ॥
ਸੀਤਲਾ ਠਾਕਿ ਰਹਾਈ॥
ਬਿਘਨ ਗਏ ਹਰਿ ਨਾਈ॥
ਮੇਰਾ ਪ੍ਰਭੁ ਹੋਆ ਸਦਾ ਦਇਆਲਾ॥[96]

(ਸੋਰਠ ਮਹਲਾ ੫, ਪੰਨਾ ੬੨੭)

ਅਤੇ ਅੰਤ੍ਰੀਵ ਮਨੋਭਾਵ ਨਾਲ ਉਹ ਬਾਲ ਦਾ ਰਾਜ਼ੀ ਹੋਣਾ ਪੂਰਨ ਭਾਂਤ ਪਰਮਾਤਮਾ

95. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ 36-39; ਸੂਰਜ ਪ੍ਰਕਾਸ਼, ਰਾਸ III, vii.
96. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ 43.

ਦੀ ਮਿਹਰ ਤੇ ਛੱਡ ਦਿੰਦੇ ਹਨ। ਸਾਨੂੰ ਦੱਸਿਆ ਗਿਆ ਹੈ :

ਜਨ ਕੀ ਪੈਜ ਸਵਾਰੀ ਆਪ
ਹਰਿ ਹਰਿ ਨਾਮ ਦੀਓ ਗੁਰਿ ਅਵਖਧੁ॥
ਉਤਰਿ ਗਇਓ ਸਭੁ ਤਾਪ॥ ਰਹਾਉ
ਹਰਿ ਗੋਬਿੰਦੁ ਰਖਿਓ ਪਰਮੇਸਰਿ॥
ਅਪੁਨੀ ਕਿਰਪਾ ਧਾਰਿ॥[97]

(ਗੂਜਰੀ ਮਹਲਾ ੫, ਪੰਨਾ ੫੦੦)

ਪਰੰਤੂ ਜਿਉਂ ਹੀ ਇਹ ਆਪੱਤੀ ਦੂਰ ਹੋਈ, ਪ੍ਰਿਥੀਏ ਨੇ ਗੱਦੀ ਤੇ ਆਪਣਾ ਪੁੱਤਰ ਬਿਠਾਉਣ ਲਈ ਇਕ ਹੋਰ ਸਾਜਿਜ਼ ਰਚੀ। ਕਿਹਾ ਜਾਂਦਾ ਹੈ ਇਸ ਵਾਰ ਉਸ ਹਰਿਗੋਬਿੰਦ ਦੇ ਉਪਚਾਰਕ ਨਾਲ ਸਾਜਿਸ਼ ਬਣਾਈ ਜੋ ਕਿ ਜਾਤ ਦਾ ਬ੍ਰਾਹਮਣ ਸੀ। ਸਾਨੂੰ ਦੱਸਿਆ ਗਿਆ ਹੈ ਕਿ ਉਹ ਦੁੱਧ ਦੇ ਪਿਆਲੇ ਵਿਚ ਕੁਝ ਜ਼ਹਿਰ ਮਿਲਾਉਣ ਵਿਚ ਸਫ਼ਲ ਹੋ ਗਿਆ ਸੀ ਪਰ ਉਹ ਹਰਿਗੋਬਿੰਦ ਨੂੰ ਪੀਣ ਲਈ ਪ੍ਰੇਰ ਨਾ ਸਕਿਆ। ਜਦ ਉਹ ਆਪਣੇ ਯਤਨ ਤੇ ਅੜਿਆ ਰਿਹਾ ਤਾਂ ਬਾਲ ਨੇ ਰੋਣਾ ਸ਼ੁਰੂ ਕਰ ਦਿੱਤਾ ਜਿਸ ਤੇ ਗੁਰੂ ਅਰਜਨ ਜੀ ਉਥੇ ਆ ਗਏ। ਉਨ੍ਹਾਂ ਨੂੰ ਕਿਸੇ ਕਪਟ ਦੀ ਸ਼ੱਕ ਹੋਈ ਅਤੇ ਥੋੜ੍ਹਾ ਜਿਹਾ ਦੁੱਧ ਕੁੱਤੇ ਨੂੰ ਪਿਲਾਇਆ ਜੋ ਤੁਰੰਤ ਹੀ ਮਰ ਗਿਆ। ਇਸ ਭੇਦ ਦੇ ਖੁਲ੍ਹ ਜਾਣ ਤੇ ਕਿਹਾ ਜਾਂਦਾ ਹੈ ਕਿ ਬ੍ਰਾਹਮਣ ਦੇ ਢਿਡ ਵਿਚ ਸੂਲ ਪੈ ਗਿਆ। ਪ੍ਰਿਥੀਏ ਦੇ ਉਕਸਾਉਣ ਤੇ ਉਸ ਨੇ ਬਾਲਕ ਨੂੰ ਜ਼ਹਿਰ ਦੇਣ ਦਾ ਇਰਾਦਾ ਕਬੂਲ ਕਰ ਲਿਆ ਅਤੇ ਇਸ ਤੋਂ ਪਿੱਛੋਂ ਉਹ ਛੇਤੀ ਹੀ ਮਰ ਗਿਆ। ਨਿਰਸੰਦੇਹ ਹਰਿਗੋਬਿੰਦ ਨੂੰ ਮਾਰਨ ਲਈ ਇਹ ਘਟਨਾ ਵੀ ਪ੍ਰਿਥੀਏ ਦੀਆਂ ਪਹਿਲੀਆਂ ਘਟਨਾਵਾਂ ਨਾਲ ਰਲਦੀ ਮਿਲਦੀ ਹੈ ਪਰ ਇਸ ਦਾ ਆਧਾਰ ਬਿਲਕੁਲ ਵੱਖਰਾ ਹੈ। ਆਪਣੇ ਇਕ ਸ਼ਬਦ ਵਿਚ ਗੁਰੂ ਅਰਜਨ ਜੀ ਇਸ ਬਾਰੇ ਲਿਖਦੇ ਹਨ। ਇਸ ਲਈ ਇਸ ਦੀ ਮੂਲਿਕ ਸੱਚਾਈ ਵਿਚ ਰਤਾ ਸ਼ੱਕ ਨਹੀਂ ਰਹਿੰਦਾ। ਗੁਰੂ ਜੀ ਕਹਿੰਦੇ ਹਨ :

ਲੇਪੁ ਨ ਲਾਗੋ ਤਿਲ ਕਾ ਮੂਲਿ॥
ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ॥
ਹਰਿ ਜਨ ਰਾਖੇ ਪਾਰਬ੍ਰਹਮ ਆਪਿ॥
ਪਾਪੀ ਮੂਆ ਗੁਰ ਪਰਤਾਪਿ॥[98]

(ਭੈਰਉ ਮਹਲਾ ੫, ਪੰਨਾ ੧੧੩੭)

ਇਸ ਲਈ ਇਹ ਗੱਲ ਅਸੰਭਵ ਨਹੀਂ ਹੈ ਕਿ ਦਾਈ ਅਤੇ ਸਪੇਰੇ ਦੀਆਂ ਵਾਰਤਾਵਾਂ ਗੁਰੂ ਜੀ ਦੇ ਪ੍ਰਕਥਨਾਂ ਦੁਆਰਾ ਬਣਾਈ ਗਈ ਇਮਾਰਤ ਤੇ ਸਜਾਵਟ ਮਾਤਰ ਹਨ ਜਿਨ੍ਹਾਂ ਵਿਚ ਕ੍ਰਿਸ਼ਨ-ਗਾਥਾਵਾਂ ਦਾ ਪ੍ਰਭਾਵ ਸਹਿਜੇ ਹੀ ਲੱਭਿਆ ਜਾ ਸਕਦਾ ਹੈ।[99]

---

97. ਉਹੀ, ਪੰਨਾ 44.
98. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ 47.
99. ਕ੍ਰਿਸ਼ਨ ਨੂੰ ਮਾਰਨ ਲਈ ਕੰਸ਼ ਨੇ ਪੂਤਨਾ ਦਾਈ ਨੂੰ ਭੇਜਿਆ ਸੀ ਅਤੇ ਕ੍ਰਿਸ਼ਨ ਨੇ ਸੱਪ ਨੂੰ ਮਾਰ ਕੇ ਨੰਦ ਨੂੰ ਬਚਾਇਆ ਸੀ। (ਭਾਗਵਤ ਪੁਰਾਣ, X, 6, 34).

ਐਪਰ, ਇਸ ਉਪਦਰਵੀ ਸਾਜ਼ਿਸ਼ ਦੇ ਖੁਲ੍ਹ ਜਾਣ ਨੇ ਪ੍ਰਿਥੀਏ ਨੂੰ ਅਵੱਸ਼ ਹੀ ਦੁਖਮਈ ਸਥਿਤੀ ਵਿਚ ਪਾ ਦਿੱਤਾ ਹੋਵੇਗਾ ਅਤੇ ਸਾਨੂੰ ਦੱਸਿਆ ਗਿਆ ਹੈ ਕਿ ਕਿਸੇ ਵੀ ਅਜੇਹੇ ਆਰੋਪ ਦੀ ਪੇਸ਼ਬੰਦੀ ਕਰਨ ਲਈ, ਜਿਹੜਾ ਕਿ ਗੁਰੂ ਸਾਹਿਬ ਉਸ ਉੱਤੇ ਲਾ ਸਕਦੇ ਸਨ, ਉਹ ਆਪਣੇ ਪਰਿਵਾਰ ਸਮੇਤ ਦਿੱਲੀ ਨੂੰ ਤੁਰ ਪਿਆ। ਗੁਰੂ ਸਾਹਿਬ ਦੇ ਦੂਸਰੇ ਭਰਾ ਮਹਾਂਦੇਵ ਨੇ ਬੇਅਰਥ ਹੀ ਰੋਸ ਪ੍ਰਗਟ ਕੀਤਾ ਅਤੇ ਗੁਰੂ ਸਾਹਿਬ ਦੁਆਰਾ ਕੀਤੇ ਗਏ ਸਮਝੌਤੇ ਦੇ ਯਤਨ ਵੀ ਨਿਸਫ਼ਲ ਹੋਏ, ਜਿਨ੍ਹਾਂ ਨੇ ਭਾਈ ਗੁਰਦਾਸ ਨੂੰ ਹੇਹਰ ਭੇਜਿਆ ਸੀ ਜਿਥੇ ਕਿ ਦਿੱਲੀ ਜਾਂਦੇ ਹੋਇਆ ਪ੍ਰਿਥੀਆ ਆਪਣੇ ਮਿੱਤਰ ਸੁਲਹੀ ਖ਼ਾਂ ਨੂੰ ਮਿਲਣ ਲਈ ਗਿਆ ਸੀ।[100] ਕੁਝ ਸਮੇਂ ਪਿੱਛੋਂ ਪ੍ਰਿਥੀਆ ਅਤੇ ਸੁਲਹੀ ਖ਼ਾਂ ਦਿੱਲੀ ਗਏ ਅਤੇ ਕਿਹਾ ਜਾਂਦਾ ਹੈ ਕਿ ਬਾਦਸ਼ਾਹ ਅੱਗੇ ਇਕ ਮੇਜਰਨਾਮਾ ਪੇਸ਼ ਕੀਤਾ ਗਿਆ। ਅਕਬਰ ਨੇ "ਪਹਿਲਾਂ ਨਿਰਣਾ ਤਾਂ ਇਹ ਕੀਤਾ ਕਿ ਉਹ ਧਾਰਮਕ ਪੁਰਸ਼ਾਂ ਦੇ ਮਾਮਲਿਆਂ ਵਿਚ ਦਖ਼ਲ ਨਹੀਂ ਦੇਵੇਗਾ, ਦੂਸਰਾ ਇਹ ਕਿ ਮੇਜਰਨਾਮਾ ਝੂਠਾ ਹੈ।" ਆਪਣੇ ਇਕ ਸ਼ਬਦ ਵਿਚ ਗੁਰੂ ਸਾਹਿਬ ਇਸੇ ਘਟਨਾ ਵੱਲ ਸੰਕੇਤ ਕਰਦੇ ਜਾਪਦੇ ਹਨ ਭਾਵੇਂ ਬਾਦਸ਼ਾਹ ਦਾ ਨਾਂ ਸਪੱਸ਼ਟ ਰੂਪ ਵਿਚ ਨਹੀਂ ਲਿਆ ਗਿਆ। ਉਹ ਪ੍ਰਿਥੀਏ ਦੀ ਨਮੋਸ਼ੀ ਰੱਬੀ ਮੇਹਰ ਦੇ ਸਦਕੇ ਸਮਝਦੇ ਹਨ ਜਿਸ ਨੇ ਕਿ ਆਪ ਮੇਜਰ ਨਾਮੇ ਨੂੰ ਝੂਠਾ ਸਿੱਧ ਕਰ ਦਿੱਤਾ ਸੀ ਅਤੇ ਅੱਗੇ ਲਿਖਦੇ ਹਨ ਕਿ "ਪ੍ਰਿਥੀਆ ਆਪਣੇ ਕਾਰਜਾਂ ਦੇ ਨਤੀਜਿਆਂ ਵਿਚ ਹੀ ਫਸ ਗਿਆ ਸੀ।"[101]

ਪ੍ਰਿਥੀਏ ਲਈ ਇਹ ਸੱਟ ਵਿਨਾਸ਼ਕਾਰੀ ਸਿੱਧ ਹੋਈ ਅਤੇ ਜਾਪਦਾ ਹੈ ਕਿ ਉਹ ਏਨਾ ਨਿਰਾਸ਼ ਹੋ ਗਿਆ ਸੀ ਕਿ ਘੱਟੋ ਘੱਟ ਕੁਝ ਸਮੇਂ ਲਈ ਉਸ ਨੇ ਗੁਰੂ ਜੀ ਨੂੰ ਤੰਗ ਕਰਨਾ ਬੰਦ ਕਰ ਦਿੱਤਾ। ਅਵਕਾਸ਼ ਦੇ ਇਹ ਦਿਨ ਅਤਿਅੰਤ ਮਹੱਤਵਪੂਰਨ ਸਨ ਕਿਉਂਕਿ ਇਸ ਨੇ ਗੁਰੂ ਜੀ ਨੂੰ ਇਕ ਵਾਰ ਫਿਰ ਸੰਗਠਨ ਦੇ ਉਸ ਨਰੋਏ ਕਾਰਜ ਵੱਲ ਧਿਆਨ ਦੇਣ ਯੋਗ ਬਣਾ ਦਿੱਤਾ ਜਿਹੜਾ ਕਿ ਉਨ੍ਹਾਂ ਨੇ ਆਪਣੇ ਮੁੱਢਲੇ ਜੀਵਨ ਵਿਚ ਪੂਰਨ ਆਸ਼ਾ ਨਾਲ ਆਰੰਭ ਕੀਤਾ ਸੀ। ਜਿਹੜਾ ਕਾਰਜ ਉਨ੍ਹਾਂ ਨੇ ਹੁਣ ਆਰੰਭਿਆ ਸੀ ਉਸ ਨੂੰ ਨਿਰਸੰਦੇਹ ਉਨ੍ਹਾਂ ਦੇ ਜੀਵਨ ਦੀ ਸ਼ਿਰੋਮਣੀ ਪ੍ਰਾਪਤੀ ਕਿਹਾ ਜਾ ਸਕਦਾ ਹੈ। ਇਹ ਕਾਰਜ ਗ੍ਰੰਥ ਸਾਹਿਬ ਦੇ ਸੰਪਾਦਨ ਦਾ ਸੀ। ਮੈਕਾਲਿਫ ਕਹਿੰਦਾ ਹੈ, "ਗੁਰੂ ਅਰਜਨ ਨੇ ਹੁਣ ਆਪਣੇ ਅਨੁਯਾਈਆਂ ਲਈ ਉਨ੍ਹਾਂ ਦੇ ਨਿਤ ਦੇ ਧਾਰਮਕ ਕਰਤੱਵਾਂ ਅਤੇ ਪਸ਼ਚਾਤਾਪ ਦੀਆਂ ਰਸਮਾਂ ਦੀ ਪਾਲਣਾ ਦੀ ਅਗਵਾਈ ਲਈ ਨਿਯਮ ਬਣਾਉਣ ਦੀ ਲੋੜ ਅਨੁਭਵ ਕੀਤੀ। ਅਜੇਹਾ ਕਰਨ ਨਾਲ ਉਨ੍ਹਾਂ ਦਾ ਧਰਮ ਇਕਸਾਰਤਾ ਧਾਰਨ ਕਰ ਲਵੇਗਾ ਅਤੇ ਵੱਖ ਵੱਖ ਅਸੂਲਾਂ ਅਤੇ ਰਸਮਾਂ ਨੂੰ ਦਾਖ਼ਲ ਹੋਣ ਤੋਂ ਰੋਕੇਗਾ। ਐਪਰ ਇਸ ਦੀ ਪੂਰਤੀ ਤਾਂ ਹੀ ਹੋ ਸਕਦੀ ਸੀ ਜੇ ਗੁਰੂ ਸਾਹਿਬਾਨ ਦੀ ਵਾਸਤਵਿਕ ਬਾਣੀ ਸਥਾਈ ਤੌਰ ਤੇ ਇਕ ਮਹਾਨ ਸੈਂਚੀ ਵਿਚ ਸੰਪਾਦਿਤ ਹੋ ਜਾਂਦੀ।"[102] ਅੱਗੋਂ ਕਿਹਾ ਗਿਆ ਹੈ

---

100. *ਸੂਰਜ ਪ੍ਰਕਾਸ਼*, ਰਾਸ III, xviii-xxv.
101. ਮੈਕਾਲਿਫ, *ਉਪਰੋਕਤ ਰਚਨਾ*, ਸੈਂਚੀ ਤੀਜੀ, ਪੰਨਾ 49.
102. ਮੈਕਾਲਿਫ, *ਉਪਰੋਕਤ ਰਚਨਾ*, ਸੈਂਚੀ ਤੀਜੀ, ਪੰਨਾ 55.

ਕਿ ਗੁਰੂ ਸਾਹਿਬ ਨੂੰ ਇਹ ਸੂਚਨਾ ਮਿਲ ਗਈ ਸੀ ਕਿ ਪ੍ਰਿਥੀਏ ਨੇ ਇਕ ਗ੍ਰੰਥ ਦੇ ਸੰਪਾਦਨ ਦਾ ਕੰਮ ਸ਼ੁਰੂ ਕਰ ਦਿੱਤਾ ਹੈ, ਜਿਸ ਵਿਚ ਉਹ ਆਪਣੀਆਂ ਰਚਨਾਵਾਂ ਨੂੰ ਗੁਰੂ ਨਾਨਕ ਦੇ ਨਾਂ ਹੇਠ ਦਰਜ ਕਰਨ ਦਾ ਯਤਨ ਕਰ ਰਿਹਾ ਹੈ ਅਤੇ ਇਸ ਆਪ-ਹੁਦਰੇ ਅਯੋਗ ਦਖ਼ਲ ਦਾ ਸਾਹਮਣਾ ਕਰਨ ਲਈ ਕੋਈ ਕਦਮ ਚੁੱਕਣ ਵਿਚ ਹੋਰ ਦੇਰ ਨਹੀਂ ਕੀਤੀ ਜਾ ਸਕਦੀ ਸੀ। ਪਰ ਇਨ੍ਹਾਂ ਵਿਚਾਰਾਂ ਤੋਂ ਇਲਾਵਾ ਕ੍ਰਮਵਾਰ ਗੁਰੂ ਸਾਹਿਬਾਨ ਦੀ ਬਾਣੀ ਦਾ ਇਕ ਪ੍ਰਮਾਣਿਕ ਸੰਪਾਦਨ ਅਤਿ ਆਵੱਸ਼ਕ ਬਣ ਗਿਆ ਸੀ। ਸਿੱਖ ਮਤ ਦੇ ਵਿਵਹਾਰਕ ਪੱਖ ਵਿਚ, ਅਨੁਯਾਈਆਂ ਦਾ ਸਭ ਤੋਂ ਵੱਧ ਪ੍ਰਤੱਖ ਧਾਰਮਕ ਕਰਮ, ਉਸ ਏਕੰਕਾਰ ਦੀ ਮਹਿਮਾ ਵਿਚ ਭਜਨ ਕਰਨਾ ਬਣ ਗਿਆ ਸੀ ਅਤੇ ਇਹ ਵੀ ਨਿਰਧਾਰਤ ਕਰ ਦਿੱਤਾ ਗਿਆ ਸੀ ਕਿ ਇਸ ਮੰਤਵ ਲਈ ਗੁਰੂ ਸਾਹਿਬ ਦੀ ਸੱਚੀ ਬਾਣੀ ਦੀ ਵਰਤੋਂ ਹੀ ਕੀਤੀ ਜਾਣੀ ਚਾਹੀਦੀ ਹੈ। ਦ੍ਰਿਸ਼ਟਾਂਤ ਵਜੋਂ ਗੁਰੂ ਅਮਰ ਦਾਸ ਜੀ ਕਹਿੰਦੇ ਹਨ :

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥
ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ॥

ਅਤੇ ਹੋਰ :

ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥
ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ॥[103]

(ਰਾਮਕਲੀ, ਪੰਨਾ ੯੨੦)

ਅਤੇ ਅਸੀਂ ਪਹਿਲਾਂ ਹੀ ਵੇਖ ਚੁੱਕੇ ਹਾਂ ਕਿ ਗੁਰੂਆਂ ਦੀ ਬਾਣੀ ਦੀ ਇਕੱਤ੍ਰਤਾ ਅਤੇ ਸੰਪਾਦਨ ਦਾ ਕਾਰਜ ਉਨ੍ਹਾਂ ਦੇ ਗੁਰਿਆਈ ਕਾਲ ਵਿਚ ਹੀ ਕਾਫ਼ੀ ਹੋ ਚੁੱਕਿਆ ਸੀ। ਪਰ ਇਹ ਅਵੱਸ਼ ਹੀ ਅਧੂਰਾ ਸੀ ਅਤੇ ਹੁਣ ਸਾਧਾਰਨ ਸਿੱਖ ਜਨਤਾ ਦੀ ਪਹੁੰਚ ਤੋਂ ਬਾਹਰ ਹੋ ਗਿਆ ਸੀ। ਗੁਰੂ ਅਰਜਨ ਨੇ ਜਿਸ ਸੰਪਾਦਨ ਦੀ ਯੋਜਨਾ ਬਣਾਈ ਸੀ ਉਹ ਸਪੱਸ਼ਟ ਭਾਂਤ ਇਕ ਆਵੱਸ਼ਕ ਵਸਤੂ ਸੀ ਅਤੇ ਇਸ ਦੀ ਪੂਰਤੀ ਨੇ ਉਨ੍ਹਾਂ ਦੇ ਕਰੜੇ ਸੰਗਠਨ ਕਾਰਜ ਵਿਚ ਮੁੰਡੇਰ ਦੇ ਪੱਥਰ ਦਾ ਕੰਮ ਦਿੱਤਾ।

ਸੁਭਾਵਿਕ ਹੀ ਗੁਰੂ ਅਰਜਨ ਦਾ ਪ੍ਰਥਮ ਆਸ਼ਾ ਪਹਿਲੋਂ ਹੋ ਚੁੱਕੇ ਸੰਪਾਦਨਾਂ ਨੂੰ ਪ੍ਰਾਪਤ ਕਰਨਾ ਸੀ ਜਿਨ੍ਹਾਂ ਬਾਰੇ ਉਹ ਜਾਣਦੇ ਸਨ ਕਿ ਇਹ ਗੁਰੂ ਅਮਰ ਦਾਸ ਦੇ ਇਕ ਪੁੱਤਰ ਮੋਹਨ ਦੇ ਕਬਜ਼ੇ ਵਿਚ ਸਨ। ਇਉਂ ਲਗਦਾ ਹੈ ਕਿ ਇਸ ਮੰਤਵ ਲਈ ਪਹਿਲਾਂ ਭਾਈ ਗੁਰਦਾਸ ਅਤੇ ਫਿਰ ਭਾਈ ਬੁੱਢੇ ਨੂੰ ਭੇਜਿਆ ਸੀ ਪਰ ਉਹ ਦੋਵੇਂ ਹੀ ਅਸਫ਼ਲ ਰਹੇ। ਇਸ ਤੇ ਗੁਰੂ ਜੀ ਆਪ ਮੋਹਨ ਕੋਲ ਗਏ। ਸਿੱਖ ਲਿਖਾਰੀਆਂ ਨੇ ਇਸ ਵਾਰਤਾ ਤੇ ਰਹੱਸ ਦੀ ਪਾਣ ਚਾੜ੍ਹ ਦਿੱਤੀ ਹੈ ਪਰ ਇਉਂ ਪ੍ਰਤੀਤ ਹੁੰਦਾ ਹੈ ਦੋਹਾਂ ਦੂਤਾਂ ਦੀ ਅਸਫ਼ਲਤਾ ਨੇ ਗੁਰੂ ਜੀ ਨੂੰ ਪ੍ਰਗਟ ਕਰ ਦਿੱਤਾ ਸੀ ਕਿ ਕੁਝ ਚਤੁਰਾਈ ਦੀ ਲੋੜ ਹੈ ਅਤੇ ਕੁਝ ਮੁੱਢਲੀਆਂ ਔਕੜਾਂ ਮਗਰੋਂ ਉਹ ਇੱਛਿਤ ਵਸਤ ਪ੍ਰਾਪਤ ਕਰਨ ਵਿਚ ਸਫ਼ਲ ਹੋ ਗਏ। ਆਨੰਦ-ਉਨਮਾਦ ਵਿਚ ਗੁਰੂ ਜੀ ਨੇ ਪੁਕਾਰਿਆ :

103. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, (ਆਨੰਦ xxiii, xxiv.), ਪੰਨਾ 124.

ਹਮ ਧਨਵੰਤ ਭਾਗਠ ਸਚ ਨਾਇ॥
ਹਰਿ ਗੁਣ ਗਾਵਹੁ ਸਹਜਿ ਸੁਭਾਇ॥
ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥
ਤਾ ਮੇਰੈ ਮਨਿ ਭਇਆ ਨਿਧਾਨਾ॥
ਰਤਨ ਲਾਲ ਜਾ ਕਾ ਕਛੂ ਨ ਮੋਲੁ॥
ਭਰੇ ਭੰਡਾਰ ਅਖੂਟ ਅਤੋਲ॥
ਖਾਵਹਿ ਖਰਚਹਿ ਰਲਿ ਮਿਲਿ ਭਾਈ॥ [104]

(ਗਉੜੀ ਗੁਆਰੇਰੀ ਮਹਲਾ ੫, ਪੰਨਾ ੧੮੫)

ਇਸ ਬਾਣੀ ਵਿਚ ਹੁਣ ਗੁਰੂ ਅਰਜਨ ਦੀਆਂ ਆਪਣੀਆਂ ਰਚਨਾਵਾਂ ਵੀ ਸ਼ਾਮਲ ਕਰ ਦਿੱਤੀਆਂ ਗਈਆਂ ਜਿਨ੍ਹਾਂ ਦੀ ਗਿਣਤੀ ਬਹੁਤ ਵੱਡੀ ਸੀ ਅਤੇ ਜਦੋਂ ਸੰਪਾਦਨ ਦਾ ਕਾਰਜ ਸੰਪੂਰਨ ਹੋ ਗਿਆ ਤਾਂ ਸਮੁੱਚੀ ਇਕੱਤ੍ਰਤਾ ਵਿਚ ਇਨ੍ਹਾਂ ਰਚਨਾਵਾਂ ਦਾ ਸਭ ਤੋਂ ਵੱਡਾ ਭਾਗ ਸੀ। ਹੋਰ, ਗੁਰੂ ਸਾਹਿਬ ਨੇ ਹਿੰਦੂ ਅਤੇ ਮੁਸਲਮਾਨ ਭਗਤਾਂ ਅਤੇ ਸੰਤਾਂ ਦੀਆਂ ਰਚਨਾਵਾਂ ਵਿਚੋਂ ਚੋਣ ਕੀਤੀ ਜਿਨ੍ਹਾਂ ਦੀ ਸਿੱਖਿਆ ਆਪਣੇ ਬੁਨਿਆਦੀ ਅਸੂਲਾਂ ਵਿਚ ਸਿੱਖ ਗੁਰੂਆਂ ਨਾਲ ਮਿਲਦੀ ਸੀ ਅਤੇ ਇਨ੍ਹਾਂ ਨੂੰ ਵੀ ਗ੍ਰੰਥ ਸਾਹਿਬ ਵਿਚ ਚੜ੍ਹਾ ਦਿੱਤਾ ਗਿਆ। ਅਖ਼ੀਰ ਵਿਚ ਸਾਨੂੰ ਦੱਸਿਆ ਗਿਆ ਹੈ ਕਿ "ਸਿੱਖ ਮਤ ਨੂੰ ਅਪਣਾ ਚੁੱਕੇ ਕਈ ਭੱਟ ਗੁਰੂ ਸਾਹਿਬ ਦੇ ਪੇਸ਼ ਹੋਏ ਅਤੇ ਉਨ੍ਹਾਂ ਗੁਰੂ ਸਾਹਿਬ ਨੂੰ ਉਨ੍ਹਾਂ ਅਤੇ ਪੂਰਬਲੇ ਗੁਰੂਆਂ ਦੀ ਪ੍ਰਸ਼ੰਸਾ ਦੀਆਂ ਵਾਰਾਂ ਪੇਸ਼ ਕੀਤੀਆਂ। ਗੁਰੂ ਸਾਹਿਬ ਨੇ ਬੜੀ ਕ੍ਰਿਪਾ ਕਰ ਕੇ ਇਨ੍ਹਾਂ ਰਚਨਾਵਾਂ ਨੂੰ ਵੀ ਪਵਿੱਤਰ ਬੀੜ ਵਿਚ ਥਾਂ ਦਿੱਤੀ।" ਇਸ ਤਰ੍ਹਾਂ ਇਕੱਤ੍ਰਿਤ ਕੀਤੀ ਗਈ ਮਹਾਨ ਸਾਮੱਗਰੀ ਨੂੰ ਗੁਰੂ ਸਾਹਿਬ ਨੇ ਆਪ ਬੋਲ ਕੇ ਭਾਈ ਗੁਰਦਾਸ ਤੋਂ ਲਿਖਵਾਇਆ ਅਤੇ ਸਿਰਤੋੜ ਮਿਹਨਤ ਪਿੱਛੋਂ ਕਾਰਜ ਅਖੀਰ 1604 ਈ. ਵਿਚ ਸੰਪੂਰਨ

---

104. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ 58. ਸਾਨੂੰ ਇਹ ਦੱਸਿਆ ਗਿਆ ਹੈ ਕਿ ਇਹ ਹੱਥ ਲਿਖਤ ਅਜੇ ਵੀ ਗੋਇੰਦਵਾਲ ਵਿਖੇ ਹੈ ਅਤੇ ਗ੍ਰੰਥ ਸਾਹਿਬ ਦਾ ਪ੍ਰਬੰਧ ਕੁਝ ਹੱਦ ਤਕ ਇਸ ਦੁਆਰਾ ਸੁਝਾਇਆ ਗਿਆ ਸੀ। ਕਿਹਾ ਜਾਂਦਾ ਹੈ ਕਿ ਗੁਰੂ ਅਰਜਨ ਜੀ ਨੇ ਇਕ ਹੋਰ ਹੱਥ ਲਿਖਤ ਦਾ ਪ੍ਰਯੋਗ ਵੀ ਕੀਤਾ, ਜਿਹੜੀ "ਗਿਆਨ ਸਿੰਘ ਨੇ ਕਟੜਾ ਮੋਹਨ ਸਿੰਘ ਅੰਮ੍ਰਿਤਸਰ ਵਿਖੇ ਰਹਿੰਦੀ ਇਕ ਇਸਤਰੀ ਕੋਲ ਵੇਖੀ ਸੀ।" ਮੋਹਨ ਸਿੰਘ ਤਵਾਰੀਖ ਖਾਲਸਾ ਦੇ ਆਧਾਰ ਤੇ ਲਿਖਦਾ ਹੈ "ਗੁਰੂ ਅਰਜਨ ਦੇਵ ਨੇ ਹੱਥ ਲਿਖਤਾਂ, ਜਿਨ੍ਹਾਂ ਵਿਚ ਪਹਿਲੇ ਚਾਰ ਗੁਰੂਆਂ ਦੀ ਬਾਣੀ ਹੋਵੇ, ਨਿਮੰਤ੍ਰਣ ਦਿੱਤਾ। ਸੋ ਇਕ ਭਾਈ ਭਕਤਾ ਨੇ, ਜਿਹੜਾ ਕਿ ਜਾਤ ਦਾ ਅਰੋੜਾ ਸੀ, ਅਤੇ ਜਿਹੜਾ ਹਸਨ ਅਬਦਾਲ ਦੇ ਪ੍ਰਗਣਾ ਜਲਾਲਪੁਰ ਦਾ ਵਸਨੀਕ ਸੀ, ਪਹਿਲੇ ਚਾਰ ਗੁਰੂਆਂ ਦੀ ਬਾਣੀ ਅਤੇ ਹੋਰ ਬਾਣੀ ਦੀ ਇਕ ਵੱਡੀ ਸੈਂਚੀ ਪੇਸ਼ ਕੀਤੀ ਜਿਸ ਦੀ ਗੁਰੂ ਅਰਜਨ ਜੀ ਨੇ ਯੋਗ ਵਰਤੋਂ ਕੀਤੀ। ਉਪਰੋਕਤ ਹੱਥ ਲਿਖਤ ਇਸ ਦੇ ਮਾਲਕ ਨੂੰ ਵਾਪਸ ਕਰ ਦਿੱਤੀ ਗਈ। ਅਗੋਂ ਇਹ ਵੀ ਕਿਹਾ ਗਿਆ ਹੈ ਕਿ ਇਹ ਹੱਥ ਲਿਖਤ ਕਟੁੰਬ ਵਿਚ ਵੱਡਮੁਲੀ ਜੱਦੀ ਵਸਤੂ ਸੀ ਕਿਉਂਕਿ ਇਕ ਸਮਕਾਲੀ ਰੂਪ ਵਿਚ ਗੁਰੂਆਂ ਦੇ ਹਸਤਾਖਸ਼ਰ ਪ੍ਰਾਪਤ ਸਨ। ਪਹਿਲੇ ਚਾਰ ਗੁਰੂਆਂ ਦੇ ਹਸਤਾਖਸ਼ਰ ਗੁਰੂ ਅਰਜਨ ਜੀ ਨੂੰ ਦਿਖਾਏ ਗਏ, ਇਸ ਨਾਲ ਪੰਜਵੇਂ ਗੁਰੂ ਜੀ ਨੇ ਵੀ ਆਪਣੇਹਸਤਾਖਸ਼ਰ ਦਿੱਤੇ।" ਪਿਛਲੇਰੇ ਗੁਰੂਆਂ ਦੇ ਹਸਤਾਖਸ਼ਰ ਵੀ ਇਸ ਹੱਥ ਲਿਖਤ ਵਿਚ ਦੱਸੇ ਜਾਂਦੇ ਹਨ, ਜਿਸ ਬਾਰੇ ਗਿਆਨ ਸਿੰਘ ਤਵਾਰੀਖ ਦੇ ਕਰਤਾ ਨੇ ਵੇਰਵਾ ਦਿੱਤਾ ਹੈ ਜਿਹੜੀ ਕਿ ਉਦੋਂ ਬੂਟਾ ਸਿੰਘ ਪਸਾਰੀ ਰਾਵਲਪਿੰਡੀ ਵਾਲੇ ਦੇ ਕਬਜ਼ੇ ਵਿਚ ਸੀ।

(*Kabir and the Bhagti Movement*, Vol. I, p. p. 49, 79).

ਹੋ ਗਿਆ। ਗ੍ਰੰਥ ਸਾਹਿਬ[105] ਜਿਹਾ ਕਿ ਇਸ ਨੂੰ ਕਿਹਾ ਜਾਣ ਲੱਗਾ, ਨੂੰ ਭਾਈ ਬੁੱਢੇ ਦੀ ਜ਼ਿੰਮੇਵਾਰੀ ਹੇਠ ਹਰਿਮੰਦਰ ਸਾਹਿਬ ਵਿਖੇ ਸਥਾਪਿਤ ਕਰ ਦਿੱਤਾ ਗਿਆ।

ਇਕ ਸ਼ਾਂਤਮਈ ਜੱਥੇਬੰਦਕ ਦੇ ਰੂਪ ਵਿਚ ਗੁਰੂ ਅਰਜਨ ਦੀਆਂ ਪ੍ਰਾਪਤੀਆਂ ਦਾ ਇਤਿਹਾਸ ਇਥੇ ਖ਼ਤਮ ਹੋ ਜਾਂਦਾ ਹੈ। ਪਰ ਲਗਭਗ ਸਾਰੇ ਹੀ ਆਧੁਨਿਕ ਲਿਖਾਰੀਆਂ ਦਾ ਮਤ ਹੈ ਕਿ ਗੁਰੂ ਅਰਜਨ ਨੇ ਆਪਣੇ ਭਾਈਚਾਰੇ ਦੇ ਲੋਕਾਂ ਵਿਚ ਵਪਾਰ ਅਤੇ ਉਦਯੋਗ ਫੈਲਾਉਣ ਲਈ ਵੀ ਥੋੜ੍ਹਾ ਬਹੁਤ ਕੰਮ ਕੀਤਾ ਸੀ। ਇਹ ਗੱਲ ਪੂਰਨ ਭਾਂਤ ਮੰਨੀ ਜਾ ਸਕਦੀ ਹੈ ਅਤੇ ਇਸ ਵਿਚ ਕੋਈ ਅਸੰਭਾਵਨਾ ਦਿਖਾਈ ਨਹੀਂ ਦੇਂਦੀ। ਸਿੱਖ ਨਿਰੋਲ ਗ੍ਰਿਹਸਤੀਆਂ ਦਾ ਭਾਈਚਾਰਾ ਬਣ ਚੁੱਕਾ ਸੀ ਅਤੇ ਗੁਰੂ ਸਾਹਿਬ ਮਿਹਨਤ ਦੀ ਗੌਰਵਤਾ ਅਤੇ ਈਮਾਨਦਾਰ ਧੰਧਿਆਂ[106] ਤੇ ਬਲ ਦੇਂਦੇ ਕਦੇ ਨਹੀਂ ਥਕਦੇ ਸਨ। ਪਰ ਵਿਸ਼ਾ ਕੁਝ ਵਧੇਰੇ ਪਰੇਡੇ ਲੈ ਜਾਇਆ ਗਿਆ ਹੈ। ਵਿਸ਼ੇਸ਼ ਬਲ ਇਸ ਕਥਿਤ ਤੱਥ ਤੇ ਦਿੱਤਾ ਗਿਆ ਹੈ ਕਿ ਗੁਰੂ ਸਾਹਿਬ ਨੇ ਆਪਣੇ ਅਨੁਯਾਈਆਂ ਨੂੰ ਸਿੰਧ ਦਰਿਆ ਤੋਂ ਪਾਰਲੇ ਦੇਸ਼ਾਂ ਨਾਲ ਘੋੜਿਆਂ ਦਾ ਵਪਾਰ ਕਰਨ ਦਾ ਉਤਸਾਹ ਦਿੱਤਾ ਸੀ। ਇਕ ਲਿਖਾਰੀ ਨੇ ਤਾਂ ਇਸ ਕਦਮ ਦੀ ਮਹੱਤਾ ਅਤੇ ਸੰਭਵ ਪ੍ਰਭਾਵਾਂ ਦੀ ਵਿਆਖਿਆ ਲਈ ਕਾਫ਼ੀ ਮਿਹਨਤ ਕੀਤੀ ਹੈ। ਇਹ ਸੁਝਾਅ ਦਿੱਤਾ ਗਿਆ ਹੈ ਕਿ ਗੁਰੂ ਸਾਹਿਬ ਦਾ ਮਨੋਰਥ ਰਾਜਨੀਤਕ ਸੀ ਅਤੇ 'ਇਹ ਸੰਭਵ ਹੈ ਕਿ ਵਪਾਰ, ਘੱਟੋ ਘੱਟ ਇਸ ਦਾ ਕਾਫ਼ੀ ਹਿੱਸਾ, ਭਾਈਚਾਰੇ ਦੇ ਸਾਂਝੇ ਫੰਡ ਨਾਲ ਕੀਤਾ ਜਾਂਦਾ ਸੀ ਅਤੇ ਮੁਨਾਫ਼ੇ ਦਾ ਵੱਡਾ ਹਿਸਾ ਗੁਰੂਦੁਆਰੇ ਦੇ ਫੰਡ ਵਿਚ ਸ਼ਾਮਿਲ ਕੀਤਾ ਜਾਂਦਾ ਸੀ"[107] ਜਿਵੇਂ ਕਨਿੰਘਮ ਲਿਖਦਾ ਹੈ, "ਧਨ ਅਤੇ ਪ੍ਰਤਿਸ਼ਠਾ ਦੀ ਪ੍ਰਾਪਤੀ ਦੇ ਦੂਸਰੇ ਸਾਧਨਾਂ ਵੱਲੋਂ ਅਰਜਨ ਜੀ ਬੇਧਿਆਨੇ ਨਹੀਂ ਸਨ। ਉਨ੍ਹਾਂ ਨੇ ਆਪਣੇ ਅਨੁਯਾਈਆਂ ਨੂੰ ਬਦੇਸ਼ਾਂ ਵਿਚ ਵਪਾਰ ਦੇ ਕੰਮਾਂ ਵਿਚ ਵੀ ਉੱਨੇ ਪ੍ਰਬੀਨ ਹੋਣ

105. ਇਸ ਨੂੰ 'ਦਸਮ ਪਾਤਸ਼ਾਹ ਦਾ ਗ੍ਰੰਥ' ਤੋਂ ਵੱਖਰਾ ਦੱਸਣ ਲਈ 'ਆਦਿ ਗ੍ਰੰਥ' ਵੀ ਕਿਹਾ ਗਿਆ ਹੈ।

106. ਤੇਜਾ ਸਿੰਘ ਗੁਰੂ ਜੀ ਦੇ ਕਾਰਜ ਦੇ ਇਸ ਪੱਖ ਦੀ ਸਹੀ ਮਹੱਤਾ ਤੇ ਬਲ ਦਿੰਦੇ ਹਨ (*Growth of Responsibility in Sikhism*, pp. 29-32)। ਪਰ ਇਹ ਪ੍ਰਤੀਤ ਹੁੰਦਾ ਹੈ ਕਿ ਉਹ ਜੋਸ਼ ਵਿਚ ਸੀਮਾ ਉਲੰਘ ਗਏ ਹਨ। ਪ੍ਰਮਾਣ ਵਜੋਂ ਸਾਨੂੰ ਦੱਸਿਆ ਗਿਆ ਹੈ ਕਿ "ਇਕ ਬੁਧੀਮਾਨ ਮੱਧ ਸ਼੍ਰੇਣੀ ਨੂੰ ਪੈਦਾ ਕਰਨਾ ਸਮੇਂ ਦੀ ਸਭ ਤੋਂ ਵੱਡੀ ਮੰਗ ਸੀ। ਭਾਰਤ ਵਿਚ ਸਮਾਜ ਇਸ ਤਰ੍ਹਾਂ ਬਣਿਆ ਹੋਇਆ ਸੀ ਕਿ ਕਲਾ ਅਤੇ ਉਦਯੋਗ ਦੇ ਵਿਕਾਸ ਲਈ ਕਿਤੇ ਕੋਈ ਥਾਂ ਨਹੀਂ ਸੀ। ਜਾਤਪਾਤ ਦੇ ਕੱਟੜ ਨਿਯਮਾਂ ਨੇ ਉੱਚ ਜਾਤੀ ਦੇ ਮਨੁੱਖਾਂ ਦਾ ਕਲਾ ਅਤੇ ਵਿਗਿਆਨ ਵੱਲ ਧਿਆਨ ਦੇਣਾ ਅਸੰਭਵ ਕਰ ਦਿੱਤਾ ਸੀ। ਉਹ ਨਿਰਲੇਪ ਰਹੇ ਅਤੇ ਮਿਹਨਤ ਦਾ ਕੰਮ ਨੀਚ ਜਾਤੀ ਦੇ ਲੋਕਾਂ ਲਈ ਛੱਡ ਦਿੱਤਾ ਗਿਆ।" ਇਹ ਅੱਜ ਕੱਲ ਦੀ ਪ੍ਰਵਿਰਤੀ ਦਾ ਇਕ ਹੋਰ ਪ੍ਰਮਾਣ ਹੈ ਜੋ ਭਾਰਤ ਦੀਆਂ ਸਾਰੀਆਂ ਕੁਰੀਤੀਆਂ ਦਾ ਮੂਲ ਜਾਤ ਪਾਤ ਦੀ ਵਿਵਸਥਾ ਦੱਸਦੀ ਹੈ ਪਰ ਤਥ ਕੁਝ ਹੋਰ ਦੱਸਦੇ ਹਨ। ਇਹ ਕਹਿਣਾ ਕਿ ਉਹ ਸ਼੍ਰੇਣੀਆਂ ਕਲਾ ਅਤੇ ਵਿਗਿਆਨ ਤੋਂ ਬੇਮੁਖ ਸਨ ਸਪੱਸ਼ਟ ਤਥਾਂ ਨੂੰ ਬੇਧਿਆਨ ਕਰਨਾ ਹੈ। ਸਿੱਖਾਂ ਦੀਆਂ ਲਿਖਤਾਂ ਵਿਚ ਹੀ ਕਾਫ਼ੀ ਮਾਤ੍ਰਾ ਵਿਚ ਅਜੇਹੀ ਸਾਮਗ੍ਰੀ ਹੈ ਜਿਸ ਤੋਂ ਇਹ ਸਪੱਸ਼ਟ ਹੈ ਕਿ ਸਿੱਖ ਮਤ ਦੇ ਪ੍ਰਭਾਵ ਤੋਂ ਬਹੁਤ ਚਿਰ ਪਹਿਲਾਂ, ਉੱਚ ਸ਼੍ਰੇਣੀਆ ਵਿਸ਼ੇਸ਼ ਕਰਕੇ ਖਤਰੀ, ਅਦੁਤੀ ਵਪਾਰੀ ਸਨ। ਯੋਗਿਤਾ ਅਤੇ ਪ੍ਰਤਿਭਾ ਵਾਲੇ ਮਨੁੱਖਾਂ ਵਿਚ ਮਿਹਨਤ ਵਾਲੇ ਧੰਧਿਆਂ ਲਈ ਕੁਝ ਨਫ਼ਰਤ ਹੋ ਸਕਦੀ ਸੀ ਪਰ, ਜਿਵੇਂ ਮੂਰਲੈਂਡ ਸੰਕੇਤ ਕਰਦਾ ਹੈ। (*From Akbar to Aurangzib*. pp. 233), ਇਸ ਦਾ ਮੁੱਖ ਕਾਰਨ 'ਭਾਰਤ ਦਾ ਸਮਾਜਕ ਢਾਂਚਾ ਨਹੀਂ ਸੀ ਸਗੋਂ ਪ੍ਰਸ਼ਾਸਨ ਦੀ ਕਰ-ਨੀਤੀ ਸੀ ਜੋ ਪੈਦਾਵਾਰ ਤੇ ਬੁਰਾ ਪ੍ਰਭਾਵ ਪਾਉਂਦੀ ਸੀ।

107. ਨਾਰੰਗ, ਉਪਰੋਕਤ ਰਚਨਾ, ਪੰਨਾ 35, 36.

ਲਈ ਭੇਜਿਆ ਜਿੰਨਾ ਕਿ ਉਹ ਧਰਮ ਵਿਚ ਜੋਸ਼ਪੂਰਨ ਸਨ। ਇਹ ਸੰਭਵ ਹੈ ਕਿ ਇਕ ਵਪਾਰੀ ਦੇ ਰੂਪ ਵਿਚ ਉਨ੍ਹਾਂ ਦੇ ਸੌਦੇ ਬਹੁਸੰਖਿਆ ਵਿਚ ਸਨ ਭਾਵੇਂ ਇਹ ਤੁਰਕਿਸਤਾਨ ਵਿਚ ਘੋੜਿਆਂ ਦੇ ਵਪਾਰ ਤਕ ਹੀ ਸੀਮਿਤ ਸਨ।"[108] ਇਸੇ ਲਹਿਜੇ ਵਿਚ ਟਰੰਪ ਕਹਿੰਦਾ ਹੈ ਕਿ ਗੁਰੂ ਜੀ ਵਧੀਆ ਢੰਗ ਨਾਲ ਵਪਾਰ ਕਰਦੇ ਸਨ[109] ਅਤੇ ਇਰਵਿਨ ਨੇ ਵੀ ਲਗਭਗ ਇਹੋ ਹੀ ਕਿਹਾ ਹੈ[110] ਪਰ ਸਾਨੂੰ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਇਸ ਵਿਸ਼ੇ ਨੂੰ ਕਿਧਰੇ ਬੇਧਿਆਨੀ ਨਾਲ ਵਿਚਾਰਿਆ ਗਿਆ ਹੈ ਅਤੇ ਜਿਥੋਂ ਤਕ ਸਾਡਾ ਗਿਆਨ ਹੈ, ਇਨ੍ਹਾਂ ਉਜ਼ਰਾਂ ਦੀ ਪੁਸ਼ਟੀ ਵਿਚ ਕੋਈ ਸਪੱਸ਼ਟ ਅਤੇ ਭਰੋਸੇ ਯੋਗ ਪ੍ਰਮਾਣ ਨਹੀਂ ਮਿਲਦਾ। ਕਨਿੰਘਮ ਟਿੱਪਣੀ ਕਰਦਾ ਹੈ ਕਿ "ਸਾਧਾਰਨ ਸਿੱਖ-ਉਲੇਖ ਇਹ ਪ੍ਰਭਾਵ ਦਿੰਦੇ ਹਨ" ਪਰ ਉਹ ਇਨ੍ਹਾਂ ਨੂੰ ਬਹੁਤੇ ਵੱਡਮੁਲੇ ਨਹੀਂ ਸਮਝਦਾ। ਉਸ ਨੇ ਦਬਿਸਤਾਨ ਦਾ ਹਵਾਲਾ ਵੀ ਦਿੱਤਾ ਹੈ, ਪਰ ਉਹ ਪੈਰ੍ਹਾ ਜਿਸ ਵੱਲ ਉਹ ਨਿਰਸੰਦੇਹ ਇਸ਼ਾਰਾ ਕਰਦਾ ਹੈ, ਸਪੱਸ਼ਟ ਭਾਂਤ ਮਸੰਦਾਂ ਨਾਲ ਸਬੰਧਿਤ ਹੈ ਗੁਰੂਆਂ ਨਾਲ ਨਹੀਂ, ਭਾਵੇਂ 'ਗੁਰੂ' ਸ਼ਬਦ ਦੀ ਵਰਤੋਂ ਕੀਤੀ ਗਈ ਹੈ।[111] ਇਕ ਗੱਲ ਹੋਰ, ਇਸ ਵਿਚ ਘੋੜਿਆਂ ਦੇ ਵਪਾਰ ਜਾਂ ਉਸ ਵਿਚ ਗੁਰੂ ਅਰਜਨ ਦੇ ਭਾਗ ਲੈਣ ਦੀ ਕੋਈ ਗੱਲ ਨਜ਼ਰ ਨਹੀਂ ਆਉਂਦੀ। ਇਕ ਹੋਰ ਪ੍ਰਸੰਗ ਵਿਚ, ਜਿਸ ਵੱਲ ਕਨਿੰਘਮ ਦਾ ਧਿਆਨ ਨਹੀਂ ਗਿਆ ਮੋਹਸਿਨ ਫਾਨੀ ਸੱਦਾ ਨਾਂ ਦੇ ਇਸ ਸਿੱਖ ਬਾਰੇ ਕਹਿੰਦਾ ਹੈ ਜਿਸ ਨੂੰ ਗੁਰੂ ਹਰਿਗੋਬਿੰਦ ਨੇ ਬਲਖ ਤੋਂ ਘੋੜੇ ਲਿਆਉਣ ਲਈ ਭੇਜਿਆ ਸੀ। ਉਹ ਆਪਣੇ ਗੁਰੂ ਜੀ ਲਈ ਤਿੰਨ ਇਰਾਕੀ ਘੋੜੇ ਲਿਆਇਆ ਪਰ ਉਹ ਇਕ ਜਰਵਾਣੇ ਖਲੀਲ ਬੇਗ ਨੇ ਰਾਹ ਵਿਚ ਖੋਹ ਲਏ ਸਨ।[112] ਇਹ ਗੱਲ ਯਾਦ ਰਖਣ ਵਾਲੀ ਹੈ ਕਿ ਇਸ ਦ੍ਰਿਸ਼ਟਾਂਤ ਵਿਚ ਗੁਰੂ ਸਾਹਿਬ ਦੀ ਨਿਜੀ ਵਰਤੋਂ ਲਈ ਘੋੜੇ ਲਿਆਉਣ ਦਾ ਹੁਕਮ ਦਿੱਤਾ ਗਿਆ ਸੀ ਅਤੇ ਇਸ ਵਿਚ ਕਿਸੇ ਵਪਾਰ ਦਾ ਸੁਝਾਅ ਉੱਕਾ ਹੀ ਨਹੀਂ ਮਿਲਦਾ। ਇਕ ਗੱਲ ਹੋਰ, ਘੋੜਿਆਂ ਦਾ ਵਪਾਰ ਕੋਈ ਨਵੀਂ ਗੱਲ ਨਹੀਂ ਸੀ। ਜਨਮਸਾਖੀ ਵਿਚ ਆਉਂਦਾ ਹੈ ਕਿ ਇਕ ਵਾਰ ਨਾਨਕ ਨੂੰ ਉਸ ਦੇ ਪਿਤਾ ਕਾਲੂ ਨੇ ਘੋੜਿਆਂ ਦਾ ਸੁਦਾਗਰ ਬਣਨ ਲਈ ਕਿਹਾ ਸੀ ਅਤੇ ਵਿਸ਼ਿਸ਼ਟ ਸੁਭਾਅ ਅਨੁਸਾਰ ਗੁਰੂ ਨਾਨਕ ਨੇ ਉੱਤਰ ਦਿੱਤਾ ਸੀ :

ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ ॥
ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ ॥
ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ।[113]

(ਸੋਰਠ ਮਹਲਾ ੧, ਘਰ ੧, ਪੰਨਾ ੫੯੫)

---

108. ਕਨਿੰਘਮ, ਉਪਰੋਕਤ ਰਚਨਾ, ਪੰਨਾ 52.
109. ਟਰੰਪ, ਉਪਰੋਕਤ ਰਚਨਾ, ਪੰਨਾ lxxxi.
110. Irvine, *Later Mughals*, Vol. I. p. 76.
111. ਮੋਹਸਿਨ ਫਾਨੀ ਕਹਿੰਦਾ ਹੈ ਕਿ ਸਿੱਖਾਂ ਨੇ ਇਹ ਨਿਰਧਾਰਿਤ ਕਰ ਲਿਆ ਸੀ ਕਿ ਉਦਾਸੀ ਜਾਂ ਸੰਸਾਰ ਤੋਂ ਵਿਰਾਗੀ ਨੂੰ ਹੋਰ ਮਨੁੱਖਾਂ ਨਾਲੋਂ ਵਡਿਆਇਆ ਨਹੀਂ ਜਾਏਗਾ। "ਇਸ ਕਰਕੇ ਉਨ੍ਹਾਂ ਦੇ ਕੁਝ ਗੁਰੂਆਂ ਨੇ ਕਿਰਸਾਣੀ ਵੱਲ ਅਤੇ ਕੁਝ ਨੇ ਵਪਾਰ ਅਤੇ ਹੋਰ ਬਹੁਤ ਸਾਰੇ ਕਿੱਤਿਆਂ ਅਤੇ ਪੇਸ਼ਿਆਂ ਵੱਲ ਰੁਝਾਨ ਰੱਖਿਆ" (ਦਬਿਸਤਾਨ, ਸੈਂਚੀ ਦੂਜੀ, ਪੰਨਾ 272)। ਕਨਿੰਘਮ ਇਸ ਪੈਰ੍ਹੇ ਤੋਂ ਸ਼ੱਕਪੂਰਤ ਸਿੱਟਾ ਕੱਢ ਲੈਂਦਾ ਹੈ ਅਤੇ ਇਹ ਜਾਪਦਾ ਹੈ ਕਿ ਸਾਰੇ ਪਿਛਲੇਰੇ ਲੇਖਕਾਂ ਨੇ ਵਿਸ਼ੇ ਨੂੰ ਘੋਖੇ ਬਿਨਾਂ, ਉਸ ਨੂੰ ਅਪਣਾਇਆ ਹੈ।
112. *ਦਬਿਸਤਾਨ*, *ਸੈਂਚੀ ਦੂਜੀ*, ਪੰਨਾ 284.
113. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 23.

ਇਹ ਸ਼ਬਦ ਸਪੱਸ਼ਟ ਭਾਂਤ ਪ੍ਰਗਟ ਕਰ ਦਿੰਦਾ ਹੈ ਕਿ ਗੁਰੂ ਨਾਨਕ ਦੇ ਸਮੇਂ ਉਸ ਦੀ ਜਾਤੀ ਦੇ ਲੋਕਾਂ ਵਿਚ ਘੋੜਿਆਂ ਦਾ ਵਪਾਰ ਕਰਨਾ ਕੋਈ ਅਸਾਧਾਰਨ ਘਟਨਾ ਨਹੀਂ ਸੀ। ਸੋ ਪਿਛਲੇਰੇ ਸਮੇਂ ਦੀਆਂ ਕੁਝ ਇਕੀਆਂ ਦੁਕੀਆਂ ਉਦਾਹਰਣਾਂ ਕਿਸੇ ਤਰ੍ਹਾਂ ਵੀ ਨਿਰਣਾਜਨਕ ਨਹੀਂ ਸਮਝੀਆਂ ਜਾ ਸਕਦੀਆਂ ਜਦ ਤਕ ਪ੍ਰਤੱਖ ਪ੍ਰਮਾਣ ਦੁਆਰਾ ਇਹ ਸਿੱਧ ਨਹੀਂ ਹੁੰਦਾ ਕਿ ਗੁਰੂ ਅਰਜਨ ਨੇ ਬਲਖ ਅਤੇ ਇਰਾਕ ਨਾਲ ਘੋੜਿਆਂ ਦੇ ਲਾਹੇਵੰਦ ਵਪਾਰ ਨੂੰ ਸੱਚੀ ਹੀ ਉਤਸ਼ਾਹ ਦਿੱਤਾ ਸੀ ਅਤੇ ਆਪ ਇਸ ਵਿਚ ਹਿੱਸਾ ਲਿਆ ਸੀ।

ਪਰ ਭਾਵੇਂ ਵਪਾਰ ਹੋਇਆ ਜਾਂ ਨਹੀਂ, ਗੁਰੂ ਅਰਜਨ ਦੀਆਂ ਪ੍ਰਾਪਤੀਆਂ ਕਾਫ਼ੀ ਨਿੱਗਰ ਸਨ ਅਤੇ ਸਾਨੂੰ ਦੱਸਿਆ ਗਿਆ ਹੈ ਕਿ ਉਨ੍ਹਾਂ ਦੇ ਜੀਵਨ ਦੇ ਅੰਤਮ ਦਿਨਾਂ ਵਿਚ ਉਨ੍ਹਾਂ ਦੇ ਵੈਰੀ ਮੁੜ ਇਕੱਠੇ ਹੋ ਗਏ ਅਤੇ ਉਨ੍ਹਾਂ ਦਾ ਵਿਨਾਸ਼ ਕਰਨ ਲਈ ਦ੍ਰਿੜ੍ਹ ਯਤਨ ਕੀਤੇ। ਗੁਰੂ ਸਾਹਿਬ ਦਾ ਕੱਟੜ ਵੈਰੀ ਪ੍ਰਿਥੀਆ, ਇਸ ਸਮੇਂ ਆਪਣੇ ਮਿੱਤਰ ਅਤੇ ਸਰਪ੍ਰਸਤ ਸੁਲਹੀ ਖ਼ਾਂ ਦੀ ਅਚਾਨਕ ਮੌਤ ਹੋ ਜਾਣ ਕਰਕੇ ਕਾਫ਼ੀ ਕਮਜ਼ੋਰ ਹੋ ਗਿਆ ਸੀ। ਕਿਹਾ ਜਾਂਦਾ ਹੈ ਕਿ "ਇਕ ਦਿਨ ਪ੍ਰਿਥੀਆ ਸੁਲਹੀ ਖ਼ਾਂ ਨੂੰ ਆਪਣੇ ਭੱਠੇ ਵਿਖਾਉਣ ਲਈ ਲੈ ਗਿਆ। ਉਥੇ ਪਹੁੰਚਣ ਤੇ ਸੁਲਹੀ ਖ਼ਾਂ ਦਾ ਘੋੜਾ ਆਪਣੇ ਪੈਰਾਂ ਹੇਠ ਪੰਛੀ ਦੀ ਅਚਾਨਕ ਉਡਾਣ ਨਾਲ ਤ੍ਰਬਕ ਗਿਆ ਅਤੇ ਭਖਦੇ ਹੋਏ ਭੱਠੇ ਵਿਚ ਸਵਾਰ ਸਮੇਤ ਜਾ ਧਸਿਆ। ਕੁਝ ਹੀ ਮਿੰਟਾਂ ਵਿਚ ਘੋੜਾ ਅਤੇ ਸਵਾਰ ਦੋਵੇਂ ਢੇਰੀ ਹੋ ਗਏ।"[114] ਪਰ ਇਸ ਨੁਕਸਾਨ ਦੀ ਪੂਰਤੀ ਗੁਰੂ ਸਾਹਿਬ ਦੇ ਦੁਸ਼ਮਣਾਂ ਵਿਚ ਇਕ ਹੋਰ ਵਧੇਰੇ ਤਕੜੇ ਮਨੁੱਖ ਦੇ ਸ਼ਾਮਿਲ ਹੋਣ ਨਾਲ ਹੋ ਗਈ। ਇਹ ਚੰਦੂ ਸ਼ਾਹ ਸੀ, ਜਿਹੜਾ ਸ਼ਾਹੀ ਦੀਵਾਨ ਸੀ। ਉਹ ਲਾਹੌਰ ਦਾ ਰਹਿਣ ਵਾਲਾ ਜਾਪਦਾ ਹੈ ਪਰ ਉਸ ਦੀਆਂ ਸਰਕਾਰੀ ਜ਼ਿੰਮੇਵਾਰੀਆਂ ਨੇ ਉਸ ਨੂੰ ਦਿੱਲੀ ਰਹਿਣ ਲਈ ਮਜਬੂਰ ਕਰ ਦਿੱਤਾ ਸੀ। ਕਹਾਣੀ ਇਉਂ ਚਲਦੀ ਹੈ ਕਿ ਚੰਦੂ ਸ਼ਾਹ ਨੇ ਆਪਣੀ ਧੀ ਸਦਾ ਕੌਰ ਲਈ ਗੁਰੂ ਸਾਹਿਬ ਦੇ ਪੁੱਤਰ ਹਰਿਗੋਬਿੰਦ ਦਾ ਹੱਥ ਮੰਗਿਆ ਸੀ ਪਰ ਉਨ੍ਹਾਂ ਨੇ ਇਸ ਰਿਸ਼ਤੇ ਤੋਂ ਇਨਕਾਰ ਕਰ ਦਿੱਤਾ ਸੀ ਕਿਉਂਕਿ ਉਨ੍ਹਾਂ ਦੇ ਦਿੱਲੀ ਦੇ ਸਿੱਖਾਂ ਨੂੰ ਇਹ ਰਿਸ਼ਤਾ ਪ੍ਰਵਾਨ ਨਹੀਂ ਸੀ। ਕਿਹਾ ਗਿਆ ਕਿ ਇਹ ਰਿਸ਼ਤਾ ਚੰਦੂ ਦੀ ਆਪਣੀ ਪਸੰਦ ਨਹੀਂ ਸੀ ਕਿਉਂਕਿ ਉਹ ਗੁਰੂ ਜੀ ਨੂੰ ਘਟੀਆ ਹੈਸੀਅਤ ਦਾ ਆਦਮੀ ਸਮਝਦਾ ਸੀ, ਵਿਸ਼ੇਸ਼ ਕਰਕੇ ਇਸ ਲਈ ਕਿ ਉਹ ਆਪਣੇ ਜੀਵਨ ਨਿਰਬਾਹ ਲਈ ਚੜ੍ਹਾਵੇ ਤੇ ਨਿਰਭਰ ਸਨ। ਪਰ ਉਸ ਦੀ ਪਤਨੀ ਦੇ ਹਠ ਨੇ ਉਸ ਦੀ ਕੋਈ ਪੇਸ਼ ਨਾ ਜਾਣ ਦਿੱਤੀ ਤੇ ਆਖ਼ਰ ਉਹ ਰਜ਼ਾਮੰਦ ਹੋ ਗਿਆ। ਐਪਰ, ਪ੍ਰਤੀਤ ਹੁੰਦਾ ਹੈ ਕਿ ਚੰਦੂ ਦੇ ਘਿਰਣਿਤ ਬੋਲ ਸਥਾਨਕ ਸਿੱਖਾਂ ਤਕ ਪਹੁੰਚ ਗਏ ਜਿਹੜੇ ਬਹੁਤ ਜ਼ਿਆਦਾ ਨਰਾਜ਼ ਹੋ ਉਠੇ ਅਤੇ ਤੁਰੰਤ ਹੀ ਉਨ੍ਹਾਂ ਨੇ ਗੁਰੂ ਸਾਹਿਬ ਦੇ ਨਾਂ ਇਕ ਪੱਤਰ ਜਿਸ ਵਿਚ ਰਿਸ਼ਤੇ ਤੋਂ

---

114. ਬਿਲਾਵਲ ਵਿਚ ਗੁਰੂ ਅਰਜਨ ਇਸ ਘਟਨਾ ਵੱਲ ਸੰਕੇਤ ਕਰਦੇ ਹਨ :

ਸੁਲਹੀ ਤੇ ਨਾਰਾਇਣ ਰਾਖੁ॥
ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ॥ ਰਹਾਉ॥
ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ॥
ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ॥

(ਬਿਲਾਵਲ ਮਹਲਾ ੫, ਪੰਨਾ ੮੨੫)

(ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ 86). ਦੇਖੋ *ਸੂਰਜ ਪ੍ਰਕਾਸ਼*, ਰਾਸ IV, xviii.

ਤੁਰੰਤ ਇਨਕਾਰ ਕਰਨ ਦੀ ਬੇਨਤੀ ਕੀਤੀ ਗਈ ਸੀ, ਇਕ ਦੂਤ ਦੇ ਹੱਥ ਭੇਜਿਆ। ਸਾਰੇ ਮਾਮਲੇ ਦਾ ਸਿੱਟਾ ਇਹ ਨਿਕਲਿਆ ਕਿ ਚੰਦੂ ਦਾ ਪ੍ਰਸਤਾਵ ਠੁਕਰਾ ਦਿੱਤਾ ਗਿਆ। ਅਤੇ ਉਸ ਦੇ ਦੂਤਾਂ ਦੀ ਹਾਜ਼ਰੀ ਵਿਚ ਹਰਿਗੋਬਿੰਦ ਦੀ ਇਕ ਮੰਗਣੀ ਨਾਰਾਇਣ ਦਾਸ ਦੀ ਧੀ ਨਾਲ ਅਤੇ ਦੂਜੀ ਹਰੀ ਚੰਦ ਦੀ ਧੀ ਨਾਲ ਬੜੀ ਧੂਮ ਧਾਮ ਨਾਲ ਕਰ ਦਿੱਤੀ ਗਈ। ਇਹ ਇਕ ਅਜੇਹਾ ਨਿਰਾਦਰ[115] ਸੀ ਜੋ ਚੰਦੂ ਸ਼ਾਹ ਦੇ ਮਨ ਵਿਚ ਚੁਭ ਗਿਆ ਅਤੇ ਇਸ ਤੋਂ ਪਿੱਛੋਂ ਉਹ ਗੁਰੂ ਸਾਹਿਬ ਦਾ ਜਾਨੀ ਦੁਸ਼ਮਣ ਬਣ ਗਿਆ। ਸਿੱਖ ਪਰੰਪਰਾ ਅਨੁਸਾਰ ਪ੍ਰਿਥੀਏ ਅਤੇ ਉਸ ਦੇ ਮਿੱਤਰਾਂ ਨੇ ਇਸ ਨੂੰ ਭਾਲ ਲਿਆ ਅਤੇ ਗੁਰੂ ਸਾਹਿਬ ਵਿਰੁੱਧ ਇਕ ਤਕੜਾ ਗਠਜੋੜ ਹੋ ਗਿਆ।[116]

ਕਿਹਾ ਜਾਂਦਾ ਹੈ ਕਿ ਪ੍ਰਿਥੀਆ ਕਾਜ਼ੀਆਂ ਅਤੇ ਬ੍ਰਾਹਮਣਾਂ ਨੂੰ ਇਸ ਆਧਾਰ ਤੇ ਗੁਰੂ ਸਾਹਿਬ ਵਿਰੁੱਧ ਸ਼ਿਕਾਇਤ ਕਰਨ ਲਈ ਪ੍ਰੇਰਣ ਵਿਚ ਸਫ਼ਲ ਹੋ ਗਿਆ ਕਿ ਗੁਰੂ ਸਾਹਿਬ ਦੁਆਰਾ ਸੰਪਾਦਿਤ ਗ੍ਰੰਥ ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਦੇ ਧਰਮਾਂ ਦਾ ਨਿਰਾਦਰ ਕਰਦਾ ਹੈ ਅਤੇ ਚੰਦੂ ਦੇ ਰਸੂਖ ਸਦਕਾ ਬਿਨੈ-ਪੱਤਰ ਸ਼ਹਿਨਸ਼ਾਹ ਅੱਗੇ ਪੇਸ਼ ਕੀਤਾ ਗਿਆ। ਸ਼ਹਿਨਸ਼ਾਹ ਦੇ ਹੁਕਮ ਤੇ ਗ੍ਰੰਥ ਉਸ ਦੇ ਸਾਹਮਣੇ ਲਿਆਂਦਾ ਗਿਆ ਅਤੇ ਭਾਈ ਬੁੱਢਾ ਅਤੇ ਭਾਈ ਗੁਰਦਾਸ ਜੋ ਗੁਰੂ ਸਾਹਿਬ ਦੇ ਪ੍ਰਤਿਨਿਧ ਸਨ, ਵੀ ਪੇਸ਼ ਕੀਤੇ ਗਏ। ਕੁਝ ਚਰਚਾ ਪਿੱਛੋਂ ਸ਼ਹਿਨਸ਼ਾਹ ਨੂੰ ਵਿਸ਼ਵਾਸ ਹੋ ਗਿਆ ਕਿ ਗੁਰੂ ਸਾਹਿਬ ਵਿਰੁੱਧ ਸ਼ਿਕਾਇਤ ਨਿਰਾਧਾਰ ਹੈ ਅਤੇ ਪ੍ਰਤਿਨਿਧੀਆਂ ਨੂੰ ਅਤੇ ਉਨ੍ਹਾਂ ਦੇ ਗੁਰੂ ਲਈ ਸਰੋਪੇ ਦੇ ਕੇ ਵਿਦਾ ਕੀਤਾ। ਸਾਨੂੰ ਅੱਗੇ ਦੱਸਿਆ ਗਿਆ ਹੈ ਕਿ ਸਾਜ਼ਸ਼ੀਆਂ ਦੀ ਨਮੋਸ਼ੀ ਹੁਣ ਸਿਖਰ ਤੇ ਪੁੱਜ ਗਈ ਸੀ ਜਦੋਂ ਸ਼ਹਿਨਸ਼ਾਹ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਇਆ ਸੀ ਅਤੇ ਉਨ੍ਹਾਂ ਦੇ ਸਤਿਕਾਰ ਵਜੋਂ ਉਸ ਸਾਲ ਲਈ ਪੰਜਾਬ ਦਾ ਲਗਾਨ ਮੁਆਫ਼ ਕਰ ਦਿੱਤਾ ਗਿਆ ਸੀ।

ਇਹ ਸਿੱਖ ਪਰੰਪਰਾ ਹੈ ਜਿਹੜੀ ਸਾਨੂੰ ਪਿਛਲੇਰੀਆਂ ਸਿੱਖ ਲਿਖਤਾਂ ਵਿਚ ਦਰਜ ਮਿਲਦੀ ਹੈ, ਪਰ ਜਦ ਤਕ ਸਾਨੂੰ ਇਸ ਦੇ ਹੱਕ ਵਿਚ ਸੁਤੰਤਰ ਅਤੇ ਵਧੇਰੇ ਵਿਸ਼ਵਾਸਯੋਗ ਪ੍ਰਮਾਣ ਨਹੀਂ ਮਿਲਦੇ, ਇਸ ਸਾਰੀ ਦੀ ਸਾਰੀ ਵਾਰਤਾ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ। ਅਕਬਰ ਕੋਲ ਅਜਿਹੇ ਪ੍ਰਤਿਨਿਧ-ਮੰਡਲ ਜਾਣ ਦੀਆਂ ਅਨੇਕਾਂ ਵਾਰਤਾਵਾਂ ਹਨ ਅਤੇ ਸਾਨੂੰ ਇਹ ਸੰਭਾਵਨਾ ਅੱਖੋਂ ਪ੍ਰੋਖੇ ਨਹੀਂ ਕਰਨੀ ਚਾਹੀਦੀ ਕਿ ਕੁਝ ਇਕ ਵਾਰਤਾਵਾਂ ਅਕਬਰ ਦੇ ਪ੍ਰਸਿੱਧ ਸਹਿਨਸ਼ੀਲ ਸੁਭਾਅ ਅਤੇ ਸੰਤਾਂ ਫਕੀਰਾਂ ਪ੍ਰਤਿ ਵਿਸ਼ੇਸ਼ ਰੁਝਾਣ ਤੋਂ ਪ੍ਰੇਰਿਤ ਹੋਈਆਂ ਹੋਣਗੀਆਂ। ਪਰ ਇਸ ਵੱਲ ਅਵੱਸ਼ ਧਿਆਨ ਦੇਣਾ ਹੋਵੇਗਾ ਕਿ ਅਕਬਰ ਦੇ ਗੁਰੂ ਅਰਜਨ ਨੂੰ ਮਿਲਣ ਜਾਣ ਸਬੰਧੀ ਸਾਨੂੰ ਸੁਤੰਤਰ ਪ੍ਰਮਾਣ ਮਿਲਦਾ ਹੈ। ਮੈਕਾਲਿਫ ਕਹਿੰਦਾ ਹੈ "ਬਦਾਊਨੀ ਲਿਖਦਾ ਹੈ ਕਿ ਇਕ ਹੋਰ ਅਵਸਰ ਦੇ ਅਜ਼ੂਰ ਮਹੀਨੇ ਦੀ ਤੇਰਾਂ ਤਾਰੀਖ ਨੂੰ ਅਕਬਰ ਨੇ ਸ਼ਾਹੀ ਸੈਨਾ ਦੇ ਅਸਲੇ ਸਮੇਤ ਬਿਆਸ ਦਰਿਆ

115. ਨਾਰੰਗ ਕਹਿੰਦਾ ਹੈ (ਮੈਕਾਲਿਫ, ਉਪਰੋਕਤ ਰਚਨਾ, ਪੰਨਾ 40 ਫੁ. ਨੋ.) ਕਿ ਗਲਤ ਇਜ਼ਤ ਦੇ ਸੰਕਲਪ ਹੇਠ ਇਕ ਅਮੀਰ ਖਤਰੀ ਆਪਣੀ ਧੀ ਦਾ ਵਿਆਹ ਕਿਸੇ ਦੂਜੇ ਨਾਲ ਕਰਨ ਲਈ ਤਿਆਰ ਨਹੀਂ ਸੀ ਹੁੰਦਾ, ਜਦ ਕਿ ਪਹਿਲਾਂ ਉਸ ਲਈ ਇਕ ਵਰ ਚੁਣਿਆ ਜਾ ਚੁੱਕਾ ਹੋਵੇ।

116. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ 81-82.

ਪਾਰ ਕੀਤਾ ਅਤੇ ਗੁਰੂ ਅਰਜਨ ਨੂੰ ਮਿਲਣ ਲਈ ਗੋਇੰਦਵਾਲ ਚਲਾ ਗਿਆ, ਜਿਨ੍ਹਾਂ ਦੀ ਸਿੱਖਿਆ ਅਤੇ ਚਰਿੱਤਰ ਦਾ ਉਹ ਪ੍ਰਸ਼ੰਸਕ ਸੀ।"[117] ਇਹ ਗੁਰੂ ਜੀ ਨਾਲ ਭੇਂਟ ਦੀ ਗੱਲ ਨੂੰ ਦ੍ਰਿੜ੍ਹ ਕਰ ਦਿੰਦਾ ਹੈ ਅਤੇ ਖ਼ੁਲਾਸਤੁੱਤ ਤਵਾਰੀਖ਼ ਵਿਚ ਤਾਂ ਸਾਫ ਸਾਫ ਲਿਖਿਆ ਹੈ ਕਿ ਗੁਰੂ ਅਰਜਨ ਦੀ ਬੇਨਤੀ ਤੇ ਲਗਾਨ ਦਾ ਕੁਝ ਹਿੱਸਾ ਵਾਸਤਵ ਵਿਚ ਹੀ ਮੁਆਫ਼ ਕਰ ਦਿੱਤਾ ਗਿਆ ਸੀ। ਸੁਜਾਨ ਰਾਏ ਲਿਖਦਾ ਹੈ ਕਿ "ਜਦੋਂ ਅਕਬਰ ਲਾਹੌਰ ਨੂੰ ਛੱਡ ਕੇ ਬਟਾਲੇ ਪਹੁੰਚਿਆ ਤਾਂ ਉਸ ਨੂੰ ਪਤਾ ਲੱਗਾ ਕਿ ਮੁਸਲਮਾਨ ਫਕੀਰਾਂ ਅਤੇ ਸੰਨਿਆਸੀਆਂ ਵਿਚਕਾਰ ਲੜਾਈ ਛਿੜ ਪਈ ਸੀ। ਉਹ ਘਟਨਾ-ਸਥਾਨ ਤੇ ਪੁੱਜਾ ਅਤੇ ਮੁਸਲਮਾਨ ਫਕੀਰਾਂ ਨੂੰ ਕੈਦ ਕਰ ਲਿਆ, ਜਿਨ੍ਹਾਂ ਅਨਿਆਇ ਕੀਤਾ ਸੀ ਅਤੇ ਕੁਝ ਮੰਦਰਾਂ ਨੂੰ ਤੋੜ ਫੋੜ ਦਿੱਤਾ ਸੀ। ਉਸ ਨੇ ਮੰਦਰਾਂ ਦੀ ਮੁਰੰਮਤ ਦਾ ਹੁਕਮ ਦਿੱਤਾ ਅਤੇ ਉਥੋਂ ਉਹ ਬਿਆਸ ਦਰਿਆ ਪਾਰ ਕਰਕੇ ਗੁਰੂ ਅਰਜਨ ਜੀ ਦੇ ਡੇਰੇ ਤੇ ਪਹੁੰਚ ਗਿਆ ਜਿਹੜਾ ਬਾਬਾ ਨਾਨਕ ਦਾ ਸ਼ਿਸ਼ ਅਤੇ ਉੱਤਰਾਧਿਕਾਰੀ ਸੀ। ਜਦ ਗੁਰੂ ਅਰਜਨ ਨੇ ਪਰਮਾਤਮਾ ਦੀ ਏਕਤਾ ਸਬੰਧੀ ਬਾਬਾ ਨਾਨਕ ਦੇ ਕੁਝ ਸ਼ਬਦ ਪੜ੍ਹ ਕੇ ਸੁਣਾਏ ਤਾਂ ਅਕਬਰ ਬੜਾ ਪ੍ਰਸੰਨ ਹੋਇਆ। ਗੁਰੂ ਸਾਹਿਬ ਨੇ ਸ਼ਹਿਨਸ਼ਾਹ ਦਾ ਯਾਤਰਾ ਲਈ ਧੰਨਵਾਦ ਕੀਤਾ ਅਤੇ ਰਵਾਨਗੀ ਸਮੇਂ ਉਨ੍ਹਾਂ ਨੇ ਬੇਨਤੀ ਕੀਤੀ ਕਿ ਪੰਜਾਬ ਵਿਚ ਅਨਾਜ ਦੇ ਭਾਅ ਬਹੁਤ ਚੜ੍ਹ ਗਏ ਹਨ ਅਤੇ ਲੋਕਾਂ ਲਈ ਲਗਾਨ ਤਾਰਨਾ ਔਖਾ ਹੋ ਰਿਹਾ ਹੈ। ਸ਼ਹਿਨਸ਼ਾਹ ਨੇ ਉਨ੍ਹਾਂ ਦੀ ਬੇਨਤੀ ਮੰਨ ਲਈ ਅਤੇ ਆਪਣੇ ਅਧਿਕਾਰੀਆਂ ਨੂੰ 1/10 ਜਾਂ 1/12 ਹਿੱਸਾ ਲਗਾਨ ਘਟਾਉਣ ਲਈ ਹੁਕਮ ਦੇ ਦਿੱਤਾ।"[118] ਸੋ ਸਿੱਖ ਪਰੰਪਰਾ ਦੀ ਕਾਫ਼ੀ ਪੁਸ਼ਟੀ ਹੁੰਦੀ ਹੈ ਪਰ ਜਿਵੇਂ ਕਿ ਅਸੀਂ ਪਹਿਲਾਂ ਸੰਕੇਤ ਕੀਤਾ ਹੈ, ਇਸ ਨੂੰ ਪੂਰਨ ਭਾਂਤ ਸਵੀਕਾਰ ਕਰਨਾ ਔਖਾ ਹੈ।

ਧਰਮ ਨਿਰਪੇਖ ਦ੍ਰਿਸ਼ਟੀਕੋਣ ਤੋਂ ਵਿਚਾਰ ਕੀਤਿਆਂ ਸ਼ਹਿਨਸ਼ਾਹ ਦੀ ਇਹ ਯਾਤਰਾ ਅਤੇ ਗੁਰੂ ਸਾਹਿਬ ਦੀ ਬੇਨਤੀ ਅਤੇ ਮਾਲੀਏ ਦੀ ਅੱਧ-ਪਚੱਧ ਮੁਆਫ਼ੀ ਗੁਰੂ ਅਰਜਨ ਦੇ ਜੀਵਨ ਦੇ ਉੱਚਤਮ ਸਿਖਰ ਸਮਝੇ ਜਾਣੇ ਚਾਹੀਦੇ ਹਨ। ਪਰ ਇਸ ਤੋਂ ਪਿੱਛੋਂ ਛੇਤੀ ਹੀ ਉਨ੍ਹਾਂ ਦਾ ਸਿਤਾਰਾ ਮੱਧਮ ਪੈਣ ਲੱਗ ਪਿਆ ਅਤੇ ਉਨ੍ਹਾਂ ਦੇ ਜੀਵਨ ਦਾ ਅੰਤ ਅਤਿ ਦੁਖਦਾਈ ਅਤੇ ਸ਼ੋਕਜਨਕ ਹੋਇਆ। ਐਪਰ ਇਹ ਘਟਨਾ ਉਨ੍ਹਾਂ ਘਟਨਾਵਾਂ ਦੀ ਲੜੀ ਦੀ ਪਹਿਲੀ ਕੜੀ ਸੀ ਜਿਨ੍ਹਾਂ ਨੇ ਵਿਕਾਸ ਦਾ ਨਵਾਂ ਪੱਖ ਉਜਾਗਰ ਕੀਤਾ ਅਤੇ ਇਸ ਦੀ ਸਹੀ ਥਾਂ ਗੁਰੂ ਅਰਜਨ ਦੇ ਪੁੱਤਰ ਅਤੇ ਉੱਤਰਾਧਿਕਾਰੀ ਹਰਿਗੋਬਿੰਦ ਹੇਠ ਸੈਨਿਕਵਾਦ ਦੇ ਸੰਕ੍ਰਾਂਤੀ ਕਾਲ ਦੇ ਇਤਿਹਾਸ ਵਿਚ ਹੈ। ਹੁਣ ਤਕ ਸਾਡਾ ਸਬੰਧ ਸਿੱਖ ਪੰਥ ਦੇ ਵਿਕਾਸ ਦੇ ਇਤਿਹਾਸ ਨਾਲ ਰਿਹਾ ਹੈ, ਕਿਉਂਕਿ ਸਿੱਖ ਮਤ ਗੁਰੂ ਨਾਨਕ ਦੇ ਸਪੱਸ਼ਟ ਅਤੇ ਅਦੁਤੀ ਐਲਾਨ 'ਨਾ ਕੋਈ ਹਿੰਦੂ ਨਾ ਕੋ ਮੁਸਲਮਾਨ' ਨਾਲ ਹੋਂਦ ਵਿਚ ਆਇਆ ਸੀ ਅਤੇ ਪਹਿਲਾ ਪੜਾ 1604 ਈ. ਵਿਚ ਮੁਕ ਜਾਂਦਾ ਕਿਹਾ ਜਾ ਸਕਦਾ ਹੈ, ਜਿਸ ਸਾਲ ਵਿਚ ਗ੍ਰੰਥ ਸਾਹਿਬ ਸੰਪਾਦਿਤ ਹੋਇਆ ਅਤੇ ਹਰਿਮੰਦਰ ਸਾਹਿਬ ਵਿਚ ਸਥਾਪਿਤ ਕਰ ਦਿੱਤਾ ਗਿਆ ਸੀ। ਇਥੋਂ ਤਕ ਸਾਰਾ ਵਿਕਾਸ ਸ਼ਾਂਤਮਈ ਹੁੰਦਾ ਰਿਹਾ ਅਤੇ ਅਮਲੀ ਤੌਰ ਤੇ ਸਥਾਪਿਤ ਰਾਜ ਨੇ ਕੋਈ ਦਖ਼ਲ ਨਹੀਂ ਦਿੱਤਾ ਸੀ ਸਗੋਂ ਇਸ ਦੇ ਉਲਟ ਕਈ ਮੌਕਿਆਂ

117. ਮੈਕਾਲਿਫ, *ਉਪਰੋਕਤ ਰਚਨਾ*, ਸੈਂਚੀ ਤੀਜੀ, ਪੰਨਾ 84.

118. *ਖ਼ੁਲਾਸਤੁੱਤ-ਤਵਾਰੀਖ਼* (ਜ਼ਫਰ ਹਸਨ, ਸੰਸਕਰਣ) ਪੰਨਾ 425.

ਤੇ ਇਹ ਮੈਤਰੀ ਅਤੇ ਸਹਾਇਕ ਰਿਹਾ ਸੀ। ਨਵੇਂ ਕਾਲ ਵਿਚ, ਜੋ ਆਰੰਭ ਹੋਣ ਵਾਲਾ ਸੀ, ਪਰਿਸਥਿਤੀਆਂ ਮੂਲੋਂ ਹੀ ਬਦਲ ਗਈਆਂ ਸਨ, ਵਿਧੀਆਂ ਖੁਲ੍ਹਮੁਖਲ੍ਹਾ ਹਿੰਸਾਪੂਰਨ ਹੋ ਗਈਆਂ ਸਨ ਅਤੇ ਰਾਜ ਦ੍ਰਿੜ੍ਹ ਵਿਰੋਧਤਾ ਵਿਚ ਆ ਖੜ੍ਹਾ ਹੋਇਆ ਸੀ। ਪਰੰਤੂ ਇਹ ਦੱਸਣ ਦੀ ਲੋੜ ਨਹੀਂ ਕਿ 'ਨਵੀਨ' ਪੁਰਾਤਨ ਤੇ ਆਧਾਰਿਤ ਅਤੇ ਸੀਮਿਤ ਸੀ, ਅਤੇ ਨਵੇਂ ਕਾਲ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਅਸੀਂ ਹੁਣ ਤਕ ਦੀਆਂ ਪ੍ਰਾਪਤੀਆਂ ਨੂੰ ਧਿਆਨ ਵਿਚ ਰੱਖੀਏ ਅਤੇ ਸਿੱਖ ਆਦਰਸ਼ਾਂ ਅਤੇ ਸੰਸਥਾਵਾਂ ਪ੍ਰਤਿ ਪੂਰਨ ਜਾਣਕਾਰੀ ਪੈਦਾ ਕਰੀਏ।

ਆਦਰਸ਼ ਅਤੇ ਸੰਸਥਾਵਾਂ

ਪਰੰਪਰਾ ਇਹ ਪਰਿਪੁਸ਼ਟ ਕਰਦੀ ਹੈ ਕਿ ਗੁਰੂ ਨਾਨਕ ਜੀ ਨੇ ਆਪਣੇ ਜੀਵਨ ਦੇ ਅੰਤਲੇ ਸਮੇਂ ਵਿਚ ਆਪਣੇ ਅਨੁਯਾਈਆਂ ਦੀ ਵਿਧੀ ਪੂਰਵਕ ਪਰੀਖਿਆ ਲੈਣੀ ਆਰੰਭ ਕਰ ਦਿੱਤੀ ਸੀ। ਨਿਰਸੰਦੇਹ ਉਨ੍ਹਾਂ ਦਾ ਮੰਤਵ ਅਜਿਹੇ ਵਿਅਕਤੀ ਦੀ ਭਾਲ ਕਰਨਾ ਸੀ ਜਿਹੜਾ ਉਨ੍ਹਾਂ ਦੀ ਮ੍ਰਿਤੂ ਪਿੱਛੋਂ ਗੁਰਿਆਈ ਦੀ ਜ਼ਿੰਮੇਵਾਰੀ ਨੂੰ ਨਿਭਾ ਸਕਣ ਵਿਚ ਦੂਸਰੇ ਅਨੁਯਾਈਆਂ ਨਾਲੋਂ ਵਧੇਰੇ ਯੋਗ ਹੋਵੇ। ਸਾਨੂੰ ਦੱਸਿਆ ਗਿਆ ਹੈ ਕਿ ਗੁਰੂ ਨਾਨਕ ਜੀ ਦੀ ਇਹ ਪਰੀਖਿਆ, ਆਮ ਕਰਕੇ, ਉਨ੍ਹਾਂ ਦੇ ਅਨੁਯਾਈਆਂ ਪਾਸੋਂ ਪ੍ਰਗਟ ਰੂਪ ਵਿਚ ਅਨੁਚਿਤ ਸਮੇਂ ਤੇ ਨਿਰਵਿਵੇਕ ਆਦੇਸ਼ਾਂ ਦਾ ਰੂਪ ਧਾਰਨ ਕਰਦੀ ਸੀ। ਸੋ ਇਕ ਵਾਰ ਸਰਦੀਆਂ ਦੀ ਰਾਤ ਨੂੰ ਜਦ ਕਿ ਮੂਸਲੇਧਾਰ ਵਰਸ਼ਾ ਹੋ ਰਹੀ ਸੀ ਤਾਂ ਗੁਰੂ ਜੀ ਦੇ ਘਰ ਦੀ ਦੀਵਾਰ ਦਾ ਇਕ ਹਿੱਸਾ ਢਹਿ ਗਿਆ ਅਤੇ ਗੁਰੂ ਜੀ ਨੇ ਇਸ ਦੀ ਤੁਰੰਤ ਮੁਰੰਮਤ ਕਰਵਾਉਣ ਦੀ ਇੱਛਾ ਪ੍ਰਗਟ ਕੀਤੀ। ਉਨ੍ਹਾਂ ਦੇ ਪੁੱਤਰਾਂ ਦਾ ਇਹ ਕਹਿਣਾ ਸੁਭਾਵਿਕ ਸੀ ਕਿ ਕੰਮ ਵਿਚ ਇਹ ਉਚਿਤ ਸਮਾਂ ਨਹੀਂ ਹੈ ਅਤੇ ਸਵੇਰੇ ਮਿਸਤਰੀਆਂ ਅਤੇ ਮਜ਼ਦੂਰਾਂ ਨੂੰ ਬੁਲਵਾ ਕੇ ਕੰਧ ਬਣਵਾ ਲਈ ਜਾਵੇਗੀ। ਪਰੰਤੂ ਗੁਰੂ ਨਾਨਕ ਜੀ ਇਹ ਨਹੀਂ ਸੁਣਨਾ ਚਾਹੁੰਦੇ ਸਨ। ਉਨ੍ਹਾਂ ਕਿਹਾ ਕਿ ਗੁਰੂ ਦਾ ਕੰਮ ਉਸ ਦੇ ਸਿੱਖਾਂ ਦੁਆਰਾ ਹੀ ਹੋਣਾ ਚਾਹੀਦਾ ਹੈ ਅਤੇ ਮਿਸਤਰੀਆਂ ਤੇ ਮਜ਼ਦੂਰਾਂ ਦੀ ਇੰਤਜ਼ਾਰ ਕਰਨ ਦੀ ਕੋਈ ਲੋੜ ਨਹੀਂ। ਗੁਰੂ ਜੀ ਦੇ ਦੁਬਾਰਾ ਆਦੇਸ਼ ਦੇਣ ਤੇ ਲਹਿਣਾ (ਪਿੱਛੋਂ ਅੰਗਦ) ਤੋਂ ਸਿਵਾ ਹਰ ਕੋਈ ਚੁੱਪ ਰਿਹਾ, ਉਹ ਇਕਦਮ ਉਠ ਖੜਾ ਹੋਇਆ ਅਤੇ ਕੰਧ ਬਣਾਉਣ ਲੱਗ ਪਿਆ। ਗੁਰੂ ਜੀ ਦੇ ਪੁੱਤਰ ਅਤੇ ਹੋਰ ਦੂਸਰੇ ਸਿੱਖ ਸੌਣ ਚਲੇ ਗਏ। ਪਰ ਲਹਿਣਾ ਲਈ ਇਹ ਉਸ ਦੀ ਪਰੀਖਿਆ ਦਾ ਕੇਵਲ ਆਰੰਭ ਹੀ ਸੀ। ਕੁਝ ਚਿਰ ਪਿੱਛੋਂ ਗੁਰੂ ਜੀ ਕੰਮ ਦੀ ਦੇਖ ਰੇਖ ਲਈ ਆਏ ਤਾਂ ਦੇਖ ਕੇ ਉਨ੍ਹਾਂ ਆਪਣੀ ਅਸੰਤੁਸ਼ਟਤਾ ਪ੍ਰਗਟਾਈ ਅਤੇ ਲਹਿਣਾ ਨੂੰ ਹੁਕਮ ਦਿੱਤਾ ਕਿ ਢਾਹ ਕੇ ਦੋਬਾਰਾ ਸ਼ੁਰੂ ਤੋਂ ਬਣਾਵੇ। ਇੰਝ ਕਈ ਵਾਰ ਦੁਹਰਾਇਆ ਗਿਆ ਜਦ ਕਿ ਆਖਰ ਗੁਰੂ ਜੀ ਦੇ ਪੁੱਤਰਾਂ ਤੋਂ ਹੋਰ ਰਿਹਾ ਨਾ ਗਿਆ ਅਤੇ ਉਨ੍ਹਾਂ ਨੇ ਲਹਿਣਾ ਨੂੰ ਸਾਫ਼ ਕਹਿ ਦਿੱਤਾ, "ਤੂੰ ਮੂਰਖ ਹੈਂ ਜੋ ਬੇਤੁਕੇ ਹੁਕਮ ਦੀ ਪਾਲਣਾ ਕੀਤੀ ਹੈ।" ਲਹਿਣਾ ਨੇ ਅਤਿ ਨਿਮਰਤਾ ਨਾਲ ਉੱਤਰ ਦਿੱਤਾ, "ਸੇਵਕ ਨੂੰ ਆਪਣੇ ਸੁਆਮੀ ਦੀ ਸੇਵਾ ਕਰਕੇ ਲਾਹਾ ਖਟ ਲੈਣਾ ਚਾਹੀਦਾ ਹੈ।"[1] ਪ੍ਰਗਟ ਰੂਪ ਵਿਚ ਮਾਮਲਾ ਇਥੇ ਖ਼ਤਮ ਹੋ ਜਾਂਦਾ ਹੈ ਅਤੇ ਇਹ ਕਹਿਣ ਦੀ ਲੋੜ ਨਹੀਂ ਕਿ ਇਸ ਵਾਰਤਾ ਦਾ ਮੂਲ ਤੱਤ, ਗੁਰੂ ਦੀ ਦ੍ਰਿੜ੍ਹ ਆਗਿਆ ਪਾਲਣ ਦੇ ਉੱਤਮ ਗੁਣ ਦੀ ਵਿਆਖਿਆ ਵਿਚ ਹੈ।

ਇਸ ਵਰਗੀਆਂ ਹੋਰ ਅਨੇਕਾਂ ਕਥਾਵਾਂ ਹਨ ਪਰ ਅਸੀਂ ਕੇਵਲ ਇਕ ਹੋਰ ਕਥਾ

---

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 6.

ਵਾਚਾਂਗੇ ਜਿਸ ਵਿਚ ਇਸ ਗੱਲ ਦੀ ਪਰੰਪਰਿਕ ਵਿਆਖਿਆ ਦਿੱਤੀ ਗਈ ਹੈ ਕਿ ਨਾਮ ਲਹਿਣਾ ਕਿਵੇਂ ਅੰਗਦ ਵਿਚ ਬਦਲ ਗਿਆ ਅਤੇ ਇਹ ਸਾਨੂੰ ਪੁਰਾਤਨ ਜਨਮਸਾਖੀ ਵਿਚ ਦਰਜ ਮਿਲਦੀ ਹੈ। ਵਾਰਤਾ ਇਉਂ ਹੈ ਕਿ ਇਕ ਦਿਨ ਗੋਰਖਨਾਥ[2] ਜੋ ਕਈ ਸਦੀਆਂ ਪਹਿਲਾਂ ਮਰ ਚੁੱਕਿਆ ਸੀ, ਗੁਰੂ ਨਾਨਕ ਪਾਸ ਆਇਆ ਅਤੇ ਗੁਰੂ ਨਾਨਕ ਨੂੰ 'ਨਾਮ ਦੇ ਵਿਸ਼ਾਲ ਪਸਾਰੇ' ਦੀ ਵਧਾਈ ਦਿੱਤੀ। ਗੁਰੂ ਨਾਨਕ ਨੇ ਕਿਹਾ ਕਿ ਗੋਰਖਨਾਥ ਤੂੰ ਛੇਤੀ ਹੀ ਦੇਖ ਲਏਂਗਾ ਕਿ ਇਨ੍ਹਾਂ ਬਹੁਤ ਸਾਰੇ ਨਾਮਧ੍ਰੀਕ ਅਨੁਯਾਈਆਂ ਵਿਚੋਂ ਕਿਹੜਾ ਗੁਰੂ ਦਾ ਸੱਚਾ ਸ਼ਿਸ਼ ਹੈ। ਤਦ ਇਕ ਅਤਿ ਅਸਾਧਾਰਨ ਘਟਨਾ ਵਾਪਰੀ। ਗੁਰੂ ਨਾਨਕ ਜੀ ਆਪਣੇ ਮਕਾਨ ਤੋਂ ਬਾਹਰ ਨਿਕਲ ਆਏ, ਅਤੇ ਇਕ ਖ਼ਾਸ ਦਿਸ਼ਾ ਵੱਲ ਚਲਣ ਲੱਗ ਪਏ, ਨਾਮਧ੍ਰੀਕ ਲੋਕ ਅਤੇ ਗੋਰਖਨਾਥ ਵੀ ਨਾਲ ਸਨ। ਇਸ ਸਮੇਂ ਵਿਚ, ਕ੍ਰਮਵਾਰ ਪੜਾਵਾਂ ਤੇ ਪ੍ਰਭੂ ਦੀ ਆਗਿਆ ਨਾਲ ਧਰਤੀ ਤੇ ਪੈਸੇ, ਰੁਪਏ ਅਤੇ ਮੁਹਰਾਂ ਵਿਖਰ ਗਈਆਂ। ਪਹਿਲੇ ਪੜਾ ਤੇ ਜਿਥੇ ਪੈਸੇ ਵਿਖਰੇ ਹੋਏ ਸਨ ਬਹੁਤ ਸਾਰੇ ਅਨੁਯਾਈ ਪੈਸੇ ਚੁੱਕ ਕੇ ਪਰਤ ਗਏ। ਜਿਹੜੇ ਅਜੇ ਰਹਿੰਦੇ ਸਨ ਉਨ੍ਹਾਂ ਵਿਚੋਂ ਬਹੁਤਿਆਂ ਲਈ ਰੁਪਏ ਅਤੇ ਮੁਹਰਾਂ ਦੀ ਕਾਫ਼ੀ ਸਨ। ਜਦ ਆਖਰ ਉਹ ਚਿਖਾ ਕੋਲ ਪਹੁੰਚੇ ਤਾਂ ਕੇਵਲ ਦੋ ਸ਼ਿਸ਼ ਹੀ ਰਹਿ ਗਏ ਸਨ। ਜਲਦੀ ਹੋਈ ਚਿਖਾ ਦੇ ਉੱਤੇ ਚਾਰ ਚਿਰਾਗ ਜਲਦੇ ਸਨ। ਉਪਰ ਚਾਦਰ ਤਾਣੀ ਹੋਈ ਸੀ ਅਤੇ ਹੇਠਾਂ ਮੁਰਦਾ ਲੰਮਾ ਪਿਆ ਹੋਇਆ ਸੀ, ਜਿਸ ਤੋਂ ਦੁਰਗੰਧ ਆ ਰਹੀ ਸੀ। ਗੁਰੂ ਨਾਨਕ ਨੇ ਦੋਹਾਂ ਨੂੰ ਕਿਹਾ, "ਕੀ ਤੁਹਾਡੇ ਵਿਚੋਂ ਕੋਈ ਇਸ ਨੂੰ ਖਾਣ ਲਈ ਤਿਆਰ ਹੈ?" ਉਨ੍ਹਾਂ ਵਿਚੋਂ ਇਕ ਨੇ ਮੂੰਹ ਫੇਰ ਲਿਆ ਅਤੇ ਘ੍ਰਿਣਿਤ ਹੋ ਕੇ ਉਥੋਂ ਚਲਾ ਗਿਆ। ਤਦ ਲਹਿਣਾ ਨੇ, ਜੋ ਅਖੀਰ ਤਕ ਦ੍ਰਿੜ੍ਹ ਰਿਹਾ ਸੀ, ਗੁਰੂ ਜੀ ਤੋਂ ਪੁੱਛਿਆ, "ਜੀ ਕਿਸ ਵਲਿ ਤੇ ਮੂਹੁ ਪਾਈ?" ਪੈਰਾਂ ਵੱਲੋਂ ਸ਼ੁਰੂ ਕਰਨ ਲਈ ਕਹੇ ਜਾਣ ਮਗਰੋਂ ਲਹਿਣਾ ਨੇ ਚਾਦਰ ਉਠਾਈ ਤਾਂ ਦੇਖਿਆ ਕਿ ਹੇਠ ਗੁਰੂ ਸੁੱਤਾ ਪਿਆ ਹੈ। ਤਾਂ ਗੋਰਖਨਾਥ ਨੇ ਕਿਹਾ "ਨਾਨਕ ਤੇਰਾ ਗੁਰੂ ਸੋਈ ਜੋ ਤੇਰੇ ਅੰਗ ਤੇ ਪੈਦਾ ਹੋਵੇਗਾ" ਅਤੇ ਲਹਿਣਾ ਤੋਂ ਅੰਗਦ ਨਾਉਂ ਰਖਿਆ ਗਿਆ।[3] ਇਹ ਵਾਰਤਾ ਅਰਥਹੀਣ ਅਤੇ ਹਾਸੋਹੀਣੀ ਵੀ ਹੋ ਸਕਦੀ ਹੈ ਪਰ ਕਥਾਕਾਰ ਨੇ ਜਿਨ੍ਹਾਂ ਗੱਲਾਂ ਨੂੰ ਇਸ ਰਾਹੀਂ ਸਿੱਧ ਕਰਨਾ ਚਾਹਿਆ ਹੈ,

---

2. ਪ੍ਰਤੱਖ ਹੈ ਕਿ ਜੋਗੀ ਸੰਪਰਦਾਇ ਦੇ ਮੋਢੀ ਤੋਂ ਭਾਵ ਹੈ।
3. ਟਰੰਪ, ਉਪਰੋਕਤ ਰਚਨਾ, ਪੰਨਾ xliii. xliv. ।

ਇਨ੍ਹਾਂ ਵਾਰਤਾਵਾਂ ਤੋਂ ਇਲਾਵਾ, 'ਟਿਕੇ ਦੀ ਵਾਰ' ਇਸ ਮੁੱਖ ਤਥ ਦੀ ਪੁਸ਼ਟੀ ਕਰਦੀ ਹੈ ਕਿ ਗੁਰੂ ਨਾਨਕ ਜੀ ਨੇ ਆਪਣੇ ਉੱਤਰਾਧਿਕਾਰੀ ਦੀ ਚੋਣ ਲਈ ਸਰਬਗੁਣ ਸੰਪੰਨ ਵਿਅਕਤੀ ਦੀ ਭਾਲ ਵਿਚ ਸੱਚ ਹੀ ਆਪਣੇ ਅਨੁਯਾਈਆਂ ਦੀ ਪਰੀਖਿਆ ਲਈ ਸੀ। ਕਿਹਾ ਜਾਂਦਾ ਹੈ :

"ਜਿਨਿ ਕੀਤੀ ਸੋ ਮੰਨਣਾ ਕੋ ਸਾਲ ਜਿਵਾਹੇ ਸਾਲੀ॥" ਅਤੇ ਫਿਰ

"ਜਿਨਿ ਆਖੀ ਸੋਈ ਕਰੇ ਜਿਨਿ ਕੀਤੀ ਤਿਨੈ ਥਟੀਐ॥"

ਸਾਨੂੰ ਦੱਸਿਆ ਗਿਆ ਹੈ :

"ਸਿੱਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ॥
ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ॥"

ਅਤੇ ਸਾਨੂੰ ਇਹ ਸਪੱਸ਼ਟ ਸੰਕੇਤ ਮਿਲਦਾ ਹੈ ਕਿ ਲਹਿਣਾ ਦਾ ਨਾਮ ਅੰਗਦ ਵਿਚ ਕਿਵੇਂ ਬਦਲ ਗਿਆ। ਅੰਗਦ ਦੇ ਸ਼ਾਬਦਿਕ ਅਰਥ "ਸਰੀਰ ਦੇ ਅੰਗ" ਦੇ ਹਨ, ਅਤੇ 'ਟਿਕੇ ਦੀ ਵਾਰ' ਵਿਚ ਆਉਂਦਾ ਹੈ :

[ਬਾਕੀ ਅਗਲੇ ਪੰਨੇ ਤੇ]

ਉਨ੍ਹਾਂ ਨੂੰ ਵਿਚਾਰਨਾ ਅਤਿ ਰੌਚਕ ਹੈ। ਇਥੇ ਫਿਰ ਇਕੱਲਾ ਅੰਗਦ ਹੀ ਪਰੀਖਿਆ ਵਿਚੋਂ ਸਫ਼ਲ ਹੋਇਆ ਹੈ ਅਤੇ ਇਸ ਵਾਰ ਪਰੀਖਿਆ ਸੀ—ਗੁਰੂ ਅਗੇ ਨਿਸ਼ਚਿਤ ਅਤੇ ਸਵਤੰਤਰ ਸਮਰਪਣ ਦੀ।

ਫਿਰ ਗੁਰੂ ਅਮਰਦਾਸ ਦੀ ਗੁਰਗੱਦੀ ਲਈ ਨਿਯੁਕਤੀ ਨੂੰ ਲਈਏ ਤਾਂ ਸਾਨੂੰ ਉਪਰੋਕਤ ਭਾਂਤ ਦੀਆਂ ਅਨੇਕਾਂ ਘਟਨਾਵਾਂ ਦੱਸੀਆਂ ਜਾਂਦੀਆਂ ਹਨ। ਪਰ ਇਥੇ ਅਸੀਂ ਇਕੋ ਘਟਨਾ ਹੀ ਵਿਚਾਰਾਂਗੇ ਜਿਸ ਨੇ ਗੁਰੂ ਅੰਗਦ ਜੀ ਦੇ ਗੁਰੂ ਅਮਰ ਦਾਸ ਨੂੰ ਗੁਰਿਆਈ ਦੇਣ ਦੇ ਇਰਾਦੇ ਨੂੰ ਪੂਰਨ ਭਾਂਤ ਪਰਿਪੱਕ ਕਰ ਦਿੱਤਾ। ਦੱਸਿਆ ਜਾਂਦਾ ਹੈ ਕਿ ਉਸ ਦਿਨ ਬਰਸਾਤ ਦੀ ਹਨੇਰੀ ਰਾਤ ਸੀ, ਠੰਡੀ ਹਵਾ ਚਲ ਰਹੀ ਸੀ, ਬਿਜਲੀ ਚਮਕ ਰਹੀ ਸੀ ਅਤੇ ਹਰ ਪ੍ਰਾਣੀ ਆਪਣੇ ਘਰ ਜਾਣ ਅਤੇ ਸੌਣ ਵਿਚ ਖ਼ੁਸ਼ ਸੀ। ਇਹੋ ਜਿਹੀ ਰਾਤ ਨੂੰ ਜਦ ਕਿ ਦਿਨ ਚੜ੍ਹਨ ਵਿਚ ਅਜੇ ਤਿੰਨ ਘੰਟੇ ਬਾਕੀ ਸਨ ਤਾਂ ਗੁਰੂ ਜੀ ਨੇ ਪਾਣੀ ਲਈ ਆਵਾਜ਼ ਦਿੱਤੀ। ਉਨ੍ਹਾਂ ਦੀ ਆਵਾਜ਼ ਨੂੰ ਕਿਸੇ ਨਾ ਸੁਣਿਆ। ਇਸ ਤੇ ਗੁਰੂ ਜੀ ਨੇ ਆਪਣੇ ਇਕ ਪੁੱਤਰ ਨੂੰ ਜਗਾਇਆ ਅਤੇ ਉਸ ਨੂੰ ਪਾਣੀ ਲਿਆਉਣ ਲਈ ਕਿਹਾ। ਪਰ ਉਹ ਹੁਕਮ ਮੰਨਣ ਲਈ ਤਿਆਰ ਨਹੀਂ ਸੀ। ਇਸ ਤੇ ਅਮਰ ਦਾਸ ਅਗਾਂਹ ਆਇਆ ਅਤੇ ਮਾਲਕ ਲਈ ਦਰਿਆ ਤੋਂ ਪਾਣੀ ਲਿਆਉਣ ਲਈ ਖੁਸ਼ੀ ਖੁਸ਼ੀ ਆਪਣੇ ਆਪ ਨੂੰ ਪੇਸ਼ ਕੀਤਾ। ਗੁਰੂ ਜੀ ਨੇ ਉਜ਼ਰ ਕੀਤਾ ਕਿ ਅਜੇਹੀ ਸੇਵਾ ਲਈ ਅਮਰ ਦਾਸ ਬਹੁਤ ਬਿਰਧ ਹੈ। ਪਰ ਇਹ ਉਜ਼ਰ ਟਾਲ ਦਿੱਤਾ ਗਿਆ ਅਤੇ ਇਹ ਸੱਚਾ ਭਗਤ ਘੜਾ ਸਿਰ ਤੇ ਰਖ ਕੇ ਦਰਿਆ ਵਲ ਨੂੰ ਚਲ ਪਿਆ। ਰਾਤ ਦੇ ਘੁਪ ਹਨੇਰੇ ਵਿਚ ਕੁਝ ਇਕ ਔਕੜਾਂ ਪਿੱਛੋਂ ਅਮਰ ਦਾਸ ਪਾਣੀ ਦਾ ਘੜਾ ਲੈ ਕੇ ਸਹੀ ਸਲਾਮਤ ਵਾਪਸ ਆ ਗਿਆ ਅਤੇ ਇਹ ਜਾਪਦਾ ਹੈ ਕਿ ਇਸ ਦੇ ਦੂਜੇ ਦਿਨ ਹੀ ਉਸ ਨੂੰ ਗੁਰਗੱਦੀ ਤੇ ਸਥਾਪਿਤ ਕਰ ਦਿੱਤਾ ਸੀ।[4] ਸੋ ਇਹ ਸਪੱਸ਼ਟ ਹੈ ਕਿ ਸਿੱਖ ਪਰੰਪਰਾ ਅਨੁਸਾਰ 'ਗੁਰਿਆਈ' ਲਈ ਅਨਿਵਾਰੀ ਯੋਗਤਾ ਜਾਂ ਦੂਜੇ ਸ਼ਬਦਾਂ ਵਿਚ ਇਕ ਆਦਰਸ਼ ਸਿੱਖ ਦਾ ਆਵੱਸ਼ਕ ਹੁਣ ਅਗੇ ਨਿਸ਼ਚਿਤ ਤੌਰ ਤੇ 'ਆਪਾ ਸਮਰਪਣ' ਕਰਨਾ ਹੈ ਜਿਸ ਨੂੰ ਟਰੰਪ 'ਬੌਧਿਕ ਤਿਆਗ' ਕਹਿੰਦਾ ਹੈ।[5]

ਰਾਮ ਦਾਸ ਦੇ ਬਾਰੇ ਵਿਚ ਪਰੰਪਰਾ ਦੀ ਸਥਿਤੀ ਬਦਲ ਜਾਂਦੀ ਹੈ। ਪੁਰਾਣਾ ਵਿਚਾਰ ਤਿਆਗਿਆ ਨਹੀਂ ਗਿਆ। ਇਸ ਨੂੰ ਪਹਿਲਾਂ ਵਾਂਗ ਹੀ ਦ੍ਰਿੜ੍ਹਾਇਆ ਗਿਆ ਹੈ ਅਤੇ ਸਾਨੂੰ ਦੱਸਿਆ ਗਿਆ ਹੈ ਕਿ "ਜੇਠਾ ਨੇ ਦਿਨ ਰਾਤ ਅਜਿਹੀ ਅਣਥੱਕ ਸੇਵਾ ਕੀਤੀ ਸੀ ਕਿ ਉਸ ਨੇ ਆਪਣੇ ਮਨ ਅਤੇ ਸਰੀਰ ਨੂੰ ਕਦੇ ਚੈਨ ਨਹੀਂ ਸੀ ਲੈਣ ਦਿੱਤਾ।" ਪਰੰਤੂ ਜੋ ਵਿਚਾਰ ਹੁਣ ਪ੍ਰਮੁੱਖ ਤਥ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ ਉਹ ਇਹ ਹੈ ਕਿ

[ਪਿਛਲੇ ਪੰਨੇ ਦਾ ਬਾਕੀ]

"ਗੁਰ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ॥
ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ॥"

(ਰਾਮਕਲੀ ਕੀ ਵਾਰ, ਪੰਨਾ ੯੬੭)

ਨਿਰਸੰਦੇਹ ਇਹ 'ਗੁਰੂ ਅੰਗਦ ਗੁਰੂ ਨਾਨਕ ਦੀ ਹੀ ਜੋਤ ਸੀ' ਦਾ ਵਿਚਾਰ ਹੈ।

(ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 26, 27)।

4. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 42, 43.
5. ਟਰੰਪ, ਉਪਰੋਕਤ ਰਚਨਾ, ਪੰਨਾ lxxvii.

ਗੁਰਿਆਈ ਰਾਮ ਦਾਸ ਦੇ ਘਰਾਣੇ ਵਿਚ ਅਨੁਵੰਸ਼ਿਕ ਹੋ ਗਈ। ਇਸ ਦੀ ਵਿਆਖਿਆ ਅਤੇ ਪ੍ਰਮਾਣਿਕਤਾ ਸਿੱਧ ਕਰਨ ਦੀ ਲੋੜ ਹੈ ਅਤੇ ਇਸ ਮੰਤਵ ਲਈ ਸਾਨੂੰ ਅਨੇਕਾਂ ਰੌਚਕ ਕਹਾਣੀਆਂ ਅਤੇ ਕਥਾਵਾਂ ਪੇਸ਼ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਦਾ ਇਕ ਦੂਜੀ ਨਾਲ ਕੋਈ ਸਬੰਧ ਨਹੀਂ, ਪਰ ਵੱਖਰੇ ਵੱਖਰੇ ਢੰਗਾਂ ਨਾਲ ਇਹ ਸਾਰੀਆਂ ਹੀ ਅਨੁਵੰਸ਼ਿਕ ਪਰੰਪਰਾ ਦੇ ਤਥ ਦੀ ਵਿਆਖਿਆ ਕਰਦੀਆਂ ਹਨ। ਪਹਿਲੀ ਵਾਰਤਾ ਪੁਰਾਣੇ ਢੰਗ ਅਨੁਸਾਰ ਹੀ ਚਲਦੀ ਹੈ ਜਿਸ ਵਿਚ ਰਾਮ ਦਾਸ ਦਾ ਗੁਰੂ ਪ੍ਰਤਿ ਅਨਿਨ ਸੇਵਕ ਅਤੇ ਆਗਿਆਕਾਰੀ ਹੋਣਾ ਦਰਸਾਇਆ ਗਿਆ ਹੈ। ਕਿਹਾ ਜਾਂਦਾ ਹੈ ਕਿ ਇਕ ਦਿਨ ਗੁਰੂ ਅਮਰ ਦਾਸ ਨੇ ਆਪਣੇ ਦੋਹਾਂ ਜੁਆਈਆਂ, ਰਾਮ ਅਤੇ ਜੇਠਾ, ਨੂੰ ਬਾਉਲੀ ਦੇ ਨੇੜੇ ਇਕ ਥੜਾ ਬਣਾਉਣ ਲਈ ਕਿਹਾ। ਜਦ ਥੜੇ ਬਣ ਗਏ ਤਾਂ ਗੁਰੂ ਜੀ ਦੇਖ ਭਾਲ ਲਈ ਆਏ, ਅਤੇ ਬਿਲਕੁਲ ਉਸੇ ਵਿਵਹਾਰ ਵਾਂਗ ਜਿਹੜਾ ਗੁਰੂ ਨਾਨਕ ਨੇ ਲਹਿਣਾ ਦੇ ਕੰਧ ਬਣਾਉਣ ਸਮੇਂ ਕੀਤਾ ਸੀ, ਆਪਣੀ ਅਸੰਤੁਸ਼ਟਤਾ ਪ੍ਰਗਟ ਕੀਤੀ ਅਤੇ ਇਨ੍ਹਾਂ ਨੂੰ ਢਾਹ ਕੇ ਮੁੜ ਨਵੇਂ ਸਿਰਿਉਂ ਬਣਾਉਣ ਲਈ ਕਿਹਾ ਰਾਮ ਨੇ ਬੜੀ ਅਨਇੱਛਾ ਨਾਲ ਥੜਾ ਦੁਬਾਰਾ ਬਣਾਇਆ ਅਤੇ ਜਦ ਉਸ ਨੂੰ ਫਿਰ ਦੱਸਿਆ ਗਿਆ ਕਿ ਉਸਦਾ ਕੰਮ ਸੰਤੋਸ਼ਜਨਕ ਨਹੀਂ ਹੈ ਤਾਂ ਉਸ ਨੇ ਹੁਕਮ, ਜਿਸ ਨੂੰ ਉਹ ਗੁਰੂ ਜੀ ਦੀ ਸਨਕ ਕਹਿੰਦਾ ਸੀ, ਮੰਨਣੋਂ ਸਾਫ਼ ਸਾਫ਼ ਇਨਕਾਰ ਕਰ ਦਿੱਤਾ। ਜੇਠੇ ਨੇ ਸਤ ਵਾਰ ਢਾਹ ਢਾਹ ਕੇ ਮੁੜ ਬਣਾਇਆ ਅਤੇ ਅੰਤ ਗੁਰੂ ਜੀ ਸੰਤੁਸ਼ਟ ਹੋ ਗਏ ਅਤੇ ਇਨ੍ਹਾਂ ਸ਼ਬਦਾਂ ਨਾਲ ਉਸ ਨੂੰ ਅਸ਼ੀਰਵਾਦ ਦਿੱਤੀ : "ਸਤ ਵਾਰੀ, ਮੇਰਾ ਹੁਕਮ ਮੰਨ ਕੇ, ਤੂੰ ਥੜਾ ਬਣਾਇਆ ਹੈ, ਇਸ ਲਈ ਤੇਰੀਆਂ ਸੱਤ ਪੀੜ੍ਹੀਆਂ ਗੁਰਗੱਦੀ ਤੇ ਬੈਠਣਗੀਆਂ।"[6] ਜਿਵੇਂ ਕਿ ਅਸੀਂ ਕਹਿ ਚੁੱਕੇ ਹਾਂ, ਇਹ ਵਾਰਤਾ ਪੁਰਾਣੇ ਢੰਗ ਦੀ ਹੈ ਪਰ ਇਸ ਦਾ ਸੁਲਝਾਉ ਨਵਾਂ ਹੈ।

ਦੂਜੇ ਦ੍ਰਿਸ਼ਟਾਂਤ ਵਿਚ ਇਸ ਵਿਸ਼ੇ ਨੂੰ ਵਖਰੀ ਭਾਂਤ ਲਿਆ ਗਿਆ ਅਤੇ ਅਨੁਵੰਸ਼ਿਕ ਪਰੰਪਰਾ ਨੂੰ ਜੇਠਾ ਦੀ ਇਸਤਰੀ ਬੀਬੀ ਭਾਨੀ ਦੀ ਦਿਲੀ ਲਗਨ ਅਤੇ ਸੇਵਾ ਦਾ ਫਲ ਦਰਸਾਉਣ ਦਾ ਯਤਨ ਕੀਤਾ ਗਿਆ ਹੈ। ਵਾਰਤਾ ਇਉਂ ਚਲਦੀ ਹੈ। ਇਕ ਦਿਨ ਜਦ ਕਿ ਗੁਰੂ ਜੀ ਸਮਾਧੀ ਲਈ ਬੈਠੇ ਸਨ ਤਾਂ ਬੀਬੀ ਭਾਨੀ ਉਨ੍ਹਾਂ ਦੇ ਕਮਰੇ ਵਿਚ ਆਈ। ਉਸਨੇ ਦੇਖਿਆ ਕਿ ਜਿਸ ਚੌਕੀ ਤੇ ਗੁਰੂ ਜੀ ਬੈਠੇ ਹਨ ਉਸ ਦਾ ਇਕ ਪਾਵਾ ਟੁੱਟਾ ਹੋਇਆ ਹੈ ਅਤੇ ਚੌਕੀ ਕਦੇ ਵੀ ਡਿੱਗ ਸਕਦੀ ਹੈ। ਉਸ ਨੇ ਝਟ ਟੁੱਟੇ ਹੋਏ ਪਾਵੇ ਹੇਠ ਆਪਣਾ ਹੱਥ ਧਰ ਦਿੱਤਾ ਅਤੇ ਚੌਕੀ ਨੂੰ ਡੁਲ੍ਹਕਣ ਤੋਂ ਬਚਾਈ ਰੱਖਿਆ ਤਾਂ ਕਿ ਗੁਰੂ ਜੀ ਦੀ ਸਮਾਧੀ ਭੰਗ ਨਾ ਹੋਵੇ। ਜਦ ਗੁਰੂ ਜੀ ਦੀ ਸਮਾਧੀ ਖੁਲ੍ਹੀ ਤਾਂ ਉਹ ਬੜੇ ਪ੍ਰਸੰਨ ਹੋਏ ਅਤੇ ਇਸ ਦਾ ਫਲ ਮੰਗਣ ਲਈ ਉਨ੍ਹਾਂ ਬੀਬੀ ਭਾਨੀ ਨੂੰ ਕਿਹਾ। ਕਿਹਾ ਜਾਂਦਾ ਹੈ ਕਿ ਬੀਬੀ ਭਾਨੀ ਨੇ ਪ੍ਰਾਰਥਨਾ ਕੀਤੀ ਕਿ ਗੁਰਿਆਈ ਨੂੰ ਉਸ ਦੇ ਘਰਾਣੇ ਵਿਚ ਅਨੁਵੰਸ਼ਿਕ ਕਰ ਦਿੱਤਾ ਜਾਵੇ। ਉਸ ਦੀ ਇਹ ਪ੍ਰਾਰਥਨਾ ਮੰਨ ਲਈ ਗਈ ਪਰ ਗੁਰੂ ਜੀ ਨੇ ਨਾਲ ਇਹ ਵੀ ਕਿਹਾ ਕਿ ਉਸ ਨੇ ਗੁਰਿਆਈ ਦੀ ਧਾਰਾ ਦੇ ਸਵੱਛ ਵਹਿਣ ਨੂੰ ਬੰਨ੍ਹ ਲਾ ਦਿੱਤਾ ਹੈ ਅਤੇ ਇਸ ਦਾ ਸਿੱਟਾ ਭਾਰੀ ਸੰਕਟ ਅਤੇ ਸੰਤਾਪ ਹੋਵੇਗਾ, ਨਿਰਸੰਦੇਹ ਇਹ ਭਵਿਸ਼ਬਾਣੀ ਸੀ।[7]

---

6. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 142, 143.
7. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 144.

ਉਪਰੋਕਤ ਦੋਹਾਂ ਸਥਿਤੀਆਂ ਵਿਚ ਇਹ ਦੇਖਿਆ ਗਿਆ ਹੈ ਕਿ ਗੁਰਿਆਈ ਅਜੇ ਵੀ ਭਗਤੀ ਅਤੇ ਆਗਿਆ ਪਾਲਣ ਦਾ ਫਲ ਹੈ, ਕੇਵਲ ਅੰਤਰ ਇੰਨਾ ਹੈ ਕਿ ਇਸ ਨੂੰ ਅਨੁਵੰਸ਼ਿਕ ਬਣਾ ਦਿੱਤਾ ਗਿਆ ਹੈ ਜਦ ਕਿ ਅੰਗਦ ਅਤੇ ਅਮਰਦਾਸ ਵਾਰੀ ਇਹ ਸਿਰਫ਼ ਵਿਅਕਤੀਗਤ ਸੀ। ਪਰੰਤੂ ਜਿਸ ਵਾਰਤਾ ਦਾ ਅਸੀਂ ਹੁਣ ਵਰਣਨ ਕਰਨ ਲੱਗੇ ਹਾਂ ਬਹੁਤ ਦੂਰ ਧੁੰਧਲੇ ਭੂਤਕਾਲ ਵਿਚ ਲੈ ਜਾਂਦੀ ਹੈ ਅਤੇ ਇਸ ਵਿਸ਼ੇ ਨੂੰ ਅਜਿਹੇ ਪ੍ਰਕਰਣ ਵਿਚ ਪੇਸ਼ ਕਰਦੀ ਹੈ ਜਿਸ ਤੇ ਸਮਕਾਲੀ ਘਟਨਾਵਾਂ ਜਾਂ ਵਿਅਕਤੀ ਅਮਲੀ ਤੌਰ ਤੇ ਕੋਈ ਭਾਗ ਨਹੀਂ ਲੈਂਦੇ। ਇਸ ਤੋਂ ਅਤਿਰਿਕਤ ਇਹ ਆਪਣੀ ਵੰਨਗੀ ਦੀਆਂ ਹੋਰ ਵਾਰਤਾਵਾਂ ਵਿਚੋਂ ਸਭ ਤੋਂ ਪੁਰਾਤਨ ਜਾਪਦੀ ਹੈ ਕਿਉਂਕਿ ਸਾਨੂੰ ਇਸ ਬਾਰੇ ਭਾਈ ਗੁਰਦਾਸ ਵਿਚ ਸਪੱਸ਼ਟ ਸੰਕੇਤ ਮਿਲਦਾ ਹੈ ਅਤੇ ਗੁਰੂ ਗੋਬਿੰਦ ਸਿੰਘ ਨੇ ਬਚਿਤ੍ਰ ਨਾਟਕ ਵਿਚ ਇਸ ਵਾਰਤਾ ਨੂੰ ਪੂਰਨ ਭਾਂਤ ਵਿਕਸਿਤ ਕੀਤਾ ਹੈ। ਰਾਮ ਦਾਸ ਨੂੰ ਗੁਰਿਆਈ ਮਿਲਣ ਸਬੰਧੀ ਕਹਿੰਦਾ ਹੋਇਆ ਭਾਈ ਗੁਰਦਾਸ ਲਿਖਦਾ ਹੈ :

ਦਿਚੈ ਪੁਰਬਿ ਦੇਵਣਾ ਜਿਸ ਦੀ ਵਸਤੁ ਤਿਸੈ ਘਰਿ ਆਵੈ।
ਬੈਠਾ ਸੋਢੀ ਪਾਤਿਸ਼ਾਹੁ ਰਾਮਦਾਸੁ ਸਤਿਗੁਰੂ ਕਹਾਵੈ।

ਅਤੇ ਫਿਰ :

ਜਾਣਿ ਨ ਦੇਸਾਂ ਸੋਢੀਓ ਹੋਰਸਿ ਅਜਰੁ ਨ ਜਰਿਆ ਜਾਵੈ।
ਘਰ ਹੀ ਕੀ ਵਥੁ ਘਰੇ ਰਹਾਵੈ।[8]

ਇਹ ਪ੍ਰਤੀਤ ਹੁੰਦਾ ਹੈ ਕਿ ਦੋਵੇਂ ਸਲੋਕ ਕਿਸੇ ਪੂਰਵ ਯੋਜਨਾ ਜਾਂ ਇਸ ਵਰਗੀ ਕੋਈ ਹੋਰ ਵਿਵਸਥਾ ਵੱਲ ਸੰਕੇਤ ਕਰਦੇ ਹਨ, ਭਾਵੇਂ ਇਹ ਜੋ ਕੁਝ ਵੀ ਹੈ ਕਿਸੇ ਤਰ੍ਹਾਂ ਵੀ ਸਪੱਸ਼ਟ ਨਹੀਂ ਹੈ। ਐਪਰ ਅਸੀਂ ਇਹ ਸੋਚਣ ਲਈ ਪ੍ਰੇਰਿਤ ਹੁੰਦੇ ਹਾਂ ਕਿ ਇਥੇ ਭਾਈ ਗੁਰਦਾਸ ਆਪਣੇ ਸਾਧਾਰਨ ਰਹੱਸਮਈ ਢੰਗ ਵਿਚ ਉਸ ਪ੍ਰਸਿੱਧ ਕਥਾ ਦਾ ਹਵਾਲਾ ਦੇ ਰਹੇ ਹਨ ਜਿਹੜੀ ਬਚਿਤਰ ਨਾਟਕ ਵਿਚ ਵੇਰਵੇ ਸਹਿਤ ਵਰਣਿਤ ਹੈ। ਸੋਢੀ ਵੰਸ਼ ਦੇ ਆਰੰਭ ਨੂੰ ਚਿਰਕਾਲ ਤੋਂ ਸਨਮਾਨਿਤ ਰਘੂ ਦੀ ਕੁਲ ਵਿਚੋਂ ਦੱਸਿਆ ਗਿਆ ਹੈ, ਜਿਸ ਕੁਲ ਵਿਚੋਂ ਰਾਮਾਇਣ ਦਾ ਪ੍ਰਸਿੱਧ ਨਾਇਕ ਵੀ ਸੀ। ਲਊ ਅਤੇ ਕੁਸ਼ੂ (ਲਵ ਅਤੇ ਕੁਸ਼) ਰਾਮ ਦੇ ਦੋ ਪੁੱਤਰ ਸਨ, ਜਿਨ੍ਹਾਂ ਨੇ ਆਪਣੇ ਨਾਵਾਂ ਤੇ ਦੋ ਸ਼ਹਿਰ ਲਾਹੌਰ ਅਤੇ ਕਸੂਰ ਬਣਾਏ ਗਏ ਹਨ। ਇਨ੍ਹਾਂ ਦੋਹਾਂ ਰਾਜਿਆਂ ਦੀ ਸੰਤਾਨ ਬਹੁਤ ਦੇਰ ਤਕ ਰਾਜ ਕਰਦੀ ਰਹੀ ਅਤੇ ਕਾਲਕੇਤ ਅਤੇ ਕਾਲਰਾਏ ਦੇ ਸਮੇਂ ਤਕ ਬੜੇ ਪਿਆਰ ਸਨੇਹ ਨਾਲ ਰਹਿੰਦੇ ਰਹੇ। ਕਿਹਾ ਜਾਂਦਾ ਹੈ ਕਿ ਕਾਲਕੇਤ (ਜੋ ਕੁਸ਼ੂ ਦੀ ਸੰਤਾਨ ਵਿਚੋਂ ਸੀ) ਅਥਾਹ ਸ਼ਕਤੀ ਦਾ ਮਾਲਕ ਸੀ ਅਤੇ ਕਾਲਰਾਏ (ਜੋ ਲਊ ਦੀ ਸੰਤਾਨ ਸੀ) ਨੂੰ ਸ਼ਹਿਰ ਵਿਚੋਂ ਕੱਢਣਾ ਉਸ ਲਈ ਕੋਈ ਮੁਸ਼ਕਲ ਨਹੀਂ ਸੀ। ਕਾਲਰਾਏ ਸਨੌਧ ਦੇਸ਼ ਨੂੰ ਭਜ ਗਿਆ ਜਿਥੇ ਉਸ ਨੇ ਉੱਥੋਂ ਦੇ ਰਾਜੇ ਦੀ ਧੀ ਨਾਲ ਵਿਵਾਹ ਕਰਵਾ ਲਿਆ। ਇਥੇ ਉਸ ਦੇ ਘਰ ਸੋਢੀ ਰਾਏ ਨਾਮ ਦਾ ਪੁੱਤਰ ਜੰਮਿਆ ਅਤੇ ਉਸੇ ਸਮੇਂ ਤੋਂ ਸੋਢੀ ਵੰਸ਼ ਦਾ ਆਰੰਭ ਹੋਇਆ। ਸੋਢੀ ਹੌਲੀ ਹੌਲੀ ਸਵਤੰਤਰ ਅਤੇ ਸ਼ਕਤੀਸ਼ਾਲੀ ਹੁੰਦੇ ਗਏ, ਉਨ੍ਹਾਂ ਨੇ ਕਈ ਦੇਸ਼ਾਂ ਨੂੰ ਜਿੱਤ ਲਿਆ ਅਤੇ ਆਖ਼ਰ ਪੰਜਾਬ ਉੱਤੇ ਧਾਵਾ ਬੋਲ

---

8. ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 47.

ਦਿੱਤਾ। ਕੁਸ਼ੂ ਦੀ ਸੰਤਾਨ ਨੂੰ ਭਾਂਜ ਹੋਈ ਅਤੇ ਹੁਣ ਆਪਣੀ ਵਾਰ ਉਹ ਬਨਾਰਸ ਨੂੰ ਭੱਜ ਨਿਕਲੇ ਜਿਥੇ ਕੁਝ ਸਮਾਂ ਪਾ ਕੇ ਵੇਦਾਂ ਦੇ ਵਾਚਕ ਬਣ ਗਏ ਅਤੇ ਬੇਦੀ ਕਹਾਉਣ ਲੱਗੇ। ਭਾਵੀ ਦੇ ਚਕਰ ਵਿਚ ਇਕ ਹੋਰ ਮੋੜ ਆਇਆ। ਪੁਰਾਣੇ ਮਤਭੇਦਾਂ ਨੂੰ ਮਿਟਾਣ ਲਈ ਪੰਜਾਬ ਦੇ ਸੋਢੀ ਰਾਜੇ ਨੇ ਬੇਦੀਆਂ ਦੇ ਮੁਖੀਏ ਨੂੰ ਇਕ ਸੁਲਾਹ-ਪੱਤਰ ਭੇਜਿਆ ਅਤੇ ਉਸ ਨੂੰ ਅਨੁਯਾਈਆਂ ਸਮੇਤ ਪੰਜਾਬ ਪਰਤ ਆਉਣ ਲਈ ਸੱਦਾ ਦਿੱਤਾ। ਬੇਦੀਆਂ ਦੇ ਮੁਖੀਏ ਨੇ ਪ੍ਰਾਰਥਨਾ ਸਵੀਕਾਰ ਕਰ ਲਈ ਅਤੇ ਉਨ੍ਹਾਂ ਦੇ ਆਉਣ ਤੇ ਸੋਢੀ ਰਾਜੇ ਨੇ ਉਨ੍ਹਾਂ ਨੂੰ ਵੇਦ ਉਚਾਰਨ ਲਈ ਕਿਹਾ। ਉਨ੍ਹਾਂ ਆਗਿਆ ਦਾ ਪਾਲਣ ਕੀਤਾ। ਰਾਜਾ ਅਤਿ ਪ੍ਰਸੰਨ ਹੋਇਆ ਅਤੇ ਆਪਣੀ ਸਾਰੀ ਸੰਪੱਤੀ ਬੇਦੀਆਂ ਨੂੰ ਸੌਂਪ ਕੇ ਰਿਸ਼ੀ ਦੇ ਭੇਸ ਵਿਚ ਪ੍ਰਭੂ ਭਗਤੀ ਲਈ ਜੰਗਲ ਵਿਚ ਚਲਾ ਗਿਆ। ਬੇਦੀਆਂ ਦੇ ਮੁਖੀਏ ਨੇ ਸੋਢੀ ਰਾਜੇ ਨੂੰ ਅਸ਼ੀਰਵਾਦ ਦਿੱਤਾ ਤੇ ਕਿਹਾ, "ਜਦ ਮੈਂ ਕਲਯੁਗ ਵਿਚ ਨਾਨਕ ਦੇ ਨਾਮ ਨਾਲ ਆਵਾਂਗਾ ਤਾਂ ਮੈਂ ਸੰਸਾਰ ਵਿਚ ਤੇਰੀ ਉਪਾਸਨਾ ਕਰਵਾਵਾਂਗਾ ਅਤੇ ਤੈਨੂੰ ਉੱਚਤਮ ਸ਼ੋਭਾ ਪ੍ਰਾਪਤ ਹੋਏਗੀ।" ਇਹ ਅਸ਼ੀਰਵਾਦ ਉਦੋਂ ਪੂਰਾ ਹੋਇਆ ਜਦੋਂ ਗੁਰੂ ਅਮਰ ਦਾਸ ਨੇ ਰਾਮ ਦਾਸ ਸੋਢੀ ਨੂੰ ਗੁਰਿਆਈ ਦਿੱਤੀ ਅਤੇ ਜਿਸ ਦੇ ਵੰਸ਼ ਵਿਚ ਇਹ ਅਨੁਵੰਸ਼ਿਕ ਹੋ ਗਈ।[9]

ਇਥੇ ਸਮਰਪਣ ਅਤੇ ਸੇਵਾ ਦਾ ਬੁਨਿਆਦੀ ਵਿਚਾਰ ਅਲੋਪ ਹੈ ਅਤੇ ਕਥਾ ਦਾ ਇਕੋ ਇਕ ਸਬੰਧ ਅਨੁਵੰਸ਼ਿਕ ਆਧਾਰ ਤੇ ਗੁਰਿਆਈ ਪ੍ਰਾਪਤੀ ਨੂੰ ਇਤਿਹਾਸਕ ਸਿੱਧੀ ਦੇਣ ਦਾ ਹੈ। ਗੁਰਗੱਦੀ ਹੁਣ ਅਨੁਵੰਸ਼ਿਕ ਪਦਵੀ ਘੋਸ਼ਿਤ ਕਰ ਦਿੱਤੀ ਗਈ ਜੋ ਹੱਕ ਵਜੋਂ ਸੋਢੀ ਵੰਸ਼ ਦੀ ਹੈ ਅਤੇ ਭਾਈ ਗੁਰਦਾਸ ਦੀ ਭਵਿਸ਼ਬਾਣੀ ਕਿ "ਸੋਢੀ ਇਸ ਨੂੰ ਹੱਥੋਂ ਨਹੀਂ ਜਾਣ ਦੇਣਗੇ," ਜਿਵੇਂ ਕਿ ਅਸੀਂ ਜਾਣਦੇ ਹਾਂ, ਸਹੀ ਅਰਥਾਂ ਵਿਚ ਪੂਰੀ ਹੋ ਗਈ। ਇਹ ਤਥ ਕਿ ਅਨੁਵੰਸ਼ਿਕ ਪਰੰਪਰਾ ਸਥਾਪਿਤ ਅਤੇ ਅਪਰਿਵਰਤਿਤ ਪ੍ਰਥਾ ਬਣ ਚੁੱਕੀ ਸੀ, ਗੁਰੂ ਅਰਜਨ ਦੇਵ ਦੇ ਦੋ ਸਲੋਕਾਂ ਤੋਂ ਵੀ ਸਪੱਸ਼ਟ ਭਾਂਤ ਦਿਖਾਈ ਦਿੰਦੀ ਹੈ, ਜਿਹੜੇ ਉਨ੍ਹਾਂ ਨੇ ਪ੍ਰਤੱਖ ਰੂਪ ਵਿਚ ਆਪਣੇ ਪੁੱਤਰ ਹਰਿਗੋਬਿੰਦ ਦੇ ਜਨਮ ਤੇ ਲਿਖੇ ਸਨ। ਉਨ੍ਹਾਂ ਨੇ ਇਹ ਲੁਕਾ ਨਹੀਂ ਰੱਖਿਆ ਕਿ ਉਹ ਆਪਣੇ ਉੱਤਰਾਧਿਕਾਰੀ ਦੇ ਜਨਮ ਲਈ ਅਤਿ ਹਾਰਦਿਕ ਯਾਚਨਾ ਕਰ ਰਹੇ ਸਨ ਅਤੇ ਪਰਮਾਤਮਾ ਦੀ ਮਿਹਰ ਨਾਲ ਇਹ ਆਸ ਪੂਰਨ ਹੋਣ ਤੇ ਉਹ ਅਤਿ ਪ੍ਰਸੰਨ ਸਨ। ਪਰ ਜਿਸ ਵਿਚਾਰ ਨਾਲ ਸਾਡਾ ਵਿਸ਼ੇਸ਼ ਸਬੰਧ ਹੈ ਉਹ ਇਹ ਤੱਥ ਹੈ ਕਿ ਉਹ ਪੁੱਤਰ ਦੇ ਜਨਮ ਨੂੰ ਸਿੱਖ ਮਤ ਦੇ ਇਤਿਹਾਸ ਵਿਚ ਮਹੱਤਵਪੂਰਨ ਘਟਨਾ ਖ਼ਿਆਲ ਕਰਦੇ ਹਨ। ਉਹ ਕਹਿੰਦੇ ਹਨ :

ਧਰਮ ਕਲਾ ਹਰਿ ਬੰਧਿ ਬਹਾਲੀ[10]

(ਆਸਾ ਮਹਲਾ ੫, ਪੰਨਾ ੩੯੬)

---

9. ਬਚਿਤ੍ਰ ਨਾਟਕ II-V ਸਨੌਧ ਦੇਸ਼ ਬਨਾਰਸ ਕੋਲ ਦੱਸਿਆ ਜਾਂਦਾ ਹੈ। ਮੈਕਾਲਿਫ ਅਨੁਸਾਰ, "ਇਥੋਂ ਦੇਸਨੌਧੀ ਲੋਕ ਪਿੱਛੋਂ ਜਾ ਕੇ ਸੋਢੀ ਕਹਾਉਣ ਲੱਗੇ" (ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 291 ਫੁ. ਨੋ.)।

10. ਰਾਗ ਆਸਾ, ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ 35. ਟਰੰਪ 'ਧਰਮ ਕਲਾ' ਦਾ ਭਾਵ 'ਧਰਮ ਤੇਜ਼' ਦੱਸਦਾ ਹੈ (ਉਪਰੋਕਤ ਰਚਨਾ, ਪੰਨਾ 557)। ਇਉਂ ਪ੍ਰਤੀਤ ਹੁੰਦਾ ਹੈ ਕਿ ਟਰੰਪ ਨੇ ਕਲਾ ਤੋਂ ਸੋਲਾਂ ਕਲਾ ਜਾਂ ਚੰਦ੍ਰਮਾਂ ਦੀਆਂ ਅਵਸਥਾਵਾਂ ਦਾ ਭਾਵ ਲਿਆ ਹੈ ਅਤੇ ਇਸ ਤੋਂ 'ਤੇਜ਼' ਦੇ ਅਰਕ ਕੱਢੇ ਹਨ। ਪਰ ਜਿਵੇਂ ਕਿ ਕਲਾ ਨੂੰ ਮਸ਼ੀਨ ਦੇ ਭਾਵ ਵਿਚ ਵੀ ਵਰਤਿਆ ਜਾਂਦਾ ਹੈ, ਮੈਕਾਲਿਫ ਦਾ ਅਨੁਵਾਦ ਵਧੇਰੇ ਸਹੀ ਪ੍ਰਤੀਤ ਹੁੰਦਾ ਹੈ।

ਗੁਰੂ ਜੀ ਦੀ ਸੰਤੁਸ਼ਟੀ ਦਾ ਕਾਰਨ, ਨਿਰਸੰਦੇਹ, ਕੁਝ ਹੱਦ ਤਕ ਪ੍ਰਿਥੀਏ ਦੀਆਂ ਸੰਭਾਵਨਾਵਾਂ ਦਾ ਦੂਰ ਹੋ ਜਾਣਾ ਸੀ। ਗੁਰੂ ਅਰਜਨ ਦੇਵ ਦੇ ਨਿਪੁੱਤਰ ਹੋਣ ਨੇ ਪ੍ਰਿਥੀਏ ਦੀਆਂ ਸਾਜਿਸ਼ਾਂ ਲਈ ਕਾਫ਼ੀ ਸੌਖ ਕਰ ਦਿੱਤੀ ਸੀ, ਅਤੇ ਅਸੀਂ ਦੇਖ ਚੁੱਕੇ ਹਾਂ ਕਿ ਹਰਿਗੋਬਿੰਦ ਦੇ ਜਨਮ ਨੇ ਉਸ ਨੂੰ ਇੰਨਾ ਪ੍ਰੇਸ਼ਾਨ ਕਰ ਦਿੱਤਾ ਕਿ ਉਹ ਘਾਤਕ ਇਰਾਦਿਆਂ ਤੋਂ ਵੀ ਝਿਝਕਿਆ ਨਹੀਂ ਸੀ। ਦੂਜੇ ਪਾਸੇ ਗੁਰੂ ਜੀ ਦੇ ਕਥਨ ਰਤਾ ਸ਼ੰਕਾ ਨਹੀਂ ਰਹਿਣ ਦਿੰਦੇ ਕਿ ਹੁਣ ਉਨ੍ਹਾਂ ਲਈ ਕਿਸੇ ਸੱਚੇ ਭਗਤ ਅਤੇ ਆਦਰਸ਼ਕ ਸਿੱਖ ਨੂੰ ਗੁਰ-ਗੱਦੀ ਲਈ ਨਾਮਿਤ ਕਰਕੇ ਪਰੰਪਰਾ ਨੂੰ ਤੋੜ ਸਕਣ ਦਾ ਵਿਚਾਰ ਰੱਖਣਾ ਬੀਤੇ ਦੀ ਗੱਲ ਹੋ ਗਿਆ ਸੀ; ਉਦਾਹਰਣ ਵਜੋਂ ਭਾਈ ਗੁਰਦਾਸ ਵਰਗੇ ਨੂੰ ਜਿਸ ਦੀਆਂ ਲਿਖਤਾਂ ਨੂੰ ਉਨ੍ਹਾਂ ਗ੍ਰੰਥ ਸਾਹਿਬ ਵਿਚ ਸੰਕਲਿਤ ਕਰਨ ਦਾ ਸਨਮਾਨ ਦਿੱਤਾ ਸੀ, ਪਰ ਭਾਈ ਜੀ ਨੇ ਕੇਵਲ ਆਪਣੇ ਅਤਿ ਨਿਮਰ ਸੁਭਾਵ ਕਾਰਨ ਅਜੇਹਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਗੁਰ-ਗੱਦੀ ਰਾਮ ਦਾਸ ਵੰਸ਼ ਦਾ ਪੱਕਾ ਅਧਿਕਾਰ ਬਣ ਗਈ ਸੀ ਅਤੇ ਇਸੇ ਕਾਰਨ ਗੁਰੂ ਅਰਜਨ ਜੀ ਨੇ ਹਰਿਗੋਬਿੰਦ ਦੇ ਜਨਮ ਨੂੰ 'ਧਰਮ ਕਲਾ ਦਾ ਬੰਧਾਨ' ਜਾਂ ਦੂਜੇ ਸ਼ਬਦਾਂ ਵਿਚ ਸਿੱਖ ਮਤ ਦੇ ਵਿਕਾਸ ਅਤੇ ਨਿਰੰਤਰ ਅਸਤਿਤਵ ਨਾਲ ਤੁਲਨਾ ਦਿੱਤੀ ਹੈ।

ਸੋ ਇਹ ਪ੍ਰਤੀਤ ਹੁੰਦਾ ਹੈ ਕਿ ਗੁਰ-ਗੱਦੀ ਲਈ ਕ੍ਰਮਵਾਰ ਨਾਮਜ਼ਦਗੀ ਦੀਆਂ ਪਰਿਸਥਿਤੀਆਂ, ਸਾਡੇ ਲਈ ਇਕ ਆਦਰਸ਼ਕ ਅਤੇ ਸੰਪੂਰਨ ਸਿੱਖ ਦੇ ਲੱਛਣਾਂ ਨੂੰ ਸਮਝਾਣ ਲਈ ਕੋਈ ਅਚੁਕ ਸੰਕੇਤ ਨਹੀਂ ਦਿੰਦੀਆਂ। ਜੇਠਾਧਿਕਾਰ ਦੇ ਨਿਯਮ ਨੂੰ, ਨਿਰਸੰਦੇਹ, ਕਦੇ ਵੀ ਦ੍ਰਿੜ੍ਹਤਾ ਨਾਲ ਨਹੀਂ ਲਿਆ ਗਿਆ ਅਤੇ ਅਜੇ ਵੀ ਇਹੋ ਪ੍ਰਥਾ ਰਹੀ ਸੀ ਕਿ ਸਭ ਤੋਂ ਵਧੇਰੇ ਯੋਗ ਵਿਅਕਤੀ ਨੂੰ ਨਾਮਜ਼ਦ ਕੀਤਾ ਜਾਵੇ।[11] ਹੋਰ, ਸਿੱਖ ਲਿਖਤਾਂ ਦਾ ਇਹ ਦਾਅਵਾ ਹੈ ਕਿ ਗੁਰ-ਗੱਦੀ ਦੀ ਨਾਮਜ਼ਦਗੀ ਦੇ ਸਰਵਮਹੱਤਾ ਵਾਲੇ ਮਾਮਲੇ ਵਿਚ ਮੂਲਿਕ ਸੇਵਾ ਅਤੇ ਸਮਰਪਣ ਦੇ ਆਦਰਸ਼ ਇਕ ਸਮਾਨ ਪ੍ਰਮੁੱਖ ਭਾਗ ਪਾਉਂਦੇ ਰਹੇ ਹਨ, ਪਰ ਹੁਣ ਚੋਣ-ਖੇਤਰ ਇਕੋ ਘਰਾਣੇ ਤਕ ਸੀਮਿਤ ਕਰ ਦਿੱਤਾ ਗਿਆ ਸੀ ਅਤੇ ਇਹ ਅਸੰਭਵ ਨਹੀਂ ਹੈ ਕਿ ਅਸੰਤੁਸ਼ਟ ਉਮੀਦਵਾਰਾਂ ਦੇ ਚਰਿੱਤ੍ਰ ਸਿੱਖ ਲਿਖਤਾਂ ਵਿਚ ਅਨੁਚਿਤ ਹੀ ਭੈੜੇ ਦਿਖਾਏ ਗਏ ਹਨ। ਪਰ ਇਹ ਦ੍ਰਿਸ਼ਟੀਕੋਣ ਅਵੱਸ਼ ਹੀ ਤਿਆਗਣਾ ਹੋਵੇਗਾ।

ਪਰ ਚੰਗੇ ਭਾਗਾਂ ਨੂੰ ਸਾਡੇ ਲਈ ਇਹ ਕੋਈ ਸਥੂਲ ਅੰਤਰ ਨਹੀਂ ਪਾਉਂਦਾ। ਇਕ ਗੱਲ ਜਿਹੜੀ ਹੁਣ ਤਕ ਅਸੀਂ ਸਮਝ ਸਕੇ ਹਾਂ— ਸਮਰਪਣ ਅਤੇ ਸੇਵਾ ਦਾ ਸਿੱਧਾਂਤ, ਹੋਰ ਅਧਿਕ ਭਰੋਸੇ ਯੋਗ ਪ੍ਰਮਾਣਾਂ ਦੁਆਰਾ ਕਾਫ਼ੀ ਹੱਦ ਤਕ ਸਿੱਧ ਹੋ ਚੁੱਕਿਆ ਹੈ। ਇਹ ਪਹਿਲਾਂ ਵੀ ਸੰਕੇਤ ਕੀਤਾ ਗਿਆ ਹੈ ਕਿ ਗੁਰੂ ਨਾਨਕ-ਪੱਧਤੀ ਵਿਚ ਗੁਰੂ ਉਹ ਧੁਰੀ ਹੈ ਜਿਸ ਦੁਆਲੇ ਹੋਰ ਸਭ ਵਸਤਾਂ ਘੁੰਮਦੀਆਂ ਹਨ। ਸਿੱਖਾਂ ਨੂੰ ਪ੍ਰਭੂ ਦੇ ਮਾਰਗ

11. ਜਿਵੇਂ ਕਿ ਨਾਰੰਗ ਕਹਿੰਦਾ ਹੈ, "ਇਹ ਮਹੱਤਵਪੂਰਨ ਹੈ ਕਿ ਗੁਰਿਆਈ ਦੇ ਅਨੁਵੰਸ਼ਿਕ ਹੋ ਜਾਣ ਤੇ ਵੀ, ਗੁਰ-ਗੱਦੀ ਤੇ ਸਭ ਤੋਂ ਅਧਿਕ ਯੋਗ ਵਿਅਕਤੀ ਨੂੰ ਸਥਾਪਿਤ ਕੀਤਾ ਜਾਂਦਾ ਸੀ। ਆਪਣੇ ਭਰਾ ਅਤੇ ਚਾਚੇ ਨੂੰ ਪਛਾੜ ਕੇ ਗੁਰੂ ਹਰਕ੍ਰਿਸ਼ਨ, ਜੋ ਅਜੇ ਅੱਠ ਸਾਲਾਂ ਦਾ ਬੱਚਾ ਹੀ ਸੀ, ਨੇ ਵੀ ਵਧੀਆ ਚੋਣ ਕੀਤੀ (*ਉਪਰੋਕਤ ਰਚਨਾ*, ਪੰਨਾ 65).

ਤੇ ਚੱਲਣ, ਉਸ ਦੇ ਭਾਣੇ ਵਿਚ ਸੰਤੁਸ਼ਟ ਰਹਿਣ ਅਤੇ ਉਸ ਦੇ ਹੁਕਮ ਨੂੰ ਮੰਨਣ ਲਈ ਕਿਹਾ ਗਿਆ ਸੀ। ਪਰ ਹੋਰਨਾਂ ਵਿਸ਼ਿਆਂ ਵਾਂਗ ਇਸ ਵਿਸ਼ੇ ਵਿਚ ਵੀ ਗੁਰੂ ਹੀ ਠੀਕ ਰਾਹ ਦਰਸਾਉਂਦਾ ਸੀ, ਪਰਮਾਤਮਾ ਦੇ ਭਾਣੇ ਦੀ ਵਿਆਖਿਆ ਕਰਦਾ ਸੀ, ਅਤੇ ਪਰਮਾਤਮਾ ਦਾ ਹੁਕਮ ਵੀ ਗੁਰੂ ਦੇ ਆਦੇਸ਼ਾਂ ਰਾਹੀਂ ਮਿਲਦਾ ਸੀ। ਇਸ ਲਈ ਗੁਰੂ ਦੀ ਆਗਿਆ ਪਾਲਣਾ ਅਨਿਵਾਰੀ ਸੀ। ਇਸ ਗੱਲ ਉੱਤੇ ਗ੍ਰੰਥ ਸਾਹਿਬ ਵਿਚ ਵਾਰ ਵਾਰ ਜ਼ੋਰ ਦਿੱਤਾ ਗਿਆ ਹੈ। ਗੁਰੂ ਨਾਨਕ ਜੀ ਕਹਿੰਦੇ ਹਨ :

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥[12]

(ਸਲੋਕ ਵਾਰਾਂ ਤੇ ਵਧੀਕ ਮਹਲਾ ੧, ਪੰਨਾ ੧੪੧੨)

ਇਥੇ ਪੂਰਨ ਆਤਮ ਤਿਆਗ ਦੀ ਮੰਗ ਕੀਤੀ ਗਈ ਹੈ। ਇਸੇ ਰੌਂ ਵਿਚ ਗੁਰੂ ਅਮਰ ਦਾਸ ਆਪਣੇ ਸ਼ਿਸ਼ਾਂ ਨੂੰ ਤਨ, ਮਨ ਅਤੇ ਧਨ ਗੁਰੂ ਦੇ ਅਰਪਣ ਕਰਨ ਅਤੇ ਸੱਚੀ ਪਰਮਗਤੀ ਦੀ ਪ੍ਰਾਪਤੀ ਲਈ, ਗੁਰੂ ਦੀ ਆਗਿਆ ਪਾਲਣ ਲਈ ਕਹਿੰਦੇ ਹਨ।[13] ਗੁਰੂ ਅਮਰ ਦਾਸ ਜੀ ਫੁਰਮਾਂਦੇ ਹਨ :

ਗੁਰਸਿਖ ਮੀਤ ਚਲਹੁ ਗੁਰ ਚਾਲੀ॥
ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ॥ ਰਹਾਉ॥
ਸਤਗੁਰੁ ਸੇਵਿ ਖਰਚੁ ਹਰਿ ਬਾਧਉ,
ਮਤ ਜਾਣਹੁ ਆਜੁ ਕਿ ਕਾਲੀ॥[14]

(ਧਨਾਸਰੀ ਮਹਲਾ ੪, ਪੰਨਾ ੬੬੭)

ਇਹੋ ਜਿਹੇ ਹੋਰ ਅਣਗਿਣਤ ਸ਼ਲੋਕ ਗਿਣਾਏ ਜਾ ਸਕਦੇ ਹਨ। ਸੋ ਇਹ ਮੰਨਣਾ ਹੋਵੇਗਾ ਕਿ ਗੁਰੂ ਪ੍ਰਤਿ ਸੰਪੂਰਨ ਸਮਰਪਣ ਦਾ ਆਦਰਸ਼ ਸਿੱਖ ਮਤ ਦੇ ਮੂਲ ਸਿਧਾਂਤਾਂ ਵਿਚੋਂ ਇਕ ਹੈ। ਜਿਵੇਂ ਕਿ ਭਾਈ ਗੁਰਦਾਸ ਇਸ ਨੂੰ ਸਪੱਸ਼ਟ ਭਾਂਤ ਨਿਰੂਪਤ ਕਰਦਾ ਹੈ :

ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ।
ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।
ਗੋਲਾ ਮੁਲ ਖਰੀਦੁ ਕਾਰੇ ਜੋਵਣਾ।[15]

ਇਹ ਕੋਈ ਕੋਰਾ ਸਿੱਧਾਂਤ ਨਹੀਂ ਸੀ। ਸਿੱਖ ਪਰੰਪਰਾ ਇਸ ਵਿਸ਼ੇ ਸਬੰਧੀ ਬੜੀ ਵਿਆਖਿਆ ਭਰਪੂਰ ਹੈ ਅਤੇ ਇਕਾਗਰਚਿਤ ਭਗਤੀ ਦੀਆਂ ਬਹੁਤ ਸਾਰੀਆਂ ਉਦਾਹਰਨਾਂ ਹਨ ਜਿਹੜੀਆਂ ਨਿਆਇਂ ਅਤੇ ਤਰਕਮਈ ਗੌਰਵ ਦੁਆਰਾ ਸਨਮਾਨੀਆਂ ਅਤੇ ਯਾਦ ਕੀਤੀਆਂ ਜਾਂਦੀਆਂ ਹਨ। ਪਰ ਇਸ ਤੋਂ ਇਲਾਵਾ, ਇਸ ਵਿਸ਼ੇ ਨੂੰ ਮੋਹਸਿਨ

---

12. ਮੈਕਾਲਿਫ, *ਉਪਰੋਕਤ ਰਚਨਾ*, ਸੈਂਚੀ ਪਹਿਲੀ, ਪੰਨਾ 382.
13. *ਉਹੀ*, ਸੈਂਚੀ ਦੂਜੀ, ਪੰਨਾ 120.
14. *ਉਹੀ*, ਪੰਨਾ 325.
15. ਭਾਈ ਗੁਰਦਾਸ, ਵਾਰ ਤੀਜੀ, ਪਉੜੀ 18.

ਫ਼ਾਨੀ ਦੀ ਪੁਸਤਕ ਦਬਿਸਤਾਨ ਵਿਚ ਦਰਜ ਅਨੇਕਾਂ ਛੋਟੀਆਂ ਛੋਟੀਆਂ ਕਥਾਵਾਂ ਦੁਆਰਾ ਸਪੱਸ਼ਟ ਭਾਂਤ ਨਿਰੂਪਤ ਕੀਤਾ ਗਿਆ ਹੈ। ਅਸੀਂ ਸੱਦੇ ਦੀ ਵਾਰਤਾ ਪਹਿਲਾਂ ਹੀ ਦੇਖ ਚੁੱਕੇ ਹਾਂ, ਜਿਸ ਨੂੰ ਗੁਰੂ ਜੀ ਨੇ ਇਰਾਕ ਤੋਂ ਘੋੜੇ ਲਿਆਉਣ ਦਾ ਹੁਕਮ ਦਿੱਤਾ ਸੀ। ਜਦ ਉਹ ਆਪਣੇ ਘਰ ਤੋਂ ਇਕ ਦਿਨ ਦੀ ਵਾਟ ਤੇ ਹੀ ਗਿਆ ਸੀ ਤਾਂ ਉਸ ਨੂੰ ਇਹ ਸੂਚਨਾ ਪਹੁੰਚਾ ਦਿੱਤੀ ਗਈ ਕਿ ਉਸ ਦਾ ਪੁੱਤਰ ਬੀਮਾਰ ਹੈ ਅਤੇ ਖ਼ਤਰੇ ਤੋਂ ਖ਼ਾਲੀ ਨਹੀਂ ਅਤੇ ਉਸ ਨੂੰ ਵਾਪਸ ਆਉਣ ਅਤੇ ਆਪਣੇ ਪੁੱਤਰ ਨੂੰ ਦੇਖਣ ਲਈ ਕਿਹਾ ਗਿਆ। ਸੱਦੇ ਨੇ ਉੱਤਰ ਦਿੱਤਾ: "ਜੇਕਰ ਉਹ ਮਰ ਜਾਏ ਤਾਂ ਘਰ ਵਿਚ ਉਸ ਨੂੰ ਜਲਾਉਣ ਲਈ ਕਾਫ਼ੀ ਲਕੜੀਆਂ ਹਨ। ਮੈਂ ਗੁਰੂ ਦੀ ਕਾਰ ਤੇ ਜਾ ਰਿਹਾ ਹਾਂ ਅਤੇ ਮੇਰਾ ਮੁੜਨਾ ਕਠਿਨ ਹੈ।" ਉਸ ਦੇ ਪੁੱਤਰ ਦੀ ਮ੍ਰਿਤੂ ਹੋ ਗਈ ਪਰ ਉਹ ਵਾਪਸ ਨਹੀਂ ਪਰਤਿਆ।[16] ਇਕ ਸਿੱਖ ਨੂੰ ਕਿਹੋ ਜਿਹਾ ਹੋਣਾ ਚਾਹੀਦਾ ਹੈ, ਇਸ ਲਈ ਅਸੀਂ ਸੱਦੇ ਨੂੰ ਨਮੂਨਾ ਮਿਥ ਸਕਦੇ ਹਾਂ। ਮੋਹਸਿਨ ਫ਼ਾਨੀ ਨੇ ਜੋ ਹੋਰ ਦ੍ਰਿਸ਼ਟਾਂਤ ਦਿੱਤੇ ਹਨ, ਉਹ ਬਹੁਤ ਅੰਤਮਪਖੀ ਹਨ ਅਤੇ ਇਸ ਦ੍ਰਿੜ੍ਹ ਆਗਿਆ ਪਾਲਣ ਦੇ ਵਿਚਾਰ ਨੂੰ ਆਮ ਕਰਕੇ ਤਰਕਹੀਣਤਾ ਦੀਆਂ ਹੱਦਾਂ ਤਕ ਲੈ ਜਾਂਦੇ ਹਨ। ਸਾਨੂੰ ਦੱਸਿਆ ਜਾਂਦਾ ਹੈ ਕਿ ਇਕ ਜਹਾਨ ਦਾਸ ਨਾਮੀ ਸਿੱਖ ਸੀ। "ਉਹ ਆਪਣੇ ਭਾਸ਼ਣਾਂ ਵਿਚ ਬਹੁਤ ਉੱਚਾ ਅਤੇ ਘਮੰਡੀ ਸੀ, ਕਿਸੇ ਨਾਲ ਉਹ ਸਹਿਮਤ ਨਹੀਂ ਸੀ ਹੁੰਦਾ ਅਤੇ ਜ ਦੁਖ ਸੁਖ ਵਿਆਪ ਸਕਦਾ ਸੀ ਉਸ ਤੋਂ ਉਹ ਵਿਮੁਖ ਸੀ।" ਇਕ ਦਿਨ ਗੁਰੂ ਜੀ ਨੇ ਉਸ ਦੇ ਪੈਰ ਤੇ ਜ਼ਖਮ ਦੇਖ ਕੇ ਜਹਾਨ ਦਾਸ ਨੂੰ ਕਿਹਾ ਕਿ ਇਸ ਨੂੰ ਬਹੁਤਾ ਬੰਨ੍ਹ ਕੇ ਨਾ ਰਖੇ ਅਤੇ ਨਾ ਹੀ ਧਰਤੀ ਤੇ ਲਾਏ। ਜਹਾਨ ਦਾਸ ਨੇ ਤਿੰਨ ਮਹੀਨੇ ਪੈਰ ਨੂੰ ਨੰਗਾ ਰੱਖਿਆ ਅਤੇ ਇਸ ਆਦਤ ਨੂੰ ਉਸ ਨੇ ਉਦੋਂ ਤਿਆਗਿਆ ਜਦ ਕਿ ਉਹ ਗੁਰੂ ਜੀ ਨੂੰ ਦੁਬਾਰਾ ਮਿਲਿਆ ਅਤੇ ਉਨ੍ਹਾਂ ਨੇ ਇਹ ਵਿਸ਼ਵਾਸ ਦਿਵਾਇਆ ਕਿ ਅਜੇਹਾ ਕਰਨ ਲਈ ਪੈਰ ਵਿਚਲੇ ਜ਼ਖਮ ਦੀ ਸਵਾਧਾਨੀ ਲਈ ਕਿਹਾ ਗਿਆ ਸੀ। ਇਕ ਹੋਰ ਅਵਸਰ ਤੇ ਗੁਰੂ ਜੀ ਬਾਗ਼ ਅੰਦਰ ਗਏ ਤਾਂ ਉਹ ਜਹਾਨ ਦਾਸ ਨੂੰ ਦਰਵਾਜ਼ੇ ਤੇ ਠਹਿਰਣ ਲਈ ਕਹਿ ਗਏ। ਪਰ ਗੁਰੂ ਜੀ ਕਿਸੇ ਹੋਰ ਦਰਵਾਜ਼ੇ ਰਾਹੀਂ ਬਾਹਰ ਪਰਤ ਆਏ। ਜਹਾਨ ਦਾਸ ਤਿੰਨ ਦਿਨ ਉਥੇ ਹੀ ਖੜਾ ਰਿਹਾ। ਜਦ ਗੁਰੂ ਜੀ ਨੂੰ ਇਸ ਬਾਰੇ ਦੱਸਿਆ ਗਿਆ ਤਾਂ ਉਸ ਨੂੰ ਬੁਲਾਇਆ ਗਿਆ। ਇਕ ਹੋਰ ਦਿਨ ਗੁਰੂ ਜੀ ਨੇ ਉਸ ਨੂੰ ਕਿਹਾ ਕਿ "ਸਿੱਖਾਂ ਨੂੰ ਲੰਗਰ ਲਈ ਲਕੜਾਂ ਲਿਆਉਣ ਲਈ ਕਹੇ ਤਾਂ ਕਿ ਉਹ ਕੁਝ ਕਮਾ ਸਕਣ।" ਦੂਜੇ ਦਿਨ ਜਹਾਨ ਦਾਸ ਕਿਧਰੇ ਨਾ ਦਿੱਸਿਆ। ਉਸ ਦੇ ਦਿਮਾਗ਼ ਦੀ ਖਰਾਬੀ ਦੇ ਸ਼ੱਕ ਕਾਰਨ ਗੁਰੂ ਜੀ ਸਿੱਖਾਂ ਸਮੇਤ ਉਸ ਦੀ ਭਾਲ ਵਿਚ ਨਿਕਲ ਤੁਰੇ ਅਤੇ ਦੇਖਿਆ ਕਿ ਉਹ ਮੋਢਿਆਂ ਉੱਤੇ ਲਕੜਾਂ ਦਾ ਗੱਠਾ ਚੁੱਕੀ ਆ ਰਿਹਾ ਹੈ। ਗੁਰੂ ਜੀ ਨੇ ਕਿਹਾ, "ਮੈਂ ਤੈਨੂੰ ਇਹ ਲਿਆਉਣ ਲਈ ਨਹੀਂ ਕਿਹਾ ਸੀ।" ਜਹਾਨ ਦਾਸ ਨੇ ਉੱਤਰ ਦਿੱਤਾ, "ਤੁਸਾਂ ਸਿੱਖਾਂ ਨੂੰ ਹੁਕਮ ਦਿੱਤਾ ਸੀ, ਤੇ ਮੈਂ ਇਕ ਸਿੱਖ ਹਾਂ, ਤੇ ਉਨ੍ਹਾਂ ਤੋਂ ਉਚੇਰੀ ਕਿਸੇ ਵਸਤ ਨੂੰ ਮੈਂ ਨਹੀਂ ਜਾਣਦਾ।"[17] ਇਹ ਜਹਾਨ ਦਾਸ ਪ੍ਰਤੱਖ ਰੂਪ ਵਿਚ ਉਚਾਟ ਸੁਭਾਅ ਵਾਲਾ ਵਿਅਕਤੀ ਸੀ ਅਤੇ ਸਾਨੂੰ ਉਸ ਦੇ ਖ਼ਬਤ ਨੂੰ ਗੰਭੀਰਤਾ ਨਾਲ ਨਹੀਂ ਲੈਣਾ ਚਾਹੀਦਾ।

16. ਦਬਿਸਤਾਨ, ਸੈਂਚੀ ਦੂਜੀ, ਪੰਨਾ 284.
17. *ਦਬਿਸਤਾਨ, ਸੈਂਚੀ ਦੂਜੀ*, ਪੰਨਾ 282, 283.

ਪਰ ਆਖਰੀ ਵਾਰਤਾ ਜਿਸ ਨੂੰ ਹੁਣ ਅਸੀਂ ਵਿਚਾਰਨ ਲੱਗੇ ਹਾਂ, ਅਤਿ ਗੰਭੀਰ ਸੁਭਾਅ ਵਾਲੀ ਹੈ ਅਤੇ ਦਿਮਾਗ਼ੀ ਵਿਗਾੜ ਨੂੰ ਪ੍ਰਗਟਾਉਂਦੀ ਹੈ ਜਿਸ ਨੂੰ ਨਿਆਇ ਯੁਕਤ ਦੱਸਣਾ ਕਠਿਨ ਹੈ। ਇਕ ਦਿਨ ਗੁਰੂ ਜੀ ਨੇ ਬੋਲਣ ਵਾਲੇ ਤੋਤੇ ਦੀ ਚਾਹਨਾ ਪ੍ਰਗਟਾਈ, ਅਤੇ ਇਹ ਕਿਹਾ ਜਾਂਦਾ ਹੈ ਕਿ ਇਕ ਸਿੱਖ ਝਟ ਪਟ ਇਕ ਤੋਤੇ ਵਾਲੇ ਕੋਲ ਗਿਆ ਅਤੇ ਆਪਣੀ ਇਸਤਰੀ ਅਤੇ ਧੀ ਦੇ ਵਟਾਂਦਰੇ ਵਿਚ ਤੋਤਾ ਲੈ ਆਇਆ ਅਤੇ ਗੁਰੂ ਜੀ ਨੂੰ ਪੇਸ਼ ਕਰ ਦਿੱਤਾ।[18] ਸਰਕਾਰ ਕਹਿੰਦਾ ਹੈ, "ਜੋ ਨੈਤਿਕ ਨਿਰਣੇ ਦਾ ਵਿਕਾਰ ਅਤੇ ਵਸਤਾਂ ਦੀ ਸਾਪੇਖ ਕੀਮਤ ਦੀ ਅਗਿਆਨਤਾ ਇਹ ਅਤੇ ਇਹੋ ਜਿਹੀ ਇਕ ਹੋਰ ਵਾਰਤਾ ਜਿਸ ਨੂੰ ਮੈਂ ਸੁਸ਼ੀਲਤਾ ਕਾਰਨ ਛੱਡ ਦਿੱਤਾ ਹੈ, ਦਰਸਾਉਂਦੀਆਂ ਹਨ, ਅੰਤਮਪਖੀ ਹਨ। ਇਸ ਵਾਂਗ ਹੀ ਗੁਰੂ ਜੀ ਦੇ ਅਨੁਯਾਈਆਂ ਵਿਚ ਸ਼ਰਧਾ ਭਾਵਨਾ ਹੈ।"[19] ਐਪਰ ਕੁਛ ਵੀ ਹੋਵੇ ਇਸ ਵਿਚ ਰਤਾ ਸ਼ੱਕ ਨਹੀਂ ਕਿ ਗੁਰੂ ਦੀ ਦ੍ਰਿੜ੍ਹਤਾ ਸਹਿਤ ਆਗਿਆ ਪਾਲਣ ਦਾ ਵਿਚਾਰ ਵਾਸਤਵਿਕ ਹੈ, ਕੇਵਲ ਪਾਠ ਪੁਸਤਕ ਦਾ ਸੂਤਰ ਮਾਤਰ ਹੀ ਨਹੀਂ।

ਸੋ ਇਹ ਸਮਝ ਲੈਣਾ ਅਤਿ ਮਹੱਤਵਪੂਰਨ ਹੈ ਕਿ ਸਿੱਖ ਮਤ ਵਿਚ ਗੁਰੂ ਤੋਂ ਕੀ ਭਾਵ ਹੈ ਅਤੇ ਇਹ ਕਿਸ ਦਾ ਪ੍ਰਤਿਨਿਧ ਹੈ। ਇਹ ਪਹਿਲੋਂ ਵੀ ਵੇਖਿਆ ਗਿਆ ਹੈ ਕਿ ਗੁਰੂ ਨਾਨਕ ਜੀ ਨੇ ਸਪੱਸ਼ਟ ਕਹਿ ਦਿੱਤਾ ਸੀ ਕਿ ਗੁਰੂ ਬਿਨਾਂ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ ਅਤੇ ਸਮੁੱਚੇ ਤੌਰ ਤੇ ਇਹ ਪ੍ਰਤੀਤ ਹੁੰਦਾ ਹੈ ਕਿ ਗੁਰੂ ਨਾਨਕ ਜੀ ਦੀ ਬਾਣੀ ਵਿਚ 'ਗੁਰੂ' ਤੋਂ ਭਾਵ ਉਹ ਵਾਹਣ ਹੈ ਜੋ ਜੀਵ ਆਤਮਾ ਅਤੇ ਪਰਮਾਤਮਾ ਵਿਚਕਾਰ ਸੰਪਰਕ ਪੈਦਾ ਕਰਦਾ ਹੈ, ਉਹ ਮਾਧਿਅਮ ਹੈ ਜਿਸ ਰਾਹੀਂ ਸ਼ਬਦ ਅਤੇ ਪਰਮਾਤਮਾ ਦੀ ਮਿਹਰ ਪ੍ਰਾਪਤ ਹੁੰਦੀ ਹੈ। ਗੁਰੂ ਜੀ ਅਮਰ ਪਦਾਰਥ ਦਾ ਖਜ਼ਾਨਾ ਹੈ ਅਤੇ ਉਹ ਆਪ ਹੀ ਵੰਡਣਹਾਰਾ ਹੈ।[20] ਸ਼ਬਦ ਬਿਨਾਂ ਕੋਈ ਪਾਰ ਨਹੀਂ ਲੰਘ ਸਕਦਾ। ਇਹ ਗੁਰੂ ਹੀ ਹੈ ਜੋ ਸ਼ਬਦ ਸੁਣਾਉਂਦਾ ਹੈ। 'ਗੁਰੂ ਪਰਮਗਤਿ ਦਾ ਬੋਹਿਥਾ' ਹੈ, ਘਰ ਜਾਣ ਲਈ ਪੌੜੀ ਹੈ, ਜਿੰਦਰਾ ਖੋਲ੍ਹਣ ਲਈ ਕੁੰਜੀ ਹੈ ਅਤੇ ਆਤਮਾ ਅਤੇ ਪਰਮਾਤਮਾ ਨੂੰ ਮਿਲਾਵਣਹਾਰਾ ਹੈ। ਉਹ ਪਰਮਾਤਮਾ ਦਾ ਕਾਰਿੰਦਾ ਹੈ ਪਰ ਇਕੋ ਕਾਰਿੰਦਾ ਕਿਉਂਕਿ :

ਬਿਨੁ ਗੁਰ ਸਬਦ ਨ ਛੂਟੀਐ ਦੇਖਹੁ ਵੀਚਾਰਾ॥
ਜੇ ਲਖ ਕਰਮ ਕਮਾਵਹੀ ਬਿਨੁ ਗੁਰ ਅੰਧਿਆਰਾ॥[21]

(ਗਉੜੀ ਪੰਨਾ ੨੨੮)

ਪਰ ਇਸ ਦੇ ਨਾਲ ਹੀ 'ਗੁਰੂ' ਨੂੰ ਅਵਿਅਕਤੀਵਾਚਕ ਰੂਪ ਵਿਚ ਪੇਸ਼ ਕੀਤਾ

---

18. *ਉਹੀ*, ਪੰਨਾ 286.
19. *History of Aurangzib*. Vol. III, p. 357.
ਇਸੇ ਕਾਰਨ ਹੀ ਅਸੀਂ ਇਸ ਵਾਰਤਾ ਨੂੰ ਇਥੇ ਦੇ ਨਹੀਂ ਸਕਦੇ। ਸਰਕਾਰ ਕਹਿੰਦਾ ਹੈ, "ਇਸ ਤੋਂ ਪ੍ਰਗਟ ਹੈ ਕਿ 17 ਵੀਂ ਸਦੀ ਦੇ ਮੱਧ ਸਮੇਂ ਦੇ ਸਿੱਖ ਇਸਤ੍ਰੀ ਬਾਰੇ ਉਹੀ ਦ੍ਰਿਸ਼ਟੀ ਰਖਦੇ ਸਨ ਜਿਹੜੀ ਮੂੰਨਸਤਰ ਦ ਐਨਬੈਪਿਟਿਸਟ ਰਖਦੇ ਸਨ।" ਸਾਨੂੰ ਇਹ ਜਾਪਦਾ ਹੈ ਕਿ ਇਕ ਲੇਖਕ ਜਿਸ ਨੂੰ ਕਨਿੰਘਮ ਗੱਪੀ ਅਤੇ ਲਾਈ-ਲਗ ਦਸਦਾ ਹੈ (ਪੰਨਾ 27 ਫੁ.ਨੋ. 2), ਦੁਆਰਾ ਭਾਲੀਆਂ ਇਕ ਦੋ ਕਥਾਵਾਂ ਦੇ ਆਧਾਰ ਤੇ ਸਮੁੱਚੀ ਸਿੱਖ ਜਾਤੀ ਨੂੰ ਤ੍ਰਿਸਕਾਰਨਾ, ਸਮਾਲੋਚਨਾਂ ਸਿੱਧਾਂਤ ਦੇ ਪ੍ਰਤਿਕੂਲ ਅਤੇ ਨਿਆਇ ਵਿਰੁੱਧ ਹੋਵੇਗਾ।
20. *ਮਾਝ ਕੀ ਵਾਰ*, ਮਹਲਾ ਪਹਿਲਾ, ਸਲੋਕ 1.
21. ਮੈਕਾਲਿਫ, *ਉਪਰੋਕਤ ਰਚਨਾ, ਸੈਂਚੀ ਪਹਿਲੀ*, ਪੰਨਾ 302.

ਗਿਆ ਹੈ ਅਤੇ ਸੰਭਵ ਹੈ ਕਿ ਕੁਝ ਇਕ ਦ੍ਰਿਸ਼ਟਾਂਤਾਂ ਵਿਚ ਇਸ ਤੋਂ ਭਾਵ ਪ੍ਰਭੂ ਹੋਵੇ। ਜਪੁਜੀ ਵਿਚ ਅਸੀਂ ਪੜ੍ਹਦੇ ਹਾਂ।

ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ।।[22]

(ਜਪੁਜੀ, ਪੰਨਾ ੨)

ਭਾਈ ਕਾਨ੍ਹ ਸਿੰਘ ਕਹਿੰਦਾ ਹੈ ਕਿ ਇਸ ਤੁਕ ਤੋਂ ਇਹ ਭਾਵ ਲੈਣਾ ਚਾਹੀਦਾ ਹੈ ਕਿ ਗੁਰੂ ਤੋਂ ਬਿਨਾਂ ਕੋਈ ਦੇਵੀ ਦੇਵਤਾ ਨਹੀਂ ਹੈ। ਗੁਰੂ ਦਾ ਸਰੂਪ ਇਨ੍ਹਾਂ ਸਭਨਾਂ ਨੂੰ ਆਪਣੇ ਵਿਚ ਸਮੋਈ ਰਖਦਾ ਹੈ।[23] ਅਜੇਹੀਆਂ ਹੋਰ ਬਹੁਤ ਸਾਰੀਆਂ ਤੁਕਾਂ ਹਨ ਜਿਨ੍ਹਾਂ ਵਿਚ ਗੁਰੂ ਨਾਨਕ 'ਪਰਮਾਤਮਾ' ਨੂੰ 'ਗੁਰੂ' ਦਰਸਾ ਰਹੇ ਪ੍ਰਤੀਤ ਹੁੰਦੇ ਹਨ। ਮੈਕਾਲਿਫ[24] ਅਤੇ ਭਾਈ ਕਾਨ੍ਹ ਸਿੰਘ[25] ਨੇ ਇਨ੍ਹਾਂ ਤੁਕਾਂ ਨੂੰ ਇਹ ਸਿੱਧ ਕਰਨ ਲਈ ਪੇਸ਼ ਕੀਤਾ ਹੈ ਕਿ ਸਿੱਖ ਮਤ ਦਾ ਮੋਢੀ ਪਰਮਾਤਮਾ ਨੂੰ ਹੀ ਗੁਰੂ ਮੰਨਦਾ ਹੈ, ਕਿਸੇ ਸੰਸਾਰੀ ਵਿਅਕਤੀ ਨੂੰ ਨਹੀਂ। ਇਸ ਤੋਂ ਅਤਿਰਿਕਤ ਇਕ ਹੋਰ ਸ਼ਬਦ ਵਿਚ ਗੁਰੂ ਜੀ ਕਹਿੰਦੇ ਹਨ ਕਿ ਕਰਤਾ ਆਪ ਹੀ ਬ੍ਰਹਮ ਗਿਆਨੀ ਹੈ ਅਤੇ ਸ਼ਬਦ ਉਸ ਨੇ ਆਪ ਹੀ ਉਚਾਰਿਆ ਹੈ।[26] ਇਹ ਫਿਰ ਇਕ ਨਵਾਂ ਦ੍ਰਿਸ਼ਟੀਕੋਣ ਹੈ ਅਤੇ ਸਾਨੂੰ ਇਥੇ ਗੁਰੂ ਨਾਨਕ ਜੀ ਦੇ ਮਿਸ਼ਨ ਦੇ ਦੈਵੀ ਹੋਣ ਦੇ ਸਿਧਾਂਤ ਦੇ ਮੂਲ ਤੱਤ ਪ੍ਰਤੀਤ ਹੁੰਦੇ ਹਨ। ਇਹ ਸਿੱਧਾਂਤ, ਜਿਵੇਂ ਕਿ ਅਸੀਂ ਵੇਖਾਂਗੇ, ਉਨ੍ਹਾਂ ਤੋਂ ਪਿਛਲੇ ਗੁਰੂਆਂ ਸਮੇਂ ਕਾਫ਼ੀ ਮਹੱਤਾ ਗ੍ਰਹਿਣ ਕਰ ਗਿਆ ਸੀ।

ਸੋ, ਆਰੰਭ ਵਿਚ ਹੀ ਗੁਰਿਆਈ ਦੁਆਲੇ ਰਹੱਸਮਈ ਚੱਕਰ ਖਿੱਚ ਦਿੱਤਾ ਗਿਆ ਹੈ ਅਤੇ ਸਮੇਂ ਦੇ ਬੀਤਣ ਨਾਲ ਇਹ ਰਹੱਸ ਵਧਦਾ ਹੀ ਗਿਆ ਪਰੰਤੂ ਪਰਮਾਤਮਾ ਅਤੇ ਮਨੁੱਖ ਵਿਚਕਾਰ ਪੰਚ ਦੇ ਰੂਪ ਵਿਚ 'ਗੁਰੂ' ਦਾ ਮੂਲ ਸੰਕਲਪ ਕਦੇ ਵੀ ਧੁੰਧਲਾ ਨਹੀਂ ਪਿਆ। ਗੁਰੂ ਅੰਗਦ ਜੀ ਕਹਿੰਦੇ ਹਨ :

ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ।।
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ
ਅਵਰ ਨ ਕੁੰਜੀ ਹਥਿ।।[27]

(ਸਾਰੰਗ ਕੀ ਵਾਰ ਮਹਲਾ ੪, ਪੰਨਾ ੧੨੩੭)

---

22. ਜਪੁਜੀ, ਪਉੜੀ 5.
23. ਗੁਰਮਤ ਪ੍ਰਭਾਕਰ, ਪੰਨਾ 326 ਫੁਟ ਨੋਟ। ਪਰ ਇਸ ਤੋਂ ਇਹ ਵੀ ਭਾਵ ਲਿਆ ਜਾ ਸਕਦਾ ਹੈ ਕਿ ਇਹ ਦੇਵੀ ਦੇਵਤੇ ਕੇਵਲ ਇਕੋ ਸੱਚੇ ਗੁਰੂ ਦੇ ਵੱਖ ਵੱਖ ਰੂਪ ਹਨ।
24. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 54, ਫੁ. ਨੋ. 1.
25. ਗੁਰਮਤ ਪ੍ਰਭਾਕਰ, ਪੰਨਾ 355, 356। ਸੋਰਠਿ ਮਹਲਾ ਪਹਿਲਾ ਵਿਚਲੇ ਸ਼ਬਦ ਤੋਂ ਇਲਾਵਾ, ਜਿਸ ਵੱਲ ਮੈਕਾਲਿਫ ਸੰਕੇਤ ਕਰਦਾ ਹੈ, ਭਾਈ ਕਾਨ੍ਹ ਸਿੰਘ ਨੇ ਦੋ ਹੋਰ ਸ਼ਬਦ ਦੇ ਦਿੱਤੇ ਹਨ।
    ਮਾਰੂ ਮਹਲਾ ਪਹਿਲਾ
    "ਹਰਿ ਗੁਰ ਮੂਰਤਿ ਏਕਾ ਵਰਤੈ ਨਾਨਕ ਹਰਿ ਭਾਇਆ।।"
    ਸੂਹੀ ਅਸਟਪਦੀ, ਮਹਲਾ ਚੌਥਾ ਪੰਨਾ ੭੫੯
    "ਸਤਿਗੁਰ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ।।
    ਓਹ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ।।"
26. ਮੈਕਾਲਿਫ, ਉਪਰੋਕਤ ਰਚਨਾ, ਪੰਨਾ 290.
27. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 53.

ਸੇ ਗੁਰੂ ਦਾ ਹੋਣਾ ਅਨਿਵਾਰੀ ਹੈ ਪਰ ਉਹ ਆਪਣੇ ਆਪ ਵਿਚ ਸਾਧਯ ਨਹੀਂ ਕੇਵਲ ਸਾਧਨ ਮਾਤਰ ਹੈ, ਭਾਵੇਂ ਉਹ ਮੁਕਤੀ ਪ੍ਰਾਪਤੀ ਲਈ ਇਕੋ ਇਕ ਸਾਧਨ ਹੈ। 'ਅਨੰਦ' ਵਿਚ ਗੁਰੂ ਅਮਰ ਦਾਸ ਲਿਖਦੇ ਹਨ :

ਜੇ ਕੋ ਗੁਰ ਤੇ ਵੇਮੁਖ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ॥
ਪਾਵੈ ਮੁਕਤਿ ਨ ਹੋਰਥੈ ਕੋਈ ਪੁਛਹੁ ਬਿਬੇਕੀਆ ਜਾਏ॥
ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ॥
ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ॥
ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ॥[28]

(ਰਾਮਕਲੀ ਮਹਲਾ ੩ ਅਨੰਦੁ, ਪੰਨਾ ੯੨੦)

ਇਥੇ ਸ਼ਬਦ ਨੂੰ ਸੁਝਾਉਣ ਵਾਲਾ ਫਿਰ ਗੁਰੂ ਹੀ ਹੈ ਅਤੇ ਕੇਵਲ ਉਸ ਦੁਆਰਾ ਹੀ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਗੁਰੂ ਰਾਮ ਦਾਸ ਜੀ 'ਗੁਰੂ' ਨੂੰ ਥੋਕ ਦੇ ਵਪਾਰੀ ਨਾਲ ਤੁਲਨਾ ਦਿੰਦੇ ਹਨ ਜੋ ਨਾਮ ਦਾ ਵਪਾਰ ਕਰਦਾ ਹੈ ਅਤੇ ਪ੍ਰਚੂਨ ਵਪਾਰੀਆਂ ਅਰਥਾਤ ਆਪਣੇ ਸ਼ਿਸ਼ਾ ਨੂੰ ਸ਼ਬਦ ਦੁਆਰਾ ਪਾਰ ਲੰਘਾਉਂਦਾ ਹੈ।[29] 'ਗੁਰੂ' ਵਿਚੋਲਾ ਜਾਂ ਪੰਚ ਹੈ[30] ਅਤੇ

ਬਿਨੁ ਸਤਿਗੁਰ ਹਰਿ ਨਾਮੁ ਨ ਲਭਈ
ਲਖ ਕੋਟੀ ਕਰਮ ਕਮਾਉ।[31]

(ਸਿਰੀ ਰਾਗ ਮਹਲਾ ੪, ਪੰਨਾ ੪੦)

ਵਿਸ਼ੇ ਨੂੰ ਹੋਰ ਅਗਾਂਹ ਲਿਜਾਣ ਦੀ ਲੋੜ ਨਹੀਂ ਜਾਪਦੀ। ਕੇਵਲ ਇਹੀ ਕਹਿਣਾ ਕਾਫ਼ੀ ਹੈ ਕਿ ਭਾਈ ਗੁਰਦਾਸ ਵੀ, ਜਿਸਦੇ ਹੱਥਾਂ ਵਿਚ ਗੁਰੂ ਦਾ ਦੈਵੀਕਰਨ ਆਪਣੇ ਸਿਖਰ ਤੇ ਪੁੱਜ ਗਿਆ ਸੀ, ਗੁਰਿਆਈ ਦੇ ਇਸ ਪੱਖ ਉੱਤੇ ਬਲ ਦੇਣੋਂ ਨਹੀਂ ਉਕਦੇ, ਭਾਵੇਂ ਪੰਚ ਦਾ ਵਿਚਾਰ ਸਦਾ ਹੀ ਸੱਚੇ ਮਾਰਗ ਨੂੰ ਨਿਰਧਾਰਿਤ ਕਰਨ ਵਾਲੇ ਅਤੇ ਸੰਸਾਰ ਦੇ ਤਾਰਨਹਾਰ ਨਾਲ ਓਤਪੋਹ ਹੋਇਆ ਹੈ।[32]

ਪਰੰਤੂ ਇਹ ਨਵੀਂ ਗੱਲ ਨਹੀਂ ਸੀ ਅਤੇ ਨਾ ਹੀ ਇਹ ਸਿੱਖ ਮਤ ਦੀ ਕੋਈ ਖ਼ਾਸ ਵਿਸ਼ੇਸ਼ਤਾ ਸੀ। ਪੰਚ ਦੇ ਰੂਪ ਵਿਚ ਸੰਕਲਪ ਅਤੇ ਇਸ ਦੀ ਅਨਿਵਾਰਿਤਾ ਵਿਚ ਵਿਸ਼ਵਾਸ ਉਪਨਿਸ਼ਦਾਂ ਨਾਲੋਂ ਪ੍ਰਾਚੀਨ ਨਹੀਂ ਤਾਂ ਉਨ੍ਹਾਂ ਜਿੰਨਾ ਪੁਰਾਣਾ ਜ਼ਰੂਰ ਹੈ ਅਤੇ ਇਸ ਨੂੰ ਮੱਧਕਾਲੀ ਸਕੂਲ ਦੇ ਉਪਦੇਸ਼ਕਾਂ ਨੇ ਇਹੋ ਜਿਹੇ ਬਲ ਨਾਲ ਦ੍ਰਿੜ੍ਹਾਇਆ ਹੈ। ਅੰਤਰ ਦੂਜੇ ਪੱਖਾਂ ਤੋਂ ਉਤਪੰਨ ਹੁੰਦਾ ਹੈ ਜਦ ਕਿ ਅਖ਼ੀਰ ਵਿਚ ਗੁਰਿਆਈ ਨੇ ਸਿੱਖ ਮਤ ਵਿਚ ਇਕ ਅਦੁੱਤੀ ਦਰਜਾ ਧਾਰਨ ਕਰ ਲਿਆ। ਪਹਿਲੀ ਗੱਲ ਇਹ ਹੈ ਕਿ ਇਹ ਦੇਖਣਾ ਮਹੱਤਵਪੂਰਨ ਹੈ ਕਿ ਮੱਧਕਾਲੀ ਸਕੂਲ ਦੇ ਹੋਰ ਮਤਾਂ ਖ਼ਾਸ ਕਰਕੇ ਕਬੀਰ

28. ਮੈਕਾਲਿਫ, ਸੈਂਚੀ ਦੂਜੀ, ਪੰਨਾ 124.
29. *ਉਹੀ*, ਪੰਨਾ 311.
30. *ਉਹੀ*, ਪੰਨਾ 309.
31. ਮੈਕਾਲਿਫ, ਸੈਂਚੀ ਦੂਜੀ, ਪੰਨਾ 287.
32. ਭਾਈ ਗੁਰਦਾਸ, ਵਾਰ ਸੋਲਵੀਂ, ਪਉੜੀ 13; ਵਾਰ ਚੌਵੀਵੀਂ, ਪਉੜੀ 2.

ਪੰਥੀਆਂ ਨੇ ਚੋਣ ਦੀ ਖੁਲ੍ਹ ਦਿੱਤੀ ਅਤੇ ਗੁਰੂ ਦੀ ਚੋਣ ਵਿਚ ਅਤਿ ਸਾਵਧਾਨੀ ਦੀ ਵਰਤੋਂ ਕਰਨ ਲਈ ਕਿਹਾ।[33] ਸੋ ਉਨ੍ਹਾਂ ਲਈ ਇਕੋ ਸਮੇਂ ਕਈ 'ਗੁਰੂਆਂ' ਦੀ ਹੋਂਦ ਦੀ ਗੁੰਜਾਇਸ਼ ਸੀ ਜੋ ਆਪਣੇ ਨਵੇਂ ਬਣੇ ਸ਼ਿਸ਼ਾਂ ਉੱਤੇ ਪੂਰਣ ਕਾਬੂ ਰਖਦੇ ਸਨ, ਪਰ ਸਿੱਖ ਮਤ ਵਿਚ ਇਹ ਸਥਿਤੀ ਮੂਲ ਤੌਰ ਤੇ ਵੱਖਰੀ ਸੀ। ਚੋਣ ਜਾਂ ਪਸੰਦ ਦਾ ਪ੍ਰਸ਼ਨ ਉੱਕਾ ਹੀ ਨਹੀਂ ਉਤਪੰਨ ਹੁੰਦਾ ਕਿਉਂਕਿ ਹਰੇਕ ਗੁਰੂ ਆਪਣੇ ਆਪਣੇ ਪੂਰਵਵਰਤੀ ਗੁਰੂ ਵੱਲੋਂ ਨਾਮਜ਼ਦ ਕੀਤਾ ਗਿਆ ਹੁੰਦਾ ਸੀ।[34] ਇਸ ਤੋਂ ਅਤਿਰਿਕਤ ਗੁਰੂ ਨੇ ਇਕੋ ਇਕ ਸਰਬਉੱਚ ਧਾਰਮਕ ਆਗੂ ਦਾ ਰੂਪ ਧਾਰਨ ਕਰ ਲਿਆ ਸੀ। ਰੋਮਨ ਕੈਥੋਲਿਕ ਪੋਪ ਜਾਂ ਇਸਲਾਮ ਦੇ ਖ਼ਲੀਫੇ ਜਾਂ ਤਿੱਬਤ ਦੇ ਦਲਾਈ ਲਾਮਾ ਵਾਂਗ ਉਸ ਦਾ ਕੋਈ ਸਾਨੀ ਨਹੀਂ ਸੀ।

ਦੂਜੇ, ਅਸੀਂ ਵਿਸ਼ਿਸ਼ਟ ਸਿੱਖ ਸੰਕਲਪ ਨੂੰ ਲੈਂਦੇ ਹਾਂ ਜਿਸ ਅਨੁਸਾਰ ਸਾਰੇ ਗੁਰੂ ਇਕ ਜੋਤੀ ਦਾ ਸਰੂਪ ਹਨ; ਉਨ੍ਹਾਂ ਵਿਚ ਆਤਮਾ ਦਾ ਕੋਈ ਪਰਿਵਰਤਨ ਨਹੀਂ ਹੁੰਦਾ, ਕੇਵਲ ਸਰੂਪ ਦੀ ਹੀ ਬਦਲੀ ਹੁੰਦੀ ਹੈ। ਪੁਰਾਤਨ ਜਨਮਸਾਖੀ ਵਿਚ ਇਹ ਵਰਣਿਤ ਹੈ ਕਿ ਜਦ ਗੁਰੂ ਨਾਨਕ ਜੀ ਨੇ ਲਹਿਣਾ ਨੂੰ ਆਪਣਾ ਉੱਤਰਾਧਿਕਾਰੀ ਨਿਯਤ ਕਰਨ ਦਾ ਅੰਤਮ ਫੈਸਲਾ ਕਰ ਲਿਆ ਤਦ ਉਨ੍ਹਾਂ ਨੇ "ਅੰਗਦ ਅੱਗੇ ਪੰਜ ਪੈਸੇ ਰਖ ਕੇ ਮੱਥਾ ਟੇਕਿਆ।"[35] ਟਿਕੇ ਦੀ ਵਾਰ ਵਿਚ ਸਾਨੂੰ ਦੱਸਿਆ ਗਿਆ ਹੈ :

ਹੋਰਿਂਓ ਗੰਗ ਵਹਾਈਐ ਦੁਨਿਆਈ ਆਖੈ ਕਿ ਕਿਓਨੁ।[36]

(ਰਾਮਕਲੀ ਦੀ ਵਾਰ, ਪੰਨਾ ੯੬੭)

ਜੇ ਇਹ ਵਾਸਤਵ ਵਿਚ ਸਹੀ ਹੈ ਕਿ ਗੁਰੂ ਨਾਨਕ ਨੇ ਸੱਚੀ ਹੀ ਅੰਗਦ ਅੱਗੇ ਮੱਥਾ ਟੇਕਿਆ ਸੀ ਤਾਂ ਇਹ ਮਹੱਤਾ ਵਾਲਾ ਤੱਥ ਸਮਝਣਾ ਚਾਹੀਦਾ ਹੈ। ਇਹ ਪ੍ਰਗਟ ਕਰਦਾ ਹੈ ਕਿ ਸ਼ੁਰੂ ਤੋਂ ਹੀ ਗੁਰਿਆਈ ਦਾ ਅਵਿਅਕਤੀਵਾਚਕ ਸੁਭਾਵ ਸਵੀਕਾਰ ਕਰ ਲਿਆ ਗਿਆ ਸੀ। ਗੁਰੂ ਦਾ ਵਿਅਕਤਿਤਵ ਗੁਰਿਆਈ ਦੀ ਆਤਮਾ ਜੋ ਅਖੰਡ ਅਤੇ ਨਿਰੰਤਰ ਪ੍ਰਵਾਹ ਵਾਲੀ ਮੰਨੀ ਜਾਂਦੀ ਸੀ, ਨਾਲੋਂ ਅੱਡਰਾ ਹੈ। ਇਸ ਤੋਂ ਇਲਾਵਾ ਲਹਿਣਾ ਨਾਉਂ ਦਾ ਅੰਗਦ ਵਿਚ ਬਦਲਣਾ ਵੀ ਉੱਨੀ ਮਹੱਤਾ ਵਾਲਾ ਸਮਝਣਾ ਚਾਹੀਦਾ ਹੈ। ਟਿਕੇ ਦੀ ਵਾਰ ਵਿਚ ਗੁਰੂ ਅੰਗਦ ਨੂੰ ਗੁਰਿਆਈ ਮਿਲਣ ਸਬੰਧੀ ਲਿਖਿਆ ਹੈ "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ।"[37] ਸਿੱਖ ਲਿਖਤਾਂ ਵਿਚ ਇਹ ਵਿਚਾਰ ਵਾਰ ਵਾਰ ਦ੍ਰਿੜ੍ਹਾਇਆ ਗਿਆ ਹੈ ਅਤੇ ਇਸ ਨੂੰ ਸਿੱਖ ਮਤ ਦੇ ਪ੍ਰਮੁੱਖ ਸਿੱਧਾਂਤਾਂ

---

33. Hastings, *Encylopedia of Religion and Ethics*. Vol. II, p. 546.
34. ਫਾਰਸਟਰ ਸੁਝਾਅ ਦਿੰਦਾ ਹੈ ਕਿ ਸਿੱਖ ਗੁਰੂਆਂ ਦੀ ਚੋਣ ਕੀਤੀ ਜਾਂਦੀ ਸੀ (*Travels*. Vol. I pp. 259, 260) ਅਤੇ ਮੋਹਸਿਨ ਫਾਨੀ ਵੀ ਇਹੋ ਕਹਿੰਦਾ ਹੈ ਕਿ "ਗੁਰੂ ਅਨੁਯਾਈਆਂ ਦੀ ਮਰਜ਼ੀ ਨਾਲ ਚੁਣਿਆ ਜਾਂਦਾ ਸੀ" (ਦਬਿਸਤਾਨ, ਸੈਂਚੀ ਦੂਜੀ , ਪੰਨਾ 271) ਪਰ ਸਿੱਖ ਪਰੰਪਰਾ ਇਸ ਤੇ ਸਹਿਮਤ ਹੈ ਕਿ ਗੁਰੂਆਂ ਨੇ ਆਪਣੇ ਉੱਤਰਾਧਿਕਾਰੀਆਂ ਨੂੰ ਆਪ ਨਾਮਜ਼ਦ ਕੀਤਾ ਸੀ। ਚੋਣ ਵਰਗੀ ਦ੍ਰਿਸ਼ਟੀ ਕੇਵਲ ਨੌਵੇਂ ਗੁਰੂ ਤੇਗ ਬਹਾਦਰ ਦੀ ਸਥਿਤੀ ਵਿਚ ਹੀ ਸੀ।
35. ਉਕਤ, ਪੰਨਾ 71.
36. *ਟਿਕੇ ਦੀ ਵਾਰ*, IV; ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 27.
37. *ਟਿਕੇ ਦੀ ਵਾਰ*, II; ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 25.

ਵਿਚੋਂ ਮੰਨਣਾ ਜ਼ਰੂਰੀ ਹੈ। ਗੁਰਿਆਈ ਗੁਰੂ ਦੇ ਵਿਅਕਤਿਤ੍ਵ ਤੋਂ ਇਕ ਵੱਖਰੀ ਵਸਤ ਹੈ ਅਤੇ ਇਹ ਅੰਤਰ ਦਰਸਾਏਗਾ ਕਿ ਕਿਵੇਂ ਆਉਣ ਵਾਲੇ ਗੁਰੂ ਇਕ ਜੋਤੀ ਦੇ ਸਰੂਪ ਮੰਨੇ ਜਾ ਸਕਦੇ ਹਨ। ਟਿਕੇ ਦੀ ਵਾਰ ਵਿਚੋਂ ਫਿਰ ਹਵਾਲਾ ਦੇਂਦੇ ਹਾਂ "ਅਉਤਰਿਆ ਅਉਤਾਰੁ ਲੈ ਸੋ ਪੁਰਖੁ ਸੁਜਾਣੁ"[38] ਅਤੇ ਗੁਰੂ ਰਾਮ ਦਾਸ ਬਾਰੇ ਕਿਹਾ ਗਿਆ ਹੈ, "ਨਾਨਕੁ ਤੂ ਲਹਣਾ ਤੂ ਹੈ ਗੁਰੁ ਅਮਰੁ ਤੂ ਵੀਚਾਰਿਆ।"[39] ਅਸੀਂ ਦੇਖਦੇ ਹਾਂ ਕਿ ਭਾਈ ਗੁਰਦਾਸ ਨੇ ਇਸ ਵਿਚਾਰ ਨੂੰ ਵਾਰ ਵਾਰ ਦ੍ਰਿੜ੍ਹਾਇਆ ਹੈ ਭਾਵੇਂ ਉਹ ਲਗਭਗ ਸਾਰੀਆਂ ਸਥਿਤੀਆਂ ਵਿਚ ਅਗਾਂਹ ਨਿਕਲ ਜਾਂਦਾ ਹੈ ਅਤੇ ਗੁਰੂ ਅਤੇ ਪਰਮਾਤਮਾ ਵਿਚਕਾਰ ਸਮਰੂਪਤਾ ਲਭਦਾ ਹੈ।[40] ਮੋਹਸਿਨ ਫਾਨੀ ਕਹਿੰਦਾ ਹੈ, "ਸਿੱਖਾਂ ਦਾ ਵਿਸ਼ਵਾਸ ਹੈ ਕਿ ਜਦ ਨਾਨਕ ਜੋਤੀ ਜੋਤ ਸਮਾਏ ਤਾਂ ਉਨ੍ਹਾਂ ਦੀ ਰੂਹ ਅੰਗਦ ਦੇ ਸਰੀਰ ਵਿਚ ਮੂਰਤੀਮਾਨ ਹੋਈ ਜਿਹੜਾ ਕਿ ਉਨ੍ਹਾਂ ਦਾ ਭਰੋਸੇ ਯੋਗ ਸੇਵਕ ਸੀ। ਅੰਗਦ ਦੀ ਰੂਹ ਉਸ ਦੀ ਮ੍ਰਿਤੂ ਸਮੇਂ ਅਮਰ ਦਾਸ ਦੇ ਸਰੀਰ ਵਿਚ ਉਤਰ ਆਈ ਅਤੇ ਇਸ ਗੁਰੂ ਨੇ ਉਸੇ ਪ੍ਰਕਾਰ ਆਪਣੀ ਰੂਹ ਰਾਮ ਦਾਸ ਦੇ ਸਰੀਰ ਵਿਚ ਫੂਕ ਦਿੱਤੀ ਜਿਸ ਦੀ ਰੂਹ ਅਰਜਨ ਵਿਚ ਦੇਹ-ਪਰਿਵਰਤਨ ਕਰ ਗਈ। ਸੰਖੇਪ ਵਿਚ ਇਹ ਕਿ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਸਿਰਫ਼ ਨਾਮ ਬਦਲੀ ਨਾਲ ਹੀ ਨਾਨਕ ਜੋ ਪਹਿਲਾਂ ਸੀ ਨਾਨਕ ਦੂਜਾ ਬਣ ਗਿਆ ਅਤੇ ਇਸ ਤਰ੍ਹਾਂ ਉਹ ਅਰਜਨ ਦੇ ਸਰੂਪ ਵਿਚ ਨਾਨਕ ਪੰਜਵਾਂ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਜਿਹੜਾ ਵੀ ਅਰਜਨ ਵਿਚ ਸੱਚਾ ਬਾਬਾ ਨਾਨਕ ਨਹੀਂ ਮੰਨਦਾ, ਉਹ ਕਾਫਰ ਹੈ।"[41] ਪਿੱਛਲੇ ਗੁਰੂਆਂ ਨੇ ਆਪਣੇ ਆਪ ਨੂੰ ਬਾਣੀ ਵਿਚ 'ਨਾਨਕ' ਲਿਖਿਆ ਹੈ ਅਤੇ ਮੋਹਸਿਨ ਫ਼ਾਨੀ ਦਾ ਕਥਨ ਹੈ ਕਿ ਉਸ ਨੂੰ ਗੁਰੂ ਹਰਿਗੋਬਿੰਦ ਵੱਲੋਂ ਲਿਖੇ ਇਕ ਪੱਤਰ ਵਿਚ ਸਚੀਂ ਹੀ 'ਨਾਨਕ'[42] ਹਸਤਾਖਰ ਕੀਤੇ ਸਨ; ਇਨ੍ਹਾਂ ਤੋਂ ਪਤਾ ਲਗਦਾ ਹੈ ਕਿ ਇਸ ਗੀਤ ਨੂੰ ਉਨ੍ਹਾਂ ਆਪਣੇ ਨਿਜੀ ਪੱਤਰ ਵਿਵਹਾਰ ਵਿਚ ਵੀ ਜਾਰੀ ਰਖਿਆ ਸੀ। ਇਹ ਮਹੱਤਵ ਪੂਰਨ ਹੈ ਕਿ 'ਬਹਾਦਰ ਸ਼ਾਹ ਨਾਮਾ' ਵਿਚ ਦਸਵੇਂ ਗੁਰਾਂ ਨੂੰ 'ਗੁਰੂ ਗੋਬਿੰਦ ਨਾਨਕ'[43] ਕਿਹਾ ਗਿਆ ਹੈ। ਅਖੀਰ ਵਿਚ ਅਸੀਂ ਇਹ ਦੱਸ ਸਕਦੇ ਹਾਂ ਕਿ ਬਚਿਤ੍ਰ ਨਾਟਕ ਵਿਚ ਗੁਰੂ ਗੋਬਿੰਦ ਸਿੰਘ ਬਲਪੂਰਵਕ ਕਹਿੰਦੇ ਹਨ ਕਿ ਗੁਰੂ ਇਕ ਜੋਤੀ ਸਰੂਪ ਹਨ ਅਤੇ ਇਹ ਪੂਰਨਤਾ ਸੋਝੀ ਤੋਂ ਬਿਨਾਂ

---

38. ਮੈਕਾਲਿਫ, *ਉਹੀ*, ਪੰਨਾ 59.
39. *ਉਹੀ*, ਪੰਨਾ 254; ਦੇਖੋ ਭਾਈ ਕਾਨ੍ਹ ਸਿੰਘ ਕ੍ਰਿਤ ਗੁਰਮਤ ਪ੍ਰਭਾਕਰ, ਪੰਨਾ 357, 358; ਰਾਮਕਲੀ, ਮਹਲਾ ਪਹਿਲਾ : "ਦੀਪਕ ਤੇ ਦੀਪਕੁ ਪਰਗਾਸਿਆ ਤ੍ਰਿਭਵਣ ਜੋਤਿ ਦਿਖਾਇ॥"
40. ਵਾਰ ਪਹਿਲੀ, ਪਉੜੀ 45, 48; ਵਾਰ ਤੇਰਵੀਂ, ਪਉੜੀ 25; ਵਾਰ ਵੀਹਵੀਂ, ਪਉੜੀ 2 ਆਪਣੇ ਕਬਿਤਾਂ ਦੇ ਆਰੰਭ ਵਿਚ ਹੀ ਭਾਈ ਗੁਰਦਾਸ ਗੁਰੂ ਨਾਨਕ ਦੀ ਪਰਮਾਤਮਾ ਨਾਲ, ਤੇ ਅੰਗਦ ਦੀ ਨਾਨਕ ਨਾਲ, ਅਮਰ ਦਾਸ ਦੀ ਅੰਗਦ ਨਾਲ ਅਤੇ ਗੁਰੂ ਹਰਿਗੋਬਿੰਦ ਤਕ ਸਮਰੂਪਤਾ ਲਭਦਾ ਹੈ, ਜਿਸ ਦੇ ਸਮੇਂ ਵਿਚ ਇਹ ਪੁਸਤਕ ਲਿਖੀ ਗਈ ਸੀ। ਸੰਗਤ ਤੁਕਾਂ ਇਹ ਹਨ :
    ਪਾਰਬ੍ਰਹਮੁ ਪੂਰਨ ਬ੍ਰਹਮ ਸਤਿਗੁਰ ਨਾਨਕ ਦੇਉ।
    ਗੁਰੁ ਅੰਗਦੁ ਮਿਲ ਅੰਗ ਸੰਗ ਮਿਲ ਸੰਗ ਉਦਾਰਸ
    ਸਤਿਗੁਰੁ ਅਮਰ ਪ੍ਰਗਾਸ ਮਿਲ ਅੰਮ੍ਰਿਤ ਅੰਮ੍ਰਿਤ ਭਇ॥ ਆਦਿ,
41. *ਦਬਿਸਤਾਨ, ਸੈਂਚੀ ਦੂਜੀ*, ਪੰਨਾ 253-55.
42. *ਉਹੀ*, ਪੰਨਾ 281.
43. *Irvine. Later Mughals*. Vol. I, p. 90.

ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਗੁਰੂ ਜੀ ਕਹਿੰਦੇ ਹਨ :

ਨਾਨਕ ਅੰਗਦ ਕੋ ਬਪੁ ਧਰਾ।
ਧਰਮ ਪ੍ਰਚੁਰਿ ਇਹ ਜਗਮੋ ਕਰਾ।
ਅਮਰਦਾਸ ਪੁਨਿ ਨਾਮੁ ਕਹਾਯੋ।
ਜਨ ਦੀਪਕ ਤੇ ਦੀਪ ਜਗਾਯੋ।
ਸ੍ਰੀ ਨਾਨਕ ਅੰਗਦਿ ਕਰਿ ਮਾਨਾ।
ਅਮਰਦਾਸ ਅੰਗਦ ਪਹਿਚਾਨਾ।
ਅਮਰਦਾਸ ਰਾਮ ਦਾਸ ਕਹਾਯੋ।
ਸਾਧਨਿ ਲਖਾ ਮੂੜ ਨਹਿ ਪਾਯੋ।
ਭਿੰਨ ਭਿੰਨ ਸਭਹੂੰ ਕਰ ਜਾਨਾ।
ਏਕਰੂਪ ਕਿਨਹੂੰ ਪਹਿਚਾਨਾ।
ਜਿਨ ਜਾਨਾ ਤਿਨਹੀ ਸਿਧ ਪਾਈ।
ਬਿਨ ਸਮਝੇ ਸਿਧ ਹਾਥ ਨਾ ਆਈ।[44]

(ਬਚਿਤਰ ਨਾਟਕ)

ਸੋ ਇਥੇ ਕਿਸੇ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ ਕਿ ਸਿੱਖਾਂ ਅਨੁਸਾਰ ਗੁਰਿਆਈ ਅਵਿਅਕਤੀਵਾਚਕ, ਅਖੰਡ ਅਤੇ ਨਿਰੰਤਰ ਪ੍ਰਵਾਹਸ਼ੀਲ ਹੈ।

ਇਸ ਤੋਂ ਸਿਵਾ ਜਦ ਗੁਰਿਆਈ ਦਾ ਸ਼ਬਦ ਅਤੇ ਨਾਮ ਦੇ ਪ੍ਰਸੰਗ ਵਿਚ ਅਧਿਐਨ ਕੀਤਾ ਜਾਵੇ ਤਾਂ ਇਹ ਹੋਰ ਲੱਛਣਾਂ ਨੂੰ ਵੀ ਪ੍ਰਗਟ ਕਰਦੀ ਹੈ। ਇਨ੍ਹਾਂ ਪਿਛਲੇਰੇ ਸੰਕਲਪਾਂ ਦੇ ਅਰਥ ਪੂਰੀ ਤਰ੍ਹਾਂ ਸਪੱਸ਼ਟ ਹਨ ਅਤੇ ਇਸ ਵਿਚ ਰਤਾ ਸ਼ੱਕ ਨਹੀਂ ਹੋ ਸਕਦਾ ਕਿ ਸਿੱਖ ਸਾਹਿੱਤ ਵਿੱਚ ਇਨ੍ਹਾਂ ਦੀ ਵਰਤੋਂ ਵੱਖ ਅਰਥਾਂ ਵਿਚ ਕੀਤੀ ਗਈ ਹੈ। ਤੇਜਾ ਸਿੰਘ ਕਹਿੰਦਾ ਹੈ ਕਿ 'ਨਾਮ' ਪਦ ਯੂਨਾਨੀ ਸ਼ਬਦ 'ਓਗੋਸ' (ogos) ਵਰਗਾ ਹੈ ਜਿਸ ਦੇ ਬਹੁ-ਅਰਥ ਹਨ। ਕਦੀ ਇਸ ਦਾ ਭਾਵ ਪਰਮਾਤਮਾ ਹੈ, ਕਦੀ ਪਰਮਾਤਮਾ ਦਾ ਪ੍ਰਗਟ ਰੂਪ ਹੈ ਜਾਂ ਉਸ ਦਾ ਪ੍ਰਕਾਸ਼ ਹੈ ਅਤੇ ਤੀਸਰੇ ਅਰਥ ਅਨੁਸਾਰ ਨਾਮ 'ਪਵਿੱਤਰ ਗ੍ਰੰਥ ਵਿਚ ਦਰਜ ਬਾਨੀ'[45] ਦਾ ਭਾਵ ਵੀ ਰਖਦਾ ਹੈ। ਇਥੇ ਇਹ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਸਿੱਧਾਂਤਕ ਵਿਆਖਿਆਵਾਂ ਤੋਂ ਇਲਾਵਾ ਨਾਮ ਘੱਟ ਜਾਂ ਵੱਧ ਨਿਸ਼ਚਿਤ ਧਰਮ-ਮ੍ਰਯਾਦਾ ਦੇ ਵੀ ਅਰਥ ਰਖਦਾ ਹੈ, ਜਿਵੇਂ ਕਿ ਪ੍ਰਸਿੱਧ ਸਿੱਖ ਸੂਤ੍ਰ, ਨਾਮ, ਦਾਨ, ਇਸ਼ਨਾਨ ਵਿਚ ਹੈ। ਅਜੇਹੇ ਦ੍ਰਿਸ਼ਟਾਂਤ ਵੀ ਲੱਭੇ ਜਾ ਸਕਦੇ ਹਨ ਜਿਥੇ ਇਸ ਨੂੰ ਸਾਧਾਰਨ ਅਰਥਾਂ ਵਿਚ ਪਰਮਾਤਮਾ ਦੇ ਨਾਮ, ਸਤਿ, ਹਰੀ ਆਦਿ ਲਈ ਵਰਤਿਆ ਗਿਆ ਹੈ।[46] ਇਸ ਪ੍ਰਕਾਰ ਹੀ ਸ਼ਬਦਾਂ ਦੇ ਵੀ ਅਨੇਕਾਂ ਭਾਵਾਰਥ ਹਨ। ਆਪਣੀ ਪ੍ਰਮੁੱਖ ਵਿਸ਼ੇਸ਼ਤਾ ਵਿਚ 'ਸ਼ਬਦ' ਤੋਂ ਭਾਵ ਗੁਰੂ ਵੱਲੋਂ ਦੀਖਿਆ ਦੇਣ ਸਮੇਂ ਆਪਣੇ ਸ਼ਿਸ਼ ਨੂੰ ਦਿੱਤੀ ਗਈ ਸਿਖਿਆ ਪ੍ਰਤੀਤ ਹੁੰਦੀ ਹੈ ਅਤੇ ਇਸ ਭਾਵ ਅਨੁਸਾਰ ਇਹ 'ਮੰਤਰ' ਦਾ ਪਰਿਆਇ

44. ਬਚਿਤ੍ਰ ਨਾਟਕ, V, 7-10, (ਮੈਕਾਲਿਫ ਦਾ ਅਨੁਵਾਦ)।
45. ਤੇਜਾ ਸਿੰਘ, ਆਸਾ ਦੀ ਵਾਰ, ਪੰਨਾ 126, 127; ਜਪੁਜੀ (ਦੂਜਾ ਸੰਸਕਰਣ) ਪੰਨਾ 77-79.
46. ਭਾਈ ਕਾਨ੍ਹ ਸਿੰਘ, ਗੁਰਮਤ ਪ੍ਰਭਾਕਰ, ਪੰਨਾ 471.

ਮੰਨਿਆ ਜਾ ਸਕਦਾ ਹੈ। ਜਿਵੇਂ ਕਿ ਗੁਰੂ ਅਮਰ ਦਾਸ ਕਹਿੰਦੇ ਹਨ, ਮਨੁੱਖ ਕੇਵਲ ਸਤਿਗੁਰੂ ਦੇ ਚਰਨੀਂ ਲੱਗ ਕੇ ਹੀ ਮੁਕਤੀ ਪ੍ਰਾਪਤ ਕਰ ਸਕਦਾ ਹੈ, ਜੋ ਉਸ ਨੂੰ 'ਸ਼ਬਦ' ਸੁਝਾਉਂਦਾ ਹੈ।[47] ਸੋ ਸ਼ਬਦ ਸੁਝਾਇਆ ਗਿਆ ਸੱਚ ਹੈ ਅਤੇ ਸਭ ਤੋਂ ਪਹਿਲਾਂ ਇਹ ਆਪਣੇ ਉੱਦੇਸ਼ ਅਤੇ ਮਹੱਤਵ ਵਿਚ ਸਰਵਜਨਕ ਨਾਲੋਂ ਵਿਅਕਤੀਵਾਦੀ ਵਧੇਰੇ ਹੈ। ਇਹ ਵਿਚਾਰ ਕਦੇ ਵੀ ਲੁਪਤ ਨਹੀਂ ਹੋਇਆ ਪਰ ਇਸ ਨੂੰ ਛੇਤੀ ਹੋਰ ਵਿਸ਼ਾਲ ਅਰਥਾਂ ਨਾਲ ਮਿਸ਼੍ਰਿਤ ਕਰ ਦਿੱਤਾ ਗਿਆ ਹੈ। ਛੇਤੀ ਹੀ 'ਸ਼ਬਦ' ਦੇ ਅਰਥ ਸਿੱਖ ਮਤ ਦੇ ਮੂਲ ਤੱਤ, ਜਿਨ੍ਹਾਂ ਦਾ ਗੁਰੂ ਨਾਨਕ ਅਤੇ ਉਨ੍ਹਾਂ ਦੇ ਉੱਤਰਾਧਿਕਾਰੀਆਂ ਨੇ ਪ੍ਰਤੀਪਾਦਨ ਕੀਤਾ ਸੀ, ਲਏ ਜਾਣ ਲੱਗ ਪਏ ਅਤੇ ਅਖ਼ੀਰ ਵਿਚ ਇਨ੍ਹਾਂ ਦਾ ਵਾਸਤਵਿਕ ਸਾਕਾਰ ਰੂਪ ਗ੍ਰੰਥ ਸਾਹਿਬ ਦੇ ਅਰਥ ਧਾਰਨ ਕਰ ਗਿਆ।[48] ਸੋ ਸ਼ਬਦ ਤੇ ਨਾਮ ਇਸ ਤਰ੍ਹਾਂ ਗੁਰਬਾਨੀ ਵਿਚ ਰਲ ਮਿਲ ਗਏ ਹਨ। ਪਰ ਇਹ ਪ੍ਰਕ੍ਰਿਆ ਇਥੇ ਹੀ ਨਹੀਂ ਰੁਕ ਗਈ ਸੀ। ਇਸ ਤੋਂ ਅੱਗੇ ਸ਼ਬਦ ਨੂੰ ਹੀ ਗੁਰੂ ਸਮਝਿਆ ਗਿਆ[49] ਅਤੇ ਅਸੀਂ ਇਹ ਭਲੀ ਭਾਂਤ ਜਾਣਦੇ ਹਾਂ ਕਿ ਸਿੱਖ ਮਤ ਵਿਚ ਸ਼ਬਦ ਨੂੰ ਹਮੇਸ਼ਾਂ ਕਿੰਨਾ ਸਤਿਕਾਰ ਦਿੱਤਾ ਗਿਆ ਹੈ। ਇਥੋਂ ਤਕ ਕਿ ਗੁਰੂ ਨੇ ਵੀ ਆਪਣੇ ਲਈ ਗ੍ਰੰਥ ਸਾਹਿਬ ਤੋਂ ਨੀਵਾਂ ਸਥਾਨ ਚੁਣਿਆ ਸੀ। ਸੋ ਗੁਰਿਆਈ ਦੇ ਅਵਿਅਕਤੀਵਾਚਕ ਸੁਭਾਵ ਨੂੰ ਮੁੜ ਦ੍ਰਿੜ੍ਹਾਇਆ ਗਿਆ ਹੈ ਅਤੇ ਗੁਰੂ ਅਤੇ ਸ਼ਬਦ ਵਿਚਕਾਰ ਵੀ ਰਹੱਸਮਈ ਭਾਂਤ ਦੀ ਸਮਰੂਪਤਾ ਦੀ ਸਿਰਜਣਾ, ਗੁਰੂ ਗੋਬਿੰਦ ਸਿੰਘ ਦੁਆਰਾ ਗੁਰ-ਗੱਦੀ ਨੂੰ ਖ਼ਤਮ ਕਰਨ ਦੀਆਂ ਸੰਭਾਵਨਾਵਾਂ ਦਾ ਪੂਰਵ ਸੰਕੇਤ ਦਿੰਦੀ ਹੈ।

ਇਸ ਤੋਂ ਇਲਾਵਾ ਗੁਰਿਆਈ ਨੂੰ ਦੈਵੀ ਮੰਨਿਆ ਗਿਆ ਹੈ ਜਿਸ ਦਾ ਆਦਿ ਪਰਮਾਤਮਾ ਦੇ ਹੁਕਮ ਨਾਲ ਹੋਇਆ ਸੀ। ਅਸੀਂ ਪਹਿਲਾਂ ਸੰਕੇਤ ਕਰ ਚੁੱਕੇ ਹਾਂ ਕਿ ਕਿਵੇਂ ਭਾਈ ਗੁਰਦਾਸ ਦੇ ਹੱਥਾਂ ਵਿਚ ਗੁਰੂ ਨਾਨਕ ਸੰਸਾਰ ਦੇ ਕਲਿਆਣ ਲਈ ਰੱਬੀ ਅਵਤਾਰ ਹੋ ਨਿਬੜਦਾ ਹੈ ਅਤੇ ਇਹ ਵੀ ਦੇਖਿਆ ਗਿਆ ਹੈ ਕਿ ਪੁਰਾਤਨ ਜਨਮਸਾਖੀ ਵਿਚ ਵੀ ਅਤੇ ਮੋਹਸਿਨ ਫਾਨੀ ਦੀ ਦਬਿਸਤਾਨ ਵਿਚਲੀਆਂ ਅਨੇਕਾਂ ਕਥਾਵਾਂ ਵਿਚ[50] ਇਸ ਵਿਚਾਰ ਨੂੰ ਕਿਵੇਂ ਦ੍ਰਿੜ੍ਹਾਇਆ ਗਿਆ ਹੈ। ਇਸ ਨੂੰ ਦੂਜੇ ਗੁਰੂਆਂ ਦੀ ਬਾਣੀ ਵਿਚੋਂ ਵੀ ਲੱਭਿਆ ਜਾ ਸਕਦਾ ਹੈ ਅਤੇ ਬਚਿਤ੍ਰ ਨਾਟਕ ਵਿਚ ਤਾਂ ਇਸ ਦਾ ਅਤਿ ਵੇਰਵ ਸਹਿਤ ਵਿਕਾਸ ਕੀਤਾ ਗਿਆ ਹੈ। ਗੁਰੂ ਰਾਮ ਦਾਸ ਜੀ ਦਾ ਕਥਨ ਹੈ :

---

47. ਮੈਕਾਲਿਫ, *ਉਪਰੋਕਤ ਰਚਨਾ*, ਸੈਂਚੀ ਦੂਜੀ, ਪੰਨਾ 124.
48. ਭਾਈ ਕਾਨ੍ਹ ਸਿੰਘ, *ਗੁਰਮਤ ਪ੍ਰਭਾਕਾਰ*, ਪੰਨਾ 151; ਮੈਕਾਲਿਫ, *ਉਹੀ*, ਸੈਂਚੀ ਤੀਜੀ, ਪੰਨਾ 122.
49. ਜਿਵੇਂ ਗੁਰੂ ਰਾਮ ਦਾਸ ਕਹਿੰਦੇ ਹਨ :
    ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ (ਮੈਕਾਲਿਫ, *ਉਹੀ*, ਪੰਨਾ 339).
    ਭਾਈ ਗੁਰਦਾਸ ਕਹਿੰਦਾ ਹੈ :
    "ਗੁਰੂ ਮੂਰਤਿ ਗੁਰੂ ਸ਼ਬਦ ਹੈ।" (ਵਾਰ ਚੌਵੀਵੀਂ, ਪਉੜੀ 25; ਦੇਖੋ ਵਾਰ ਤੀਜੀ, ਪਉੜੀ 4 ; ਵਾਰ ਸੱਤਵੀਂ, ਪਉੜੀ 20; ਵਾਰ ਗਿਆਰਵੀਂ, ਪਉੜੀ 2)
    ਇਹ ਪ੍ਰਤੀਤ ਹੁੰਦਾ ਹੈ ਕਿ ਭਾਈ ਗੁਰਦਾਸ ਸ਼ਬਦ ਅਤੇ ਪਰਮਾਤਮਾ ਵਿਚ ਅਭੇਦਤਾ ਲਭਦੇ ਹਨ :
    "ਪਾਰਬ੍ਰਹਮੁ ਗੁਰ ਸਬਦੁ ਹੈ ਸਤਿਸੰਗਿ ਨਿਵਾਸੀ" (ਵਾਰ ਨੌਂਵੀ, 1)
50. ਉਕਤ, ਪੰਨਾ 49, 54, 55.

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ
ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ॥[51]

(ਗਉੜੀ ਕੀ ਵਾਰ, ਪੰਨਾ ੩੦੮)

ਅਤੇ ਫਿਰ ਗੁਰੂ ਅਰਜਨ ਜੀ ਲਿਖਦੇ ਹਨ :

ਸਬਦੁ ਅਖੁਟੁ ਬਾਬਾ ਨਾਨਕਾ
ਖਾਹਿ ਖਰਚਿ ਧਨੁ ਮਾਲੁ॥[52]

(ਸਲੋਕ ਮਹਲਾ ੫, ਪੰਨਾ ੧੪੨੬)

ਪਰਮਾਤਮਾ ਨੇ ਹੀ ਗੁਰੂ ਨੂੰ ਸੰਸਾਰ ਦੇ ਕਲਿਆਨ ਲਈ ਭੇਜਿਆ ਹੈ ਅਤੇ ਉਸ ਦੀ ਮਿਹਰ ਦੁਆਰਾ ਹੀ ਗੁਰਮਤਿ ਦਾ ਪ੍ਰਕਾਸ਼ ਹੋਇਆ ਹੈ,[53] ਸਿੱਖਾਂ ਦੇ ਇਸ ਦ੍ਰਿਸ਼ਟੀਕੋਣ ਨੂੰ ਸਿੱਧ ਕਰਨ ਲਈ ਹੋਰ ਹਵਾਲੇ ਵੀ ਦਿੱਤੇ ਜਾ ਸਕਦੇ ਹਨ। ਗੁਰੂ ਗੋਬਿੰਦ ਸਿੰਘ ਸੰਸਾਰ ਵਿਚ ਆਪਣੇ ਆਗਮਨ ਨੂੰ ਪ੍ਰੇਰਣ ਵਾਲੀਆਂ ਪਰਿਸਥਿਤੀਆਂ ਦਾ ਵੇਰਵੇ ਸਹਿਤ ਵਰਣਨ ਕਰਦੇ ਹਨ ਅਤੇ ਆਪਣੇ ਮਿਸ਼ਨ ਦੀ ਰੱਬ ਵੱਲੋਂ ਸਵੀਕ੍ਰਿਤੀ ਦਾ ਦਾਅਵਾ ਕਰਦੇ ਹਨ ਭਾਵੇਂ ਇਹ ਸਪੱਸ਼ਟ ਨਹੀਂ ਕਿ ਉਹ ਆਪਣੇ ਪੂਰਬਲੇ ਗੁਰੂਆਂ ਲਈ ਵੀ ਅਜੇਹਾ ਦਾਅਵਾ ਰਖਦੇ ਹਨ।[54] ਪਰ ਇਹ ਕੋਈ ਅਸਾਧਾਰਨ ਗੱਲ ਨਹੀਂ। ਲਗਭਗ ਸਾਰੇ ਧਰਮਾਂ ਵਿਚ ਅਜੇਹੇ ਵਿਚਾਰ ਘੱਟ ਵੱਧ ਮਾਤਰਾ ਵਿਚ ਮਿਲ ਜਾਂਦੇ ਹਨ। ਇਸ ਦਾ ਦੂਸਰਾ ਵਿਕਸਿਤ ਰੂਪ, ਜੋ ਇਸ ਦਾ ਪ੍ਰਤਿਰੂਪ ਹੀ ਮੰਨਿਆ ਜਾ ਸਕਦਾ ਹੈ, ਅਰਥਾਤ ਗੁਰੂ ਦਾ ਦੈਵੀਕਰਣ, ਵੀ ਕੋਈ ਦੁਰਲਭ ਘਟਨਾ ਨਹੀਂ ਹੈ। ਗੁਰੂ ਅਤੇ ਪਰਮਾਤਮਾ ਵਿਚਕਾਰ ਸਮਰੂਪਤਾ ਦੇ ਵਿਚਾਰ ਦੀ ਗ੍ਰੰਥ ਸਾਹਿਬ ਦੇ ਅਨੇਕਾਂ ਸ਼ਬਦਾਂ ਵਿਚ ਪ੍ਰੋੜਤਾ ਕੀਤੀ ਗਈ ਹੈ ਅਤੇ ਇਹ ਭਾਈ ਗੁਰਦਾਸ ਦੀਆਂ ਲਿਖਤਾਂ ਵਿਚ ਸਿਖਰ ਨੂੰ ਛੋਹ ਲੈਂਦੀ ਹੈ। ਸਾਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਇਸ ਵਿਸ਼ੇ ਨੂੰ ਹਮੇਸ਼ਾਂ ਇਕੋ ਇਕ ਢੰਗ ਅਤੇ ਇਕੋ ਭਾਵ ਵਿਚ ਨਹੀਂ ਪੇਸ਼ ਕੀਤਾ। ਗੁਰੂ ਰਾਮਦਾਸ ਜੀ ਕਹਿੰਦੇ ਹਨ :

ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ
ਇਕ ਵਸਤੁ ਅਨੂਪ ਦਿਖਾਈ॥
ਗੁਰ ਗੋਬਿੰਦ ਗੋਵਿੰਦੁ ਗੁਰੂ ਹੈ
ਨਾਨਕ ਭੇਦੁ ਨ ਭਾਈ॥[55]

ਇਹ ਯਾਦ ਰਖਣਾ ਚਾਹੀਦਾ ਹੈ ਕਿ ਜਿਸ ਸਮਰੂਪਤਾ ਦਾ ਇਥੇ ਉੱਲੇਖ ਹੈ ਉਹ ਸਾਧਾਰਨ ਭਾਵ ਵਿਚ ਨਹੀਂ ਸਗੋਂ ਅੰਤਮ ਭਾਵ ਵਿਚ ਹੈ ਅਤੇ ਗੁਰੂ ਜੀ ਇਸ ਬੋਧ ਨੂੰ 'ਦੁਰਲਭ ਵਸਤੂ' ਦੱਸਣ ਲਈ ਚੇਤਨ ਹਨ। ਇਸੇ ਪ੍ਰਕਾਰ ਜਦ ਗੁਰੂ ਅਰਜਨ ਜੀ

51. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 305.
52. ਉਹੀ, ਸੈਂਚੀ ਤੀਜੀ, ਪੰਨਾ 444.
53. ਉਹੀ, ਪੰਨਾ 119, 120; ਦੇਖੋ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 23.
54. ਬਚਿਤ੍ਰ ਨਾਟਕ, V, VI.
55. ਮੈਕਾਲਿਫ, ਉਹੀ, ਸੈਂਚੀ ਦੂਜੀ, ਪੰਨਾ 312.

'ਗੁਰੂਦੇਵ ਕਰਤਾ ਹੈ, ਗੁਰੂਦੇਵ ਪਾਰਬ੍ਰਹਮ ਹੈ ਪਰਮੇਸ਼ਵਰ ਹੈ'[56] ਕਹਿੰਦੇ ਹਨ ਤਾਂ ਫਿਰ ਇਥੇ ਵੀ ਸਮਰੂਪਤਾ ਨੂੰ ਅੰਤਿਮ ਭਾਵ ਵਾਲੀ ਹੀ ਸਮਝਣਾ ਚਾਹੀਦਾ ਹੈ ਇਸ ਦਾ ਦੇਹਧਾਰੀ ਗੁਰੂ ਵੱਲ ਕੋਈ ਸੰਕੇਤ ਨਹੀਂ ਹੋ ਸਕਦਾ। ਗੁਰੂ ਰਾਮ ਦਾਸ ਜੀ ਦੇ ਉਪਰੋਕਤ ਸ਼ਬਦ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਸਮਰੂਪਤਾ ਰਹਸਮਈ ਭਾਂਤ ਦੀ ਹੈ ਜੋ ਕੇਵਲ ਆਤਮਿਕ ਜਾਂ ਅਧਿਆਤਮਕ ਅਨੰਦ ਦੀਆਂ ਘੜੀਆਂ ਵਿਚ ਹੀ ਲਿਖੀ ਜਾ ਸਕਦੀ ਹੈ ਇਹ ਸਮਰੂਪਤਾ ਗੁਰੂ ਜੋ ਸੱਚ ਅਤੇ ਗਿਆਨ ਦਾ ਸਾਖੇਪ ਤੱਤ ਹੈ, ਅਤੇ ਪਰਮਾਤਮਾ ਜੋ ਸਤ, ਗਿਆਨ, ਤਥਾ ਪਰਮਾਨੰਦ ਦਾ ਮੂਲ ਤੱਤ ਹੈ, ਦੇ ਵਿਚਕਾਰ ਹੈ। ਪਰ ਇਹ ਵਿਚਾਰ ਸਾਧਾਰਨ ਮਾਨਵ ਲਈ ਅਤਿ ਸੂਖਮ ਹੈ ਅਤੇ ਇਸ ਵਿਚ ਰਤਾ ਸ਼ੱਕ ਨਹੀਂ ਕਿ ਇਹ ਭਰਮ ਪੈਦਾ ਕਰਕੇ ਸਿੱਖ ਮਤ ਉੱਤੇ 'ਮਨੁੱਖਾਂ ਭਗਤੀ' ਦੇ ਦੂਸ਼ਨ ਨੂੰ ਹੋਰ ਪਕਿਆਂ ਕਰਦਾ ਹੈ।[57] ਇਹ ਛੇਤੀ ਹੀ ਭੁਲਾ ਦਿੱਤਾ ਜਾਂਦਾ ਹੈ ਕਿ ਗੁਰੂ ਅਤੇ ਪਰਮਾਤਮਾ ਨੂੰ ਸਮਰੂਪ ਦਰਸਾਉਣਾ ਇਕ ਚੀਜ਼ ਹੈ ਅਤੇ ਗੁਰੂ ਨਾਨਕ ਜਾਂ ਗੁਰੂ ਅੰਗਦ ਨੂੰ ਪਰਮਾਤਮਾ ਦਾ ਸਮਰੂਪ ਦਰਸਾਉਣਾ ਇਕ ਵੱਖਰੀ ਚੀਜ਼ ਹੈ ਅਤੇ ਭਾਈ ਗੁਰਦਾਸ ਦੀਆਂ ਲਿਖਤਾਂ ਵਿਚ ਇਹ ਅੰਤਰ ਧੁੰਧਲਾ ਹੈ ਪਰ ਇਸ ਦਾ ਉੱਕਾ ਹੀ ਅਭਾਗ ਨਹੀਂ ਹੈ। ਕਈ ਥਾਵਾਂ ਤੇ ਭਾਈ ਗੁਰਦਾਸ ਗੁਰੂ ਅਤੇ ਪਰਮਾਤਮਾ ਵਿਚਕਾਰ ਸਮਰੂਪਤਾ ਦ ਵਿਚਾਰ ਵੱਲ ਸੰਕੇਤ ਕਰਦਾ ਹੈ[58] ਅਤੇ ਸਮੁੱਚੇ ਤੌਰ ਤੇ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਉਸ ਦੇ ਮਨ ਵਿਚ ਗੁਰੂਆਂ ਦਾ ਦੈਵੀ ਸਰੂਪ ਸੂਖਮ ਵੀ ਹੈ ਅਤੇ ਸਥੂਲ ਵੀ। ਵਾਸਤਵ

---

56. ਇਹ ਗਉੜੀ, ਬਾਵਨ ਆਖਰੀ, ਮਹਲਾ ਪੰਜਵਾਂ ਵਿਚ ਮਿਲਦਾ ਹੈ। ਸਮੁੱਚੇ ਦਾ ਸਮੁੱਚਾ ਪਹਿਲਾ ਸਲੋਕ ਸਾਨੂੰ ਅਤਿ ਮਹੱਤਵ ਵਾਲਾ ਜਾਪਦਾ ਹੈ ਕਿਉਂਕਿ ਜਿਹੜੀ ਟਿੱਪਣੀ ਅਸੀਂ ਕਰ ਸਕਦੇ ਹਾਂ ਉਸ ਦੀ ਇਹ ਸਪੱਸ਼ਟ ਭਾਂਤ ਵਿਆਖਿਆ ਕਰਦਾ ਹੈ। ਅਸੀਂ ਹੇਠ ਕੁਝ ਪ੍ਰਸੰਗਿਕ ਤੁਕਾਂ ਦਿੰਦੇ ਹਾਂ :

    ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ॥
    ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ॥
    ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ॥
    ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤ ਹਰਿ ਜਪਿ ਉਧਰਾ॥
    ਗੁਰਦੇਵ ਸਤਿਗੁਰ ਪਾਰਬ੍ਰਹਮ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ॥

(ਗਉੜੀ ਬਾਵਨ ਅਖਰੀ ਮਹਲਾ ੫, ਪੰਨਾ ੨੫੦)

ਇਹ ਸਹਿਜੇ ਹੀ ਦੇਖਿਆ ਜਾ ਸਕਦਾ ਹੈ ਕਿ ਇਨ੍ਹਾਂ ਵਿਚੋਂ ਕਈ ਤੁਕਾਂ ਨਿਰਾਰਥਕ ਹੋ ਜਾਂਦੀਆਂ ਹਨ ਜੇਕਰ 'ਗੁਰੂ' ਨੂੰ ਅੰਤਮ ਭਾਵ ਵਿਚ ਨਾ ਲਈਏ ਅਤੇ ਸੰਭਵ ਹੈ ਕਿ ਏਸੇ ਕਾਰਨ ਕਰਕੇ ਮੈਕਾਲਿਫ ਨੇ 'ਗੁਰਦੇਵ' ਦਾ 'divine guru' ਅਨੁਵਾਦ ਕੀਤਾ ਹੈ। ਪਰ 'ਗੁਰਦੇਵ' ਪਿੱਤ੍ਰਦੇਵ, ਮਾਤ੍ਰਦੇਵ ਵਾਂਗ ਹੈ ਅਤੇ ਇਸ ਨੂੰ 'ਸਤਿਕਾਰਯੋਗ ਗੁਰੂ' ਕਹਿਕੇ ਅਧਿਕ ਸ਼ੁੱਧਤਾ ਪ੍ਰਗਟਾਈ ਹੈ। (ਅੰਗ੍ਰੇਜ਼ੀ ਅਨੁਵਾਦ ਲਈ ਦੇਖੋ ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ 168-69).

57. ਸਰਕਾਰ ਦੇ ਇਸ ਦਾਅਵੇ, "ਕਿ ਨਾਨਕ ਦਾ ਸ਼ੁੱਧ ਇਕੀਸ਼ਵਰਵਾਦ ਪਿੱਛੋਂ ਮਨੁੱਖਾਂ ਭਗਤੀ ਨਾਲ ਭਰ ਗਿਆ ਅਤੇ ਪਰਵਰਤੀ ਗੁਰੂਆਂ ਦੀ ਪਰਾ ਮਨੁੱਖ ਦੇ ਰੂਪ ਵਿਚ ਉਪਾਸ਼ਨਾ ਹੁੰਦੀ ਸੀ, ਜਿਨ੍ਹਾਂ ਦੇ ਕਰਮ ਮਨੁੱਖੀ-ਤਰਕ ਦੁਆਰਾ ਨਹੀਂ ਲਿਖੇ ਜਾ ਸਕਦੇ ਸਨ" ਪਿੱਛੋਂ ਇਕ ਅਤਿ ਦਿਲਚਸਪ ਚਰਚਾ ਕੀਤੀ ਗਈ ਹੈ ਜਿਸ ਉੱਤੇ ਇਕ ਸੰਖੇਪ ਨੋਟ ਔਰੰਗਜ਼ੇਬ ਦੇ ਇਤਿਹਾਸ ਵਿਚ ਦਿੱਤਾ ਗਿਆ ਹੈ (ਸੈਂਚੀ ਤੀਜੀ, ਪੰਨਾ 321)।

58. ਭਾਈ ਗੁਰਦਾਸ, ਵਾਰ ਪਹਿਲੀ, 17; ਛੇਵੀਂ, 19; ਸੱਤਵੀਂ, 19; ਨੌਂਵੀ 1; ਬਾਰਵੀ 5; ਤੇਰਵੀਂ, 25 ; ਸੋਲਵੀਂ, 18; ਚੌਵੀਵੀਂ, 21, 24.

ਵਿਚ ਇਹ ਗੁਰੂਆਂ ਦੇ ਉੱਚ ਆਦਰਸ਼ਾਂ ਤੋਂ ਗਿਰਾਵਟ ਹੈ ਕਿਉਂਕਿ ਇਹ ਅਪਰੋਖ ਰੂਪ ਵਿਚ ਅਵਤਾਰਵਾਦ ਦੇ ਸਿਧਾਂਤ ਦੀ ਪੁਸ਼ਟੀ ਕਰਦੀ ਹੈ ਜਿਸ ਨੂੰ ਗੁਰੂਆਂ ਨੇ ਪੂਰਨ ਭਾਂਤ ਰੱਦ ਕੀਤਾ ਹੈ। ਉਹ ਸਭ ਦੋਜ਼ਖ ਵਿਚ ਡਿੱਗਣਗੇ ਜਿਹੜੇ ਉਸ ਨੂੰ ਪਰਮਾਤਮਾ ਕਹਿਣਗੇ, ਉਹ ਤਾਂ ਕੇਵਲ ਕੁਦਰਤ ਦੇ ਚਮਤਕਾਰ ਦੇਖਣ ਹਿਤ ਪਰਮਾਤਮਾ ਵੱਲੋਂ ਇਸ ਸੰਸਾਰ ਵਿਚ ਭੇਜਿਆ ਗਿਆ ਅਤੇ ਉਹ ਕੇਵਲ ਉਸ ਦਾ ਸੇਵਕ ਹੈ,[59] ਗੁਰੂ ਗੋਬਿੰਦ ਸਿੰਘ ਦੀ ਆਪਣੇ ਸਿੱਖਾਂ ਨੂੰ ਦਿੱਤੀ ਇਸ ਚੇਤਾਵਨੀ ਤੋਂ ਰਤਾ ਜਿੰਨਾ ਸ਼ੱਕ ਨਹੀਂ ਰਹਿ ਜਾਂਦਾ ਕਿ ਗੁਰੂ ਅਤੇ ਪਰਮਾਤਮਾ ਦੀ ਸਮਰੂਪਤਾ ਨੂੰ ਗੁਰੂਆਂ ਦੇ ਆਪਣੇ ਤਾਤਪਰਜ ਤੋਂ ਅਗੇਰੇ ਤਰਕਹੀਣ ਸੀਮਾਂ ਤਕ ਲੈ ਜਾਇਆ ਗਿਆ।

ਸੋ ਸਿੱਖ ਮਤ ਵਿਚ ਗੁਰੂ ਦਾ ਸੰਕਲਪ ਕਿਧਰੇ ਜਟਿਲ ਹੈ ਪਰ ਅਸੀਂ ਇਸ ਦੇ ਪ੍ਰਕਰਣਾਂ ਨੂੰ ਪੂਰੀ ਤਰ੍ਹਾਂ ਨਹੀਂ ਵਾਚਿਆ। ਗੁਰਿਆਈ ਨੂੰ ਜਦ ਸਿੱਖ ਮਤ ਦੀ ਦੂਸਰੀ ਅਤਿ ਵਿਕਸਿਤ ਅਵਸਥਾ ਅਰਥਾਤ ਸਿੱਖ ਭਾਈਚਾਰੇ ਦੇ ਸਿੱਧਾਂਤ ਦੇ ਸਬੰਧ ਵਿਚ ਵਿਚਾਰਿਆ ਜਾਏ ਤਾਂ ਇਸ ਦਾ ਹੋਰ ਸਪੱਸ਼ਟੀਕਰਨ ਹੋ ਜਾਂਦਾ ਹੈ। ਗੁਰੂ ਨਾਨਕ ਜੀ, ਜਿਹੜੇ ਪਰਮ ਧਾਰਮਕ ਗੁਣਾਂ ਵਾਲੇ ਅਤੇ ਵਿਸ਼ਾਲ ਸਹਿਨਸ਼ੀਲਤਾ ਵਾਲੇ ਵਿਅਕਤੀ ਹਨ, ਨੇ ਆਪਣੇ ਅਨੁਯਾਈਆਂ ਨੂੰ ਹਰੇਕ ਮਨੁੱਖ ਨੂੰ ਬਰਾਬਰ ਜਾਨਣ ਦਾ ਆਦੇਸ਼ ਦਿੱਤਾ ਸੀ, ਕਿਉਂਕਿ ਸਭ ਇਕੋ ਹੀ ਸ਼ਰਨ ਵਿਚ ਹਨ ਅਰਥਾਤ "ਏਕ ਦ੍ਰਿਸ਼ਟਿ ਕਰ ਦੇਖਹੁ, ਘਟਿ ਘਟਿ ਜੋਤ ਸਮੋਈ ਜੀਉ।"[60] ਜੀਵਨ ਵਿਚ ਇਸ ਵਿਚਾਰ ਨੂੰ ਵਰਤਿਆਂ ਸਹਿਜੇ ਹੀ ਇਹ ਮਾਨਵ ਜਾਤੀ ਲਈ ਪ੍ਰੇਮ ਅਤੇ ਮਾਨਵਤਾ ਲਈ ਸੇਵਾ ਦਾ ਰੂਪ ਧਾਰਨ ਕਰ ਲੈਂਦਾ ਹੈ। ਸ਼ੁਰੂ ਵਿਚ ਇਹ ਵਿਚਾਰ ਕੁਝ ਧੁੰਧਲਾ, ਅਨਿਸ਼ਚਿਤ ਅਤੇ ਭਾਵ ਇਹ ਅਸਪੱਸ਼ਟ ਹੈ ਅਤੇ ਘੱਟ ਵੱਧ ਗੁਰੂ ਜੀ ਦੀ ਸਿੱਖਿਆ ਮੁੱਖ ਤੱਤਾਂ ਦਾ ਉਪਸਿੱਧਾਂਤ ਹੀ ਹੈ। ਪਰ ਗੁਰੂ ਨਾਨਕ ਜੀ ਦੇ ਉੱਤਰਾਧਿਕਾਰੀਆਂ ਦੇ ਹੱਥਾਂ ਵਿਚ, ਹੌਲੇ ਹੌਲੇ ਇਹ ਵਿਚਾਰ ਵਧੇਰੇ ਨਿਸ਼ਚਿਤ ਅਤੇ ਵਿਵਹਾਰਕ ਬਣ ਗਿਆ ਅਤੇ ਸਿੱਖ ਮਤ ਦੇ ਅਤਿ ਮਹੱਤਵਪੂਰਨ ਅਤੇ ਤਰਕਮਈ ਸਿੱਧਾਂਤਾਂ ਦੇ ਰੂਪ ਵਿਚ ਵਿਕਸਿਤ ਹੋ ਗਿਆ। ਜਿਉਂ ਜਿਉਂ ਇਹ ਸਿੱਧਾਂਤ ਆਪਣੇ ਅਰਥਾਂ ਵਿਚ ਵਧੇਰੇ ਸੰਪਰਦਾਇਕ ਹੁੰਦਾ ਗਿਆ, ਮੂਲ ਸਿੱਧਾਂਤ ਦੀ ਉਦਾਰਤਾ ਨਿਰਸੰਦੇਹ ਸੀਮਿਤ ਹੁੰਦੀ ਗਈ ਪਰ ਇਸ ਨਾਲ ਸਿੱਖ ਮਤ ਨੂੰ ਬਹੁਤ ਜ਼ਿਆਦਾ ਲਾਭ ਵੀ ਹੋਇਆ। ਸਿੱਖਾਂ ਵਿਚਕਾਰ ਸੰਗਠਨ ਦੀ ਭਾਵਨਾ ਕਾਫ਼ੀ ਹਦ ਤਕ ਪਕਿਆਂ ਹੋ ਗਈ ਅਤੇ ਉਹ ਆਪਣਾ ਭਵਿੱਖ ਵਿਚ ਆਉਣ ਵਾਲਾ ਭਾਗ ਅਦਾ ਕਰਨ ਲਈ ਵਧੇਰੇ ਯੋਗ ਬਣ ਗਏ ਕਿਉਂਕਿ ਉਹ ਆਪਣੇ ਧਰਮ ਨੂੰ ਕੇਵਲ ਮੰਨਦੇ ਹੀ ਨਹੀਂ ਸਗੋਂ ਉਸ ਨੂੰ ਜੀਉਣ ਦੇ ਵੀ ਆਦੀ ਹੋ ਗਏ ਸਨ।

ਸਭ ਤੋਂ ਪਹਿਲਾਂ ਇਹ ਯਾਦ ਰਖਣਾ ਚਾਹੀਦਾ ਹੈ ਕਿ ਸਿੱਖ ਭਾਈਚਾਰੇ ਦੇ ਵਿਚਾਰ ਦਾ ਵਿਕਾਸ, ਸਿੱਖ ਪੰਥ ਦੀ ਸਹਿਜੇ ਸਹਿਜੇ ਹੋਈ ਸਥਾਪਨਾ ਦੇ ਇਤਿਹਾਸ ਨਾਲ ਅਤਿ ਘਨਿਸ਼ਟ ਰੂਪ ਵਿਚ ਸਬੰਧਿਤ ਹੈ, ਜਿਸ ਦੀ ਅਸੀਂ ਪੂਰਬਲੇ ਹੀ ਅਧਿਆਇ ਵਿਚ

59. ਬਚਿਤ੍ਰ ਨਾਟਕ, VI.

60. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 332.

ਖੋਜ ਕੀਤੀ ਹੈ। ਪਰਿਸਥਿਤੀਆਂ ਨੇ ਇਸ ਨੂੰ ਹਿੰਦੂਆਂ ਤੋਂ ਸਹਿਜੇ ਸਹਿਜੇ ਪਰ ਨਿਸ਼ਚਿਤ ਨਿਖੇੜ ਲਈ ਮਜਬੂਰ ਕਰ ਦਿੱਤਾ ਅਤੇ ਸਿੱਖ ਇਕ ਨਵੇਂ ਸਮਾਜਕ ਸੰਗਠਨ ਵਿਚ ਅਧਿਕਾਰਾਂ ਅਤੇ ਕਰਤੱਵਾਂ ਦੇ ਸਾਂਝੇ ਬੰਧਨਾਂ ਦੁਆਰਾ ਬਝ ਗਏ। ਇਹ ਦੇਖ ਚੁੱਕੇ ਹਾਂ ਕਿ ਇਸ ਸਹਿਜ ਵਿਭੇਦ ਅਤੇ ਸੰਸਥਾਪਨ ਦੇ ਕਾਰਜ ਵਿਚ ਗੁਰੂਆਂ ਨੂੰ ਤਕੜੀ ਵਿਰੋਧਤਾ ਦ ਸਾਹਮਣਾ ਕਰਨਾ ਪਿਆ ਅਤੇ ਖ਼ਾਸ ਕਰ ਗੁਰੂ ਅਮਰ ਦਾਸ ਦੇ ਗੁਰਿਆਈ ਕਾਲ ਵਿਚ ਇਹ ਅਤਿ ਮੁਸ਼ਕਲ ਕਾਰਜ ਬਣ ਗਿਆ ਸੀ। ਇਹ ਸੁਭਾਵਕ ਸੀ ਕਿ ਸਿੱਖਾਂ ਦੇ ਵਤੀਰੇ ਵਿਚ ਇਸ ਦੀ ਅਨੁਰੂਪ ਪ੍ਰਕ੍ਰਿਆ ਹੀ ਹੋ ਸਕਦੀ ਸੀ ਅਤੇ ਇਸ ਪ੍ਰਕ੍ਰਿਆ ਦੀ ਤੀਖਣਤਾ ਗੁਰੂ ਰਾਮ ਦਾਸ ਦੇ ਸ਼ਲੋਕਾਂ ਵਿਚ ਸਪੱਸ਼ਟ ਭਾਂਤ ਦੇਖੀ ਜਾ ਸਕਦੀ ਹੈ। ਵਿਰੋਧਤਾ ਵਿਰੋਧ ਨੂੰ ਜਨਮ ਦੇਂਦੀ ਹੈ ਅਤੇ ਇਹ ਵਿਭੇਦਤਾ ਹੋਰ ਹੋਰ ਚੌੜੇਰੀ ਹੁੰਦੀ ਗਈ। ਸੰਖੇਪ ਵਿਚ ਇਹ ਹੀ ਸਿੱਖ ਆਪਣੇ ਆਪ ਨੂੰ ਪਰਮਾਤਮਾ ਦੁਆਰਾ ਚੁਣੇ ਹੋਏ ਅਤੇ ਮਿਹਰ ਦੇ ਪਾਤਰ ਸਮਝਣ ਲੱਗ ਪਏ ਅਤੇ ਉਹ ਸਭ ਜੋ ਇਸ ਭਾਈਚਾਰੇ ਦੇ ਮੁਗਧ-ਚਕਰ ਤੋਂ ਬਾਹਰ ਸਨ ਪਰਮਾਤਮਾ ਵੱਲੋਂ ਤ੍ਰਿਸਕਾਰੇ ਅਤੇ ਸਾਰੇ ਸੰਸਾਰ ਤੋਂ ਅਭਾਗੇ ਕਹੇ ਗਏ। ਸੋ ਗੁਰੂ ਅਮਰ ਦਾਸ ਜੀ ਕਹਿੰਦੇ ਹਨ ਕਿ ਸਾਰੀਆਂ ਧਾਰਮਕ ਪੱਧਤੀਆਂ ਵਿਚੋਂ ਗੁਰੂ ਪੱਧਤੀ ਸਭ ਤੋਂ ਚੰਗੀ ਹੈ[61] ਅਤੇ ਇਸ ਦੁਆਰਾ ਹੀ ਸੰਸਾਰ ਤੋਂ ਸੱਚਾ ਛੁਟਕਾਰਾ ਪਾਇਆ ਜਾ ਸਕਦਾ ਹੈ। ਜੋ ਹੋਰ ਦੇਵਤਿਆਂ ਦੀ ਪੂਜਾ ਕਰਦੇ ਹਨ ਉਨ੍ਹਾਂ ਦਾ ਜੀਣਾ ਫਿਟਕਾਰ ਹੈ ਅਤੇ ਜੋ ਸਤਿਗੁਰੂ ਵੱਲੋਂ ਬੇਮੁਖ ਹੋਣਗੇ ਉਨ੍ਹਾਂ ਨੂੰ ਕਿਤੇ ਢੋਈ ਨਹੀਂ ਮਿਲੇਗੀ, ਉਹ ਛੁਟੜ ਇਸਤਰੀ, ਜੋ ਆਚਰਣਹੀਣ ਅਤੇ ਬਦਨਾਮ ਹੈ, ਵਾਂਗ ਦਰ ਦਰ ਧੱਕੇ ਖਾਣਗੇ।[62] ਗੁਰੂ ਰਾਮ ਦਾਸ ਜੀ ਹੋਰ ਤੀਖਣ ਸਵਰ ਵਿਚ ਕਹਿੰਦੇ ਹਨ :

ਹੋਦੈ ਪਰਤਖਿ ਗੁਰੂ ਜੋ ਵਿਛੁੜੇ ਤਿਨ ਕਉ ਦਰਿ ਢੋਈ ਨਾਹੀ॥
ਕੋਈ ਜਾਇ ਮਿਲੈ ਤਿਨ ਨਿੰਦਕਾ ਮੁਹ ਫਿਕੇ ਥੁਕ ਥੁਕ ਮੁਹਿ ਪਾਹੀ॥
ਜੋ ਸਤਿਗੁਰਿ ਫਿਟਕੇ ਸੇ ਸਭ ਜਗਤਿ ਫਿਟਕੇ ਨਿਤ ਭੰਭਲ ਭੂਸੇ ਖਾਹੀ॥
....
ਜੋ ਸਤਿਗੁਰਿ ਮਾਰੇ ਤਿਨ ਜਾਇ ਮਿਲਹਿ ਰਹਦੀ ਖੁਹਦੀ ਸਭ ਪਤਿ ਗਵਾਹੀ॥
ਓਇ ਅਗੈ ਕੁਸਟੀ ਗੁਰ ਕੇ ਫਿਟਕੇ ਜਿ ਓਸ ਮਿਲੈ ਤਿਸੁ ਕੁਸਟੁ ਉਠਾਹੀ॥[63]

(ਗਉੜੀ ਕੀ ਵਾਰ ਮਹਲਾ ੪, ਪੰਨਾ ੩੦੮)

ਗੁਰੂ ਜੀ ਅੱਗੇ ਹੋਰ ਕਹਿੰਦੇ ਹਨ ਕਿ "ਗੁਰੂ ਤੋਂ ਵਿਮੁਖ ਜੋ ਹੈ ਉਹ ਕੂੜ ਹੈ"[64] ਅਤੇ ਜਿਹੜਾ ਪੂਰਨ ਸਤਿਗੁਰੂ ਦੀ ਨਿੰਦਾ ਕਰਦਾ ਹੈ ਉਸ ਨੂੰ ਕਰਤਾ ਦੰਡ ਦਿੰਦਾ ਹੈ।"[65] ਵਿਸ਼ੇ ਨੂੰ ਇਸ ਭਰੋਸੇ ਨਾਲ ਸਮਾਪਤ ਕਰਦੇ ਹਨ :

ਸਤਿਗੁਰੂ ਕਾ ਰਖਣਹਾਰਾ ਹਰਿ ਆਪਿ ਹੈ
ਸਤਿਗੁਰੂ ਕੈ ਪਿਛੈ ਹਰਿ ਸਭਿ ਉਬਾਰਿਆ॥

---

61. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 190.
62. *ਉਹੀ*, ਪੰਨਾ 217, 221.
63. *ਉਹੀ*, ਪੰਨਾ 305.
64. *ਉਹੀ*, ਪੰਨਾ 302.
65. *ਉਹੀ*, ਪੰਨਾ 301.

ਜੋ ਮੰਦਾ ਚਿਤਵੈ ਪੂਰੇ ਸਤਿਗੁਰੂ ਕਾ
ਸੋ ਆਪਿ ਉਪਵਣਹਾਰੈ ਮਾਰਿਆ॥
ਏਹ ਗਲ ਹੋਵੈ ਹਰਿ ਦਰਗਹ ਸਚੇ ਕੀ
ਜਨ ਨਾਨਕ ਅਗਮੁ ਵੀਚਾਰਿਆ॥[66]

(ਗਉੜੀ ਕੀ ਵਾਰ ਮਹਲਾ ੪, ਪੰਨਾ ੩੧੨)

ਸਿੱਖ ਮਤ ਜਿਸ ਦਾ ਆਰੰਭ ਦੈਵੀ ਸੀ, ਨੂੰ ਦੈਵੀ ਰੱਖਿਆ ਵੀ ਪ੍ਰਾਪਤ ਸੀ ਅਤੇ ਸਿੱਖਾਂ ਨੇ ਆਪਣੇ ਆਪ ਨੂੰ ਇਕ ਵਿਸ਼ੇਸ਼ ਸ਼੍ਰੇਣੀ ਵਿਚ ਬੰਨ੍ਹ ਲਿਆ ਸੀ ਜਿਹੜੇ ਆਪਣੀ ਪਵਿੱਤਰਤਾ ਵਿਚ ਅਦੁੱਤੀ ਸਨ ਅਤੇ ਅਧਿਕਾਰਾਂ ਵਿਚ ਵਿਸ਼ਿਸਟ ਸਨ। ਵਾਸਤਵ ਵਿਚ ਸਾਨੂੰ ਇਹ ਜਾਪਦਾ ਹੈ ਕਿ ਭਾਈ ਗੁਰਦਾਸ ਦੀਆਂ ਲਿਖਤਾਂ ਦਾ ਇਕ ਪ੍ਰਮੁੱਖ ਮੰਤਵ, ਸਿੱਖ ਮਤ ਅਤੇ ਇਸ ਦੇ ਅਨੁਯਾਈਆਂ ਲਈ ਇਸ ਸਥਿਤੀ ਨੂੰ ਸਥਾਪਿਤ ਕਰਨਾ ਸੀ। ਉਹ ਗੁਰੂਆਂ ਦੇ ਚਲਾਏ ਗਏ ਪੰਥ ਦੀ ਉੱਤਮਤਾ ਅਤੇ ਪ੍ਰੇਮਸਤਾ ਦਾ ਉੱਚੇ ਸਵਰ ਵਿਚ ਦਾਅਵਾ ਕਰਦਾ ਹੈ[67] ਅਤੇ ਗੁਰੂਆਂ ਨੂੰ ਅਕਾਲ ਪੁਰਖ ਨਾਲ ਸਿੱਧਾ ਸਮਰੂਪ ਦਰਸਾਇਆ ਗਿਆ ਹੈ। ਸਿੱਖ ਮਤ ਲਈ ਦੈਵੀ ਸਵੀਕ੍ਰਿਤੀ ਦਾ ਖੁਲਮ-ਖੁਲਾ ਦਾਅਵਾ ਕੀਤਾ ਗਿਆ[68] ਅਤੇ ਗੁਰਮੁਖ ਅਤੇ ਮਨਮੁਖ ਵਿਚਲੇ ਅੰਤਰ ਨੂੰ ਵਾਰ ਵਾਰ ਦ੍ਰਿੜ੍ਹਾਇਆ ਗਿਆ ਹੈ[69] ਅਤੇ ਗੁਰਮੁਖ ਨੂੰ ਹਰ ਸੰਭਵ ਢੰਗ ਦੁਆਰਾ ਵਡਿਆਇਆ ਗਿਆ ਹੈ ਜਦ ਕਿ ਮਨਮੁਖ ਨੂੰ ਗੁਲਾਮ, ਮਨੁੱਖੀ ਚੌਖਟੇ ਵਿਚ ਪਸ਼ੂ ਨਾਲ ਤੁਲਨਾ ਦਿੱਤੀ ਹੈ ਜਿਸ ਦਾ ਵਿਨਾਸ਼ ਹੋਣਾ ਹੈ। ਗੁਰਮੁਖ ਉਸ ਚਮਕਦੇ ਰੇਸ਼ਮੀ ਕਪੜੇ ਵਾਂਗ ਹੈ ਜੋ ਹਰ ਰੰਗ ਵਿਚ ਰੰਗਿਆ ਜਾ ਸਕਦਾ ਹੈ ਅਤੇ ਜਿਸ ਨੂੰ ਗੌਰਵਤਾ ਦੇ ਮੌਕਿਆਂ ਤੇ ਸਭ ਦੀ ਵਰਤੋਂ ਦੇ ਯੋਗ ਮੰਨਿਆ ਗਿਆ ਹੈ। ਪਰ ਮਨਮੁਖ ਘਟੀਆ ਅਤੇ ਖੁਰਦਰਾ ਕਾਲਾ ਕੰਬਲ ਹੈ ਜਿਸ ਤੇ ਕੋਈ ਹੋਰ ਰੰਗ ਨਹੀਂ ਚੜਦਾ। ਇਸ ਗੱਲ ਨੂੰ ਕਈ ਢੰਗਾਂ ਨਾਲ ਬਲ ਸਹਿਤ ਦ੍ਰਿੜ੍ਹਾਇਆ ਗਿਆ ਹੈ ਅਤੇ ਭਾਈ ਗੁਰਦਾਸ ਦੇ ਹੱਥਾਂ ਵਿਚ ਸਿੱਖ 'ਵਿਸ਼ੇਸ਼ ਤੌਰ ਤੇ ਚੁਣੇ ਹੋਏ' ਬਣ ਜਾਂਦੇ ਹਨ ਜਿਨ੍ਹਾਂ ਨੂੰ ਪ੍ਰਭੂ ਦੀ ਰੱਖਿਆ ਅਤੇ ਕ੍ਰਿਪਾ ਪ੍ਰਾਪਤ ਹੈ। ਸੋ ਮੂਲ ਵਿਚਾਰ ਦੀ ਉਦਾਰਤਾ ਕਿ ਸਭ ਮਨੁੱਖ ਸਮਾਨ ਹਨ, ਨੂੰ ਅਚਾਨਕ ਸੱਟ ਮਾਰੀ ਗਈ ਹੈ।

ਪਰੰਤੂ ਇਸ ਵਿਚ ਅਸਚਰਜਤਾ ਵਾਲੀ ਕੋਈ ਗੱਲ ਨਹੀਂ ਕਿਉਂਕਿ ਲਗਭਗ ਹਰ

---

66. ਉਹੀ, ਪੰਨਾ 308.
ਸਾਨੂੰ ਲਗਦਾ ਹੈ ਕਿ ਗੁਰੂ ਰਾਮ ਦਾਸ ਜੀ ਨੇ ਇਨ੍ਹਾਂ ਅਤੇ ਹੋਰ ਬਹੁਤ ਸਾਰੇ ਸ਼ਬਦਾਂ, ਜਿਹੜੇ ਕਿ 'ਗਉੜੀ ਕੀ ਵਾਰ' ਵਿਚ ਆਉਂਦੇ ਹਨ, ਦੀ ਵਿਰੋਧਤਾ ਉਸ ਕਰੜੀ ਵਿਰੋਧਤਾ ਦਾ ਅਨੁਮਾਨ ਦਿੰਦੀ ਹੈ ਜਿਸ ਦਾ ਸਾਹਮਣਾ ਗੁਰੂ ਅਮਰ ਦਾਸ ਜੀ ਨੂੰ ਕਰਨਾ ਪਿਆ।
67. ਭਾਈ ਗੁਰਦਾਸ ਵਾਰ ਪਹਿਲੀ, 45; ਪੰਜਵੀਂ, 9; ਸੋਲ੍ਹਵੀਂ, 13; ਅਠਾਈਵੀਂ, 19; ਦੇਖ ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 242.
68. ਭਾਈ ਗੁਰਦਾਸ, ਵਾਰ ਪਹਿਲੀ, 23; ਚੌਵੀਵੀਂ, 2; ਭਾਈ ਗੁਰਦਾਸ ਗੁਰੂ ਨਾਨਕ ਦਾ 'ਕਲਿ ਤਾਰਨ' ਅਤੇ 'ਜਗਤ ਗੁਰੂ' ਹੋਣ ਦਾ ਦਾਅਵਾ ਕਰਦਾ ਹੈ।
69. ਭਾਈ ਗੁਰਦਾਸ, ਵਾਰ ਪੰਜਵੀਂ, 15-19; ਤੀਹਵੀਂ 2-5; ਇਕੱਤੀਵੀਂ, 11.
ਇਹ ਕਹਿਣ ਦੀ ਲੋੜ ਨਹੀਂ ਕਿ ਜੋ ਗੁਰੂ ਅੱਗੇ ਆਪਾ ਸਮਰਪਣ ਕਰਦਾ ਹੈ ਅਤੇ ਉਸ ਦੀ ਦੱਸੀ ਸਿੱਖਿਆ ਉੱਤੇ ਚਲਦਾ ਹੈ ਉਹ ਗੁਰਮੁਖ ਹੈ ਅਤੇ ਹੋਰ ਸਭ ਮਨਮੁਖ ਹਨ।
(ਦੇਖੋ ਭਾਈ ਕਾਨ੍ਹ ਸਿੰਘ, ਗੁਰਮਤ ਪ੍ਰਭਾਕਰ, ਪੰਨਾ 359).

ਇਕ ਧਾਰਮਕ ਵਿਚਾਰਧਾਰਾ ਦੇ ਸਾਹਿੱਤ ਵਿਚ ਕੁਝ ਨਾ ਕੁਝ ਅਜੇਹੇ ਵਿਚਾਰ ਲੱਭੇ ਜਾ ਸਕਦੇ ਹਨ। ਪਰ ਇਨ੍ਹਾਂ ਦੇ ਨਾਲ ਨਾਲ ਕੁਝ ਹੋਰ ਸਿੱਧਾਂਤਾਂ ਨੂੰ ਲੋਕਾਂ ਦੇ ਮਨਾਂ ਵਿਚ ਬਿਠਾਉਣਾ ਸੀ ਜਿਨ੍ਹਾਂ ਨੇ ਸਿੱਖ ਮਤ ਲਈ ਵੱਖਰੀ ਸਥਿਤੀ ਪੈਦਾ ਕੀਤੀ। ਸਿੱਖ ਇੱਕ ਵਿਸ਼ੇਸ਼ ਅਧਿਕਾਰ ਦਾ ਸਵਾਮੀ ਬਣ ਗਿਆ ਸੀ ਪਰ ਇਹੀ ਸਭ ਕੁਝ ਨਹੀਂ ਸੀ। ਉਹ ਹੁਣ ਪਾਰਸ ਮਣੀ ਬਣ ਗਿਆ ਸੀ ਅਤੇ ਹੋਰਨਾਂ ਨੂੰ ਪਵਿੱਤਰਤਾ ਦੇਣ ਦੇ ਯੋਗ ਸੀ। "ਉਹ ਆਪ ਤੁਰਿਆ ਹੈ, ਆਪਣੇ ਪਰਿਵਾਰ ਨੂੰ ਤਾਰ ਗਿਆ ਹੈ, ਉਹ ਪੀੜ੍ਹੀਆਂ ਤਾਰ ਸਕੇਗਾ, ਸਾਰਾ ਸੰਸਾਰ ਤਾਰ ਸਕਦਾ ਹੈ।"[70] ਇਥੋਂ ਤਕ ਕਿ ਜਿਸ ਨੇ ਗੁਰੂ ਦੇ ਦਰਸ਼ਨ ਕੀਤੇ ਹੋਣ ਦੂਜਿਆਂ ਨੂੰ ਮੁਕਤੀ ਬਖ਼ਸ਼ ਸਕਦਾ ਹੈ, ਇਸ ਲਈ ਗੁਰੂ ਦਾ ਹਰ ਸਿੱਖ ਇਕ ਸੰਤ ਸੀ ਅਤੇ ਉਸ ਦੀ ਸੇਵਾ ਅਤੇ ਸਤਿਕਾਰ ਉਸੇ ਵਾਂਗ ਸੀ। ਗੁਰੂ ਰਾਮ ਦਾਸ ਜੀ ਕਹਿੰਦੇ ਹਨ "ਜੋ ਸਿੱਖ ਗੁਰੂ ਕਾਰ ਕਮਾਵਹਿ ਹਉ ਗੁਲਾਮੁ ਤਿਨਾ ਕਾ ਗੋਲੀਆ"[71] ਅਤੇ ਸਾਨੂੰ ਦੱਸਿਆ ਗਿਆ ਹੈ ਕਿ ਜਦ ਤਿੰਨ ਸਿੱਖ ਬਿਸ਼ਨ ਦਾਸ, ਮਾਣਕ ਚੰਦ ਅਤੇ ਪੂਰੂ ਗੁਰੂ ਜੀ ਦੇ ਦਰਸ਼ਨ ਕਰਨ ਗਏ ਤਾਂ ਉਨ੍ਹਾਂ ਆਪਣੀ ਅਤੇ ਆਪਣੇ ਪਰਿਵਾਰਾਂ ਦੀ ਮੁਕਤੀ ਲਈ ਗੁਰੂ ਜੀ ਦੀ ਸਿੱਖਿਆ ਮੰਗੀ। ਤਦ ਗੁਰੂ ਰਾਮ ਦਾਸ ਨੇ ਉਨ੍ਹਾਂ ਸਿੱਖਾਂ ਦੀ ਸੇਵਾ ਕਰਨ ਲਈ ਕਿਹਾ ਅਤੇ ਆਪਣੇ ਰਿਸ਼ਤੇਦਾਰਾਂ ਨੂੰ ਵੀ ਅਜੇਹਾ ਕਰਨ ਲਈ ਪ੍ਰੇਰਿਆ।[72] ਭਾਈ ਗੁਰਦਾਸ ਕਹਿੰਦਾ ਹੈ ਕਿ ਹਰੇਕ ਸਿੱਖ ਸੰਤ ਹੈ ਅਤੇ "ਜਿਥੇ ਕਿਧਰੇ ਦੋ ਸਿੱਖ ਹਨ ਉਥੇ ਸਾਧ ਸੰਗਤ ਹੈ ਅਤੇ ਜਿਥੇ ਪੰਜ ਸਿੱਖ ਹਨ ਉਥੇ ਪਰਮੇਸ਼ਵਰ ਹੈ।"[73] ਇਸ ਲਈ ਇਕ ਸਿੱਖ ਨੇ ਦੂਜੇ ਸਿੱਖ ਦਾ ਸਤਿਕਾਰ ਕਰਨਾ ਸੀ ਅਤੇ ਉਸ ਲਈ ਪ੍ਰੇਮ ਰੱਖਣਾ ਸੀ; "ਉਸ ਨੇ ਗੁਰੂ ਦੇ ਸਿੱਖਾਂ ਨੂੰ ਢੂੰਡਣਾ ਸੀ ਅਤੇ ਉਨ੍ਹਾਂ ਤੇ ਉਪਕਾਰ ਕਰਨਾ ਸੀ।"[74] ਉਸ ਨੂੰ ਦੂਸਰੇ ਸਿੱਖਾਂ ਦਾ ਚਰਨਾਮਤ ਪੀਣ ਲਈ ਵੀ ਕਿਹਾ ਗਿਆ ਹੈ।[75] ਅਜੇਹੀ ਸੇਵਾ ਦੇ ਫਲ ਨੂੰ ਉਜਲ ਸ਼ਬਦਾਂ ਵਿਚ ਅੰਕਿਤ ਕੀਤਾ ਗਿਆ ਹੈ। ਹੋਰ ਗੱਲਾਂ ਤੇ ਇਕ ਪਾਸੇ ਰਹੀਆਂ, ਅਜੇਹੀ ਸੇਵਾ ਦੁਆਰਾ ਮੁਕਤੀ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਸੋ ਇਹ ਪ੍ਰਤੀਤ ਹੋਵੇਗਾ ਕਿ ਇਸ ਪਾਸੇ ਮਾਨਵ ਜਾਤੀ ਦਾ ਪਿਆਰ ਗੁਰੂ ਨਾਨਕ ਦੇ ਅਨੁਯਾਈਆਂ ਦੇ ਪਿਆਰ ਵਿਚ ਸੀਮਿਤ ਹੋ ਗਿਆ ਅਤੇ ਦੂਜੇ ਪਾਸੇ ਗੁਰੂ-ਸੇਵਾ ਸਮੁੱਚੇ ਸਿੱਖਾਂ ਦੀ ਸੇਵਾ ਵਿਚ ਵਿਸਤ੍ਰਿਤ ਹੋ ਗਈ ਅਤੇ ਸਿੱਖ ਭਾਈਚਾਰਾ ਹੋਂਦ ਵਿਚ ਆਉਣਾ ਆਰੰਭ ਹੋਇਆ। ਜਿਵੇਂ ਕਿ ਅਸੀਂ ਉਪਰ ਸੰਕੇਤ ਕੀਤਾ ਹੈ, ਸਿੱਖ ਦ੍ਰਿਸ਼ਟੀਕੋਣ ਵਿਚ ਭਾਈਚਾਰੇ ਦਾ ਹਰੇਕ ਮੈਂਬਰ ਵਿਸ਼ੇਸ਼ ਪਵਿੱਤਰਤਾ ਦਾ ਧਾਰਨੀ ਸੀ ਪਰ ਇਸ ਗੱਲ ਨੂੰ ਇਥੇ ਹੀ ਮੁਕਾਇਆ ਨਹੀਂ ਗਿਆ ਸੀ। ਇਸ ਤੋਂ ਅਤਿਰਿਕਤ, ਹਰੇਕ ਸਿੱਖ ਨੂੰ ਗੁਰੂ ਪਦਵੀ ਤਕ ਉਚਿਆਇਆ ਗਿਆ ਹੈ। ਰਾਮ ਦਾਸ ਜੀ ਕਹਿੰਦੇ ਹਨ :

---

70. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 292.
71. ਉਹੀ, ਪੰਨਾ 307. (ਗਉੜੀ ਕੀ ਵਾਰ)
72. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 274.
73. ਭਾਈ ਗੁਰਦਾਸ, ਵਾਰ ਤੇਰਵੀਂ, 19.
74. ਮੈਕਾਲਿਫ, ਉਹੀ, ਸੈਂਚੀ ਚੌਥੀ, ਪੰਨਾ 244.
75. ਉਹੀ, ਦੇਖੋ; ਭਾਈ ਗੁਰਦਾਸ ਵਾਰ ਪਹਿਲੀ, 3.

ਜਿਨ ਗੁਰ ਕਾ ਭਾਣਾ ਮੰਨਿਆ
ਤਿਨ ਘੁਮਿ ਘੁਮਿ ਜਾਏ॥
ਜਿਨ ਗੁਰ ਕੀ ਕੀਤੀ ਚਾਕਰੀ
ਤਿਨ ਸਦ ਬਲਿਹਾਰੀ॥[76]

(ਤਿਲੰਗ ਮਹਲਾ ੧ ਘਰੁ ੨, ਪੰਨਾ ੭੨੫)

ਪਰੰਪਰਾ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਉਨ੍ਹਾਂ ਆਪਣੇ ਨਿਜੀ ਘਰੇਲੂ ਮਾਮਲਿਆਂ ਵਿਚ ਵੀ ਆਪਣੇ ਸ਼ਿਸ਼ਾਂ ਦੀਆਂ ਇੱਛਾਵਾਂ ਖੁਸ਼ੀ ਖੁਸ਼ੀ ਸਵੀਕਾਰ ਕਰਕੇ ਆਪਣੇ ਬਚਨ ਦੀ ਸੱਚਾਈ ਨੂੰ ਪਾਲਿਆ ਹੈ। ਜਦੋਂ ਚੰਦੂ ਸ਼ਾਹ ਨੇ, ਜਿਹੜਾ ਸ਼ਹਿਨਸ਼ਾਹ ਦਾ ਵਿੱਤ ਮੰਤਰੀ ਸੀ, ਗੁਰੂ ਅਰਜਨ ਦੇ ਪੁੱਤਰ ਹਰਿਗੋਬਿੰਦ ਲਈ ਆਪਣੀ ਧੀ ਦਾ ਰਿਸ਼ਤਾ ਪੇਸ਼ ਕੀਤਾ ਤਾਂ ਗੁਰੂ ਜੀ ਨੇ ਇਸ ਤੋਂ ਇਨਕਾਰ ਕਰ ਦਿੱਤਾ। ਇਸ ਦਾ ਮੁੱਖ ਕਾਰਨ, ਜਿਵੇਂ ਕਿ ਉਹ ਆਪ ਦੱਸਦੇ ਹਨ, ਇਹ ਸੀ ਕਿ ਉਨ੍ਹਾਂ ਦੇ ਦਿੱਲੀ ਦੇ ਸਿੱਖਾਂ ਨੂੰ ਇਹ ਪ੍ਰਸਤਾਵ ਮਨਜ਼ੂਰ ਨਹੀਂ ਸੀ, ਭਾਵੇਂ ਗੁਰੂ ਜੀ ਚੰਦੂ ਸ਼ਾਹ ਵਰਗੀ ਪਦਵੀ ਦੇ ਵਿਅਕਤੀ ਨੂੰ ਨਰਾਜ਼ ਕਰਨ ਤੋਂ ਪੈਂਦਾ ਹੋਣ ਵਾਲੇ ਖ਼ਤਰਿਆਂ ਤੋਂ ਪੂਰਨ ਭਾਂਤ ਸੁਚੇਤ ਸਨ। ਵਿੱਤ ਮੰਤਰੀ ਦੀਆਂ ਧਮਕੀਆਂ ਅਤੇ ਅਰਜੋਈਆਂ ਇਕ ਸਮਾਨ ਨਿਰਮੂਲ ਸਨ ਅਤੇ ਗੁਰੂ ਅਰਜਨ ਜੀ ਨੇ ਅਖ਼ੀਰ ਕਿਹਾ : "ਇਹ ਗੁਰੂ ਦਾ ਨਿਯਮ ਹੈ ਕਿ ਉਹ ਆਪਣੇ ਸਿੱਖਾਂ ਦੀਆਂ ਇੱਛਾਵਾਂ ਦੀ ਪੂਰਤੀ ਕਰੇ। ਉਨ੍ਹਾਂ ਦੇ ਸ਼ਬਦ ਅਟੱਲ ਹਨ ਅਤੇ ਉਹ ਇਕ ਵਾਰ ਰੱਦ ਕਰ ਦੇਣ ਤਾਂ ਉਸ ਨੂੰ ਦੁਬਾਰਾ ਸਵੀਕਾਰ ਕਰਨਾ ਉਚਿਤ ਨਹੀਂ।"[77] ਸੋ ਅਸੀਂ ਇਕ ਅਤਿ ਰੌਚਕ ਸਥਿਤੀ ਤੇ ਆ ਪਹੁੰਚੇ ਹਾਂ। ਇਕ ਪਾਸੇ ਸਾਡੇ ਕੋਲ ਸਿੱਖ ਦਾ ਸਵਤੰਤਰ ਰੂਪ ਵਿਚ ਗੁਰੂ ਅੱਗੇ ਆਪਾ ਸਮਰਪਣ ਹੈ, ਦੂਜੇ ਪਾਸੇ ਉਸੇ ਸਵਤੰਤਰ ਸਹਿਤ ਸਿੱਖਾਂ ਦੀ ਇੱਛਾ ਪ੍ਰਤਿ ਗੁਰੂ ਦਾ ਕਰਤੱਵ ਹੈ। ਪਰੰਤੂ ਇਸ ਦਾ ਸਿਖਰ ਉਦੋਂ ਆਉਂਦਾ ਹੈ ਜਦ ਕਿ ਸਿੱਖ ਨੂੰ ਗੁਰੂਆਂ ਦਾ ਸਮਰੂਪ ਬਣਾ ਦਿੱਤਾ ਗਿਆ ਅਤੇ ਗੁਰੂ ਹਰਿਗੋਬਿੰਦ ਨੇ ਸਿੱਖਾਂ ਨੂੰ ਆਦੇਸ਼ ਦਿੱਤਾ ਕਿ "ਜਿਹੜਾ ਸਿੱਖ ਗੁਰੂ ਦਾ ਨਾਮ ਲੈ ਕੇ ਤੁਹਾਡੇ ਕੋਲ ਆਉਂਦਾ ਹੈ ਉਸ ਨੂੰ ਆਪਣਾ ਗੁਰੂ ਸਮਝੋ।"[78]

ਸੋ ਅਸੀਂ ਗੁਰਿਆਈ ਦੇ ਇਕ ਹੋਰ ਪੱਖ—ਗੁਰੂ ਅਤੇ ਸਿੱਖ ਵਿਚਕਾਰ ਇਹ ਰਹੱਸਮਈ ਭਾਂਤ ਦਾ ਸੁਮੇਲ ਹੈ— ਤੇ ਆ ਪਹੁੰਚੇ ਹਾਂ। ਗੁਰੂ ਰਾਮ ਦਾਸ ਜੀ ਕਹਿੰਦੇ ਹਨ :

ਗੁਰੁ ਸਿਖੁ ਸਿਖੁ ਗੁਰੂ ਹੈ
ਏਕੋ ਗੁਰ ਉਪਦੇਸੁ ਚਲਾਏ॥[79]

ਅਤੇ ਭਾਈ ਗੁਰਦਾਸ ਵਾਰ ਵਾਰ ਇਸ ਤੇ ਬਲ ਦੇ ਰਿਹਾ ਹੈ ਕਿ 'ਗੁਰੂ ਸਿੱਖ ਅਤੇ ਸਿੱਖ ਗੁਰੂ ਹੈ'[80] ਅਤੇ ਇਨ੍ਹਾਂ ਦੋਹਾਂ ਵਿਚ ਭੇਦ ਨਹੀਂ ਹੈ। ਇਹ ਆਦਰਸ਼ ਕੋਈ ਨਿਰਮੂਲ

---

76. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 329.
77. ਮੈਕਾਲਿਫ, ਉਹੀ, ਸੈਂਚੀ ਤੀਜੀ, ਪੰਨਾ 80। ਗੁਰੂ ਵੱਲੋਂ ਸਿੱਖਾਂ ਦੀਆਂ ਇੱਛਾਵਾਂ ਦਾ ਸਤਿਕਾਰ ਗੁਰੂ ਰਾਮ ਦਾਸ ਦੇ ਹੇਠਲੇ ਕਥਨ ਦੁਆਰਾ ਵੀ ਦਰਸਾਇਆ ਗਿਆ ਹੈ।
"ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ ਜੋ ਸਿੱਖਾਂ ਨੋ ਲੋਚੈ ਸ ਗੁਰ ਖੁਸ਼ੀ ਆਵੈ॥"(ਗਉੜੀ ਕੀ ਵਾਰ)
78. ਮੈਕਾਲਿਫ, ਉਹੀ, ਸੈਂਚੀ ਚੌਥੀ, ਪੰਨਾ 219.
79. ਆਸਾ ਛੰਤ
80. ਵਾਰ ਤੀਜੀ, 11; ਨੌਵੀਂ 8, 9; ਤੇਰਵੀਂ 1; ਪੰਦਰ੍ਹਵੀਂ, 16.

ਨਹੀਂ ਹੈ, ਸੁਜਾਨ ਰਾਏ ਬਟਾਲਵੀ ਦੇ ਇਸ ਕਥਨ ਤੋਂ ਸਪੱਸ਼ਟ ਸਿੱਧ ਹੈ ਕਿ "ਸਿੱਖਾਂ ਵਿਚ ਆਪਣੇ ਗੁਰੂ ਲਈ ਏਨੀ ਸ਼ਰਧਾ ਹੈ ਕਿ ਕੋਈ ਵੀ ਅਜਨਬੀ ਬਾਬਾ ਨਾਨਕ ਦਾ ਨਾਮ ਲੈ ਕੇ ਉਨ੍ਹਾਂ ਦੇ ਘਰ ਆਏ ਤਾਂ ਉਹ ਮਿੱਤਰ ਜਾਣਿਆ ਜਾਂਦਾ ਹੈ।"[81] ਇਹ ਗੱਲ ਦਬਿਸਤਾਨ ਵਿਚ ਦਰਜ ਇਕ ਅਤਿ ਰੌਚਕ ਵਾਰਤਾ ਤੋਂ ਹੋਰ ਸਪੱਸ਼ਟ ਹੋ ਜਾਂਦੀ ਹੈ।[82] ਮੋਹਸਿਨ ਫਾਨੀ ਇਸ ਕਥਨ ਨਾਲ ਵਾਰਤਾ ਆਰੰਭਦਾ ਹੈ ਕਿ "ਜੋ ਕੋਈ ਵੀ ਗੁਰੂ ਦਾ ਨਾਮ ਲੈਂਦਾ ਹੈ ਉਸ ਲਈ ਸਿੱਖ ਦਾ ਘਰ ਖੁਲ੍ਹਾ ਹੈ।" ਸੋ ਇਕ ਚੋਰ ਆਪਣੇ ਆਪ ਨੂੰ ਸਿੱਖ ਦੱਸ ਕੇ ਇਕ ਹੋਰ ਸਿੱਖ ਦੇ ਘਰ ਅੰਦਰ ਚਲਿਆ ਗਿਆ। ਜਦ ਉਹ ਮਨੁੱਖ ਬਾਹਰ ਗਿਆ ਤਾਂ ਚੋਰ ਨੇ ਉਸ ਦੀ ਪਤਨੀ ਨੂੰ ਮਾਰ ਦਿੱਤਾ ਅਤੇ ਗਹਿਣੇ ਲਾਹ ਕੇ ਦੌੜ ਗਿਆ। ਪਰ ਰਸਤੇ ਵਿਚ ਉਹੀ ਸਿੱਖ ਮਿਲ ਗਿਆ ਅਤੇ ਉਸ ਨੂੰ ਜਬਰਦਸਤੀ ਵਾਪਸ ਘਰ ਲੈ ਆਇਆ। ਜਦ ਉਹ ਘਰ ਆਏ ਤਾਂ ਸਾਰਾ ਭੇਦ ਖੁਲ੍ਹ ਗਿਆ। ਪਰ ਸਿੱਖ ਨੇ ਸਾਰੇ ਗਹਿਣੇ ਚੋਰ ਨੂੰ ਉਪਹਾਰ ਵਜੋਂ ਦੇ ਦਿੱਤੇ ਅਤੇ ਉਸ ਨੂੰ ਉਥੋਂ ਚਲੇ ਜਾਣ ਲਈ ਕਿਹਾ। ਉਸ ਨੇ ਆਪਣੇ ਗੁਆਂਢੀਆਂ ਵਿਚ ਇਹ ਦੱਸਿਆ ਕਿ ਉਸ ਦੀ ਪਤਨੀ ਬੀਮਾਰ ਸੀ ਜਿਸ ਕਰਕੇ ਉਸ ਦੀ ਮ੍ਰਿਤੂ ਹੋ ਗਈ ਅਤੇ ਉਸ ਨੂੰ ਆਖ਼ਰ ਜਲਾ ਦਿੱਤਾ ਗਿਆ। ਇਹ ਦ੍ਰਿਸ਼ਟਾਂਤ ਪੂਰਨ ਭਾਂਤ ਠੀਕ ਨਹੀਂ ਜਾਪਦਾ ਕਿਉਂਕਿ ਗੁਰੂ ਅਤੇ ਸਿੱਖ ਵਿਚਲੀ ਪ੍ਰਸੰਗਿਤ ਸਮਰੂਪਤਾ ਦਾ ਸੰਕੇਤ ਕੁਝ ਹਦ ਤਕ ਧੁੰਧਲਾ ਹੈ ਪਰ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਵਾਰਤਾ ਗੁਰੂ ਹਰਿਗੋਬਿੰਦ ਦੇ ਆਦੇਸ਼ ਦਾ ਕਿ "ਗੁਰੂ ਨਾਨਕ ਦੇ ਨਾਮ ਨਾਲ ਜੇ ਕੋਈ ਵੀ ਸਿੱਖ ਤੁਹਾਡੇ ਘਰ ਆਵੇ ਤਾਂ ਉਸ ਨੂੰ ਆਪਣਾ ਹੀ ਜਾਣੋ"[83] ਕੁਝ ਹਦ ਤਕ ਪ੍ਰਮਾਣ ਦਿੰਦੀ ਹੈ।

ਇਹ ਦੇਖਿਆ ਜਾਵੇਗਾ ਕਿ ਸਿੱਖ ਮਤ ਵਿਚ ਗੁਰਿਆਈ ਦੇ ਸੁਭਾਵ ਸਬੰਧੀ ਉਪਰੋਕਤ ਚਰਚਾ ਵਿਚੋਂ ਮਹੱਤਵਪੂਰਨ ਤੱਤ ਇਹ ਨਿਕਲਦਾ ਹੈ ਕਿ ਗੁਰਿਆਈ ਸੁਭਾਵ ਵਜੋਂ ਅਵਿਅਕਤੀਵਾਚਕ ਹੈ। ਇਸ ਦਾ ਬੁਨਿਆਦੀ ਆਧਾਰ ਸਤ ਅਤੇ ਗਿਆਨ ਦੇ ਤੱਤ ਹਨ ਜੋ ਇਕ ਪਿੱਛੋਂ ਦੂਜੇ ਗੁਰੂ ਦੇ ਸਰੂਪ ਵਿਚ ਪ੍ਰਦਰਸ਼ਿਤ ਹੁੰਦੇ ਰਹੇ ਹਨ। ਇਸ ਦ੍ਰਿਸ਼ਟੀਕੋਣ ਤੋਂ ਦੇਖਿਆਂ ਇਸ ਦੀ ਅਖੰਡਤਾ ਅਤੇ ਨਿਰੰਤਰਤਾ ਦਾ ਸਿੱਧਾਂਤ ਸਮਝਣਾ ਸੌਖਾ ਹੋ ਜਾਂਦਾ ਹੈ ਅਤੇ ਅਨੇਕਾਂ ਸਮੀਕਰਣ, ਜਿਨ੍ਹਾਂ ਨੂੰ ਅਸੀਂ ਕੁਝ ਵੇਰਵੇ ਸਹਿਤ ਵਿਕਸਿਤ ਕਰਨ ਦਾ ਯਤਨ ਕੀਤਾ ਹੈ, ਕਾਫ਼ੀ ਹੱਦ ਤਕ ਬਹੁਤੇ ਧੁੰਧਲੇ ਅਤੇ ਰਹੱਸਮਈ ਨਹੀਂ ਰਹਿੰਦੇ ਜਦ ਇਹ ਯਾਦ ਰਖਿਆ ਜਾਂਦਾ ਹੈ ਕਿ ਸਮੀਕਰਣ ਵਾਸਤਵ ਵਿਚ ਸਿੱਧਾਂਤ ਸਿੱਧਾਂਤ ਵਿਚਕਾਰ ਹੈ ਅਤੇ ਉਨ੍ਹਾਂ ਦੇ ਸਥੂਲ ਰੂਪਾਂ ਵੱਲ ਉੱਕਾ ਹੀ ਕੋਈ ਸੰਕੇਤ ਨਹੀਂ ਹੈ। ਜੇਕਰ ਅਸੀਂ ਗੁਰਿਆਈ ਦੇ ਇਸ ਅਵਿਅਕਤੀਵਾਚਕ ਪੱਖ ਨੂੰ ਸਹੀ ਸਮਝ ਸਕਦੇ ਹਾਂ ਤਾਂ ਸਤ ਦੇ ਪ੍ਰਸਾਰ ਦੇ ਮੁੱਖ ਸਾਧਨਾਂ, ਨਾਮ ਅਤੇ ਸ਼ਬਦ ਨਾਲ ਇਸ ਦੀ ਸਮਰੂਪਤਾ ਦਾ ਸਿੱਧਾਂਤ ਸਾਨੂੰ ਹੋਰ ਪਰੇਸ਼ਾਨ ਨਹੀਂ ਕਰੇਗਾ। ਇਥੋਂ ਤਕ ਕਿ ਗੁਰੂਆਂ ਦਾ ਦੈਵੀਕਰਣ ਵੀ ਸਾਨੂੰ ਮਨੁੱਖੀ ਉਪਾਸ਼ਨਾ ਵੱਲ ਗਿਰਾਵਟ ਨਹੀਂ ਜਾਪੇਗੀ ਅਤੇ ਸਿੱਖ ਅਤੇ ਗੁਰੂ ਦੀ

81. *ਖੁਲਾਸਤੁੱਤ ਤਵਾਰੀਖ*, ਪੰਨਾ 70.
82. *ਦਬਿਸਤਾਨ, ਸੈਂਚੀ ਦੂਜੀ*, ਪੰਨਾ 286.
83. *ਉਹੀ*, ਪੰਨਾ 285.

ਸਮਰੂਪਤਾ ਦਾ ਸਿੱਧਾਂਤ ਸਮਝਣ ਲਈ ਵਧੇਰੇ ਸਪੱਸ਼ਟ ਅਤੇ ਸੌਖਾ ਬਣ ਜਾਵੇਗਾ। ਅੰਤ ਵਿਚ ਗੁਰੂ ਗੋਬਿੰਦ ਸਿੰਘ ਦੁਆਰਾ ਬਹੁਤ ਸਾਰੇ ਬੁਨਿਆਦੀ ਸੁਧਾਰ, ਵਿਅਕਤੀਵਾਦੀ-ਗੁਰਿਆਈ ਦਾ ਖ਼ਾਤਮਾ ਅਤੇ ਖ਼ਾਲਸਾ ਹੀ ਗੁਰੂ ਹੈ ਦਾ ਆਦੇਸ਼, ਆਪਣੀ ਸਹੀ ਸਹੀ ਥਾਂ ਤੇ ਦਿਸ ਪੈਣਗੇ ਅਤੇ ਇਹ ਨਾ ਹੀ ਆਕਸਮਿਕ ਜਾਪਣਗੇ ਅਤੇ ਨਾ ਹੀ ਕ੍ਰਾਂਤੀਮਈ।

ਇਹ ਵੀ ਸਪੱਸ਼ਟ ਕਰ ਦਿੱਤਾ ਗਿਆ ਹੈ ਕਿ ਸਿੱਖ ਭਾਈਚਾਰਾ ਪਹਿਲਾਂ ਤੋਂ ਹੀ ਇਕ ਅਸਲੀਅਤ ਸੀ ਅਤੇ ਇਸ ਦੀ ਪ੍ਰਭਾਵਸ਼ਾਲੀ ਵਿਸ਼ੇਸ਼ਤਾ ਆਪਣੇ ਤੇ ਪੂਰਾ ਉਤਰਨਾ ਸੀ ਅਤੇ ਸਮਰਪਣ ਅਤੇ ਸੇਵਾ ਦੇ ਆਦਰਸ਼ ਨਿਪਟ ਪਾਠ ਪੁਸਤਕ ਦੇ ਸੂਤਰ ਹੀ ਨਹੀਂ ਸਨ। ਗੁਰੂ ਅਮਰ ਦਾਸ ਦੀ ਇਹ ਮੰਗ ਕਿ :

ਹਸਤੀ ਸਿਰਿ ਜਿਉ ਅੰਕਸੁ ਹੈ
ਅਹਰਣਿ ਜਿਉ ਸਿਰੁ ਦੇਇ॥
ਮਨੁ ਤਨੁ ਆਗੈ ਰਾਖਿ ਕੈ
ਊਭੀ ਸੇਵ ਕਰੇਇ॥[84]

ਭਾਵੇਂ ਅਨੋਖੀ ਪ੍ਰਤੀਤ ਹੋਵੇਗੀ, ਪਰ ਇਹ ਦੱਸਣ ਲਈ ਕਾਫ਼ੀ ਕੁਝ ਕਿਹਾ ਜਾ ਚੁੱਕਿਆ ਹੈ ਕਿ ਸਿੱਖਾਂ ਵਿਚ ਸ਼ਰਧਾ ਦੀ ਭਾਵਨਾ ਇਸ ਉੱਚ ਅਤੇ ਪਰਿਸ਼ੁਧ ਆਦਰਸ਼ ਤੋਂ ਕਦੇ ਥਲੇ ਨਹੀਂ ਡਿੱਗੀ ਸੀ। ਇਕ ਸਿੱਖ ਦੂਜੇ ਭਰਾ ਲਈ ਜੋ ਕੁਝ ਕਰ ਸਕਦਾ, ਭਾਵੇਂ ਉਸ ਦਾ ਝੂਠਾ ਭੇਸ ਹੀ ਹੋਵੇ, ਇਸ ਦੀ ਸਮਾਨਤਾ ਕਿਧਰੇ ਨਹੀਂ ਮਿਲਦੀ। ਅਸੀਂ ਦੇਖਿਆ ਹੈ ਕਿ ਸਿੱਖਾਂ ਨੂੰ ਅਜਿਹਾ ਜੀਵਨ ਜੀਉਣ ਲਈ ਕਿਹਾ ਹੈ ਜਿਸ ਨੂੰ ਭਾਈ ਗੁਰਦਾਸ ਨੇ 'ਮਾਇਆ ਵਿਚ ਉਦਾਸ'[85] ਚਿਤ ਕਿਹਾ ਹੈ ਜਾਂ ਸੰਸਾਰਕ ਧੰਧਿਆਂ ਵਿਚ ਵਿਚਰਦੇ ਹੋਏ ਤਿਆਗ ਕਰਨਾ ਕਿਹਾ ਹੈ। ਪੂਰਨ ਆਤਮ ਤਿਆਗ ਦੇ ਦ੍ਰਿਸ਼ਟਾਂਤ ਜੋ ਹੁਣ ਤਕ ਅਸੀਂ ਇਕੱਠੇ ਕਰ ਸਕੇ ਹਾਂ, ਘੱਟੋ ਘੱਟ ਕੁਝ ਇਕ ਸਥਿਤੀਆਂ ਵਿਚ ਸ਼ੰਕਾ ਦੀ ਰਤਾ ਗੁੰਜਾਇਸ਼ ਨਹੀਂ ਰਹਿਣ ਦਿੰਦੇ ਕਿ ਇਹ ਸਿੱਧਾਂਤ ਥੋਥਾ ਨਹੀਂ ਸੀ।

ਫਿਰ, ਸਿੱਖ ਮਤ ਦੇ ਵਧੇਰੇ ਵਿਸਤ੍ਰਿਤ ਅਤੇ ਵਿਵਹਾਰਕ ਪੱਖ ਨੂੰ ਲਈਏ ਤਾਂ ਸਿੱਖ ਮਤ ਦੇ ਪ੍ਰਸਿੱਧ ਸੂਤਰ 'ਨਾਮ, ਦਾਨ, ਇਸ਼ਨਾਨ' ਦਾ ਇਕਦਮ ਖ਼ਿਆਲ ਆ ਜਾਂਦਾ ਹੈ। ਭਾਈ ਗੁਰਦਾਸ ਨੇ ਇਸ ਨੂੰ ਜਿਨ੍ਹਾਂ ਅਨੇਕਾਂ ਪ੍ਰਸੰਗਾਂ ਵਿਚ ਵਰਤਿਆ ਹੈ, ਉਸ ਤੋਂ ਇਹ ਪ੍ਰਤੀਤ ਹੋ ਜਾਂਦਾ ਹੈ ਕਿ ਇਹ ਤਿੰਨੇ ਨੇਮ ਉਸ ਸਮੁੱਚੇ ਸੰਦੇਸ਼ ਨੂੰ ਪ੍ਰਗਟਾਉਂਦੇ ਹਨ ਜੋ ਗੁਰੂ ਨਾਨਕ ਨੇ ਮਾਨਵਤਾ ਦੇ ਉਧਾਰ ਲਈ ਦਿੱਤਾ ਸੀ।[86] ਭਾਈ ਕਾਨ੍ਹ ਸਿੰਘ ਦੀ ਵੀ ਇਹੋ ਸੰਮਤੀ ਹੈ ਕਿ ਸੂਤਰ ਸੰਖੇਪ ਵਿਚ ਸਿੱਖ ਮਤ ਦੇ ਮੂਲ ਤੱਤਾਂ ਨੂੰ ਪ੍ਰਗਟਾਉਂਦਾ ਹੈ।[87] ਇਸ ਵੱਲ ਪਹਿਲਾਂ ਵੀ ਸੰਕੇਤ ਕਰ ਚੁੱਕੇ ਹਾਂ ਕਿ ਨਾਮ ਦੇ ਕਈ ਭਾਵ ਅਰਥ ਲਏ ਜਾ ਸਕਦੇ ਹਨ। ਪਰ ਜੇਕਰ ਅਸੀਂ ਇਹ ਕਹੀਏ ਕਿ ਇਸ ਸੂਤਰ ਵਿਚ ਨਾਮ ਪਰਮਾਤਮਾ

---

84. ਮੈਕਾਲਿਫ, ਸੈਂਚੀ ਦੂਜੀ, ਪੰਨਾ 222.
85. ਭਾਈ ਗੁਰਦਾਸ, ਵਾਰ ਬਾਰਵੀਂ, 18; ਦੇਖੋ ਵਾਰ ਬਾਰਵੀਂ, 6; ਤੀਜੀ, 2; ਪੰਦਰ੍ਹਵੀਂ
86. ਭਾਈ ਗੁਰਦਾਸ, ਵਾਰ ਪਹਿਲੀ, 14; ਪੰਜਵੀਂ, 13; ਗਿਆਰਵੀਂ, 3; ਬਾਰਵੀਂ 16.
87. ਭਾਈ ਕਾਨ੍ਹ ਸਿੰਘ, ਗੁਰਮਤ ਸੁਧਾਕਰ, ਪੰਨਾ 157.

ਪ੍ਰਤਿ ਸ਼ਰਧਾ ਅਤੇ ਉਪਾਸ਼ਨਾ ਦੇ ਅਰਥ ਰਖਦਾ ਹੈ ਤਾਂ ਅਸੀਂ ਸੱਚਾਈ ਤੋਂ ਦੁਰੇਡੇ ਨਹੀਂ ਜਾ ਰਹੇ ਹੁੰਦੇ। ਦਾਨ ਦੇ ਸਾਧਾਰਨ ਅਰਥ ਦਇਆ ਦੇ ਹਨ ਅਤੇ ਇਸ ਤੋਂ ਸਾਨੂੰ ਸੇਵਾ ਦਾ ਸੰਕਲਪ ਮਿਲਦਾ ਹੈ। ਇਸ਼ਨਾਨ ਤੋਂ, ਜਿਸ ਦਾ ਭਾਵ ਨਹਾਉਣਾ ਹੈ, ਅਸੀਂ ਸੁਚਤਾ ਦਾ ਸੰਕਲਪ ਅਨੁਮਾਨਿਤ ਕਰ ਸਕਦੇ ਹਾਂ। ਸੋ 'ਨਾਮ, ਦਾਨ, ਇਸ਼ਨਾਨ' ਦਾ ਭਾਵ ਪ੍ਰਭੂ ਭਗਤੀ, ਸੇਵਾ ਅਤੇ ਸੁਚਤਾ ਹੈ ਅਤੇ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹੋ ਹੀ ਸਿੱਖ ਮਤ ਦੇ ਮੂਲ ਤੱਤ ਹਨ। ਇਸ ਸੂਤਰ ਦੀ ਵਿਆਖਿਆ ਅਧਿਕ ਵੇਰਵੇ ਸਹਿਤ ਕਰਨ ਦੇ ਯਤਨ ਕੀਤੇ ਗਏ ਹਨ। ਭਾਈ ਕਾਨ੍ਹ ਸਿੰਘ ਕਹਿੰਦਾ ਹੈ ਕਿ ਨਾਮ ਤੋਂ ਭਾਵ ਉਹ ਸਿੱਖਿਆ ਹੈ ਜੋ ਹਰੇਕ ਨੂੰ ਪਰਮਾਤਮਾ ਪ੍ਰਤਿ ਚੇਤੰਨ ਰਖਦੀ ਹੈ ਅਤੇ ਉਸ ਦੀ ਸਰਵ-ਵਿਆਪਕਤਾ ਅਤੇ ਅੰਤਰਜਾਮੀ ਸੱਤਾ ਦਾ ਸਿਮਰਨ ਕਰਕੇ ਆਪਣੇ ਆਪ ਨੂੰ ਸੰਸਾਰਕ ਲੋਭ ਤੋਂ ਬਚਾਉਂਦੀ ਹੈ। ਇਸ ਤੋਂ ਇਲਾਵਾ ਸਿੱਖ ਗੁਰੂ ਰਾਹੀਂ ਅਕਾਲ ਪੁਰਖ ਦੇ ਮਿਲੇ ਆਦੇਸ਼ਾਂ ਦੀ ਬਿਨਾਂ ਝਿਜਕ ਪਾਲਣਾ ਕਰਨੀ ਚਾਹੀਦੀ ਹੈ। ਦਾਨ ਦੁਆਰਾ ਹਰੇਕ ਸਿੱਖ ਨੂੰ ਕਿਹਾ ਗਿਆ ਹੈ ਕਿ ਉਹ ਆਪਣੇ ਆਪ ਨੂੰ ਵਿੱਦਿਆ ਜਾਂ ਹੋਰ ਸਰੀਰਕ ਧੰਧਿਆਂ ਦੁਆਰਾ ਅਜੇਹੇ ਢੰਗ ਨਾਲ ਤਿਆਰ ਕਰੇ ਕਿ ਉਹ ਭਾਈਚਾਰੇ ਅਤੇ ਦੇਸ਼ ਲਈ ਸਹਾਇਕ ਸਿੱਧ ਹੋਵੇ ਅਤੇ ਉਸ ਨੂੰ ਕਿਸੇ ਹੋਰ ਪਾਸੋਂ ਕਿਸੇ ਤਰ੍ਹਾਂ ਦੀ ਮਾਇਕ ਜਾਂ ਦੂਜੀ ਸਹਾਇਤਾ ਮੰਗਣ ਦੀ ਲੋੜ ਨਾ ਪਵੇ। ਅਖ਼ੀਰ ਵਿਚ ਇਸ਼ਨਾਨ ਦੇ ਅਰਥ ਇਕ ਪਾਸੇ ਮਨੁੱਖੀ ਸਰੀਰ, ਕਪੜੇ ਅਤੇ ਘਰ ਦੀ ਸਫ਼ਾਈ ਹੈ ਤਾਂ ਕਿ ਰੋਗਾਂ ਨੂੰ ਦੂਰ ਰੱਖਿਆ ਜਾਵੇ ਅਤੇ ਦੂਜੇ ਪਾਸੇ ਮਨ ਦੀ ਸੁਚਤਾ ਹੈ ਜੋ ਸੱਚੇ ਮਾਰਗ ਤੇ ਚੱਲਣ ਯੋਗ ਬਣਾਉਂਦੀ ਹੈ।[88] ਭਾਵ ਇਨ੍ਹਾਂ ਸਬੰਧੀ ਕਿਸੇ ਨੂੰ ਉਜ਼ਰ ਕਰਨ ਦੀ ਲੋੜ ਨਹੀਂ ਫਿਰ ਵੀ ਕੁਝ ਇਕ ਵਿਚਾਰ ਵਧਾ ਚੜ੍ਹਾ ਕੇ ਵਰਣਿਤ ਕੀਤੇ ਗਏ ਹਨ, ਵਿਸ਼ੇਸ਼ ਕਰਕੇ ਦਾਨ ਸਬੰਧੀ ਵਿਆਖਿਆ ਨਿਰਸੰਦੇਹ ਅਸੰਗਤ ਹੈ।

ਐਪਰ ਗੁਰੂ ਅਰਜਨ ਦੇ ਸਮੇਂ ਤਕ ਇਹ ਵਿਚਾਰ ਘੱਟ ਵੱਧ ਮਾਤਰਾ ਵਿਚ ਕੁਝ ਨਿਸ਼ਚਿਤ ਰੀਤਾਂ ਨਾਲ ਬਝ ਚੁੱਕੇ ਸਨ। ਉਪਾਸ਼ਨਾ ਦੀ ਇਕੋ ਇਕ ਪ੍ਰਮਾਣਿਤ ਰੀਤੀ ਨਾਮ[89] ਸੀ ਪਰ ਜਿਵੇਂ ਨਾਮ ਅਤੇ ਸ਼ਬਦ ਪਹਿਲਾਂ ਹੀ ਬਾਣੀ ਵਿਚ ਰਲ ਮਿਲ ਚੁੱਕੇ ਸਨ, ਇਸ ਦਾ ਵਿਸ਼ੇਸ਼ ਭਾਵ ਗੁਰੂਆਂ ਦੀ ਬਾਣੀ ਦਾ ਜਾਪ ਅਤੇ ਚਿੰਤਨ ਕਰਨਾ ਹੋ ਗਿਆ। ਪਰ ਇਸ ਦੇ ਵਿਸ਼ਾਲ ਪ੍ਰਕਰਣ ਨੂੰ ਉੱਕਾ ਹੀ ਲਾਂਭੇ ਨਹੀਂ ਰਖ ਦਿੱਤਾ ਗਿਆ ਸੀ ਅਤੇ ਸਿੱਖਾਂ ਨੂੰ "ਗੁਰੂ ਦੀ ਸਿੱਖਿਆ ਹੇਠ ਪਰਮਾਤਮਾ ਦਾ ਨਾਮ ਜਪਣ, ਅਤੇ ਹਰ ਸਵਾਸ ਨਾਲ ਵਿਰਦ ਕਰਨ ਲਈ" ਹੁਣ ਵੀ ਕਿਹਾ ਜਾਂਦਾ ਸੀ। ਪਰ ਇਸ ਦੇ ਨਾਲ ਹੀ ਕੁਝ ਇਕ ਰਸਮੀ ਜਿਹੀ ਪਰ ਵੇਰਵੇ ਯੁਕਤ ਯੋਜਨਾ ਨਿਤ ਦੇ ਧਰਮ-ਕਰਮ ਦੀ ਪਾਲਣਾ ਲਈ ਪਹਿਲੇ ਹੀ ਵਿਕਸਿਤ ਸੀ। ਜਿਵੇਂ ਕਿ ਭਾਈ ਗੁਰਦਾਸ ਕਹਿੰਦਾ ਹੈ, ਸਿੱਖ ਨੂੰ ਅੰਮ੍ਰਿਤ ਵੇਲੇ ਉਠ ਕੇ ਦਰਿਆ ਜਾਂ ਸਰ ਵਿਚ ਇਸ਼ਨਾਨ ਕਰਨਾ ਚਾਹੀਦਾ ਹੈ। ਫਿਰ

---

88. *ਉਹੀ*

89. ਮੋਹਸਿਨ ਫਾਨੀ ਕਹਿੰਦਾ ਹੈ ਕਿ ਸਿੱਖਾਂ ਦੀਆਂ ਨਾ ਪੂਜਾ ਮੂਰਤੀਆਂ ਸਨ ਅਤੇ ਨਾ ਹੀ ਉਨ੍ਹਾਂ ਲਈ ਮੰਦਰ ਸਨ (ਦਬਿਸਤਾਨ, ਸੈਂਚੀ ਦੂਜੀ, ਪੰਨਾ 246) ਅਤੇ ਸੁਜਾਨ ਰਾਏ ਕਹਿੰਦਾ ਹੈ ਕਿ ਬਾਬਾ ਨਾਨਕ ਦੇ ਅਨੁਯਾਈ ਭਗਤੀ ਸਮੇਂ ਸਦਾ ਉਸ ਦੀ ਬਾਣੀ ਉਚਾਰਦੇ ਹਨ (ਖੁਲਾਸਤੁੱਤ-ਤਵਾਰੀਖ, ਪੰਨਾ 70)।

ਸਮਾਧੀ ਵਿਚ ਇਕ ਮਨ ਹੋ ਕੇ ਗੁਰੂ ਦੁਆਰਾ ਦੱਸੇ ਨਾਮ ਦਾ ਵਿਰਦ ਕਰਨਾ ਚਾਹੀਦਾ ਹੈ। ਉਸ ਦਾ ਅਗਲਾ ਕਰਤੱਵ ਸਾਧ ਸੰਗਤ ਵਿਚ ਜਾ ਕੇ, ਸ਼ਬਦ ਸੁਰਤ ਲਿਵਲੀਨ ਹੋ ਕੇ ਗੁਰਬਾਣੀ ਪੜ੍ਹਨੀ ਅਤੇ ਸੁਣਨੀ ਹੈ। ਸ਼ਾਮ ਦਾ ਸੋਦਰ ਦਾ ਪਾਠ ਅਤੇ ਰਾਤ ਨੂੰ ਸੋਹਿਲਾ ਪੜ੍ਹਨ ਉਪਰੰਤ ਪ੍ਰਸ਼ਾਦ ਵੰਡਣਾ ਚਾਹੀਦਾ ਹੈ। ਸੋ ਸਿੱਖਾਂ ਨੂੰ ਸਾਧਾਰਨ ਪਰ ਯੁਕਤੀ ਪੂਰਨ ਯੋਜਨਾ ਦੇ ਦਿੱਤੀ ਗਈ ਜਿਸ ਦੁਆਰਾ ਨਾਮ ਦੀ ਅਰਾਧਨਾ ਦੇ ਪਾਲਣ ਲਈ ਵੀ ਕਿਹਾ ਗਿਆ। ਉਸ ਨੂੰ ਕੁਝ ਧਾਰਮਕ ਰਸਮਾਂ ਅਤੇ ਅਨੁਸ਼ਾਸਨ ਦੇ ਪਾਲਣ ਲਈ ਵੀ ਕਿਹਾ ਗਿਆ। ਉਸ ਨੂੰ ਮਿੱਠਾ ਬੋਲਣਾ ਅਤੇ ਵਿਵਹਾਰ ਵਿਚ ਨਿਮਰਤਾ ਵਾਲਾ ਹੋਣਾ ਚਾਹੀਦਾ ਹੈ। ਥੋੜ੍ਹਾ ਸੌਣ, ਥੋੜ੍ਹਾ ਖਾਣ ਅਤੇ ਥੋੜ੍ਹਾ ਬੋਲਣ ਲਈ ਕਿਹਾ ਗਿਆ। ਉਸ ਨੂੰ ਆਪਣੇ ਵਿਚਾਰਾਂ ਵਾਲੇ ਮਨੁੱਖਾਂ ਦਾ ਸੰਗ ਕਰਨਾ ਚਾਹੀਦਾ ਹੈ। ਇਨ੍ਹਾਂ ਸਭਨਾਂ ਗੱਲਾਂ ਤੋਂ ਉਪਰ ਉਸ ਵਿਚ ਗੁਰੂ ਪ੍ਰਤੀ ਅਤੁਟ ਸ਼ਰਧਾ ਅਤੇ ਸੇਵਾ ਭਾਵ ਹੋਣਾ ਚਾਹੀਦਾ ਹੈ।[90]

ਇਸ਼ਨਾਨ ਸਬੰਧੀ ਵੀ ਅਸੀਂ ਇਹੋ ਜਿਹੀ ਧਾਰਨਾ ਦੇਖ ਸਕਦੇ ਹਾਂ। ਭਾਵੇਂ ਸੁਚਤਾ ਦਾ ਸਾਪੇਖ ਵਿਚਾਰ ਕਦੇ ਵੀ ਪੂਰਨ ਭਾਂਤ ਅਲੋਪ ਨਹੀਂ ਸੀ ਹੋਇਆ, ਫਿਰ ਵੀ ਖ਼ਾਸ - ਖ਼ਾਸ ਸਥਾਨਾਂ ਤੇ ਇਸ਼ਨਾਨ ਕਰਨ ਬਾਰੇ ਵਿਸ਼ੇਸ਼ ਪਵਿੱਤਰਤਾ ਜੋੜ ਦਿੱਤੀ ਗਈ ਅਤੇ ਇਸ਼ਨਾਨ ਖ਼ਾਸ ਕਰਕੇ ਪਵਿੱਤਰ ਸਰਾਂ ਵਿਚ ਨਹਾਉਣ ਦਾ ਅਰਥ ਗ੍ਰਹਿਣ ਕਰ ਗਿਆ ਸੀ। ਇਹ ਪਹਿਲੋਂ ਵੀ ਦੇਖਿਆ ਗਿਆ ਹੈ ਅਤੇ ਕਿਵੇਂ ਬਾਉਲੀ ਦੇ ਪਾਣੀ ਵਿਚ ਇਸ਼ਨਾਨ ਕਰਨ ਨੂੰ ਅਤਿ ਪੁੰਨ ਕਰਮ ਦੱਸਿਆ ਗਿਆ ਹੈ ਅਤੇ ਕਿਵੇਂ ਯਾਤਰੀ ਦੂਰ ਦੂਰ ਤੋਂ ਇਸ ਸਥਾਨ ਤੇ ਆਉਂਦੇ ਸਨ।[91] ਪਰ ਛੇਤੀ ਹੀ ਗੋਇੰਦਵਾਲ ਦੀ ਬਉਲੀ ਦੀ ਸ਼ੋਭਾ 'ਅੰਮ੍ਰਿਤ ਦੇ ਸਰ' ਕਾਰਨ ਮੰਦ ਪੈ ਗਈ ਅਤੇ ਇਹ ਅਧਿਕਾਰ ਸਹਿਤ ਘੋਸ਼ਿਤ ਕੀਤਾ ਗਿਆ :

> *ਅਠਸਠਿ ਤੀਰਥ ਪੁੰਨ ਕਿਰਿਆ ਮਹਾ ਨਿਰਮਲ ਚਾਰਾ॥*
> *ਪਤਿਤ ਪਾਵਨੁ ਬਿਰਦੁ ਸੁਆਮੀ ਨਾਨਕ ਸਬਦ ਅਧਾਰਾ॥*[92]
>
> (ਸੂਹੀ ਮਹਲਾ ੫, ਪੰਨਾ ੭੮੪)

ਅੱਗੇ ਹੋਰ ਕਿਹਾ ਗਿਆ ਹੈ :

> *ਰਾਮਦਾਸ ਸਰੋਵਰਿ ਨਾਤੇ॥*
> *ਸਭਿ ਉਤਰੇ ਪਾਪ ਕਮਾਤੇ॥*
> *ਨਿਰਮਲ ਹੋਏ ਕਰਿ ਇਸਨਾਨਾ॥*
> *ਗੁਰਿ ਪੂਰੈ ਕੀਨੇ ਦਾਨਾ॥*[93]
>
> (ਸੋਰਠ ਮਹਲਾ ੫, ਘਰੁ ੩, ਪੰਨਾ ੬੨੫)

---

90. ਭਾਈ ਗੁਰਦਾਸ, ਵਾਰ ਛੇਵੀਂ, 3; ਬਾਰਵੀਂ, 2; ਗਿਆਰਵੀਂ 2, 4.
91. ਉਕਤ, ਪੰਨਾ 131 । ਬਾਉਲੀ ਦੀਆਂ 84 ਪੌੜੀਆਂ ਹਨ ਅਤੇ "ਇਹ ਸਿੱਖਾਂ ਵਿਚ ਆਮ ਵਿਸ਼ਵਾਸ ਹੈ ਕਿ ਜਿਹੜਾ ਇਨ੍ਹਾਂ ਉੱਤੇ ਇਕ ਇਕ ਕਰਕੇ ਇਕੋ ਦਿਨ ਨਹਾਵੇਗਾ ਅਤੇ ਸਿੱਧਾ ਸਵਰਗ ਵਿਚ ਜਾਵੇਗਾ।" (*Glossary of Punjab Tribes and Castes*. Vol. 1, p. 682)
92. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ 11.
93. ਉਹੀ, ਪੰਨਾ 13.

ਏਨਾ ਹੀ ਨਹੀਂ ਸਗੋਂ ਜਿਹੜਾ ਮਨੁੱਖ ਵੀ ਇਸ ਵਿਚ ਇਸ਼ਨਾਨ ਕਰੇਗਾ ਆਪਣੇ ਪਰਿਵਾਰ ਨੂੰ ਮੁਕਤ ਕਰਾ ਲਵੇਗਾ ਅਤੇ ਉਸ ਦੀ ਆਪਣੀ ਆਤਮਾ ਵੀ ਮੁਕਤ ਹੋ ਜਾਵੇਗੀ। ਅੰਮ੍ਰਿਤਸਰ ਦੀ ਸੂਰਤ ਵਿਚ ਨਹਾਉਣ ਅਤੇ ਸੁਚਤਾ ਦਾ ਵਿਚਾਰ ਇਕ ਥਾਂ ਇਕੱਠਾ ਹੋ ਗਿਆ ਸੀ ਅਤੇ ਇਸ਼ਨਾਨ ਦੀ ਵਰਤੋਂ ਕਿਸੇ ਨਿਸ਼ਚਿਤ ਵਸਤੂ ਲਈ ਹੋਣ ਲਗ ਪਈ।

ਇਸੇ ਪ੍ਰਕਾਰ ਹੀ ਸਮਾਂ ਬੀਤਣ ਨਾਲ ਦਾਨ ਦਾ ਭਾਵ ਪੁੰਨ-ਦਾਨ ਕਰਨ ਦਾ ਕੇਵਲ ਆਮ ਆਦੇਸ਼ ਹੀ ਨਹੀਂ ਰਹਿ ਗਿਆ ਸੀ। ਇਸ ਦੇ ਅੰਤਰਨਿਹਿਤ ਵਿਚਾਰ ਸੇਵਾ ਦਾ ਹੈ ਅਤੇ ਇਹ ਪਹਿਲਾਂ ਹੀ ਦੇਖਿਆ ਜਾ ਚੁੱਕਿਆ ਹੈ ਕਿ ਸਿੱਖ ਮਤ ਵਿਚ ਇਹ ਅਧਿਕ ਵਿਵਹਾਰਕ ਲੀਹਾਂ ਉੱਤੇ ਕਿਵੇਂ ਵਿਕਸਿਤ ਹੋਇਆ ਅਤੇ ਕਿਵੇਂ ਇਸ ਨੂੰ ਸੰਦੇਹਜਨਕ ਸੀਮਾਂ ਤਕ ਲੈ ਜਾਇਆ ਗਿਆ ਸੀ। ਫਿਰ ਵੀ ਸਾਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਦਾਨ ਵਿਚਲੀ ਪ੍ਰੇਰਨਾ ਪਹਿਲਾਂ ਗੁਰੂ ਅੱਗੇ ਭੇਟ ਚੜ੍ਹਾਉਣ ਦੀ ਰੀਤੀ ਅਤੇ ਲੰਗਰ ਦੇ ਪ੍ਰਤਿਪਾਲਣ ਦਾ ਕਾਰਨ ਬਣੀ ਅਤੇ ਪਿੱਛੋਂ ਜਾ ਕੇ ਵਿਸ਼ੇਸ਼ ਤੌਰ ਤੇ ਦਸਵੰਧ ਨਾਲ ਸਬੰਧਿਤ ਹੋ ਗਈ।"[94]

ਇਸ ਨਾਲ ਅਸੀਂ ਸਿੱਖ ਸੰਗਠਨ, ਜਿਵੇਂ ਇਹ ਗੁਰੂ ਨਾਨਕ ਦੇ ਉੱਤਰਾਧਿਕਾਰੀਆਂ ਦੇ ਹੱਥਾਂ ਵਿਚ ਵਿਕਸਿਤ ਹੋਇਆ, ਦੇ ਪ੍ਰਸ਼ਨ ਉੱਤੇ ਪਹੁੰਚ ਜਾਂਦੇ ਹਾਂ। ਤੇਜਾ ਸਿੰਘ ਦਾ ਕਥਨ ਹੈ "ਇਹ ਸਿੱਖ ਇਤਿਹਾਸ ਦੀ ਗੌਰਵਤਾ ਹੈ ਕਿ ਗੁਰੂਆਂ ਦੇ ਮਨ ਵਿਚ ਇਕ ਕੌਮ ਪ੍ਰਤਿ ਕਰਤੱਵ ਅਤੇ ਇਕ ਵਿਅਕਤੀ ਪ੍ਰਤਿ ਕਰਤੱਵ ਇਕ ਸਮਾਨ ਸਨ"। ਜਿਵੇਂ ਅਸੀਂ ਦੇਖ ਚੁੱਕੇ ਹਾਂ, ਅਜੇਹਾ ਖ਼ਿਆਲ ਕਰਨਾ ਕਠਿਨ ਹੈ ਕਿ ਗੁਰੂ ਨਾਨਕ ਦੇ ਉੱਤਰਾਧਿਕਾਰੀ ਚੇਤਨ ਰੂਪ ਵਿਚ ਇਕ ਕੌਮ ਉਸਾਰਨ ਵਿਚ ਰੁਝੇ ਹੋਏ ਸਨ, ਭਾਵੇਂ ਇਹ ਪ੍ਰਗਟ ਕਰਨ ਲਈ ਪ੍ਰਮਾਣਾਂ ਦਾ ਘਾਟਾ ਨਹੀਂ ਕਿ ਗੁਰੂ ਆਪਣੇ ਅਨੁਯਾਈਆਂ ਵਿਚ ਸਮਾਜਕ ਬੰਧੇਜ ਦੀ ਭਾਵਨਾ ਪੈਦਾ ਕਰਨ ਲਈ ਤੱਤਪਰ ਸਨ। ਸਿੱਖ ਨੂੰ ਹੌਲੇ ਹੌਲੇ ਇਹ ਅਨੁਭਵ ਕਰਾਇਆ ਗਿਆ ਕਿ ਉਸ ਦਾ ਸਬੰਧ ਕੇਵਲ ਆਪਣੀ ਨਿੱਜੀ ਮੁਕਤੀ ਪ੍ਰਾਪਤ ਕਰਨਾ ਨਹੀਂ ਸਗੋਂ ਉਹ ਇਕ ਭਾਈਚਾਰੇ ਦਾ ਸਦੱਸ ਵੀ ਹੈ ਅਤੇ ਇਸ ਰੂਪ ਵਿਚ ਉਸ ਦੀਆਂ ਜ਼ਿੰਮੇਵਾਰੀਆਂ ਅਤੇ ਕਰਤੱਵ ਦੂਹਰੇ ਹਨ। ਸੇਵਾ ਦਾ ਆਦਰਸ਼, ਜਿਵੇਂ ਕਿ ਅਸੀਂ ਦੇਖ ਚੁੱਕੇ ਹਾਂ, ਸਿੱਖ ਭਾਈਚਾਰੇ ਦੇ ਸੰਕਲਪ ਨਾਲ ਅਤਿ ਘਣੇ ਰੂਪ ਵਿਚ ਸਬੰਧਿਤ ਹੋ ਗਿਆ।

ਪਰੰਤੂ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸੇਵਾ ਦੇ ਆਦਰਸ਼ ਉੱਤੇ ਕਿਸੇ ਤਰ੍ਹਾਂ ਦੀ ਸਿੱਖ ਮਤ ਦਾ ਏਕਾਧਿਕਾਰ ਨਹੀਂ। ਲਗਭਗ ਮੱਧ ਕਾਲ ਦੇ ਸਾਰੇ ਉਪਦੇਸ਼ਕਾਂ ਨੇ ਇਸ ਨੂੰ ਬਲ ਸਹਿਤ ਪ੍ਰਚਾਰਿਆ ਹੈ ਅਤੇ ਸਾਨੂੰ ਦੱਸਿਆ ਗਿਆ ਹੈ ਕਿ ਚੈਤੰਨਯ ਇਸ

---

94. ਇਹ ਪਹਿਲੋਂ ਦੇਖ ਚੁੱਕੇ ਹਾਂ ਕਿ ਗੁਰੂ ਅਰਜਨ ਪਹਿਲਾ ਗੁਰੂ ਸੀ ਜਿਸ ਨੇ ਮਸੰਦਾਂ ਦੀ ਨਿਯੁਕਤੀ ਕੀਤੀ ਅਤੇ ਆਪਣੇ ਸ਼ਰਧਾਲੂਆਂ ਦੇ ਚੜ੍ਹਾਵੇ ਨੂੰ ਯੁਕਤੀ-ਪੂਰਵਕ ਇਕੱਠਾ ਕੀਤਾ। ਪਰ ਗੁਰੂ ਜੀ ਦੇ ਹਿੱਸੇ ਬਾਰੇ ਕੋਈ ਸੰਕੇਤ ਨਹੀਂ ਹੈ। 'ਤਨਖਾਹ ਨਾਮਾ' ਵਰਗੀਆਂ ਕ੍ਰਿਤੀਆਂ ਵਿਚ ਆਮਦਨੀ ਦਾ ਦਸਵਾਂ ਹਿੱਸਾ ਦਸਵੰਧ ਵਜੋਂ ਦੇਣ ਦੇ ਨਿਸ਼ਚਿਤ ਆਦੇਸ਼ ਮਿਲਦੇ ਹਨ। (ਦੇਖੋ ਭਾਈ ਕਾਨ੍ਹ ਸਿੰਘ, ਗੁਰਮਤ ਸੁਧਾਕਰ, ਪੰਨਾ 457, 466) ।

ਸੀਮਾ ਤਕ ਗਿਆ ਕਿ "ਇਕ ਵੈਸ਼ਣਵ ਦੀ ਸੇਵਾ ਪਰਮਾਤਮਾ ਦੀ ਸੇਵਾ ਤੋਂ ਉਚੇਰੀ ਹੈ।"[95] ਇਸ ਤੋਂ ਅਤਿਰਿਕਤ, ਇਹ ਸਹਿਜੇ ਹੀ ਦੇਖਿਆ ਜਾ ਸਕਦਾ ਹੈ ਕਿ ਸੰਯੁਕਤ ਜ਼ਿੰਮੇਵਾਰੀ ਦੀ ਭਾਵਨਾ ਤੋਂ ਬਿਨਾਂ ਸੇਵਾ ਦਾ ਇਹ ਆਦਰਸ਼ ਭਲੀ ਭਾਂਤ ਵਿਅਕਤੀਗਤ ਵੀ ਹੋ ਸਕਦਾ ਹੈ। ਪਰ ਜੇਕਰ ਵਿਸ਼ੇਸ਼ ਬੰਧਨਾਂ ਨੂੰ ਨਿਸ਼ਚਿਤ ਅਤੇ ਸਰਬ ਵਿਆਪਕ ਬਣਾ ਦਿੱਤਾ ਜਾਏ ਅਤੇ ਇਸ ਦਾ ਸੰਯੁਕਤ ਉੱਤਰਦਾਈ ਸੁਭਾਵ ਨਿਰਧਾਰਿਤ ਕੀਤਾ ਜਾਵੇ, ਕੇਵਲ ਤਾਂ ਹੀ ਸੰਯੁਕਤ ਭਾਵਨਾ ਪੈਦਾ ਹੋ ਸਕਦੀ ਹੈ। ਇਸ ਅੰਤਰ ਨੂੰ ਸਮਝਣਾ ਅਤਿ ਆਵਸ਼ੱਕ ਹੈ ਕਿਉਂਕਿ ਇਹ ਸਿੱਖ ਮਤ ਵਿਚ ਪੈਦਾ ਹੋਏ ਪ੍ਰਤਿਸ਼ਠ ਲੱਛਣ ਦੀ ਵਿਆਖਿਆ ਕਰਦਾ ਹੈ। ਇਸ ਤੋਂ ਇਹ ਪ੍ਰਗਟ ਹੋ ਜਾਂਦਾ ਹੈ ਕਿ ਸਮਕਾਲੀ ਭਾਰਤ ਦੇ ਲਗਭਗ ਸਾਰੇ ਧਾਰਮਕ ਪੁਨਰ ਸੁਰਜੀਤੀ ਦੇ ਮਤਾਂ ਵਿਚ ਸੇਵਾ ਦਾ ਆਦਰਸ਼ ਅਤੇ ਭਗਤੀ ਭਾਵਨਾ ਦੇ ਇਕ ਸਮਾਨ ਮਹੱਤਵਪੂਰਨ ਤੱਤ ਹੁੰਦੇ ਹੋਏ ਵੀ ਕੇਵਲ ਸਿੱਖ ਮਤ ਵਿਚ ਹੀ ਕਿਉਂ ਸੰਯੁਕਤ ਭਾਵਨਾ ਦਾ ਨਿਰੰਤਰ ਵਿਕਾਸ ਹੋਇਆ। ਜਿਵੇਂ ਕਿ ਅਸੀਂ ਦੇਖਿਆ ਹੈ,[96] ਸਿੱਖ ਮਤ ਵਿਚ ਪ੍ਰਾਰੰਭ ਤੋਂ ਹੀ ਲੰਗਰ ਦਾ ਜਾਰੀ ਹੋਣਾ ਇਕ ਅਜਿਹਾ ਸੰਯੁਕਤ ਬੰਧਨ ਸੀ ਜਿਸ ਦੀ ਜ਼ਿੰਮੇਵਾਰੀ ਸਾਰੇ ਸਿੱਖ ਭਾਈਚਾਰੇ ਤੇ ਸੀ। ਇਹ ਸਥਿਤੀ ਪਹਿਲਾਂ ਪਹਿਲ ਨਿਰਸੰਦੇਹ ਧੁੰਧਲੀ ਸੀ ਪਰ ਇਸ ਨੂੰ ਹੌਲੇ ਹੌਲੇ, ਗੁਰੂ ਅਰਜਨ ਦੁਆਰਾ ਲਿਆਂਦੇ ਗਏ ਸੁਧਾਰਾਂ ਨੇ ਸਪੱਸ਼ਟ ਕਰ ਦਿੱਤਾ ਅਤੇ ਇਹ ਜ਼ਿੰਮੇਵਾਰੀ ਨਿਯਮਿਤ ਅਤੇ ਨਿਸ਼ਚਿਤ ਬਣ ਗਈ ਭਾਵੇਂ ਇਨ੍ਹਾਂ ਅਰਥਾਂ ਵਿਚ ਵਿਸ਼ਾਲ ਹੀ ਰਹੀ। ਇਸ ਦੇ ਨਾਲ ਹੀ ਇਸ ਨੂੰ ਸਹੀ ਰੂਪ ਵਿਚ ਨਿਭਾਉਣ ਲਈ ਵਿਸ਼ੇਸ਼ ਸਾਧਨ ਵੀ ਉਤਪੰਨ ਕੀਤੇ ਗਏ।

ਇਨ੍ਹਾਂ ਸਾਧਨਾਂ ਵਿਚੋਂ ਦੋ ਸਾਧਨ, ਸੰਗਤ ਅਤੇ ਮਸੰਦ, ਅਤਿ ਮਹੱਤਵਪੂਰਨ ਸਾਧਨ ਸਨ। ਦੋਹਾਂ ਹਾਲਤਾਂ ਵਿਚ ਇਨ੍ਹਾਂ ਦੇ ਵਿਕਾਸ ਦੀ ਵੱਖਰੀ ਵੱਖਰੀ ਰੇਖਾ ਨੂੰ ਉਲੀਕਿਆ ਜਾ ਸਕਦਾ ਹੈ ਜਦ ਕਿ ਇਹ ਦੋਵੇਂ ਗੁਰੂ ਅਰਜਨ ਦੇ ਸੁਧਾਰਾਂ ਵਿਚ ਇਕ ਰੂਪ ਹੋ ਗਏ ਹਨ। ਸੰਗਤ ਸਬੰਧੀ ਮੂਲਕੀ ਵਿਚਾਰ ਸੰਤ ਜਾਂ ਸਾਧ ਸੰਗਤ ਅਰਥਾਤ ਪਵਿੱਤਰ ਮਨੁੱਖਾਂ ਦੀ ਸੰਗਤ ਪ੍ਰਤੀਤ ਹੁੰਦਾ ਹੈ। ਅਜਿਹੀ ਸੰਗਤ ਦੇ ਗੁਣਾਂ ਨੂੰ ਉਜਲ ਭਾਸ਼ਾ ਵਿਚ ਵਰਣਿਤ ਕੀਤਾ ਗਿਆ ਹੈ ਅਤੇ ਸੁਖਮਨੀ ਵਿਚ ਗੁਰੂ ਅਰਜਨ ਜੀ ਨੇ ਬਹੁਤ ਸਾਰੇ ਸ਼ਬਦ ਆਪਣੇ ਅਨੁਯਾਈਆਂ ਨੂੰ ਬੁਨਿਆਦੀ ਤੱਥ ਦ੍ਰਿੜ੍ਹਾਉਣ ਲਈ ਵਰਤੇ ਹਨ ਕਿ ਸਾਧ ਸੰਗਤ ਸਾਰੇ ਸੁੱਚੇ ਧਾਰਮਕ ਜੀਵਨ ਦਾ ਆਧਾਰ ਹੈ।[97] ਗੁਰੂ ਨਾਨਕ ਨੇ ਸਤ ਸੰਗਤ ਦੀ ਪਰਿਭਾਸ਼ਾ ਇਹ ਦਿੱਤੀ ਹੈ "ਉਹ ਜਿਥੇ ਕੇਵਲ ਇਕੋ ਅਕਾਲ ਪੁਰਖ ਦਾ ਵਿਰਦ ਹੁੰਦਾ ਹੈ।"[98] ਅਤੇ, ਜਿਵੇਂ ਸਿੱਖ ਮਤ ਵਿਕਾਸ ਕਰਦਾ ਗਿਆ, ਸਤ ਸੰਗਤ ਗੁਰਮੁਖਾਂ ਜਾਂ ਸਪੱਸ਼ਟ ਸ਼ਬਦਾਂ ਵਿਚ ਸਿੱਖਾਂ ਨਾਲ ਸੰਗ ਕਰਨ ਦੇ ਅਰਥ ਗ੍ਰਹਿਣ ਕਰ ਗਿਆ। ਫਲਸਰੂਪ ਇਹ ਕਿ ਸਿੱਖਾਂ ਦੇ ਸਮੁਦਾਇ ਦਾ ਵਿਚਾਰ ਪੈਦਾ ਹੋਇਆ ਜਿਸ ਨੂੰ ਸੰਗਤ ਕਿਹਾ ਗਿਆ। ਸਾਧ ਸੰਗਤ ਦੇ ਲਾਭਾਂ ਨੂੰ ਦਰਸਾਉਂਦਾ ਹੋਇਆ ਭਾਈ ਗੁਰਦਾਸ

95. ਚੈਤੰਨਯ ਭਾਗਵਤ (ਅਤੁਲ ਕ੍ਰਿਸ਼ਨ ਗੋਸੁਆਮੀ ਸੰਕਰਣ), ਪੰਨਾ 420.
96. ਉਕਤ, ਪੰਨਾ 121.
97. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ 218-221.
98. ਉਹੀ, ਸੈਂਚੀ ਪਹਿਲੀ, ਪੰਨਾ 278.

ਇਹ ਸਪੱਸ਼ਟ ਕਰ ਦਿੰਦਾ ਹੈ ਕਿ ਅਜੇਹੇ ਸਾਰੇ ਸੰਗਾਂ ਨਾਲੋਂ ਗੁਰੂ ਦੇ ਸਿੱਖਾਂ ਦਾ ਸੰਗ ਕਰਨਾ ਅਤਿ ਲਾਭਦਾਇਕ ਹੈ ਜੋ ਪਵਿੱਤਰ ਤੋਂ ਵੀ ਪਵਿੱਤਰ ਹਨ।[99] ਉਹ ਸਤ ਸੰਗਤ ਨੂੰ ਦਰਿਆ ਨਾਲ ਤੁਲਨਾ ਦਿੰਦਾ ਹੋਇਆ ਦੱਸਦਾ ਹੈ ਕਿ ਜਿਵੇਂ ਪਾਣੀ, ਭਾਵੇਂ ਉਹ ਕਿਤੋਂ ਵੀ ਆਏ, ਦਰਿਆ ਦੇ ਸਮੁੰਦਰ ਵਿਚ ਡਿਗਣ ਨਾਲ ਆਪਣੀ ਹੋਂਦ ਮਿਟਾ ਬਹਿੰਦਾ ਹੈ ਉਸੇ ਤਰ੍ਹਾਂ ਹੀ ਸੰਗਤ ਵਿਚ ਆਉਣ ਨਾਲ ਪ੍ਰਾਣੀ ਗੁਰੂ ਵਿਚ ਅਭੇਦ ਹੋ ਜਾਂਦਾ ਹੈ।[100] ਸੰਗਤ ਉਸ ਪ੍ਰਭੂ ਦਾ ਸਰੂਪ ਹੈ, ਇਹ ਸੱਚ ਖੰਡ ਹੈ ਅਤੇ ਪਵਿੱਤਰਤਾ ਦਾ ਧਾਮ ਹੈ।[101] ਸੋ ਇਹ ਦੇਖਿਆ ਜਾਵੇਗਾ ਕਿ 'ਨਾਮ , ਦਾਨ, ਇਸ਼ਨਾਨ', ਵਾਂਗ ਸਾਧ ਸੰਗਤ ਦੇ ਸਬੰਧ ਵਿਚ ਵੀ ਮੂਲ ਵਿਚਾਰ ਛੇਤੀ ਹੀ ਸਫ਼ਲ ਰੂਪ ਧਾਰਨ ਕਰ ਲੈਂਦਾ ਹੈ ਅਤੇ ਸਾਧ ਸੰਗਤ ਗੁਰੂ ਦੁਆਲੇ ਧਾਰਮਕ ਮੰਤਵਾਂ ਅਤੇ ਕਈ ਵਾਰ ਸਾਂਝੀ ਭਲਾਈ ਦੇ ਕਾਰਜ ਦੀ ਚਰਚਾ ਲਈ ਨਿਤ ਜੁੜਦੀ ਸਿੱਖ ਸੰਗਤ ਵਿਚ ਹਿੱਸਾ ਲੈਣ ਦੇ ਵਿਸ਼ੇਸ਼ ਅਰਥ ਗ੍ਰਹਿਣ ਕਰ ਲੈਂਦੀ ਹੈ। ਸਾਧ ਸੰਗਤ ਵਿਚ ਜਾਣ ਦੇ ਸਦਗੁਣਾਂ ਦਾ ਦਾਅਵਾ ਅਤਿ ਪ੍ਰਸੰਸਕ ਭਾਸ਼ਾ ਵਿਚ ਕੀਤਾ ਗਿਆ ਹੈ ਅਤੇ ਛੇਤੀ ਹੀ ਇਹ ਸਿੱਖ ਮਤ ਦਾ ਇਕ ਅਨਿਵਾਰੀ ਤੱਤ ਬਣ ਜਾਂਦੀ ਹੈ।

ਜਦੋਂ ਤਕ ਸਿੱਖ ਮਤ ਆਪਣੀ ਮੁੱਢਲੀ ਅਵਸਥਾ ਵਿਚ ਸੀ ਤਾਂ ਗੁਰੂ ਆਪਣੇ ਅਨੁਯਾਈਆਂ ਨੂੰ ਆਪ ਸਿੱਖਿਆ ਦੇ ਸਕਦਾ ਸੀ ਅਤੇ ਇਕੋ ਹੀ ਸੰਗਤ ਕਾਫ਼ੀ ਹੁੰਦੀ ਸੀ। ਪਰ ਸਹਿਜੇ ਸਹਿਜੇ ਸਿੱਖ ਮਤ ਲੋਕ-ਪ੍ਰਿਯ ਹੋ ਗਿਆ, ਇਸ ਦੇ ਅਨੁਯਾਈਆਂ ਦੀ ਸੰਖਿਆ ਵਿਚ ਨਿਤ ਵਾਧਾ ਹੁੰਦਾ ਗਿਆ ਅਤੇ ਛੇਤੀ ਹੀ ਅਜਿਹੀ ਸਥਿਤੀ ਪੈਦਾ ਹੋ ਗਈ ਜਦ ਕਿ ਸਿੱਖਾਂ ਲਈ ਸੁਵਿਧਾਜਨਕ ਸਥਾਨਕ ਕੇਂਦਰ ਖੋਲ੍ਹਣਾ ਆਵੱਸ਼ਕ ਹੋ ਗਿਆ। ਜਿਵੇਂ ਕਿ ਅਸੀਂ ਦੇਖਿਆ ਹੈ, ਗੁਰੂ ਅਮਰਦਾਸ ਨੇ ਇਸੇ ਅਚਾਨਕ ਘਟਨਾ ਦੀ ਮੰਗ ਨੂੰ ਪੂਰਾ ਕਰਨ ਹਿਤ ਹੀ ਮੰਜੀ ਪ੍ਰਥਾ ਆਰੰਭ ਕੀਤੀ ਸੀ।[102] ਇਹ ਅਨੁਮਾਨ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਇਹ ਮੰਜੀਆਂ ਹੀ ਸਿੱਖ ਸੰਗਤ ਦਾ ਮੁੱਢਲਾ ਰੂਪ ਹਨ ਅਤੇ ਇਹ ਸੰਭਵ ਹੈ ਕਿ ਇਨ੍ਹਾਂ ਵਿਚੋਂ ਹਰੇਕ ਮੰਜੀ ਵਿਚ ਲੰਗਰ ਚਾਲੂ ਕੀਤਾ ਗਿਆ ਸੀ, ਕਿਉਂਕਿ ਪਿਛਲੇਰੇ ਸਮੇਂ ਵਿਚ ਅਸੀਂ ਦੇਖਦੇ ਹਾਂ ਕਿ ਸੰਗਤਾਂ ਕੇਵਲ ਵਿਰਦ ਦਾ ਸਥਾਨ ਹੀ ਨਹੀਂ ਸਨ ਸਗੋਂ ਰਾਹਾਂ ਉੱਤੇ ਗ਼ਰੀਬ ਰਾਹੀਆਂ ਨੂੰ ਭੋਜਨ ਅਤੇ ਸ਼ਰਨ ਦੇਣ ਵਾਲੇ ਭੋਜਨ ਭੰਡਾਰ ਵੀ ਸਨ।[103] ਸਹੀ ਅਰਥਾਂ ਵਿਚ ਲੰਗਰ ਅਤੇ ਸੰਗਤ ਦੋ ਵੱਖਰੀਆਂ ਸੰਸਥਾਵਾਂ ਨਹੀਂ ਸਗੋਂ ਇਕੋ ਸੰਸਥਾ ਦੇ ਦੋ ਅੰਗ ਹਨ ਜਿਸ ਨੂੰ ਸੰਗਤ ਦਾ ਪ੍ਰਚੱਲਤ ਨਾਂ ਦਿੱਤਾ ਗਿਆ ਸੀ। ਇਹ ਦੇਖਣਾ ਮਹੱਤਵ ਰਖਦਾ ਹੈ ਕਿ ਗੁਰੂ ਦੇ ਲੰਗਰ ਨੂੰ ਚਲਾਉਣ ਦੀ ਜ਼ਿੰਮੇਵਾਰੀ ਦੇ ਅਰਥਾਂ ਅਤੇ ਖੇਤਰ ਵਿਚ ਵਿਸਤਾਰ ਹੋਇਆ, ਭਾਵੇਂ ਇਹ ਨਿਸ਼ਚਿਤ

99. ਭਾਈ ਗੁਰਦਾਸ, ਕਬਿਤ, 57.
100. *ਉਹੀ*, 63.
101. *ਉਹੀ*, 124, 125, 126.
ਸਚ ਖੰਡ ਸਿੱਖਾਂ ਦਾ ਸਵਰਗ ਹੈ।
102. *ਉਕਤ*, ਪੰਨਾ 129.
103. *Glossary of Punjab Tribes and Castes*, Vol. 1, p. 687.

ਪ੍ਰਤੀਤ ਹੁੰਦਾ ਹੈ ਕਿ ਸਥਾਨਕ ਸੰਗਤਾਂ ਨੂੰ ਚਲਾਉਣਾ ਉਥੋਂ ਦੇ ਸਥਾਨਕ ਲੋਕਾਂ ਦੇ ਹੱਥ ਸੌਂਪ ਦਿੱਤਾ ਗਿਆ।

ਪਰਿਸਥਿਤੀਆਂ ਨੇ ਇਨ੍ਹਾਂ ਸੰਸਥਾਵਾਂ ਨੂੰ ਗਿਣਤੀ ਵਿਚ ਲਗਾਤਾਰ ਵਾਧੇ ਲਈ ਮਜ਼ਬੂਰ ਕਰ ਦਿੱਤਾ ਅਤੇ ਗੁਰੂ ਅਰਜਨ ਅਤੇ ਉਸ ਦੇ ਉੱਤਰਾਧਿਕਾਰੀ ਦੇ ਸਮੇਂ ਤਕ ਨਾ ਕੇਵਲ ਮਾਝੇ ਵਿਚ ਹੀ ਥਾਂ ਥਾਂ ਸੰਗਤਾਂ ਦਾ ਪਸਾਰ ਸੀ ਸਗੋਂ ਇਹ ਪੰਜਾਬ ਦੀਆਂ ਹੱਦਾਂ ਤੋਂ ਪਰ੍ਹੇ ਵੀ ਫੈਲੀਆਂ ਹੋਈਆਂ ਸਨ। ਭਾਈ ਗੁਰਦਾਸ ਬਹੁਤੀ ਮਹੱਤਾ ਵਾਲੀਆਂ ਸੰਗਤਾਂ ਦੀ ਨਾਮ ਸੂਚੀ ਦੇਂਦਾ ਹੈ[104] ਅਤੇ ਇਹ ਪ੍ਰਤੀਤ ਹੁੰਦਾ ਹੈ ਕਿ ਪੂਰਬ ਵਿਚ ਕਾਬਲ ਵਰਗੇ ਦੁਰਾਡੇ ਸਥਾਨਾਂ ਤੇ ਪੱਛਮ ਵਿਚ ਢਾਕੇ ਦੇ ਸਥਾਨ ਤੇ ਸੰਗਤਾਂ ਬਣ ਚੁੱਕੀਆਂ ਸਨ। ਇਸ ਤੋਂ ਅਤਿਰਿਕਤ, "ਗੁਰੂ ਗ੍ਰੰਥ ਸਾਹਿਬ ਦੀ ਇਕ ਪੁਰਾਣੀ ਹੱਥ-ਲਿਖਤ ਬੀੜ ਵਿਚ, ਜਿਹੜੀ 1675 ਵਿਚ ਲਿਖੀ ਗਈ ਸੀ, ਇਕ ਸਾਖੀ ਹਕੀਕਤ ਰਾਹ ਮੁਕਾਮ ਨਾਂ ਦੀ ਮਿਲਦੀ ਹੈ, ਜਿਸ ਵਿਚ ਇਕ ਸਿੱਖ ਦੀਆਂ ਦੱਖਣ ਵੱਲ ਯਾਤਰਾਵਾਂ ਦਾ ਵਰਣਨ ਹੈ ਜਿਸ ਵਿਚੋਂ ਦੱਖਣੀ ਭਾਰਤ ਅਤੇ ਲੰਕਾ ਵਿਚ ਸਿੱਖ ਸੰਗਤਾਂ ਅਤੇ ਗੁਰਦੁਆਰਿਆਂ ਸਬੰਧੀ ਸਾਨੂੰ ਥੋੜ੍ਹਾ ਬਹੁਤਾ ਪਤਾ ਲਗਦਾ ਹੈ।"[105] ਢਾਕੇ ਵਿਖੇ ਗੁਰਬਖ਼ਸ਼ ਸਿੰਘ ਦੁਆਰਾ ਕੁਝ ਪੱਤਰਾਂ ਅਤੇ ਹੱਥ-ਲਿਖਤਾਂ ਦੀ ਲਭਤ ਨੇ ਇਹ ਸਪੱਸ਼ਟ ਭਾਂਤ ਨਿਰਧਾਰਿਤ ਕਰ ਦਿੱਤਾ ਕਿ ਸੰਨ 1666 ਈ. ਤਕ "ਢਾਕੇ ਦੇ ਸੂਤ੍ਰਪੁਰ ਜਾਂ ਸੰਗਟੋਲਾ ਦੀ ਸੰਗਤ ਤੋਂ ਇਲਾਵਾ, ਸਿਲਹਿਟ, ਚਿਟਾਗਾਂਗ ਸੋਨਦੀਪ ਅਤੇ ਲਸ਼ਕਰ ਦੇ ਸਥਾਨਾਂ ਤੇ ਭਾਰੀਆਂ ਸੰਗਤਾਂ ਕਾਇਮ ਸਨ" ਅਤੇ ਗੁਰੂ ਗੋਬਿੰਦ ਸਿੰਘ ਦੇ ਸਮੇਂ ਤਕ ਢਾਕਾ 'ਸਿਖ ਮਤ ਦਾ ਘਰ' ਹੋਣ ਦਾ ਨਾਮਣਾ ਖਟ ਚੁੱਕਾ ਸੀ।[106] ਇਹ ਦੱਸਿਆ ਜਾ ਸਕਦਾ ਹੈ ਕਿ "ਸਿੱਖਾਂ ਦੇ ਗੁਰਦੁਆਰੇ ਅਜੇ ਵੀ ਰਮੇਸ਼ਵਰ, ਸਾਲੂਰ, ਬ੍ਰਾਕੇਰ ਅਤੇ ਮਦਰਾਸ ਵਿਚ ਸ਼ਿਵਜੀ ਅਤੇ ਲੰਕਾ ਵਿਚ ਕੋਲੰਬੂ ਵਿਖੇ ਸਥਿਤ ਹਨ। ਬੁਰਹਾਨਪੁਰ, ਸੂਰਤ, ਬੰਬਈ, ਅਮਰਉਤੀ, ਨਿਰਮਲ (ਨਿਜ਼ਾਮ ਦੀ ਰਿਆਸਤ ਦੇ ਅਦਿਲਾਬਾਦ ਜ਼ਿਲ੍ਹੇ ਵਿਚ) ਦੇ ਸਥਾਨਾਂ ਤੇ ਅਜੇ ਵੀ ਪੁਰਾਣੇ ਗੁਰਦੁਆਰੇ ਹਨ। ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਬੁਰਹਾਨਪੁਰ ਅਤੇ ਸੂਰਤ ਵਿਖੇ ਮਿਲਦੀਆਂ ਹਨ। ਇਕ ਪ੍ਰਾਚੀਨ ਬੀੜ ਲੋਨੋਵਾਲਾ (ਪੂਨਾ) ਵਿਖੇ ਬੋਲਾਜੀ ਤ੍ਰਿਪਾਠੀ ਪਾਸ ਹੈ।"[107] ਗੁਰਬਖ਼ਸ਼ ਸਿੰਘ ਕਹਿੰਦਾ ਹੈ ਕਿ ਖਤਰੀ ਉਸ ਸਮੇਂ ਦੇ 'ਮਾਰਵਾੜੀ' ਸਨ ਅਤੇ ਜਿਥੇ ਅਰੋੜੇ ਕਾਬੁਲ, ਕੰਧਾਰ, ਬਲਖ, ਬੁਖਾਰਾ ਅਤੇ ਰੂਸ ਵਿਚ ਗਏ ਉਥੇ ਖਤਰੀਆਂ ਨੇ ਪੂਰਬੀ ਅਤੇ ਦੱਖਣੀ ਮੰਡੀਆਂ ਉੱਤੇ ਆਪਣਾ ਏਕਾਧਿਕਾਰ ਜਮਾਈ ਰੱਖਿਆ। ਖਤਰੀਆਂ ਦੀਆਂ ਬਸਤੀਆਂ ਦਾ ਇਨ੍ਹਾਂ ਵਿਸ਼ਾਲ ਖੇਤਰਾਂ ਵਿਚ ਵਸਣਾ ਕੁਦਰਤੀ ਸੀ, ਅਤੇ ਇਨ੍ਹਾਂ ਖਤਰੀਆਂ ਵਿਚੋਂ ਕੁਝ ਜਿਨ੍ਹਾਂ ਨੇ ਗੁਰੂ ਨਾਨਕ ਦੀ ਸਿੱਖਿਆ ਨੂੰ ਧਾਰਨ ਕਰ ਲਿਆ ਸੀ ਉਨ੍ਹਾਂ ਦੁਆਰਾ

---

104. ਭਾਈ ਗੁਰਦਾਸ ਡੱਲਾ, ਸੁਲਤਾਨਪੁਰ, ਲਾਹੌਰ, ਕਾਬੁਲ, ਕਸ਼ਮੀਰ, ਥਾਨੇਸਰ, ਦਿੱਲੀ, ਫਤਿਹਪੁਰ, ਆਗਰਾ, ਢਾਕਾ, ਆਦਿ ਦੀਆਂ ਸੰਗਤਾਂ ਦਾ ਨਾਂ ਲੈਂਦਾ ਹੈ (ਵਾਰ ਗਿਆਰਵੀਂ 14-31)।

105. The Gurdwara Reform Movement and the Sikh Awakening. p. 3.

106. Sikh Relics in Eastern Bengal, Dacca Review, 1916. pp. 225, 228.

107. Glossary of Punjab Tribes and Castes. Vol. 1, pp. 687, 688.

ਵੀ ਸਿੱਖ ਮਤ ਦਾ ਪਾਸਾਰ ਹੋਇਆ। ਪਰ ਇਥੇ ਜਿਸ ਗੱਲ ਨਾਲ ਸਾਡਾ ਸਬੰਧ ਹੈ ਉਹ ਇਹ ਹੈ ਕਿ ਇਨ੍ਹਾਂ ਵਿਚੋਂ ਇਕ ਵਿਕਸਿਤ ਅਵੱਸਥਾਵਾਂ ਨਿਰਸੰਦੇਹ ਉਸ ਸਮੇਂ ਤੋਂ ਬਾਅਦ ਦੀਆਂ ਹਨ ਜਿਸ ਬਾਰੇ ਅਸੀਂ ਚਰਚਾ ਕਰ ਰਹੇ ਹਾਂ, ਪਰ ਇਹ ਸਪੱਸ਼ਟ ਰੂਪ ਵਿਚ ਪ੍ਰਗਟ ਕਰਦੀਆਂ ਹਨ ਕਿ ਸੰਗਤ ਸਿੱਖ ਮਤ ਦਾ ਮਹੱਤਵਪੂਰਨ ਅੰਗ ਬਣ ਚੁੱਕੀ ਸੀ। ਜਿਥੇ ਕਿਤੇ ਵੀ ਕੋਈ ਸਿੱਖ ਮਿਲਿਆ ਉਸ ਨੂੰ ਸੰਗਤ ਦੇ ਪ੍ਰਭਾਵ ਹੇਠਾਂ ਲਿਆਂਦਾ ਗਿਆ ਅਤੇ ਇਸ ਰਾਹੀਂ ਉਸ ਨੂੰ ਇਹ ਅਨੁਭਵ ਕਰਾਇਆ ਗਿਆ ਕਿ "ਇਕ ਸਿੱਖ ਨਾ ਕੇਵਲ ਆਪਣੇ ਵਿਅਕਤੀਗਤ ਆਚਰਣ ਵੱਲ ਹੀ ਧਿਆਨ ਦੇਂਦਾ ਹੈ ਸਗੋਂ ਉਸ ਨੇ ਸਮੁੱਚੇ ਪੰਥ ਪ੍ਰਤਿ ਆਪਣੀ ਜ਼ਿੰਮੇਵਾਰੀ ਨੂੰ ਵੀ ਨਿਭਾਉਣਾ ਹੈ।"

ਪਰੰਤੂ ਇਹ ਯਾਦ ਰਖਣਾ ਚਾਹੀਦਾ ਹੈ ਕਿ ਇਹ ਸੰਗਤਾਂ ਢਿੱਲੀਆਂ ਜਿਹੀਆਂ ਅਤੇ ਅਸੰਗਤ ਇਕਾਈਆਂ ਨਹੀਂ ਸਨ। ਗੁਰੂ ਅਰਜਨ ਦੇ ਕੀਤੇ ਸੁਧਾਰਾਂ ਨੇ ਇਨ੍ਹਾਂ ਨੂੰ ਇਕ ਗੁੰਦਵੀਂ ਪ੍ਰਣਾਲੀ ਵਿਚ ਪਰਿਵਰਤਿਤ ਕਰ ਦਿੱਤਾ ਸੀ। ਸਰਾਂ ਦੀ ਖੁਦਾਈ ਅਤੇ ਗੁਰਦੁਆਰਿਆਂ ਦੀ ਉਸਾਰੀ ਦੀਆਂ ਅਨੇਕਾਂ ਯੋਜਨਾਵਾਂ ਨੇ ਸਿੱਖਾਂ ਦੀ ਸੰਯੁਕਤ ਜ਼ਿੰਮੇਵਾਰੀ ਨੂੰ ਕਾਫ਼ੀ ਹਦ ਤਕ ਵਧਾ ਦਿੱਤਾ ਸੀ ਅਤੇ ਜਿਥੋਂ ਤਕ ਵਿਅਕਤੀਗਤ ਸਿੱਖਾਂ ਦਾ ਸਬੰਧ ਸੀ ਗੁਰੂ ਅਰਜਨ ਨੇ ਇਸ ਜ਼ਿੰਮੇਵਾਰੀ ਨੂੰ ਹੋਰ ਵੀ ਦ੍ਰਿੜ੍ਹ ਕਰ ਦਿੱਤਾ ਸੀ। ਇਸ ਤੋਂ ਇਲਾਵਾ ਸੰਗਤਾਂ ਦਾ ਕਾਰਜ ਸਵੀਕ੍ਰਿਤ ਮਸੰਦਾਂ ਨੂੰ ਸੌਂਪ ਦਿੱਤਾ ਗਿਆ ਸੀ ਜਿਨ੍ਹਾਂ ਦਾ ਕਰਤੱਵ ਧਰਮ ਦਾ ਪ੍ਰਚਾਰ ਕਰਨਾ ਸੀ। ਆਪਣੇ ਹਲਕੇ ਵਿਚ ਸਿੱਖ ਸੰਗਠਨ ਲਈ ਉਹ ਗੁਰੂ ਜੀ ਨੂੰ ਉੱਤਰਦਾਈ ਹੁੰਦਾ ਸੀ। ਮੂਲ ਰੂਪ ਵਿਚ ਸੰਗਤਾਂ ਸਿੱਖਿਆ ਅਤੇ ਪ੍ਰਚਾਰ ਦੇ ਕੇਂਦਰ ਹੁੰਦੀਆਂ ਸਨ ਅਤੇ ਦਬਿਸਤਾਨ ਵਿਚ ਸਾਨੂੰ ਪਤਾ ਲਗਦਾ ਹੈ ਕਿ ਮਸੰਦ ਅੱਗੇ ਆਪ ਸਹਿਕਾਰੀ ਨਿਯੁਕਤ ਕਰਦੇ ਸਨ ਜਿਨ੍ਹਾਂ ਦੁਆਰਾ ਲੋਕਾਂ ਨੂੰ ਬਹੁ ਸੰਖਿਆ ਵਿਚ ਸਿੱਖ ਮਤ ਵਿਚ ਪਰਿਵਰਤਿਤ ਕੀਤਾ ਜਾਂਦਾ ਹੈ।[108] ਦੂਜੇ ਪਾਸੇ ਇਹ ਪ੍ਰਤੱਖ ਦਿਖਾਈ ਦੇਂਦਾ ਹੈ ਕਿ ਗੁਰੂ ਅਰਜਨ ਜੀ ਦੇ ਸੁਧਾਰਾਂ ਨਾਲ ਮੰਜੀ ਪ੍ਰਥਾ ਵਿਚ ਪਰਿਵਰਤਨ ਆ ਗਿਆ ਸੀ ਅਤੇ ਗ੍ਰੰਥੀ ਕੇਵਲ ਅਧਿਆਤਮਕ ਆਗੂ ਹੀ ਨਹੀਂ ਰਹੇ ਸਨ ਸਗੋਂ ਉਹ ਦਸਵੰਧ ਦੀ ਵਸੂਲੀ ਵੀ ਕਰਦੇ ਸਨ। ਇਸ ਪੱਖੋਂ ਮਸੰਦ ਦਾ ਕਰਤੱਵ ਆਪਣੇ ਹਲਕੇ ਵਿਚੋਂ ਚੜ੍ਹਾਵਾ ਜਾਂ ਦਸਵੰਧ ਵੀ ਇਕੱਠਾ ਕਰ ਕੇ ਗੁਰੂ ਜੀ ਨੂੰ ਭੇਜਣਾ ਹੁੰਦਾ ਸੀ। ਇਹ ਆਮ ਨਿਯਮ ਸੀ ਕਿ ਮਸੰਦ ਆਪਣੇ ਨਿਰਬਾਹ ਲਈ ਕਿਸੇ ਤਰ੍ਹਾਂ ਵੀ ਇਨ੍ਹਾਂ ਚੜ੍ਹਾਵਿਆਂ ਤੇ ਨਿਰਭਰ ਨਹੀਂ ਸੀ ਹੋ ਸਕਦਾ। ਇਥੇ ਸਰੀਰ ਨੂੰ ਭ੍ਰਿਸ਼ਟ ਨਾ ਕਰਨ ਦਾ ਅਸੂਲ ਕੰਮ ਕਰਦਾ ਹੈ।[109] ਮਸੰਦ ਤੋਂ ਇਹ ਆਸ ਰਖੀ ਜਾਂਦੀ ਸੀ ਕਿ ਉਹ ਆਪਣੇ ਨਿਰਬਾਹ ਲਈ ਕਿਸੇ ਲਾਹੇਵੰਦ ਧੰਧੇ ਵਿਚ ਲੱਗ ਕੇ ਰੋਜ਼ੀ ਕਮਾਏ। ਵੈਸਾਖ ਮਹੀਨੇ ਵਿਚ ਸਾਰੇ ਮਸੰਦ ਗੁਰੂ ਦੇ ਦਰਬਾਰ ਵਿਚ ਇਕੱਠੇ ਹੁੰਦੇ ਸਨ ਅਤੇ ਇਸ ਦਾ ਮੰਤਵ ਚੜ੍ਹਾਵਿਆਂ ਦਾ ਹਿਸਾਬ

---

108. ਦਬਿਸਤਾਨ, ਸੈਂਚੀ ਦੂਜੀ, ਪੰਨਾ 271. ਦੱਸਿਆ ਗਿਆ ਹੈ ਕਿ ਇਨ੍ਹਾਂ ਸਹਿਕਾਰੀਆਂ ਨੂੰ ਮਿਉਰਾਸ ਕਹਿੰਦੇ ਸਨ ਅਤੇ ਇਹ ਨਾਂ ਅਕਬਰ ਦੇ ਪ੍ਰਬੰਧ ਤੋਂ ਲਿਆ ਗਿਆ ਹੈ। ਅਸੀਂ ਸੰਗਤੀਆਂ, ਜਿਨ੍ਹਾਂ ਦੇ ਸੰਭਵ ਅਰਥ ਸੰਗਤ ਦੇ ਆਗੂ ਦੇ ਹਨ, ਬਾਰੇ ਵੀ ਸੁਣਦੇ ਹਾਂ। (*Glossary of Punjab Tribes and Castes*. Vol. 1, p. 683).

109. ਚੜ੍ਹਾਵੇ, ਜਿਵੇਂ ਕਿ ਅਸੀਂ ਦੇਖਿਆ ਹੈ, ਜ਼ਹਿਰ ਖ਼ਿਆਲ ਕਰਨੇ ਚਾਹੀਦੇ ਹਨ ਅਤੇ ਇਨ੍ਹਾਂ ਉੱਤੇ ਨਿਰਬਾਹ ਕਰਨਾ ਸਰੀਰ ਭ੍ਰਿਸ਼ਟ ਕਰਨ ਦੇ ਬਰਾਬਰ ਹੈ।

ਦੇਣਾ ਅਤੇ ਆਪਣੀ ਆਪਣੀ ਸੰਗਤ ਦੇ ਮਾਮਲਿਆਂ ਦੀ ਰਿਪੋਰਟ ਦੇਣਾ ਹੁੰਦਾ ਸੀ। ਉਨ੍ਹਾਂ ਨਾਲ, ਦਰਬਾਰ ਵਿਚ ਆਉਣ ਲਈ ਇਛੁਕ ਸਿੱਖ ਵੀ ਆਉਂਦੇ ਸਨ। ਸਾਨੂੰ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਦੀ ਵਾਪਸੀ ਵੇਲੇ ਹਰੇਕ ਨੂੰ ਪਗੜੀ ਦਿੱਤੀ ਜਾਂਦੀ ਸੀ।[110] ਸੋ ਮਸੰਦ ਪ੍ਰਥਾ ਦੂਰ-ਵਿਆਪੀ ਅਤੇ ਅਤਿ ਕੇਂਦ੍ਰਿਤ ਸੰਗਠਨ ਸੀ। ਅਨੇਕਾਂ ਪ੍ਰਮਾਣ ਇਹ ਪ੍ਰਗਟ ਕਰਦੇ ਹਨ ਕਿ ਇਹ ਪ੍ਰਥਾ ਘੱਟੋ ਘੱਟ ਕਈ ਦਹਾਕੇ ਲਗਾਤਾਰ ਅਤੇ ਚੰਗੀ ਤਰ੍ਹਾਂ ਕੰਮ ਕਰਦੀ ਰਹੀ ਅਤੇ ਗੁਰੂ ਜੀ ਦੇ ਖਜ਼ਾਨੇ ਵਿਚ ਲਗਾਤਾਰ ਪੈਸਾ ਪਹੁੰਚਦਾ ਰਿਹਾ।[111] ਇਸ ਸੰਗਠਨ ਦੀ ਸ਼ਕਤੀ ਇਸ ਤੱਥ ਤੋਂ ਵੀ ਮਾਪੀ ਜਾ ਸਕਦੀ ਹੈ ਕਿ ਇਸ ਦੀ ਨਿਘਰੀ ਹੋਈ ਦਸ਼ਾ ਵਿਚ ਵੀ, ਜਦ ਗੁਰੂ ਗੋਬਿੰਦ ਸਿੰਘ ਇਸ ਦੇ ਖਾਤਮੇ ਬਾਰੇ ਗੰਭੀਰਤਾ ਸਹਿਤ ਸੋਚ ਰਹੇ ਸਨ, ਤਾਂ ਦੁਰੇਡੀਆਂ ਸੰਗਤਾਂ ਜਿਨ੍ਹਾਂ ਵਿਚੋਂ ਗੁਟਬੰਦੀ ਦੀ ਭਾਵਨਾ ਦਾ ਅਜੇ ਅਭਾਵ ਸੀ, ਪੂਰਨ ਭਾਂਤ ਵਫਾਦਾਰ ਸਨ ਅਤੇ ਗੁਰੂ ਗੋਬਿੰਦ ਸਿੰਘ ਦੁਆਰਾ ਚਲਾਏ ਇਸ ਪੁਨਰ ਨਿਰਮਾਣ ਅਤੇ ਸੁਧਾਰ ਦੇ ਕਾਰਜ ਵਿਚ ਢਾਕੇ ਦੀ ਸੰਗਤ ਨੇ ਜੰਗੀ ਹਾਥੀ, ਆਦਮੀ ਅਤੇ ਗੋਲੀ ਸਿੱਕਾ ਭੇਜ ਕੇ ਆਪਣਾ ਹਿੱਸਾ ਪਾਇਆ ਸੀ।[112]

ਇਹ ਪ੍ਰਤੀਤ ਹੁੰਦਾ ਹੈ ਕਿ ਰੰਗ ਵਿਚ ਭੰਗ ਉਨ੍ਹਾਂ ਪਹਿਲੇ ਧਰਮ ਸਥਾਨਾਂ ਨੇ ਪਾਇਆ ਜਿਨ੍ਹਾਂ ਨੂੰ ਗੁਰਦੁਵਾਰੇ ਕਹਿੰਦੇ ਹਨ। ਗੁਰੂ ਜੀ ਦੇ ਯਾਤਰਾ ਸਥਾਨਾਂ ਤੇ ਉਸਾਰ ਗਏ ਮੰਦਰਾਂ ਨੂੰ ਗੁਰਦਵਾਰੇ ਕਹਿੰਦੇ ਸਨ ਅਤੇ ਗੁਰੂ ਅਰਜਨ ਦੇਵ ਦੇ ਸਮੇਂ ਤਕ ਇਨ੍ਹਾਂ ਵਿਚੋਂ ਬਹੁਤ ਸਾਰੇ ਗੁਰਦਵਾਰੇ ਹੋਂਦ ਵਿਚ ਆ ਚੁੱਕੇ ਸਨ। ਕਰਤਾਰਪੁਰ ਵਿਚ ਗੁਰੂ ਨਾਨਕ ਦੀ ਧਰਮਸਾਲਾ, ਖਡੂਰ ਦਾ ਮੰਦਰ, ਗੋਇੰਦਵਾਲ ਵਿਚ ਗੁਰੂ ਅਮਰ ਦਾਸ ਦੀ ਬਾਉਲੀ, ਅੰਮ੍ਰਿਤਸਰ ਵਿਚ ਹਰਿਮੰਦਰ, ਤਰਨਤਾਰਨ ਦਾ ਸਰ ਜਿਸ ਨੂੰ ਗੁਰੂ ਅਰਜਨ ਨੇ ਆਪ ਖੁਦਵਾਇਆ ਸੀ, ਸਿੱਖਾਂ ਦੇ ਮਹੱਤਵ ਪੂਰਨ ਤੀਰਥ ਕੇਂਦਰ ਬਣ ਗਏ ਸਨ ਪਰ ਇਨ੍ਹਾਂ ਵਿਚੋਂ ਕੁਝ ਇਕ ਤੀਰਥਾਂ ਉੱਤੇ ਸੰਗਤ ਦੇ ਵਿਸ਼ੇਸ਼ ਗੁਟਵੇਂ ਸੁਭਾਵ ਦਾ ਅਭਾਵ ਪ੍ਰਤੀਤ ਹੁੰਦਾ ਹੈ। ਸਿੱਖ ਮਤ ਦੇ ਮੁੱਢਲੇ ਦਿਨਾਂ ਵਿਚ, ਜਦ ਕਿ ਗੁਰਿਆਈ ਅਜੇ ਅਨੁਵੰਸ਼ਿਕ ਨਹੀਂ ਸੀ ਹੋਈ, ਅਸੀਂ ਇਕ ਮਹੱਤਵਪੂਰਨ ਤੱਥ ਵੇਖਦੇ ਹਾਂ। ਗੁਰੂ ਨਾਨਕ ਦੇ ਪਹਿਲੇ ਤਿੰਨਾਂ ਉੱਤਰਾਧਿਕਾਰੀਆਂ ਨੇ, ਜੋ ਅਨੁਵੰਸ਼ਿਕਤਾ ਦੇ ਸਿਧਾਂਤ ਦੇ ਸਥਾਪਿਤ ਹੋਣ ਤੋਂ ਪਹਿਲਾਂ ਨਾਮਜ਼ਦ ਕੀਤੇ ਹੋਏ ਸਨ, ਆਪਣੇ ਪੂਰਬਲੇ ਦੇ ਠਿਕਾਣੇ ਨੂੰ ਛੱਡ ਕੇ ਆਪਣਾ ਨਵਾਂ ਠਿਕਾਣਾ ਬਣਾਇਆ ਸੀ। ਗੁਰੂ ਅੰਗਦ ਕਰਤਾਰਪੁਰ ਛੱਡ ਕੇ ਖਡੂਰ ਚਲੇ ਗਏ,

---

110. ਦਬਿਸਤਾਨ। ਮੈਂ ਆਪਣੇ ਸਹਿ-ਕਰਮਚਾਰੀ ਮੌਲਵੀ ਮੁਹੰਮਦ ਇਸ਼ਾਕ ਦਾ ਆਭਾਰੀ ਹਾਂ ਜਿਨ੍ਹਾਂ ਦੇ ਦਬਿਸਤਾਨ ਦੇ ਫਾਰਸੀ ਦੇ ਮੂਲ ਪਾਠ ਨਾਲ ਟਰੋਇਰ ਦੇ ਅਨੁਵਾਦ ਦਾ ਮਿਲਾਨ ਕਰਨ ਵਿਚ ਮੇਰੀ ਸਹਾਇਤਾ ਕੀਤੀ ਹੈ।

111. ਇਸ ਦੀਆਂ ਕਈ ਉਦਾਹਰਣਾਂ ਸਾਨੂੰ ਸਿੱਖ ਲਿਖਤਾਂ ਵਿਚ ਮਿਲਦੀਆਂ ਹਨ। ਮਿਲਦੀਆਂ ਉਦਾਹਰਣਾਂ ਵਿਚੋਂ ਕੇਵਲ ਇਕ ਲੈਂਦਾ ਹਾਂ। ਇਹ ਪ੍ਰਤੀਤ ਹੁੰਦਾ ਹੈ ਕਿ ਗੁਰੂ ਜੀ ਨੂੰ ਕਾਬਲ ਦੀ ਸੰਗਤ ਤੋਂ ਭਾਰੀ ਆਮਦਨੀ ਹੋਈ ਸੀ। ਉਹ ਸੁੰਦਰ ਘੋੜੇ ਕਾਬਲ ਦੇ ਮਸੰਦ ਨੇ ਭੇਜੇ ਹੋਏ ਦੱਸੇ ਜਾਂਦੇ ਹਨ ਜੋ ਪਿੱਛੋਂ ਗੁਰੂ ਹਰਿਗੋਬਿੰਦ ਅਤੇ ਸ਼ਹਿਨਸ਼ਾਹ ਵਿਚ ਝਗੜੇ ਦਾ ਕਾਰਨ ਬਣੇ। ਸਾਨੂੰ ਇਹ ਵੀ ਦੱਸਿਆ ਜਾਂਦਾ ਹੈ ਕਿ ਸੁਜਾਨ, ਜੋ ਕਾਬਲ ਦਾ ਮਸੰਦ ਸੀ, ਨੇ ਗੁਰੂ ਜੀ ਲਈ ਚੜ੍ਹਾਵੇ ਅਤੇ ਦਸਵੰਧ ਵਿਚੋਂ ਬਹੁਤ ਸਾਰਾ ਧਨ ਇਕੱਠਾ ਕੀਤਾ ਹੋਇਆ ਸੀ। (ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 38).

112. ਢਾਕਾ ਰੀਵੀਊ, 1916, ਪੰਨਾ 227.

ਗੁਰੂ ਅਮਰ ਦਾਸ ਖਡੂਰ ਛੱਡ ਕੇ ਗੋਇੰਦਵਾਲ ਜਾ ਟਿਕੇ ਅਤੇ ਗੁਰੂ ਰਾਮ ਦਾਸ ਨੇ ਗੋਇੰਦਵਾਲ ਛੱਡ ਕੇ ਅੰਮ੍ਰਿਤਸਰ ਜਾ ਵਸਾਇਆ। ਇਨ੍ਹਾਂ ਤੱਥਾਂ ਦੀ ਵਿਆਖਿਆ ਇਸ ਆਧਾਰ ਤੇ ਕੀਤੀ ਜਾ ਸਕਦੀ ਹੈ ਕਿ ਇਨ੍ਹਾਂ ਵਿਚੋਂ ਹਰੇਕ ਗੁਰੂ ਨੇ ਆਪਣੇ ਉੱਤਰਾਧਿਕਾਰੀ ਦਾ ਸਥਾਨ, ਉਸ ਦੇ ਵਾਰਸਾਂ ਦੇ ਸਪੱਸ਼ਟ ਵੈਰ ਵਿਰੋਧ ਕਾਰਨ, ਅਤਿ ਅਣ-ਸੁਰੱਖਿਅਤ ਪ੍ਰਤੀਤ ਕੀਤਾ ਸੀ। ਜਿਵੇਂ ਕਿ ਅਸੀਂ ਦੇਖ ਚੁੱਕੇ ਹਾਂ, ਗੁਰੂ ਅੰਗਦ ਦੇ ਜੋਤੀ ਜੋਤ ਸਮਾਉਣ ਪਿੱਛੋਂ ਉਸ ਦੇ ਪੁੱਤਰ ਦਾਤੂ ਨੇ ਗੁਰ-ਗੱਦੀ ਖੋਹ ਲਈ ਸੀ ਅਤੇ ਗੁਰੂ ਅਮਰ ਦਾਸ ਨੂੰ ਮੰਨਣੋਂ ਇਨਕਾਰ ਕਰ ਦਿੱਤਾ ਸੀ।[113] ਇਸ ਪ੍ਰਕਾਰ ਹੀ, ਅਮਰ ਦਾਸ ਦਾ ਪੁੱਤਰ ਮੋਹਨ, ਰਾਮ ਦਾਸ ਦਾ ਵੈਰੀ ਬਣਿਆ ਰਿਹਾ। ਭਾਵੇਂ ਅਮਰ ਦਾਸ ਦੇ ਵੱਡੇ ਪੁੱਤਰ ਮੋਹਰੀ ਨੇ ਰਾਮ ਦਾਸ ਨੂੰ ਜਾਇਜ਼ ਗੁਰੂ ਮੰਨ ਲਿਆ ਸੀ ਪਰ ਮੋਹਨ ਦੀ ਵਿਰੋਧਤਾ ਹੀ ਉਸ ਨੂੰ ਗੋਇੰਦਵਾਲ ਛੱਡਣ ਲਈ ਕਾਫ਼ੀ ਸੀ। ਇਹ ਅਸੰਭਵ ਨਹੀਂ ਜਾਪਦਾ ਕਿ ਇਸ ਪਿੱਛੋਂ ਬਾਉਲੀ ਦਾ ਨਿਯੰਤ੍ਰਣ ਮੋਹਨ ਕੋਲ ਛੱਡ ਦਿੱਤਾ ਗਿਆ, ਜਿਵੇਂ ਕਿ ਕਰਤਾਰਪੁਰ ਵਿਚ ਧਰਮਸ਼ਾਲਾ ਪਹਿਲੋਂ ਹੀ ਉਦਾਸੀਆਂ ਨੂੰ ਦੇ ਦਿੱਤੀ ਗਈ ਸੀ।

ਪਰ ਇਹ ਔਕੜਾਂ ਏਨੀਆਂ ਗੰਭੀਰ ਨਹੀਂ ਸਨ ਅਤੇ ਮਸੰਦਾਂ ਦੁਆਰਾ ਸੰਗਤਾਂ ਦੇ ਸਮੁੱਚੇ ਸੰਗਠਨ ਉੱਤੇ ਗੁਰੂ ਸਾਹਿਬ ਦੇ ਨਿਯੰਤ੍ਰਣ ਨੇ ਸਿੱਖ ਮਤ ਦੇ ਸੰਗਠਨ ਨੂੰ ਨਿਸ਼ਚਿਤ ਕਰ ਦਿੱਤਾ ਸੀ। ਨਾਲ ਹੀ ਇਹ ਵੀ ਕਿਹਾ ਜਾਂਦਾ ਹੈ ਕਿ "ਗੁਰੂ ਅਰਜਨ ਜੀ ਨੇ ਆਪਣੇ ਜੀਵਨ ਨੂੰ ਸਮਾਜ ਦੀ ਸਥਿਤੀ ਅਨੁਕੂਲ ਢਾਲ ਲਿਆ ਸੀ ਜਿਸ ਤੇ ਉਹ ਪੂਰਨ ਨਿਯੰਤ੍ਰਣ ਰਖਦੇ ਸਨ।" ਟਰੰਪ ਕਹਿੰਦਾ ਹੈ, "ਗੁਰੂ ਅਰਜਨ ਪਹਿਲਾ ਸਿੱਖ ਗੁਰੂ ਸੀ ਜਿਸ ਨੇ ਫਕੀਰੀ ਬਾਣਾ ਲਾਹਿਆ ਸੀ ਅਤੇ ਰਈਸਾਂ ਦੀ ਤਰ੍ਹਾਂ ਨੌਕਰ ਚਾਕਰ ਰੱਖ ਕੇ ਰਹਿਣ ਲਗੇ ਸਨ।"[114] ਸਿੱਖ ਲਿਖਤਾਂ ਇਹ ਸਿੱਧ ਕਰਦੀਆਂ ਹਨ ਕਿ ਇਹ ਸਾਰੀ ਦੀ ਸਾਰੀ ਅਤਿਕਥਨੀ ਨਹੀਂ ਹੈ। ਕਿਹਾ ਜਾਂਦਾ ਹੈ ਕਿ ਗੁਰੂ ਜੀ ਦੇ ਦਰਬਾਰ ਦਾ ਠਾਠ-ਬਾਠ ਅਤੇ ਜਲੌ ਇੰਨਾ ਅਧਿਕ ਸੀ ਕਿ ਸ਼ਹਿਨਸ਼ਾਹ ਦੇ ਵਿੱਤ-ਮੰਤਰੀ ਦੇ ਕਰਮਚਾਰੀ ਗੁਰੂ ਜੀ ਦੀ ਸ਼ਾਹੀ ਸ਼ਾਨ ਅਤੇ ਕਰਮਚਾਰੀ ਸੰਘ ਨੂੰ ਵੇਖ ਕੇ ਚਕ੍ਰਿਤ ਰਹਿ ਗਏ ਸਨ।[115] "ਸ਼ਹਿਨਸ਼ਾਹ ਅਤੇ ਰਾਜੇ ਉਸ ਅੱਗੇ ਝੁਕਦੇ ਹਨ, ਧਨ ਮਾਲ ਉਸ ਕੋਲ ਆਉਂਦਾ ਹੈ। ਇਹ ਪ੍ਰਿਥੀਏ ਦੀ ਪਤਨੀ ਕਰਮੋ ਦੇ ਵਚਨ ਸਨ ਜੋ ਆਪਣੇ ਪਤੀ ਨੂੰ ਗੁਰੂ ਅਰਜਨ ਵਿਰੁੱਧ ਉਕਸਾਂਦੀ ਰਹੀ।[116] ਸੋ ਇਹ ਗੱਲ ਸਪੱਸ਼ਟ ਹੈ ਕਿ ਆਤਮਿਕ ਪੱਖਾਂ ਤੋਂ ਛੁੱਟ ਗੁਰਿਆਈ ਪਦਾਰਥਕ ਸੱਤਾ ਦਾ ਪ੍ਰਤੀਕ ਵੀ ਬਣ ਰਹੀ ਸੀ। ਹੋਰ ਇਹ ਗੱਲ ਵੀ ਧਿਆਨ ਮੰਗਦੀ ਹੈ ਕਿ ਮੋਹਸਿਨ ਫਾਨੀ ਨੇ ਗੁਰੂ ਨਾਨਕ ਦੇ ਸ਼ਿਸ਼ਾਂ ਤੋਂ ਸੁਣਿਆ ਹੋਇਆ ਸੀ ਕਿ "ਗੁਰੂ ਪੁਰਾਤਨ ਕਾਲ ਵਿਚ ਰਾਜਾ ਜਨਕ ਸੀ ਅਤੇ ਰਾਜੇ ਅਤੇ ਸੰਤ ਦੋਹਾਂ ਦੀ ਪ੍ਰਤਿਸ਼ਠਾ ਦਾ ਸੁਆਮੀ ਸੀ।"[117] ਇਹ ਗੱਲ ਪਰੋਖ ਰੂਪ ਵਿਚ ਸੰਕੇਤ ਕਰਦੀ ਹੈ ਕਿ ਸਿੱਖਾਂ ਨੇ ਗੁਰੂ ਨੂੰ ਕੇਵਲ

---

113. ਉਕਤ, ਪੰਨਾ 127.
114. ਟਰੰਪ, ਉਪਰੋਕਤ ਰਚਨਾ, ਪੰਨਾ lxxxi.
115. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ 72.
116. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 28.
117. ਦਬਿਸਤਾਨ, ਸੈਂਚੀ ਦੂਜੀ, ਪੰਨਾ 268.

ਅਧਿਆਤਮਕ ਹੀ ਨਹੀਂ ਸਗੋਂ ਸੰਸਾਰਕ ਸ਼ਾਸਕ ਵੀ ਸਮਝਣਾ ਆਰੰਭ ਕਰ ਦਿੱਤਾ ਸੀ। ਵਾਸਤਵ ਵਿਚ, ਲਤੀਫ ਕਹਿੰਦਾ ਹੈ ਕਿ ਉੱਤਰਾਧਿਕਾਰੀ ਦੇ ਅਨੁਵੰਸ਼ਿਕ ਸਿੱਧਾਂਤ ਦੀ ਸਥਾਪਨਾ ਨੇ ਗੁਰਿਆਈ ਦਾ ਸੁਭਾਵ ਬਦਲ ਦਿੱਤਾ ਸੀ, ਅਤੇ "ਇਸ ਨੇ ਸਿੱਖ ਸੱਤਾ ਦੇ ਵਾਧੇ ਵਿਚ ਪਦਾਰਥਕ ਤੌਰ ਤੇ ਹਿੱਸਾ ਪਾਇਆ ਸੀ ਕਿਉਂਕਿ ਇਸ ਤੋਂ ਪਿੱਛੋਂ ਗੁਰੂ ਦੇ ਸ਼ਿਸ਼ ਗੁਰੂ ਨੂੰ ਕੇਵਲ ਆਤਮਕ ਆਗੂ ਹੀ ਨਹੀਂ ਸਮਝਦੇ ਸਨ ਸਗੋਂ ਸੰਸਾਰਕ ਸੁਆਮੀ ਅਤੇ ਪ੍ਰਬਲ ਅਧਿਰਾਜ ਵੀ ਮੰਨਣ ਲੱਗ ਪਏ ਸਨ"।[118] ਸਾਨੂੰ ਸਿੱਖ ਲਿਖਤਾਂ ਤੋਂ ਇਹ ਪਤਾ ਚਲਦਾ ਹੈ ਕਿ ਗੁਰੂ ਅਰਜਨ ਦੇ ਪੁੱਤਰ ਅਤੇ ਉੱਤਰਾਧਿਕਾਰੀ ਹਰਿਗੋਬਿੰਦ ਨੇ ਦੋ ਤਲਵਾਰਾਂ, ਇਕ ਮੀਰੀ ਅਤੇ ਇਕ ਪੀਰੀ ਦੀ, ਧਾਰਨ ਕਰਕੇ ਖੁਲ੍ਹੇ ਤੌਰ ਤੇ ਅਜਿਹੀ ਪਦਵੀ ਨੂੰ ਸਵੀਕਾਰ ਕੀਤਾ ਹੈ।[119]

ਨਾਰੰਗ ਲਿਖਦਾ ਹੈ ਕਿ ਇਸ ਪ੍ਰਕਾਰ, "ਇਕ ਸ਼ਾਂਤਮਈ ਅਤੇ ਬਾਹਰੀ-ਦਖ਼ਲ ਤੋਂ ਮੁਕਤ ਰਾਜ ਦਾ ਹੌਲੀ ਹੌਲੀ ਨਿਰਮਾਣ ਹੋ ਗਿਆ, ਅਤੇ ਸੱਚੇ ਪਾਤਸ਼ਾਹ ਦੇ ਰੂਪ ਵਿਚ ਗੁਰੂ ਜੀ ਦੀ ਸਰਦਾਰੀ ਹੇਠ ਸਿੱਖਾਂ ਨੂੰ "ਪਹਿਲਾਂ ਤੋਂ ਹੀ ਸਾਮਰਾਜ ਦੇ ਅੰਤਰਗਤ, ਇਕ ਪ੍ਰਕਾਰ ਦੇ ਆਤਮ ਸ਼ਾਸਨ ਦੀ ਜਾਣ-ਪਛਾਣ ਹੋ ਚੁੱਕੀ ਸੀ। "ਉਨ੍ਹਾਂ ਦੀ ਸੱਤਾ ਅਤੇ ਪ੍ਰਤਿਸ਼ਠਾ ਵਿਚ ਵਾਧਾ ਹੋਇਆ ਅਤੇ ਪ੍ਰਦੇਸ਼ ਦੇ ਰਾਜਨੀਤਕ ਜੀਵਨ ਵਿਚ ਉਹ ਇਕ ਵਿਸ਼ੇਸ਼ ਅੰਗ ਦੇ ਰੂਪ ਵਿਚ ਬੜੀ ਤੇਜ਼ੀ ਨਾਲ ਉਭਰ ਰਹੇ ਸਨ।"[120] ਐਪਰ ਆਧੁਨਿਕ ਸਿੱਖ ਵਿਚਾਰਧਾਰਾ ਇਸ ਸਥਿਤੀ ਨੂੰ ਪੂਰਨ ਭਾਂਤ ਪ੍ਰਵਾਨ ਕਰਦੀ ਪ੍ਰਤੀਤ ਨਹੀਂ ਹੁੰਦੀ। ਗੁਰੂ ਨਾਨਕ ਨੇ ਕਿਹਾ ਸੀ ਕਿ "ਮੂਰਖ ਜਾਂ ਅਸਿਖਿਅਤ ਵਿਅਕਤੀ ਹੀ ਦੂਜਿਆਂ ਉੱਤੇ ਰਾਜ ਕਰਨਾ ਚਾਹੇਗਾ" ਅਤੇ ਇਹ ਦਾਅਵਾ ਕੀਤਾ ਗਿਆ ਹੈ ਕਿ ਉਪਰੋਕਤ ਕਾਰਨ ਕਰਕੇ ਗੁਰੂ ਜੀ ਦੂਜਿਆਂ ਉੱਤੇ ਰਾਜ ਕਰਨ ਦੀ ਇੱਛਾ ਕਦੇ ਨਹੀਂ ਰਖ ਸਕਦੇ ਸਨ। ਸਾਨੂੰ ਅੱਗੇ ਦੱਸਿਆ ਗਿਆ ਹੈ ਕਿ "ਇਹ ਕਹਿਣਾ ਗ਼ਲਤ ਹੈ ਕਿ ਪੰਜਵੇਂ ਜਾਂ ਛੇਵੇਂ ਗੁਰੂ ਦ ਸਮੇਂ ਤਕ ਸਿੱਖ ਮਤ ਦੇ ਆਦਰਸ਼ ਦਾ ਪਤਨ ਹੋ ਚੁੱਕਾ ਸੀ ਅਤੇ ਗੁਰੂ ਨੂੰ ਸੱਚਾ ਪਾਤਸ਼ਾਹ, ਉਸ ਦੇ ਆਸਣ ਨੂੰ ਤਖਤ ਅਤੇ ਉਸ ਦੇ ਸ਼ਿਸ਼ਾਂ ਦੇ ਇਕੱਠ ਨੂੰ ਦਰਬਾਰ ਕਿਹਾ ਜਾਣ ਲਗ ਪਿਆ ਸੀ। ਮੁੱਢਲੇ ਗੁਰੂਆਂ ਦੀਆਂ ਲਿਖਤਾਂ, ਖ਼ਾਸ ਕਰਕੇ ਉਨ੍ਹਾਂ ਭੱਟਾਂ ਦੀਆਂ ਲਿਖਤਾਂ ਜਿਨ੍ਹਾਂ ਦੂਸਰੇ ਗੁਰੂ ਦੇ ਸਮੇਂ ਵਿਚ ਲਿਖਣਾ ਸ਼ੁਰੂ ਕਰ ਦਿੱਤਾ ਸੀ, ਵਿਚੋਂ ਇਹ ਦਿਸ ਪਵੇਗਾ ਕਿ ਇਹ ਸ਼ਬਦ ਪਿੱਛਲੇਰੀਆਂ ਘਾੜਤਾਂ ਨਹੀਂ ਹਨ ਸਗੋਂ ਪ੍ਰਾਰੰਭ ਤੋਂ ਹੀ ਵਰਤਦੇ ਆ ਰਹੇ ਸਨ। ਇਹ ਸਾਰੇ ਸਨਮਾਨਯੋਗ ਫਕੀਰਾਂ ਲਈ ਵਰਤੇ ਜਾਣ ਵਾਲੇ ਪੂਰਬੀ-ਢੰਗ ਦੇ ਮਧੁਰ ਪਦ ਹਨ।" ਸਿੱਖਾਂ ਦੇ ਆਦਰਸ਼ਾਂ ਦਾ ਪਤਨ ਹੋਇਆ ਸੀ ਜਾਂ ਨਹੀਂ ਇਹ ਪ੍ਰਸ਼ਨ ਅਸਲੀ ਗੱਲ ਤੋਂ ਲਾਂਭੇ ਲੈ ਜਾਣ ਵਾਲਾ ਹੈ ਅਤੇ ਇਸ ਸਿੱਟੇ ਤੇ ਸਹਿਜੇ ਹੀ ਪਹੁੰਚਿਆ ਜਾ ਸਕਦਾ ਹੈ ਕਿ ਸੱਚਾ ਪਾਤਸ਼ਾਹ, ਤਖਤ, ਅਤੇ ਦਰਬਾਰ ਵਰਗੇ ਵਾਕਾਂਸ਼ਾਂ ਦੀ ਵਰਤੋਂ ਆਪਣੇ ਆਪ ਵਿਚ ਰਾਜਨੀਤਕ ਆਦਰਸ਼ ਦੇ ਵਿਕਾਸ ਵੱਲ ਸੰਕੇਤ ਨਹੀਂ ਕਰਦੀ। ਇਹ ਗੱਲ ਵੀ ਬਿਲਕੁਲ ਸੱਚੀ ਹੋ ਸਕਦੀ ਹੈ ਕਿ "ਸ਼ਾਂਤੀ ਦੀ ਅਵਸਥਾ ਵਿਚ ਵੀ ਸਾਦਗੀ

---

118. Latif. History of the Punjab. p. 253.
119. ਮੈਕਾਲਿਫ, *ਉਪਰੋਕਤ ਰਚਨਾ*, ਸੈਂਚੀ ਚੌਥੀ, ਪੰਨਾ 4.
120. ਨਾਰੰਗ, *ਉਪਰੋਕਤ ਰਚਨਾ*, ਪੰਨਾ 37.

ਦਾ ਆਦਰਸ਼ ਕਾਇਮ ਰੱਖਿਆ ਜਾਂਦਾ ਸੀ" ਅਤੇ ਉਹ ਭੱਟ ਜਿਨ੍ਹਾਂ ਦੀਆਂ ਰਚਨਾਵਾਂ 'ਗ੍ਰੰਥ ਸਾਹਿਬ' ਵਿਚ ਦਰਜ ਹਨ "ਸੰਨਿਆਸ ਅਤੇ ਐਸ਼ਵਰਜ ਵਿਚਕਾਰ, ਰਾਜ ਯੋਗ ਚਰਿੱਤਰ ਦੇ ਸੰਤੁਲਨ" ਦੀ ਪ੍ਰਸੰਸਾ ਕਰਨ ਵਿਚ ਨਿਆਇ ਸੰਗਤ ਕਹੇ ਜਾ ਸਕਦੇ ਹਨ।[121] ਸੰਖੇਪ ਵਿਚ, ਸਿੱਖ ਭਾਵੇਂ ਆਪਣੇ ਰਾਜਨੀਤਕ ਭਵਿੱਖ ਪ੍ਰਤਿ ਚੇਤਨ ਨਹੀਂ ਸਨ, ਅਤੇ ਭਾਵੇਂ ਲਹਿਰ ਦੇ ਅੰਤਰਗਤ ਕੰਮ ਕਰ ਰਹੇ ਪ੍ਰੇਰਣਾ ਸ਼ਕਤੀ ਵਿਰੁੱਧ ਧਾਰਮਕ ਹੀ ਰਹੀ ਹੋਵੇ, ਪਰ ਸਥਾਪਿਤ ਰਾਜ ਦੀ ਦ੍ਰਿਸ਼ਟੀ ਤੋਂ ਦੇਖਿਆਂ ਨਵੀਨ ਕੌਮ ਅਜੇਹੀ ਅਵਸਥਾ ਵਿਚ ਪੁੱਜ ਰਹੀ ਸੀ ਜਿਸ ਨੂੰ ਨਜ਼ਰੋਂ ਉਹਲੇ ਨਹੀਂ ਸੀ ਕੀਤਾ ਜਾ ਸਕਦਾ। ਹੌਲੀ ਹੌਲੀ ਮਸੰਦ ਪ੍ਰਥਾ ਸਿੱਖਾਂ ਨੂੰ ਇਕ ਭਾਂਤ ਦੇ ਆਤਮ-ਸ਼ਾਸਨ ਦਾ ਗਿਆਨ ਕਰਵਾ ਰਹੀ ਸੀ, ਕੇਂਦਰ ਵਿਚ ਗੁਰੂ ਦਾ ਪ੍ਰਭਾਵ, ਐਸ਼ਵਰਜਸ਼ਾਲੀ ਦਰਬਾਰ, ਅਤੇ ਸੰਗਤਾਂ ਦੀ ਸਮੁੱਚੀ ਜਥੇਬੰਦੀ ਤੇ ਨਿਯੰਤ੍ਰਣ ਸਿੱਖਾਂ ਲਈ ਏਕਤਾ ਦਾ ਪ੍ਰਤੀਕ ਅਤੇ ਸਾਧਾਰਨ ਚਿੰਤਨ ਤੋਂ ਪਰ੍ਹੇ ਕਿਸੇ ਦੈਵੀ ਸ਼ਕਤੀ ਦਾ ਚਿੰਨ੍ਹ ਹੋ ਨਿਬੜੇ ਸਨ। ਅਜਿਹੀ ਨਿਸ਼ਚਿਤ ਅਗਵਾਈ ਵਾਲੀ, ਅਨੁਸ਼ਾਸਨ ਤੇ ਆਤਮ ਬਲੀਦਾਨ ਦੇ ਉੱਚ ਆਦਰਸ਼ਾਂ ਨੂੰ ਮੰਨਣ ਵਾਲੀ, ਆਦਰਸ਼ਾਂ ਨੂੰ ਵਿਵਹਾਰਕ ਅਰਥ ਪ੍ਰਦਾਨ ਕਰਨ ਵਾਲੀਆਂ ਸੰਸਥਾਵਾਂ ਦੀ ਮਾਲਕ ਕੌਮ ਤਤਕਾਲੀਨ ਸ਼ਾਸਨ ਦੇ ਪ੍ਰਤਿਕਰਮ ਤੋਂ ਕਿਵੇਂ ਬਚ ਸਕਦੀ ਸੀ। ਇਹ ਸਾਰੇ ਵਿਕਾਸ ਸਿੱਖਾਂ ਨੂੰ ਸੁਭਾਵਿਕ ਹੀ ਜਾਪਦੇ ਹੋਣਗੇ ਅਤੇ ਉਹ ਵਿਸ਼ੁੱਧ ਧਾਰਮਕ ਭਾਵਨਾ ਤੋਂ ਪ੍ਰੇਰਿਤ ਹੁੰਦੇ ਰਹੇ ਹੋਣਗੇ ਪਰ ਇਨ੍ਹਾਂ ਦਾ ਪ੍ਰਭਾਵ ਹੋਰਨਾਂ ਲੋਕਾਂ ਤੇ ਭਿੰਨ ਪ੍ਰਕਾਰ ਦਾ ਪੈ ਸਕਦਾ ਸੀ। ਉਦਾਹਰਨ ਵਜੋਂ, ਸਿੱਖ ਆਪਣੇ ਗੁਰੂ ਨੂੰ ਸੱਚਾ ਪਾਤਸ਼ਾਹ ਕਹਿਣ ਲੱਗ ਪਏ ਸਨ ਅਤੇ ਉਨ੍ਹਾਂ ਲਈ ਇਸ ਦਾ ਭਾਵ ਵਿਸ਼ੁੱਧ ਧਾਰਮਕ ਸੀ ਪਰ ਦੂਸਰੇ ਲੋਕਾਂ ਦੇ ਮਨਾਂ ਵਿਚ ਇਹ ਕੋਈ ਹੋਰ ਅਰਥ ਉਪਜਾ ਸਕਦਾ ਸੀ ਜਿਵੇਂ ਕਿ ਇਸ ਤੱਥ ਤੋਂ ਸਿੱਧ ਹੁੰਦਾ ਹੈ ਕਿ ਜਦੋਂ ਗੁਰੂ ਅਰਜਨ ਨੂੰ ਜਹਾਂਗੀਰ ਦੇ ਦਰਬਾਰ ਵਿਚ ਬੁਲਾਇਆ ਗਿਆ ਤਾਂ ਉਨ੍ਹਾਂ ਉੱਤੇ ਲਾਏ ਗਏ ਆਰੋਪਾਂ ਵਿਚੋਂ ਇਕ ਇਹ ਵੀ ਸੀ ਕਿ ਉਹ ਆਪਣੇ ਆਪ ਨੂੰ ਸੱਚਾ ਪਾਤਸ਼ਾਹ ਕਹਿੰਦੇ ਸਨ। ਸੋ ਇਕ ਅਜੇਹੀ ਸਥਿਤੀ ਪੈਦਾ ਹੋ ਰਹੀ ਸੀ ਜਿਸ ਵਿਚ ਰਾਜ ਅਤੇ ਸਿੱਖ ਮਤ ਦੀਆਂ ਸ਼ਕਤੀਆਂ ਵਿਚਕਾਰ ਸੰਘਰਸ਼ ਹੋਣਾ ਅਨਿਵਾਰੀ ਹੋ ਰਿਹਾ ਸੀ। ਰਾਜ ਸਿੱਖ ਸੰਗਠਨ ਵਿਚ ਅਜੇਹੀਆਂ ਅਥਾਹ ਸੰਭਾਵਨਾਵਾਂ ਵੇਖ ਸਕਦਾ ਸੀ ਜਿਹੜੀਆਂ ਕਿਸੇ ਸਮੇਂ ਵੀ ਸਿਆਸੀ ਅਸ਼ਾਂਤੀ ਦਾ ਕੇਂਦਰ ਬਣ ਸਕਦੀਆਂ ਸਨ, ਅਤੇ ਸਿੱਖਾਂ ਲਈ ਵੀ, ਪਿੱਛਾਹਾਂ ਮੁੜਨਾ ਜਾਂ ਕੋਈ ਅਜੇਹੀ ਨੀਤੀ ਅਪਨਾਉਣਾ ਅਸੰਭਵ ਹੋ ਗਿਆ ਸੀ ਜਿਸ ਨੂੰ ਗਲਤ ਨਾ ਸਮਝਿਆ ਜਾ ਸਕੇ।

121. The Gurdwara Movement and the Sikh Awakening. pp. 19, 20.

ਗੁਰੂ ਨਾਨਕ ਅਤੇ ਜਾਤ-ਪਾਤ ਪ੍ਰਥਾ

ਚੌਥੇ ਅਧਿਆਇ ਵਿਚ ਕੀਤੀ ਗਈ ਸੰਖੇਪ ਜਿਹੀ ਚਰਚਾ ਵਿਚੋਂ ਇਹ ਪ੍ਰਗਟ ਹੋ ਜਾਂਦਾ ਹੈ ਕਿ ਜਿਥੋਂ ਤਕ ਗੁਰੂ ਨਾਨਕ ਦਾ ਸਬੰਧ ਹੈ ਇਸ ਮਾਣਤਾ ਲਈ ਕੋਈ ਸੰਤੋਸ਼ਜਨਕ ਪ੍ਰਮਾਣ ਨਹੀਂ ਮਿਲਦਾ ਕਿ ਉਨ੍ਹਾਂ ਨੇ ਜਾਤ-ਪਾਤ ਪ੍ਰਥਾ ਨੂੰ ਖ਼ਤਮ ਕਰਨ ਦਾ ਯਤਨ ਕੀਤਾ ਸੀ। ਪਰੰਤੂ ਉਨ੍ਹਾਂ ਦੇ ਉੱਤਰਾਧਿਕਾਰੀਆਂ ਅਧੀਨ ਸਿੱਖ ਮਤ ਦੇ ਇਤਿਹਾਸ ਵਿਚੋਂ ਕਿਹੜੀ ਗੱਲ ਉਜਾਗਰ ਹੁੰਦੀ ਹੈ? ਜਿਵੇਂ ਕਿ ਅਸੀਂ ਉਪਰ ਸੰਕੇਤ ਕਰ ਚੁੱਕੇ ਹਾਂ, ਇਸ ਗੱਲ ਦੇ ਪੱਖ ਵਿਚ ਇਕ ਤਕੜੀ ਵਿਚਾਰਧਾਰਾ ਮਿਲਦੀ ਹੈ ਕਿ ਸਿੱਖ ਮਤ ਵਿਚ ਜਾਤ-ਪਾਤ ਅਤੇ ਇਸ ਦੀਆਂ ਰਸਮਾਂ ਲਈ ਕੋਈ ਥਾਂ ਨਹੀਂ ਸੀ ਅਤੇ ਇਸ ਨੂੰ ਸਹੀ ਸਿੱਧ ਕਰਨ ਲਈ ਸਿੱਖ ਮਤ ਦੇ ਪਿਛਲੇਰੇ ਇਤਿਹਾਸ ਵਿਚੋਂ ਵਿਭਿੰਨ ਪ੍ਰਮਾਣ ਪੇਸ਼ ਕੀਤੇ ਗਏ ਹਨ। ਪਰ ਅਸੀਂ ਆਰੰਭ ਵਿਚ ਹੀ ਇਹ ਸਪੱਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਅਜੇਹੇ ਮਿਲਦੇ ਪ੍ਰਮਾਣਾਂ ਦੀ ਵਰਤੋਂ ਸਾਵਧਾਨੀ ਨਾਲ ਕਰਨੀ ਚਾਹੀਦੀ ਹੈ ਕਿਉਂਕਿ ਉਹ ਦੋਹੀਂ ਪਾਸੀਂ ਕਾਟ ਕਰ ਸਕਦੇ ਹਨ ਅਤੇ ਸਿੱਖ ਮਤ ਵਿਚ ਪਿਛਲੇਰੇ ਵਿਕਾਸ ਸਬੰਧੀ ਉਨ੍ਹਾਂ ਦਾ ਕਿੰਨਾ ਵੀ ਮੁੱਲ ਕਿਉਂ ਨਾ ਹੋਵੇ ਪਰ ਗੁਰੂ ਨਾਨਕ ਦੀ ਰੁਚੀ ਸਬੰਧੀ ਉਹ ਉੱਕਾ ਹੀ ਨਿਰਣਾਜਨਕ ਨਹੀਂ ਕਹੇ ਜਾ ਸਕਦੇ। ਦ੍ਰਿਸ਼ਟਾਂਤ ਇਸ ਸਥਿਤੀ ਨੂੰ ਸਪੱਸ਼ਟ ਕਰ ਦੇਣਗੇ।

ਜਦੋਂ 1783 ਈ. ਵਿਚ ਫਾਰਸਟਰ ਪੰਜਾਬ ਵਿਚ ਆਇਆ ਤਾਂ ਉਸ ਨੇ ਦੇਖਿਆ ਕਿ "ਸਿੱਖ ਆਪਣੇ ਕਬੀਲਿਆਂ ਵਿਚ ਹੀ ਸ਼ਾਦੀਆਂ ਕਰਦੇ ਸਨ ਅਤੇ ਪ੍ਰਸ਼ਾਦ ਜਾਂ ਪਵਿੱਤਰ ਭੋਜਨ ਹੀ ਉਨ੍ਹਾਂ ਵਿਚ ਸਾਂਝੇ ਆਹਾਰ ਦੇ ਤੌਰ ਤੇ ਵਰਤਿਆ ਜਾਂਦਾ ਸੀ।"[1] ਇਹ ਸਮਝਣ ਵਿਚ ਕਿਸੇ ਕਲਪਨਾ ਦੀ ਲੋੜ ਨਹੀਂ ਕਿ ਇਸ ਪ੍ਰਮਾਣ ਤੇ ਵਿਸ਼ਵਾਸ ਕਰ ਲੈਣਾ ਅਤੇ ਜਾਤ-ਪਾਤ ਤੇ ਇਸ ਦੀ ਵਰਤੋਂ ਪ੍ਰਤਿ ਗੁਰੂ ਗੋਬਿੰਦ ਸਿੰਘ ਦੀ ਰੁਚੀ ਸਬੰਧੀ ਕਿਸੇ ਨਿਰਣਾਤਮਕ ਸਿੱਟੇ ਤੇ ਪੁੱਜਣਾ, ਉੱਕਾ ਹੀ ਗ਼ਲਤ ਹੋ ਸਕਦਾ ਹੈ। ਦੂਜੇ ਪਾਸੇ ਇਹ ਪ੍ਰਮਾਣ ਇਸ ਤੱਥ ਦੀ ਵਿਆਖਿਆ ਮਾਤਰ ਵੀ ਹੋ ਸਕਦਾ ਹੈ ਕਿ ਜਾਤ-ਪਾਤ ਅਤੇ ਕਬੀਲੇ ਪ੍ਰਤਿ ਪੂਰਵਸਨੇਹ ਦੀਆਂ ਜੜ੍ਹਾਂ ਏਨੀਆਂ ਡੂੰਘੀਆਂ ਸਨ ਕਿ ਉਹ ਛੇਤੀ ਹੀ ਸਿੱਖ ਮਤ ਦੇ ਉਦਾਰ ਅਸੂਲਾਂ ਤੇ ਛਾ ਗਿਆ। ਅਸਲ ਵਿਚ ਸਾਨੂੰ ਦੱਸਿਆ ਗਿਆ ਹੈ ਕਿ ਪੰਜਾਬ ਦੇ ਪੂਰਬ ਵਿਚ ਧਰਮ ਬਦਲਣ ਵਾਲੇ ਵਿਅਕਤੀ ਦੀ ਜਾਤ ਉੱਤੇ ਧਰਮ ਬਦਲੀ ਦਾ ਕੋਈ ਅਸਰ ਨਹੀਂ ਪੈਂਦਾ। ਮੁਸਲਮਾਨ, ਰਾਜਪੂਤ, ਗੁੱਜਰ ਜਾਂ ਜੱਟ ਆਪਣੇ ਸਾਰੇ ਸਮਾਜਕ, ਭਾਈਚਾਰਕ, ਰਾਜਨੀਤਕ ਅਤੇ ਪ੍ਰਸ਼ਾਸਨਕ ਮੰਤਵਾਂ ਲਈ ਉੱਨਾ ਹੀ ਰਾਜਪੂਤ, ਗੁੱਜਰ ਜਾਂ ਜੱਟ ਹੈ ਜਿੰਨਾ ਕਿ ਉਸ ਦਾ ਹਿੰਦੂ ਭਰਾ। ਅਸਲ ਗੱਲ ਇਹ ਹੈ ਕਿ

1. Forster, *Travels*. p. 256.

ਲੋਕ ਧਰਮ ਦੇ ਅਸੂਲਾਂ ਦੇ ਬੰਧਨਾਂ ਨਾਲੋਂ ਆਪਣੇ ਸਮਾਜਕ ਅਤੇ ਭਾਈਚਾਰਕ ਰਿਵਾਜਾਂ ਦੇ ਬੰਧਨਾਂ ਨਾਲ ਵਧੇਰੇ ਬੱਝੇ ਹੋਏ ਹਨ।"[2] ਉਹ ਨੁਕਤਾ ਜਿਸ ਉੱਤੇ ਅਸੀਂ ਬਲ ਦੇਣਾ ਚਾਹੁੰਦੇ ਹਾਂ, ਇਹ ਹੈ, ਕਿ ਖਾਲਸੇ ਦੀ ਸਿਰਜਨਾ ਉਪਰੰਤ ਸਿੱਖ ਮਤ ਦੀ ਜਾਤ-ਪਾਤ ਪ੍ਰਤਿ ਰੁਚੀ ਨੂੰ ਨਿਸ਼ਚਿਤ ਕਰਨ ਲਈ ਅਸੀਂ ਫਾਰਸਟਰ ਦੇ ਪ੍ਰਮਾਣ ਉੱਤੇ ਵਿਸ਼ਵਾਸ ਨਹੀਂ ਕਰ ਸਕਦੇ ਅਤੇ ਇਸ ਦੇ ਸਹੀ ਅਰਥ ਤਦੋਂ ਹੀ ਸਮਝ ਆ ਸਕਦੇ ਹਨ ਜਦੋਂ ਕਿ ਇਸ ਦੀ ਪਰਖ ਦੂਸਰੇ ਸੰਗਤ ਇਤਿਹਾਸਕ ਤੱਥਾਂ ਦੇ ਪ੍ਰਸੰਗ ਵਿਚ ਕੀਤੀ ਜਾਵੇ।

ਅਗਲਾ ਦ੍ਰਿਸ਼ਟਾਂਤ ਅਸੀਂ ਵਿਪਰੀਤ ਭਾਂਤ ਦਾ ਲਵਾਂਗੇ, ਇਕ ਅਜੇਹਾ ਦ੍ਰਿਸ਼ਟਾਂਤ ਜਿਸ ਉੱਤੇ ਆਧੁਨਿਕ ਸਿੱਖ ਲਿਖਾਰੀਆਂ ਨੇ ਵਧੇਰੇ ਹੀ ਬਲ ਦਿੱਤਾ ਹੈ। ਮੋਹਸਿਨ ਫਾਨੀ ਪਰਤਾਬ ਮਲ ਨਾਂ ਦੇ ਇਕ ਮਨੁੱਖ ਦੀ ਗੱਲ ਕਰਦਾ ਹੈ ਜਿਸ ਦੇ ਸਬੰਧ ਵਿਚ ਕਿਹਾ ਜਾਂਦਾ ਹੈ ਕਿ ਉਹ ਬੁੱਧੀਮਾਨ ਵਿਅਕਤੀ ਸੀ। "ਜਦੋਂ ਪਰਤਾਬ ਮਲ ਨੂੰ ਪਤਾ ਲੱਗਾ ਕਿ ਉਸ ਦਾ ਪੁੱਤਰ ਇਸਲਾਮ ਧਾਰਨ ਕਰਨਾ ਚਾਹੁੰਦਾ ਹੈ ਤਾਂ ਉਸ ਨੇ ਪੁੱਛਿਆ, ਤੂੰ ਮੁਸਲਮਾਨ ਕਿਉਂ ਬਣਨਾ ਚਾਹੁੰਦਾ ਹੈ? ਜੇਕਰ ਤੂੰ ਹਰੇਕ ਚੀਜ਼ ਖਾਣੀ ਪਸੰਦ ਕਰਦਾ ਹੈ ਤਾਂ ਗੁਰੂਆਂ ਦਾ ਸਿੱਖ ਬਣ ਜਾ ਅਤੇ ਜੋ ਮਨ ਭਾਉਂਦਾ ਹੈ ਖਾ।"[3] ਇਹ ਵਾਰਤਾ ਇਸ ਗੱਲ ਦਾ ਨਿਸ਼ਚਿਤ ਪ੍ਰਮਾਣ ਸਮਝੀ ਗਈ ਹੈ ਕਿ ਸਿੱਖ ਮਤ ਖਾਣ ਪੀਣ ਦਾ ਕੋਈ ਬੰਧੇਜ ਸਵੀਕਾਰ ਨਹੀਂ ਸੀ ਕਰਦਾ।[4] ਮੋਹਸਿਨ ਫਾਨੀ ਕਹਿੰਦਾ ਹੈ ਕਿ ਉਥੇ ਇਕ ਦਵਾਰਾ ਨਾਂ ਦਾ ਸਿੱਖ ਹੁੰਦਾ ਸੀ ਜਿਹੜਾ, ਜਾਪਦਾ ਹੈ, ਕਿ ਗੁਰੂ ਹਰਿਗੋਬਿੰਦ ਦਾ ਮਸੰਦ ਸੀ। ਪਰਤਾਬ ਮਲ ਉਸ ਦਾ ਸ਼ਿਸ਼ ਬਣ ਗਿਆ ਅਤੇ ਆਪਣੇ ਆਪ ਨੂੰ ਉਸ ਦਾ ਸੇਵਕ ਹੋਣ ਦਾ ਐਲਾਨ ਕਰ ਦਿੱਤਾ। "ਦਵਾਰੇ ਨੇ ਉਸ ਦੇ ਪੈਰ ਧੋਤੇ ਅਤੇ ਪਾਣੀ ਉਥੇ ਸਾਰੇ ਹਾਜ਼ਰ ਅਨੁਯਾਈਆਂ ਨੂੰ ਪਿਲਾਇਆ ਗਿਆ, ਅਜੇਹਾ ਉਹ ਉਨ੍ਹਾਂ ਦੇ ਮਤ ਵਿਚ ਸ਼ਾਮਿਲ ਹੋਣ ਵਾਲੇ ਹਰੇਕ ਵਿਅਕਤੀ ਨਾਲ ਕਰਿਆ ਕਰਦੇ ਸਨ। ਸਾਨੂੰ ਅੱਗੇ ਦੱਸਿਆ ਗਿਆ ਹੈ : "ਨਾਨਕ ਦੇ ਸ਼ਿਸਾਂ ਵਿਚ ਇਹ ਸਥਿਰ ਹੋ ਚੁੱਕੀ ਰੀਤ ਹੈ ਕਿ ਕਿਸੇ ਇੱਛਾ ਪੂਰਤੀ ਲਈ ਉਹ ਆਪਣੇ ਗੁਰੂ ਜਾਂ ਉਸ ਦੇ ਮੁਖੀਏ ਨੂੰ ਕੁਝ ਦਿਰਮ ਭੇਟ ਕਰਿਆ ਕਰਦੇ ਸਨ ਤਾਂ ਕਿ ਉਨ੍ਹਾਂ ਦੀ ਮਿਹਰ ਪ੍ਰਾਪਤ ਕੀਤੀ ਜਾਵੇ। ਪਰਤਾਬ ਮਲ ਨੇ ਕੁਝ ਦਿਰਮ ਕਬੇਲੀ ਨੂੰ ਭੇਟ ਕੀਤੇ ਜਿਹੜਾ ਕਿ ਗੁਰੂ ਹਰਿਗੋਬਿੰਦ ਦੁਆਰਾ ਨਿਯੁਕਤ ਕੀਤਾ ਗਿਆ ਧਾਰਮਕ ਮੁਖੀਆ ਸੀ। ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ, 'ਮੈਂ ਗੁਰੂ ਨਾਨਕ ਦੇ ਸਾਰੇ ਸ਼ਿਸ਼ਾਂ ਨੂੰ ਉਨ੍ਹਾਂ ਦੇ ਰਿਵਾਜ ਅਨੁਸਾਰ ਅਰਦਾਸ ਕਰਨ ਲਈ ਇਕੱਤ੍ਰਿਤ ਕਰਨਾ ਚਾਹੁੰਦਾ ਹਾਂ, ਪ੍ਰਵਾਣ ਕਰਨ ਦੀ ਮਿਹਰ ਕਰੋ।' ਆਪਣੀ ਸੰਮਤੀ ਦੇਣ ਤੋਂ ਪਹਿਲਾਂ ਕਬੇਲੀ ਨੇ ਪੁੱਛਿਆ, 'ਸ਼ਾਇਦ ਤੂੰ ਹਰਿਗੋਬਿੰਦ ਦੇ ਦਰਸ਼ਨ ਚਾਹੁੰਦਾ ਹੈ?' ਪਰਤਾਬ ਮਲ ਨੇ ਕਿਹਾ, "ਮੈਂ ਇਸ ਤੋਂ ਵੀ ਵੱਧ ਕੀਮਤੀ ਵਸਤੂ ਚਾਹੁੰਦਾ ਹਾਂ।' ਕਬੇਲੀ ਨੇ ਪੁੱਛਿਆ, ਇਹ ਕਿਹੜੀ ਵਸਤੂ ਹੈ?' ਉੱਤਰ ਇਹ ਸੀ, "ਮੈਂ ਪਿਸ਼ਾਵਰ ਤੋਂ ਲੈ ਕੇ ਕਾਬਲ ਤਕ ਦੇ ਸਾਰੇ ਮਸਖਰੇ, ਨਚਾਰ ਅਤੇ ਸੰਗੀਤਕਾਰ ਨੂੰ ਇਕੱਠਾ ਕਰਨਾ ਚਾਹੁੰਦਾ ਹਾਂ ਤਾਂ ਕਿ ਅਸੀਂ ਉਨ੍ਹਾਂ

2. Denzil Ibbetson, *Punjab Castes*, p. 14.
3. *ਦਬਿਸਤਾਨ, ਸੈਂਚੀ ਦੂਜੀ*, ਪੰਨਾ 286.
4. *ਹਮ ਹਿੰਦੂ ਨਹੀਂ*, ਪੰਨਾ 145, 146; Teja Singh. *Growth of Responsibility in Sikhism*. p. 21. f. n.

ਦੇ ਕਰਤੱਵ, ਹੁਨਰ ਅਤੇ ਚਾਲਾਂ ਵੇਖ ਸਕੀਏ।"[5] ਪਰਤਾਬ ਮਲ ਅਜੇਹਾ ਹੀ ਮਨੁੱਖ ਸੀ ਅਤੇ ਜਾਪਦਾ ਹੈ ਕਿ ਸਾਨੂੰ ਉਸ ਦੀ ਟੀਕਾ ਟਿੱਪਣੀ ਸਿੱਧੇ ਅਰਥਾਂ ਵਿਚ ਸਵੀਕਾਰ ਨਹੀਂ ਕਰਨੀ ਚਾਹੀਦੀ। ਐਪਰ ਇਹ ਮੰਨਿਆ ਪਰਮੰਨਿਆ ਤੱਥ ਸੀ ਕਿ ਗੁਰੂ ਹਰਿਗੋਬਿੰਦ ਵੱਲੋਂ ਆਪਣੇ ਸ਼ਿਸ਼ਾਂ ਨੂੰ ਜਾਨਵਰਾਂ ਦਾ ਮਾਸ ਖਾਣ ਦੀ ਖੁਲ੍ਹ ਸੀ। ਸ਼ਾਇਦ ਇਹ ਛੋਟ, ਜੋ ਕਿ ਅਟੱਲ ਅਤੇ ਆਵੱਸ਼ਕ ਸੀ, ਜੱਟਾਂ ਦੀਆਂ ਪਰੰਪਰਿਕ ਆਦਤਾਂ ਕਾਰਨ ਸੀ ਜੋ ਨਿਤ ਵੱਡੀ ਸੰਖਿਆ ਵਿਚ ਸਿੱਖ ਮਤ ਧਾਰਨ ਕਰ ਰਹੇ ਸਨ। ਇਹ ਸਹਿਜੇ ਹੀ ਲਿਖਿਆ ਜਾ ਸਕਦਾ ਹੈ ਕਿ ਸਿੱਖ ਖਾਣ ਪੀਣ ਦੇ ਮਾਮਲਿਆਂ ਵਿਚ ਵਧੇਰੇ ਸੁਤੰਤਰ ਸਨ। ਪਰ, ਜਿਵੇਂ ਕਿ ਅਸੀਂ ਪਹਿਲਾਂ ਹੀ ਵੇਖ ਚੁੱਕੇ ਹਾਂ, ਸਾਨੂੰ ਦਬਿਸਤਾਨ ਵਿਚੋਂ ਪਤਾ ਚਲ ਜਾਂਦਾ ਹੈ ਕਿ ਸਿੱਖ ਮਤ ਦੇ ਮੁੱਢਲੇ ਕਾਲ ਵਿਚ ਅਜੇਹੀ ਕੋਈ ਪ੍ਰਥਾ ਨਹੀਂ ਸੀ।[6] ਇਸ ਤਰ੍ਹਾਂ ਗੁਰੂ ਹਰਿਗੋਬਿੰਦ ਜੀ ਨੇ ਇਕ ਨਵੀਂ ਪ੍ਰਥਾ ਨੂੰ ਲਿਆਂਦਾ ਸੀ ਜਿਹੜੀ ਕਿ ਸ਼ਾਇਦ ਪਰਿਸਥਿਤੀਆਂ ਦੇ ਪ੍ਰਭਾਵ ਕਾਰਨ ਅਪਣਾਈ ਗਈ ਸੀ। ਸੋ ਵਿਚਾਰ ਅਧੀਨ ਤੱਥ ਕਿਸੇ ਤਰ੍ਹਾਂ ਵੀ ਸਿੱਖ ਮਤ ਦੇ ਮੁੱਢਲੇ ਇਰਾਦਿਆਂ ਬਾਰੇ ਪ੍ਰਮਾਣ ਰੂਪ ਵਿਚ ਸਵੀਕਾਰ ਨਹੀਂ ਕੀਤਾ ਜਾ ਸਕਦਾ। ਇਹ ਗੱਲ ਚੇਤੇ ਰਖਣੀ ਮਹੱਤਵਪੂਰਨ ਹੈ ਕਿ ਜਿਉਂ ਜਿਉਂ ਸਿੱਖ ਮਤ ਵਿਕਸਿਤ ਹੁੰਦਾ ਗਿਆ, ਇਸ ਨੇ ਅਵੱਸ਼ ਹੀ ਆਪਣੇ ਵਾਤਾਵਰਣ ਉੱਤੇ ਪ੍ਰਭਾਵ ਪਾਉਣਾ ਅਤੇ ਨਵੇਂ ਰੂਪਾਂ ਅਤੇ ਪ੍ਰਵਿਰਤੀਆਂ ਨੂੰ ਅਪਣਾਉਣਾ ਸੀ। ਇਨ੍ਹਾਂ ਪ੍ਰਵਿਰਤੀਆਂ ਦੇ ਰੂਪਾਂ ਨੂੰ ਸਦਾ ਹੀ ਅਦ੍ਰਿਸ਼ਟ ਇਤਿਹਾਸਕ ਕਾਰਕਾਂ ਨਾਲ ਰਲਗੱਡ ਕਰ ਦਿੱਤਾ ਜਾਂਦਾ ਰਿਹਾ ਹੈ ਅਤੇ ਇਨ੍ਹਾਂ ਨੂੰ ਸਿੱਖ ਮਤ ਦੇ ਮੁੱਢਲੇ ਸੰਦੇਸ਼ ਉੱਤੇ ਪ੍ਰਕਾਸ਼ ਪਾਉਣ ਲਈ ਵਰਤੇ ਜਾਣ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਇਨ੍ਹਾਂ ਦਾ ਸਹੀ ਸਹੀ ਵਿਸ਼ਲੇਸ਼ਣ ਕੀਤਾ ਜਾਏ।

ਜਾਤ-ਪਾਤ ਦੇ ਦੋ ਅਨਿਵਾਰੀ ਤੱਤ, ਅੰਤਰ-ਜਾਤੀ ਵਿਆਹ ਅਤੇ ਸਹਿਭੋਜ ਦੀ ਮਨਾਹੀ ਹਨ। ਜਿਵੇਂ ਕਿ ਅਸੀਂ ਪਹਿਲਾਂ ਹੀ ਵੇਖ ਚੁੱਕੇ ਹਾਂ, ਗੁਰੂ ਦੇ ਲੰਗਰ ਵਿਚ ਜਾਤ-ਪਾਤ ਦਾ ਕੋਈ ਭਿੰਨ ਭੇਦ ਨਹੀਂ ਸੀ[7] ਪਰ ਇਹ ਤੱਥ ਕਿਸੇ ਪਾਸੇ ਵੀ ਕੋਈ ਗੱਲ ਸਿੱਧ ਕਰਦਾ ਨਹੀਂ ਕਿਹਾ ਜਾ ਸਕਦਾ ਕਿਉਂਕਿ ਕਿਸੇ ਸਾਂਝੇ ਧਾਰਮਕ ਸਥਾਨ ਤੋਂ ਪਵਿੱਤਰ ਭੋਜਨ ਦੀ ਵੰਡ ਸਬੰਧੀ ਜਾਤ-ਪਾਤ ਦੇ ਨਿਯਮਾਂ ਦੇ ਢਿੱਲੇਪਣ ਦੀਆਂ ਉਦਾਹਰਣਾਂ ਅਤਿ ਕੱਟੜ ਹਿੰਦੂਆਂ ਵਿਚ ਵੀ ਮਿਲ ਜਾਂਦੀਆਂ ਹਨ।[8] ਜਿਥੋਂ ਤਕ ਸਾਡਾ ਗਿਆਨ ਹੈ ਸਿੱਖ ਮਤ ਦੇ ਮੁੱਢਲੇ ਦਿਨ੍ਹਾਂ ਵਿਚ ਸਹਿਭੋਜ ਦਾ ਹੋਰ ਕੋਈ ਪ੍ਰਮਾਣ ਨਹੀਂ ਮਿਲਦਾ, ਪਰ ਜਾਤ-ਪਾਤ ਲਈ, ਇਸ ਨਾਲੋਂ ਵੀ ਵਧੇਰੇ ਮਹੱਤਵ ਅੰਤਰ-ਜਾਤੀ ਵਿਆਹ ਦੀ ਮਨਾਹੀ ਰਖਦੀ ਹੈ ਅਤੇ ਇਸ ਸਬੰਧੀ ਵੀ ਸਾਨੂੰ ਕੋਈ ਅਜੇਹਾ ਪ੍ਰਮਾਣ ਨਹੀਂ ਮਿਲਦਾ ਜਿਹੜਾ ਇਹ ਪ੍ਰਗਟ ਕਰੇ ਕਿ ਅੰਤਰ-ਜਾਤੀ ਵਿਆਹ ਹੁੰਦੇ ਸਨ ਜਾਂ ਇਨ੍ਹਾਂ ਨੂੰ ਉਤਸ਼ਾਹ ਦਿੱਤਾ ਜਾਂਦਾ ਸੀ। ਇਸ ਦੇ ਪ੍ਰਤਿਕੂਲ ਸਾਨੂੰ ਕਿਧਰੇ ਕਿਧਰੇ ਥੋੜ੍ਹੀ ਬਹੁਤੀ ਸੂਚਨਾ ਮਿਲ ਜਾਂਦੀ ਹੈ ਜੋ ਇਹ ਪ੍ਰਗਟਾਉਂਦੀ ਹੈ ਕਿ ਇਹ ਮਨਾਹੀ ਉਸ ਵੇਲੇ ਵੀ ਮਹੱਤਵਪੂਰਨ ਸਮਝੀ

---

5. ਦਬਿਸਤਾਨ, ਸੈਂਚੀ ਦੂਜੀ, ਪੰਨਾ 112, 113.
6. ਉਕਤ, ਪੰਨਾ 62.
7. ਉਕਤ, ਪੰਨਾ 122, 128.
8. ਹੋਰਨਾਂ ਨਾਲ ਜਗਨ ਨਾਥ ਪੁਰੀ ਦੇ ਮੰਦਰ ਦਾ ਹਵਾਲਾ ਦਿੱਤਾ ਜਾ ਸਕਦਾ ਹੈ।

ਜਾਂਦੀ ਸੀ। ਦ੍ਰਿਸ਼ਟਾਂਤ ਵਜੋਂ, ਇਹ ਕਿਹਾ ਜਾਂਦਾ ਹੈ ਕਿ ਜਦੋਂ ਅਮਰ ਦਾਸ ਦੀ ਪਤਨੀ ਨੇ ਆਪਣੀ ਧੀ ਭਾਨੀ ਲਈ ਅਤਿ ਉੱਤਮ ਵਰ ਜੇਠਾ ਚੁਣ ਲਿਆ ਤਾਂ ਗੁਰੂ ਸਾਹਿਬ ਨੇ ਉਸ ਨੂੰ ਆਪਣੇ ਕੋਲ ਬੁਲਾਇਆ ਅਤੇ ਉਨ੍ਹਾਂ ਦਾ ਪਹਿਲਾਂ ਪ੍ਰਸ਼ਨ ਇਹ ਸੀ : "ਪੁੱਤਰ ! ਤੂੰ ਕੌਣ ਹੁੰਦਾ ਹੈ?" ਅਤੇ ਜਦ ਜੇਠੇ ਨੇ ਉੱਤਰ ਦਿੱਤਾ ਕਿ ਉਹ ਸੋਢੀ ਖਤਰੀ ਹੈ ਤਾਂ ਗੁਰੂ ਅਮਰ ਦਾਸ ਨੂੰ ਬੜੀ ਸ਼ਾਂਤੀ ਹੋਈ। ਟਰੰਪ ਇਸ ਵਾਰਤਾ ਨੂੰ "ਪਹਿਲੇ ਗੁਰੂਆਂ ਦੁਆਰਾ ਜਾਤ-ਪਾਤ ਦੀ ਪਾਲਣਾ ਸਬੰਧੀ ਅਤਿ ਮਹੱਤਵਪੂਰਨ ਸਮਝਦਾ ਹੈ।"[9] ਜੇਕਰ ਸਾਨੂੰ ਇਸ ਵਾਰਤਾ ਦੀ ਪ੍ਰਮਾਣਿਕਤਾ ਦਾ ਵਿਸ਼ਵਾਸ ਹੋ ਜਾਵੇ ਤਾਂ ਇਸ ਪ੍ਰਸ਼ਨ ਦਾ ਪੂਰਨ ਭਾਂਤ ਹੱਲ ਕਰ ਸਕਦੀ ਹੈ।

ਇਸ ਤੋਂ ਅਤਿਰਿਕਤ, ਅਜੇਹੀਆਂ ਉਦਾਹਰਣਾਂ ਵੀ ਮਿਲ ਜਾਂਦੀਆਂ ਹਨ ਜੋ ਸਿੱਧ ਕਰਦੀਆਂ ਹਨ ਕਿ ਕੁਝ ਇਕ ਹਾਲਤਾਂ ਵਿਚ ਸਿੱਖਾਂ ਨੇ, ਆਪਣੇ ਧਰਮ ਨਾਲੋਂ ਜਾਤ ਨੂੰ ਉੱਚਾ ਸਮਝਿਆ ਹੈ। ਜਾਂ ਦੂਜੇ ਸ਼ਬਦਾਂ ਵਿਚ, ਜਾਤ-ਪਾਤ ਦੇ ਅਨੁਸਾਰੀ ਹੋਣ ਤੇ ਉਹ ਗ਼ੈਰ ਸਿੱਖਾਂ ਨਾਲ ਵਿਆਹ ਸਬੰਧ ਜੋੜਨ ਤੋਂ ਵੀ ਸੰਕੋਚ ਨਹੀਂ ਕਰਦੇ ਸਨ। ਇਕੋ ਇਕ ਘਟਨਾ, ਜਿਸ ਦਾ ਪਹਿਲਾਂ ਵੀ ਹਵਾਲਾ ਦਿੱਤਾ ਗਿਆ ਹੈ, ਸਾਡੇ ਵਿਚਾਰ ਅਨੁਸਾਰ, ਨਿਰਣਾਜਨਕ ਹੈ। ਅਸੀਂ ਦੇਖਿਆ ਹੈ ਕਿ ਸ਼ਹਿਨਸ਼ਾਹ ਦਾ ਦੀਵਾਨ ਚੰਦੂ ਸ਼ਾਹ ਆਪਣੀ ਧੀ ਦਾ ਵਿਆਹ ਹਰਿਗੋਬਿੰਦ ਨਾਲ ਕਰਨਾ ਚਾਹੁੰਦਾ ਸੀ ਪਰ ਗੁਰੂ ਅਰਜਨ ਨੇ ਇਨਕਾਰ ਕਰ ਦਿੱਤਾ ਸੀ। ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਉਪਰੰਤ ਚੰਦੂ ਮੁੜ ਆਪਣਾ ਪ੍ਰਸਤਾਵ ਲੈ ਕੇ ਆਇਆ ਸੀ ਪਰ ਹਰਿਗੋਬਿੰਦ ਨੇ ਦ੍ਰਿੜ੍ਹਤਾਪੂਰਵਕ ਉਸ ਨੂੰ ਠੁਕਰਾ ਦਿੱਤਾ। ਹੁਣ ਧਿਆਨ ਯੋਗ ਗੱਲ ਇਹ ਹੈ ਕਿ ਗੁਰੂ ਅਰਜਨ ਨੇ ਇਸ ਰਿਸ਼ਤੇ ਤੋਂ ਇਨਕਾਰ ਇਸ ਆਧਾਰ ਤੇ ਕੀਤਾ ਸੀ ਕਿ ਉਨ੍ਹਾਂ ਦੇ ਦਿੱਲੀ ਦੇ ਸਿੱਖ ਇਸ ਪ੍ਰਸਤਾਵ ਦੇ ਵਿਰੁੱਧ ਸਨ ਅਤੇ ਹਰਿਗੋਬਿੰਦ ਸਾਹਿਬ ਚੰਦੂ ਨੂੰ ਸਾਫ਼ ਦੱਸ ਦਿੰਦੇ ਹਨ ਕਿ ਉਨ੍ਹਾਂ ਦਾ ਆਪਣੇ ਪਿਤਾ ਦੇ 'ਕਾਤਲ' ਨਾਲ ਕੋਈ ਵਾਸਤਾ ਨਹੀਂ। ਘ੍ਰਿਣਾ ਨਾਲ ਚੰਦੂ ਇਕ 'ਹੰਕਾਰੀ ਮਨੁੱਖ' ਦਰਸਾਇਆ ਗਿਆ ਹੈ ਜਿਸ ਨੇ 'ਗੁਰੂ ਸਾਹਿਬ ਬਾਰੇ ਤ੍ਰਿਸਕਾਰਪੂਰਨ ਸ਼ਬਦ' ਵਰਤੇ ਸਨ। ਪਰ ਇਕ ਵਾਰ ਵੀ ਉਸ ਦੇ ਗ਼ੈਰ ਸਿੱਖ ਹੋਣ ਦਾ ਸਵਾਲ ਨਹੀਂ ਉਠਾਇਆ ਗਿਆ ਜਿਸ ਕਰਕੇ ਉਸ ਦੇ ਨਾਲ ਵਿਆਹ ਸਬੰਧ ਨਹੀਂ ਜੋੜੇ ਜਾ ਸਕਦੇ ਸਨ। ਸਪੱਸ਼ਟ ਹੈ ਕਿ ਇਹ ਤੱਥ, ਕਿ ਗੁਰੂ ਜੀ ਅਤੇ ਚੰਦੂ ਦੋਵੇਂ ਪਰਿਵਾਰ ਖਤਰੀ ਸਨ, ਹੀ ਕਾਫ਼ੀ ਸਮਝਿਆ ਗਿਆ ਸੀ। ਵਾਸਤਵ ਵਿਚ ਸਾਨੂੰ ਅਜੇਹੇ ਮਾਮਲਿਆਂ ਦਾ ਪਤਾ ਹੈ ਜਿਹੜੇ ਇਹ ਸਿੱਧ ਕਰਦੇ ਹਨ ਕਿ ਸਿੱਖਾਂ ਅਤੇ ਗ਼ੈਰ ਸਿੱਖਾਂ ਵਿਚ ਅਮਲੀ ਤੌਰ ਤੇ ਵਿਆਹ ਹੋਏ ਸਨ। ਅਸੀਂ ਦੇਖ ਚੁੱਕੇ ਹਾਂ ਕਿ ਗੁਰੂ ਅੰਗਦ ਦੀ ਪੁੱਤਰੀ ਬੀਬੀ ਅਮਰੋ ਦਾ ਵਿਆਹ ਗੁਰੂ ਅਮਰ ਦਾਸ ਦੇ ਇਕ ਭਤੀਜੇ ਨਾਲ ਹੋਇਆ ਸੀ ਅਤੇ ਇਹ ਕਾਰਜ ਲਹਿਣਾ ਦੇ ਸਿੱਖ ਮਤ ਧਾਰਨ ਤੋਂ ਢੇਰ ਚਿਰ ਬਾਅਦ ਅਤੇ ਅਮਰ ਦਾਸ ਦੀ ਧਰਮ-ਬਦਲੀ ਤੋਂ ਕੁਝ ਚਿਰ ਪਹਿਲਾਂ ਹੋਇਆ ਸੀ।[10] ਕਿਹਾ ਜਾਂਦਾ ਹੈ ਕਿ ਚੰਦੂ ਸ਼ਾਹ ਦੀ ਆਪਣੀ ਨੂੰਹ ਇਕ ਸੁੱਚੇ ਸਿੱਖ ਦੀ ਧੀ ਸੀ।[11]

9. ਟਰੰਪ, *ਉਪਰੋਕਤ ਰਚਨਾ*, ਪੰਨਾ lxxix.
10. *ਉਕਤ*, ਪੰਨਾ 126.
11. ਮੈਕਾਲਿਫ, *ਉਪਰੋਕਤ ਰਚਨਾ*, ਸੈਂਚੀ ਤੀਜੀ, ਪੰਨਾ 97.

ਸਾਨੂੰ ਇਹ ਵੀ ਦੱਸਿਆ ਗਿਆ ਹੈ ਕਿ ਕੰਗੜ ਦੇ ਮਾਲਕ ਰਾਏ ਜੋਧ ਦੀ ਸਿੱਖ ਪਤਨੀ ਹਰਿਗੋਬਿੰਦ ਕੋਲ ਗਈ ਸੀ ਅਤੇ ਉਸ ਨੇ ਆਪਣੇ ਪਤੀ ਨੂੰ ਸਿੱਖ ਬਣਾਉਣ ਲਈ ਬੇਨਤੀ ਕੀਤੀ ਸੀ।[12] ਪਰ ਗੁਰੂ ਹਰਿਗੋਬਿੰਦ ਦੁਆਰਾ ਲਿਆਂਦੇ ਗਏ ਪਰਿਵਰਤਨਾਂ ਨਾਲ ਇਕ ਨਵੀਂ ਸਥਿਤੀ ਪੈਦਾ ਹੋ ਗਈ। ਪਰਤਾਬ ਮਲ ਸਬੰਧੀ ਕਥਾਵਾਂ, ਜਿਨ੍ਹਾਂ ਦੀ ਚਰਚਾ ਅਸੀਂ ਉਪਰ ਕੀਤੀ ਹੈ, ਇਹ ਸਿੱਧ ਕਰਦੀਆਂ ਹਨ ਕਿ ਅਜੇਹੇ ਮਨੁੱਖ ਵੀ ਸਨ ਜਿਹੜੇ ਇਨ੍ਹਾਂ ਪਰਿਵਰਤਨਾਂ ਨੂੰ ਸਵੀਕਾਰ ਨਹੀਂ ਕਰਦੇ ਸਨ ਅਤੇ ਇਸ ਤੱਥ ਦੀ ਸਿੱਧੀ, ਕਿ ਸਿੱਖਾਂ ਵਿਚ ਵੀ ਅਜੇਹੇ ਮਨੁੱਖਾਂ ਦੀ ਕੋਈ ਘੱਟ ਗਿਣਤੀ ਨਹੀਂ ਸੀ, ਭਾਈ ਗੁਰਦਾਸ ਦੀ ਛੱਬੀਵੀਂ ਵਾਰ ਵਿਚੋਂ ਹੋ ਜਾਂਦੀ ਹੈ।[13] ਸਿੱਟੇ ਵਜੋਂ ਸਿੱਖਾਂ ਨੂੰ ਛੇਕ ਦਿੱਤਾ ਜਾਂਦਾ ਸੀ ਅਤੇ ਉਨ੍ਹਾਂ ਨੂੰ ਵਿਆਹ ਕਰਵਾਉਣੇ ਔਖੇ ਹੋ ਜਾਂਦੇ ਸਨ ਜਿਸ ਦਾ ਸਪੱਸ਼ਟ ਭਾਵ ਇਹ ਨਿਕਲਦਾ ਹੈ ਕਿ ਛੇਕਣ ਦਾ ਕੰਮ ਦੂਸਰੀ ਧਿਰ ਵੱਲੋਂ ਕੀਤਾ ਜਾਂਦਾ ਸੀ ਤੇ ਸਿੱਖਾਂ ਨੂੰ ਇਸ ਮਾਮਲੇ ਵਿਚ ਕੋਈ ਸੰਕੋਚ ਨਹੀਂ ਸੀ।[14]

ਜੇਕਰ ਅਸੀਂ ਜਾਤ-ਪਾਤ ਪ੍ਰਤਿ ਸਿੱਖ ਮਤ ਦੀ ਰੁਚੀ ਸਬੰਧੀ ਕਿਸੇ ਸਹੀ ਸਿੱਟੇ ਤੇ ਪੁੱਜਣਾ ਚਾਹੁੰਦੇ ਹਾਂ ਤਾਂ ਇਨ੍ਹਾਂ ਸਾਰੇ ਤੱਥਾਂ ਤੇ ਸਾਨੂੰ ਨਿਰਪੱਖ ਹੋ ਕੇ ਵਿਚਾਰ ਕਰਨੀ ਪਵੇਗੀ। ਇਨ੍ਹਾਂ ਤੱਥਾਂ ਨੂੰ ਉੱਕਾ ਹੀ ਬੇਧਿਆਨੇ ਕਰ ਕੇ ਜਾਂ ਨਿਪਟ ਛੋਟਾਂ ਦੇ ਰੂਪ ਵਿਚ ਮੂਲੋਂ ਹੀ ਰਦ ਕਰ ਕੇ ਕਿਸ ਸਾਰਥਕ ਮੰਤਵ ਦੀ ਸਿੱਧੀ ਨਹੀਂ ਹੋ ਸਕਦੀ। ਇਹ ਵਿਚਾਰ ਕਿ ਸਿੱਖ ਮਤ ਮੁੱਢੋਂ ਹੀ ਅਜੇਹੀ ਸਮਾਜਕ-ਵਿਵਸਥਾ ਦੇ ਵਿਨਾਸ਼ ਦਾ ਨਿਸ਼ਾਨਾ ਰਖਦਾ ਸੀ, ਮੇਲ ਨਹੀਂ ਖਾਂਦੀ। ਇਕੋ ਇਕ ਵਿਆਖਿਆ ਇਹ ਹੋ ਸਕਦੀ ਹੈ ਕਿ ਕਠਿਨ ਅਤੇ ਬੁਨਿਆਦੀ ਮਾਮਲੇ ਸਬੰਧੀ ਗੁਰੂਆਂ ਨੂੰ ਅਤਿ ਸਾਵਧਾਨੀ ਨਾਲ ਕੰਮ ਲੈਣਾ ਪੈਣਾ ਸੀ ਅਤੇ ਇਸੇ ਲਈ ਉਹ ਪੁਰਾਤਨ ਵਿਵਸਥਾ ਨੂੰ ਇਕਦਮ ਢਾਹੁਣ ਨਾਲੋਂ ਹੌਲੀ ਹੌਲੀ ਇਸ ਦੇ ਵਿਨਾਸ਼ ਦਾ ਨਿਸ਼ਾਨਾ ਰਖਦੇ ਸਨ। ਪਰ ਕਠਿਨਾਈ ਇਹ ਹੈ ਕਿ ਇਸ ਵਿਆਖਿਆ ਦੀ ਪੁਸ਼ਟੀ ਲਈ ਕੋਈ ਪ੍ਰਮਾਣ ਨਹੀਂ ਮਿਲਦਾ। ਇਸ ਦੇ ਪੱਖ ਵਿਚ ਕੇਵਲ ਏਨਾ ਹੀ ਕਿਹਾ ਜਾ ਸਕਦਾ ਹੈ ਕਿ ਲੰਗਰ ਵਿਚ ਜਾਤ-ਪਾਤ ਦੇ ਨਿਯਮਾਂ ਵਿਚ ਹੌਲੀ ਹੌਲੀ ਖੁਲ੍ਹ ਦਿੱਤੀ ਜਾਂਦੀ ਰਹੀ ਜੋ ਕਿ, ਜਿਵੇਂ ਅਸੀਂ ਪਹਿਲਾਂ ਦੱਸ ਚੁੱਕੇ ਹਾਂ, ਆਪਣੇ ਆਪ ਵਿਚ ਨਿਰਣਾ-ਜਨਕ ਨਹੀਂ ਮੰਨੀ ਜਾ ਸਕਦੀ। ਦੂਜੇ ਪਾਸੇ ਅਸੀਂ ਜਾਣਦੇ ਹਾਂ ਕਿ ਮਾਸ ਖਾਣ ਦੇ ਮਾਮਲੇ ਵਿਚ ਨਿਸ਼ਚਿਤ ਹੀ ਪਿੱਛਾਂਹ ਵੱਲ ਮੁੜ ਗਿਆ ਸੀ। ਜਿਵੇਂ ਕਿ ਅਸੀਂ ਦੇਖਿਆ ਹੈ, ਮੋਹਸਿਨ ਫਾਨੀ ਪ੍ਰਤੱਖ ਰੂਪ ਵਿਚ ਕਹਿੰਦਾ ਹੈ ਕਿ ਗੁਰੂ ਨਾਨਕ ਨੇ ਮਾਸ ਤੋਂ ਪ੍ਰਹੇਜ਼ ਰੱਖਣ ਦਾ ਆਦੇਸ਼ ਦਿੱਤਾ ਸੀ। ਐਪਰ, ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਦੇ ਉੱਤਰਾਧਿਕਾਰੀਆਂ ਮਨਾਹੀ ਕਰ ਦਿੱਤੀ। ਸੋ ਇਹ ਗੱਲ ਪ੍ਰਗਟ ਨਹੀਂ ਹੁੰਦੀ ਕਿ ਇਸ ਮਾਮਲੇ ਵਿਚ ਵੀ ਮਿਥੇ ਹੋਏ ਮੰਤਵ ਵਿਚ ਕੋਈ ਕ੍ਰਾਂਤੀਕਾਰੀ ਪ੍ਰਾਪਤੀ ਹੋਈ ਸੀ। ਪਰ ਇਨ੍ਹਾਂ ਸਾਰੀਆਂ ਗੱਲਾਂ ਤੋਂ ਇਲਾਵਾ, ਇਹ ਵੀ ਯਾਦ ਰਖਣਾ ਮਤੱਵਪੂਰਨ ਹੈ ਕਿ ਇਹ ਸਿੱਧ ਕਰਨ ਲਈ ਕੋਈ ਪ੍ਰਮਾਣ ਨਹੀਂ ਮਿਲਦਾ

12. *ਉਹੀ*, ਸੈਂਚੀ ਚੌਥੀ, ਪੰਨਾ 153.
13. *ਉਹੀ*, ਪੰਨਾ 76, 77.
14. ਗੁਰਬਖ਼ਸ਼ ਸਿੰਘ ਦੁਆਰਾ ਢਾਕੇ ਤੋਂ ਲੱਭੀ ਇਕ ਹੱਥ-ਲਿਖਤ ਨਾਲ ਇਹ ਸਿੱਧ ਹੋ ਗਿਆ ਮੰਨਿਆ ਜਾਂਦਾ ਹੈ (*ਢਾਕਾ ਰੀਵੀਊ*, 1961, ਪੰਨਾ 378)।

ਕਿ ਸਿੱਖਾਂ ਵਿਚ ਅੰਤਰ-ਜਾਤੀ ਵਿਆਹ ਹੁੰਦੇ ਸਨ ਜਾਂ ਸਿੱਖ ਮਤ ਅਜੇਹੇ ਵਿਆਹਾਂ ਨੂੰ ਉਤਸ਼ਾਹ ਦੇਂਦਾ ਸੀ। ਵਾਸਤਵ ਵਿਚ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪ੍ਰਾਰੰਭ ਵਿਚ ਸਿੱਖ ਮਤ ਜਾਤ-ਪਾਤ ਦੀ ਸਮਾਪਤੀ ਨਹੀਂ ਚਾਹੁੰਦਾ ਸੀ ਅਤੇ ਜਿਹੜੇ ਪਰਿਵਰਤਨ ਸਾਨੂੰ ਪਿਛਲੇਰੇ ਪੜਾਵਾਂ ਤੇ ਮਿਲਦੇ ਹਨ ਉਹ ਇਤਿਹਾਸਕ ਕਾਰਨਾਂ ਕਰਕੇ ਸਨ, ਜਿਨ੍ਹਾਂ ਦਾ ਸਿੱਖ ਮਤ ਦੇ ਮੁੱਢਲੇ ਕਥਨਾਂ ਨਾਲ ਕੋਈ ਸਬੰਧ ਨਹੀਂ ਹੈ। ਭਾਵੇਂ ਕੁਝ ਵੀ ਹੋਵੇ, ਇਹ ਗੱਲ ਸਹਿਜੇ ਹੀ ਦ੍ਰਿੜ੍ਹਾਈ ਜਾ ਸਕਦੀ ਹੈ ਕਿ ਉਨ੍ਹਾਂ ਦੇ ਨਿਕਟਤਮ ਉੱਤਰਾਧਿਕਾਰੀਆਂ ਦੇ ਇਤਿਹਾਸ ਵਿਚ ਇਸ ਗੱਲ ਦੀ ਪੁਸ਼ਟੀ ਲਈ ਕੁਝ ਨਹੀਂ ਮਿਲਦਾ ਕਿ ਗੁਰੂ ਨਾਨਕ ਜਾਤ-ਪਾਤ ਖ਼ਤਮ ਕਰਨਾ ਚਾਹੁੰਦੇ ਸਨ।[15]

ਇਹ ਪ੍ਰਸ਼ਨ ਉਠਾਇਆ ਜਾ ਸਕਦਾ ਹੈ ਕਿ ਜਦ ਸਾਨੂੰ ਪਤਾ ਹੈ ਕਿ ਮੁਸਲਮਾਨ ਵੀ ਸਿੱਖ ਬਣਾਏ ਗਏ ਸਨ ਤਾਂ ਅਜੇਹੀ ਦਲੀਲ ਦੇਣ ਦਾ ਕੋਈ ਲਾਭ ਨਹੀਂ ਕਿ ਉਹ ਅਜੇ ਵੀ ਜਾਤ-ਪਾਤ ਦੇ ਬੰਧਨਾਂ ਵਿਚ ਫਸੇ ਹੋਏ ਸਨ। ਸਿੱਖ ਲਿਖਤਾਂ ਵਿਚ ਸਾਨੂੰ ਅਜੇਹੀਆਂ ਕਈ ਉਦਾਹਰਣਾਂ ਮਿਲਦੀਆਂ ਹਨ। "ਸੇਵਾ ਦਾਸ ਆਪਣੀ ਜਨਮਸਾਖੀ ਵਿਚ 'ਕੀੜੀ ਪਠਾਨਾ ਦੀ' ਵਰਗੀਆਂ ਕਈ ਥਾਵਾਂ ਦਾ ਵਰਣਨ ਕਰਦਾ ਹੈ ਜਿਥੇ ਭਾਰੀ ਗਿਣਤੀ ਵਿਚ ਮੁਸਲਮਾਨ ਸਿੱਖ ਬਣੇ ਸਨ। ਭਾਈ ਗੁਰਦਾਸ ਨੇ ਆਪਣੀ ਗਿਆਰ੍ਹਵੀਂ ਵਾਰ ਵਿਚ ਸਿੱਖਾਂ ਦੀ ਜੋ ਸੂਚੀ ਦਿੱਤੀ ਹੈ ਉਸ ਵਿਚ ਸਾਨੂੰ ਹੋਰ ਨਾਵਾਂ ਦੇ ਨਾਲ ਨਾਲ ਮਰਦਾਨਾ ਰਬਾਬੀ, ਜੋ ਗੁਰੂ ਨਾਨਕ ਦੀਆਂ ਉਦਾਸੀਆਂ ਵਿਚ ਉਨ੍ਹਾਂ ਦੇ ਨਾਲ ਸੀ, ਦੌਲਤ ਖ਼ਾਂ ਪਠਾਨ ਜੋ ਸਿੱਖ ਸੰਤ ਬਣਿਆ ਸੀ, ਲੁਹਾਰ ਗੁੱਜਰ ਜੋ ਗੁਰੂ ਅੰਗਦ ਦਾ ਸਿੱਖ ਸੀ ਅਤੇ ਆਪਣੇ ਪਿੰਡ ਵਿਚ ਸਿੱਖੀ ਦਾ ਪ੍ਰਚਾਰ ਕਰਦਾ ਸੀ, ਹਮਜ਼ਾ ਅਤੇ ਖੁਸ਼ ਰਹਿਣਾ ਮੀਆਂ ਜਮਾਲ ਜੋ ਸਦਾ ਗੁਰੂ ਹਰਿਗੋਬਿੰਦ ਦੀ ਹਜ਼ੂਰੀ ਵਿਚ ਰਹੇ, ਦੇ ਨਾਮ ਵੀ ਮਿਲਦੇ ਹਨ।"[16] ਅੱਗੋਂ ਹੋਰ ਕਿਹਾ ਗਿਆ ਹੈ ਕਿ 'ਸਿੱਖ ਮਤ ਦੇ ਪ੍ਰਸ਼ੰਸਕ ਮੁਸਲਮਾਨਾਂ ਦੇ ਬਹੁਤ ਸਾਰੇ ਨਾਂ ਇਤਿਹਾਸ ਵਿਚੋਂ ਇਕੱਠੇ ਕਰ ਸਕਦੇ ਹਾਂ। ਇਨ੍ਹਾਂ ਵਿਚੋਂ ਕੁਝ ਇਕ ਦਾਅਵੇ ਅਵੱਸ਼ ਹੀ ਸੰਦੇਹਪੂਰਤ ਹੋ ਸਕਦੇ ਹਨ ਅਤੇ ਸਾਨੂੰ ਉਨ੍ਹਾਂ ਤੇ ਸ਼ੱਕ ਕਰਨ ਦੇ ਕਾਰਨ ਵੀ ਮਿਲ ਜਾਂਦੇ ਹਨ ਜਦ ਸਾਨੂੰ ਦੱਸਿਆ ਜਾਂਦਾ ਹੈ ਕਿ 'ਦੌਲਤ ਖ਼ਾਂ ਲੋਧੀ ਸਿੱਖ ਬਣ ਗਿਆ ਸੀ', ਜਾਂ 'ਦਾਰਾ ਸ਼ਕੋਹ ਨੂੰ ਔਰੰਗਜ਼ੇਬ ਨੇ ਕੈਦ ਕਰ ਲਿਆ ਸੀ ਕਿਉਂਕਿ ਉਹ ਸਿੱਖ ਬਣ ਗਿਆ ਸੀ,' ਪਰ ਨਾਲ ਹੀ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਬਹੁਤ ਸਾਰੇ ਮੁਸਲਮਾਨ ਸਿੱਖੀ ਦੇ ਪ੍ਰਭਾਵ ਹੇਠਾਂ ਆ ਗਏ ਸਨ। ਇਹ ਗੱਲ ਜਹਾਂਗੀਰ ਨੇ ਆਪਣੀ 'ਤੁਜ਼ਕ-ਏ-ਜਹਾਂਗੀਰੀ' ਵਿਚ ਸਪੱਸ਼ਟ ਭਾਂਤ ਨਿਸ਼ਚਿਤ ਕਰ ਦਿੱਤੀ ਹੈ ਕਿ ਬਹੁਤ ਸਾਰੇ ਮੂਰਖ ਮੁਸਲਮਾਨ ਗੁਰੂ ਅਰਜਨ ਦੇ ਢੰਗਾਂ ਅਤੇ ਸਿੱਖਿਆ ਤੋਂ ਪ੍ਰੇਰਿਤ ਹੋ

---

15. ਸਾਨੂੰ ਜਾਪਦਾ ਹੈ ਕਿ ਬਾਬਰ ਦਾ ਹੇਠਲਾ ਕਥਨ ਇਸ ਸਥਿਤੀ ਦੇ ਸਾਰ ਨੂੰ ਪ੍ਰਗਟ ਕਰਦਾ ਹੈ :"ਨਾਨਕ ਕਦੇ ਵੀ ਜਾਤ-ਪਾਤ ਤੋਂ ਪੂਰਨ ਭਾਂਤ ਟੁਟਿਆ ਨਹੀਂ ਸੀ ਜਿਸ ਨੂੰ ਸਮਾਜਕ ਵਿਵਸਥਾ ਕਰਕੇ ਮੰਨਦਾ ਸੀ ਅਤੇ ਇਸ ਦੇ ਪੂਰਨ ਵਿਨਾਸ਼ ਦੇ ਪਿਛਲੇਰੇ ਯਤਨਾਂ ਦੇ ਬਾਵਜੂਦ ਵੀ ਉਸ ਮਤ ਵਿਚ ਇਸ ਦੇ ਚਿੰਨ੍ਹ ਮਿਲਦੇ ਹਨ।"

(*The Religions of India*. p. 243).

16. *The Gurdwara Reform Movement and the Sikh Awakening*. p. 21.

ਰਹੇ ਸਨ।[17] ਪਰ ਇਹ ਗੱਲ ਅੱਖੋਂ ਪ੍ਰੋਖੇ ਨਹੀਂ ਕਰ ਦੇਣੀ ਚਾਹੀਦੀ ਹੈ ਕਿ ਖ਼ਾਲਸੇ ਦੀ ਸਿਰਜਨਾ ਦੇ ਬਾਅਦ ਦੇ ਸਿੱਖ ਮਤ ਅਤੇ ਮੁੱਢਲੇ ਦਿਨਾਂ ਦੇ ਸਿੱਖ ਮਤ ਵਿਚ ਇਨ੍ਹਾਂ ਮੁਸਲਮਾਨਾਂ ਦੀ ਸਥਿਤੀ ਵਿਚ ਬੁਨਿਆਦੀ ਅੰਤਰ ਹੈ। ਪਿਛਲੇਰੇ ਇਤਿਹਾਸ ਵਿਚ ਸਾਨੂੰ ਅਜੇਹੇ ਉਦਾਹਰਣ ਮਿਲਦੇ ਹਨ ਜਦੋਂ ਮੁਸਲਮਾਨਾਂ ਤੋਂ ਬਣੇ ਸਿੱਖਾਂ ਨੂੰ ਸੱਚੇ ਸਿੱਖ ਪਰਿਵਾਰਾਂ ਵਿਚ ਵਿਆਹ ਕਰਨ ਦੀ ਇਜਾਜ਼ਤ ਦੇ ਕੇ ਭਾਈਚਾਰੇ ਵਿਚ ਸਮੋ ਲਿਆ ਗਿਆ ਸੀ। ਅਜੇਹੇ ਉਦਾਹਰਣ ਵੀ ਮਿਲਦੇ ਹਨ ਜਦ ਕਿ ਅਜੇਹੇ ਮੁਸਲਮਾਨਾਂ ਨੇ ਗੁਰਦੁਆਰਿਆਂ ਦੀ ਮਹੰਤੀ ਕੀਤੀ ਸੀ,[18] ਪਰ ਜਿਸ ਸਮੇਂ ਦੀ ਅਸੀਂ ਚਰਚਾ ਕਰ ਰਹੇ ਹਾਂ ਉਸ ਸਮੇਂ ਅਜੇਹੀ ਕੋਈ ਸਥਿਤੀ ਨਹੀਂ ਸੀ। ਜਿਸ ਸਿੱਟੇ ਤੇ ਅਸੀਂ ਪੁੱਜੇ ਹਾਂ ਉਸ ਦਾ ਤਾਂ ਹੀ ਖੰਡਨ ਕੀਤਾ ਜਾ ਸਕਦਾ ਹੈ ਜੇ ਇਹ ਸਿੱਧ ਕੀਤਾ ਜਾ ਸਕੇ ਕਿ ਸਿੱਖ ਮਤ ਦੇ ਪ੍ਰਭਾਵ ਹੇਠਾਂ ਆਉਣ ਵਾਲੇ ਮੁਸਲਮਾਨਾਂ ਨੂੰ, ਸਿੱਖਾਂ ਦੀਆਂ ਹੋਰਨਾਂ ਜਾਤੀਆਂ ਵਿਚ ਸ਼ਾਦੀ ਕਰਨ ਅਤੇ ਲੰਗਰ ਤੋਂ ਬਾਹਰ ਵੀ ਸਾਰੇ ਸਿੱਖਾਂ ਨਾਲ ਸਹਿਭੋਜ ਕਰਨ ਦੀ ਖੁਲ੍ਹ ਦੇ ਕੇ, ਸਿੱਖ ਭਾਈਚਾਰੇ ਵਿਚ ਪੂਰਨ ਭਾਂਤ ਸਮੋ ਲਿਆ ਗਿਆ ਸੀ। ਜਦ ਤਕ ਅਜੇਹਾ ਕੋਈ ਪ੍ਰਮਾਣ ਨਹੀਂ ਮਿਲਦਾ ਤਦ ਤਕ ਸਥਿਤੀ ਇਹੋ ਰਹਿੰਦੀ ਹੈ ਕਿ ਸਿੱਖ ਭਾਈਚਾਰੇ ਦੇ ਅੰਤਰਗਤ ਇਨ੍ਹਾਂ ਮੁਸਲਮਾਨਾਂ ਦੀ ਇਕ ਵੱਖਰੀ ਸ਼੍ਰੇਣੀ ਬਣ ਗਈ, ਜੇ ਉਹ ਸੱਚੇ ਅਰਥਾਂ ਵਿਚ ਸਿੱਖ ਬਣ ਗਏ ਸਨ।

---

17. ਤੁਜ਼ਕ-ਏ-ਜਹਾਂਗੀਰੀ, ਰੋਜਰਜ ਅਤੇ ਬਿਵਰਿਜ, ਸੈਂਚੀ ਪਹਿਲੀ, ਪੰਨਾ 72.
18. *The Gurdwara Reform Movement and the Sikh Awakening*. pp. 31, 32. ਐਪਰ ਇਹ ਅਸੰਭਵ ਨਹੀਂ ਕਿ ਇਨ੍ਹਾਂ ਵਿਚੋਂ ਬਹੁਤੇ ਪੁਨਰ ਧਰਮ ਬਦਲੀ ਦੀਆਂ ਘਟਨਾਵਾਂ ਹੋਣ।

ਜਪੁਜੀ ਵਿਚ ਹਿੰਦੂ ਦੇਵੀ ਦੇਵਤੇ

ਚੌਥੇ ਅਧਿਆਇ ਵਿਚ ਅਸੀਂ ਜਪੁਜੀ ਵਿਚੋਂ ਦੋ ਪੈਰ੍ਹਿਆਂ ਦਾ ਉੱਲੇਖ ਕੀਤਾ ਸੀ ਜਿਹੜੇ ਹਿੰਦੂ ਦੇਵੀ ਦੇਵਤਿਆਂ ਪ੍ਰਤਿ ਗੁਰੂ ਨਾਨਕ ਜੀ ਦੇ ਦ੍ਰਿਸ਼ਟੀਕੋਣ ਤੇ ਥੋੜ੍ਹਾ ਬਹੁਤ ਪ੍ਰਕਾਸ਼ ਪਾਉਂਦੇ ਜਾਪਦੇ ਹਨ। ਪਹਿਲਾ ਪੈਰ੍ਹਾ ਇਸ ਤਰ੍ਹਾਂ ਹੈ :

ਏਕਾ ਮਾਈ ਜੁਗਤਿ ਵਿਆਈ
ਤਿਨਿ ਚੇਲੇ ਪਰਵਾਣੁ ॥
ਇਕੁ ਸੰਸਾਰੀ ਇਕੁ ਭੰਡਾਰੀ
ਇਕੁ ਲਾਏ ਦੀਬਾਣੁ ॥
ਜਿਵ ਤਿਸੁ ਭਾਵੈ ਤਿਵੈ ਚਲਾਵੈ
ਜਿਵ ਹੋਵੈ ਫੁਰਮਾਣੁ ॥

(ਜਪੁਜੀ, ਪੰਨਾ ੭)

ਤੇਜਾ ਸਿੰਘ ਇਸ ਦਾ ਅਨੁਵਾਦ ਇਸ ਤਰ੍ਹਾਂ ਕਰਦਾ ਹੈ :

"ਇਹ ਆਮ ਖ਼ਿਆਲ ਕੀਤਾ ਜਾਂਦਾ ਹੈ ਕਿ ਦੇਵੀ ਮਾਂ, ਕਿਸੇ ਰਹੱਸਮਈ ਜੁਗਤੀ ਦੁਆਰਾ ਵਿਆਹੀ ਗਈ ਅਤੇ ਉਸ ਤੋਂ ਤਿੰਨ ਦੇਵਤਿਆਂ ਦਾ ਜਨਮ ਹੋਇਆ। ਇਕ ਸਿਰਜਕ, ਦੂਸਰਾ ਪਾਲਕ ਅਤੇ ਤੀਸਰਾ ਵਿਨਾਸ਼ਕ ਹੈ। ਪਰ ਵਾਸਤਵ ਵਿਚ ਪਰਮਾਤਮਾ ਹੀ ਆਪਣੀ ਇੱਛਾ ਅਨੁਸਾਰ ਸੰਸਾਰ ਚਲਾਉਂਦਾ ਹੈ, ਹੋਰ ਦੂਜਾ ਕੋਈ ਨਹੀਂ।"

(ਜਪੁਜੀ, ਪੰਨਾ ੪, ੫)

ਇਹ ਵੇਖਿਆ ਜਾਏਗਾ ਕਿ 'ਇਹ ਆਮ ਖ਼ਿਆਲ ਕੀਤਾ ਜਾਂਦਾ ਹੈ', 'ਪਰ ਵਾਸਤਵ ਵਿਚ', ਅਤੇ 'ਹੋਰ ਦੂਜਾ ਕੋਈ ਨਹੀਂ' ਦੀ ਪੁਸ਼ਟੀ ਲਈ ਮੂਲ-ਪਾਠ ਵਿਚ ਕੁਝ ਨਹੀਂ ਮਿਲਦਾ। ਅਜੇਹੇ ਵਾਧੇ, ਨਿਰਸੰਦੇਹ, ਬਹੁਤੀ ਵਾਰੀ ਆਵੱਸ਼ਕ ਹੁੰਦੇ ਹਨ ਪਰ ਇਹ ਅਜੇਹੀ ਹਾਲਤ ਵਿਚ ਸਵੀਕਾਰ ਨਹੀਂ ਕੀਤੇ ਜਾ ਸਕਦੇ ਜਦੋਂ ਕਿ ਮੂਲ-ਪਾਠ ਇਨ੍ਹਾਂ ਤੋਂ ਬਿਨਾਂ ਹੀ ਕੋਈ ਸੰਤੋਸ਼ਜਨਕ ਵਿਆਖਿਆ ਕਰਨ ਦੇ ਯੋਗ ਹੋਵੇ। ਵਾਸਤਵ ਵਿਚ ਗੁਰਬਾਣੀ ਦੀਆਂ ਉਪਰੋਕਤ ਤੁਕਾਂ ਕਾਫ਼ੀ ਸਪੱਸ਼ਟ ਭਾਵ ਵਾਲੀਆਂ ਦਿਖਾਈ ਦਿੰਦੀਆਂ ਹਨ ਅਤੇ ਇਸ ਗੱਲ ਵਿਚ ਕੋਈ ਸੰਦੇਹ ਨਹੀਂ ਕਿ ਮੈਕਾਲਿਫ ਦਾ ਅਨੁਵਾਦ ਮੂਲ ਦਾ ਵਧੇਰੇ ਅਨੁਸਾਰੀ ਹੈ।

ਦੂਸਰਾ ਪੈਰ੍ਹਾ ਇਸ ਤਰ੍ਹਾਂ ਹੈ :

ਸੁਣਿਐ ਈਸਰੁ ਬਰਮਾ ਇੰਦੁ ॥
ਸੁਣਿਐ ਮੁਖਿ ਸਾਲਾਹਣ ਮੰਦੁ ॥

ਸੁਣਿਐ ਜੋਗ ਜੁਗਤਿ ਤਨਿ ਭੇਦ॥
ਸੁਣਿਐ ਸਾਸਤ ਸਿਮ੍ਰਿਤ ਵੇਦ॥

(ਜਪੁਜੀ, ਪੰਨਾ ੨)

ਇਸ ਦੇ ਦੋ ਅਨੁਵਾਦ ਇਸ ਤਰ੍ਹਾਂ ਹਨ :

1. "ਨਾਮ ਦੇ ਸ਼੍ਰਵਨ ਨਾਲ ਮਨੁੱਖ ਸ਼ਿਵ, ਬ੍ਰਹਮਾ ਅਤੇ ਇੰਦਰ ਬਣ ਜਾਂਦਾ ਹੈ। ਨਾਮ ਦੇ ਸ਼੍ਰਵਨ ਨਾਲ ਨੀਚਾਂ ਦੀ ਵੀ ਉਸਤਤ ਹੋਣ ਲੱਗ ਪੈਂਦੀ ਹੈ। ਨਾਮ ਦੇ ਸ਼੍ਰਵਨ ਨਾਲ ਜੋਗ ਦੀ ਜੁਗਤ ਅਤੇ ਸਰੀਰ ਦੇ ਭੇਦਾਂ ਦਾ ਗਿਆਨ ਹੋ ਜਾਂਦਾ ਹੈ। ਨਾਮ ਦੇ ਸ਼੍ਰਵਨ ਨਾਲ ਮਨੁੱਖ ਸ਼ਾਸ਼ਤ੍ਰਾਂ, ਸਿਮ੍ਰਿਤੀਆਂ ਅਤੇ ਵੇਦਾਂ ਦੇ ਵਾਸਤਵਿਕ ਸੁਭਾਅ ਨੂੰ ਸਮਝ ਲੈਂਦਾ ਹੈ।

(ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 200)

2. "ਫਿਰ ਗੁਰੂ ਸਿੱਖਿਆ ਹੀ ਸ਼ਿਵ, ਬ੍ਰਹਮ ਅਤੇ ਇੰਦਰ ਦੀਆਂ ਸ਼ਕਤੀਆਂ ਦੇ ਵਾਸਤਵਿਕ ਮਹੱਤਵ ਦਾ ਗਿਆਨ ਸ਼ਿਸ਼ ਨੂੰ ਕਰਵਾਉਂਦੀ ਹੈ। ਉਸ ਨੂੰ ਪਤਾ ਲੱਗ ਜਾਂਦਾ ਹੈ ਕਿ ਉਨ੍ਹਾਂ ਦੀ ਉਸਤਤੀ ਕਰਨਾ ਚੰਗਾ ਨਹੀਂ। ਉਸ ਨੂੰ ਭੌਤਿਕ ਪ੍ਰਕਿਰਤੀ ਅਤੇ ਇਸ ਦੇ ਅੰਤਰਗਤ ਕੰਮ ਕਰ ਰਹੀ ਸੰਗਠਨਕਾਰੀ ਆਤਮਾ ਦੇ ਭੇਦਾਂ ਦਾ ਗਿਆਨ ਹੋ ਜਾਂਦਾ ਹੈ। ਅਜੇਹੇ ਗਿਆਨ ਦੇ ਪ੍ਰਕਾਸ਼ ਵਿਚ ਉਹ ਸ਼ਾਸਤਰਾਂ, ਸਿਮ੍ਰਿਤੀਆਂ ਅਤੇ ਵੇਦਾਂ ਸਬੰਧੀ ਆਪਣੇ ਵਿਚਾਰਾਂ ਦਾ ਸੁਧਾਰ ਕਰਨ ਦੇ ਯੋਗ ਹੋ ਜਾਂਦਾ ਹੈ।

(ਤੇਜਾ ਸਿੰਘ, ਜਪੁਜੀ, ਪੰਨਾ 27, 28)

ਇਹ ਸਪੱਸ਼ਟ ਦਿਖਾਈ ਦਿੰਦਾ ਹੈ ਕਿ ਤੇਜਾ ਸਿੰਘ ਨੇ ਅਨੁਵਾਦ ਨਹੀਂ ਕੀਤਾ ਸਗੋਂ ਆਪਣੇ ਮਤ ਅਨੁਸਾਰ ਵਿਆਖਿਆ ਕੀਤੀ ਹੈ ਜਿਹੜੀ ਕਿ ਪ੍ਰਵਾਨ ਨਹੀਂ ਕੀਤੀ ਜਾ ਸਕਦੀ। ਸਾਨੂੰ ਇਹ ਸਮਝ ਨਹੀਂ ਪੈਂਦਾ ਕਿ ਉਸ ਦੀ ਦੂਜੀ ਸਤਰ ਕਿਵੇਂ ਵਿਚ ਪੈ ਗਈ ਹੈ। ਨਿਰਸੰਦੇਹ ਮੂਲ ਪਾਠ ਵਿਚ ਇਹ ਅਤਿ ਕਠਨ ਹੈ ਅਤੇ ਮੈਕਾਲਿਫ ਇਸ ਦੇ ਹੇਠਲੇ ਅਨੁਵਾਦ ਦਾ ਵੀ ਸੁਝਾਅ ਦਿੰਦਾ ਹੈ—"ਨਾਮ ਦਾ ਸ਼੍ਰਵਨ ਕਰਨ ਵਾਲੇ ਦੀ ਉੱਚੇ ਨੀਵੇਂ ਸਭ ਸਿਫਤ ਕਰਨ ਲੱਗ ਪੈਂਦੇ ਹਨ।" 'ਸਾਲਾਹਣ ਮੰਦੁ' ਕਾਫ਼ੀ ਹੱਦ ਤੀਕ ਤੇਜਾ ਸਿੰਘ ਵਾਲਾ ਭਾਵ ਦੇ ਸਕਦਾ ਹੈ, ਪਰ ਫੇਰ ਸ਼ਬਦ 'ਮੁਖਿ' ਦਾ ਅਰਥ ਨਹੀਂ ਆਉਂਦਾ। ਹੋਰ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ 'ਜੋਗ ਜੁਗਤਿ ਤਨਿ ਭੇਦ' ਦਾ ਅਰਥ "ਭੌਤਿਕ ਸੰਸਾਰ ਅਤੇ ਇਸ ਦੇ ਪਿੱਛੇ ਕੰਮ ਕਰ ਰਹੀ ਸੰਗਠਨਕਾਰੀ ਆਤਮਾ" ਕਿਸ ਤਰ੍ਹਾਂ ਲਿਆ ਜਾ ਸਕਦਾ ਹੈ। ਵਾਕ ਕਾਫ਼ੀ ਸਪੱਸ਼ਟ ਦਿਖਾਈ ਦਿੰਦਾ ਹੈ ਅਤੇ ਅਗੇ ਇਹ ਗੱਲ ਵੀ ਧਿਆਨ ਮੰਗਦੀ ਹੈ ਕਿ 'ਤਨਿ ਭੇਦ' ਜਾਂ 'ਤਨੁ ਭੇਦ' 'ਸਤਿ ਚਕਰ ਭੇਦ' ਦੀ ਤਰ੍ਹਾਂ ਜੋਗ ਦੇ ਪਾਰਿਭਾਸ਼ਿਕ ਸ਼ਬਦ ਨਜ਼ਰ ਆਉਂਦੇ ਹਨ। ਸੋ ਸਾਨੂੰ ਤੇਜਾ ਸਿੰਘ ਦੇ ਅਨੁਵਾਦ ਨਾਲੋਂ ਮੈਕਾਲਿਫ ਦੇ ਅਨੁਵਾਦ ਨੂੰ ਚੰਗੇਰਾ ਸਮਝਣਾ ਪੈਂਦਾ ਹੈ।

ਐਪਰ ਤੇਜਾ ਸਿੰਘ ਨਾਲ ਇਨਸਾਫ ਕਰਦਿਆਂ ਹੋਇਆਂ ਇਹ ਗੱਲ ਕਹਿ ਦੇਣੀ ਚਾਹੀਦੀ ਹੈ ਕਿ ਉਸ ਦੀਆਂ ਮੁਸ਼ਕਲਾਂ ਇਸ ਗੱਲ ਵਿਚੋਂ ਜੰਮਦੀਆਂ ਹਨ ਕਿ ਉਸ ਦੇ ਵਿਚਾਰ ਅਨੁਸਾਰ ਗੁਰੂ ਨਾਨਕ ਨੇ ਕੱਟੜ ਅਦ੍ਵੈਤਵਾਦ ਦਾ ਪ੍ਰਚਾਰ ਕੀਤਾ ਸੀ ਸਿੱਟੇ ਦੇ

ਤੌਰ ਤੇ ਤੇਜਾ ਸਿੰਘ ਨੇ ਇਸ ਗੱਲ ਦੀ ਲੋੜ ਮਹਿਸੂਸ ਕੀਤੀ ਕਿ ਹੱਥਲੇ ਪੈਰ੍ਹਿਆਂ ਦੀ ਅਜੇਹੀ ਵਿਆਖਿਆ ਕੀਤੀ ਜਾਵੇ ਜਿਸ ਦੀ ਉਪਰੋਕਤ ਬੁਨਿਆਦੀ ਅਸੂਲ ਨਾਲ ਸੰਗਤੀ ਬੈਠ ਸਕਦੀ ਹੋਵੇ ਅਤੇ ਇਸ ਗੱਲੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਿੱਖ ਮਤ ਨੇ ਇਕੋ ਇਕ ਅਕਾਲ ਪੁਰਖ ਦੀ ਉਪਾਸਨਾ ਦਾ ਆਦੇਸ਼ ਦਿੱਤਾ ਸੀ। ਇਸ ਦੇ ਨਾਲ ਹੀ ਉਪਰੋਕਤ ਭਾਂਤ ਦੇ ਸ਼ਬਦ ਅਤੇ ਕਈ ਹੋਰ ਗੱਲਾਂ ਇਸ ਵੱਲ ਸੰਕੇਤ ਕਰਦੀਆਂ ਜਾਪਦੀਆਂ ਹਨ ਕਿ ਦੇਵੀ ਦੇਵਤਿਆਂ ਪ੍ਰਤੀ ਗੁਰੂ ਨਾਨਕ ਜੀ ਦਾ ਵਿਹਾਰ ਮੂਲੋਂ ਹੀ ਨਿਖੇਧੀ ਵਾਲਾ ਨਹੀਂ ਸੀ। ਉਨ੍ਹਾਂ ਨੇ ਕੇਵਲ ਇਨ੍ਹਾਂ ਦੇ ਸੀਮਿਤ ਅਤੇ ਗੌਣ ਲੱਛਣਾਂ ਵੱਲ ਧਿਆਨ ਦੁਆਇਆ ਸੀ, ਪਰ ਇਕ ਪਰਮਾਤਮਾ ਦੇ ਸੰਕਲਪ ਬਾਰੇ ਦਿੱਤਾ ਗਿਆ ਜ਼ੋਰ ਇਤਨਾ ਉਘੜਵਾਂ ਅਤੇ ਬਲਵਾਨ ਸੀ, ਕਿ ਸਿੱਖ ਮਤ ਵਿਚ ਇਨ੍ਹਾਂ ਦੇਵੀ ਦੇਵਤਿਆਂ ਦੇ ਜੀਉਂਦੇ ਰਹਿਣ ਲਈ ਕੋਈ ਥਾਂ ਨਹੀਂ ਰਹਿ ਗਈ ਸੀ ਅਤੇ ਜਿਹੜੇ ਹਿੰਦੂ ਮਤ ਦੇ ਦਾਰਸ਼ਨਿਕ ਸਿੱਧਾਂਤਾਂ ਦਾ ਕੇਵਲ ਸਤੱਹੀ ਜਿਹਾ ਗਿਆਨ ਵੀ ਰਖਦੇ ਹਨ, ਉਹ ਸ਼ਾਇਦ ਇਨਕਾਰ ਨਹੀਂ ਕਰ ਸਕਦੇ ਕਿ ਉਥੋਂ ਦੀ ਸਥਿਤੀ ਬੁਨਿਆਦੀ ਤੌਰ ਤੇ ਭਿੰਨ ਨਹੀਂ ਹੈ।

ਗੁਰੂ ਨਾਨਕ ਦੇ ਸੰਦੇਸ਼ ਦੀ ਵਿਆਖਿਆ ਸਬੰਧੀ ਬਹੁਤ ਸਾਰੀਆਂ ਕਠਿਨਾਈਆਂ ਅਜੇਹੇ ਫਰਜ਼ੀ ਸਿੱਧਾਂਤ ਵਿਚੋਂ ਉਪਜਦੀਆਂ ਹਨ ਕਿ ਉਨ੍ਹਾਂ ਨੇ ਕਿਸੇ ਬਿਲਕੁਲ ਹੀ ਨਵੀਂ ਧਾਰਾ ਦਾ ਪ੍ਰਤੀਪਾਦਨ ਕੀਤਾ ਸੀ ਅਤੇ ਸਿੱਖ ਮਤ ਵਿਚ ਪਿੱਛੋਂ ਹੋਣ ਵਾਲੇ ਵਾਧੇ ਉਨ੍ਹਾਂ ਦੀ ਸਿੱਖਿਆ ਵਿਚ ਲੁਕਵੇਂ ਰੂਪ ਵਿਚ ਵਿਦਮਾਨ ਸਨ। ਇਹ ਗੱਲ ਸਹਿਜੇ ਹੀ ਵੇਖੀ ਜਾ ਸਕਦੀ ਹੈ ਕਿ ਪਿੱਛਲੇ ਵਿਚਾਰ ਤੇ ਬਲ ਦੇਣਾ ਇਤਿਹਾਸ ਪ੍ਰਤਿ ਅਜੇਹਾ ਦ੍ਰਿਸ਼ਟੀਕੋਣ ਰੱਖਣਾ ਹੈ ਜਿਸ ਨੂੰ ਇਤਿਹਾਸਕ ਨਹੀਂ ਕਿਹਾ ਜਾ ਸਕਦਾ ਅਤੇ ਪਹਿਲੀ ਗੱਲ ਬਾਬਤ ਇਹ ਸਿੱਧ ਕੀਤਾ ਜਾ ਸਕਦਾ ਹੈ ਕਿ ਜੇਕਰ ਸਿੱਖ ਮਤ ਦੇ ਲੱਛਣਾਂ ਨੂੰ ਵੱਖ ਵੱਖ ਕਰਕੇ ਵਿਚਾਰਿਆ ਜਾਵੇ ਤਾਂ ਉਨ੍ਹਾਂ ਵਿਚ ਅਜੇਹੇ ਬਹੁਤੇ ਲੱਛਣ ਨਹੀਂ ਲੱਭਦੇ ਜਿਹੜੇ ਸਾਨੂੰ ਹਿੰਦੂ ਧਰਮ ਦੇ ਪ੍ਰਾਚੀਨ ਇਤਿਹਾਸ ਵਿਚ ਨਾ ਮਿਲਣ। ਗੁਰੂ ਨਾਨਕ ਨੇ ਕੇਵਲ ਇਹ ਕੀਤਾ ਕਿ ਉਨ੍ਹਾਂ ਨੇ ਕੁਝ ਇਕ ਪੱਖ ਚੁਣ ਲਏ ਅਤੇ ਉਨ੍ਹਾਂ ਉੱਤੇ ਬਿਨਾਂ ਕਿਸੇ ਲੁਕ ਲੁਕਾ ਤੋਂ ਬਲ ਦਿੱਤਾ ਜਿਸ ਦਾ ਸ਼ਿੱਟਾ ਇਹ ਨਿਕਲਿਆ ਕਿ ਸਮੁੱਚਾ ਮਤ ਹੀ ਰੂਪ ਵਜੋਂ ਨਵਾਂ ਭਾਸਣ ਲੱਗਾ। ਬਹੁਤੀਆਂ ਗੱਲਾਂ ਵਿਚ ਇਹ ਵੀ ਸਿੱਧ ਕੀਤਾ ਜਾ ਸਕਦਾ ਹੈ ਕਿ ਇਸ ਚੋਣ ਅਤੇ ਬਲ ਦੇ ਮਾਮਲੇ ਵਿਚ ਉਹ ਉਸੇ ਰਾਹ ਨੂੰ ਅਪਣਾਉਂਦੇ ਹਨ ਜਿਹੜਾ ਪਹਿਲਾਂ ਭਾਗਵਤਾਂ ਨੇ ਅਪਣਾਇਆ ਸੀ ਅਤੇ ਸਿੱਖ ਮਤ ਨੇ ਅਧਿਆਤਮਕ ਪੱਖਾਂ ਵਿਚ ਵੈਸ਼ਨੂੰ ਰੂਪ ਵੇਦਾਂਤ[1] ਦਾ ਹੀ ਪ੍ਰਚਾਰ ਕੀਤਾ। ਇਸ ਗੱਲ ਦੇ ਵੇਰਵੇ ਵਿਚ ਜਾਣ ਲਈ ਇਥੇ ਥਾਂ ਨਹੀਂ ਹੈ ਪਰ ਇਸ ਗੱਲ ਤੇ ਸ਼ੱਕ ਕਰਨ ਲਈ ਵੀ ਕੋਈ ਗੁੰਜਾਇਸ਼ ਨਹੀਂ ਕਿ ਗੁਰੂ ਨਾਨਕ ਦੇ ਸੰਦੇਸ਼ ਦੀ ਕੋਈ ਵਿਆਖਿਆ ਵੀ ਉਪਰੋਕਤ ਪਿੱਛੋਕੜ ਨੂੰ ਨਜ਼ਰੋਂ ਉਹਲੇ ਕਰ ਕੇ ਸਹੀ ਨਹੀਂ ਹੋ ਸਕਦੀ।

---

1. ਇਹ ਗੱਲ ਨੋਟ ਕਰਨ ਵਾਲੀ ਹੈ ਕਿ ਅਮਰ ਦਾਸ ਨਾਮੀ ਉਦਾਸੀ ਨੇ 'ਸਿਖਮਨੀ' ਤੇ ਟਿੱਪਣੀ ਲਿਖੀ ਹੈ ਜਿਸ ਦਾ ਨਾਂ 'ਮਨੀਪ੍ਰਭਾ' ਹੈ, ਜਿਹੜੀ ਕਿ ਆਪ ਵੇਦਾਂਤ ਪਰਿਭਾਸ਼ਾ ਉੱਤੇ ਟਿੱਪਣੀ ਹੈ। ਉਹ ਉਦਾਸੀ ਗੁਰੂ ਨਾਨਕ ਨੂੰ ਵੇਦਾਂਤ ਦਾ ਜਨਮਦਾਤਾ ਮੰਨਦਾ ਹੈ। (ਦੇਖੋ ਮਨੀਪ੍ਰਭਾ, ਪੰਨਾ 1, ਨਿਰਨਯ ਸਾਗਰ ਸੰਸਕਰਣ। ਇਸ ਹਵਾਲੇ ਲਈ ਮੈਂ ਆਪਣੇ ਇਕ ਸਵਰਗਵਾਸੀ ਮਿੱਤਰ ਅਤੇ ਸਾਥੀ ਡਾ. ਪ੍ਰਭਾਤ ਚੰਦਰ ਚਕਰਵਰਤੀ ਦਾ ਰਿਣੀ ਹਾਂ।)

ਪੁਸਤਕ ਸੂਚੀ

1. ਗੁਰਮੁਖੀ

— *ਆਦਿ ਗ੍ਰੰਥ ਜਾਂ ਸ੍ਰੀ ਗ੍ਰੰਥ ਸਾਹਿਬ*

ਇਸ ਨੂੰ ਸਿੱਖਾਂ ਦੀ ਬਾਈਬਲ ਕਿਹਾ ਜਾ ਸਕਦਾ ਹੈ ਅਤੇ ਇਹ ਸਿੱਖ ਮਤ ਸਬੰਧੀ ਸਵੀਕ੍ਰਿਤ ਮਹਾਨ ਪ੍ਰਮਾਣ-ਗ੍ਰੰਥ ਹੈ। ਇਸ ਦਾ ਮੁੱਖ ਵਿਸ਼ਾ ਨਿਰਸੰਦੇਹ ਧਾਰਮਕ ਹੈ ਪਰ ਜਿਵੇਂ ਕਿ ਅਸੀਂ ਵੇਖ ਚੁੱਕੇ ਹਾਂ ਕਿ ਇਸ ਵਿਚ ਥਾਂ ਥਾਂ ਇਤਿਹਾਸਕ ਘਟਨਾਵਾਂ ਦੇ ਉੱਲੇਖ ਵੀ ਮਿਲਦੇ ਹਨ ਅਤੇ ਗੁਰੂਆਂ ਦੇ ਜੀਵਨ ਇਤਿਹਾਸ ਦੀ ਅਲਪਤਾ ਨੂੰ ਮੁੱਖ ਰਖਦੇ ਹੋਏ, ਇਨ੍ਹਾਂ ਨੂੰ ਨਿਸ਼ਚੇ ਹੀ ਅਨਮੋਲ ਸਮਝਣਾ ਚਾਹੀਦਾ ਹੈ। ਇਸ ਤੋਂ ਅਤਿਰਿਕਤ, ਇਹ ਗ੍ਰੰਥ ਸਾਹਿੱਤ ਅਤੇ ਭਾਸ਼ਾ-ਵਿਗਿਆਨ ਦੇ ਵਿਦਿਆਰਥੀਆਂ ਲਈ ਵੀ ਅਤਿ ਰੋਚਕ ਹੋ ਸਕਦਾ ਹੈ।

ਇਸ ਦੇ ਸੰਕਲਨ ਦੀ ਵਾਰਤਾ ਸਬੰਧੀ ਪਹਿਲਾਂ ਹੀ ਚਰਚਾ ਕਰ ਚੁੱਕੇ ਹਾਂ ਅਤੇ ਇਥੇ ਅਸੀਂ ਕੇਵਲ ਇਸ ਦੇ ਪ੍ਰਬੰਧ ਸਬੰਧੀ ਹੀ ਇਕ ਦੋ ਸ਼ਬਦ ਲਿਖਾਂਗੇ। ਜਿਵੇਂ ਕਿ ਵਿਦਿਤ ਹੈ, ਇਹ ਗ੍ਰੰਥ ਸਿੱਖਾਂ ਦੀ ਅਕਾਲ ਉਸਤਤੀ ਨਾਲ ਆਰੰਭ ਹੁੰਦਾ ਹੈ ਅਤੇ ਇਹ ਗੌਰਵਮਈ ਸਥਾਨ '*ਜਪੁਜੀ*' ਨੂੰ ਦਿੱਤਾ ਗਿਆ ਹੈ। ਫਿਰ ਇਸ ਤੋਂ ਪਿੱਛੋਂ ਕ੍ਰਮਵਾਰ ਸੋਦਰ, ਸੋਪੁਰਖ ਅਤੇ ਸੋਹਿਲਾ ਆਉਂਦੇ ਹਨ। ਬਾਕੀ ਬਾਣੀ ਨੂੰ ਪਹਿਲਾਂ ਰਾਗਾਂ ਵਿਚ ਵੰਡਿਆ ਹੋਇਆ ਹੈ ਅਤੇ ਰਾਗਾਂ ਨੂੰ ਅੱਗੋਂ ਮਹਲਿਆਂ ਵਿਚ ਵੰਡਿਆ ਗਿਆ ਹੈ। ਗੁਰੂ ਨਾਨਕ ਜੀ ਦੀ ਬਾਣੀ ਨੂੰ ਮਹਲਾ ਪਹਿਲਾ ਅੰਕਿਤ ਕੀਤਾ ਹੈ ਅਤੇ ਗੁਰੂ ਅੰਗਦ ਜੀ ਦੀ ਬਾਣੀ ਨੂੰ ਮਹਲਾ ਦੂਜਾ ਅਤੇ ਇਸੇ ਪ੍ਰਕਾਰ ਬਾਕੀ ਗੁਰੂਆਂ ਲਈ ਕੀਤਾ ਗਿਆ ਹੈ। ਸੋ ਇਹ ਦੇਖਿਆ ਜਾਏਗਾ ਕਿ '*ਗੁਰੂ ਗ੍ਰੰਥ ਸਾਹਿਬ*' ਵਿਚ ਉਸ ਸਮੇਂ ਦੇ ਭਾਰਤ ਵਿਚ ਪ੍ਰਚੱਲਿਤ '*ਰਾਗ ਮਾਲਾ*' ਦੀ ਲੰਮੀ ਸੂਚੀ ਦਿੱਤੀ ਗਈ ਹੈ। ਇਸ ਸੂਚੀ ਅਤੇ '*ਆਈਨ-ਏ-ਅਕਬਰੀ*' (ਗਲਾਡਵਿੰਨ ਦਾ ਅਨੁਵਾਦ, ਪੰਨਾ 728–30) ਵਿਚ ਮਿਲਦੀ ਦੂਜੀ ਸੂਚੀ ਰਲ ਕੇ ਭਾਰਤੀ ਸੰਗੀਤ ਦੇ ਇਤਿਹਾਸ ਵਿਚ ਰੁਚੀ ਰੱਖਣ ਵਾਲਿਆਂ ਲਈ ਕਾਫ਼ੀ ਉਪਯੋਗੀ ਸਿੱਧ ਹੋ ਸਕਦੀਆਂ ਹਨ।

ਗੁਰੂ ਅਰਜਨ ਦੁਆਰਾ ਕੀਤੇ ਗਏ ਮੂਲ ਸੰਕਲਨ ਵਿਚ ਪਹਿਲੇ ਪੰਜ ਗੁਰੂਆਂ ਦੀ ਅਤੇ ਕਈ ਹੋਰ ਭਗਤਾਂ ਅਤੇ ਭਟਾਂ ਦੀ ਬਾਣੀ ਦਰਜ ਹੈ। ਜਿਨ੍ਹਾਂ ਭਗਤਾਂ ਦੀ ਬਾਣੀ ਗ੍ਰੰਥ ਸਾਹਿਬ ਵਿਚ ਦਰਜ ਹੈ, ਉਹ ਹਨ : ਜੈਦੇਵ, ਨਾਮਦੇਵ, ਤ੍ਰਿਲੋਚਨ, ਪਰਮਾਨੰਦ, ਧੰਨਾ, ਸਧਨਾ, ਰਾਮਾਨੰਦ, ਬੇਣੀ, ਪੀਪਾ, ਸੈਣ, ਕਬੀਰ, ਰਵਿਦਾਸ, ਫਰੀਦ ਅਤੇ ਭੀਖਨ। ਇਨ੍ਹਾਂ ਵਿਚੋਂ ਅਖੀਰਲੇ ਦੋ ਮੁਸਲਮਾਨ ਹਨ। ਨਾਰੰਗ ਕਹਿੰਦਾ ਹੈ ਕਿ ਭੀਖਣ ਦੀ ਜਾਤ ਦਾ ਕੋਈ ਪਤਾ ਨਹੀਂ ਹੈ ਪਰ ਮੈਕਾਲਿਫ ਦਾ ਨਿਸ਼ਚੇ ਹੈ ਕਿ ਇਹ ਮੁਸਲਮਾਨ ਸੀ। (ਦੇਖੋ ਨਾਰੰਗ, *ਉਪਰੋਕਤ ਰਚਨਾ*, ਪਰਿਸ਼ਿਸ਼ਟ 1, ਪੰਨਾ 1; ਮੈਕਾਲਿਫ, *ਉਪਰੋਕਤ ਰਚਨਾ*,

ਸੈਂਚੀ ਛੇਵੀਂ ਪੰਨਾ 1)। ਨਾਰੰਗ ਭਟਾਂ ਦੇ ਨਾਵਾਂ ਦੀ ਸੂਚੀ ਦਿੰਦਾ ਹੈ ਅਤੇ ਪੰਥ ਪ੍ਰਕਾਸ਼ ਦੇ ਆਧਾਰ ਤੇ ਇਨ੍ਹਾਂ ਸਭਨਾਂ ਨੂੰ ਬ੍ਰਾਹਮਣ ਦੱਸਦਾ ਹੈ (ਉਹੀ, ਪੰਨਾ 11)। ਭਾਵੇਂ ਅਸੀਂ ਉਨ੍ਹਾਂ ਸਰੋਤਾਂ ਬਾਰੇ, ਜਿਥੋਂ ਗੁਰੂ ਅਰਜਨ ਜੀ ਨੇ ਭਗਤਾਂ ਦੀ ਬਾਣੀ ਪ੍ਰਾਪਤ ਕੀਤੀ ਸੀ, ਨਿਸ਼ਚਿਤ ਤੌਰ ਤੇ ਕੁਝ ਨਹੀਂ ਜਾਣਦੇ ਫਿਰ ਵੀ ਇਹ ਸਹਿਜੇ ਹੀ ਦੇਖਿਆ ਜਾ ਸਕਦਾ ਹੈ ਕਿ ਇਨ੍ਹਾਂ ਦਾ ਅਜੇਹੇ ਗ੍ਰੰਥ ਵਿਚ, ਜਿਸ ਦੀ ਤਿਥੀ ਦਾ ਪੱਕਾ ਪਤਾ ਹੈ, ਪ੍ਰਾਪਤ ਹੋਣਾ ਕਾਫ਼ੀ ਮਹੱਤਾ ਰਖਦਾ ਹੈ। ਪ੍ਰਮਾਣ ਵਜੋਂ ਗੁਰੂ ਅਰਜਨ ਜੀ ਦੁਆਰਾ ਕਬੀਰ ਜੀ ਦੀ ਬਾਣੀ ਦਾ ਕੀਤਾ ਸੰਗ੍ਰਹਿ, ਹੁਣ ਤਕ ਪ੍ਰਾਪਤ ਹੋਰ ਸੰਗ੍ਰਹਿ ਨਾਲੋਂ ਸਭ ਤੋਂ ਪੁਰਾਤਨ ਹੈ ਅਤੇ ਪੂਰਨ ਰੂਪ ਵਿਚ ਅਧਿਕ ਪ੍ਰਮਾਣਕ ਵੀ ਕਿਹਾ ਜਾ ਸਕਦਾ ਹੈ। ਵਾਸਤਵ ਵਿਚ ਇਸ ਵਿਚ ਉੱਕਾ ਹੀ ਸੰਦੇਹ ਨਹੀਂ ਹੈ ਕਿ ਗ੍ਰੰਥ ਸਾਹਿਬ ਮਹਾਨ ਮਹੱਤਵ ਵਾਲੀ ਕ੍ਰਿਤੀ ਹੈ ਪਰ ਸਾਨੂੰ ਅਫਸੋਸ ਹੈ ਕਿ ਇਸ ਨੇ ਆਪਣੇ ਵੱਲ ਅਧਿਕ ਯੋਗ ਵਿਦਵਾਨਾਂ ਦਾ ਧਿਆਨ ਆਕਰਸ਼ਿਤ ਨਹੀਂ ਕੀਤਾ ਅਤੇ ਨਾ ਹੀ ਇਸ ਨੂੰ ਆਲੋਚਨਾਤਮਕ ਅਤੇ ਵਿਗਿਆਨਕ ਤਰੀਕੇ ਨਾਲ ਅਨੁਕ੍ਰਮਣਿਤ ਕੀਤਾ ਗਿਆ ਹੈ। ਭਾਰਤੀ ਗਿਆਨ ਵਿਚ ਇਸ ਨਾਲ ਕਿੰਨਾ ਮਹਾਨ ਵਾਧਾ ਹੋਵੇਗਾ, ਇਹ ਲਿਖਣਾ ਕਠਿਨ ਨਹੀਂ ਹੈ।

—*ਵਾਰਾਂ ਅਤੇ ਕਬਿਤ* : ਭਾਈ ਗੁਰਦਾਸ

ਜਿਵੇਂ ਕਿ ਅਸੀਂ ਵੇਖ ਚੁੱਕੇ ਹਾਂ, ਭਾਈ ਗੁਰਦਾਸ ਇਕ ਮਹਾਨ ਲਿਖਾਰੀ ਸੀ ਜਿਸ ਨੇ ਗੁਰੂ ਅਰਜਨ ਜੀ ਦੇ ਲਿਖਵਾਉਣ ਤੇ ਗੁਰੂ ਗ੍ਰੰਥ ਸਾਹਿਬ ਲਿਪੀਬੱਧ ਕੀਤਾ ਸੀ। ਉਹ ਗੁਰੂ ਅਰਜਨ ਦੇਵ ਜੀ ਦੀ ਮਾਤਾ ਦਾ ਚਚੇਰਾ ਭਰਾ ਸੀ ਅਤੇ ਉਸ ਨੇ ਗੁਰੂ ਰਾਮ ਦਾਸ ਦੀ ਗੁਰਿਆਈ ਸਮੇਂ ਹੀ ਵਡਿੱਤਣ ਪ੍ਰਾਪਤ ਕਰ ਲਈ ਸੀ। ਕਿਹਾ ਜਾਂਦਾ ਹੈ ਕਿ ਗੁਰੂ ਜੀ ਨੇ ਉਸ ਨੂੰ ਸਿੱਖ ਧਰਮ ਦੇ ਪ੍ਰਚਾਰ ਲਈ ਆਗਰੇ ਭੇਜਿਆ ਸੀ। ਉਸ ਦੀ ਸਿੱਖ ਭਾਈਚਾਰੇ ਵਿਚ ਮਹੱਤਾ ਇਸ ਤੋਂ ਵੀ ਸਿੱਧ ਹੋ ਜਾਂਦੀ ਹੈ ਕਿ ਭਾਈ ਮੋਹਨ ਕੋਲੋਂ ਪਹਿਲੇ ਤਿੰਨਾਂ ਗੁਰੂਆਂ ਦੀ ਬਾਣੀ ਦਾ ਪੁਰਾਣਾ ਸੰਗ੍ਰਹਿ ਪ੍ਰਾਪਤ ਕਰਨ ਹਿਤ, ਉਨ੍ਹਾਂ ਨੂੰ ਪ੍ਰੇਰਨ ਲਈ ਭਾਈ ਗੁਰਦਾਸ ਨੂੰ ਇਸ ਮੰਤਵ ਲਈ ਚੁਣਿਆ ਗਿਆ ਸੀ। ਉਹ ਹਰਿਗੋਬਿੰਦ ਜੀ ਦੀ ਗੁਰਿਆਈ ਦੇ ਅੱਧ 1629 ਈ. ਤਕ ਜੀਉਂਦਾ ਰਿਹਾ ਅਤੇ ਆਪਣੀ ਗੌਰਵ ਅਤੇ ਪ੍ਰਸਿੱਧੀ ਦੀ ਸਿਖਰ ਤੇ ਕਾਲਵਸ ਹੋਇਆ।

ਭਾਈ ਗੁਰਦਾਸ ਆਪਣੀਆਂ ਰਚਨਾਵਾਂ ਦਾ ਕਾਫ਼ੀ ਭਾਗ ਗ੍ਰੰਥ ਸਾਹਿਬ ਦੇ ਸੰਕਲਨ ਜੋ 1604 ਵਿਚ ਹੋਇਆ ਤੋਂ ਪਹਿਲਾਂ ਅਵੱਸ਼ ਹੀ ਲਿਖ ਚੁੱਕੇ ਸਨ ਅਤੇ ਇਹ ਵੀ ਪ੍ਰਤੱਖ ਹੈ ਕਿ ਅਨੁਭਾਗ ਪਿੱਛੋਂ ਗੁਰੂ ਹਰਿਗੋਬਿੰਦ ਜੀ ਦੀ ਗੁਰਿਆਈ ਸਮੇਂ ਪਾਏ ਸਨ। ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਦਾ ਵਿਸ਼ਾ ਨਿਰਸੰਦੇਹ ਪ੍ਰਮੁੱਖ ਰੂਪ ਵਿਚ ਅਧਿਆਤਮਕ ਹੈ ਅਤੇ ਖ਼ਾਸ ਕਰਕੇ 'ਕਬਿਤਾਂ' ਵਿਚ 'ਸਿੱਖ ਸਿੱਧਾਂਤ ਅਤੇ ਗੁਰੂ ਦੀ ਉਸਤਤੀ ਗਾਨ' ਹੀ ਹੈ, ਪਰ ਇਹ ਯਾਦ ਰਖਣਾ ਚਾਹੀਦਾ ਹੈ ਕਿ ਇਹ ਰਚਨਾਵਾਂ ਸਿੱਖ ਮਤ ਦੇ ਵਿਕਾਸ ਵਿਚ ਇਕ ਨਿਸ਼ਚਿਤ ਮੀਲ ਪੱਥਰ ਨਿਰਧਾਰਿਤ ਕਰਦੀਆਂ ਹਨ, ਸੋ ਇਨ੍ਹਾਂ ਨੂੰ ਅਤਿਅੰਤ ਉਪਯੋਗੀ ਸਮਝਣਾ ਚਾਹੀਦਾ ਹੈ।

—*ਬਚਿਤ੍ਰ ਨਾਟਕ*

ਇਸ ਦੀ ਰਚਨਾ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਕੀਤੀ ਹੈ ਅਤੇ ਪਿੱਛੋਂ 'ਦਸਮ

ਪਾਤਸ਼ਾਹ ਕਾ ਗ੍ਰੰਥ' ਨਾਮ ਦੀ ਬੀੜ ਵਿਚ ਸੰਕਲਿਤ ਕੀਤਾ ਗਿਆ ਹੈ। ਇਹ ਰਚਨਾ ਅਤਿ ਮਹੱਤਾ ਵਾਲੀ ਹੈ ਅਤੇ ਨਿਰਸੰਦੇਹ ਇਹ ਗੁਰੂ ਜੀ ਦੇ ਮਿਸ਼ਨ ਅਤੇ ਉਨ੍ਹਾਂ ਨੇ ਪਹਾੜੀ ਰਾਜਿਆਂ ਨਾਲ ਮੁੱਢਲੇ ਸਬੰਧਾਂ ਬਾਰੇ, ਸਭ ਤੋਂ ਅਧਿਕ ਪ੍ਰਮਾਣਕ ਹੈ। ਇਹ ਆਕਸਮਿਕ ਰੂਪ ਵਿਚ ਪੂਰਬਲੇ ਗੁਰੂਆਂ ਦੇ ਜੀਵਨ-ਇਤਿਹਾਸ ਤੇ ਵੀ ਕੁਝ ਰੌਸ਼ਨੀ ਪਾਉਂਦੀ ਹੈ।

—*ਗਿਆਨ ਰਤਨਾਵਲੀ* : ਕ੍ਰਿਤ ਭਾਈ ਮਨੀ ਸਿੰਘ

ਦੇਖੋ ਉਕਤ, ਪੰਨਾ 45.

—*ਨਾਨਕ ਪ੍ਰਕਾਸ਼* : ਕ੍ਰਿਤ ਭਾਈ ਸੰਤੋਖ ਸਿੰਘ

ਵੇਖੋ ਉਕਤ, ਪੰਨਾ 45–48.

—*ਸੂਰਜ ਪ੍ਰਕਾਸ਼ ਜਾਂ ਗੁਰ ਪਰਤਾਪ ਸੂਰਜ* : ਕ੍ਰਿਤ ਭਾਈ ਸੰਤੋਖ ਸਿੰਘ

ਇਹ ਰਚਨਾ ਭਾਵੇਂ ਬਹੁਤ ਪਿੱਛੋਂ 1843 ਈ. ਵਿਚ ਕੀਤੀ ਗਈ ਪਰ ਇਹ ਪ੍ਰਮੁੱਖ ਸਰੋਤ ਹੈ ਜਿਸ ਵਿਚੋਂ ਸਾਨੂੰ ਗੁਰੂ ਨਾਨਕ ਜੀ ਦੇ ਉੱਤਰਾਧਿਕਾਰੀਆਂ ਦੀ ਗੁਰਿਆਈ ਸਬੰਧੀ ਵੇਰਵਾ ਮਿਲਦਾ ਹੈ। ਇਹ ਮਹਾਨ, ਕਠਿਨ ਰਚਨਾ ਹੈ ਜਿਸ ਦੀਆਂ ਕਈ ਸੈਂਚੀਆਂ ਹਨ ਅਤੇ ਇਸ ਨੂੰ ਅੰਮ੍ਰਿਤਸਰ ਤੋਂ ਹੁਣੇ ਹੀ ਟੀਕਾ ਟਿੱਪਣੀ ਸਹਿਤ ਦੁਬਾਰਾ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਰਚਨਾ ਪ੍ਰਤਿ ਮੈਕਾਲਿਫ ਦੀ ਰਾਏ ਬਹੁਤ ਹੀ ਅਪ੍ਰਸੰਸਾਜਨਕ ਹੈ। ਉਸ ਦਾ ਕਥਨ ਹੈ ਕਿ ਭਾਈ ਸੰਤੋਖ ਸਿੰਘ ਪ੍ਰਬਲ ਹਿੰਦੂ ਪ੍ਰਵਿਰਤੀਆਂ ਵਾਲਾ ਵਿਅਕਤੀ ਸੀ। ਉਹ ਪ੍ਰਚੰਡ ਕਲਪਨਾ ਦਾ ਮਾਲਕ ਸੀ "ਜਿਸ ਨੂੰ ਭੰਗ ਦੀ ਅਧਿਕ ਮਾਤਰਾ ਅਤੇ ਹੋਰ ਨਸ਼ੀਲੀਆਂ ਵਸਤਾਂ ਨੇ, ਜਿਨ੍ਹਾਂ ਦਾ ਉਹ ਆਮ ਸੇਵਨ ਕਰਦਾ ਸੀ, ਬਹੁਤ ਹੀ ਉੱਤੇਜਿਤ ਕਰ ਦਿੱਤਾ ਹੋਇਆ ਸੀ," ਅਤੇ ਜਿਸ ਨੇ ਗੁਰੂਆਂ ਸਬੰਧੀ ਅਵਿਸ਼ਵਾਸਜਨਕ ਕਥਾਵਾਂ ਘੜਨ ਲਈ ਪ੍ਰੇਰਿਆ। "ਉਸ ਦੀਆਂ ਕੁਝ ਇਕ ਘਾੜਤਾਂ ਦਾ ਕਾਰਨ ਉਸ ਦਾ ਬੁਰੇ ਜਾਂ ਭਲੇ ਪ੍ਰਯੋਜਨ ਵਿਚ ਸ਼ਕਤੀ ਅਤੇ ਬੀਰਤਾ ਦੇ ਵਿਚਾਰਾਂ ਨੂੰ ਵਧਾ ਚੜ੍ਹਾ ਕੇ ਵਰਣਿਤ ਕਰਨਾ ਹੈ ਜੋ ਕਿ ਉਸ ਦੇ ਯੁਗ ਵਿਚ ਲੁੱਟ ਮਾਰ ਕਰਨ ਦੀ ਭਾਵਨਾ ਦਾ ਅਕਸ ਸੀ।" ਇਹ ਗੱਲ ਉੱਕਾ ਹੀ ਸੰਦੇਹਜਨਕ ਹੈ ਕਿ ਕੀ ਭਾਈ ਸੰਤੋਖ ਸਿੰਘ ਕੋਲ ਕੋਈ ਵਿਸ਼ਵਾਸ ਯੋਗ ਪ੍ਰਮਾਣ ਪੁਸਤਕ ਸੀ ਅਤੇ "ਇਸ ਪ੍ਰਕਾਰ ਹੀ ਉਸ ਦੇ ਪ੍ਰਕਥਨ ਇਤਿਹਾਸ ਦੇ ਰੂਪ ਵਿਚ ਵੀ ਸਵੀਕਾਰ ਨਹੀਂ ਕੀਤੇ ਜਾ ਸਕਦੇ।"

ਇਹ ਅਤਿ ਰੌਚਕ ਤੱਥ ਹੈ ਕਿ ਇਤਨੀ ਕਰੜੀ ਆਲੋਚਨਾ ਕਰਨ ਦੇ ਬਾਵਜੂਦ ਮੈਕਾਲਿਫ "ਗੁਰੂਆਂ ਦੀਆਂ ਜੀਵਨੀਆਂ, ਖ਼ਾਸ ਕਰਕੇ ਪਹਿਲੇ ਗੁਰੂਆਂ ਲਈ ਸੂਰਜ ਪ੍ਰਕਾਸ਼ ਨੂੰ ਮੁੱਖ ਆਧਾਰ ਬਣਾਉਣ ਲਈ ਮਜ਼ਬੂਰ ਹੋਇਆ ਹੈ। ਵਾਸਤਵ ਵਿਚ ਉਸ ਕੋਲ ਹੋਰ ਕੋਈ ਚਾਰਾ ਹੀ ਨਹੀਂ ਸੀ ਅਤੇ ਜਦ ਤਕ ਵਧੇਰੇ ਵਿਸ਼ਵਾਸ ਯੋਗ ਲਿਖਤਾਂ ਨਹੀਂ ਮਿਲਦੀਆਂ ਤਦ ਤਕ ਇਹ ਰਚਨਾ ਘੱਟ ਵੱਧ ਰੂਪ ਵਿਚ ਅਨਿਵਾਰੀ ਹੈ, ਭਾਵੇਂ ਨਿਰਸੰਦੇਹ ਇਸ ਦਾ ਬੜੀ ਸਾਵਧਾਨੀ ਅਤੇ ਸੰਕੋਚ ਨਾਲ ਪ੍ਰਯੋਗ ਕਰਨਾ ਚਾਹੀਦਾ ਹੈ।

—*ਪ੍ਰਾਚੀਨ ਪੰਥ ਪ੍ਰਕਾਸ਼* : ਕ੍ਰਿਤ ਰਤਨ ਸਿੰਘ

ਗੁਰੂਆਂ ਦਾ ਵਰਣਨ ਅਤਿ ਸੰਖੇਪ ਹੈ ਪਰ ਇਹ ਪੁਸਤਕ ਪਿੱਛਲੇਰੀਆਂ ਸਮੱਸਿਆਵਾਂ ਸਬੰਧੀ ਕਾਫ਼ੀ ਮਹੱਤਾ ਰਖਦੀ ਹੈ।

—*ਸ੍ਰੀ ਗੁਰੂ ਪੰਥ ਪ੍ਰਕਾਸ਼* : ਕ੍ਰਿਤ ਭਾਈ ਗਿਆਨ ਸਿੰਘ ਗਿਆਨੀ (1880 ਈ.)

ਲੇਖਕ ਨੇ ਇਸ ਰਚਨਾ ਵਿਚ ਸਿੱਖਾਂ ਦੇ ਇਤਿਹਾਸ ਨੂੰ ਭਾਈ ਸੰਤੋਖ ਸਿੰਘ ਦੀਆਂ ਅਤਿਕਥਨੀਆਂ ਅਤੇ ਬੇਤੁਕੀਆਂ ਤੋਂ ਮੁਕਤ ਕਰਨ ਦਾ ਸ਼ਲਾਘਾ ਯੋਗ ਯਤਨ ਕੀਤਾ ਹੈ। ਗੁਰੂਆਂ ਦਾ ਜੀਵਨ-ਇਤਿਹਾਸ ਕਾਫ਼ੀ ਵੇਰਵੇ ਭਰਪੂਰ ਹੈ ਪਰ ਇਹ ਪ੍ਰਤੀਤ ਹੁੰਦਾ ਹੈ ਕਿ ਲੇਖਕ ਆਪ ਕਦੇ ਕਦੇ ਅਜੇਹੇ ਵੇਰਵੇ ਪਾ ਦਿੰਦਾ ਹੈ ਜਿਹੜੇ ਵਾਸਤਵ ਵਿਚ ਨਿਰਾਧਾਰ ਹੁੰਦੇ ਹਨ। ਇਸ ਦੀ ਵਰਤੋਂ ਸਾਵਧਾਨੀ ਨਾਲ ਕਰਨੀ ਚਾਹੀਦੀ ਹੈ।

—*ਹਮ ਹਿੰਦੂ ਨਹੀਂ* : ਕ੍ਰਿਤ ਭਾਈ ਕਾਨ੍ਹ ਸਿੰਘ

ਇਹ ਪੁਸਤਕ ਅਤਿ ਰੌਚਕ ਹੈ ਪਰ ਇਹ ਕੋਈ ਬਹੁਤੀ ਇਤਿਹਾਸਕ ਮਹੱਤਾ ਨਹੀਂ ਰਖਦੀ।

—*ਗੁਰਮਤ ਪ੍ਰਭਾਕਰ* : ਕ੍ਰਿਤ ਭਾਈ ਕਾਨ੍ਹ ਸਿੰਘ

ਇਹ ਰਚਨਾ ਵਿਵਹਾਰਿਕ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਦੀ ਪ੍ਰਦਰਸ਼ਕ ਹੈ ਅਤੇ ਇਸ ਲਈ ਅਤਿਅੰਤ ਉਪਯੋਗੀ ਹੈ। ਇਹ ਸਹੀ ਅਰਥਾਂ ਵਿਚ ਮੁੱਢਲੇ ਸਿੱਖ ਇਤਿਹਾਸ ਦਾ ਮੂਲ ਗ੍ਰੰਥ ਮੰਨੀ ਜਾ ਸਕਦੀ ਹੈ।

—*ਗੁਰਮਤ ਸੁਧਾਕਰ* : ਕ੍ਰਿਤ ਭਾਈ ਕਾਨ੍ਹ ਸਿੰਘ

ਇਹ ਗੁਰੂ ਗੋਬਿੰਦ ਸਿੰਘ ਅਤੇ ਬਹੁਤ ਸਾਰੇ ਹੋਰ ਸਿੱਖ ਲੇਖਕਾਂ ਦੀਆਂ ਰਚਨਾਵਾਂ ਵਿਚੋਂ ਲਏ ਗਏ ਟੁਕੜਿਆਂ ਦਾ ਸੰਗ੍ਰਹਿ ਹੈ। ਇਹ ਰੌਚਕ ਪੁਸਤਕ ਹੈ ਅਤੇ ਉਚੇਰੇ ਅਧਿਐਨ ਲਈ ਪੱਥ-ਪ੍ਰਦਰਸ਼ਕ ਦਾ ਕੰਮ ਕਰਦੀ ਹੈ।

ਗੁਰਮੁਖੀ ਵਿਚ ਹੋਰ ਅਨੇਕਾਂ ਰਚਨਾਵਾਂ ਮਿਲਦੀਆਂ ਹਨ, ਪ੍ਰਮਾਣ ਵਜੋਂ ਇਤਿਹਾਸ ਗੁਰੂ ਖ਼ਾਲਸਾ ਜਾਂ ਤਵਾਰੀਖ ਗੁਰੂ ਖ਼ਾਲਸਾ, ਪਰ ਇਹ ਉੱਕਾ ਹੀ ਕਿਸੇ ਵਿਵਹਾਰਿਕ ਸਹਾਇਤਾ ਦੇ ਯੋਗ ਨਹੀਂ।

—*ਗੁਰੂਸ਼ਬਦ ਰਤਨਾਕਰ ਮਹਾਨ ਕੋਸ਼* : ਕ੍ਰਿਤ ਭਾਈ ਕਾਨ੍ਹ ਸਿੰਘ

ਇਹ ਸਿੱਖ ਸਾਹਿੱਤ ਦਾ ਵਿਸ਼ਵ-ਕੋਸ਼ ਹੈ ਅਤੇ ਉੱਚਤਮ ਮਹੱਤਾ ਵਾਲੀ ਰਚਨਾ ਹੈ।

2. ਫ਼ਾਰਸੀ

—*ਤੁਜ਼ਕ-ਏ-ਜਹਾਂਗੀਰੀ* : ਰੋਜਰਜ਼ ਅਤੇ ਬਿਵਰਿਜ ਦਾ ਅੰਗ੍ਰੇਜ਼ੀ ਅਨੁਵਾਦ

ਇਸ ਰਚਨਾ ਵਿਚ ਕੇਵਲ ਇਕੋ ਇਕ ਮਹੱਤਵਪੂਰਨ ਪੈਰ੍ਹਾ ਹੈ ਜਿਸ ਵਿਚ ਜਹਾਂਗੀਰ ਗੁਰੂ ਅਰਜਨ ਦੇਵ ਦੀ ਸ਼ਹੀਦੀ ਦੇ ਆਦੇਸ਼ ਦੇ ਕਾਰਨਾਂ ਦੀ ਵਿਆਖਿਆ ਕਰਦਾ ਹੈ। ਜਿਸ ਕਾਲ ਨੂੰ ਇਸ ਹਥਲੀ ਸੈਂਚੀ ਵਿਚ ਵਿਚਾਰਿਆ ਗਿਆ ਹੈ। ਉਸ ਲਈ ਇਹ ਰਚਨਾ ਕੋਈ ਠੋਸ ਸਹਾਇਤਾ ਨਹੀਂ ਦਿੰਦੀ।

—*ਦਬਿਸਤਾਨ-ਏ-ਮਜ਼ਾਹਬ* : ਕ੍ਰਿਤ ਮੋਹਸਿਨ ਫਾਨੀ, ਟਰਾਇਰ ਅਤੇ ਸ਼ੀਆ ਦਾ ਅੰਗ੍ਰੇਜ਼ੀ ਅਨੁਵਾਦ

ਇਸ ਦਾ ਲੇਖਕ, ਜਿਸ ਨੇ ਇਹ ਰਚਨਾ ਮੋਹਸਿਨ ਫਾਨੀ ਦੇ ਉਪਨਾਮ ਹੇਠ ਲਿਖੀ ਹੈ, ਪੰਜਵੇਂ, ਛੇਵੇਂ ਅਤੇ ਸੱਤਵੇਂ ਗੁਰੂ ਸਾਹਿਬਾਨ ਦਾ ਸਮਕਾਲੀ ਹੈ ਅਤੇ ਛੇਵੇਂ ਗੁਰੂ ਹਰਿਗੋਬਿੰਦ ਜੀ ਦਾ ਨਿਜੀ ਮਿੱਤਰ ਰਿਹਾ ਪ੍ਰਤੀਤ ਹੁੰਦਾ ਹੈ। ਕਨਿੰਘਮ ਲੇਖਕ ਦਾ ਸੁਭਾਵ

ਵਰਣਨ ਕਰਦਾ ਹੈ ਕਿ ਉਹ ਇਕ ਬਾਤੂਨੀ ਅਤੇ ਸਹਿਜੇ ਹੀ ਵਿਸ਼ਵਾਸ ਕਰਨ ਵਾਲਾ ਮੁਸਲਮਾਨ ਸੀ ਅਤੇ ਉਸ ਨੇ ਜਿਸ ਹਲਕੇਪਨ ਨਾਲ ਆਪਣੇ ਬਿਰਤਾਂਤ ਵਿਚ ਅਨੇਕਾਂ ਪ੍ਰਕਾਰ ਦੀਆਂ ਕਥਾਵਾਂ ਦਾ ਵਰਣਨ ਕੀਤਾ, ਨਿਰਸੰਦੇਹ, ਸਿੱਖਾਂ ਦੇ ਮਹਾਨ ਇਤਿਹਾਸਕਾਰ ਦੀ ਇਸ ਦ੍ਰਿਸ਼ਟੀ ਨੂੰ ਪੁਸ਼ਟ ਕਰਦਾ ਹੈ। ਪਰ ਸਭ ਕੁਝ ਕਹਿਣ ਉਪਰੰਤ ਇਸ ਦੀ ਤੁਛਤਾ ਦੇ ਬਾਵਜੂਦ ਵੀ ਪ੍ਰਾਰੰਭਿਕ ਅਤੇ ਪਿਛਲੇਰੀਆਂ ਪਰੰਪਰਾਵਾਂ ਦੇ ਨਿਖੇੜਨ ਵਿਚ ਸਾਡੀ ਕਾਫ਼ੀ ਸਹਾਇਤਾ ਕਰਦੀ ਹੈ ਅਤੇ ਅਵੱਸ਼ ਹੀ ਇਸ ਨੂੰ ਮਹੱਤਵਪੂਰਨ ਸਮਝਣਾ ਚਾਹੀਦਾ ਹੈ।

—*ਖੁਲਾਸਤੁੱਤ ਤਵਾਰੀਖ* : ਕ੍ਰਿਤ ਸੁਜਾਨ ਰਾਇ ਬਟਾਲਵੀ (1695)

ਸਿੱਖ ਇਤਿਹਾਸ ਸਬੰਧੀ ਹਵਾਲੇ ਬਹੁਤ ਹੀ ਘੱਟ ਹਨ ਪਰ ਜੋ ਹਨ ਉਹ ਮਹੱਤਾ ਵਾਲੇ ਹਨ।

—*ਸਿਅਰ-ਉਲ-ਮੁਤਾਖ਼ਰਿਨ* : ਕ੍ਰਿਤ ਗੁਲਾਮ ਹੁਸੈਨ ਖ਼ਾਂ (1780 ਦੇ ਲਗਭਗ)।

ਹਥਲੀ ਸੈਂਚੀ ਵਿਚ ਵਿਚਾਰੇ ਗਏ ਕਾਲ ਲਈ ਇਸ ਦੀ ਅਮਲੀ ਮਹੱਤਾ ਨਹੀਂ ਹੈ।

3. ਉਰਦ

—*ਤਾਰੀਖ-ਏ-ਮਖਜ਼ਨ-ਏ-ਪੰਜਾਬ* : ਕ੍ਰਿਤ ਮੁਫਤੀ ਗੁਲਾਮ ਸਰਵਰ ਕੁਰੈਸ਼ੀ (1887)

ਇਸ ਦੀ ਕੋਈ ਵਿਵਹਾਰਿਕ ਮਹੱਤਾ ਨਹੀਂ ਹੈ।

—*ਤਾਰੀਖ-ਏ-ਪੰਜਾਬ* : ਕ੍ਰਿਤ ਕਨ੍ਹੱਈਆ ਲਾਲ (1881)

ਇਸ ਵਿਚ ਸਿੱਖਾਂ ਦੀ ਚੜ੍ਹਤ ਤੋਂ ਲੈ ਕੇ ਗਦਰ ਤਕ ਦੇ ਪੰਜਾਬ ਦਾ ਇਤਿਹਾਸ ਦਿੱਤਾ ਹੋਇਆ ਹੈ ਜਿਸ ਵਿਚ ਜੰਮੂ ਰਾਜ ਦਾ ਉੱਲੇਖ ਵੀ ਹੈ। ਗੁਰੂਆਂ ਦੇ ਜੀਵਨ ਦਾ ਬਿਰਤਾਂਤ ਕਾਲਪਨਿਕ ਕਥਾਵਾਂ ਨਾਲ ਭਰਪੂਰ ਹੈ ਅਤੇ ਇਸ ਦੀ ਇਤਿਹਾਸਕ ਉਪਯੋਗਤਾ ਬਹੁਤ ਹੀ ਘੱਟ ਹੈ।

4. ਅੰਗ੍ਰੇਜ਼ੀ

—***India Tracts,*** by Browne (1788).

ਬਰੌਨ ਸ਼ਾਹ ਆਲਮ ਦੇ ਦਰਬਾਰ ਵਿਚ ਈਸਟ ਇੰਡੀਆ ਦੇ ਪ੍ਰਤਿਨਿਧ ਵਜੋਂ ਦਿੱਲੀ ਵਿਖੇ ਰਹਿੰਦਾ ਰਿਹਾ ਸੀ। ਇਥੇ ਉਸ ਦੀ ਦੋ ਹਿੰਦੂ ਵਿਦਵਾਨਾਂ ਨਾਲ ਭੇਂਟ ਹੋਈ ਜਿਨ੍ਹਾਂ ਕੋਲ ਸਿੱਖ ਗੁਰੂਆਂ ਦੇ ਕੁਝ ਇਕ ਉੱਲੇਖ ਹਿੰਦੀ ਵਿਚ ਲਿਖੇ ਹੋਏ ਸਨ। ਇਨ੍ਹਾਂ ਉੱਲੇਖਾਂ ਦੇ ਆਧਾਰ ਤੇ ਇਕ ਫਾਰਸੀ ਵਿਚ ਹਸਤਾਲੇਖ ਤਿਆਰ ਕੀਤਾ ਗਿਆ ਜਿਸ ਨੂੰ ਬਰੌਨ ਨੇ ਅਗ੍ਰੇਜ਼ੀ ਵਿਚ ਅਨੁਵਾਦ ਕਰ ਕੇ 'ਟ੍ਰੈਕਟ' ਦੇ ਰੂਪ ਵਿਚ ਪ੍ਰਕਾਸ਼ਿਤ ਕੀਤਾ। ਜਿਥੋਂ ਤਕ ਪ੍ਰਾਰੰਭਿਕ ਸਿੱਖ ਇਤਿਹਾਸ ਦਾ ਸਬੰਧ ਹੈ, ਇਸ ਰਚਨਾ ਦੀ ਕਦਰ ਕੀਮਤ ਪ੍ਰਤੱਖ ਦਿਸ ਆਉਂਦੀ ਹੈ ਜੇਕਰ ਅਸੀਂ ਲੇਖਕ ਦਾ ਉੱਲੇਖ ਇਕ ਪ੍ਰਮਾਣ ਪੁਰਸ਼ ਦੇ ਰੂਪ ਵਿਚ ਇਹ ਦੱਸਣ ਲਈ ਕਰੀਏ ਕਿ ਗੁਰੂ ਅਰਜਨ ਤੋਂ ਬਾਅਦ ਰਾਮ ਰਾਏ ਗੁਰੂ ਗੱਦੀ ਤੇ ਬੈਠੇ ਸਨ ਅਤੇ 1662 ਈ. ਵਿਚ ਹਰਕ੍ਰਿਸ਼ਨ ਦੇ ਘਰ ਪੁੱਤਰ ਦਾ ਜਨਮ ਹੋਇਆ ਸੀ ਜਿਸ ਦਾ ਨਾਮ ਤੇਗ ਬਹਾਦੁਰ ਸੀ।

—***A Journey from Bengal to England,*** by Forster (1798).

ਫਾਰਸਟਰ ਨੇ 1783–84 ਈ. ਦੇ ਦੌਰਾਨ ਵਿਚ ਪੰਜਾਬ ਦੀ ਯਾਤਰਾ ਕੀਤੀ ਅਤੇ ਆਪਣੀ ਪੁਸਤਕ 'ਟ੍ਰੈਵਲਜ਼' ਵਿਚ ਸਿੱਖਾਂ ਸਬੰਧੀ ਸੰਖੇਪ ਰੇਖਾ-ਚਿੱਤਰ ਦਰਜ ਕੀਤਾ ਹੈ। ਭਾਵੇਂ ਉਸ ਦਾ ਦਾਅਵਾ ਹੈ ਕਿ ਉਸ ਨੇ ਕੇਵਲ ਵਾਰਤਾ ਦੇ ਅਜੇਹੇ ਹਿੱਸੇ ਹੀ ਵਿਚਾਰੇ ਹਨ 'ਜੋ ਜਾਂ ਤਾਂ ਪ੍ਰਾਪਤ ਪਰੰਪਰਾ ਜਾਂ ਉਨ੍ਹਾਂ ਕਥਾਵਾਂ ਉੱਤੇ ਆਧਾਰਿਤ ਹਨ, ਜਿਹੜੀਆਂ ਵਿਸ਼ਵਾਸ ਦੇ ਪੱਖੋਂ ਘੱਟ ਇਤਰਾਜ਼ ਯੋਗ ਹਨ, ਪਰ ਉਸ ਦਾ ਬਿਰਤਾਂਤ ਸਿੱਖ ਮਤ ਦੇ ਮੁੱਢਲੇ ਪੜਾਵਾਂ ਸਬੰਧੀ ਬਹੁਤ ਹੀ ਘੱਟ ਵਿਵਹਾਰਿਕ ਉਪਯੋਗਤਾ ਵਾਲਾ ਹੈ।

—***Sketch of the Sikhs,*** by Malcolm (1812).

ਇਹ ਰਚਨਾ ਪਹਿਲੋਂ ਏਸ਼ੀਐਟਿਕ ਰੀਸਰਚਿਜ਼ (*Asiatic Researches*) ਵਿਚ ਪ੍ਰਕਾਸ਼ਿਤ ਹੋਈ ਸੀ। ਜਦ ਮੈਲਕਮ ਬ੍ਰਿਟਿਸ਼ ਸੈਨ ਨਾਲ ਪੰਜਾਬ ਵਿਚ ਸੀ ਤਾਂ ਉਹ 1805 ਈ. ਵਿਚ ਆਦਿ ਗ੍ਰੰਥ ਦੀ ਇਕ ਬੀੜ ਪ੍ਰਾਪਤ ਕਰਨ ਵਿਚ ਸਫ਼ਲ ਹੋ ਗਿਆ। ਉਸ ਦੇ ਮਿੱਤਰ ਡਾ. ਲੈਡਿਨ ਨੇ ਉਸ ਨੂੰ ਹੋਰ ਬਹੁਤ ਸਾਰੇ ਟ੍ਰੈਕਟਾਂ ਦੇ ਅਨੁਵਾਦ ਦਿੱਤੇ ਜੋ ਮੈਲਕਮ ਦੀ ਰਚਨਾ ਦਾ ਆਧਾਰ ਬਣੇ। ਸੋ ਜਿਨ੍ਹਾਂ ਰਚਨਾਵਾਂ ਦਾ ਮੈਲਮਮ ਪ੍ਰਯੋਗ ਕਰਦਾ ਹੈ ਉਹ ਸੂਰਜ ਪ੍ਰਕਾਸ਼ ਨਾਲੋਂ ਪੁਰਾਣੀਆਂ ਹਨ ਅਤੇ ਇਹੀ ਗੱਲ ਇਸ ਰਚਨਾ ਨੂੰ ਵਿਸ਼ੇਸ਼ ਮਹੱਤਾ ਪ੍ਰਦਾਨ ਕਰਦੀ ਹੈ। ਪਰ, ਮੰਦਭਾਗਾਂ ਨੂੰ, ਮੈਲਕਮ ਦੀ ਪੁਸਤਕ ਬੇਧਿਆਨੀ ਨਾਲ ਲਿਖੀ ਪ੍ਰਤੀਤ ਹੁੰਦੀ ਹੈ। ਸੋ ਸਾਡੇ ਲਈ ਸਹਾਈ ਨਹੀਂ ਹੁੰਦੀ।

—***History of the Sikhs,*** by Macgregor (1846).

ਸਿੱਖਾਂ ਦਾ ਯੋਜਿਤ ਇਤਿਹਾਸ ਲਿਖਣ ਲਈ ਮੇਗ੍ਰੀਗਰ ਦਾ ਇਹ ਪਹਿਲਾ ਉਪਰਾਲਾ ਸੀ। ਪਰ ਇਹ ਰਚਨਾ ਹੁਣ ਅਤਿ ਪੁਰਾਣੀ ਹੈ।

—***History of the Sikhs,*** (Wm. H. Allen and Co., London, 1846).

ਇਹ ਰਚਨਾ ਸੁਰਗਵਾਸੀ ਕੈਪਟਨ ਮਰੇ ਦੀਆਂ ਲਿਖਤਾਂ ਵਿਚੋਂ ਸੰਪਾਦਿਤ ਕੀਤੀ ਗਈ ਹੈ। ਪਹਿਲੇ ਕਾਂਡ ਸੰਪਾਦਕ ਨੇ ਆਪ ਲਿਖੇ ਹਨ। ਪਰ ਇਹ ਕਾਂਡ ਮੈਲਕਮ ਦੀ ਰਚਨਾ ਉੱਤੇ ਆਧਾਰਿਤ ਕੀਤੇ ਗਏ ਜਾਪਦੇ ਹਨ, ਸੋ ਇਹ ਲਾਭਦਾਇਕ ਨਹੀਂ।

—***History of the Sikhs,*** by Cunningham (1849).

ਅੱਜ ਵੀ ਸਿੱਖ ਇਤਿਹਾਸ ਦੀ ਪ੍ਰਮਾਣਕ ਰਚਨਾ ਹੈ ਪਰ ਮੁੱਢਲੇ ਕਾਂਡ ਕਈ ਥਾਵਾਂ ਤੇ ਪੁਰਾਤਨ ਢੰਗ ਦੇ ਹਨ ਅਤੇ ਸੰਸ਼ੋਧਨ ਦੀ ਮੰਗ ਕਰਦੇ ਹਨ।

—***Adi Granth,*** by Trumpp (1877).

ਟਰੰਪ ਨੇ ਇਹ ਰਚਨਾ ਇੰਡੀਆ ਔਫਿਸ ਦੇ ਨਿਰਦੇਸ਼ਨ ਹੇਠ ਤਿਆਰ ਕੀਤੀ ਅਤੇ ਇਸ ਲਈ ਉਸ ਨੂੰ ਸੱਤ ਸਾਲ ਲੱਗੇ। ਮੈਕਾਲਿਫ ਦੀ ਰਾਏ ਹੈ ਕਿ "ਟਰੰਪ ਦਾ ਅਨੁਵਾਦ ਬਹੁਤ ਹੀ ਗ਼ਲਤ ਅਤੇ ਬੇਮੁਹਾਵਰਾ ਹੈ। ਇਸ ਤੋਂ ਅਤਿਰਿਕਤ ਧਰਮ-ਚਰਚਾ ਤੋਂ ਘ੍ਰਿਣਾ ਦੇ ਸਿੱਧਾਂਤ ਦੇ ਪ੍ਰਯੋਗ ਦੁਆਰਾ ਉਸ ਨੇ ਸਿੱਖਾਂ ਉੱਤੇ ਘਾਤਕ ਹਮਲਾ ਕੀਤਾ ਹੈ। ਜਿਥੇ ਕਿਤੇ ਵੀ ਉਸ ਨੂੰ ਗੁਰੂਆਂ, ਗ੍ਰੰਥ ਸਾਹਿਬ ਅਤੇ ਸਿੱਖਾਂ ਦੇ ਧਰਮ ਦਾ ਅਪਮਾਨ ਕਰਨ ਦਾ ਅਵਸਰ ਮਿਲਿਆ, ਉਸ ਨੇ ਇਸ ਨੂੰ ਹਥੋਂ ਨਹੀਂ ਜਾਣ ਦਿੱਤਾ" (ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪਹਿਲੀ, ਆਮੁਖ, ਪੰਨਾ vii) ਇਹ ਨਹੀਂ ਕਿਹਾ ਜਾ ਸਕਦਾ

ਕਿ ਇਹ ਟਿੱਪਣੀ ਅਨਿਆਇਯੁਕਤ ਹੈ। ਪਰ ਇਸ ਦੇ ਨਾਲ ਇਹ ਵੀ ਯਾਦ ਰਖਣਾ ਚਾਹੀਦਾ ਹੈ ਕਿ ਟਰੰਪ ਦੇ ਪ੍ਰਾਰੰਭਿਕ ਲੇਖ, ਵਿਸ਼ੇਸ਼ ਕਰਕੇ ਪੁਰਾਤਨ ਜਨਮਸਾਖੀ ਦਾ ਅਨੁਵਾਦ, ਅੱਜ ਵੀ ਉਪਯੋਗੀ ਹੈ ਭਾਵੇਂ ਨਿਰਸੰਦੇਹ ਇਨ੍ਹਾਂ ਦੀ ਵਰਤੋਂ ਸਾਵਧਾਨੀ ਨਾਲ ਕਰਨੀ ਚਾਹੀਦੀ ਹੈ।

—***History of the Punjab,*** by Syed Muhammad Latif.

ਸਿੱਖ ਗੁਰੂਆਂ ਵਾਲਾ ਅਧਿਆਇ ਅਤਿ ਅਲਪ ਹੈ ਅਤੇ ਸਿੱਖਾਂ ਵਿਰੋਧੀ ਪੱਖਪਾਤ ਨੇ ਇਸ ਨੂੰ ਨਸ਼ਟ ਕਰ ਦਿੱਤਾ ਹੈ।

—***The Sikh Religion, Its Gurus, Sacred writings and their Authors,*** by Macauliffe (1909).

ਇਹ ਯਾਦਗਾਰੀ ਰਚਨਾ ਹੈ ਅਤੇ ਸਿੱਖ ਮਤ ਦੇ ਇਤਿਹਾਸਕ ਅਧਿਐਨ ਵਿਚ ਇਕ ਯੁਗ ਦੀ ਸੀਮਾ ਨਿਰਧਾਰਤ ਕਰਦੀ ਹੈ। ਇਸ ਮਹਾਨ ਰਚਨਾ ਦੇ ਆਮੁਖ ਵਿਚ ਮੈਕਾਲਿਫ ਲਿਖਦਾ ਹੈ, "ਹਥਲੀ ਰਚਨਾ ਦਾ ਇਕ ਮੁੱਖ ਮੰਤਵ ਟਰੰਪ ਦੁਆਰਾ ਕੀਤੇ ਗਏ ਸਿੱਖ ਗੁਰੂਆਂ ਅਤੇ ਧਰਮ ਪ੍ਰਤਿ ਅਪਮਾਨ ਦੀ ਤਲਾਫੀ ਨੂੰ ਪੂਰਾ ਕਰਨ ਦਾ ਯਤਨ ਹੈ।" ਇਹ ਤਲਾਫ਼ੀ ਪੂਰਨ ਭਾਂਤ ਚੁਕਾਈ ਗਈ ਪਰ ਮੈਂ ਇਹ ਕਹਿਣ ਲਈ ਮਜ਼ਬੂਰ ਹਾਂ ਕਿ ਅਜੇਹਾ ਕਰਨ ਲਗਿਆਂ ਮੈਕਾਲਿਫ ਹਿੰਦੂਆਂ ਅਤੇ ਹਿੰਦੂ ਮਤ ਪ੍ਰਤਿ ਸਦਾ ਨਿਰਪੱਖ ਨਹੀਂ ਰਿਹਾ ਹੈ। ਮੈਂ ਇਹ ਬੜੇ ਅਫਸੋਸ ਨਾਲ ਕਹਿੰਦਾ ਹਾਂ ਕਿਉਂਕਿ ਮੈਕਾਲਿਫ ਦੀ ਮਹਾਨ ਰਚਨਾ ਪ੍ਰਤਿ ਮੇਰਾ ਰਿਣ ਪੂਰਨ ਭਾਂਤ ਅਭਿਵਿਅਕਤ ਨਹੀਂ ਕੀਤਾ ਜਾ ਸਕਦਾ।

ਇਥੇ ਇਕ ਹੋਰ ਗੱਲ ਹੈ ਜਿਸ ਦਾ ਮੈਂ ਵਰਣਨ ਕਰਨਾ ਆਵੱਸ਼ਕ ਸਮਝਦਾ ਹਾਂ। ਮੈਕਾਲਿਫ ਰਚਨਾ ਦੇ ਆਮੁਖ ਵਿਚ ਇਹ ਸਪੱਸ਼ਟ ਕਰ ਦਿੰਦਾ ਹੈ ਕਿ ਉਸ ਦੀ ਇਹ ਭਾਵਨਾ "ਕਿਸੇ ਪ੍ਰਕਾਰ ਦੀ ਆਲੋਚਨਾ ਜਾਂ ਆਪਣੀ ਨਿਜੀ ਰਾਏ ਦਿੱਤੇ ਬਿਨਾਂ ਇਕ ਪੱਕੇ ਸਿੱਖ ਦੇ ਦ੍ਰਿਸ਼ਟੀਕੋਣ ਤੋਂ ਲਿਖਣ ਲਈ ਸਿੱਖਾਂ ਨਾਲ ਕੀਤੇ ਪ੍ਰਣ ਦੀ ਪੂਰਤੀ ਕਰਨਾ ਸੀ।" ਇਸ ਦਾ ਸਿੱਟਾ ਇਹ ਹੋਇਆ ਕਿ ਉਸ ਦੀ ਗੁਰੂਆਂ ਵਾਲੇ ਬਿਰਤਾਂਤ ਦੀ ਮਹੱਤਾ ਕਾਫ਼ੀ ਹੱਦ ਤਕ ਗ੍ਰਹਿਣੀ ਗਈ। ਇਸ ਵਿਚ ਤੱਥ ਨੂੰ ਗਲਪ ਨਾਲੋਂ ਨਿਖੇੜਨ ਦਾ ਕੋਈ ਉਪਰਾਲਾ ਨਹੀਂ ਕੀਤਾ ਗਿਆ ਸਗੋਂ ਸਮਕਾਲੀ ਅਤੇ ਅਧਿਕ ਭਰੋਸੇ ਯੋਗ ਪ੍ਰਮਾਣਾਂ ਨੂੰ ਪਿੱਛਲੇਰੀਆਂ ਕਾਲਪਨਿਕ ਕਥਾਵਾਂ ਨਾਲ ਰਲਗੱਡ ਕਰ ਦਿੱਤਾ ਗਿਆ ਹੈ। ਸਮੁੱਚੇ ਰੂਪ ਵਿਚ ਸਾਰਾ ਬਿਰਤਾਤ ਮਿਸ਼ਰਿਤ ਜਿਹਾ ਹੋ ਗਿਆ ਹੈ ਜਿਸ ਵਿਚ ਕਥਾਨਕ ਅੰਸ਼ ਭਾਰੂ ਹੈ। ਮੈਨੂੰ ਇਹ ਅਤਿ ਦੁਖ-ਮਈ ਪ੍ਰਤੀਤ ਹੁੰਦਾ ਹੈ ਕਿ ਉਸ ਨੇ ਅਜੇਹਾ ਤਰੀਕਾ ਕਿਉਂ ਚੁਣਿਆ ਜਦ ਕਿ ਪੁਰਾਤਨ ਅਤੇ ਪਿੱਛਲੇਰੀਆਂ ਪਰੰਪਰਾਵਾਂ ਨੂੰ ਸਾਵਧਾਨੀ ਨਾਲ ਨਿਖੇੜਨ ਉਪਰੰਤ ਗੁਰੂ ਸਾਹਿਬਾਨ ਦਾ ਆਲੋਚਨਾਤਮਕ ਬਿਰਤਾਂਤ ਕਰਨ ਲਈ ਉਸ ਨਾਲੋਂ ਕੋਈ ਹੋਰ ਵਧੇਰੇ ਯੋਗਤਾ ਵਾਲਾ ਵਿਅਕਤੀ ਨਹੀਂ ਸੀ।

—***Transformation of Sikhism,*** by G. C. Narang (1912).

ਇਹ ਰਚਨਾ ਆਪਣੇ ਆਪ ਵਿਚ ਰੌਚਕ ਹੈ ਪਰ ਸਤੱਹੀ ਹੈ।

—***History of Aurangzeb,*** Vol. III, by Sir J. N. Sarkar.

ਸਿੱਖ ਗੁਰੂਆਂ ਦਾ ਬਿਰਤਾਂਤ ਸੁਸਿਖਿਅਤ ਨਹੀਂ ਹੈ ਅਤੇ ਅਨਾਵਸ਼ਿਕ ਰੂਪ ਵਿਚ

ਸਿੱਖਾਂ ਦੇ ਮਨੋਭਾਵਾਂ ਦਾ ਅਪਮਾਨ ਕਰਦਾ ਹੈ।

—***History and Philosophy of the Sikh Religion,*** by Khazan Singh.

ਇਹ ਰਚਨਾ ਵੇਰਵੇ ਭਰਪੂਰ ਹੈ ਪਰ ਆਲੋਚਨਾ ਤੋਂ ਉੱਕਾ ਹੀ ਸੱਖਣੀ ਹੈ।

—***A Glossary of the Tribes and Castes of the Punjab and North West Forntier Province,*** Compiled by H. A. Rose.

ਹਰ ਪ੍ਰਕਾਰ ਦੇ ਵਿਸ਼ਿਆਂ ਸਬੰਧੀ ਸੂਚਨਾ ਦਾ ਭੰਡਾਰਾ ਹੈ। ਸਿੱਖ ਅਤੇ ਸਿੱਖ ਮਤ ਵਾਲਾ ਅਨੁਭਾਗ ਰੌਚਕ ਅਤੇ ਉਪਯੋਗੀ ਹੈ।

—***The Japji,*** by Teja Singh.

ਇਹ ਜਪੁਜੀ ਦਾ ਅੰਗ੍ਰੇਜ਼ੀ ਅਨੁਵਾਦ ਹੈ ਜਿਸ ਦੀ ਭੂਮਿਕਾ ਅਤਿ ਬੌਧਿਕ ਭਾਂਤ ਦੀ ਹੈ।

—***Growth of Responsibility in Sikhism,*** by Teja Singh.

ਦਸਾਂ ਗੁਰੂਆਂ ਦੀ ਅਗਵਾਈ ਹੇਠ ਸਿੱਖ ਭਾਈਚਾਰੇ ਦੇ ਵਿਕਾਸ ਦਾ ਬਿਰਤਾਂਤ ਅਤਿ ਰੌਚਕ ਹੈ ਪਰ ਪੁਸਤਕ ਦਾ ਮੁਖ ਪ੍ਰਤਿਪਾਦਿਤ ਵਿਸ਼ਾ ਪ੍ਰਵਾਨ ਨਹੀਂ ਕੀਤਾ ਜਾ ਸਕਦਾ।

—***Asa di Var*** by Teja Singh.

ਆਸਾ ਦੀ ਵਾਰ ਦਾ ਅੰਗ੍ਰੇਜ਼ੀ ਅਨੁਵਾਦ ਹੈ। ਭੂਮਿਕਾ ਮਹੱਤਵਪੂਰਨ ਹੈ ਅਤੇ ਇਸ ਵਿਚ ਸਿੱਖ ਸੰਗਠਨ ਦੇ ਵਿਕਾਸ ਨੂੰ ਕੁਝ ਵੇਰਵੇ ਸਹਿਤ ਨਿਰੂਪਤ ਕੀਤਾ ਗਿਆ ਹੈ।

—***The Gurdwara Reform Movement and the Sikh Awakening.***

ਭੂਮਿਕਾ ਅਤਿ ਰੌਚਕ ਹੈ ਅਤੇ ਸਿੱਖ ਮਤ ਤੇ ਇਤਿਹਾਸ ਦੇ ਮੁੱਢਲੇ ਪੜਾਵਾਂ ਬਾਰੇ ਕੁਝ ਨਵੇਂ ਵੇਰਵੇ ਦਿੱਤੇ ਗਏ ਹਨ।